Sri Guru Granth Sahib

ENGLISH & PUNJABI TRANSLATION

VOL.5

Publisher :

Shiromani Gurdwara Parbandhak Committee,

Amritsar

105/-

੧ਓ

SRI GURU GRANTH SAHIB

(English & Panjabi Translation)

Vol. V

Translated by
MANMOHAN SINGH

SHIROMANI GURDWARA PARBANDHAK COMMITTEE
AMRITSAR

First	Edition	1964
Second	Edition	1981
Third	Edition	1990
Fourth	Edition	1996
Fifth	Edition	2002
Sixth	Edition	2006

Printed at :
Golden Offset Press (S G P C) Amritsar

Dedicated
to my beloved wife
Sardarni Ajaib Kaur
through whose encouragement
and service, this
Divine work is
accomplished.

ਤਤਕਰਾ CONTENTS

ਪੰਜਵੀਂ ਪੋਥੀ 5th Volume

ACKNOWLEDGEMENT

It is my pleasure to record my gratitude to various persons for their generous spirit and whole-hearted co-operation in reading the manuscript.

M. S.

PREFACE

In the wake of partition of the country in 1947, the Divine Guru ingrained in me the intuition of translating Sri Guru Granth Sahib into English and Panjabi, so that the meaning of each word in the text may be found in the versions concerned.

However, the actual work of translation was commenced at Nabha, where I was then staying as a refugee from Lyallpur, at 1 P.M. on 12-4-1948, the birthday of the Khalsa Panth. The relevant hymn of the time from the Holy Sri Guru Granth Sahib reads as :—

ਸਾਰਗ ਮਹਲਾ ੫ ॥

ਮੇਰਾ ਮਨੁ ਏਕੈ ਹੀ ਪ੍ਰਿਅ ਮਾਂਗੈ ॥
ਪੇਖਿ ਆਇਓ ਸਰਬ ਥਾਨ ਦੇਸ ਪ੍ਰਿਅ ਰੋਮ ਨ ਸਮਸਰਿ ਲਾਗੈ ॥੧॥ਰਹਾਉ॥
ਮੈ ਨੀਰੇ ਅਨਿਕ ਭੋਜਨ ਬਹੁ ਬਿੰਜਨ ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ ॥
ਹਰਿ ਰਸੁ ਚਾਹੈ ਪ੍ਰਿਅ ਪ੍ਰਿਅ ਮੁਖਿ ਟੇਰੈ ਜਿਉ ਅਲਿ ਕਮਲਾ ਲੋਭਾਂਗੈ ॥ ੧ ॥
ਗੁਣ ਨਿਧਾਨ ਮਨ ਮੋਹਨ ਲਾਲਨ ਸੁਖਦਾਈ ਸਰਬਾਂਗੈ ॥
ਗੁਰਿ ਨਾਨਕ ਪ੍ਰਭ ਪਾਹਿ ਪਠਾਇਓ ਮਿਲਹੁ ਸਖਾ ਗਲਿ ਲਾਗੈ ॥੨॥੫॥੨੮॥

By the Guru's Grace the entire work of the translation was fully completed at 8 A.M. on 8-8-1960, at Patiala and the order of the time from Sri Guru Granth Sahib, reads as :—

ਸੂਹੀ ਮਹਲਾ ੫ ॥

ਜਿਨਿ ਮੋਹੇ ਬ੍ਰਹਮੰਡ ਖੰਡ ਤਾਹੂ ਮਹਿ ਪਾਉ ॥
ਰਾਖਿ ਲੇਹੁ ਇਹੁ ਬਿਖਈ ਜੀਉ ਦੇਹੁ ਅਪੁਨਾ ਨਾਉ ॥੧॥ਰਹਾਉ॥
ਜਾ ਤੇ ਨਾਹੀ ਕੋ ਸੁਖੀ ਤਾ ਕੇ ਪਾਛੈ ਜਾਉ ॥
ਛੋਡਿ ਜਾਹਿ ਜੋ ਸਗਲ ਕਉ ਫਿਰਿ ਫਿਰਿ ਲਪਟਾਉ ॥ ੧ ॥
ਕਰਹੁ ਕ੍ਰਿਪਾ ਕਰੁਣਾਪਤੇ ਤੇਰੇ ਹਰਿ ਗੁਣਿ ਗਾਉ ॥
ਨਾਨਕ ਕੀ ਪ੍ਰਭ ਬੇਨਤੀ ਸਾਧ ਸੰਗਿ ਸਮਾਉ ॥ ੨ ॥ ੩ ॥ ੪੩ ॥

Thenceforth the revision of the manuscript has been taken in hand and I am doing my best to complete it at the earliest.

I have not adhered to the interpretation in conformity with the grammatical rules, or the principles enunciated in Shabdarath but have taken the simpler view in harmony with Sikh faith and tenets. It is a single-handed effort and attempt with no extraneous financial or scholarly help from any quarter. Prior to commencing the printing of the first volume on 12. 1. 62, the auspicious occasion of the birthday of the Tenth Guru, Guru Gobind Singh, the blessings of Guru Teg Bahadar were invoked by means of an *Ardasa* at Gurdwara Dukhniwarn Sahib, Patiala, for the success of the mission. The entire work shall be printed in eight volumes, covering about five thousand pages of the size and pattern of first volume which has already been got printed by me.

To facilitate the understanding of translation, the following points may kindly be borne in mind :

(i) To know the meaning of a particular word in the text, the corresponding numbers in the English and Panjabi versions may be seen.

(ii) In case of compound words the number precedes the first part and succeeds the second one.

(iii) The corresponding numbers in the columns are at the end of the word or words concerned.

(iv) To make full sense, read either the words in the first pair or in the second pair of brackets. The words in the second pair denote the literal meaning.

(v) The sole number shown within the lines of the text denotes the page of 1430 pages edition of Sri Guru Granth Sahib.

My endeavour has been throughout to be very faithful to the text and to avoid unnecessary dilations.

At my request made in May, 1962, the Shiromani Gurdwara Prabandhak Committee, Amritsar has very kindly consented to print and sell all the eight volumes of this translation of Sri Guru Granth Sahib, at no profit no loss basis, vide its resolution No. 596 of 30. 5. 1962. I take this opportunity to thank the S. G. P. C. heartily for the same and agree to the terms of aforesaid resolution with respectful feelings of indebtedness.

This rendering makes available to the S. G. P. C. the word for word version of the text into Panjabi and English. It is possible now to translate the text specially from English into Urdu, Hindi and other foreign languages. I earnestly beseech the S. G. P. C. to move in this direction as well, by securing the services of suitable persons and thereby earn the blessings of the Great Guru by propagating His faith and mission.

During this stupendous task I have mainly consulted the following books and treatises with whose help and guidance I have succeeded in my undertaking :

(i) The Sikh Religion by Max Arthur Macauliffe.
(ii) Teeka of Sri Guru Granth Sahib (Faridkot).
(iii) Teeka Sri Guru Granth Sahib (by Bhai Bishan Singh Gyani).
(iv) Shabad Ratnakar by Bhai Kahan Singh ji Nabha.
(v) Sri Guru Granth Kosh.
(vi) English version of Sri Guru Granth Sahib by Dr. Gopal Singh (At revision stage only).
(vii) Dictionaries of various languages and descriptions.

Detailed information about the following would be printed in the 8th volume of this work :

(i) Glossary of the technical terms employed in the

Sri Guru Granth Sahib.

(ii) Miscellaneous Information.

(iii) Table of Contents and Index.

(iv) Addendum and Corrigendum.

By means of an *Ardasa* at the Golden Temple (Sri Harimander Sahib), Amritsar at 12-00 Noon on 3. 8. 1962, I made humble offering of the printed first volume and other relevant record and papers unto the Great Guru and handed over the same to the S.G.P.C., as it is the only representative body of the Panth. May the Divine Guru grant it the power to accomplish the task it has taken upon itself.

Blessed blessed is the Lord incarnate Guru who has very mercifully bestowed this unique service unto me, a meritless slave of His.

Village & P.O. Mohi,
District Ludhiana
and
Village & P.O. Bhadaur
District Sangrur.

MANMOHAN SINGH
Advocate
21, Sector 11-A
Chandigarh
Oct 30, 1965

੭੨੮ 728 ੭੨੮

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name, creative His personality and immortal His form. He is without fear, sans enmity and self-illumined. By the Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ, ਅਤੇ ਅਮਰ ਉਸ ਦਾ ਸਰੂਪ। ਉਹ ਨਿੱਡਰ, ਦੁਸ਼ਮਨੀ-ਰਹਿਤ ਅਤੇ ਸਵੈ-ਪ੍ਰਕਾਸ਼ਵਾਨ ਹੈ। ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧ ॥

Rag Suhi Ist Guru Chaupadas.

ਰਾਗ ਸੂਹੀ ਪਾਤਸ਼ਾਹੀ ਪਹਿਲੀ ਚਉਪਦੇ।

ਭਾਂਡਾ[98] ਧੋਇ[99] ਬੈਸਿ[100] ਧੂਪੁ[2] ਦੇਵਹੁ ਤਉ[3] ਦੂਧੈ[4] ਕਉ ਜਾਵਹੁ[5] ॥

Sitting down[100] wash[99] and perfume[2] the vessel[98], then[3] go[5] to bring the milk[4].

ਬੈਠ ਕੇ[100] ਬਰਤਨ[98] ਨੂੰ ਧੋ[99] ਅਤੇ ਸੁਗੰਧਤ[2] ਕਰ ਤਦ[3] ਤੂੰ ਦੁੱਧ[4] ਲੈਣ ਲਈ ਜਾ[5]।

ਦੂਧੁ ਕਰਮ[6] ਫੁਨਿ[7] ਸੁਰਤਿ[8] ਸਮਾਇਣੁ[9] ਹੋਇ ਨਿਰਾਸ[10] ਜਮਾਵਹੁ[12] ॥ ੧ ॥

In the milk of good actions[6], add the ferment[9] of meditation[8] and then[7] desirelessly[10] leave it to curdle[12].

ਸ਼ੁਭ ਅਮਲਾਂ[6] ਦੇ ਦੂਧ ਵਿਚ ਸਿਮਰਨ[8] ਦੀ ਜਾਗ[9] ਲਾ ਅਤੇ ਫੇਰ[7] ਨਿਸ਼ਕਾਮ[10] ਹੋ ਇਸ ਨੂੰ ਜਮਣ[12] ਲਈ ਰੱਖ ਦੇ।

ਜਪਹੁ[13] ਤ ਏਕੋ ਨਾਮਾ ॥ ਅਵਰਿ[14] ਨਿਰਾਫਲ[15] ਕਾਮਾ[16] ॥੧॥ਰਹਾਉ॥

Contemplate[13] thou the one Name. Unfruitful[15] are all other[14] affairs[16]. Pause.

ਤੂੰ ਇਕ ਨਾਮ ਦਾ ਆਰਾਧਨ[13] ਕਰ। ਨਿਸਫਲ[15] ਹਨ, ਹੋਰ[14] ਸਾਰੇ ਕੰਮ[16]। ਠਹਿਰਾਉ।

ਇਹੁ ਮਨੁ ਈਟੀ[17] ਹਾਥਿ ਕਰਹੁ[18] ਫੁਨਿ[19] ਨੇਤ੍ਰਉ[20] ਨੀਦ ਨ ਆਵੈ[21] ॥

Make[18] thy mind the hand-pieces[17] and again[19] being ever-awake[21] the cord[20] to churn the milk.

ਆਪਣੇ ਚਿੱਤ ਨੂੰ ਹੱਥ ਦੀਆਂ ਗੁੱਲੀਆਂ[17] ਅਤੇ ਫੇਰ[19] ਸਦਾ ਜਾਗਦੇ ਰਹਿਣ[21] ਨੂੰ ਦੁੱਧ ਰਿੜਕਣ ਲਈ ਨੇਤ੍ਰਾ[20] ਬਣਾ[18]।

ਰਸਨਾ[22] ਨਾਮੁ ਜਪਹੁ[23] ਤਬ[24] ਮਥੀਐ[25] ਇਨ ਬਿਧਿ[26] ਅੰਮ੍ਰਿਤੁ[27] ਪਾਵਹੁ[28] ॥੨॥

If the Name is uttered[23] with the tongue[22], then[24] is the curd churned[25]. In this way[26] thou shalt gather[28] the ambrosial butter[27].

ਜੇਕਰ ਜੀਭਾ[22] ਦੇ ਨਾਲ ਨਾਮ ਦਾ ਉਚਾਰਨ[23] ਕੀਤਾ ਜਾਵੇ, ਤਦ[24] ਹੀ ਦੁੱਧ ਰਿੜਕਿਆ[25] ਜਾਂਦਾ ਹੈ। ਇਸ ਤਰੀਕੇ[26] ਨਾਲ ਤੂੰ ਅੰਮ੍ਰਿਤਮਈ-ਮੱਖਣ[27] ਨੂੰ ਪਾ ਲਵੇਂਗਾ[28]।

ਮਨੁ ਸੰਪਟੁ[29] ਜਿਤੁ[37] ਸਤ[30] ਸਰਿ[31] ਨਾਵਣੁ[32] ਭਾਵਨ[34] ਪਾਤੀ[35] ਤ੍ਰਿਪਤਿ[36] ਕਰੇ ॥

Make thy mind, which[37] is washed[32] in the tank[31] of truth[30], the can[29] for Lord's abode and make the leaf[35] offerings of devotion[34] to please[36] Him.

ਆਪਣੇ ਚਿੱਤ ਨੂੰ ਜੋ[37] ਸੱਚ[30] ਦੇ ਸਰੋਵਰ[31] ਵਿਚ ਧੋਤਾ ਹੋਇਆ[32] ਹੈ, ਪ੍ਰਭੂ ਦੇ ਨਿਵਾਸ ਲਈ ਭਾਂਡਾ[29] ਬਣਾ, ਅਤੇ ਉਸ ਨੂੰ ਪ੍ਰਸੰਨ[36] ਕਰਨ ਲਈ ਅਨੁਰਾਗ[34] ਦੇ ਪੱਤਿਆਂ[35] ਦੀ ਭੇਟਾ ਚੜ੍ਹਾ।

ਪੂਜਾ[38] ਪ੍ਰਾਣ[39] ਸੇਵਕੁ[40] ਜੇ[41] ਸੇਵੇ[42] ਇਨ ਬਿਧਿ[43]

The servant[40], who[41] serves[42] his Lord, by offering[38] his very life[39],

ਟਹਿਲੂਆ[40], ਜਿਹੜਾ[41] ਆਪਣੀ ਜਿੰਦ-ਜਾਨ[39] ਦੀ ਭੇਟਾ[38] ਚੜ੍ਹਾ ਕੇ ਆਪਣੇ ਸੁਆਮੀ ਦੀ ਘਾਲ ਕਮਾਉਂਦਾ[42]

ਸਾਹਿਬੁ ਰਵਤੁ ਰਹੈ[44] ॥੩॥	he in this way[43] remains absorbed[44] in His Lord.	ਹੈ, ਉਹ ਇਸ ਤਰ੍ਹਾਂ[43] ਆਪਣੇ ਸੁਆਮੀ ਅੰਦਰ ਲੀਨ[44] ਹੋਇਆ ਰਹਿੰਦਾ ਹੈ।
ਕਹਦੇ[45] ਕਹਹਿ ਕਹੇ ਕਹਿ ਜਾਵਹਿ[46] ਤੁਮ ਸਰਿ[47] ਅਵਰੁ ਨ ਕੋਈ[48] ॥	The utterers[45] utter Thy praises and by uttering and uttering they depart[46]. Equal[47] to Thee, there is not another[48].	ਕਹਿਣ ਵਾਲੇ[45] ਤੇਰਾ ਜੱਸ ਕਹਿੰਦੇ ਹਨ ਅਤੇ ਕਹਿੰਦੇ ਕਹਿੰਦੇ ਟੁਰ ਜਾਂਦੇ[46] ਹਨ। ਤੇਰੇ ਬਰਾਬਰ[47] ਦਾ ਹੋਰ ਕੋਈ[48] ਨਹੀਂ।
ਭਗਤਿਹੀਣੁ[49] ਨਾਨਕੁ ਜਨੁ[50] ਜੰਪੈ[51] ਹਉ[52] ਸਾਲਾਹੀ[53] ਸਚਾ[54] ਸੋਈ[55] ॥੪॥੧॥	Devotionless[49] slave[50] Nanak prays[51] that I[52] may sing the praises[53] of that[55] True Lord[54].	ਭਗਤੀ-ਰਹਿਤ[49] ਗੋਲਾ[50] ਨਾਨਕ ਬਿਨੈ ਕਰਦਾ ਹੈ[51] ਕਿ ਮੈਂ[52] ਉਸ[55] ਸੱਚੇ ਸੁਆਮੀ[54] ਦੀ ਸਿਫ਼ਤ[53] ਗਾਇਨ ਕਰਦਾ ਰਹਾਂ।
ਸੂਹੀ ਮਹਲਾ ੧ ਘਰੁ ੨	Suhi Ist Guru	ਸੂਹੀ ਪਹਿਲੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਰਹਿਮਤ ਸਦਕਾ, ਉਹ ਪਰਾਪਤ ਹੁੰਦਾ ਹੈ।
ਅੰਤਰਿ[56] ਵਸੈ[57] ਨ ਬਾਹਰਿ[58] ਜਾਇ[59] ॥	The Lord abidest[57] within the mind[56]. Wander[59] thou not abroad[58].	ਸਾਹਿਬ ਚਿੱਤ[56] ਅੰਦਰ ਵਸਦਾ[57] ਹੈ। ਤੂੰ ਬਾਹਰਵਾਰ[58] ਨਾ ਭਟਕ[59]।
ਅੰਮ੍ਰਿਤੁ[60] ਛੋਡਿ[61] ਕਾਹੇ[62] ਬਿਖੁ[63] ਖਾਇ ॥੧॥	Forsaking[61] Nectar[60], why[62] eatest thou poison[63] ?	ਸੁਧਾਰਸ[60] ਨੂੰ ਛੱਡ ਕੇ[61] ਤੂੰ ਕਿਉਂ[62] ਜ਼ਹਿਰ[63] ਨੂੰ ਖਾਂਦਾ ਹੈਂ ?
ਐਸਾ[64] ਗਿਆਨੁ[65] ਜਪਹੁ[66] ਮਨ[67] ਮੇਰੇ ॥ ਹੋਵਹੁ[68] ਚਾਕਰ[69] ਸਾਚੇ[70] ਕੇਰੇ[71] ॥੧॥ ਰਹਾਉ ॥	Embrace[66] such[64] gnosis[65], O my soul[67], that thou mayest become[68] the True[70] Lord's[71] slave[69]. Pause.	ਇਹੋ ਜਿਹੀ[64] ਰੱਬੀ ਵੀਚਾਰ[65] ਧਾਰਨ[66] ਕਰ, ਹੇ ਮੇਰੀ ਜਿੰਦੜੀਏ[67] ! ਤਾਂ ਜੋ ਤੂੰ ਸੱਚੇ[70] ਸਾਹਿਬ ਦਾ[71] ਗੋਲਾ[69] ਹੋ ਜਾਵੇਂ[68]। ਠਹਿਰਾਉ।
ਗਿਆਨੁ ਧਿਆਨੁ[72] ਸਭੁ ਕੋਈ ਰਵੈ[73] ॥ ਬਾਂਧਨਿ[74] ਬਾਂਧਿਆ[75] ਸਭੁ ਜਗੁ[77] ਭਵੈ[76] ॥੨॥	Every one speaks[73] of gnosis and meditation[72], but bound[75] with the bonds[74], the whole world[77] wanders about[76].	ਹਰ ਕੋਈ ਬ੍ਰਹਿਮਬੋਧ ਤੇ ਬੰਦਗੀ[72] ਦੀਆਂ ਗੱਲਾਂ ਕਰਦਾ[73] ਹੈ, ਪ੍ਰੰਤੂ ਬੰਧਨਾਂ[74] ਨਾਲ ਜਕੜਿਆ ਹੋਇਆ[75] ਸਾਰਾ ਸੰਸਾਰ[77] ਭਟਕਦਾ ਫਿਰਦਾ[76] ਹੈ।
ਸੇਵਾ[78] ਕਰੇ ਸੁ[79] ਚਾਕਰੁ[80] ਹੋਇ[81] ॥	He[79], who performs the Lord's service[78], becomes[81] a servant[80] of His.	ਜੋ ਉਸ ਦੀ ਟਹਿਲ[78] ਕਮਾਉਂਦਾ ਹੈ, ਉਹ[79] ਉਸ ਦਾ ਸੇਵਕ[80] ਬਣ ਜਾਂਦਾ[81] ਹੈ।
ਜਲਿ[82] ਥਲਿ[83] ਮਹੀਅਲਿ[84] ਰਵਿ ਰਹਿਆ[85] ਸੋਇ[86] ॥੩॥	He[86] the Lord is pervading[85] the water[82], dry land[83] and firmament[84].	ਉਹ[86] ਸਾਹਿਬ ਪਾਣੀ[82], ਸੁੱਕੀ ਧਰਤੀ[83] ਅਤੇ ਆਕਾਸ਼[84] ਅੰਦਰ ਵਿਆਪਕ[85] ਹੋ ਰਿਹਾ ਹੈ।
ਹਮ ਨਹੀ ਚੰਗੇ[87] ਬੁਰਾ[88] ਨਹੀ ਕੋਇ ॥	I am not good[87] and no one is bad[88].	ਮੈਂ ਭਲਾ[87] ਨਹੀਂ, ਅਤੇ ਕੋਈ ਜਣਾ ਭੀ ਮੰਦਾ[88] ਨਹੀਂ।
ਪ੍ਰਣਵਤਿ[89] ਨਾਨਕੁ ਤਾਰੇ[90] ਸੋਇ[91] ॥੪॥੧॥੨॥	Prays[89] Nanak, He[91] the Lord alone, is the mortal's Saviour[90].	ਨਾਨਕ ਬੇਨਤੀ ਕਰਦਾ[89] ਹੈ, ਕੇਵਲ ਉਹ[91] ਸੁਆਮੀ ਹੀ ਪ੍ਰਾਣੀ ਦਾ ਪਾਰ ਉਤਾਰਾ[90] ਕਰਨ ਵਾਲਾ ਹੈ।

੭੨੯

ਸੂਹੀ ਮਹਲਾ ੧ ਘਰੁ ੬

729

Suhi Ist Guru

੭੨੯

ਸੂਹੀ ਪਹਿਲੀ ਪਾਤਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but one God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਉਜਲੁ[92] ਕੈਹਾ[93] ਚਿਲਕਣਾ[94] ਘੋਟਿਮ[95] ਕਾਲੜੀ[96] ਮਸੁ[97] ॥

Bronze[93] is bright[92] and shining[94], but by rubbing[95], its sable[96] blackness[97] appears.

ਕਾਂਸੀ[93] ਚਿੱਟੀ[92] ਤੇ ਚਮਕੀਲੀ[94] ਹੈ ਪ੍ਰੰਤੂ ਰਗੜਨ[95] ਦੁਆਰਾ ਇਸ ਦੀ ਕਾਲੀ[96] ਸਿਆਹੀ[97] ਦਿੱਸ ਪੈਂਦੀ ਹੈ।

ਧੋਤਿਆ[98] ਜੂਠਿ[99] ਨ ਉਤਰੈ[100] ਜੇ[2] ਸਉ[3] ਧੋਵਾ ਤਿਸੁ[4] ॥੧॥

By washing[98] its impurity[99] is removed[100] not, even though[2] it[4] be washed a hundred[3] times.

ਧੋਣ[98] ਦੁਆਰਾ ਇਸ ਦੀ ਅਸ਼ੁੱਧਤਾ[99] ਦੂਰ[100] ਨਹੀਂ ਹੁੰਦੀ, ਭਾਵੇਂ[2] ਇਹ[4] ਸੈਂਕੜੇ[3] ਵਾਰੀ ਭੀ ਕਿਉਂ ਨਾ ਧੋਤੀ ਜਾਵੇ।

ਸਜਣ[5] ਸੇਈ[6] ਨਾਲਿ[9] ਮੈ ਚਲਦਿਆ[7] ਨਾਲਿ ਚਲੰਨਿ[8] ॥ ਜਿਥੈ ਲੇਖਾ[10] ਮੰਗੀਐ[12] ਤਿਥੈ[13] ਖੜੇ[14] ਦਿਸੰਨਿ[15] ॥੧॥ਰਹਾਉ॥

They[6] alone are the friends[5] who travel[8] with[9] me as I go[7] along and are seen[15] standing[14] there[13], where the account[10] is called for[12]. Pause.

ਕੇਵਲ ਉਹ[6] ਹੀ ਮਿੱਤਰ[5] ਹਨ, ਜੋ ਜਦ ਮੈਂ ਜਾਵਾਂ[7], ਮੇਰੇ ਸਾਥ[9] ਜਾਣ[8] ਅਤੇ ਉਥੇ[13] ਖਲੋਤੇ[14] ਦਿਸ[15]ਆਉਂਦੇ ਹਨ, ਜਿਥੇ ਹਿਸਾਬ ਕਿਤਾਬ[10] ਪੁਛਿਆ ਜਾਂਦਾ[12] ਹੈ। ਠਹਿਰਾਉ।

ਕੋਠੇ[16] ਮੰਡਪ[17] ਮਾੜੀਆ[18] ਪਾਸਹੁ[19] ਚਿਤਵੀਆਹਾ[20]॥ ਢਠੀਆ[21] ਕੰਮਿ[22] ਨ ਆਵਨੀ ਵਿਚਹੁ[23] ਸਖਣੀਆਹਾ[24] ॥੨॥

Houses[16], mansions[17] and sky-scrapers[18], painted[20] on all sides[19], when hollow[24] from within[23], are like the crumbled[21] and useless[22] ruins.

ਸਾਰਿਆਂ ਪਾਸਿਆਂ[19] ਤੋਂ ਚਿਤਰੀਆਂ ਹੋਈਆਂ[20] ਪਰ ਅੰਦਰੋਂ[23] ਖਾਲੀ[24] ਮਕਾਨ[16], ਮੰਦਰ[17] ਤੇ ਅਟਾਰੀਆਂ[18] ਢਹੇ ਹੋਏ[21] ਅਤੇ ਨਿਕੰਮੇ[22] ਖੰਡਰਾਤਾਂ ਦੀ ਤਰ੍ਹਾਂ ਹਨ।

ਬਗਾ[25] ਬਗੇ[26] ਕਪੜੇ[27] ਤੀਰਥ[28] ਮੰਝਿ[29] ਵਸੰਨਿ[30] ॥

The herons[25] arrayed in white[26] feathers[27] abide[30] in[29] places of pilgrimage[28].

ਚਿੱਟੇ[26] ਖੰਭਾਂ[27] (ਪਰਾਂ) ਵਾਲੇ ਬਗਲੇ[25], ਯਾਤ੍ਰਾ ਅਸਥਾਨਾਂ[28] ਵਿਚ[29] ਰਹਿੰਦੇ[30] ਹਨ।

ਘੁਟਿ ਘੁਟਿ[31] ਜੀਆ[32] ਖਾਵਣੇ[33] ਬਗੇ[34] ਨ ਕਹੀਅਨਿ[35] ॥੩॥

Tearing and rending[31] they eat[33] the living beings[32] so they are not called[35] white[34].

ਚੀਰ ਪਾੜ[31] ਕੇ ਉਹ ਪ੍ਰਾਣ-ਧਾਰੀਆਂ[32] ਨੂੰ ਖਾ ਜਾਂਦੇ[33] ਹਨ ਇਸ ਲਈ ਉਹ ਚਿੱਟੇ[34] ਨਹੀਂ ਆਖੇ[35] ਜਾਂਦੇ।

ਸਿੰਮਲ[36] ਰੁਖੁ[37] ਸਰੀਰੁ[38] ਮੈ[39] ਮੈ[40] ਜਨ[41] ਦੇਖਿ[42] ਭੁਲੰਨ੍ਹਿ[43] ॥

My[39] body[38] is like the tree[37] of bombax heptaphyllum[36]. Beholding[42] me[40], the mortals[41] are mistaken[43].

ਮੇਰਾ[39] ਜਿਸਮ[38] ਸਿੰਬਲ[36] ਦੇ ਬਿਰਛ[37] ਵਰਗਾ ਹੈ। ਮੈਨੂੰ[40] ਵੇਖ ਕੇ[42] ਜੀਵ[41] ਭੁੱਲ ਜਾਂਦੇ[43] ਹਨ।

ਸੇ[44] ਫਲ[45] ਕੰਮਿ[46] ਨ ਆਵਨੀ ਤੇ[47] ਗੁਣ[48] ਮੈ ਤਨਿ[49] ਹੰਨਿ[50] ॥੪॥

Its[44] fruits[45] serve no purpose[46]. Its[47] qualities[48] my body[49] possesses[50].

ਉਸ ਦੇ[44] ਫਲ[45] ਕਿਸੇ ਕੰਮ[46] ਨਹੀਂ ਆਉਂਦੇ। ਉਸ ਦੇ[47] ਲੱਛਣ[48] ਹੀ ਮੇਰੇ ਜਿਸਮ[49] ਵਿਚ ਹਨ[50]।

ਅੰਧੁਲੈ[51] ਭਾਰੁ[52]

The blind man[51] is carrying[53] a heavy

ਅੰਨ੍ਹਾ ਆਦਮੀ[51] ਭਾਰਾ ਬੋਝ[52] ਚੁੱਕੀ ਫਿਰਦਾ[53] ਹੈ, ਅਤੇ

ਉਠਾਇਆ[53] ਡੂਗਰ[54] ਵਾਟ[55] ਬਹੁਤੁ[56] ॥	load[52] and the mountainous[54] journey[55] is long[56].	ਪਹਾੜ[54] ਦਾ ਰਸਤਾ[55] ਲੰਮਾ[56] ਹੈ ।
ਅਖੀ[57] ਲੋੜੀ[58] ਨਾ ਲਹਾ[59] ਹਉ ਚੜਿ[60] ਲੰਘਾ[61] ਕਿਤੁ[62] ॥੫॥	I see[58] with my eyes[57], but find[59] not the way. How[62] can I ascend[60] and cross[61] the mountain ?	ਮੈਂ ਆਪਣਿਆਂ ਨੇਤ੍ਰਾਂ[57] ਨਾਲ ਵੇਖਦਾ[58] ਹਾਂ, ਪਰ ਮੈਨੂੰ ਰਸਤਾ ਲੱਭਦਾ[59] ਨਹੀਂ । ਮੈਂ ਕਿਸ ਤਰ੍ਹਾਂ[62] ਪਹਾੜ ਉਤੇ ਚੜ੍ਹ ਕੇ[60] ਪਾਰ[61] ਜਾ ਸਕਦਾ ਹਾਂ ?
ਚਾਕਰੀਆ[63] ਚੰਗਿਆਈਆ[64] ਅਵਰ[65] ਸਿਆਣਪ[66] ਕਿਤੁ[67] ॥	Without the Name, of what[67] avail are other[65] services[63], virtues[64] and clevernesses[66] ?	ਨਾਮ ਦੇ ਬਾਝੋਂ ਹੋਰ[65] ਨੌਕਰੀਆਂ[63] ਨੇਕੀਆਂ[64] ਅਤੇ ਅਕਲਮੰਦੀਆਂ[66] ਕਿਹੜੇ[67] ਕੰਮ ਹਨ ?
ਨਾਨਕ ਨਾਮੁ ਸਮਾਲਿ[68] ਤੂੰ ਬਧਾ[69] ਛੁਟਹਿ[70] ਜਿਤੁ[71] ॥੬॥੧॥੩॥	O Nanak, contemplate[68] thou the Lord's Name wherewith[71] thou shalt be released[70] from thy shackles[69].	ਹੇ ਨਾਨਕ ! ਤੂੰ ਸੁਆਮੀ ਦੇ ਨਾਮ ਦਾ ਸਿਮਰਨ[68] ਕਰ, ਜਿਸ ਨਾਲ[71] ਤੂੰ ਆਪਣੀਆਂ ਬੇੜੀਆਂ[69] ਤੋਂ ਖਲਾਸੀ[70] ਪਾ ਲਵੇਂਗਾ ।
ਸੂਹੀ ਮਹਲਾ ੧ ॥	Suhi 1st Guru.	ਸੂਹੀ ਪਹਿਲੀ ਪਾਤਿਸ਼ਾਹੀ ।
ਜਪ[72] ਤਪ[73] ਕਾ ਬੰਧੁ[74] ਬੇੜੁਲਾ[75] ਜਿਤੁ ਲੰਘਹਿ[76] ਵਹੇਲਾ[77] ॥	Make[74] thou the raft[75] of the Lord's meditation[72] and arduous toil[73], wherewith thou shalt cross[76] the flowing stream[77].	ਤੂੰ ਸਾਹਿਬ ਦੇ ਸਿਮਰਨ[72] ਅਤੇ ਕਰੜੀ ਘਾਲ[73] ਦੀ ਬੇੜੀ[75] ਬਣਾ[74], ਜਿਸ ਨਾਲ ਤੂੰ ਵਗਦੀ ਹੋਈ ਨਦੀ[77] ਤੋਂ ਪਾਰ[76] ਹੋ ਜਾਵੇਂਗਾ ।
ਨਾ ਸਰਵਰੁ[78] ਨਾ ਊਛਲੈ[79] ਐਸਾ[80] ਪੰਥੁ[81] ਸੁਹੇਲਾ[82] ॥੧॥	Thy path[81] shall be so[80] comfortable[82], as if there is no ocean[78] and no over-flowing[79].	ਤੇਰਾ ਮਾਰਗ[81] ਇਸ ਤਰ੍ਹਾਂ[80] ਦਾ ਸੁਖਦਾਇਕ[82] ਹੋਵੇਗਾ ਜਿਸ ਤਰ੍ਹਾਂ ਕਿ ਨਾ ਕੋਈ ਸਮੁੰਦਰ[78] ਹੈ ਤੇ ਨਾ ਹੀ ਤੂਫ਼ਾਨ ਦੀਆਂ ਛੱਲਾਂ[79] ।
ਤੇਰਾ ਏਕੋ[83] ਨਾਮੁ ਮੰਜੀਠੜਾ[84] ਰਤਾ[85] ਮੇਰਾ ਚੋਲਾ[86] ਸਦ[87] ਰੰਗ[88] ਢੋਲਾ[89] ॥੧॥ ਰਹਾਉ ॥	Thy Name alone[83] is the madder[84], with which my cloak[86] is dyed[85]. My Loved[89] Lord, this colour[88] is everlasting[87]. Pause.	ਕੇਵਲ[83] ਤੇਰਾ ਨਾਮ ਹੀ ਮਜੀਠੀ[84] ਹੈ, ਜਿਸ ਨਾਲ ਮੇਰਾ ਚੋਗਾ[86] ਰੰਗਿਆ[85] ਹੋਇਆ ਹੈ । ਮੇਰੇ ਪਿਆਰੇ[89] ਪ੍ਰਭੂ ! ਇਹ ਰੰਗਤ[88] ਹਮੇਸ਼ਾ ਰਹਿਣ ਵਾਲੀ[87] ਹੈ । ਠਹਿਰਾਉ ।
ਸਾਜਨ[90] ਚਲੇ ਪਿਆਰਿਆ[92] ਕਿਉ[93] ਮੇਲਾ[94] ਹੋਈ ॥	The dear[92] friends[90] have departed[91]. How[93] shall they meet[94] the Lord.	ਪਿਆਰੇ[92] ਮਿੱਤਰ[90] ਟੁਰ ਗਏ[91] ਹਨ । ਉਹ ਕਿਸ ਤਰ੍ਹਾਂ[93] ਪ੍ਰਭੂ ਨੂੰ ਮਿਲਣਗੇ[94] ?
ਜੇ[95] ਗੁਣ[96] ਹੋਵਹਿ ਗੰਠੜੀਐ[97] ਮੇਲੇਗਾ[98] ਸੋਈ[99] ॥੨॥	If[95] they have virtue[96] in bag[97], that[99] Lord will unite[98] them with Himself.	ਜੇਕਰ[95] ਉਨ੍ਹਾਂ ਦੀ ਗੰਢ[97] ਵਿਚ ਨੇਕੀਆਂ[96] ਹਨ; ਤਦ ਉਹ[99] ਪ੍ਰਭੂ ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲਵੇਗਾ[98] ।
ਮਿਲਿਆ ਹੋਇ ਨ ਵੀਛੁੜੈ[100] ਜੇ[2] ਮਿਲਿਆ[3] ਹੋਈ ॥	Once united, the mortal separates[100] not again, if[2] however he be really united[3].	ਇਕ ਵਾਰੀ ਦਾ ਮਿਲਿਆਂ ਹੋਇਆ ਪ੍ਰਾਣੀ ਮੁੜ ਵਖਰਾ[100] ਨਹੀਂ ਹੁੰਦਾ, ਜੇ ਕਰ[2] ਉਸ ਦਾ ਅਸਲ ਵਿਚ ਮਿਲਾਪ ਹੋ ਗਿਆ[3] ਹੋਵੇ ।
[4]ਆਵਾਗਉਣੁ[5] ਨਿਵਾਰਿਆ[6] ਹੈ ਸਾਚਾ[7] ਸੋਈ[8] ॥੩॥	He[8], the True Lord[7] puts an end[6] to this coming[4] and going[5].	ਉਹ[8] ਸੱਚਾ ਸੁਆਮੀ[7] ਉਸ ਦੇ ਆਉਣੇ[4] ਅਤੇ ਜਾਣੇ[5] ਖ਼ਤਮ ਕਰ ਦਿੰਦਾ[6] ਹੈ ।
ਹਉਮੈ[9] ਮਾਰਿ[10] ਨਿਵਾਰਿਆ[12]	She, who effaces[10] and obliterates[12]	ਜੋ ਆਪਣੀ ਹੰਗਤਾ[9] ਨੂੰ ਖ਼ਤਮ[10] ਕਰ ਕੇ ਮੇਟ[12] ਦਿੰਦੀ

ਸੀਤਾ[13] ਹੈ ਚੋਲਾ[14] ॥	her ego[9], sews[13] for herself a cloak[14] to please her Groom.	ਹੈ, ਉਹ ਆਪਣੇ ਪਤੀ ਨੂੰ ਪ੍ਰਸੰਨ ਕਰਨ ਲਈ ਆਪਣੇ ਲਈ ਚੋਗਾ[14] ਸਿਊਂ ਲੈਂਦੀ[13] ਹੈ।
ਗੁਰ ਬਚਨੀ[15] ਫਲੁ[16] ਪਾਇਆ[17] ਸਹ[18] ਕੇ ਅੰਮ੍ਰਿਤ[19] ਬੋਲਾ[20] ॥੪॥	By Guru's instruction[15], she obtains[17] the fruit[16] of the ambrosial[19] Gurbani[20] of the Lord[18].	ਗੁਰਾਂ ਦੇ ਉਪਦੇਸ਼[15] ਦੁਆਰਾ, ਉਹ ਪ੍ਰਭੂ[18] ਦੀ ਅੰਮ੍ਰਿਤਮਈ[19] ਗੁਰਬਾਣੀ[20] ਦਾ ਮੇਵਾ[16] ਪਰਾਪਤ ਕਰ ਲੈਂਦੀ[17] ਹੈ।
ਨਾਨਕੁ ਕਹੈ[21] ਸਹੇਲੀਹੋ[22] ਸਹੁ[23] ਖਰਾ[24] ਪਿਆਰਾ[25]॥	Says[21] Nanak, O my mates[22], my Bridegroom[23] is very[24] darling[25] unto me.	ਗੁਰੂ ਜੀ ਫੁਰਮਾਉਂਦੇ[21] ਹਨ, ਹੇ ਮੇਰੀ ਸਖੀਓ[22]! ਮੇਰਾ ਕੰਤ[23] ਮੈਨੂੰ ਬਹੁਤ[24] ਹੀ ਲਾਡਲਾ[25] ਹੈ।
ਹਮ[26] ਸਹ[27] ਕੇਰੀਆ[28] ਦਾਸੀਆ[29] ਸਾਚਾ ਖਸਮੁ[30] ਹਮਾਰਾ[31] ॥੫॥੨॥੪॥	We[26] are the [27]Lord's[28] hand-maidens[29]. He is our[31] True Husband[39].	ਅਸੀਂ[26] ਸਾਹਿਬ[27] ਦੀਆਂ[28] ਬਾਂਦੀਆਂ[29] ਹਾਂ। ਉਹ ਸਾਡਾ[31] ਸੱਚਾ ਸਿਰ ਦਾ ਸਾਈਂ[30] ਹੈ।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਸ਼ਾਹੀ।
ਜਿਨ ਕਉ ਭਾਂਡੈ[32] ਭਾਉ[33] ਤਿਨਾ[34] ਸਵਾਰਸੀ[35] ॥	They, within whose vessel[32] (mind) is the Lord's love[33]; them[34] the Lord regenerates[35].	ਜਿਨ੍ਹਾਂ ਦੇ ਬਰਤਨ[32] (ਮਨ) ਵਿਚ ਪ੍ਰਭੂ ਦਾ ਪ੍ਰੇਮ[33] ਹੈ, ਉਨ੍ਹਾਂ[34] ਨੂੰ ਪ੍ਰਭੂ ਰੂਹਾਨੀ-ਜੀਵਨ ਬਖ਼ਸ਼ਦਾ[35] ਹੈ।
ਸੂਖੀ[36] ਕਰੈ ਪਸਾਉ[37] ਦੂਖ[38] ਵਿਸਾਰਸੀ[39] ॥	He gives them the gift[37] of peace[36] and makes them forget[39] distress[38].	ਉਹ ਉਨ੍ਹਾਂ ਨੂੰ ਠੰਢ-ਚੈਨ[36] ਦੀ ਦਾਤ[37] ਦਿੰਦਾ ਹੈ ਅਤੇ ਉਨ੍ਹਾਂ ਨੂੰ ਤਕਲੀਫ਼[38] ਭੁਲਾ[39] ਦਿੰਦਾ ਹੈ।
ਸਹਸਾ[40] ਮੂਲੇ[41] ਨਾਹਿ ਸਰਪਰ[42] ਤਾਰਸੀ[43] ॥੧॥	There is absolutely[41] no doubt[40], that He will assuredly[42] save[43] them.	ਅਸਲੋਂ ਹੀ[41] ਕੋਈ ਸੰਦੇਹ[40] ਨਹੀਂ ਕਿ ਉਹ ਨਿਸਚਿਤ ਹੀ[42] ਉਨ੍ਹਾਂ ਦਾ ਪਾਰ ਉਤਾਰਾ[43] ਕਰ ਦੇਵੇਗਾ।
ਤਿਨਾ ਮਿਲਿਆ ਗੁਰੁ ਆਇ ਜਿਨ[44] ਕਉ ਲੀਖਿਆ[45] ॥	The Guru comes to meet those, for whom[44] such destiny is recorded[45].	ਗੁਰੂ ਜੀ ਉਨ੍ਹਾਂ ਨੂੰ ਆ ਕੇ ਮਿਲਦੇ ਹਨ ਜਿਨ੍ਹਾਂ ਵਾਸਤੇ[44] ਇਹੋ ਜਿਹੀ ਪ੍ਰਾਲਭਧ ਲਿਖੀ ਹੋਈ[45] ਹੈ।
ਅੰਮ੍ਰਿਤੁ[46] ਹਰਿ ਕਾ ਨਾਉ ਦੇਵੈ[47] ਦੀਖਿਆ[48] ॥	He blesses[47] them with the instruction[48] of the God's Nectar-Name[46]	ਉਹ ਉਨ੍ਹਾਂ ਨੂੰ ਵਾਹਿਗੁਰੂ ਦੇ ਅੰਮ੍ਰਿਤਮਈ ਨਾਮ[46] ਦਾ ਉਪਦੇਸ਼[48] ਦਿੰਦੇ[47] ਹਨ।
ਚਾਲਹਿ[49] ਸਤਿਗੁਰ ਭਾਇ[50] ਭਵਹਿ[51] ਨ ਭੀਖਿਆ[52] ॥੨॥	They who walk[49] in the True Guru's will[50] never wander[51] abegging[52].	ਜੋ ਸੱਚੇ ਗੁਰਾਂ ਦੇ ਭਾਣੇ[50] ਅੰਦਰ ਟੁਰਦੇ[49] ਹਨ, ਉਹ ਕਦਾਚਿਤ ਮੰਗਦੇ ਪਿੰਨਦੇ[52] ਨਹੀਂ ਫਿਰਦੇ[51]।
ਜਾ ਕਉ ਮਹਲੁ[53] ਹਜੂਰਿ[54] ਦੂਜੇ[55] ਨਿਵੈ[56] ਕਿਸੁ[57] ॥	He, who lives close[54] to his Lord's mansion[53]; why[57] should he bow[56] to another[55]?	ਜੋ ਆਪਣੇ ਸਾਹਿਬ ਦੇ ਮੰਦਰ[53] ਦੇ ਨੇੜੇ[54] ਵਸਦਾ ਹੈ, ਉਹ ਹੋਰਸ[55] ਕਿਸੇ ਨੂੰ ਕਿਉਂ[57] ਨਮਸਕਾਰ[56] ਕਰੇ?
ਦਰਿ[58] ਦਰਵਾਣੀ[59] ਨਾਹਿ ਮੂਲੇ[60] ਪੁਛ[61] ਤਿਸੁ[62] ॥	The porter[59] at the Lord's gate[58], asks[61] him[62] absolutely[60] no question.	ਪ੍ਰਭੂ ਦੇ ਦੁਆਰੇ[58] ਦਾ ਦੁਆਰਪਾਲ[59], ਉਸ[62] ਨੂੰ ਅਸਲੋਂ ਹੀ[60] ਕੋਈ ਸੁਆਲ ਨਹੀਂ ਪੁੱਛਦਾ[61]।
ਛੁਟੈ[63] ਤਾਕੈ[64] ਬੋਲਿ[65] ਸਾਹਿਬ ਨਦਰਿ[66] ਜਿਸੁ ॥੩॥	One is redeemed[63] at the bidding[65] of him[64] on whom is the Lord's grace[66].	ਪ੍ਰਾਣੀ ਉਸ ਦੇ[64] ਆਖਣੇ[65] ਤੇ ਬੰਦਖਲਾਸ ਹੋ ਜਾਂਦਾ[63] ਹੈ ਜਿਸ ਉਤੇ ਪ੍ਰਭੂ ਦੀ ਰਹਿਮਤ[66] ਹੈ।
ਘਲੇ[67] ਆਣੇ[68] ਆਪਿ[69]	The Lord Himself[69] sends[67] and re-	ਸਾਹਿਬ ਖੁਦ[69] ਹੀ ਪ੍ਰਾਣੀਆਂ ਨੂੰ ਭੇਜਦਾ[67] ਅਤੇ ਵਾਪਸ

ਜਿਸੁ ਨਾਹੀ ਦੂਜਾ[70] ਮਤੈ[71] ਕੋਇ ॥	calls[68] the mortals. There is none else[70] to counsel[71] Him.	ਬੁਲਾਉਂਦਾ[68] ਹੈ। ਹੋਰ ਕੋਈ[70] ਉਸ ਨੂੰ ਮਸ਼ਵਰਾ ਦੇਣ[71] ਵਾਲਾ ਨਹੀਂ।
ਢਾਹਿ[72] ਉਸਾਰੇ[73] ਸਾਜਿ[74] ਜਾਣੈ ਸਭ ਸੋਇ[75] ॥	He Himself[69] demolishes[72], constructs[73] and creates[74]. He[75] the Lord, knows everything.	ਉਹ ਖ਼ੁਦ ਹੀ ਢਾਹ ਢੇਰੀ ਕਰਦਾ[72], ਬਣਾਉਂਦਾ[73] ਅਤੇ ਸਾਜਦਾ[74] ਹੈ। ਉਹ[75] ਸੁਆਮੀ ਸਾਰਾ ਕੁਛ ਜਾਣਦਾ ਹੈ।
ਨਾਉ ਨਾਨਕ ਬਖਸੀਸ[76] ਨਦਰੀ[77] ਕਰਮੁ[78] ਹੋਇ[79]॥੪॥੩॥੫॥	Nanak, the Name is the gift[76], which the Merciful Master[77] makes unto him, to whom He extends[79] His mercy[78].	ਨਾਨਕ ਨਾਮ ਇਕ ਦਾਤ[76] ਹੈ, ਜੋ ਮਿਹਰਬਾਨ ਮਾਲਕ[77] ਉਸ ਨੂੰ ਦਿੰਦਾ ਹੈ, ਜਿਸ ਉਤੇ ਆਪਣੀ ਰਹਿਮਤ[78] ਧਾਰਦਾ[79] ਹੈ।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਿਸ਼ਾਹੀ।
ਭਾਂਡਾ[80] ਹਛਾ[81] ਸੋਇ[82] ਜੋ ਤਿਸੁ[83] ਭਾਵਸੀ[84] ॥	Sublime[81] is the[82] vessel[80], which pleases[84] Him[83].	ਉਤਮ[81] ਹੈ ਉਹ[82] ਬਰਤਨ[80], ਜਿਹੜਾ ਉਸ[83] ਨੂੰ ਚੰਗਾ ਲੱਗਦਾ[84] ਹੈ।
ਭਾਂਡਾ ਅਤਿ[85] ਮਲੀਣੁ[86] ਧੋਤਾ ਹਛਾ ਨ ਹੋਇਸੀ ॥	An extremely[85] filthy[86] vessel becomes not wholesome by washing.	ਪਰਮ[85] ਪਲੀਤ[86] ਬਰਤਨ ਧੋਣ ਨਾਲ ਸਵੱਛ ਨਹੀਂ ਹੁੰਦਾ।
੭੩੦	**730**	**੭੩੦**
ਗੁਰੂ ਦੁਆਰੈ[87] ਹੋਇ ਸੋਝੀ[88] ਪਾਇਸੀ ॥	Through[87] the Guru, the mortal obtains understanding[88].	ਗੁਰਾਂ ਦੁਆਰੇ[87] ਪ੍ਰਾਣੀ ਨੂੰ ਸਮਝ[88] ਪਰਾਪਤ ਹੁੰਦੀ ਹੈ।
ਏਤੁ[89] ਦੁਆਰੈ ਧੋਇ ਹਛਾ ਹੋਇਸੀ[90] ॥	When washed in this[89] way then the vessel is rendered[90] clean.	ਇਸ[89] ਤਰ੍ਹਾਂ ਧੋਤਾ ਜਾਵੇ ਤਾਂ ਬਰਤਨ ਸਾਫ਼ ਸੁਥਰਾ ਹੋ ਜਾਂਦਾ[90] ਹੈ।
ਮੈਲੇ[91] ਹਛੇ[92] ਕਾ ਵੀਚਾਰੁ[93] ਆਪਿ[94] ਵਰਤਾਇਸੀ[95] ॥	The understanding[93] to distinguish between good[92] and bad[91], the Lord Himself[94] grants[95].	ਚੰਗੇ[92] ਅਤੇ ਮੰਦੇ[91] ਦੀ ਪਛਾਣ ਕਰਨ ਦੀ ਸਮਝ[93] ਪ੍ਰਭੂ ਆਪੇ[94] ਹੀ ਬਖ਼ਸ਼ਦਾ[95] ਹੈ।
ਮਤੁ[96] ਕੋ ਜਾਣੈ[97] ਜਾਇ[98] ਅਗੈ[99] ਪਾਇਸੀ[100] ॥	Let no[96] one think[97], that he will obtain[100] a place of rest[98], hereafter[99].	ਕੋਈ ਜਣਾ ਇਹ ਨਾ[96] ਸਮਝ[97] ਲਵੇ ਕਿ ਉਸ ਨੂੰ ਅਗਾਹਾਂ[99] ਆਰਾਮ ਦੀ ਥਾਂ[98] ਮਿਲ ਜਾਏਗੀ[100]।
ਜੇਹੇ[2] ਕਰਮ[3] ਕਮਾਇ[4] ਤੇਹਾ[5] ਹੋਇਸੀ[6] ॥	As[2] are the deeds[3], man does[4], so[5] would he become[6].	ਜਿਹੋ ਜਿਹਾ[2] ਅਮਲ[3] ਬੰਦਾ ਕਮਾਉਂਦਾ[4] ਹੈ, ਉਹੋ ਜਿਹਾ[5] ਹੀ ਉਹ ਹੋ ਜਾਂਦਾ[6] ਹੈ।
ਅੰਮ੍ਰਿਤੁ[7] ਹਰਿ ਕਾ ਨਾਉ ਆਪਿ[8] ਵਰਤਾਇਸੀ[9] ॥	Nectar[7] is the Lord's Name and he Himself[8] blesses[9] the mortal with it.	ਆਬਿ-ਹਿਯਾਤ[7] ਹੈ ਪ੍ਰਭੂ ਦਾ ਨਾਮ ਅਤੇ ਉਹ ਖ਼ੁਦ[8] ਹੀ ਪ੍ਰਾਣੀ ਨੂੰ ਇਸ ਦੀ ਦਾਤ ਦਿੰਦਾ[9] ਹੈ।
ਚਲਿਆ[10] ਪਤਿ[12] ਸਿਉ[13] ਜਨਮੁ[14] ਸਵਾਰਿ[15] ਵਾਜਾ[16] ਵਾਇਸੀ[17] ॥	The trumpets[16] play[17] in the glory of him, who embellishing[15] his life[14], departs[10] with[13] honour[12].	ਉਸ ਦੀ ਵਡਿਆਈ ਦੇ ਵਾਜੇ[16] ਵੱਜਦੇ[17] ਹਨ, ਜੋ ਆਪਣੇ ਜੀਵਨ[14] ਨੂੰ ਸ਼ਸ਼ੋਭਤ ਕਰ ਕੇ[15], ਇੱਜ਼ਤ[12] ਨਾਲ[13] ਇਥੋਂ ਜਾਂਦਾ[10] ਹੈ।
ਮਾਣਸੁ[18] ਕਿਆ[19] ਵੇਚਾਰਾ[20]	What[19] to talk of the world of poor[20]	ਗ਼ਰੀਬ[20] ਪ੍ਰਾਣੀਆਂ[18] ਦੇ ਸੰਸਾਰ ਦਾ ਕੀ[19] ਕਹਿਣਾ

ਤਿਹੁ[21]ਲੋਕ[22]ਸੁਣਾਇਸੀ[23]॥	mortals[18],his renown shall resound[23] the three[21] worlds[22] through.	ਹੋਇਆ, ਉਸ ਦੀ ਮਹਿਮਾਂ ਤਿੰਨਾਂ[21] ਹੀ ਜਹਾਨਾਂ[22] ਅੰਦਰ ਗੂੰਜੇਗੀ[23] ।
ਨਾਨਕ ਆਪਿ[24] ਨਿਹਾਲੁ[25] ਸਭਿ ਕੁਲ[26] ਤਾਰਸੀ[27]॥੧॥ ੪॥੬॥	Nanak, he himself[24] shall be blissful[25]and shall save[27]all his lineage[26].	ਨਾਨਕ ਉਹ ਖ਼ੁਦ[24] ਪਰਮ ਪਰਸੰਨ[25] ਹੋਵੇਗਾ ਅਤੇ ਆਪਣੀ ਸਾਰੀ ਵੰਸ[26] ਨੂੰ ਤਾਰ ਦੇਵੇਗਾ[27] ।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਿਸ਼ਾਹੀ ।
ਜੋਗੀ[28] ਹੋਵੈ ਜੋਗਵੈ[29] ਭੋਗੀ[30] ਹੋਵੈ ਖਾਇ ॥	The renunciator[28] practises renunciation[29] and the glutton[30] continues eating.	ਤਿਆਗੀ[28] ਤਿਆਗ ਕਮਾਉਂਦਾ[29] ਹੈ ਅਤੇ ਪੇਟੂ[30] ਖਾਈ ਹੀ ਜਾਂਦਾ ਹੈ ।
ਤਪੀਆ[31] ਹੋਵੈ ਤਪੁ ਕਰੇ ਤੀਰਥਿ[32] ਮਲਿ ਮਲਿ[33] ਨਾਇ[34] ॥੧॥	He who is a penitent[31] practises penance and bathes[34]and rubs[33]himself at the pilgrim-places[32].	ਜੋ ਤਪੱਸਵੀ[31] ਹੈ, ਉਹ ਤਪੱਸਿਆ ਕਮਾਉਂਦਾ ਹੈ ਅਤੇ ਧਰਮ ਅਸਥਾਨਾਂ[32] ਤੇ ਮਲ ਮਲ[33] ਕੇ ਨ੍ਹਾਉਂਦਾ[34] ਹੈ ।
ਤੇਰਾ ਸਦੜਾ[35] ਸੁਣੀਜੈ ਭਾਈ[36] ਜੇ ਕੋ ਬਹੈ[37] ਅਲਾਇ[38] ॥੧॥ਰਹਾਉ॥	I wish to hear Thine tiding[35], O Love[36], if some one sits[37] and utters[38] it to me. Pause.	ਮੈਂ ਤੇਰੀ ਕਣਸੋ[35]ਸੁਣਨਾ ਚਾਹੁੰਦਾ ਹਾਂ,ਹੇ ਪਿਆਰਿਆ[36]! ਜੇਕਰ ਕੋਈ ਬਹਿ[37] ਕੇ ਮੈਨੂੰ ਦੱਸੇ[38] । ਠਹਿਰਾਉ ।
ਜੈਸਾ[39] ਬੀਜੈ ਸੋ[40] ਲੁਣੇ[41] ਜੋ[42] ਖਟੇ[43] ਸੁ[44] ਖਾਇ ॥	As[39] the man sows, so[40] reaps[41] he and whatever[42] he earns[43], that[44] he eats.	ਜਿਹੋ ਜਿਹਾ[39] ਬੰਦਾ ਬੀਜਦਾ ਹੈ, ਉਹੋ ਜੇਹਾ[40] ਹੀ ਉਹ ਵੱਢਦਾ[41] ਹੈ ਅਤੇ ਜਿਹੜਾ ਕੁਛ[42] ਉਹ ਕਮਾਉਂਦਾ[43] ਹੈ, ਉਹੀ[44] ਖਾਂਦਾ ਹੈ ।
ਅਗੈ[45] ਪੁਛ[49] ਨ ਹੋਵਈ ਜੇ[46] ਸਣੁ[47] ਨੀਸਾਣੈ[48] ਜਾਇ ॥੨॥	Hereafter[45], no account is called[49] from him, who[46] goes thither with[47] the Name's flag[48].	ਏਦੂੰ ਮਗਰੋਂ[45], ਉਸ ਪਾਸੋਂ ਕੋਈ ਹਿਸਾਬ ਨਹੀਂ ਪੁਛਿਆ ਜਾਂਦਾ[49], ਜੋ[46] ਉਥੇ ਨਾਮ ਦੇ ਝੰਡੇ[48] ਨਾਲ[47] ਜਾਂਦਾ ਹੈ ।
ਤੈਸੋ ਜੈਸਾ[50] ਕਾਢੀਐ[51] ਜੈਸੀ[52] ਕਾਰ[53] ਕਮਾਇ[54]॥	As[52] are the deeds[53] the mortal does[54], so[50] is he called[51].	ਜਿਹੋ ਜਿਹੇ[52] ਕਰਮ[53] ਪ੍ਰਾਨੀ ਕਰਦਾ[54] ਹੈ, ਉਹੋ ਜਿਹਾ[50] ਹੀ ਉਹ ਆਖਿਆ ਜਾਂਦਾ[51] ਹੈ ।
ਜੋ ਦਮੁ[55] ਚਿਤਿ[56] ਨ ਆਵਈ ਸੋ[57]ਦਮੁ ਬਿਰਥਾ[58] ਜਾਇ ॥੩॥	The breath[55], which is drawn without the Lord's meditation[56]; that[57] breath goes in vain[58].	ਜਿਹੜਾ ਸਾਹ[55] ਸੁਆਮੀ ਦੇ ਸਿਮਰਨ[56] ਦੇ ਬਿਨਾਂ ਲਿਆ ਜਾਂਦਾ ਹੈ ਉਹ[57] ਸਾਹ ਵਿਅਰਥ[58] ਜਾਂਦਾ ਹੈ ।
ਇਹੁ[59] ਤਨੁ[60] ਵੇਚੀ[61] ਬੈ ਕਰੀ[62] ਜੇ[63] ਕੋ[64] ਲਏ ਵਿਕਾਇ[65] ॥	If[63] there be some one[64] to purchase[65] it, I shall sell[61], sell off[62] this[59] body[60] of mine for my Lord.	ਜੇਕਰ[63] ਕੋਈ[64] ਖਰੀਦਣ ਵਾਲਾ[65] ਹੋਵੇ ਤਾਂ ਮੈਂ ਆਪਣੀ ਇਸ[59] ਦੇਹ[60] ਨੂੰ ਆਪਣੇ ਸਾਈਂ ਦੀ ਖ਼ਾਤਰ ਵੇਚ[61], ਵੇਚ[62] ਦੇਵਾਂਗਾ ।
ਨਾਨਕ ਕੰਮਿ[66] ਨ ਆਵਈ ਜਿਤੁ[67]ਤਨਿ[68]ਨਾਹੀ ਸਚਾ[69] ਨਾਉ ॥੪॥੫॥੭॥	Nanak, of no avail[66] is the[67] body[68], which enshrines not the True Name[69].	ਨਾਨਕ, ਉਹ[67] ਸਰੀਰ[68] ਕਿਸੇ ਕੰਮ[66] ਨਹੀਂ ਆਉਂਦਾ, ਜਿਸਦੇ ਅੰਦਰ ਸਤਿਨਾਮ[69] ਦਾ ਨਿਵਾਸ ਨਹੀਂ ।

ਸੂਹੀ ਮਹਲਾ ੧ ਘਰੁ ੭	Suhi Ist Guru	ਸੂਹੀ ਪਹਿਲੀ ਪਾਤਿਸ਼ਾਹੀ
੧ਓ ਸਤਿਗੁਰ ਪ੍ਰਸਾਦਿ ॥	There is but One God, By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਜੋਗ ਨ ਖਿੰਥਾ[70] ਜੋਗ ਨ ਡੰਡੈ[72] ਜੋਗੁ ਨ ਭਸਮ[73] ਚੜਾਈਐ[74] ॥	Yoga is not in the patched coat[70], nor the Yoga is in staff[72], nor Yoga is in smearing[74] the body with ashes[73]	ਯੋਗ ਖਫਣੀ[70] ਵਿਚ ਨਹੀਂ, ਨਾ ਯੋਗ ਸੋਟੇ[72] ਵਿਚ ਹੈ, ਨਾ ਹੀ ਯੋਗ ਹੈ ਸਰੀਰ ਨੂੰ ਸੁਆਹ[73] ਮਲਣ[74] ਵਿਚ।
ਜੋਗੁ ਨ ਮੁੰਦੀ[75] ਮੂੰਡਿ[76] ਮੁਡਾਈਐ[77] ਜੋਗੁ ਨ ਸਿੰਙੀ[78] ਵਾਈਐ[79] ॥	Yoga consists not ear-rings[75], or in shaven[77] head[76] and Yoga not even in the blowing[79] of horn[78].	ਯੋਗ ਮੁੰਦਰਾਂ[75] ਵਿਚ, ਜਾਂ ਸਿਰ[76] ਮੁਨਾਉਣ[77] ਵਿਚ ਨਹੀਂ, ਯੋਗ ਸਿੰਗ[78] ਵਜਾਉਣ[79] ਵਿਚ ਵੀ ਨਹੀਂ।
ਅੰਜਨ[80] ਮਾਹਿ[81] ਨਿਰੰਜਨਿ[82] ਰਹੀਐ ਜੋਗ ਜੁਗਤਿ[83] ਇਵ[84] ਪਾਈਐ ॥੧॥	Abide pure[82] amidst[81] the worldly impurities[80]. Thus[84] shalt thou find the way[83] to Yoga.	ਦੁਨਿਆਵੀ ਅਪਵਿਤਰਤਾਈਆਂ[80] ਅੰਦਰ[81] ਪਵਿਤਰ[82] ਹੋ ਕੇ ਵੱਸ। ਇਸ ਤਰ੍ਹਾਂ[84] ਤੂੰ ਯੋਗ ਦਾ ਮਾਰਗ[83] ਪਾ ਲਵੇਂਗਾਂ।
ਗਲੀ[85] ਜੋਗੁ ਨ ਹੋਈ ॥	By mere words[85] Yoga is obtained not.	ਨਿਰੀਆਂ ਗੱਲਾਂ[85] ਨਾਲ ਯੋਗ ਪਰਾਪਤ ਨਹੀਂ ਹੁੰਦਾ।
ਏਕ[91] ਦ੍ਰਿਸਟਿ[86] ਕਰਿ[87] ਸਮਸਰਿ[88] ਜਾਣੈ[89] ਜੋਗੀ ਕਹੀਐ[90] ਸੋਈ[92] ॥੧॥ ਰਹਾਉ ॥	He[92] is called[90] a Yogi who looks upon all mortals with the same[91] eye[86] and deems[89] them as[87] equal[88]. Pause.	ਉਹ[92] ਹੀ ਯੋਗੀ ਆਖਿਆ ਜਾਂਦਾ[90] ਹੈ, ਜੋ ਸਾਰਿਆਂ ਪ੍ਰਾਣੀਆਂ ਨੂੰ ਇਕੋ[91] ਅੱਖ[86] ਨਾਲ ਵੇਖਦਾ ਹੈ ਅਤੇ ਉਨ੍ਹਾਂ ਨੂੰ ਇਕ ਸਮਾਨ[88] ਕਰ ਕੇ[87] ਜਾਣਦਾ[89] ਹੈ। ਠਹਿਰਾਉ।
ਜੋਗੁ ਨ ਬਾਹਰਿ[93] ਮੜੀ[94] ਮਸਾਣੀ[95] ਜੋਗੁ ਨ ਤਾੜੀ[96] ਲਾਈਐ ॥	Yoga consists not in wandering to yonder[93] tombs[94], or crematoriums[95], or sitting in trance[96].	ਯੋਗ ਪਰੇਡੀਆਂ[93] ਕਬਰਾਂ[94] ਜਾਂ ਸ਼ਮਸ਼ਾਨ ਭੂਮੀਆਂ[95], ਜਾਂ ਸਮਾਧੀ[96] ਲਾ ਕੇ ਬੈਠਣ ਵਿਚ ਨਹੀਂ।
ਜੋਗੁ ਨ ਦੇਸਿ[97] ਦਿਸੰਤਰਿ[98] ਭਵਿਐ[99] ਜੋਗੁ ਨ ਤੀਰਥਿ[100] ਨਾਈਐ[2] ॥	Yoga consists not in wandering[99] in native[97] and foreign[98] lands, nor in bathing[2] at places of pilgrimage[100].	ਯੋਗ ਆਪਣੇ ਵਤਨ[97] ਅਤੇ ਪਰਦੇਸਾਂ[98] ਦੇ ਵਿਚ ਫਿਰਨ[99] ਵਿਚ ਨਹੀਂ, ਨਾ ਹੀ ਯਾਤ੍ਰਾ-ਅਸਥਾਨਾਂ[100] ਉਤੇ ਨ੍ਹਾਉਣ[2] ਵਿਚ ਹੈ।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥੨॥	Abide thou pure amid the worldly impurities. Thus shalt thou find the way of Yoga.	ਤੂੰ ਦੁਨਿਆਵੀ ਅਪਵਿਤਰਤਾਈਆਂ ਅੰਦਰ ਪਵਿਤਰ ਰਹੁ। ਇਸ ਤਰ੍ਹਾਂ ਤੂੰ ਯੋਗ ਦੇ ਰਸਤੇ ਨੂੰ ਪਾ ਲਵੇਂਗਾ।
ਸਤਿਗੁਰੁ ਭੇਟੈ[3] ਤਾ[4] ਸਹਸਾ[5] ਤੂਟੈ[6] ਧਾਵਤੁ[7] ਵਰਜਿ ਰਹਾਈਐ[8] ॥	If man meets[3] with the True Guru, then[4] is his doubts[5] dispelled[6] and the wandering[7] mind is restrained[8].	ਜੇ ਬੰਦਾ ਸੱਚੇ ਗੁਰਾਂ ਨੂੰ ਮਿਲ ਪਵੇ[3], ਤਦ[4] ਉਸ ਦਾ ਸੰਦੇਹ[5] ਦੂਰ ਹੋ ਜਾਂਦਾ[6] ਹੈ, ਅਤੇ ਉਸ ਦਾ ਭਟਕਦਾ[7] ਹੋਇਆ ਮਨ ਕਾਬੂ ਆ ਜਾਂਦਾ[8] ਹੈ।
ਨਿਝਰੁ[9] ਝਰੈ[10] ਸਹਜ ਧੁਨਿ[12] ਲਾਗੈ[13] ਘਰ[14] ਹੀ ਪਰਚਾ[15] ਪਾਈਐ[16] ॥	It rains[10] Nectar[9], celestial music[12] plays[13] and from within his mind[14], man obtains[16] gnosis[15].	ਅੰਮ੍ਰਿਤ[9] ਵਰਸਦਾ[10] ਹੈ, ਬੈਕੁੰਠੀ ਕੀਰਤਨ[12] ਹੁੰਦਾ[13] ਹੈ ਅਤੇ ਆਪਣੇ ਹਿਰਦੇ[14] ਅੰਦਰੋਂ ਹੀ ਬੰਦਾ ਬ੍ਰਹਿਮ ਗਿਆਨ[15] ਪਰਾਪਤ ਕਰ ਲੈਂਦਾ[16] ਹੈ।
ਅੰਜਨ ਮਾਹਿ ਨਿਰੰਜਨਿ	Remain thou pure amid	ਤੂੰ ਅਪਵਿਤ੍ਰਤਾ ਅੰਦਰ ਪਵਿਤਰ ਵਿਚਾਰ, ਇਸ ਤਰ੍ਹਾਂ ਤੂੰ

ਰਹੀਐ ਜੋਗ ਜੁਗਤਿ ਇਵ ਪਾਈਐ ॥੩॥

impurities. Like this shalt thou find the way of Yoga.

ਯੋਗ ਦੇ ਮਾਰਗ ਨੂੰ ਪਾ ਲਵੇਂਗਾ ।

ਨਾਨਕ ਜੀਵਤਿਆ[17] ਮਰਿ[18] ਰਹੀਐ ਐਸਾ[19] ਜੋਗੁ ਕਮਾਈਐ[20] ॥

Nanak in the midst of life[17] be thou in death[18]. Practise[20] thou such[19] a Yoga.

ਨਾਨਕ ਤੂੰ ਆਪਣੀ ਜ਼ਿੰਦਗੀ[17] ਵਿਚ ਮਰਿਆ[18] ਰਹਿ । ਤੂੰ ਇਹੋ ਜਿਹਾ[19] ਯੋਗ ਕਮਾ[20] ।

ਵਾਜੇ[21] ਬਾਝਹੁ[22] ਸਿੰਙੀ[23] ਵਾਜੈ[24] ਤਉ[25] ਨਿਰਭਉ[26] ਪਦੁ[27] ਪਾਈਐ[28] ॥

When the horn[23] blows[24] without[22] being 'blown[21], then[25] shalt thou obtain[28] the fearless[26] status[27]

ਜਦ ਵੀਣਾ[23] ਬਿਨਾ[22] ਵਜਾਏ[21] ਵੱਜੇਗੀ[24], ਤਦ[25] ਹੀ ਭੈ-ਰਹਿਤ[26] ਮਰਤਬੇ[27] ਨੂੰ ਪਰਾਪਤ ਹੋਵੇਂਗਾ[28] ।

ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥੪॥੧॥੮॥

When man remains detached amidst worldly attachments, then attains he the way of Yoga.

ਜਦ ਇਨਸਾਨ ਸੰਸਾਰੀ ਲਗਨਾਂ ਅੰਦਰ ਨਿਰਲੇਪ ਵਿਚਰਦਾ ਹੈ, ਤਦ ਹੀ ਉਹ ਯੋਗ ਦੇ ਮਾਰਗ ਨੂੰ ਪਰਾਪਤ ਹੁੰਦਾ ਹੈ ।

ਸੂਹੀ ਮਹਲਾ ੧ ॥

Suhi Ist Guru.

ਸੂਹੀ ਪਹਿਲੀ ਪਾਤਸ਼ਾਹੀ ।

ਕਉਣੁ[29] ਤਰਾਜੀ[30] ਕਵਣੁ ਤੁਲਾ[31] ਤੇਰਾ ਕਵਣੁ ਸਰਾਫੁ[32] ਬੁਲਾਵਾ[33] ॥

What[29] is the scale[30], and what are the weights[31] ? What assayer[32] shall I call for[33] Thee, O Lord ?

ਕਿਹੜੀ[29] ਹੈ ਤੱਕੜੀ[30] ਅਤੇ ਕਿਹੜੇ ਵੱਟੇ[31] ? ਤੇਰੇ ਲਈ ਮੈਂ ਕਿਹੜਾ ਪਾਰਖੂ[32] ਸੱਦਾਂ[33], ਹੇ ਸੁਆਮੀ !

ਕਉਣੁ ਗੁਰੂ ਕੈ ਪਹਿ ਦੀਖਿਆ[34] ਲੇਵਾ ਕੈ ਪਹਿ[36] ਮੁਲੁ[35] ਕਰਾਵਾ[37] ॥੧॥

Who is the Guru, from whom I should receive instruction[34] and by whom[36] should I have Thine worth[35] appraised[37] ?

ਕਿਹੜਾ ਗੁਰੂ ਹੈ ਜਿਸ ਪਾਸੋਂ ਮੈਂ ਸਿਖਿਆ[34] ਲਵਾਂ ਅਤੇ ਕੀਹਦੇ ਕੋਲੋਂ[36] ਮੈਂ ਤੇਰੀ ਕੀਮਤ[35] ਪੁਆਵਾਂ[37] ?

ਮੇਰੇ ਲਾਲ[38] ਜੀਉ[39] ਤੇਰਾ ਅੰਤੁ[40] ਨ ਜਾਣਾ ॥

O my venerable[39] Beloved[38], I know not Thy limit[40].

ਹੇ ਮੇਰੇ ਪੂਜਯ[39] ਪ੍ਰੀਤਮ[38] ! ਮੈਂ ਤੇਰੇ ਓੜਕ[40] ਨੂੰ ਨਹੀਂ ਜਾਣਦਾ ।

ਤੂੰ ਜਲਿ[41] ਥਲਿ[42] [43]ਮਹੀਅਲਿ[44] ਭਰਪੁਰਿ[45] ਲੀਣਾ ਤੂੰ ਆਪੇ[46] ਸਰਬ[47] ਸਮਾਣਾ[48] ॥੧॥ਰਹਾਉ॥

Thou art fully contained[45] in water[41], dry land[42], nether[43] and upper regions[44]. Thou Thyself[46] art pervading[48] everywhere[47]. Pause.

ਤੂੰ ਪਾਣੀ[41], ਸੁੱਕੀ ਧਰਤੀ[42], ਪਾਤਾਲ[43] ਅਤੇ ਆਕਾਸ਼[44] ਵਿਚ ਪਰੀਪੂਰਨ[45] ਹੋ ਰਿਹਾ ਹੈਂ । ਤੂੰ ਖ਼ੁਦ[46] ਹੀ ਹਰ ਥਾਂ[47] ਵਿਆਪਕ[48] ਹੈਂ । ਠਹਿਰਾਉ ।

ਮਨੁ[48*] ਤਰਾਜੀ ਚਿਤੁ[49] ਤੁਲਾ ਤੇਰੀ ਸੇਵ[50] ਸਰਾਫੁ[51] ਕਮਾਵਾ[52] ॥

My soul[48*] is the scale, the consciousness[49] the weights and the performance[52] of Thy service[50] is my jeweller[51].

ਮੇਰੀ ਆਤਮਾ[48*] ਤੱਕੜੀ ਹੈ, ਗਿਆਤ[49] ਵੱਟੇ ਅਤੇ ਤੇਰੀ ਘਾਲ[50] ਕਮਾਉਣੀ[52] ਮੇਰਾ ਜੌਹਰੀ[51] ਹੈ ।

ਘਟ[53] ਹੀ ਭੀਤਰਿ[54] ਸੋ[55] ਸਹੁ[56] ਤੋਲੀ[57] ਇਨ ਬਿਧਿ[58] ਚਿਤੁ[59] ਰਹਾਵਾ[60] ॥੨॥

Within[54] my mind[53] I weigh[57] the[55] Spouse[56]. In this way[58] I fix[60] my attention[59].

ਆਪਣੇ ਹਿਰਦੇ[53] ਅੰਦਰ[54] ਮੈਂ ਉਸ[55] ਕੰਤ[56] ਨੂੰ ਹਾੜਦੀ[57] ਹਾਂ । ਇਸ ਤਰੀਕੇ[58] ਨਾਲ ਮੈਂ ਆਪਣੀ ਬਿਰਤੀ[59] ਨੂੰ ਜੋੜਦੀ[60] ਹਾਂ ।

ਆਪੇ[61] ਕੰਡਾ[62] ਤੋਲੁ[63] ਤਰਾਜੀ[64] ਆਪੇ ਤੋਲਣਹਾਰਾ[65] ॥	Thou Thyself[61] art the tongue of the balance[62], the weights[63] and the balance[64]. Thou Thyself art the weighman[65].	ਤੂੰ ਖ਼ੁਦ[61] ਹੀ ਤਰਾਜੂ ਦੀ ਸੂਈ[62], ਵੱਟੇ[63] ਅਤੇ ਤਰਾਜੂ[64] ਹੈਂ। ਤੂੰ ਆਪ ਹੀ ਤੋਲਣ ਵਾਲਾ[65] ਹੈਂ।
ਆਪੇ ਦੇਖੈ[66] ਆਪੇ ਬੂਝੈ[67] ਆਪੇ ਹੈ ਵਣਜਾਰਾ[68] ॥੩॥	Thou Thyself beholdest[66], Thyself Thou understandest[67] and Thou Thyself art the Dealer[68].	ਤੂੰ ਆਪ ਵੇਖਦਾ[66] ਹੈਂ, ਆਪ ਹੀ ਤੂੰ ਸਮਝਦਾ[67] ਹੈਂ ਅਤੇ ਤੂੰ ਆਪ ਹੀ ਵਪਾਰੀ[68] ਹੈਂ।
ਅੰਧੁਲਾ[69] ਨੀਚ[70] ਜਾਤਿ[71] ਪਰਦੇਸੀ[72] ਖਿਨੁ[73] ਆਵੈ ਤਿਲੁ[74] ਜਾਵੈ ॥	The blind[69] of low[70] caste[71], and the stranger[72] soul comes but for a moment[73] and departs in a trice[74].	ਅੰਨ੍ਹੀ[69], ਨੀਵੇਂ[70] ਵਰਨ[71] ਦੀ ਅਤੇ ਬਦੇਸਣ[72] ਜਿੰਦੜੀ ਇਕ ਮੁਹਤ[73] ਭਰ ਲਈ ਆਉਂਦੀ ਹੈ ਅਤੇ ਇਕ ਲਮ੍ਹੇ[74] ਵਿਚ ਟੁਰ ਜਾਂਦੀ ਹੈ।
ਤਾ ਕੀ[75] ਸੰਗਤਿ[76] ਨਾਨਕੁ ਰਹਦਾ[77] ਕਿਉਕਰਿ[78] ਮੂੜਾ[79] ਪਾਵੈ[80] ॥੪॥੨॥੯॥	In its[75] companionship[76] Nanak abides[77]. How[78] can he, the fool[79], attain[80] to Thee, O Lord ?	ਉਸ ਦੀ[75] ਸੁਹਬਤ[76] ਅੰਦਰ ਨਾਨਕ ਵਸਦਾ[77] ਹੈ। ਉਹ, ਮੂਰਖ[79] ਕਿਸ ਤਰ੍ਹਾਂ[78] ਤੈਨੂੰ ਪਰਾਪਤ[80] ਕਰ ਸਕਦਾ ਹੈ, ਹੇ ਪ੍ਰਭੂ !
ਰਾਗੁ ਸੂਹੀ ਮਹਲਾ ੪ ਘਰੁ ੧	Suhi Measure 4th Guru	ਰਾਗ ਸੂਹੀ ਚੌਥੀ ਪਾਤਿਸ਼ਾਹੀ।
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਮਨਿ[81] ਰਾਮ[82] ਨਾਮੁ ਆਰਾਧਿਆ[83] ਗੁਰ ਸਬਦਿ[84] ਗੁਰੂ ਗੁਰ[85] ਕੇ ॥	Through the instruction[84] of the Guru, the Preceptor of the preceptors[85], my soul[81] ponders[83] on the Lord's[82] Name.	ਪੀਰਾਂ ਦੇ ਪੀਰ[85] ਗੁਰਾਂ ਦੇ ਉਪਦੇਸ਼[84] ਰਾਹੀਂ, ਮੇਰੀ ਜਿੰਦੜੀ[81] ਸੁਆਮੀ[82] ਦੇ ਨਾਮ ਦਾ ਸਿਮਰਨ ਕਰਦੀ[83] ਹੈ।
ਸਭਿ ਇਛਾ[86] ਮਨਿ[87] ਤਨਿ[88] ਪੂਰੀਆ[89] ਸਭੁ ਚੂਕਾ[90] ਡਰੁ[91] ਜਮ[92] ਕੇ ॥੧॥	The desires[86] of my mind[87] and body[88] are all fulfilled[89] and my dread[91] of death[92] is all dispelled[90].	ਮੇਰੇ ਚਿੱਤ[87] ਅਤੇ ਸ਼ਰੀਰ[88] ਦੀਆਂ ਸਾਰੀਆਂ ਖ਼ਾਹਿਸ਼ਾਂ[86] ਪੂਰਨ ਹੋ ਗਈਆਂ[89] ਹਨ ਅਤੇ ਮੇਰਾ ਮੌਤ[92] ਦਾ ਭੈ[91] ਭੀ ਸਮੂਹ ਜਾਂਦਾ ਰਿਹਾ[90] ਹੈ।
ਮੇਰੇ ਮਨ[93] ਗੁਣ[94] ਗਾਵਹੁ[95] ਰਾਮ ਨਾਮ ਹਰਿ ਕੇ ॥	O my soul[93], sing[95] thou the praise[94] of the Lord God's Name.	ਹੇ ਮੇਰੀ ਜਿੰਦੜੀਏ[93] ! ਤੂੰ ਸੁਆਮੀ ਵਾਹਿਗੁਰੂ ਦੇ ਨਾਮ ਦੀ ਮਹਿਮਾ[94] ਗਾਇਨ[95] ਕਰ।
ਗੁਰਿ ਤੁਠੈ[96] ਮਨੁ[97] ਪਰਬੋਧਿਆ[98] ਹਰਿ ਪੀਆ[99] ਰਸੁ[100] ਗਟਕੇ[2] ॥੨॥ ਰਹਾਉ ॥	Through Guru's pleasure[96], the soul[97] is instructed[98] and drinks[99] God's elixir[100] in draughts[2]. Pause.	ਗੁਰਾਂ ਦੀ ਪਰਸੰਨਤਾ[96] ਰਾਹੀਂ ਆਤਮਾ[97] ਨੂੰ ਸਿਖ-ਮਤ[98] ਆ ਜਾਂਦੀ ਹੈ ਅਤੇ ਇਹ ਵਾਹਿਗੁਰੂ ਦੇ ਅੰਮ੍ਰਿਤ[100] ਨੂੰ ਗਟਗਟ[2] ਕਰ ਕੇ ਪਾਨ ਕਰਦੀ[99] ਹੈ। ਠਹਿਰਾਉ।
ਸਤ ਸੰਗਤਿ[3] ਊਤਮ[6] ਸਤਿਗੁਰ ਕੇਰੀ[4] ਗੁਨ ਗਾਵੈ ਹਰਿ ਪ੍ਰਭ[5] ਕੇ ॥	Sublime[6] is the True Guru's[4] congregation[3], which sings the praise of my Lord God[5].	ਸਰੇਸ਼ਟ[6] ਹੈ ਸੱਚੇ ਗੁਰਾਂ ਦੀ[4] ਸਾਧ ਸੰਗਤ[3], ਜੋ ਮੇਰੇ ਸੁਆਮੀ, ਵਾਹਿਗੁਰੂ[5] ਦੀ ਕੀਰਤੀ ਗਾਇਨ ਕਰਦੀ ਹੈ।
ਹਰਿ ਕਿਰਪਾ[7] ਧਾਰਿ[8]	Extending[8] Thy mercy[7], O Lord	ਆਪਣੀ ਮਿਹਰ[7] ਕਰ ਕੇ[8], ਹੇ ਸਾਹਿਬ ਮੈਨੂੰ ਸਾਧ ਸਮਾਗਮ

ਮੇਲਹੁ[13] ਸਤ ਸੰਗਤਿ ਹਮ ਧੋਵਹ[9] ਪਗ[10] ਜਨ[12] ਕੇ ॥੨॥

unite[13] me with the society of saints. I shampoo[9] the feet[10] of Thine slaves[12].

ਅੰਦਰ ਜੋੜ[13]। ਮੈਂ ਤੇਰੇ ਗੋਲਿਆਂ[12] ਦੇ ਪੈਰ[10] ਧੋਂਦਾ[9] ਹਾਂ।

ਰਾਮ[14] ਨਾਮੁ ਸਭੁ[15] ਹੈ ਰਾਮ ਨਾਮਾ ਰਸੁ[16] ਗੁਰਮਤਿ[17] ਰਸੁ[18] ਰਸਕੇ[19] ॥

The Lord's Name[14], the Lord's Name rings all through[15]. By Guru's instruction[17] its sweetness[16] and relish[18] is enjoyed[19].

ਸਾਂਈਂ ਦਾ ਨਾਮ[14] ਸਾਂਈਂ ਦਾ ਨਾਮ ਸਾਰੇ[15] ਗੂੰਜ ਰਿਹਾ ਹੈ। ਗੁਰਾਂ ਦੇ ਉਪਦੇਸ਼[17] ਦੁਆਰਾ ਇਸ ਦੀ ਮਿਠਾਸ[16] ਤੇ ਸੁਆਦ[18] ਮਾਣਿਆ[19] ਜਾਂਦਾ ਹੈ।

ਹਰਿ ਅੰਮ੍ਰਿਤੁ[20] ਹਰਿ ਜਲੁ[21] ਪਾਇਆ[22] ਸਭ ਲਾਥੀ[23] ਤਿਸ[24] ਤਿਸ[25] ਕੇ ॥੩॥

The Thirsty man[25] has obtained[22] God's water[21], the Divine-Nectar[20] and all his thirst[24] is quenched[23].

ਪਿਆਸੇ ਪ੍ਰਾਣੀ[25] ਨੂੰ ਈਸ਼ਵਰੀ-ਅੰਮ੍ਰਿਤ[20] ਵਾਹਿਗੁਰੂ ਦਾ ਪਾਣੀ[21] ਪਰਾਪਤ ਹੋ ਗਿਆ[22] ਹੈ ਅਤੇ ਉਸ ਦੀ ਸਾਰੀ ਪਿਆਸ[24] ਬੁੱਝ ਗਈ[23] ਹੈ।

ਹਮਰੀ ਜਾਤਿ[26] ਪਾਤਿ[27] ਗੁਰੁ[28] ਸਤਿਗੁਰੁ ਹਮ ਵੇਚਿਓ[29] ਸਿਰੁ[30] ਗੁਰ ਕੇ ॥

The Great[28] True Guru is my caste[26] and my honour[27]. I have sold off[29] my head[30] to the Guru.

ਮੇਰੀ ਜਾਤੀ[26] ਅਤੇ ਮੇਰੀ ਇੱਜ਼ਤ ਆਬਰੂ[27] ਵਿਸ਼ਾਲ[28] ਸੱਚੇ ਗੁਰੂ ਜੀ ਹਨ। ਮੈਂ ਆਪਣਾ ਸੀਸ[30] ਗੁਰਾਂ ਕੋਲ ਫ਼ਰੋਖ਼ਤ ਕਰ ਦਿੱਤਾ[29] ਹੈ।

ਜਨ[31] ਨਾਨਕ ਨਾਮੁ ਪਰਿਓ[32] ਗੁਰ ਚੇਲਾ[33] ਗੁਰ ਰਾਖਹੁ ਲਾਜ[34] ਜਨ ਕੇ ॥ ੪॥੧॥

Slave[31] Nanak is called[32] the disciple[33] of the Guru. O my Guru, preserve thou the honour[34] of thy slave.

ਗੋਲਾ[31] ਨਾਨਕ ਗੁਰਾਂ ਦਾ ਮੁਰੀਦ[33] ਆਖਿਆ ਜਾਂਦਾ[32] ਹੈ। ਹੇ ਮੇਰੇ ਗੁਰਦੇਵ! ਤੂੰ ਆਪਣੇ ਗੋਲੇ ਦੀ ਪਤਿ-ਆਬਰੂ[34] ਰੱਖ।

ਸੂਹੀ ਮਹਲਾ ੪ ॥

Suhi 4th Guru.

ਸੂਹੀ ਚੌਥੀ ਪਾਤਿਸ਼ਾਹੀ।

ਹਰਿ ਹਰਿ[35] ਨਾਮੁ ਭਜਿਓ[36] [37]ਪੁਰਖੋਤਮੁ[38] ਸਭਿ[39] ਬਿਨਸੇ[40] ਦਾਲਦ[41] [42]ਦਲਘਾ[43] ॥

I utter[36] the Name of Lord God[35], the Supreme[38] Being[37] and my poverty[41] and hosts[42] of sins[43] are all[39] destroyed[40].

ਮੈਂ ਪਰਮ[38] ਪੁਰਖ[37], ਸੁਆਮੀ ਵਾਹਿਗੁਰੂ[35] ਦੇ ਨਾਮ ਦਾ ਉਚਾਰਨ[36] ਕਰਦਾ ਹਾਂ ਅਤੇ ਮੇਰੀ ਗ਼ਰੀਬੀ[41] ਅਤੇ ਪਾਪਾਂ[43] ਦੀਆਂ ਫ਼ੌਜਾਂ[42] ਸਮੂਹ[39] ਨਾਸ ਹੋ ਗਈਆਂ[40] ਹਨ।

ਭਉ[44] ਜਨਮ ਮਰਣਾ ਮੇਟਿਓ[48] ਗੁਰ ਸਬਦੀ[45] ਹਰਿ ਅਸਥਿਰੁ[46] ਸੇਵਿ[49] ਸੁਖਿ ਸਮਘਾ[47] ॥੧॥

Through the Guru's words[45], my fear[44] of birth and death is removed[48]. Serving[49] the ever stable[46] Lord, I am absorbed[47] in peace.

ਗੁਰਾਂ ਦੀ ਬਾਣੀ[45] ਰਾਹੀਂ ਮੇਰਾ ਜਨਮ ਤੇ ਮਰਨ ਦਾ ਡਰ[44] ਦੂਰ ਹੋ ਗਿਆ[48] ਹੈ। ਸਦੀਵੀ[46] ਸਥਿਰ ਸੁਆਮੀ ਦੀ ਘਾਲ[49] ਕਮਾ ਕੇ ਮੈਂ ਆਰਾਮ ਅੰਦਰ ਲੀਨ ਹੋ ਗਿਆ[47] ਹਾਂ।

ਮੇਰੇ ਮਨ[50] ਭਜੁ[51] ਰਾਮ ਨਾਮ ਅਤਿ[52] ਪਿਰਘਾ[53] ॥ ਮੈ ਮਨੁ[54] ਤਨੁ[55] ਅਰਪਿ[56] ਧਰਿਓ[57] ਗੁਰ ਆਗੈ[58] ਸਿਰੁ ਵੇਚਿ ਲੀਓ ਮੁਲਿ[59] ਮਹਘਾ[60] ॥੧॥ਰਹਾਉ॥

O my soul[50], remember[51] thou the very[52] darling[53] Name of the Lord, Dedicating[56] my soul[54] and body[55], I have placed[57] them before[58] my Guru. My head, I have sold off at a dear[60] rate[59]. Pause.

ਹੇ ਮੇਰੀ ਜਿੰਦੜੀਏ[50]! ਤੂੰ ਪ੍ਰਭੂ ਦੇ ਪਰਮ[52] ਪਿਆਰੇ[53] ਨਾਮ ਦਾ ਆਰਾਧਨ[51] ਕਰ। ਆਪਣੀ ਜਿੰਦੜੀ[54] ਅਤੇ ਦੇਹ[55] ਨੂੰ ਸਮਰਪਣ[56] ਕਰ ਦੇ, ਮੈਂ ਉਨ੍ਹਾਂ ਨੂੰ ਆਪਣੇ ਗੁਰਾਂ ਮੂਹਰੇ[58] ਰੱਖ[57] ਦਿਤਾ ਹੈ। ਆਪਣਾ ਸੀਸ ਮੈਂ ਅਕਰੇ[60] ਨਿਰਖ਼[59] ਤੇ ਫ਼ਰੋਖ਼ਤ ਕਰ ਦਿੱਤਾ ਹੈ। ਠਹਿਰਾਉ।

[61]ਨਰਪਤਿ[62] ਰਾਜੇ ਰੰਗ[63] ਰਸ[64] ਮਾਣਹਿ[65] ਬਿਨੁ ਨਾਵੈ

The masters[62] of men[61], the kings enjoy[65] pleasures[63] and relishes[64], but

ਮਨੁੱਖਾਂ[61] ਦੇ ਮਾਲਕ[62], ਬਾਦਸ਼ਾਹ ਖ਼ੁਸ਼ੀਆਂ[63] ਅਤੇ ਸੁਆਦ[64] ਭੋਗਦੇ[65] ਹਨ ਪ੍ਰੰਤੂ ਨਾਮ ਦੇ ਬਗ਼ੈਰ, ਮੌਤ[68]

ਪਕੜਿ[66] ਖੜੇ[67] ਸਭਿ ਕਲਘਾ[68] ॥	without the Name, death[68] seizes[66] and despatches[67] them all.	ਉਨ੍ਹਾਂ ਸਾਰਿਆਂ ਨੂੰ ਫੜ[66] ਕੇ ਲੈ ਜਾਂਦੀ[67] ਹੈ।
ਧਰਮ ਰਾਇ[69] ਸਿਰਿ[70] ਡੰਡੁ[71] ਲਗਾਨਾ[72] ਫਿਰਿ[73] ਪਛੁਤਾਨੇ[74] ਹਥ[75] ਫਲਘਾ[76] ॥੨॥	The rod[71] of the Righteous Judge[69] falls[72] on their head[70] and when they obtain[75] the fruit[76] of their actions, then[73] do they regret[74].	ਧਰਮ ਰਾਜੇ[69] ਦਾ ਡੰਡਾ[71] ਉਨ੍ਹਾਂ ਦੇ ਸਿਰ[70] ਉਤੇ ਵਜਦਾ[72] ਹੈ ਅਤੇ ਜਦ ਉਨ੍ਹਾਂ ਨੂੰ ਉਨ੍ਹਾਂ ਦੇ ਕਰਮਾਂ ਦਾ ਫਲ[76] ਮਿਲਦਾ[75] ਹੈ, ਤਦ[73] ਉਹ ਪਸਚਾਤਾਪ[74] ਕਰਦੇ ਹਨ।
ਹਰਿ ਰਾਖੁ[77] ਰਾਖੁ ਜਨ[78] ਕਿਰਮ[79] ਤੁਮਾਰੇ ਸਰਣਾਗਤਿ[80] ਪੁਰਖ[81] ਪ੍ਰਤਿਪਲਘਾ[82] ॥	Save[77], save me O God, I am a worm[79] slave[78] of Thine, I have sought Thy protection[80], O my Nourisher[82] Lord[81].	ਮੇਰੀ ਰਖਿਆ[77], ਰਖਿਆ ਕਰ, ਹੇ ਵਾਹਿਗੁਰੂ ! ਮੈਂ ਤੇਰਾ ਕੀਟ[79] ਗੋਲਾ[78] ਹਾਂ। ਮੈਂ ਤੇਰੀ ਪਨਾਹ[80] ਲਈ ਹੈ; ਹੇ ਮੇਰ ਪ੍ਰਤਿਪਾਲਣਹਾਰ[82] ਪ੍ਰਭੂ[81] !
ਦਰਸਨ[83] ਸੰਤ ਦੇਹੁ[84] ਸੁਖੁ ਪਾਵੈ ਪ੍ਰਭ ਲੋਚ[85] ਪੂਰਿ[86] ਜਨੁ[87] ਤੁਮਘਾ[88] ॥੩॥	Bless[84] me with the sight[83] of Thine saint, that I may obtain peace. Fulfil[86] my desire[85], O Lord as I am slave[87] of Thine[88].	ਮੈਨੂੰ ਆਪਣੇ ਸਾਧੂ ਦਾ ਦੀਦਾਰ[83] ਬਖ਼ਸ਼[84], ਤਾਂ ਜੋ ਮੈਨੂੰ ਸ਼ਾਂਤੀ ਪਰਾਪਤ ਹੋਵੇ। ਮੇਰੀ ਸੱਧਰ[85] ਪੂਰੀ ਕਰ[86], ਹੇ ਸਾਹਿਬ ! ਕਿਉਂ ਜੋ ਮੈਂ ਤੇਰਾ[88] ਗੋਲਾ[87] ਹਾਂ।
ਤੁਮ ਸਮਰਥ[89] ਪੁਰਖ[90] ਵਡੇ[91] ਪ੍ਰਭ[92] ਸੁਆਮੀ[93] ਮੋਕਉ[94] ਦੀਜੈ[95] ਦਾਨੁ[96] ਹਰਿ[97] ਨਿਮਘਾ[98] ॥	Thou art Omnipotent[89] and Great[91] God[90], the Lord[92] Master[93]. O Lord[97], bless[95] me[94] Thou with the gift[96] of humility[98].	ਤੂੰ ਸਰਬ-ਸ਼ਕਤੀਵਾਨ[89] ਤੇ ਵਿਸ਼ਾਲ[91] ਵਾਹਿਗੁਰੂ[90], ਪਾਰਬ੍ਰਹਮ[92] ਪਰਮੇਸ਼ਰ[93] ਹੈਂ। ਹੇ ਠਾਕੁਰ[97] ! ਤੂੰ ਮੈਨੂੰ[94] ਨਿਮ੍ਰਤਾ[98] ਦੀ ਦਾਤ[96] ਬਖ਼ਸ਼[95]।
ਜਨ[99] ਨਾਨਕ ਨਾਮੁ ਮਿਲੈ ਸੁਖੁ ਪਾਵੈ ਹਮ ਨਾਮ ਵਿਟਹੁ[100] ਸਦ[2] ਘੁਮਘਾ[3] ॥ ੪॥੨॥	Procuring the Name, serf[99] Nanak obtains peace. I am ever[2] a sacrifice[3] unto[100] Thine Name, O Lord.	ਨਾਮ ਨੂੰ ਹਾਸਲ ਕਰਕੇ ਨਫਰ[99] ਨਾਨਕ ਆਰਾਮ ਪਾਉਂਦਾ ਹੈ। ਮੈਂ ਹਮੇਸ਼ਾ[2] ਤੇਰੇ ਨਾਮ ਉਤੋਂ[100] ਘੋਲੀ[3] ਜਾਂਦਾ ਹਾਂ, ਹੇ ਪ੍ਰਭੂ !
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਸ਼ਾਹੀ।
ਹਰਿਨਾਮਾ ਹਰਿ ਰੰਙੁ[4] ਹੈ ਹਰਿ ਰੰਙੁ ਮਜੀਠੈ ਰੰਙੁ[5] ॥	God's Name is the love[4] of God. God's love is of fast colour[5], like madder.	ਵਾਹਿਗੁਰੂ ਦਾ ਨਾਮ, ਵਾਹਿਗੁਰੂ ਦਾ ਪ੍ਰੇਮ[4] ਹੈ। ਵਾਹਿਗੁਰੂ ਦਾ ਪ੍ਰੇਮ ਮਜੀਠ ਦੀ ਤਰ੍ਹਾਂ ਪੱਕਾ ਰੰਗ[5] ਹੈ।
ਗੁਰਿ ਤੁਠੈ[6] ਹਰਿ ਰੰਗੁ[7] ਚਾੜਿਆ[8] ਫਿਰਿ[9] ਬਹੁੜਿ[10] ਨ ਹੋਵੀ ਭੰਙੁ[12] ॥੧॥	Being pleased[6] the Guru imbues[8] with the Lord's dye[7] and[9] it never fades[12] again[10].	ਪ੍ਰਸੰਨ[6] ਹੋ ਕੇ, ਗੁਰੂ ਜੀ ਪ੍ਰਭੂ ਦੀ ਰੰਗਤ[7] ਨਾਲ ਰੰਗ ਦਿੰਦੇ[8] ਹਨ ਅਤੇ[9] ਇਹ ਮੁੜ[10] ਕਦੇ ਉਤਰਦਾ[12] ਨਹੀਂ।
ਮੇਰੇ ਮਨ[16] ਹਰਿ ਰਾਮ[13] ਨਾਮਿ ਕਰਿ[14] ਰੰਙੁ[15] ॥	My soul[16] enshrine[14] thou the love[15] for the Lord God's[13] Name.	ਮੇਰੀ ਜਿੰਦੜੀਏ[16] ਤੂੰ ਸੁਆਮੀ ਵਾਹਿਗੁਰੂ ਦੇ[13] ਨਾਮ ਨਾਲ ਪਿਆਰ[15] ਪਾ[14]।
ਗੁਰਿ ਤੁਠੈ[17] ਹਰਿ ਉਪਦੇਸਿਆ[18] ਹਰਿ ਭੇਟਿਆ[19] ਰਾਉ[20] ਨਿਸੰਙੁ[21] ॥੧॥ ਰਹਾਉ ॥	Being mightily pleased[17], the Guru has instructed[18] me in God and God the King[20] has doubtlessly[21] met[19] me. Pause.	ਪਰਮ ਪ੍ਰਸੰਨ[17] ਹੋ ਗੁਰਾਂ ਨੇ ਮੈਨੂੰ ਵਾਹਿਗੁਰੂ ਦਾ ਉਪਦੇਸ਼[18] ਦਿੱਤਾ ਹੈ ਅਤੇ ਵਾਹਿਗੁਰੂ ਪਾਤਿਸ਼ਾਹ[20] ਮੈਨੂੰ ਨਿਰਸੰਦੇਹ[21] ਮਿਲ ਪਿਆ[19] ਹੈ। ਠਹਿਰਾਉ।

੭੩੨

ਮੁੰਧ[22]ਇਆਣੀ[23]ਮਨਮੁਖੀ[24] ਫਿਰਿ[26] ਆਵਣ[25] ਜਾਣਾ[27] ਅੰਙੁ[28] ॥

ਹਰਿ ਪ੍ਰਭੁ ਚਿਤਿ[29] ਨ ਆਇਓ ਮਨਿ[30] ਦੂਜਾ[31] ਭਾਉ[32] [33]ਸਹਲੰਙੁ[34] ॥੨॥

ਹਮ[35] ਮੈਲੁ[36] ਭਰੇ[37] ਦੁਹਚਾਰੀਆ[38] ਹਰਿ ਰਾਖਹੁ[39] ਅੰਗੀ[40] ਅੰਙੁ[41] ॥

ਗੁਰਿ [42]ਅੰਮ੍ਰਿਤਸਰਿ[43] ਨਵਲਾਇਆ[44]ਸਭਿ ਲਾਥੇ[45] ਕਿਲਵਿਖ[46] ਪੰਙੁ[47] ॥੩॥

ਹਰਿ ਦੀਨਾ[48] ਦੀਨ[49] ਦਇਆਲ[50] ਪ੍ਰਭੁ ਸਤ ਸੰਗਤਿ[51] ਮੇਲਹੁ[52] ਸੰਙੁ[53]॥

ਮਿਲਿ ਸੰਗਤਿ ਹਰਿ ਰੰਗੁ[54] ਪਾਇਆ ਜਨ[55] ਨਾਨਕ ਮਨਿ[56] ਤਨਿ[57] ਰੰਙੁ[58] ॥੪॥੩॥

ਸੂਹੀ ਮਹਲਾ ੪ ॥

ਹਰਿ ਹਰਿ[59]ਕਰਹਿ[60]ਨਿਤ[61] ਕਪਟੁ[62] ਕਮਾਵਹਿ[63] ਹਿਰਦਾ[64] ਸੁਧੁ[65] ਨ ਹੋਈ ॥

ਅਨਦਿਨੁ[66] ਕਰਮ[67]ਕਰਹਿ ਬਹੁਤੇਰੇ[68] ਸੁਪਨੈ[69] ਸੁਖੁ[70] ਨ ਹੋਈ ॥੧॥

ਗਿਆਨੀ[71] ਗੁਰਬਿਨੁ ਭਗਤਿ[72] ਨ ਹੋਈ ॥

ਕੋਰੈ[73] ਰੰਗੁ ਕਦੇ[76] ਨ ਚੜੈ ਜੇ ਲੋਚੈ[74] ਸਭੁ[75] ਕੋਈ ॥ ੧॥ ਰਹਾਉ ॥

ਜਪੁ[77] ਤਪੁ[78] ਸੰਜਮ[79] ਵਰਤ[80] ਕਰੇ ਪੂਜਾ[81]

732

An ignorant[23] apostate[24] bride[22] repeatedly[26] comes[25] and goes[27] in existences[28].

She contemplates[29] not her Lord God. Her heart[30] is attached[34] with[33] the love[32] of another[31].

I[35], an evil-doer[38], am filled[37] with filth[36]. O Lord, my partisan[40], take[39] Thou my side[41].

The Guru has bathed[44] me in the tank[43] of Nectar[42] and all the scum[47] of my sins[46] is washed off[45].

O God Lord, merciful[50] to the meek[48] and poor[49], unite[52] me Thou with[53] the saints' society[51].

Meeting the saints' society, slave[55] Nanak has obtained God's love[54] and his soul[56] and body[57] are imbued[58] with the love.

Suhi 4th Guru.

He, who utters[60] God's Name[59] and ever[61] practises[63] deceit[62]; his mind[64] becomes not pure[65].

He may perform many[68] ceremonies[67] night[66] and day, he gets not peace[70] even in dream[69].

O divine[71], without the Guru, the Lord's devotional service[72] cannot be performed.

The unbleached[73] cloth assumes not dye ever[76], however much all[75] may desire[74] it. Pause.

The malady[83] of an apostate[82] departs[84] not, though he may perform

੭੩੨

ਬੇਸਮਝ[23] ਅਧਰਮੀ[24] ਪਤਨੀ[22], ਮੁੜ ਮੁੜ ਕੇ[26], ਜੂਨੀਆਂ[28] ਅੰਦਰ ਆਉਂਦੀ[25] ਤੇ ਜਾਂਦੀ[27] ਹੈ।

ਉਹ ਸੁਆਮੀ ਵਾਹਿਗੁਰੂ ਦਾ ਸਿਮਰਨ[29] ਨਹੀਂ ਕਰਦੀ। ਉਸ ਦਾ ਦਿਲ[30] ਹੋਰਸ[31] ਦੇ ਪਿਆਰ[32] ਨਾਲ[33] ਜੁੜਿਆ[34] ਹੋਇਆ ਹੈ।

ਮੈਂ[35] ਕੁਕਰਮੀ[38], ਮਲੀਨਤਾ[36] ਨਾਲ ਪਰੀਪੂਰਨ[37] ਹਾਂ। ਹੇ ਮੇਰੇ ਪੱਖੀ[40] ਸੁਆਮੀ ! ਤੂੰ ਮੇਰਾ ਪੱਖ[41] ਪੂਰ[39]।

ਗੁਰਾਂ ਨੇ ਮੈਨੂੰ ਆਬਿ-ਹਿਯਾਤ[42] ਦੇ ਸਰੋਵਰ[43] ਵਿਚ ਇਸ਼ਨਾਨ ਕਰਵਾ ਦਿੱਤਾ[44] ਹੈ ਅਤੇ ਮੇਰੇ ਪਾਪਾਂ[46] ਦੀ ਸਾਰੀ ਮੈਲ[47] ਧੋਤੀ ਗਈ[45] ਹੈ।

ਹੇ ਮਸਕੀਨਾਂ[48] ਅਤੇ ਗ਼ਰੀਬਾਂ[49] ਤੇ ਮਿਹਰਬਾਨ[50], ਵਾਹਿਗੁਰੂ ਸੁਆਮੀ, ਤੂੰ ਮੈਨੂੰ ਸਾਧ ਸੰਗਤ[51] ਨਾਲ[53] ਜੋੜ[52] ਦੇ।

ਸਤਿਸੰਗਤ ਨਾਲ ਜੁੜ ਕੇ ਗੋਲੇ[55] ਨਾਨਕ ਨੂੰ ਵਾਹਿਗੁਰੂ ਦਾ ਪ੍ਰੇਮ[54] ਪਰਾਪਤ ਹੋਇਆ ਹੈ, ਅਤੇ ਉਸ ਦੀ ਆਤਮਾ[56] ਤੇ ਦੇਹ[57] ਪ੍ਰੇਮ ਨਾਲ ਰੰਗੇ[58] ਗਏ ਹਨ।

ਸੂਹੀ ਚੌਥੀ ਪਾਤਿਸ਼ਾਹੀ।

ਜੋ ਵਾਹਿਗੁਰੂ ਦੇ ਨਾਮ[59] ਨੂੰ ਉਚਾਰਦਾ[60] ਹੈ ਅਤੇ ਸਦਾ[61] ਛਲ ਫਰੇਬ[62] ਕਰਦਾ[63] ਹੈ: ਉਸ ਦਾ ਮਨ[64] ਪਵਿੱਤਰ[65] ਨਹੀਂ ਹੁੰਦਾ।

ਰਾਤ[66] ਦਿਨ ਉਹ ਅਨੇਕਾਂ[68] ਸੰਸਕਾਰ[67] ਪਿਆ ਕਰੇ, ਉਸ ਨੂੰ ਸੁਫਨੇ[69] ਵਿਚ ਭੀ ਆਰਾਮ[70] ਪਰਾਪਤ ਨਹੀਂ ਹੁੰਦਾ।

ਹੇ ਬ੍ਰਹਿਮ[71]ਵੇਤੇ ! ਗੁਰਾਂ ਦੇ ਬਾਝੋਂ ਸਾਹਿਬ ਦੀ ਪ੍ਰੇਮ-ਮਈ ਸੇਵਾ[72] ਕੀਤੀ ਨਹੀਂ ਜਾ ਸਕਦੀ।

ਪਾਹ ਸੱਖਣੇ[73] ਕਪੜੇ ਨੂੰ ਕਦਾਚਿਤ[76] ਰੰਗ ਨਹੀਂ ਚੜ੍ਹਦਾ, ਭਾਵੇਂ ਜਿੰਨਾ ਮਰਜ਼ੀ ਸਾਰੇ ਜਣੇ[75] ਚਾਹ[74] ਕਰਨ। ਠਹਿਰਾਉ।

ਅਧਰਮੀ[82] ਦੀ ਬੀਮਾਰੀ[83] ਦੂਰ[84] ਨਹੀਂ ਹੁੰਦੀ, ਭਾਵੇਂ ਉਹ ਪਾਠ[77], ਤਪੱਸਿਆ[78], ਸਵੈ-ਜ਼ਬਤ[79], ਉਪਹਾਸ[80]

ਮਨਮੁਖ[82] ਰੋਗੁ[83] ਨ ਜਾਈ[84] ॥	recitation[77], penance[78], self-discipline[79] fasting[80] and worship[81]	ਅਤੇ ਉਪਾਸ਼ਨਾ[81] ਪਿਆ ਕਰੇ।
ਅੰਤਰਿ[85] ਰੋਗੁ[86] ਮਹਾ[87] ਅਭਿਮਾਨਾ[88] ਦੂਜੈ[89]ਭਾਇ[90] ਖੁਆਈ[91] ॥੨॥	Within[85] him is the ailment[86] of excessive[87] ego[88] and he is ruined[91] by another's[89] love[90].	ਉਸ ਦੇ ਅੰਦਰ[85] ਅਤਿਅੰਤ[87] ਅਹੰਕਾਰ[88] ਦੀ ਬੀਮਾਰੀ[86] ਹੈ ਅਤੇ ਉਸ ਨੂੰ ਹੋਰਸ[89] ਦੇ ਪਿਆਰ[90] ਨੇ ਬਰਬਾਦ ਕਰ ਦਿਤਾ[91] ਹੈ।
ਬਾਹਰਿ[92] ਭੇਖ[93] ਬਹੁਤੁ[94] ਚਤੁਰਾਈ[95] ਮਨੂਆ [96]ਦਹਦਿਸਿ[97] ਧਾਵੈ[98] ॥	Outwardly[92] he wears religious garb[93] and is very[94] clever[95], but his mind wanders[98] in ten[96] directions[97].	ਉਪਰੋਂ[92] ਉਹ ਧਾਰਮਕ ਲਿਬਾਸ[93] ਪਾਉਂਦਾ ਹੈ ਅਤੇ ਬੜਾ[94] ਹੁਸ਼ਿਆਰ[95] ਹੈ, ਪਰ ਉਸ ਦਾ ਮਨ ਦਸੀਂ[96] ਪਾਸੀਂ[97] ਭਟਕਦਾ ਫਿਰਦਾ[98] ਹੈ।
ਹਉਮੈ[99] ਬਿਆਪਿਆ[100] ਸਬਦੁ[2] ਨ ਚੀਨੈ[3] ਫਿਰਿ ਫਿਰਿ[5] ਜੂਨੀ[4] ਆਵੈ[6] ॥੩॥	Engrossed[100] in ego[99], he remembers[3] not the Name[2] and is cast[6] into existences[4] over and over again[5].	ਹੰਕਾਰ[99] ਵਿਚ ਖਚਤ ਹੋਇਆ ਹੋਇਆ[100] ਉਹ ਨਾਮ[2] ਨੂੰ ਚੇਤੇ ਨਹੀਂ ਕਰਦਾ[3] ਅਤੇ ਮੁੜ ਮੁੜ ਕੇ[5] ਜੂਨੀਆਂ[4] ਵਿਚ ਪਾਇਆ[6] ਜਾਂਦਾ ਹੈ।
ਨਾਨਕ ਨਦਰਿ[7] ਕਰੇ ਸੋ[8] ਬੂਝੈ[9] ਸੋ ਜਨੁ[10] ਨਾਮੁ ਧਿਆਏ[12] ॥	Nanak, he[8] on whom is God's grace[7], understands[9] Him. Such a man[10] meditates[12] on His Name.	ਜਿਸ ਉਤੇ ਵਾਹਿਗੁਰੂ ਦੀ ਰਹਿਮਤ[7] ਹੈ, ਉਹ[8] ਹੀ ਉਸ ਨੂੰ ਸਮਝਦਾ[9] ਹੈ। ਇਹੋ ਜਿਹਾ ਇਨਸਾਨ[10] ਉਸ ਦੇ ਨਾਮ ਦਾ ਆਰਾਧਨ ਕਰਦਾ[12] ਹੈ।
ਗੁਰ ਪਰਸਾਦੀ[13] ਏਕੋ ਬੂਝੈ[14] ਏਕਸੁ[15] ਮਾਹਿ[16] ਸਮਾਏ[17] ॥੪॥੪॥੧੩॥	By Guru's grace[13], he knows[14] the One Lord and is absorbed[17] in[16] the unique One[15]	ਗੁਰਾਂ ਦੀ ਦਇਆ[13] ਦੁਆਰਾ ਉਹ ਇਕ ਸੁਆਮੀ ਨੂੰ ਹੀ ਜਾਣਦਾ[14] ਹੈ ਅਤੇ ਅਦੁੱਤੀ ਪੁਰਖ[15] ਅੰਦਰ[16] ਲੀਨ ਹੋ ਜਾਂਦਾ[17] ਹੈ।
ਸੂਹੀ ਮਹਲਾ ੪ ਘਰੁ ੨ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ।
ਗੁਰਮਤਿ[18] ਨਗਰੀ[19] ਖੋਜਿ ਖੋਜਾਈ[20] ॥ ਹਰਿ ਹਰਿ ਨਾਮੁ ਪਦਾਰਥੁ[21] ਪਾਈ[22] ॥੧॥	By Guru's instruction[18] I have searched[20] the body village[19] and have found[22] the wealth[21] of the Lord Master's Name.	ਗੁਰਾਂ ਦੇ ਉਪਦੇਸ਼[18] ਦੁਆਰਾ ਮੈਂ ਦੇਹੀ ਪਿੰਡ[19] ਦੀ ਢੂੰਡ-ਭਾਲ ਕੀਤੀ[20] ਹੈ ਅਤੇ ਸੁਆਮੀ ਮਾਲਕ ਦੇ ਨਾਮ ਦੀ ਦੌਲਤ[21] ਲੱਭ ਲਈ[22] ਹੈ।
ਮੇਰੈ ਮਨਿ ਹਰਿ ਹਰਿ ਸਾਂਤਿ[24] ਵਸਾਈ[25] ॥	The Lord Master has enshrined[25] peace[24] in my mind.	ਸੁਆਮੀ ਮਾਲਕ ਨੇ ਮੇਰੇ ਅੰਦਰ ਠੰਢ-ਚੈਨ[24] ਵਰਤਾ ਦਿੱਤੀ[25] ਹੈ।
ਤਿਸਨਾ[26] ਅਗਨਿ[27] ਬੁਝੀ ਖਿਨ[28] ਅੰਤਰਿ[29] ਗੁਰਿ ਮਿਲਿਐ ਸਭ ਭੁਖ[30] ਗਵਾਈ[31]॥੧॥ ਰਹਾਉ ॥	On meeting the Guru, the fire[27] of desire[26] is extinguished in[29] an instant[28] and all my hunger[30] is satiated[31]. Pause.	ਗੁਰਾਂ ਨਾਲ ਮਿਲ ਪੈਣ ਤੇ ਖ਼ਾਹਿਸ਼[26] ਦੀ ਅੱਗ[27] ਇਕ ਮੁਹਤ[28] ਵਿਚ[29] ਬੁੱਝ ਗਈ ਹੈ ਅਤੇ ਮੇਰੀ ਸਾਰੀ ਭੁੱਖ[30] ਮਿਟ ਗਈ[31] ਹੈ। ਠਹਿਰਾਉ।
ਹਰਿ ਗੁਣ[32] ਗਾਵਾ ਜੀਵਾ[33] ਮੇਰੀ ਮਾਈ[34] ॥	O my mother[34], I live[33] only by singing God's praises[32]	ਹੇ ਮੇਰੀ ਮਾਤਾ[34]! ਮੈਂ ਕੇਵਲ ਵਾਹਿਗੁਰੂ ਦਾ ਜੱਸ[32] ਗਾਇਨ ਕਰਨ ਦੁਆਰਾ ਹੀ ਜੀਉਂਦਾ[33] ਹਾਂ।
ਸਤਿਗੁਰਿ ਦਇਆਲਿ[35]	The merciful[35] True Guru has	ਮਿਹਰਬਾਨ[35] ਸੱਚੇ ਗੁਰਾਂ ਨੇ ਮੇਰੇ ਅੰਦਰ ਨਾਮ ਦੀ

ਗੁਣ[36] ਨਾਮੁ ਦ੍ਰਿੜਾਈ[37] ॥੨॥	implanted[37] the praise[36] of the Name within me.	ਮਹਿਮਾ[36] ਪੱਕੀ ਕਰ ਦਿੱਤੀ ਹੈ।
ਹਉ ਹਰਿ ਪ੍ਰਭੁ ਪਿਆਰਾ[38] ਢੂਢਿ ਢੂਢਾਈ[39] ॥	I search and seek[39] my loved[38] Lord Master.	ਮੈਂ ਆਪਣੇ ਪ੍ਰੀਤਮ[38] ਪਾਰਬ੍ਰਹਮ ਪਰਮੇਸਰ ਨੂੰ ਖੋਜਦਾ ਭਾਲਦਾ[39] ਹਾਂ।
ਸਤਿ ਸੰਗਤਿ ਮਿਲਿ ਹਰਿ ਰਸੁ[40] ਪਾਈ ॥੩॥	Meeting with the saint's congregation I have attained the Lord's Nectar[40].	ਸਾਧ ਸੰਗਤ ਨਾਲ ਮਿਲ ਕੇ ਮੈਂ ਸਾਹਿਬ ਦੇ ਅੰਮ੍ਰਿਤ[40] ਨੂੰ ਪਰਾਪਤ ਕਰ ਲਿਆ ਹੈ।
ਧੁਰਿ[41] ਮਸਤਕਿ[42] ਲੇਖ[43] ਲਿਖੇ[44] ਹਰਿ ਪਾਈ[45] ॥	By virtue of the [41]pre-ordained[44] destiny[43] on my brow[42], I have obtained[45] the Lord.	ਆਪਣੇ ਮੱਥੇ[42] ਦੀ ਮੁੱਢਲੀ[41] ਲਿਖੀ[44] ਹੋਈ ਪ੍ਰਾਲਬਧ[43] ਦੀ ਬਦੌਲਤ, ਮੈਂ ਪ੍ਰਭੂ ਨੂੰ ਪਰਾਪਤ ਕਰ ਲਿਆ[45] ਹੈ।
ਗੁਰੁ ਨਾਨਕੁ ਤੁਠਾ[46] ਮੇਲੇ ਹਰਿ ਭਾਈ[47] ॥੪॥੧॥੫॥	Through his pleasure[46], Guru Nanak unites the mortals with God, O brother[47].	ਆਪਣੀ ਪ੍ਰਸੰਨਤਾ[46] ਰਾਹੀਂ, ਗੁਰੂ ਨਾਨਕ ਦੇਵ ਜੀ ਪ੍ਰਾਣੀ ਨੂੰ ਵਾਹਿਗੁਰੂ ਨਾਲ ਮਿਲਾ ਦਿੰਦੇ ਹਨ, ਹੇ ਵੀਰ[47]!
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
ਹਰਿ ਕ੍ਰਿਪਾ[49] ਕਰੇ[50] ਮਨਿ[51] ਹਰਿ ਰੰਗੁ[52] ਲਾਏ[53] ॥	Showing[50] His mercy[49], the Lord imbues[53] the mortal's mind[51] with His love[52].	ਆਪਣੀ ਰਹਿਮਤ[49] ਧਾਰ ਕੇ[50], ਪ੍ਰਭੂ ਪ੍ਰਾਣੀ ਦੇ ਚਿੱਤ[51] ਨੂੰ ਆਪਣੀ ਪ੍ਰੀਤ[52] ਨਾਲ ਰੰਗ ਦਿੰਦਾ[53] ਹੈ।
ਗੁਰਮੁਖਿ[54] ਹਰਿ ਹਰਿ ਨਾਮਿ ਸਮਾਏ[55] ॥੧॥	The Guru-ward[54] merges[55] in the Lord God's Name.	ਗੁਰੂ ਅਨੁਸਾਰੀ[54] ਸੁਆਮੀ ਵਾਹਿਗੁਰੂ ਦੇ ਨਾਮ ਅੰਦਰ ਲੀਨ ਹੋ ਜਾਂਦਾ[55] ਹੈ।
ਹਰਿ ਰੰਗਿ[56] ਰਾਤਾ[57] ਮਨੁ[58] ਰੰਗ[59] ਮਾਣੇ[60] ॥	Imbued[57] with God's love[56], the man[58] enjoys[60] spiritual bliss[59].	ਵਾਹਿਗੁਰੂ ਦੀ ਪ੍ਰੀਤ[56] ਨਾਲ ਰੰਗੀਜਿਆ ਹੋਇਆ[57] ਇਨਸਾਨ[58] ਆਤਮਕ ਅਨੰਦ[59] ਭੋਗਦਾ[60] ਹੈ।
ਸਦਾ[61] ਅਨੰਦ[62] ਰਹੈ ਦਿਨ ਰਾਤੀ ਪੂਰੇ[63] ਗੁਰ ਕੈ ਸਬਦਿ[64] ਸਮਾਣੇ[65] ॥੧॥ ਰਹਾਉ॥	Day and night he ever[61] remains happy[62] and merges[65] into the Word[64] of the Perfect[63] Guru. Pause.	ਦਿਨ ਰਾਤ ਉਹ ਹਮੇਸ਼ਾ[61] ਖੁਸ਼[62] ਰਹਿੰਦਾ ਹੈ ਅਤੇ ਪੂਰਨ[63] ਗੁਰਾਂ ਦੀ ਬਾਣੀ[64] ਅੰਦਰ ਲੀਨ[65] ਹੋ ਜਾਂਦਾ ਹੈ। ਠਹਿਰਾਉ।
ਹਰਿ ਰੰਗ[66] ਕਉ ਲੋਚੈ[67] ਸਭੁ ਕੋਈ[68] ॥ ਗੁਰਮੁਖਿ[69] ਰੰਗੁ[70] ਚਲੂਲਾ[71] ਹੋਈ[72] ॥੨॥	Everyone[68] longs for[67] the Lord's love[66]. Through the Guru[69], deep red[71] dye[70] is assumed[72].	ਹਰ ਕੋਈ[68] ਪ੍ਰਭੂ ਦੇ ਪ੍ਰੇਮ[66] ਨੂੰ ਚਾਹੁੰਦਾ[67] ਹੈ। ਗੁਰਾਂ ਦੇ ਰਾਹੀਂ[69], ਗੂੜ੍ਹਾ ਲਾਲ[71] ਰੰਗ[70] ਚੜ੍ਹ ਜਾਂਦਾ[72] ਹੈ।
ਮਨਮੁਖਿ[73] ਮੁਗਧੁ[74] ਨਰੁ[75] ਕੋਰਾ[76] ਹੋਇ ॥	The stupid[74] apostate[73] person[75] ever remains unmoved[76].	ਮੂਰਖ[74] ਅਧਰਮੀ[73] ਪੁਰਸ਼[75] ਸਦਾ ਅਭਿੱਜ[76] ਹੀ ਰਹਿੰਦਾ ਹੈ।
ਜੇ[77] ਸਉ[78] ਲੋਚੈ[79] ਰੰਗੁ[80] ਨ ਹੋਵੈ ਕੋਇ ॥੩॥	Even if[77] he desires[79] a hundred times[78], he obtains not the Lord's love[80].	ਭਾਵੇਂ[77] ਉਹ ਸੈਂਕੜੇ ਵਾਰੀ[78] ਖ਼ਾਹਿਸ਼[79] ਪਿਆ ਕਰੇ, ਉਸ ਨੂੰ ਪ੍ਰਭੂ ਦੀ ਪ੍ਰੀਤ[80] ਪਰਾਪਤ ਨਹੀਂ ਹੁੰਦੀ।
ਨਦਰਿ[81] ਕਰੇ[82] ਤਾ[83] ਸਤਿਗੁਰੁ ਪਾਵੈ[84] ॥	If the Lord shows[82] mercy[81], then[83] the mortal meet[84] with the True Guru.	ਜੇਕਰ ਸੁਆਮੀ ਰਹਿਮਤ[81] ਧਾਰੇ[82], ਤਦ[83] ਹੀ ਪ੍ਰਾਣੀ ਸੱਚੇ ਗੁਰਾਂ ਨਾਲ ਮਿਲਦਾ[84] ਹੈ।
ਨਾਨਕ ਹਰਿ ਰਸਿ[85] ਹਰਿ	Nanak is absorbed[87] in the divine	ਨਾਨਕ ਵਾਹਿਗੁਰੂ ਦੀ ਪ੍ਰੀਤ[86] ਦੇ ਈਸ਼ਵਰੀ-ਅੰਮ੍ਰਿਤ[85]

ਰੰਗਿ[86]ਸਮਾਵੈ[87]॥੪॥੨॥੬॥	elixir[85] of God's love[86].	ਅੰਦਰ ਲੀਨ ਹੋਇਆ ਹੋਇਆ[87] ਹੈ ।
੭੩੩	733	੭੩੩
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ ।
ਜਿਹਵਾ[88] ਹਰਿ ਰਸਿ[89]ਰਹੀ ਅਘਾਇ[90] ॥ ਗੁਰਮੁਖਿ[91] ਪੀਵੈ[92]ਸਹਜਿ[93] ਸਮਾਇ[94]॥੧॥	My tongue[88] remains satiated[90] with God's elixir[89] The Guru-ward[91] drinks[92] it and merges[94] into the spiritual bliss[93]	ਮੇਰੀ ਜੀਭ[88] ਵਾਹਿਗੁਰੂ ਦੇ ਅੰਮ੍ਰਿਤ[89] ਨਾਲ ਰੱਜੀ[90] ਰਹਿੰਦੀ ਹੈ । ਗੁਰੂ-ਅਨੁਸਾਰੀ[91] ਇਸ ਨੂੰ ਪਾਨ ਕਰਦਾ[92] ਅਤੇ ਆਤਮਕ ਆਨੰਦ[93] ਅੰਦਰ ਲੀਨ ਹੋ ਜਾਂਦਾ[94] ਹੈ ।
ਹਰਿਰਸੁ ਜਨ[95] ਚਾਖਹੁ[96] ਜੇ[97] ਭਾਈ[98] ॥ ਤਉ[99] ਕਤ[100] ਅਨਤ[2] ਸਾਦਿ[3] ਲੋਭਾਈ[4] ॥੧॥ ਰਹਾਉ ॥	O brother[98] saint[95], if[97] thou tastest[96] God's ambrosia; then[99] how[100] can thou be enamoured[4] of other[2] relishes[3] ? Pause.	ਹੇ ਵੀਰ[98] ਸਾਧੂਆ[95] ! ਜੇਕਰ[97] ਤੂੰ ਵਾਹਿਗੁਰੂ ਦੇ ਅੰਮ੍ਰਿਤ ਨੂੰ ਚੱਖ ਲਵੇਂ[96], ਤਦ[99] ਤੂੰ ਹੋਰਨਾਂ[2] ਸੁਆਦਾਂ[3] ਵਿਚ ਕਿਸ ਤਰ੍ਹਾਂ[100] ਲੁਭਾਇਮਾਨ[4] ਹੋ ਸਕਦਾ ਹੈਂ ? ਠਹਿਰਾਉ ।
ਗੁਰਮਤਿ[5] ਰਸੁ[6] ਰਾਖਹੁ [7]ਉਰਧਾਰਿ[8] ॥	Under Guru's instruction[5], keep thou enshrined[8] this Name-Nectar[6] in thy heart[7].	ਗੁਰਾਂ ਦੇ ਉਪਦੇਸ਼[5] ਤਾਬੇ, ਤੂੰ ਇਸ ਨਾਮ-ਅੰਮ੍ਰਿਤ[6] ਨੂੰ ਆਪਣੇ ਦਿਲ[7] ਵਿਚ ਟਿਕਾ[8] ਰੱਖ ।
ਹਰਿ ਰਸਿ ਰਾਤੇ[9] ਰੰਗਿ[10] ਮੁਰਾਰਿ[12] ॥੨॥	They who are imbued[9] with God's elixir, abide in divine[12] bliss[10].	ਜੋ ਵਾਹਿਗੁਰੂ ਦੇ ਅੰਮ੍ਰਿਤ ਨਾਲ ਰੰਗੀਜੇ[9] ਹਨ, ਉਹ ਈਸ਼ਵਰੀ[12] ਆਨੰਦ[10] ਅੰਦਰ ਵਸਦੇ ਹਨ ।
ਮਨਮੁਖਿ[13] ਹਰਿ ਰਸੁ ਚਾਖਿਆ[14] ਨ ਜਾਇ ॥	The perverse person[13] can taste[14] not Lord's Nectar.	ਮਨ ਮਗਰ ਲਗਿਆ[13] ਪ੍ਰਭੂ ਦੇ ਅੰਮ੍ਰਿਤ ਨੂੰ ਚਖ[14] ਨਹੀਂ ਸਕਦਾ ।
ਹਉਮੈ[15] ਕਰੈ ਬਹੁਤੀ ਮਿਲੈ ਸਜਾਇ[16] ॥੩॥	He acts in ego[15] and suffers great punishment[16].	ਉਹ ਹੰਕਾਰ[15] ਕਰਦਾ ਹੈ ਅਤੇ ਘਣੇਰੀ ਸਜ਼ਾ[16] ਪਾਉਂਦਾ ਹੈ ।
ਨਦਰਿ[17] ਕਰੇ[20] ਤਾ[18] ਹਰਿ ਰਸੁ ਪਾਵੈ[19] ॥	If the Guru shows[20] mercy[17], then[18] is the mortal blessed[19] with God's elixir.	ਜੇਕਰ ਗੁਰੂ ਜੀ ਮਿਹਰ[17] ਧਾਰਨ[20], ਤਦ[18] ਹੀ ਪ੍ਰਾਣੀ ਨੂੰ ਵਾਹਿਗੁਰੂ ਦੇ ਅੰਮ੍ਰਿਤ ਦੀ ਦਾਤ ਮਿਲਦੀ[19] ਹੈ ।
ਨਾਨਕ ਹਰਿ ਰਸਿ ਹਰਿ ਗੁਣ[21] ਗਾਵੈ ॥੪॥੩॥੭॥	Nanak, obtaining the Lord's Nectar, one sings God's praise[21].	ਨਾਨਕ, ਪ੍ਰਭੂ ਦੇ ਅੰਮ੍ਰਿਤ ਨੂੰ ਪਰਾਪਤ ਕਰ ਕੇ, ਇਨਸਾਨ ਵਾਹਿਗੁਰੂ ਦੀ ਕੀਰਤੀ[21] ਗਾਇਨ ਕਰਦਾ ਹੈ ।
ਸੂਹੀ ਮਹਲਾ ੪ ਘਰੁ ੬	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਨੀਚ[22] ਜਾਤਿ[23] ਹਰਿ ਜਪਤਿਆ[24] ਉਤਮ[25] ਪਦਵੀ[26] ਪਾਇ ॥	Remembering[24] God, men of low[22] caste[23], obtain the high[25] dignity[26].	ਵਾਹਿਗੁਰੂ ਦਾ ਆਰਾਧਨ[24] ਕਰਨ ਦੁਆਰਾ, ਨੀਵੀਂ[22] ਜਾਤੀ[23] ਦੇ ਇਨਸਾਨ, ਉੱਚੇ[25] ਮਰਤਬੇ[26] ਨੂੰ ਪਰਾਪਤ ਹੋ ਜਾਂਦੇ ਹਨ ।
ਪੂਛਹੁ[27] ਬਿਦਰ ਦਾਸੀ[28] ਸੁਤੈ[29] ਕਿਸਨੁ ਉਤਰਿਆ[30] ਘਰਿ ਜਿਸੁ ਜਾਇ ॥੧॥	Ask[27] Bidur, the son[29] of a hand-maiden[28], in whose house Krishan stayed[30].	ਗੋਲੀ[28] ਦੇ ਪੁੱਤਰ[29] ਬਿਦਰ ਤੋਂ ਪਤਾ ਕਰ ਲਉ[27], ਜਿਸ ਦੇ ਗ੍ਰਿਹ ਵਿਚ ਕ੍ਰਿਸ਼ਨ ਜਾ ਕੇ ਠਹਿਰਿਆ[30] ਸੀ ।

ਹਰਿ ਕੀ ਅਕਥ[31] ਕਥਾ[32] ਸੁਨਹੁ ਜਨ[33] ਭਾਈ[34] ਜਿਤੁ ਸਹਸਾ[35] ਦੂਖੁ[36] ਭੂਖ[37] ਸਭ ਲਹਿ ਜਾਇ[38]॥੧॥ਰਹਾਉ॥	O men[33], my brothers[34], hear the ineffable[31] converse[32] of God, by which anxiety[35], pain[36] and hunger[37] are all removed[38]. Pause.	ਹੇ ਲੋਕੋ[33] ! ਮੇਰੇ ਭਰਾਓ[34] ! ਵਾਹਿਗੁਰੂ ਦੀ ਅਕਹਿ[31] ਧਰਮ ਵਾਰਤਾ[32] ਸ੍ਰਵਣ ਕਰੋ, ਜਿਸ ਦੁਆਰਾ ਫ਼ਿਕਰ[35], ਤਕਲੀਫ਼[36] ਅਤੇ ਭੁੱਖ[37] ਸਮੂਹ ਦੂਰ ਹੋ ਜਾਂਦੀਆਂ[38] ਹਨ। ਠਹਿਰਾਉ।
ਰਵਿਦਾਸੁ ਚਮਾਰੁ[39] ਉਸਤਤਿ[40] ਕਰੇ ਹਰਿ ਕੀਰਤਿ[41] ਨਿਮਖ[42] ਇਕ[43] ਗਾਇ[44] ॥	Ravi Dass, the tanner[39], glorified[40] God and every[43] moment[42] sang[44] His praise[41].	ਚਮਰੇਟਾ[39] ਰਵਿਦਾਸ ਵਾਹਿਗੁਰੂ ਦੀ ਪ੍ਰਸੰਸਾ ਕਰਦਾ[40] ਸੀ ਅਤੇ ਹਰ ਇਕ[43] ਮੁਹਤ[42] ਉਸ ਦਾ ਜੱਸ[41] ਗਾਉਂਦਾ[44] ਸੀ।
ਪਤਿਤ[45] ਜਾਤਿ ਉਤਮੁ[46] ਭਇਆ ਚਾਰਿ ਵਰਨ[47] ਪਏ ਪਗਿ[48] ਆਇ ॥੨॥	Though of fallen[45] caste, he became sublime[46] and the four castes[47] came and fell at his feet[48].	ਡਿੱਗੀ ਹੋਈ[45] ਜਾਤੀ ਦਾ ਹੋਣ ਦੇ ਬਾਵਜੂਦ, ਉਹ ਸਰੇਸ਼ਟ[46] ਹੋ ਗਿਆ ਅਤੇ ਚਾਰੇ ਹੀ ਜਾਤਾਂ[47] ਆ ਕੇ ਉਸ ਦੇ ਪੈਰੀਂ[48] ਪੈ ਗਈਆਂ।
ਨਾਮਦੇਅ ਪ੍ਰੀਤਿ[49] ਲਗੀ ਹਰਿ ਸੇਤੀ ਲੋਕੁ[50] ਛੀਪਾ[51] ਕਹੈ[52] ਬੁਲਾਇ[53] ॥	Nam Dev embraced affection[49] for God. People[50] named[52] and called[53] him a calico-printer[51].	ਨਾਮਦੇਵ ਦਾ ਪ੍ਰਭੂ ਨਾਲ ਪ੍ਰੇਮ[49] ਪੈ ਗਿਆ। ਲੋਕੀ[50] ਉਸ ਨੂੰ ਛੀਂਬਾ[51] ਆਖਦੇ[52] ਤੇ ਸੱਦਦੇ[53] ਸਨ।
ਖਤ੍ਰੀ ਬ੍ਰਾਹਮਣ ਪਿਠਿ[54] ਛੋਡਿ ਹਰਿ ਨਾਮਦੇਉ ਲੀਆ ਮੁਖਿ[55] ਲਾਇ ॥੩॥	The Lord turned His back[54] on Khatris and Brahmans and showed His face[55] to Nam Dev.	ਸਾਈਂ ਨੇ ਖਤਰੀਆਂ ਤੇ ਬ੍ਰਾਹਮਣਾਂ ਵੱਲ ਆਪਣੀ ਕੰਡ[54] ਕਰ ਲਈ ਅਤੇ ਨਾਮਦੇਵ ਨੂੰ ਆਪਣੇ ਮੂੰਹ[55] ਲਾ ਲਿਆ।
ਜਿਤਨੇ[56] ਭਗਤ[57] ਹਰਿ ਸੇਵਕਾ[58] ਮੁਖਿ[59] ਅਠਸਠਿ[60] ਤੀਰਥ[61] ਤਿਨ[62] ਤਿਲਕੁ[63] ਕਢਾਇ[64] ॥	As many as[56] there are saints[57] and slaves[58] of God; the sixty-eight[60] pilgrim-places[61] put[64] the frontal mark[63] on the brow[59] of them[62] all.	ਜਿੰਨੇ ਭੀ[56] ਵਾਹਿਗੁਰੂ ਦੇ ਸਾਧੂ[57] ਅਤੇ ਗੋਲੇ[58] ਹਨ ਉਨ੍ਹਾਂ[62] ਸਾਰਿਆਂ ਦੇ ਮੱਥੇ[59] ਉਤੇ ਅਠਾਹਟ[60] ਯਾਤ੍ਰਾ ਅਸਥਾਨ[61] ਟਿੱਕਾ[63] ਲਾਉਂਦੇ[64] ਹਨ।
ਜਨੁ[65] ਨਾਨਕੁ ਤਿਨ ਕਉ ਅਨਦਿਨੁ[66] ਪਰਸੇ[67] ਜੇ[68] ਕ੍ਰਿਪਾ[69] ਕਰੇ[70] ਹਰਿ ਰਾਏ[71] ੪॥੧॥੮॥	If[68] God, the King[71] showers[70] His benediction[69], slave[65] Nanak shall, night[66] and day, touch[67] their feet.	ਜੇਕਰ[68] ਪਾਤਿਸ਼ਾਹ[71] ਪ੍ਰਮੇਸ਼ਰ ਆਪਣੀ ਰਹਿਮਤ[69] ਨਿਛਾਵਰ[70] ਕਰੇ, ਗੋਲਾ[65] ਨਾਨਕ ਰਾਤ[66] ਦਿਨ ਉਨ੍ਹਾਂ ਦੇ ਪੈਰਾਂ ਨੂੰ ਛੂਹੇਗਾ[67]।
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
ਤਿਨੀ[72] ਅੰਤਰਿ[73] ਹਰਿ ਆਰਾਧਿਆ[74] ਜਿਨ ਕਉ ਧੁਰਿ[75]ਲਿਖਿਆ[76]ਲਿਖਤੁ[77] ਲਿਲਾਰਾ[78] ॥	They alone[72] meditate[74] on God in their mind[73], on whose forehead[78] such destiny[77] is recorded[76] from the very beginning[75].	ਕੇਵਲ ਓਹੀ[72] ਆਪਣੇ ਮਨ[73] ਅੰਦਰ ਵਾਹਿਗੁਰੂ ਦਾ ਸਿਮਰਨ[74] ਕਰਦੇ ਹਨ, ਜਿਨ੍ਹਾਂ ਦੇ ਮਸਤਕ[78] ਉਤੇ ਐਸੀ ਪ੍ਰਾਲਬਧ[77] ਐਨ ਮੁੱਢ ਤੋਂ[75] ਲਿਖੀ ਹੋਈ[76] ਹੈ।
ਤਿਨ[79] ਕੀ ਬਖੀਲੀ[80] ਕੋਈ[81] ਕਿਆ[82] ਕਰੇ ਜਿਨਕਾ ਅੰਗੁ[83] ਕਰੇ ਮੇਰਾ ਹਰਿ ਕਰਤਾਰਾ[84] ॥੧॥	What[82] back-biting[80] can any one[81] do of them[79], on whose side[83] my Lord the Creator[84] is ?	ਉਨ੍ਹਾਂ ਦੀ[79] ਬਦਖੋਈ[80] ਕੋਈ[81] ਕੀ[82] ਕਰ ਸਕਦਾ ਹੈ, ਜਿਨ੍ਹਾਂ ਦੇ ਪੱਖ[83] ਉਤੇ ਮੇਰਾ ਸੁਆਮੀ ਸਿਰਜਣਹਾਰ[84] ਹੈ।
ਹਰਿ ਹਰਿ ਧਿਆਇ[85]ਮਨ[86] ਮੇਰੇ ਮਨ ਧਿਆਇ ਹਰਿ	Meditate[85] on the Lord God, O my soul[86]. My soul meditate thou on	ਸੁਆਮੀ ਵਾਹਿਗੁਰੂ ਦਾ ਸਿਮਰਨ[85] ਕਰ, ਹੇ ਮੇਰੀ ਜਿੰਦੜੀਏ[86] ! ਮੇਰੀ ਜਿੰਦੜੀਏ ਤੂੰ ਆਪਣੇ ਵਾਹਿਗੁਰੂ ਦਾ

ਜਨਮ ਜਨਮ[87] ਕੇ ਸਭਿ ਦੂਖ[88] ਨਿਵਾਰਣਹਾਰਾ[89]॥ ੧॥ਰਹਾਉ॥

thy God, who is the Remover[89] of all the afflictions[88] of many births[87]. Pause.

ਸਿਮਰਨ ਕਰ, ਜੋ ਅਨੇਕਾਂ ਜਨਮਾਂ[87] ਦੇ ਸਾਰੇ ਦੁੱਖੜੇ[88] ਦੂਰ ਕਰਨ ਵਾਲਾ[89] ਹੈ। ਠਹਿਰਾਉ।

ਧੁਰਿ[90] ਭਗਤ ਜਨਾ[91] ਕਉ ਬਖਸਿਆ[92] ਹਰਿ ਅੰਮ੍ਰਿਤੁ[93] ਭਗਤਿ[94] ਭੰਡਾਰਾ[95] ॥

In the beginning[90], God bestowed[92] on the pious persons[91], the ambrosial[93] treasure[95] of His meditation[94].

ਆਰੰਭ[90] ਵਿਚ ਹੀ ਵਾਹਿਗੁਰੂ ਨੇ ਪਵਿੱਤਰ ਪੁਰਸ਼ਾਂ[91] ਨੂੰ ਆਪਣੀ ਬੰਦਗੀ[94] ਦਾ ਸੁਧਾਸਰੂਪ[93] ਖ਼ਜ਼ਾਨਾ[95] ਪ੍ਰਦਾਨ ਕਰ ਦਿੱਤਾ[92]।

ਮੂਰਖੁ[96] ਹੋਵੈ ਸੁ[97] ਉਨ ਕੀ ਰੀਸ[98] ਕਰੈ ਤਿਸੁ[99] ਹਲਤਿ[100] ਪਲਤਿ[2] ਮੁਹੁ[3] ਕਾਰਾ[4]॥੨॥

He[97], who is a fool[96], tries to rival[98] them. His[99] face[3] is blackened[4] here[100] and hereafter[2].

ਜੋ ਮੂੜ੍ਹ[96] ਹੈ, ਉਹ[97] ਉਨ੍ਹਾਂ ਦੀ ਬਰਾਬਰੀ[98] ਕਰਨ ਦੀ ਕੋਸ਼ਿਸ਼ ਕਰਦਾ ਹੈ। ਇਸ ਲੋਕ[100] ਤੇ ਪ੍ਰਲੋਕ[2] ਵਿਚ ਉਸ ਦਾ[99] ਮੂੰਹ[3] ਕਾਲਾ ਹੁੰਦਾ[4] ਹੈ।

ਸੇ[4*] ਭਗਤਿ[5] ਸੇ ਸੇਵਕਾ[6] ਜਿਨਾ ਹਰਿ ਨਾਮੁ ਪਿਆਰਾ[7] ॥

They[4*] are the saints[5] and they are His slaves[6], to whom the Lord's Name is sweet[7].

ਉਹ[4*] ਹੀ ਸੰਤ[5] ਹਨ ਅਤੇ ਉਹ ਹੀ ਉਸ ਦੇ ਗੋਲੇ[6], ਜਿਨ੍ਹਾਂ ਨੂੰ ਸਾਹਿਬ ਦਾ ਨਾਮ ਮਿੱਠੜਾ[7] ਲਗਦਾ ਹੈ।

ਤਿਨ ਕੀ ਸੇਵਾ[8] ਤੇ ਹਰਿ ਪਾਈਐ ਸਿਰਿ[9] ਨਿੰਦਕ[10] ਕੈ ਪਵੈ ਛਾਰਾ[12] ॥੩॥

Through their service[8], the Lord is attained. Ashes[12] fall on the slanderer's[10] head[9].

ਉਨ੍ਹਾਂ ਦੀ ਚਾਕਰੀ[8] ਰਾਹੀਂ ਪ੍ਰਭੂ ਪਰਾਪਤ ਹੁੰਦਾ ਹੈ। ਕਲੰਕ ਲਾਉਣ ਵਾਲੇ[10] ਦੇ ਸਿਰ[9] ਸੁਆਹ[12] ਪੈਂਦੀ ਹੈ।

ਜਿਸੁ ਘਰਿ[13] ਵਿਰਤੀ[14] ਸੋਈ[15] ਜਾਣੈ ਜਗਤ[16] ਗੁਰ[17] ਨਾਨਕ ਪੂਛਿ[18] ਕਰਹੁ ਬੀਚਾਰਾ[19] ॥

He[15] alone knows it, in whose house[13] this has occurred[14]. Ask[18] thou Nanak, the world's[16] Preceptor[17] and reflect[19] on it.

ਕੇਵਲ ਉਹ[15] ਹੀ ਇਸ ਨੂੰ ਜਾਣਦਾ ਹੈ, ਜਿਸ ਦੇ ਗ੍ਰਹਿ[13] ਇਹ ਵਰਤੀ ਹੋਵੇ[14]। ਜੱਗ ਦੇ[16] ਰਹਿਬਰ[17] ਗੁਰੂ ਨਾਨਕ ਤੋਂ ਪਤਾ ਕਰ ਕੇ[18], ਤੂੰ ਇਸ ਦੀ ਸੋਚ ਵੀਚਾਰ ਕਰ[19]।

ਚਹੁ ਪੀੜੀ[20] ਆਦਿ[21] ਜੁਗਾਦਿ[22] ਬਖੀਲੀ[23] ਕਿਨੈ ਨ ਪਾਇਓ ਹਰਿ ਸੇਵਕ ਭਾਇ[24] ਨਿਸਤਾਰਾ[25] ॥੪॥੨॥੯॥

In the case of the four generations[20] of the Gurus and from the beginning[21] and commencement of ages[22] none has ever obtained God by reviling[23]. By an attendant's attitude alone one is emancipated[25].

ਗੁਰੂ ਸਾਹਿਬਾਨ ਦੀਆਂ ਚੌਹਾਂ ਪੁਸ਼ਤਾਂ[20] ਵਿਚ ਅਤੇ ਆਰੰਭ[21] ਤੇ ਯੁੱਗਾਂ[22] ਦੇ ਸ਼ੁਰੂ ਤੋਂ, ਬਦਖੋਈ[23] ਕਰਨ ਦੁਆਰਾ ਕਦੇ ਕਿਸੇ ਨੂੰ ਵਾਹਿਗੁਰੂ ਪਰਾਪਤ ਨਹੀਂ ਹੋਇਆ। ਕੇਵਲ ਟਹਿਲੂਏ ਦੇ ਭਾਵ[24] ਰਾਹੀਂ ਹੀ ਬੰਦਾ ਬੰਦ ਖ਼ਲਾਸ[25] ਹੁੰਦਾ ਹੈ।

ਸੂਹੀ ਮਹਲਾ ੪ ॥

Suhi 4th Guru.

ਸੂਹੀ ਚੌਥੀ ਪਾਤਿਸ਼ਾਹੀ।

ਜਿਥੈ[26] ਹਰਿ ਆਰਾਧੀਐ[27] ਤਿਥੈ[28] ਹਰਿ ਮਿਤੁ[29] ਸਹਾਈ[30] ॥

Wherever[26] the Lord is remembered[27], there[28] the Lord becomes a friend[29] and helper[30].

ਜਿਥੇ ਕਿਤੇ ਭੀ[26] ਸਾਹਿਬ ਸਿਮਰਿਆ ਜਾਂਦਾ[27] ਹੈ, ਉਥੇ[28] ਹੀ ਸਾਹਿਬ ਸੱਜਣ[29] ਅਤੇ ਸਹਾਇਕ[30] ਹੁੰਦਾ ਹੈ।

ਗੁਰ ਕਿਰਪਾ[31] ਤੇ ਹਰਿ ਮਨਿ[35] ਵਸੈ ਹੋਰਤੁ[32] ਬਿਧਿ[33] ਲਇਆ[34] ਨ ਜਾਈ ॥੧॥

By Guru's grace[31], God abides in the mind[35]. By no other[32] means[33] can He be obtained[34].

ਗੁਰਾਂ ਦੀ ਮਿਹਰ[31] ਦੁਆਰਾ ਵਾਹਿਗੁਰੂ ਹਿਰਦੇ[35] ਅੰਦਰ ਵਸਦਾ ਹੈ। ਕਿਸੇ ਹੋਰ[32] ਤਰੀਕੇ[33] ਨਾਲ ਉਹ ਪਾਇਆ[34] ਨਹੀਂ ਜਾ ਸਕਦਾ।

ਹਰਿ ਧਨੁ[36] ਸੰਚੀਐ[37] ਭਾਈ॥

Amass[37] thou God's wealth[36], O

ਤੂੰ ਵਾਹਿਗੁਰੂ ਦੀ ਦੌਲਤ[36] ਇਕੱਤਰ[37] ਕਰ, ਹੇ ਵੀਰ!

ਜਿ[38] ਹਲਤਿ[39] ਪਲਤਿ[40] ਹਰਿ ਹੋਇ ਸਖਾਈ[41] ॥੧॥ ਰਹਾਉ ॥	brother, so that[38] the Lord may become thy Succourer[41] in this world[39] and the next one[40]. Pause.	ਤਾਂ ਜੋ[38] ਇਸ ਲੋਕ[39] ਤੇ ਪ੍ਰਲੋਕ[40] ਵਿਚ ਸੁਆਮੀ ਤੇਰਾ ਮਦਦਗਾਰ[41] ਹੋਵੇ । ਠਹਿਰਾਉ ।
੭੩੪	**734**	**੭੩੪**
ਸਤ ਸੰਗਤੀ ਸੰਗਿ[42] ਹਰਿ ਧਨੁ ਖਟੀਐ[43] ਹੋਰਥੈ[44] ਹੋਰਤੁ[45] ਉਪਾਇ[46] ਹਰਿ ਧਨੁ ਕਿਤੈ[47] ਨ ਪਾਈ ॥	Mixing with[42] the saints congregation, God's wealth is earned[43]. God's wealth is obtained not elsewhere[44] by any other[45] effort[46] whatever[47].	ਸਾਧ ਸੰਗਤ ਨਾਲ[42] ਜੁੜ ਕੇ ਵਾਹਿਗੁਰੂ ਦੀ ਦੌਲਤ ਕਮਾਈ[43] ਜਾਂਦੀ ਹੈ । ਕਿਸੇ ਹੋਰਸ ਥਾਂ[44] ਤੇ ਕਿਸੇ ਹੋਰ[45] ਉਪਰਾਲੇ[46] ਦੁਆਰਾ ਵਾਹਿਗੁਰੂ ਦੀ ਦੌਲਤ ਉਕਾ ਹੀ[47] ਪਰਾਪਤ ਨਹੀਂ ਹੁੰਦੀ ।
ਹਰਿ ਰਤਨੈ[48] ਕਾ ਵਾਪਾਰੀਆ[49] ਹਰਿ ਰਤਨ ਧਨੁ ਵਿਹਾਝੁ[50] ਕਚੈ[51] ਕੇ ਵਾਪਾਰੀਏ ਵਾਕਿ[52] ਹਰਿ ਧਨੁ ਲਇਆ[53] ਨ ਜਾਈ ॥੨॥	The dealer[49] in God's jewels[48], purchases[50] the jewel of God's wealth. The glass[51] merchant can acquire[53] not God's wealth through mere prattle[52].	ਵਾਹਿਗੁਰੂ ਦੇ ਜਵੇਹਰਾਂ[48] ਦਾ ਵਣਜਾਰਾ[49], ਵਾਹਿਗੁਰੂ ਦੀ ਦੌਲਤ ਦਾ ਜਵੇਹਰ ਖ਼ਰੀਦਦਾ[50] ਹੈ । ਸ਼ੀਸ਼ੇ[51] ਦਾ ਸੁਦਾਗਰ ਨਿਰੀਆਂ ਗੱਲਾਂ ਬਾਤਾਂ[52] ਰਾਹੀਂ ਵਾਹਿਗੁਰੂ ਦੀ ਦੌਲਤ ਨੂੰ ਪਰਾਪਤ[53] ਨਹੀਂ ਕਰ ਸਕਦਾ ।
ਹਰਿ ਧਨੁ ਰਤਨੁ[54] ਜਵੇਹਰੁ[55] ਮਾਣਕੁ[56] ਹਰਿ ਧਨੈ ਨਾਲਿ ਅੰਮ੍ਰਿਤੁ[57] ਵੇਲੈ[58] ਵਤੈ[59] ਹਰਿ ਭਗਤੀ[60] ਹਰਿ ਲਿਵ[62] ਲਾਈ[61] ॥	God's wealth is like pearl[54], gem[55], and emerald[56]. At the suitable[59] early in the morn[57] time[58], the Lord's saints[60] fix[61] their attention[62] on the Lord God's wealth.	ਰੱਬ ਦੀ ਦੌਲਤ, ਮੋਤੀ[54], ਜਵਾਹਿਰ[55] ਅਤੇ ਮਣੀ[56] ਤੁੱਲ ਹੈ । ਪ੍ਰਭਾਤ[57] ਦੇ ਯੋਗ[59] ਸਮੇਂ[58] ਉਤੇ ਸੁਆਮੀ ਦੇ ਸਾਧੂ[60] ਆਪਣੀ ਬਿਰਤੀ[62] ਸੁਆਮੀ ਵਾਹਿਗੁਰੂ ਦੇ ਧਨ-ਪਦਾਰਥ ਨਾਲ ਜੋੜਦੇ[61] ਹਨ ।
ਹਰਿ ਧਨੁ ਅੰਮ੍ਰਿਤ ਵੇਲੈ[63] ਵਤੈ[64] ਕਾ ਬੀਜਿਆ ਭਗਤ[65] ਖਾਇ ਖਰਚਿ ਰਹੇ ਨਿਖੁਟੈ[66] ਨਾਹੀ ॥	The Lord's devotees[65] eat and spend God's wealth, sown at the opportune[64] ambrosial hour[63] but exhausts[66] not.	ਸੁਆਮੀ ਦੇ ਸ਼ਰਧਾਲੂ[65] ਮੁਨਾਸਬ[64] ਅੰਮ੍ਰਿਤਮਈ ਵੇਲੇ[63] ਦਾ ਬੀਜਿਆ ਹੋਇਆ ਵਾਹਿਗੁਰੂ ਦਾ ਧਨ ਪਦਾਰਥ ਖਾਂਦੇ ਅਤੇ ਖਰਚਦੇ ਹਨ ਪਰ ਇਹ ਮੁਕਦਾ[66] ਨਹੀਂ ।
ਹਲਤਿ[67] ਪਲਤਿ[68] ਹਰਿ ਧਨੈ ਕੀ ਭਗਤਾ[69] ਕਉ ਮਿਲੀ[70] ਵਡਿਆਈ[71] ॥੩॥	Here[67] and hereafter[68] the saints[69] are blessed[70] with the glory[71] of the Lord's wealth.	ਏਥੇ[67] ਅਤੇ ਪਰਲੋਕ[68] ਵਿਚ ਸਾਧੂਆਂ[69] ਨੂੰ ਸਾਹਿਬ ਦੀ ਦੌਲਤ ਦੀ ਪ੍ਰਭੁਤਾ[71] ਪਰਦਾਨ[70] ਹੁੰਦੀ ਹੈ ।
ਹਰਿ ਧਨੁ ਨਿਰਭਉ[67] ਸਦਾ[68] ਸਦਾ ਅਸਥਿਰੁ[69] ਹੈ ਸਾਚਾ[70] ਇਹੁ ਹਰਿ ਧਨੁ ਅਗਨੀ[71] ਤਸਕਰੈ[72] ਪਾਣੀਐ[73] ਜਮਦੂਤੈ[74] ਕਿਸੈ ਕਾ ਗਵਾਇਆ[75] ਨ ਜਾਈ[76] ॥	There is no fear[67] of any sort to God's wealth. Ever[68], ever it is immovable[69] and permanent[70]. This wealth of God cannot be destroyed[75] by fire[71] and water[73] and nor can thieves[72] and death-couriers[74] take[76] it away.	ਵਾਹਿਗੁਰੂ ਦੀ ਦੌਲਤ ਨੂੰ ਕਿਸੇ ਕਿਸਮ ਦਾ ਕੋਈ ਡਰ[67] ਨਹੀਂ । ਹਮੇਸ਼ਾ[68] ਹੀ ਇਹ ਅਹਿੱਲ[69] ਅਤੇ ਮੁਸਤਕਿਲ[70] ਹੈ । ਵਾਹਿਗੁਰੂ ਦੀ ਇਸ ਦੌਲਤ ਨੂੰ ਅੱਗ[71] ਅਤੇ ਪਾਣੀ[73] ਤਬਾਹ[75] ਨਹੀਂ ਕਰ ਸਕਦੇ, ਅਤੇ ਨਾ ਹੀ ਚੋਰ[72] ਤੇ ਮੌਤ ਦੇ ਫ਼ਰਿਸ਼ਤੇ[74] ਇਸ ਨੂੰ ਲੈ ਜਾ ਸਕਦੇ[76] ਹਨ ।
ਹਰਿ ਧਨ ਕਉ ਉਚਕਾ[77]	A libertine[77] can approach not	ਲੁੱਚਾ[77] ਲੰਡਾ ਵਾਹਿਗੁਰੂ ਦੀ ਦੌਲਤ ਦੇ ਲਾਗੇ ਨਹੀਂ ਲੱਗ

ਨੇੜਿ ਨ ਆਵਈ ਜਮੁ[78] ਜਾਗਾਤੀ[79] ਡੰਡੁ[80] ਨ ਲਗਾਈ ॥੪॥

God's wealth, nor can death[78], the tax-gatherer[79], impose a tax[80] on it.

ਸਕਦਾ, ਨਾ ਹੀ ਮਸੂਲ ਉਗਰਾਹੁਣ ਵਾਲੀ[79] ਮੌਤ[78] ਇਸ ਨੂੰ ਮਸੂਲ[80] ਲਾ ਸਕਦੀ ਹੈ।

ਸਾਕਤੀ[81] ਪਾਪ[82] ਕਰਿ[89]ਕੈ ਬਿਖਿਆ[83] ਧਨੁ ਸੰਚਿਆ[84] ਤਿਨਾ[85] ਇਕ ਵਿਖ[86] ਨਾਲਿ[87] ਨ ਜਾਈ[88] ॥

Committing[89] sins[82] the mammon-worshippers[81] amass[84] poisonous[83] wealth, but with[87] them[85], it goes[88] not even for one pace[86].

ਮਾਇਆ ਦੇ ਪੁਜਾਰੀ[81], ਗੁਨਾਹ[82] ਕਮਾ ਕੇ[89] ਜ਼ਹਿਰੀਲੀ[83] ਮਾਇਆ ਇਕੱਤਰ ਕਰਦੇ[84] ਹਨ, ਪਰ ਉਨ੍ਹਾਂ ਦੇ[85] ਸੰਗ[87] ਇਹ ਇਕ ਕਦਮ[86] ਭੀ ਨਹੀਂ ਜਾਂਦੀ[88]।

ਹਲਤੈ[90] ਵਿਚਿ ਸਾਕਤ[91] ਦੁਹੇਲੇ[92] ਭਏ ਹਥਹੁ[93] ਛੁੜਕਿ[94] ਗਇਆ ਅਗੈ[95] ਪਲਤਿ[96] ਸਾਕਤੁ ਹਰਿ ਦਰਗਹ[97] ਢੋਈ[98] ਨ ਪਾਈ ॥੫॥

In this world[90], the materialists[91] become miserable[92], when wealth slips[94] from their hands[93]. Hereafter[95] the apostates find no shelter[98] in the world-beyond[96] and in God's court[97].

ਇਸ ਜਹਾਨ[90] ਵਿਚ ਜਦੋਂ ਮਾਇਆ ਉਨ੍ਹਾਂ ਦੇ ਹੱਥਾਂ[93] ਵਿਚੋਂ ਨਿਕਲ ਜਾਂਦੀ[94] ਹੈ, ਮਾਦਾ-ਪ੍ਰਸਤ[91] ਦੁਖੀ[92] ਹੋ ਜਾਂਦੇ ਹਨ। ਏਦੂੰ ਮਗਰੋਂ[95] ਪ੍ਰਲੋਕ[96] ਵਿਚ ਤੇ ਰੱਬ ਦੇ ਦਰਬਾਰ[97] ਅੰਦਰ ਅਧਰਮੀਆਂ ਨੂੰ ਕੋਈ ਪਨਾਹ[98] ਨਹੀਂ ਮਿਲਦੀ।

ਇਸੁ ਹਰਿ ਧਨ ਕਾ ਸਾਹੁ[99] ਹਰਿ ਆਪਿ[100] ਹੈ ਸੰਤਹੁ ਜਿਸ ਨੋ ਦੇਇ[2] ਸੁ[3] ਹਰਿ ਧਨੁ ਲਦਿ[4] ਚਲਾਈ[5] ॥

Of this Divine wealth, God Himself[100] is the Banker[99], O saints. He whom He blesses[2] with it, he[3] alone loads[4] the Divine wealth and takes[5] it away with him.

ਇਸ ਈਸ਼ਵਰੀ ਦੌਲਤ ਦਾ ਸ਼ਾਹੂਕਾਰ[99] ਵਾਹਿਗੁਰੂ ਖ਼ੁਦ[100] ਹੀ ਹੈ, ਹੇ ਸਾਧੂਓ! ਜਿਸ ਨੂੰ ਉਹ ਇਹ ਬਖ਼ਸ਼ਦਾ[2] ਹੈ, ਕੇਵਲ ਉਹ[3] ਹੀ ਈਸ਼ਵਰੀ ਦੌਲਤ ਨੂੰ ਚੁੱਕ ਕੇ[4] ਆਪਣੇ ਨਾਲ ਲੈ ਜਾਂਦਾ[5] ਹੈ।

ਇਸੁ ਹਰਿ ਧਨੈ ਕਾ ਤੋਟਾ[6] ਕਦੇ[9] ਨ ਆਵਈ ਜਨ[7] ਨਾਨਕ ਕਉ ਗੁਰ ਸੋਝੀ[8] ਪਾਈ ॥੬॥੩॥੧੦॥

This wealth of God, suffers not deficiency[6] ever[9]. The Guru has imparted this understanding[8] unto slave[7] Nanak.

ਇਸ ਵਾਹਿਗੁਰੂ ਦੇ ਪਦਾਰਥ ਦੀ ਕਦਾਚਿੱਤ[9] ਕਮੀ[6] ਨਹੀਂ ਹੁੰਦੀ। ਗੁਰਦੇਵ ਜੀ ਨੇ ਇਹ ਸਮਝ[8] ਗੋਲੇ[7] ਨਾਨਕ ਨੂੰ ਬਖ਼ਸ਼ੀ ਹੈ।

ਸੂਹੀ ਮਹਲਾ ੪ ॥

Subi 4th Guru.

ਸੂਹੀ ਚੌਥੀ ਪਾਤਿਸ਼ਾਹੀ।

ਜਿਸ ਨੋ ਹਰਿ ਸੁ[10] ਪ੍ਰਸੰਨੁ[12] ਹੋਇ ਸੋ ਹਰਿ ਗੁਣਾ[13] ਰਵੈ[14] ਸੋ[15] ਭਗਤੁ[16] ਸੋ ਪਰਵਾਨੁ[17] ॥

He with whom God is highly[10] pleased[12]; he utters[14] God's praise[13]. He[15] is the saint[16] and he alone becomes acceptable[17].

ਜਿਸ ਉਤੇ ਵਾਹਿਗੁਰੂ ਬਹੁਤ[10] ਖ਼ੁਸ਼[12] ਹੈ ਉਹ ਹੀ ਵਾਹਿਗੁਰੂ ਦੀ ਕੀਰਤੀ[13] ਉਚਾਰਨ ਕਰਦਾ[14] ਹੈ। ਉਹ[15] ਹੀ ਸੰਤ[16] ਹੈ, ਅਤੇ ਕੇਵਲ ਉਹ ਹੀ ਕਬੂਲ ਪੈਂਦਾ[17] ਹੈ।

ਤਿਸ[18] ਕੀ ਮਹਿਮਾ[19] ਕਿਆ[20] ਵਰਨੀਐ[21] ਜਿਸ ਕੈ ਹਿਰਦੈ[22] ਵਸਿਆ ਹਰਿ ਪੁਰਖੁ[23] ਭਗਵਾਨੁ[24] ॥੧॥

How[20] can his[18] glory[19] be described[21], within whose mind[22] abides the Powerful[23] and Fortunate[24] Lord?

ਜਿਸ ਦੇ ਅੰਦਰ-ਆਤਮੇ[22] ਬਲਵਾਨ[23] ਅਤੇ ਭਾਗਾਂ ਵਾਲਾ[24] ਸੁਆਮੀ ਵਸਦਾ ਹੈ, ਉਸ[18] ਦੀ ਸ਼ੋਭਾ[19] ਕਿਸ ਤਰ੍ਹਾਂ[20] ਬਿਆਨ[21] ਕੀਤੀ ਜਾ ਸਕਦੀ ਹੈ?

[25]ਗੋਵਿੰਦੁ[26]ਗੁਣ[27] ਗਾਈਐ ਜੀਉ[28] ਲਾਇ[29] ਸਤਿਗੁਰੂ ਨਾਲਿ ਧਿਆਨੁ[30] ॥੧॥ ਰਹਾਉ ॥

Fixing[29] thy attention[30] on the True Guru, sing thou, O man the praise[27] of the venerable[28] Lord[26] of the world[25]. Pause.

ਆਪਣੀ ਬਿਰਤੀ[30] ਸੱਚੇ ਗੁਰਾਂ ਨਾਲ ਜੋੜ ਕੇ[29] ਤੂੰ ਹੇ ਬੰਦੇ! ਮਾਣਨੀਯ[28] ਸ੍ਰਿਸ਼ਟੀ[25] ਦੇ ਸੁਆਮੀ[26] ਦਾ ਜੱਸ[27] ਗਾਇਨ ਕਰ। ਠਹਿਰਾਉ।

ਸੋ ਸਤਿਗੁਰੂ ਸਾ ਸੇਵਾ[31] ਸਤਿਗੁਰ ਕੀ ਸਫਲ[32] ਹੈ ਜਿਸ ਤੇ ਪਾਈਐ ਪਰਮ[33] ਨਿਧਾਨੁ[34] ॥	He is the true Guru and that alone is the fruitful[32] service[31] of the True Guru, through which the exalted[33] Name treasure[34] is obtained.	ਉਹ ਹੀ ਸੱਚੇ ਗੁਰੂ ਹਨ ਅਤੇ ਕੇਵਲ ਉਹ ਹੀ ਸੱਚੇ ਗੁਰਾਂ ਦੀ ਫਲਦਾਇਕ[32] ਘਾਲ[31] ਹੈ, ਜਿਨ੍ਹਾਂ ਦੇ ਰਾਹੀਂ ਨਾਮ ਦਾ ਉੱਚਾ[33] ਖ਼ਜ਼ਾਨਾ[34] ਪਰਾਪਤ ਹੁੰਦਾ ਹੈ।
ਜੋ[35] ਦੂਜੈ ਭਾਇ[36] ਸਾਕਤ[37] ਕਾਮਨਾ[38] ਅਰਥਿ[39] ਦੁਰਗੰਧ[40] ਸਰੇਵਦੇ[41] ਸੁ[42] ਨਿਹਫਲ[43] ਸਭੁ[44] ਅਗਿਆਨੁ[45] ॥੨॥	The mammon-worshippers[37], who[35] for the sake of[39] their desires[38] and another's love[36] cultivate[41] evil passions[40], they[42] are all worthless[43] and ignorant[45].	ਮਾਇਆ ਦੇ ਉਪਾਸ਼ਕ[37], ਜਿਹੜੇ[35] ਆਪਣੀਆਂ ਖ਼ਾਹਿਸ਼ਾਂ[38] ਅਤੇ ਹੋਰਸ ਦੀ ਪ੍ਰੀਤ[36] ਦੀ ਖ਼ਾਤਰ[39] ਮੰਦੀਆਂ ਵਾਸ਼ਨਾਂ[40] ਨੂੰ ਪਾਲਦੇ-ਪੋਸਦੇ[41] ਹਨ, ਉਹ[42] ਸਾਰੇ[44] ਨਿਕੰਮੇ[43] ਅਤੇ ਬੇਸਮਝ[45] ਹਨ।
ਜਿਸ ਨੋ ਪਰਤੀਤਿ[46] ਹੋਵੈ ਤਿਸ[47] ਕਾ ਗਾਵਿਆ[48] ਥਾਇ ਪਵੈ[49] ਸੁ[52] ਪਾਵੈ ਦਰਗਹ[50] ਮਾਨੁ[51] ॥	He, who has faith[46], fruitful[49] is his singing[48] of the Lord's praise. He[52] alone obtains honour[51] in the Lord's court[50].	ਜਿਸ ਦੇ ਅੰਦਰ ਭਰੋਸਾ[46] ਹੈ, ਸਫਲ[49] ਹੈ ਉਸ[47] ਦਾ ਸਾਹਿਬ ਦਾ ਜੱਸ ਗਾਇਨ[48] ਕਰਨਾ। ਸਾਹਿਬ ਦੇ ਦਰਬਾਰ[50] ਵਿਚ ਉਹ[52] ਇੱਜ਼ਤ ਆਬਰੂ[51] ਪਾਉਂਦਾ ਹੈ।
ਜੋ ਬਿਨੁ ਪਰਤੀਤੀ ਕਪਟੀ[53] ਕੂੜੀ[54] ਕੂੜੀ[55] ਅਖੀ ਮੀਟਦੇ[56] ਉਨਕਾ ਉਤਰਿ ਜਾਇਗਾ[57] ਝੂਠੁ ਗੁਮਾਨੁ[58] ॥੩॥	They, who without faith fraudulently[53], hypocritically[54] and falsely[55] close[56] their eyes; their false pride[58] shall ultimately wear off[57].	ਜੋ ਸ਼ਰਧਾ ਭਰੋਸੇ ਦੇ ਬਾਝੋਂ ਛਲ[53], ਦੰਭ[54] ਅਤੇ ਕੂੜ[55] ਕਮਾਉਣ ਲਈ ਆਪਣੀਆਂ ਅੱਖਾਂ ਮੀਚਦੇ[56] ਹਨ, ਉਨ੍ਹਾਂ ਦਾ ਕੂੜਾ ਹੰਕਾਰ[58] ਓੜਕ ਨੂੰ ਲਹਿ ਜਾਏਗਾ[57]।
ਜੇਤਾ ਜੀਉ[60] ਪਿੰਡੁ[61] ਸਭੁ ਤੇਰਾ ਤੂੰ ਅੰਤਰਜਾਮੀ[59] ਪੁਰਖੁ[62] ਭਗਵਾਨੁ[63] ॥	My soul[60] and body[61] are all Thine, O Lord! Thou art the Knower of hearts[59] and the Omnipotent[62] Illustrious Master[63].	ਮੇਰੀ ਆਤਮਾ[60] ਅਤੇ ਦੇਹ[61] ਸਮੂਹ ਤੇਰੀਆਂ ਹਨ, ਹੇ ਪ੍ਰਭੂ! ਤੂੰ ਦਿਲਾਂ ਦੀਆਂ ਜਾਨਣਹਾਰ[59] ਅਤੇ ਸਰਬ-ਸ਼ਕਤੀਮਾਨ[62], ਕੀਰਤੀਮਾਨ ਮਾਲਕ[63] ਹੈਂ।
ਦਾਸਨਿ ਦਾਸੁ[64] ਕਹੈ[65] ਜਨੁ[66] ਨਾਨਕੁ ਜੇਹਾ[67] ਤੂੰ ਕਰਾਇਹਿ ਤੇਹਾ[68] ਹਉ ਕਰੀ ਵਖਿਆਨੁ[69] ॥੪॥੪॥੧੧॥	Says[65] serf[66] Nanak, I am the slave[64] of Thine slaves, O my Lord. As[67] Thou makest me speak, so[68] do speak[69] I.	ਨਫ਼ਰ[66] ਨਾਨਕ ਆਖਦਾ[65] ਹੈ, ਮੈਂ ਤੇਰੇ ਗੋਲਿਆਂ ਦਾ ਗੋਲਾ[64] ਹਾਂ, ਹੇ ਮੇਰੇ ਸੁਆਮੀ! ਜਿਸ ਤਰ੍ਹਾਂ[67] ਤੂੰ ਮੈਨੂੰ ਬੁਲਾਉਂਦਾ ਹੈਂ, ਉਸੇ ਤਰ੍ਹਾਂ[68] ਹੀ ਮੈਂ ਬੋਲਦਾ[69] ਹਾਂ।
ਸੂਹੀ ਮਹਲਾ ੪ ਘਰੁ ੭	Suhi 4th Guru	ਸੂਹੀ ਚੌਥੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਤੇਰੇ ਕਵਨ[70] ਕਵਨ ਗੁਣ[71] ਕਹਿ ਕਹਿ ਗਾਵਾ ਤੂ ਸਾਹਿਬ ਗੁਣੀ[72] ਨਿਧਾਨਾ[73] ॥	What[70] and which merits[71] of Thine should I narrate, recount and sing? Thou, O Lord, art the Treasure[73] of excellences[72].	ਤੇਰੀਆਂ ਕਿਹੜੀਆਂ ਕਿਹੜੀਆਂ[70] ਖੂਬੀਆਂ[71] ਮੈਂ ਆਖਾਂ, ਬੋਲਾਂ ਤੇ ਗਾਇਨ ਕਰਾਂ? ਤੂੰ ਹੇ ਸੁਆਮੀ! ਵਡਿਆਈਆਂ[72] ਦਾ ਖ਼ਜ਼ਾਨਾ[73] ਹੈਂ।
ਤੁਮਰੀ ਮਹਿਮਾ[74] ਬਰਨਿ[75] ਨ	Thine praise[74] I can describe[75] not.	ਤੇਰੀ ਉਸਤਤੀ[74] ਮੈਂ ਬਿਆਨ[75] ਨਹੀਂ ਕਰ ਸਕਦਾ।

ਸਾਕਉ ਤੂ ਠਾਕੁਰ[77] ਊਚ[76] ਭਗਵਾਨਾ[78] ॥੧॥	Thou art my Lofty[76] Illustrious[78] Lord[77].	ਤੂੰ ਮੇਰਾ ਬੁਲੰਦ[76] ਕੀਰਤੀਮਾਨ[78] ਸੁਆਮੀ[77] ਹੈਂ।
੭੩੫	**735**	**੭੩੫**
ਮੈ ਹਰਿ ਹਰਿ[79] ਨਾਮੁ ਧਰ[80] ਸੋਈ[81] ॥	The Lord God's[79] Name; that[81] alone is my support[80].	ਸੁਆਮੀ ਵਾਹਿਗੁਰੂ[79] ਦਾ ਨਾਮ, ਕੇਵਲ ਉਹ[81] ਹੀ ਮੇਰਾ ਆਸਰਾ[80] ਹੈ।
ਜਿਉ[82] ਭਾਵੈ[83] ਤਿਉ[84] ਰਾਖੁ[86] ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ[85] ਨ ਕੋਈ ॥ ੧॥ਰਹਾਉ॥	As[82] it pleaseth[83] Thee, so[84] save[86] me O my Master. Without Thee I have none else[85]. Pause.	ਜਿਸ ਤਰ੍ਹਾਂ[82] ਤੈਨੂੰ ਚੰਗਾ ਲੱਗਦਾ[83] ਹੈ, ਉਸੇ ਤਰ੍ਹਾਂ[84] ਹੀ ਤੂੰ ਮੇਰੀ ਰੱਖਿਆ[86] ਕਰ, ਹੇ ਮੇਰੇ ਮਾਲਕ ! ਤੇਰੇ ਬਗੈਰ ਮੇਰਾ ਹੋਰ ਕੋਈ[85] ਨਹੀਂ। ਠਹਿਰਾਉ।
ਮੈ ਤਾਣੁ[87] ਦੀਬਾਣੁ[88] ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ[89] ਅਰਦਾਸਿ[90] ॥	Thou alone art my might[87] and court[88], O my Master. Before[89] Thee alone, I make a supplication[90].	ਮੇਰੀ ਸੱਤਿਆ[87] ਅਤੇ ਕਚਹਿਰੀ[88] ਕੇਵਲ ਤੂੰ ਹੀ ਹੈਂ, ਹੇ ਮੇਰੇ ਮਾਲਕ ! ਕੇਵਲ ਤੇਰੇ ਸਾਹਮਣੇ[89] ਹੀ ਮੈਂ ਪ੍ਰਾਰਥਨਾ[90] ਕਰਦਾ ਹਾਂ।
ਮੈ ਹੋਰੁ[91] ਥਾਉ[92] ਨਾਹੀ ਜਿਸੁ ਪਹਿ[93]ਕਰਉ ਬੇਨੰਤੀ[94] ਮੇਰਾ ਦੁਖੁ[95] ਸੁਖੁ[96] ਤੁਝ ਹੀ ਪਾਸੇ ॥੨॥	There is no other[91] place[92], where[93] I may make a supplication[94]. My weal[96] and woe[95], I lay before Thee alone.	ਕੋਈ ਹੋਰ[91] ਜਗ੍ਹਾ[92] ਨਹੀਂ ਜਿਥੇ[93] ਮੈਂ ਅਰਦਾਸ[94] ਕਰਾਂ। ਆਪਣੀ ਖੁਸ਼ੀ[96] ਤੇ ਗ਼ਮੀ[95] ਮੈਂ ਕੇਵਲ ਤੇਰੇ ਅਗੇ ਹੀ ਰੱਖਦਾ ਹਾਂ।
ਵਿਚੇ ਧਰਤੀ[97] ਵਿਚੇ ਪਾਣੀ[98] ਵਿਚਿ ਕਾਸਟ[99] ਅਗਨਿ[100] ਧਰੀਜੈ[2] ॥	The earth[97] and water[98] abide in one place and the fire[100] is locked[2] in wood[99].	ਜ਼ਮੀਨ[97] ਅਤੇ ਜਲ[98] ਇਕੋ ਥਾਂ ਅੰਦਰ ਵਸਦੇ ਹਨ ਅਤੇ ਅੱਗ[100] ਲੱਕੜ[99] ਅੰਦਰ ਟਿਕਾਈ[2] ਹੋਈ ਹੈ।
ਬਕਰੀ[3] ਸਿੰਘੁ[4] ਇਕਤੈ[5] ਥਾਇ[6] ਰਾਖੇ ਮਨ[7] ਹਰਿ ਜਪਿ[8] ਭ੍ਰਮੁ[9] ਭਉ[10] ਦੂਰਿ ਕੀਜੈ[12] ॥੩॥	The sheep[3] and the lion[4], the Lord has kept in one[5] place[6]. O man[7] contemplate[8] thou on God and shake off[12] thy doubt[9] and dread[10].	ਬੱਕਰੀ[3] ਅਤੇ ਸ਼ੇਰ[4] ਸਾਹਿਬ ਨੇ ਇਕੋ[5] ਜਗ੍ਹਾ[6] ਤੇ ਰਖੇ ਹੋਏ ਹਨ। ਹੇ ਬੰਦੇ[7] ! ਤੂੰ ਹਰੀ ਦਾ ਆਰਾਧਨ[8] ਕਰ ਅਤੇ ਆਪਣੇ ਸੰਦੇਹ[9] ਅਤੇ ਡਰ[10]ਨੂੰ ਨਵਿਰਤ ਕਰ ਦੇ[12]।
ਹਰਿ ਕੀ ਵਡਿਆਈ[13] ਦੇਖਹੁ[16] ਸੰਤਹੁ ਹਰਿ ਨਿਮਾਣਿਆ[14] ਮਾਣੁ ਦੇਵਾਏ[15] ॥	Look[16] at the greatness[13] of God, O saints. The Lord blesses[15] the dishonoured[14] with honour.	ਵਾਹਿਗੁਰੂ ਦੀ ਵਿਸ਼ਾਲਤਾ[13] ਵਲ ਤੱਕੋ[16], ਹੇ ਸਾਧੂਓ ! ਪ੍ਰਭੂ ਬੇਪੱਤਿਆਂ[14] ਨੂੰ ਪਤਿ ਪਰਦਾਨ ਕਰਦਾ[15] ਹੈ।
ਜਿਉ[17] ਧਰਤੀ[18] ਚਰਣ[19] ਤਲੇ[20] ਤੇ ਊਪਰਿ[21] ਆਵੈ ਤਿਉ[22]ਨਾਨਕ ਸਾਧ ਜਨਾ[23] ਜਗਤੁ[24] ਆਣਿ ਸਭੁ ਪੈਰੀ[25] ਪਾਏ[26] ॥੪॥੧॥੧੨॥	As[17] the dust[18] from beneath[20] the feet[19] comes high[21] up, similarly[22], O Nanak,the Lord makes the whole world[24] fall[26] at the feet[25] of the pious persons[23].	ਜਿਸ ਤਰ੍ਹਾਂ[17] ਮਿੱਟੀ[18] ਪੈਰਾਂ[19] ਦੇ ਹੇਠਾਂ[20] ਤੋਂ ਉਤੇ[21] ਆ ਜਾਂਦੀ ਹੈ, ਇਸੇ ਤਰ੍ਹਾਂ[22] ਹੀ, ਹੇ ਨਾਨਕ ! ਸੁਆਮੀ ਸਾਰੇ ਸੰਸਾਰ[24] ਨੂੰ ਲਿਆ ਕੇ ਪਵਿੱਤਰ ਪੁਰਸ਼ਾਂ[23] ਦੇ ਪੈਰੀਂ[25] ਪਾ ਦਿੰਦਾ[26] ਹੈ।
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
ਤੂੰ ਕਰਤਾ[27]ਸਭੁ ਕਿਛੁ ਆਪੇ	Thou, O Creator[27], Thyself knowest	ਤੂੰ ਹੇ ਸਿਰਜਣਹਾਰ[27]! ਖੁਦ ਹੀ ਸਾਰਾ ਕੁਝ ਜਾਣਦਾ ਹੈਂ।

ਜਾਣਹਿ ਕਿਆ ਤੁਧੁ ਪਹਿ ਆਖਿ[28] ਸੁਣਾਈਐ ॥	everything. What should I say[28] and tell unto Thee ?	ਮੈਂ ਤੈਨੂੰ ਕੀ ਕਹਿ[28] ਕੇ ਸੁਣਾਵਾਂ ?
ਬੁਰਾ[29] ਭਲਾ[30] ਤੁਧੁ ਸਭੁ[31] ਕਿਛੁ ਸੂਝੈ[32] ਜੇਹਾ[33] ਕੋ ਕਰੇ ਤੇਹਾ[34] ਕੋ ਪਾਈਐ ॥੧॥	The bad[29] and the good[30], thou knowest[32] all[31]. As[33] man sows, so[34] does he reap.	ਮੰਦੇ[29] ਅਤੇ ਚੰਗੇ[30] ਤੂੰ ਸਾਰਿਆਂ[31] ਨੂੰ ਜਾਣਦਾ[32] ਹੈਂ। ਜਿਹੋ ਜਿਹਾ[33] ਕੋਈ ਬੀਜਦਾ ਹੈ, ਉਹੋ ਜਿਹਾ[34] ਹੀ ਉਹ ਵੱਢ ਲੈਂਦਾ ਹੈ।
ਮੇਰੇ ਸਾਹਿਬ ਤੂੰ ਅੰਤਰ[35] ਕੀ ਬਿਧਿ[36] ਜਾਣਹਿ ॥	O my Lord, Thou knowest the condition[36] of the mind[35].	ਹੇ ਮੇਰੇ ਸੁਆਮੀ ! ਤੂੰ ਮਨ[35] ਦੀ ਹਾਲਤ[36] ਨੂੰ ਜਾਣਦਾ ਹੈਂ।
ਬੁਰਾ ਭਲਾ ਤੁਧੁ ਸਭੁ ਕਿਛੁ ਸੂਝੈ[37] ਤੁਧੁ ਭਾਵੈ[38] ਤਿਵੈ[39] ਬੁਲਾਵਹਿ ॥੧॥ਰਹਾਉ॥	The evil and the virtuous, Thou knowest[37] all. As is Thy will[38], so[39] makest them Thou speak. Pause.	ਬੁਰਿਆਂ ਅਤੇ ਭਲਿਆਂ, ਤੂੰ ਸਾਰਿਆਂ ਨੂੰ ਜਾਣਦਾ[37] ਹੈਂ। ਜਿਸ ਤਰ੍ਹਾਂ ਤੇਰੀ ਰਜ਼ਾ[38] ਹੈ, ਉਸੇ ਤਰ੍ਹਾਂ[39] ਹੀ ਤੂੰ ਉਨ੍ਹਾਂ ਨੂੰ ਬੁਲਾਉਂਦਾ ਹੈਂ। ਠਹਿਰਾਉ।
ਸਭੁ ਮੋਹੁ[40] ਮਾਇਆ[41] ਸਰੀਰੁ[42] ਹਰਿ ਕੀਆ[43] ਵਿਚਿ ਦੇਹੀ ਮਾਨੁਖ[44] ਭਗਤਿ[45] ਕਰਾਈ ॥	Amongst all the bodies[42], God has infused[43] the love[40] of worldly valuables[41] and in the human form[44] He hast afforded a chance to perform His devotional service.[45]	ਸਾਰੀਆਂ ਦੇਹਾਂ[42] ਅੰਦਰ, ਵਾਹਿਗੁਰੂ ਨੇ ਸੰਸਾਰੀ ਪਦਾਰਥਾਂ[41] ਦੀ ਲਗਨ[40] ਫੂਕੀ ਹੋਈ[43] ਹੈ ਅਤੇ ਮਨੁੱਖੀ ਸਰੂਪ[44] ਅੰਦਰ ਉਸ ਨੇ ਆਪਣੀ ਪ੍ਰੇਮ-ਮਈ ਸੇਵਾ[45] ਕਮਾਉਣ ਦਾ ਅਉਸਰ ਬਖਸ਼ਿਆ ਹੈ।
ਇਕਨਾ[46] ਸਤਿਗੁਰੁ ਮੇਲਿ ਸੁਖੁ ਦੇਵਹਿ ਇਕਿ ਮਨਮੁਖਿ[47] ਧੰਧੁ[48] ਪਿਟਾਈ[49] ॥੨॥	Some[46] Thou unitest with the True Guru to gather peace and some apostates[47] are engrossed[49] in worldly affairs[48].	ਆਰਾਮ ਪਰਾਪਤ ਕਰਨ ਲਈ ਕਈਆਂ[46] ਨੂੰ ਤੂੰ ਸੱਚੇ ਗੁਰਾਂ ਨਾਲ ਮਿਲਾ ਦਿੰਦਾ ਹੈਂ ਅਤੇ ਕਈ ਅਧਰਮੀ[47] ਸੰਸਾਰੀ ਕਾਰ-ਵਿਹਾਰਾਂ[48] ਵਿਚ ਗ਼ਲਤਾਨ[49] ਹਨ।
ਸਭੁ ਕੋ ਤੇਰਾ ਤੂੰ ਸਭਨਾ ਕਾ ਮੇਰੇ ਕਰਤੇ[50] ਤੁਧੁ ਸਭਨਾ ਸਿਰਿ[51] ਲਿਖਿਆ[52] ਲੇਖੁ[53] ॥	All belong to Thee and Thou belongest to all. Thou hast scribed[52] destiny[53] on every one's head[51], O my Creator[50].	ਸਾਰੇ ਤੇਰੇ ਹਨ ਅਤੇ ਤੂੰ ਸਾਰਿਆਂ ਦਾ ਹੈਂ। ਤੂੰ ਹੀ ਸਾਰਿਆਂ ਦੇ ਸੀਸ[51] ਉਤੇ ਪ੍ਰਾਲਬਧ[53] ਲਿਖੀ[52] ਹੈ, ਹੇ ਮੇਰੇ ਸਿਰਜਣਹਾਰ[50]।
ਜੇਹੀ[54] ਤੂੰ ਨਦਰਿ[55] ਕਰਹਿ ਤੇਹਾ[58] ਕੋ ਹੋਵੈ ਬਿਨੁ ਨਦਰੀ[56] ਨਾਹੀ ਕੋ ਭੇਖੁ[57] ॥੩॥	As[54] is Thy glance[55], so[58] becomes one, O Lord. Without Thine grace[56] no one assumes any form[57].	ਜਿਸ ਤਰ੍ਹਾਂ[54] ਦੀ ਤੇਰੀ ਦ੍ਰਿਸ਼ਟੀ[55] ਹੈ, ਉਸੇ ਤਰ੍ਹਾਂ[58] ਦਾ ਹੀ ਕੋਈ ਹੋ ਜਾਂਦਾ ਹੈ, ਹੇ ਸੁਆਮੀ ! ਬਗ਼ੈਰ ਤੇਰੀ ਮਿਹਰ[56] ਕੋਈ ਜਣਾ ਕੋਈ ਸਰੂਪ[57] ਧਾਰਨ ਨਹੀਂ ਕਰ ਸਕਦਾ।
ਤੇਰੀ ਵਡਿਆਈ[59] ਤੂੰ ਹੈ ਜਾਣਹਿ ਸਭ ਤੁਧ ਨੋ ਨਿਤ[60] ਧਿਆਏ[61] ॥	Thine glory[59], Thou alone knowest, O Lord. Every one ever[60] thinks[61] of Thee.	ਤੇਰੀ ਮਹਿਮਾ[59] ਕੇਵਲ ਤੂੰ ਹੀ ਜਾਣਦਾ ਹੈਂ, ਹੇ ਸਾਈਂ ! ਹਰ ਕੋਈ ਹਮੇਸ਼ਾ[60] ਤੈਨੂੰ ਹੀ ਯਾਦ ਕਰਦਾ[61] ਹੈ।
ਜਿਸ ਨੋ ਤੁਧੁ ਭਾਵੈ[62] ਤਿਸਨੋ[63] ਤੂੰ ਮੇਲਹਿ ਜਨ[64] ਨਾਨਕ ਸੋ[65] ਥਾਇ ਪਾਏ[66] ॥੪॥੨॥੧੩॥	He, whom Thou lovest[62]; him[63] Thou unitest with Thee. He[65] alone, O serf[64] Nanak, becomes acceptable[66].	ਜਿਸ ਨੂੰ ਤੂੰ ਪਿਆਰ[62] ਕਰਦਾ ਹੈਂ, ਉਸ ਨੂੰ[63] ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ। ਕੇਵਲ[65] ਉਹੀ, ਹੇ ਨਫ਼ਰ[64] ਨਾਨਕ ! ਕਬੂਲ[66] ਪੈਂਦਾ ਹੈ।
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
ਜਿਨ ਕੈ ਅੰਤਰਿ[67] ਵਸਿਆ	They with whose mind[67] my Lord	ਜਿਨ੍ਹਾਂ ਦੇ ਆਤਮੇ[67] ਅੰਦਰ ਮੇਰਾ ਸੁਆਮੀ ਮਾਲਕ[68]

ਮੇਰਾ ਹਰਿ ਹਰਿ[68] ਤਿਨ[69] ਕੇ ਸਭਿ ਰੋਗੁ[70] ਗਵਾਏ[71] ॥	Master[68] abides; all their[69] diseases[70] are dispelled[71].	ਵਸਦਾ ਹੈ, ਉਨ੍ਹਾਂ[69] ਦੀਆਂ ਸਾਰੀਆਂ ਬੀਮਾਰੀਆਂ[70] ਦੂਰ ਹੋ ਜਾਂਦੀਆਂ[71] ਹਨ ।
ਤੇ[72] ਮੁਕਤ[73] ਭਏ ਜਿਨ ਹਰਿ ਨਾਮੁ ਧਿਆਇਆ[74] ਤਿਨ ਪਵਿਤੁ[75] ਪਰਮੁ[76] ਪਦੁ[77] ਪਾਏ ॥੧॥	They[72], who utter[74] God's Name are emancipated[73] and obtain they the immaculate[75] supreme[76] status[77].	ਜੋ ਵਾਹਿਗੁਰੂ ਦੇ ਨਾਮ ਨੂੰ ਉਚਾਰਦੇ[74] ਹਨ, ਉਹ[72] ਮੁਕਤ ਹੋ ਜਾਂਦੇ[73] ਹਨ ਅਤੇ ਉਹ ਪਵਿੱਤਰ[75] ਮਹਾਨ[76] ਮਰਤਬੇ[77] ਨੂੰ ਪਾ ਲੈਂਦੇ ਹਨ ।
ਮੇਰੇ ਰਾਮ[78] ਹਰਿਜਨ[79] ਆਰੋਗ[80] ਭਏ ॥	O my Omnipresent Lord[78], God's slaves[79] become healthful[80] for aye.	ਹੇ ਮੇਰੇ ਸਰਬ ਵਿਆਪਕ ਸੁਆਮੀ[78] ! ਰੱਬ ਦੇ ਗੋਲੇ[79] ਹਮੇਸ਼ਾ ਲਈ ਨਵੇਂ ਨਰੋਏ[80] ਹੋ ਜਾਂਦੇ ਹਨ ।
ਗੁਰਬਚਨੀ[81] ਜਿਨਾ ਜਪਿਆ[82] ਮੇਰਾ ਹਰਿ ਹਰਿ ਤਿਨਕੇ[83] ਹਉਮੈ[84] ਰੋਗ[85] ਗਏ[86] ॥੧॥ਰਹਾਉ॥	Under Guru's instruction[81] they who meditate[82] on my Lord God; their[83] malady[85] of ego[84] is dispelled[86] Pause.	ਗੁਰਾਂ ਦੇ ਉਪਦੇਸ਼[81] ਤਾਬੇ ਜੋ ਸੁਆਮੀ ਵਾਹਿਗੁਰੂ ਦਾ ਸਿਮਰਨ ਕਰਦੇ[82] ਹਨ, ਉਨ੍ਹਾਂ[83] ਦੀ ਹੰਕਾਰ[84] ਦੀ ਬੀਮਾਰੀ[85] ਦੂਰ ਹੋ ਜਾਂਦੀ[86] ਹੈ । ਠਹਿਰਾਉ ।
ਬ੍ਰਹਮਾ ਬਿਸਨੁ ਮਹਾਦੇਉ[87] ਤ੍ਰੈ[88] ਗੁਣ[89] ਰੋਗੀ[90] ਵਿਚਿ ਹਉਮੈ[91] ਕਾਰ ਕਮਾਈ[92] ॥	Brahma, Vishnu and Shiva[87] are afflicted with the ailment[90] of three[88] dispositions[89]. They act[92] in the spirit of I-am-ness[91].	ਬਰ੍ਹਮਾ, ਵਿਸ਼ਨੂੰ ਅਤੇ ਸ਼ਿਵਜੀ[87] ਤਿੰਨਾਂ[88] ਸੁਭਾਵਾਂ[89] ਦੀ ਬੀਮਾਰੀ[90] ਨਾਲ ਗ੍ਰਸੇ ਹੋਏ ਹਨ । ਉਹ ਸਵੈ-ਹੰਗਤਾ[91] ਦੇ ਜਜ਼ਬੇ ਹੇਠਾਂ ਕੰਮ ਕਰਦੇ[92] ਹਨ ।
ਜਿਨਿ ਕੀਏ[93] ਤਿਸਹਿ[94] ਨ ਚੇਤਹਿ[95] ਬਪੁੜੇ[96] ਹਰਿ ਗੁਰਮੁਖਿ[97] ਸੋਝੀ[98] ਪਾਈ ॥ ੨॥	The poor[96] ones remember[95] not Him[94], who created[93] them. The Lord's understanding[98] is obtained, through the Guru[97].	ਉਹ ਵਿਚਾਰੇ[96] ਉਸ ਨੂੰ[94] ਚੇਤੇ[95] ਨਹੀਂ ਕਰਦੇ, ਜਿਸ ਨੇ ਉਨ੍ਹਾਂ ਨੂੰ ਰਚਿਆ[93] ਹੈ । ਸਾਹਿਬ ਦੀ ਸਮਝ[98] ਗੁਰਾਂ ਦੇ ਰਾਹੀਂ[97] ਪਰਾਪਤ ਹੁੰਦੀ ਹੈ ।
ਹਉਮੈ[99] ਰੋਗਿ ਸਭੁ ਜਗਤੁ ਬਿਆਪਿਆ[100] ਤਿਨ[4] ਕਉ ਜਨਮ ਮਰਣ ਦੁਖੁ[2] ਭਾਰੀ[3] ॥	The whole world is engrossed[100] in the disease of self-conceit[99]. They[4] suffer the great[3] anguish[2] of birth and death.	ਸਾਰਾ ਸੰਸਾਰ ਸਵੈ-ਹੰਗਤਾ[99] ਦੀ ਬੀਮਾਰੀ ਅੰਦਰ ਗ੍ਰਸਿਆ ਹੋਇਆ[100] ਹੈ । ਉਨ੍ਹਾਂ[4] ਨੂੰ ਜੰਮਣ ਅਤੇ ਮਰਨ ਦਾ ਮਹਾਨ[3] ਕਸ਼ਟ[2] ਉਠਾਉਣਾ ਪੈਂਦਾ ਹੈ ।
ਗੁਰ ਪਰਸਾਦੀ[5] ਕੋ ਵਿਰਲਾ[6] ਛੂਟੈ[7] ਤਿਸੁ[10] ਜਨ[8] ਕਉ ਹਉ ਬਲਿਹਾਰੀ[9] ॥ ੩॥	By Guru's grace[5], some rare one[6] is saved[7]. Unto that[10] person[8], I am a sacrifice[9].	ਗੁਰਾਂ ਦੀ ਦਇਆ[5] ਦੁਆਰਾ ਕੋਈ ਵਿਰਲਾ[6] ਹੀ ਖਲਾਸੀ ਪਾਉਂਦਾ[7] ਹੈ । ਉਸ[10] ਪੁਰਸ਼[8] ਉਤੋਂ ਮੈਂ ਕੁਰਬਾਨ[9] ਜਾਂਦਾ ਹਾਂ ।
ਜਿਨਿ ਸ੍ਰਿਸਟਿ[16] ਸਾਜੀ[12] ਸੋਈ ਹਰਿ ਜਾਣੈ ਤਾਕਾ[13] ਰੂਪੁ[14] ਅਪਾਰੋ[15] ॥	He, who created[12] the world[16] knows everything. Peerless[15] is His[13] beauty[14].	ਜਿਸ ਨੇ ਸੰਸਾਰ[16] ਰਚਿਆ[12] ਹੈ, ਉਹ ਸਭ ਕੁਝ ਜਾਣਦਾ ਹੈ । ਲਾਸਾਨੀ[15] ਹੈ ਉਸ ਦੀ[13] ਸੁੰਦਰਤਾ[14] ।
ਨਾਨਕ ਆਪੇ[17] ਵੇਖਿ[18] ਹਰਿ ਬਿਗਸੈ[19] ਗੁਰਮੁਖਿ[20] ਬ੍ਰਹਮ[21] ਬੀਚਾਰੋ[22] ॥੪॥੩॥ ੧੪॥	Himself[17] seeing[18] His creation, the Lord is pleased[19], O Nanak. It is through the Guru[20], that the Divine[21] understanding[22] is attained.	ਖ਼ੁਦ[17] ਆਪਣੀ ਰਚਨਾ ਨੂੰ ਦੇਖ ਕੇ[18], ਪ੍ਰਭੂ ਪਰਸੰਨ ਹੁੰਦਾ[19] ਹੈ, ਹੇ ਨਾਨਕ ! ਗੁਰਾਂ ਦੇ ਰਾਹੀਂ[20] ਈਸ਼ਵਰੀ[21] ਗਿਆਤ[22] ਪਰਾਪਤ ਹੁੰਦੀ ਹੈ ।

੭੩੬	736	੭੩੬
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ।
ਕੀਤਾ[23] ਕਰਣਾ[24] ਸਰਬ[25] ਰਜਾਈ[26] ਕਿਛੁ ਕੀਚੈ ਜੇ ਕਰਿ ਸਕੀਐ ॥	All[25] that has happened[23] or is to happen[24] is in the Lord's will[26]. We may do something only if we have power to do.	ਸਾਰਾ[25] ਕੁਝ ਜੋ ਹੋਇਆ[23] ਹੈ ਜਾਂ ਹੋਣਾ[24] ਹੈ, ਪ੍ਰਭੂ ਦੀ ਰਜ਼ਾ[26] ਅੰਦਰ ਹੈ। ਅਸੀਂ ਤਾਂ ਹੀ ਕੁਝ ਕਰੀਏ ਜੇਕਰ ਸਾਡੇ ਵਿਚ ਕਰਨ ਦੀ ਸਤਿਆ ਹੋਵੇ।
ਆਪਣਾ[27] ਕੀਤਾ ਕਿਛੂ ਨ ਹੋਵੈ ਜਿਉ[28] ਹਰਿ ਭਾਵੈ[29] ਤਿਉ[30] ਰਖੀਐ ॥ ੧ ॥	By one's own[27] doing, nothing can be done. As[28] it pleases[29] God, so[30] keeps He the mortal.	ਬੰਦੇ ਦੇ ਆਪਣੇ[27] ਕਰਨ ਦੁਆਰਾ ਕੁਝ ਨਹੀਂ ਹੁੰਦਾ। ਜਿਸ ਤਰ੍ਹਾਂ[28] ਹਰੀ ਨੂੰ ਭਾਉਂਦਾ[29] ਹੈ, ਉਸੇ ਤਰ੍ਹਾਂ[30] ਹੀ ਉਹ ਪ੍ਰਾਣੀ ਨੂੰ ਰੱਖਦਾ ਹੈ।
ਮੇਰੇ ਹਰਿ ਜੀਉ[31] ਸਭੁ ਕੋ ਤੇਰੈ ਵਸਿ[32] ॥	My sire[31] Lord, all are in Thine power[32].	ਮੇਰੇ ਮਹਾਰਾਜ[31] ਮਾਲਕ! ਸਾਰੇ ਤੇਰੇ ਇਖ਼ਤਿਆਰ[32] ਵਿਚ ਹਨ।
ਅਸਾ ਜੋਰੁ[33] ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ[34] ਭਾਵੈ[35] ਤਿਵੈ[36] ਬਖਸਿ[37]॥ ੧ ॥ ਰਹਾਉ ॥	I have no power[33] to do anything. As[34] Thou willest[35], so[36] pardon[37] Thou me. Pause.	ਮੇਰੇ ਵਿਚ ਕੁਝ ਭੀ ਕਰਨ ਦੀ ਸ਼ਕਤੀ[33] ਨਹੀਂ। ਜਿਸ ਤਰ੍ਹਾਂ[34] ਤੈਨੂੰ ਭਾਉਂਦਾ[35] ਹੈ, ਉਸੇ ਤਰ੍ਹਾਂ[36] ਹੀ ਤੂੰ ਮੈਨੂੰ ਮਾਫ਼ ਕਰ ਦੇ[37]। ਠਹਿਰਾਉ।
ਸਭੁ[38] ਜੀਉ[39] ਪਿੰਡੁ[40] ਦੀਆ[41] ਤੁਧੁ ਆਪੇ ਤੁਧੁ ਆਪੇ ਕਾਰੈ[42] ਲਾਇਆ[43]॥	Thou Thyself hast blessed[41] me with soul[39], body[40] and everything[38] and Thou Thyself hast yoked[43] me to Thine service[42].	ਤੂੰ ਆਪ ਹੀ ਮੈਨੂੰ ਜਿੰਦੜੀ[39], ਦੇਹ[40] ਤੇ ਹਰ ਸ਼ੈ[38] ਬਖ਼ਸ਼ੀ[41] ਹੈ ਅਤੇ ਤੂੰ ਆਪ ਹੀ ਮੈਨੂੰ ਆਪਣੀ ਸੇਵਾ[42] ਵਿਚ ਜੋੜਿਆ[43] ਹੈ।
ਜੇਹਾ[44] ਤੂੰ ਹੁਕਮੁ[45] ਕਰਹਿ[46] ਤੇਹੇ[47] ਕੋ ਕਰਮ[48] ਕਮਾਵੈ ਜੇਹਾ ਤੁਧੁ ਧੁਰਿ[49] ਲਿਖਿ[50] ਪਾਇਆ[51] ॥੨॥	As[44] is the command[45] issued[46] by Thee and as is Thine [49]pre-destined[51] writ[50], so[47] are the deeds[48], the mortal does.	ਜਿਸ ਤਰ੍ਹਾਂ[44] ਦਾ ਤੇਰਾ ਜਾਰੀ ਕੀਤਾ ਹੋਇਆ[46] ਫ਼ੁਰਮਾਨ[45] ਹੈ ਅਤੇ ਜਿਸ ਤਰ੍ਹਾਂ ਦੀ ਤੇਰੀ ਮੁੱਢ[49] ਦੀ ਲਿਖੀ[51] ਹੋਈ ਲਿਖਤਾਕਾਰ[50] ਹੈ, ਉਸੇ ਤਰ੍ਹਾਂ[47] ਦੇ ਹੀ ਅਮਲ[48] ਪ੍ਰਾਣੀ ਕਮਾਉਂਦਾ ਹੈ।
ਪੰਚ ਤਤੁ[52] ਕਰਿ ਤੁਧੁ ਸ੍ਰਿਸਟਿ[53] ਸਭ ਸਾਜੀ[54] ਕੋਈ ਛੇਵਾ ਕਰਿਉ ਜੇ[55] ਕਿਛੁ ਕੀਤਾ ਹੋਵੈ ॥	Of the five elements[52], Thou hast created[54] the whole world[53]. Let any one make the sixth, if[55] he can.	ਪੰਜਾਂ ਸਾਰ ਅੰਸ਼ਾਂ[52] ਵਿਚੋਂ ਤੂੰ ਸਾਰਾ ਸੰਸਾਰ[53] ਰਚਿਆ[54] ਹੈ। ਕੋਈ ਜੇਕਰ[55] ਉਹ ਕਰ ਸਕਦਾ ਹੈ, ਛੇਵਾਂ ਬਣਾ ਕੇ ਦੱਸੇ।
ਇਕਨਾ[56] ਸਤਿਗੁਰੁ ਮੇਲਿ ਤੂੰ ਬੁਝਾਵਹਿ[57] ਇਕਿ ਮਨਮੁਖ[57*] ਕਰਹਿ[58] ਸਿ ਰੋਵੈ[59] ॥ ੩ ॥	Uniting with the True Guru, Thou grantest understanding[57] to some[56]. Some are apostates[57*] who do[58] evil deeds and bewail[59].	ਸੱਚੇ ਗੁਰਾਂ ਨਾਲ ਮਿਲਾ ਕੇ, ਕਈਆਂ[56] ਨੂੰ ਤੂੰ ਸਮਝ[57] ਬਖ਼ਸ਼ਦਾ ਹੈਂ। ਕਈ ਅਧਰਮੀ[57*] ਹਨ ਜੋ ਕੁਕਰਮ ਕਮਾਉਂਦੇ[58] ਅਤੇ ਵਿਰਲਾਪ ਕਰਦੇ[59] ਹਨ।
ਹਰਿ ਕੀ ਵਡਿਆਈ[60] ਹਉ ਆਖਿ[61] ਨ ਸਾਕਾ ਹਉ ਮੂਰਖੁ[62] ਮੁਗਧੁ[63] ਨੀਚਾਣੁ[64]॥	God's glory[60] I can narrate[61] not. I am foolish[62], unwise[63] and low[64].	ਵਾਹਿਗੁਰੂ ਦੀ ਸ਼ੋਭਾ[60] ਮੈਂ ਵਰਨਣ[61] ਨਹੀਂ ਕਰ ਸਕਦਾ। ਮੈਂ ਮੂੜ੍ਹ[62], ਬੇਸਮਝ[63] ਅਤੇ ਨੀਚ[64] ਹਾਂ।
ਜਨ[65] ਨਾਨਕ ਕਉ ਹਰਿ	Forgive[66] Thou Thy slave[65] Nanak,	ਤੂੰ ਆਪਣੇ ਗੋਲੇ[65] ਨਾਨਕ ਨੂੰ ਮਾਫ਼ ਕਰ ਦੇ[66], ਹੇ ਮੇਰੇ

ਬਖਸਿ[66] ਲੇ ਮੇਰੇ ਸੁਆਮੀ ਸਰਣਾਗਤਿ[67] ਪਇਆ[68] ਅਜਾਣੁ[69] ॥੪॥੪॥੧੫॥੨੪॥	O my God Lord, for he, the ignorant one[69], has entered[68] Thine sanctuary[67],	ਵਾਹਿਗੁਰੂ ਸੁਆਮੀ ! ਕਿਉਂਕਿ ਉਸ ਬੇਸਮਝ[69] ਨੇ ਤੇਰੀ ਪਨਾਹ[67] ਲਈ[68] ਹੈ ।
ਰਾਗੁ ਸੂਹੀ ਮਹਲਾ ੫ ਘਰੁ ੧	Rag Suhi 6th Guru	ਰਾਗ ਸੂਹੀ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ ।
ਬਾਜੀਗਰਿ[70] ਜੈਸੇ[71] ਬਾਜੀ[72] ਪਾਈ[73] ॥ ਨਾਨਾ[74] ਰੂਪ[75] ਭੇਖ[76] ਦਿਖਲਾਈ[77] ॥ ਸਾਂਗੁ[78] ਉਤਾਰਿ[79] ਥੰਮਿੑਓ[80] ਪਾਸਾਰਾ[81] ॥ ਤਬ[82] ਏਕੋ ਏਕੰਕਾਰਾ[83] ॥ ੧ ॥	As[71] an actor[70] stages[73] a play[72] and appears[77] in many[74] characters[75] and guises[76], similarly the Lord when He abandons[79] His guise[78] and ends[80] His play[81], then[82] the One alone remains, the One alone[83],	ਜਿਸ ਤਰ੍ਹਾਂ[71] ਇਕ ਨਟ[70] ਖੇਲ[72] ਰਚਦਾ[73] ਹੈ ਅਤੇ ਅਨੇਕਾਂ[74] ਸਰੂਪਾਂ[75] ਅਤੇ ਪਹਿਰਾਵਿਆਂ[76] ਵਿਚ ਦਿੱਸ ਆਉਂਦਾ[77] ਹੈ, ਇਸੇ ਤਰ੍ਹਾਂ ਜਦ ਪ੍ਰਭੂ ਆਪਣਾ ਭੇਸ[78] ਲਾਹ ਸੁੱਟਦਾ[79] ਹੈ ਅਤੇ ਆਪਣਾ ਖੇਲ[81] ਖ਼ਤਮ ਕਰ ਦਿੰਦਾ[80] ਹੈ, ਤਾਂ[82] ਕੇਵਲ ਇਕ ਹੀ ਰਹਿ ਜਾਂਦਾ ਹੈ, ਕੇਵਲ ਇਕ ਹੀ[83] ।
ਕਵਨ[84] ਰੂਪ[85] ਦ੍ਰਿਸਟਿਓ[86] ਬਿਨਸਾਇਓ[87] ॥	How many[84] characters[85], appeared[86] and disappeared[87],	ਕਿੰਨੇ[84] ਹੀ ਸਰੂਪ[85] ਨਜ਼ਰੀਂ ਪਏ[86] ਤੇ ਅਲੋਪ ਹੋ ਗਏ[87] ।
ਕਤਹਿ[88] ਗਇਓ[89] ਉਹੁ ਕਤ[90] ਤੇ ਆਇਓ[91] ॥੧॥ ਰਹਾਉ ॥	Whither[88] have they gone[89] and whence[90] did they come[91] ? Pause.	ਉਹ ਕਿਧਰ[88] ਚਲੇ ਗਏ[89] ਹਨ ਅਤੇ ਕਿਧਰੋਂ[90] ਆਏ[91] ਸਨ ? ਠਹਿਰਾਉ ।
ਜਲ[92] ਤੇ ਊਠਹਿ[93] ਅਨਿਕ[94] ਤਰੰਗਾ[95] ॥ ਕਨਿਕ[96] ਭੂਖਨ[97] ਕੀਨੇ[98] ਬਹੁ[99] ਰੰਗਾ[100] ॥	Good many[94] waves[95] arise[93] in the water[92]. Out of gold[96] are made[98] ornaments[97] of many[99] kinds[100].	ਪਾਣੀ[92] ਵਿਚ ਬਹੁਤ ਸਾਰੀਆਂ[94] ਲਹਿਰਾਂ[95] ਉਠਦੀਆਂ[93] ਹਨ। ਸੋਨੇ[96] ਵਿਚੋਂ ਬਤੀਆਂ[99] ਕਿਸਮਾਂ[100] ਦੇ ਗਹਿਣੇ[97] ਬਣਾਏ ਜਾਂਦੇ[98] ਹਨ ।
ਬੀਜੁ[2] ਬੀਜਿ[6] ਦੇਖਿਓ[3] ਬਹੁ[4] ਪਰਕਾਰਾ[5] ॥	I have seen[3] seeds[2] of many[4] sorts[5] being sown[6].	ਮੈਂ ਅਨੇਕਾਂ[4] ਵੰਨਗੀਆਂ[5] ਦੇ ਬੀ[2] ਬੀਜੇ ਜਾਂਦੇ[6] ਵੇਖੇ[3] ਹਨ ।
ਫਲ[7] ਪਾਕੇ[8] ਤੇ [9]ਏਕੰਕਾਰਾ[10] ॥ ੨ ॥	When the fruit[7] ripens[8], the seed appears in the same one[9] form[10].	ਜਦ ਫਲ[7] ਪੱਕ ਜਾਂਦਾ[8] ਹੈ, ਬੀਜ ਉਸੇ ਹੀ ਇਕ[9] ਸਰੂਪ[10] ਵਿਚ ਜ਼ਾਹਿਰ ਹੁੰਦਾ ਹੈ ।
ਸਹਸ[12] ਘਟਾ[13] ਮਹਿ[14] ਏਕੁ ਆਕਾਸੁ[15] ॥	In[14] the thousand[12] water-pots[13] one sky[15] is reflected.	ਹਜ਼ਾਰਾਂ[12] ਹੀ ਪਾਣੀ ਦੇ ਭਾਂਡਿਆਂ[13] ਵਿਚ[14] ਇਕ ਅਸਮਾਨ[15] ਦਾ ਅਕਸ ਪੈਂਦਾ ਹੈ ।
ਘਟ ਫੂਟੇ[16] ਤੇ[17] ਓਹੀ[18] ਪ੍ਰਗਾਸੁ[19] ॥	On[17] the bursting[16] of the water-pots, the[18] sky pageant[19] alone is left.	ਪਾਣੀ ਦੇ ਭਾਂਡੇ ਦੇ ਟੁੱਟ ਜਾਣ[16] ਉਤੇ[17], ਕੇਵਲ ਉਸ[18] ਅਸਮਾਨ ਦਾ ਦ੍ਰਿਸ਼ਯ[19] ਹੀ ਰਹਿ ਜਾਂਦਾ ਹੈ ।
ਭਰਮ[20] ਲੋਭ[21] ਮੋਹ[22] ਮਾਇਆ[23] ਵਿਕਾਰ[24] ॥	Doubt[20] is caused by the sins[24] of avarice[21], worldly love[22] and wealth[23].	ਲਾਲਚ[21], ਸੰਸਾਰੀ ਮਮਤਾ[22] ਅਤੇ ਧਨ-ਦੌਲਤ[23] ਦੇ ਪਾਪ[24] ਸੰਦੇਹ[20] ਪੈਦਾ ਕਰਦੇ ਹਨ ।
ਭ੍ਰਮ ਛੂਟੇ[25] ਤੇ ਏਕੰਕਾਰ[26] ॥ ੩ ॥	Freed[25] form the illusion, the mortal assumes the One[26] Lord's from[27].	ਗ਼ਲਤ-ਫ਼ਹਿਮੀ ਤੋਂ ਖ਼ਲਾਸੀ[25] ਪਾ ਕੇ ਪ੍ਰਾਣੀ ਇਕ ਸੁਆਮੀ[26] ਦਾ ਸਰੂਪ[27] ਧਾਰਨ ਕਰ ਲੈਂਦਾ ਹੈ ।

ਓਹੁ[28] ਅਬਿਨਾਸੀ[29] ਬਿਨਸਤ[30] ਨਾਹੀ ॥	He[28], the Lord is imperishable[29] and perishes[30] not.	ਉਹ[28] ਸਾਹਿਬ ਨਾਸ-ਰਹਿਤ[29] ਹੈ ਅਤੇ ਨਾਸ[30] ਨਹੀਂ ਹੁੰਦਾ ।
ਨਾ ਕੋ ਆਵੈ ਨਾ ਕੋ ਜਾਹੀ ॥	He neither comes, nor does He go.	ਉਹ ਨਾ ਆਉਂਦਾ ਹੈ ਅਤੇ ਨਾ ਹੀ ਜਾਂਦਾ ਹੈ ।
ਗੁਰਿ ਪੂਰੈ[31] ਹਉਮੈ[32] ਮਲੁ[33] ਧੋਈ[34] ॥	The perfect[31] Guru has washed away[34] the filth[33] of my self-conceit[32].	ਪੂਰਨ[31] ਗੁਰਾਂ ਨੇ ਮੇਰੀ ਸਵੈ-ਹੰਗਤਾ[32] ਦੀ ਮਲੀਨਤਾ[33] ਧੋ ਛੱਡੀ[34] ਹੈ ।
ਕਹੁ ਨਾਨਕ ਮੇਰੀ [35]ਪਰਮ ਗਤਿ[36] ਹੋਈ ॥ ੪ ॥ ੧ ॥	Says Nanak, I have obtained the Supreme[35] Salvation[36].	ਗੁਰੂ ਜੀ ਫੁਰਮਾਉਂਦੇ ਹਨ, ਮੈਂ ਮਹਾਨ[35] ਮੁਕਤੀ[36] ਨੂੰ ਪਰਾਪਤ ਹੋ ਗਿਆ ਹਾਂ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਕੀਤਾ[37] ਲੋੜਹਿ[38] ਸੋ[39] ਪ੍ਰਭ ਹੋਇ[40] ॥	Whatever the Lord wishes[38] to do[37] that[39] alone happens[40].	ਜਿਹੜਾ ਕੁਛ ਸੁਆਮੀ ਕਰਨਾ[37] ਚਾਹੁੰਦਾ[38] ਹੈ, ਕੇਵਲ ਓਹੀ[39] ਹੁੰਦਾ[40] ਹੈ ।
ਤੁਝ ਬਿਨੁ[41] ਦੂਜਾ[42] ਨਾਹੀ ਕੋਇ[43] ॥	Without[41] Thee, there is not any[43] other[42].	ਤੇਰੇ ਬਗੈਰ[41], ਹੋਰ[42] ਕੋਈ[43] ਨਹੀਂ ।
ਜੋ ਜਨੁ[44] ਸੇਵੈ ਤਿਸੁ[45] ਪੂਰਨ[46] ਕਾਜ[47] ॥	The mortal[44] who serves Him, His[45] affairs[47] are fulfilled[46].	ਜੋ ਪ੍ਰਾਣੀ[44] ਉਸ ਦੀ ਸੇਵਾ ਕਰਦਾ ਹੈ, ਉਸ[45] ਦੇ ਕੰਮ[47] ਰਾਸ ਹੋ ਜਾਂਦੇ[46] ਹਨ ।
ਦਾਸ[48] ਅਪੁਨੇ ਕੀ ਰਾਖਹੁ ਲਾਜ[49] ॥੧॥	O Lord, save Thou the honour[49] of Thy slave[48].	ਹੇ ਸਾਈਂ ! ਤੂੰ ਆਪਣੇ ਗੋਲੇ[48] ਦੀ ਲੱਜਿਆ[49] ਰੱਖ ।
ਤੇਰੀ ਸਰਣਿ[50] ਪੂਰਨ[51] ਦਇਆਲਾ[52] ॥	O' perfectly[51] compassionate[52] Lord, I have sought Thine protection[50].	ਹੇ ਪੂਰੇ[51] ਮਿਹਰਬਾਨ[52] ਮਾਲਕ ! ਮੈਂ ਤੇਰੀ ਪਨਾਹ[50] ਲਈ ਹੈ ।
ਤੁਝ ਬਿਨੁ ਕਵਨੁ ਕਰੇ ਪ੍ਰਤਿਪਾਲਾ[53]॥੧॥ ਰਹਾਉ॥	Without Thee, who is going to cherish[53] me ? Pause.	ਤੇਰੇ ਬਾਝੋਂ ਮੇਰੀ ਕੌਣ ਪਰਵਰਸ਼[53] ਕਰੇਗਾ ? ਠਹਿਰਾਉ ।
ਜਲਿ[54] ਥਲਿ[55] [56]ਮਹੀਅਲਿ[57] ਰਹਿਆ ਭਰਪੂਰਿ[58] ॥	The Lord is fully pervading[58] the ocean[54], land[55], nether-world[56] and the firmament[57].	ਸੁਆਮੀ ਸਮੁੰਦਰ[54], ਧਰਤੀ[55], ਪਾਤਾਲ[56] ਅਤੇ ਆਕਾਸ਼[57] ਨੂੰ ਪਰੀਪੂਰਨ ਕਰ ਰਿਹਾ[58] ਹੈ ।
ਨਿਕਟਿ[59] ਵਸੈ[60] ਨਾਹੀ ਪ੍ਰਭੁ ਦੂਰਿ[61] ॥	The Lord abides[60] near[59] and is not far[61].	ਸਾਹਿਬ ਨੇੜੇ[59] ਹੀ ਵਸਦਾ[60] ਹੈ ਅਤੇ ਦੁਰੇਡੇ[61] ਨਹੀਂ ।
ਲੋਕ[62] ਪਤੀਆਰੈ[64] ਕਛੂ ਨ ਪਾਈਐ[63] ॥	By pleasing[64] people[62], nothing is obtained[63].	ਲੋਗਾਂ[62] ਨੂੰ ਖ਼ੁਸ਼ ਕਰਨ[64] ਦੁਆਰਾ ਕੁਝ ਭੀ ਪਰਾਪਤ[63] ਨਹੀਂ ਹੁੰਦਾ ।
ਸਾਚਿ[65] ਲਗੈ[66] ਤਾ[67] ਹਉਮੈ[68] ਜਾਈਐ[39] ॥ ੨ ॥	If the mortal is attached[66] to the True Lord[65], then[67] is his ego[68] eradicated[69].	ਜੇਕਰ ਪ੍ਰਾਣੀ ਸੱਚੇ ਸੁਆਮੀ[65] ਨਾਲ ਜੁੜ ਜਾਵੇ[66], ਤਦ[67] ਉਸ ਦੀ ਹੰਗਤਾ[68] ਨਾਸ ਹੋ ਜਾਂਦੀ[69] ਹੈ ।
ਜਿਸ ਨੋ ਲਾਇ[70] ਲਏ ਸੋ[71] ਲਾਗੈ ॥	He whom the Lord attaches[70] to His meditation, He[71] alone is attached.	ਜਿਸ ਨੂੰ ਸਾਹਿਬ ਆਪਣੇ ਸਿਮਰਨ ਨਾਲ ਜੋੜਦਾ[70] ਹੈ, ਕੇਵਲ ਉਹ[71] ਹੀ ਜੁੜਦਾ ਹੈ ।

ਗਿਆਨ[72]ਰਤਨੁ[73]ਅੰਤਰਿ[74] ਤਿਸੁ[75] ਜਾਗੈ[76] ॥	The gem[73] of divine knowledge[72] becomes manifest[76] within his[75] mind[74].	ਬ੍ਰਹਿਮ ਵੀਚਾਰ[72] ਦਾ ਹੀਰਾ[73] ਉਸ ਦੇ[75] ਹਿਰਦੇ[74] ਅੰਦਰ ਪ੍ਰਗਟ[76] ਹੋ ਆਉਂਦਾ ਹੈ।
[77]ਦੁਰਮਤਿ[78] ਜਾਇ[79] ਪਰਮ[80] ਪਦੁ[81] ਪਾਏ ॥ ਗੁਰ ਪਰਸਾਦੀ[82] ਨਾਮੁ ਧਿਆਏ[83] ॥੩॥	His [77]evil-intellect[78] is dispelled[79] and he obtains the supreme[80] status[81] and by the Guru's grace[82], he meditates[83] on the Name.	ਉਸ ਦੀ ਖੋਟੀ[77]-ਬੁੱਧ[78] ਨਾਸ ਹੋ ਜਾਂਦੀ[79] ਹੈ ਅਤੇ ਉਹ ਮਹਾਨ[80] ਮਰਤਬੇ[81] ਨੂੰ ਪਾ ਲੈਂਦਾ ਹੈ ਅਤੇ ਉਹ ਗੁਰਾਂ ਦੀ ਦਇਆ[82] ਦੁਆਰਾ ਨਾਮ ਦਾ ਆਰਾਧਨ ਕਰਦਾ[83] ਹੈ।
ਦੁਇ[84] ਕਰ[85] ਜੋੜਿ[86] ਕਰਉ ਅਰਦਾਸਿ[87] ॥	Joining[86] both[84] the hands[85], I make a supplication[87] before Thee, O my Lord.	ਦੋਨੋਂ[84] ਹੱਥ[85] ਬੰਨ੍ਹ ਕੇ[86] ਮੈਂ ਤੇਰੇ ਮੂਹਰੇ ਪ੍ਰਾਰਥਨਾ[87] ਕਰਦਾ ਹਾਂ, ਹੇ ਮੇਰੇ ਪ੍ਰਭੂ!
ਤੁਧੁ ਭਾਵੈ[88] ਤਾ[89] ਆਣਹਿ ਰਾਸਿ[90] ॥	If Thou willest[88], then[89] alone Thou embellishest[90] me.	ਜੇਕਰ ਤੈਨੂੰ ਚੰਗਾ ਲੱਗੇ[88], ਕੇਵਲ ਤਦ[89] ਹੀ ਤੂੰ ਮੈਨੂੰ ਸੰਵਾਰਦਾ[90] ਹੈਂ।
੭੩੭	**737**	**੭੩੭**
ਕਰਿ ਕਿਰਪਾ[91] ਅਪਨੀ ਭਗਤੀ[92] ਲਾਇ[93] ॥	Show Thou mercy[91] unto me, O Lord and bless[93] me with Thine devotional service[92].	ਤੂੰ ਮੇਰੇ ਉਤੇ ਤਰਸ[91] ਕਰ, ਹੇ ਸੁਆਮੀ! ਅਤੇ ਮੈਨੂੰ ਆਪਣੀ ਪ੍ਰੇਮ-ਮਈ ਸੇਵਾ[92] ਪਰਦਾਨ[93] ਕਰ।
ਜਨ[94] ਨਾਨਕ ਪ੍ਰਭੁ ਸਦਾ[95] ਧਿਆਇ[96] ॥੪॥੨॥	Servant[94] Nanak, ever[95] contemplates[96] his Lord.	ਨੌਕਰ[94] ਨਾਨਕ, ਸਦੀਵ[95] ਹੀ ਆਪਣੇ ਸਾਹਿਬ ਦਾ ਸਿਮਰਨ ਕਰਦਾ[96] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਧਨੁ[97] ਸੋਹਾਗਨਿ[98] ਜੋ ਪ੍ਰਭੂ ਪਛਾਨੈ[99] ॥ ਮਾਨੈ[100] ਹੁਕਮੁ[2] ਤਜੈ[3] ਅਭਿਮਾਨੈ[4] ॥	Blessed[97] is the devoted wife[98], who knows[99] her Lord, obeys[100] His order[2] and abandons[3] her self-conceit[4].	ਸੁਲੱਖਣੀ[97] ਹੈ, ਉਹ ਜਾਂਨਿਸਾਰ ਪਤਨੀ[98], ਜਿਹੜੀ ਆਪਣੇ ਸੁਆਮੀ ਨੂੰ ਜਾਣਦੀ[99] ਹੈ, ਉਸ ਦੇ ਫ਼ੁਰਮਾਨ[2] ਦਾ ਪਾਲਣ ਕਰਦੀ[100] ਹੈ ਤੇ ਆਪਣੀ ਸਵੈ-ਹੰਗਤਾ[4] ਨੂੰ ਛੱਡਦੀ[3] ਹੈ।
ਪ੍ਰਿਅ[5] ਸਿਉ[6] ਰਾਤੀ[7] ਰਲੀਆ ਮਾਨੈ[8] ॥੧॥	Imbued[7] with[6] her Beloved[5], she makes merry[8].	ਆਪਣੇ ਪ੍ਰੀਤਮ[5] ਨਾਲ[6] ਰੰਗੀ ਹੋਈ[7] ਉਹ ਅਨੰਦ ਭੋਗਦੀ[8] ਹੈ।
ਸੁਨਿ[9] ਸਖੀਏ[10] ਪ੍ਰਭ ਮਿਲਣ ਨੀਸਾਨੀ[12] ॥	O my mate[10], hear[9] thou the way[12] to meet thy Lord.	ਹੇ ਮੇਰੀ ਸਹੇਲੀਏ[10]! ਤੂੰ ਆਪਣੇ ਸੁਆਮੀ ਨੂੰ ਮਿਲਣ ਦਾ ਮਾਰਗ[12] ਸੁਣ[9]।
ਮਨੁ[13] ਤਨੁ[14] ਅਰਪਿ[15] ਤਜਿ[16]ਲਾਜ[17]ਲੋਕਾਨੀ[18] ॥ ੧ ॥ ਰਹਾਉ ॥	Dedicate[15] thou thy soul[13] and body[14] to him, and lay aside[16] the idea of feeling shame[17] from the people[18]. Pause.	ਤੂੰ ਆਪਣੀ ਜਿੰਦੜੀ[13] ਅਤੇ ਦੇਹ[14] ਉਸ ਦੇ ਸਮਰਪਨ ਕਰ[15] ਦੇ ਅਤੇ ਲੋਕਾਂ[18] ਤੋਂ ਸ਼ਰਮ[17] ਖਾਣ ਦਾ ਖ਼ਿਆਲ ਛੱਡ[16] ਦੇ। ਠਹਿਰਾਉ।
ਸਖੀ[19] ਸਹੇਲੀ[20] ਕਉ ਸਮਝਾਵੈ[21] ॥ ਸੋਈ[22]ਕਮਾਵੈ[23] ਜੋ ਪ੍ਰਭ ਭਾਵੈ[24] ॥	One mate[19] instructs[21] her other mate[20]. She does[23] only that[22] which pleases[24] her Lord.	ਇਕ ਸੱਜਣੀ[19] ਆਪਣੀ ਸਹੇਲੀ[20] ਨੂੰ ਸਿਖ-ਮਤ[21] ਦਿੰਦੀ ਉਹ ਕੇਵਲ ਓਹੀ[22] ਕੁਛ ਕਰਦੀ[23] ਹੈ ਜਿਹੜਾ ਉਸ ਦੇ ਸੁਆਮੀ ਨੂੰ ਚੰਗਾ ਲੱਗਦਾ[24] ਹੈ।
ਸਾ[25] ਸੋਹਾਗਣਿ[26] ਅੰਕਿ[27] ਸਮਾਵੈ[28] ॥ ੨ ॥	Such[25] a bride[26] merges[28] in the Being[27] of her Lord.	ਐਸੀ[25] ਪਤਨੀ[26] ਆਪਣੇ ਸੁਆਮੀ ਦੇ ਸਰੂਪ[27] ਅੰਦਰ ਲੀਨ[28] ਹੋ ਜਾਂਦੀ ਹੈ।

ਗਰਬਿ[29]ਗਹੇਲੀ[30] ਮਹਲੁ[31] ਨ ਪਾਵੈ ॥	The bride, grasped[30] by ego[29] obtains not her Husband's presence[31].	ਹੰਕਾਰ[29] ਦੀ ਪਕੜੀ ਹੋਈ[30] ਪਤਨੀ ਆਪਣੇ ਪਤੀ ਦੀ ਹਜ਼ੂਰੀ[31] ਨੂੰ ਪਰਾਪਤ ਨਹੀਂ ਹੁੰਦੀ।
ਫਿਰਿ[32] ਪਛੁਤਾਵੈ[33] ਜਬ[34] ਰੈਣਿ[35] ਬਿਹਾਵੈ[36] ॥	When[34] the night[35] (life) passes away[36], then[32] does she regret[33].	ਜਦ[34] ਰਾਤ੍ਰੀ[35] ਜੀਵਨ ਬੀਤ ਜਾਂਦੀ[36] ਹੈ, ਤਦ[32] ਉਹ ਪਸਚਾਤਾਪ ਕਰਦੀ[33] ਹੈ।
ਕਰਮ ਹੀਣਿ[37] ਮਨਮੁਖਿ[38] ਦੁਖੁ ਪਾਵੈ ॥੩॥	The unfortunate[37] willful wife[38] suffers pain.	ਨਿਕਰਮਣ[37] ਆਪ-ਹੁਦਰੀ[38] ਦੁੱਖ ਪਾਂਦੀ ਹੈ।
ਬਿਨਉ[39] ਕਰੀ ਜੇ[40]ਜਾਣਾ[41] ਦੂਰਿ[42] ॥	I may pray[39] to my Lord, if[40] I deem[41] Him far[42].	ਮੈਂ ਆਪਣੇ ਸੁਆਮੀ ਅੱਗੇ ਅਰਦਾਸ[39] ਕਰਾਂ, ਜੇਕਰ[40] ਮੈਂ ਉਸ ਨੂੰ ਦੁਰੇਡੇ[42] ਸਮਝਦੀ[41] ਹੋਵਾਂ।
ਪ੍ਰਭੁ ਅਬਿਨਾਸੀ[43] ਰਹਿਆ ਭਰਪੂਰਿ[44] ॥	The Imperishable[43] Lord is fully pervading[44] everywhere.	ਨਾਸ-ਰਹਿਤ[43] ਸੁਆਮੀ ਸਾਰੀ ਥਾਈਂ ਪਰੀਪੂਰਨ[44] ਹੋ ਰਿਹਾ ਹੈ।
ਜਨੁ[45]ਨਾਨਕ ਗਾਵੈ ਦੇਖਿ ਹਦੂਰਿ[46] ॥੪॥੩॥	Seeing the Lord just present[46],slave[45] Nanak sings His praise.	ਸੁਆਮੀ ਨੂੰ ਐਨ ਹਾਜ਼ਰ ਹਜ਼ੂਰ[46] ਵੇਖ ਕੇ ਗੋਲਾ[45] ਨਾਨਕ ਉਸ ਦਾ ਜੱਸ ਗਾਇਨ ਕਰਦਾ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ!
ਗ੍ਰਿਹੁ[47] ਵਸਿ[48] ਗੁਰਿ ਕੀਨਾ ਹਉ ਘਰ ਕੀ ਨਾਰਿ[49] ॥	The Guru has put the household[47] under my control[48] and I have become the mistress[49] of the house.	ਗੁਰੂ ਜੀ ਨੇ ਘਰ[47] ਮੇਰੇ ਇਖ਼ਤਿਆਰ[48] ਵਿਚ ਕਰ ਦਿਤਾ ਹੈ ਅਤੇ ਮੈਂ ਘਰ ਦੀ ਮਾਲਕਣ[49] ਬਣ ਗਈ ਹਾਂ।
ਦਸ ਦਾਸੀ[50] ਕਰਿ ਦੀਨੀ ਭਤਾਰਿ[51] ॥	My Spouse[51] has made the ten sensory and action organs my slaves[50].	ਮੇਰੇ ਕੰਤ[51] ਨੇ ਦੱਸੇ ਗਿਆਨ ਤੇ ਕਰਮ ਇੰਦ੍ਰੀਆਂ ਨੂੰ ਮੇਰੀਆਂ ਗੋਲੀਆਂ[50] ਬਣਾ ਦਿੱਤਾ ਹੈ।
ਸਗਲ[52] ਸਮਗ੍ਰੀ[53] ਮੈ ਘਰ ਕੀ ਜੋੜੀ[54] ॥ ਆਸ[55] ਪਿਆਸੀ[56] ਪਿਰ[57] ਕਉ ਲੋੜੀ[58] ॥੧॥	I have assembled[54] all[52] the things[53] of the house. With thirsty[56] desire[55] I long for[58] my Beloved[57].	ਮੈਂ ਘਰ ਦੀਆਂ ਸਾਰੀਆਂ[52] ਚੀਜ਼ਾਂ[53] ਇਕੱਠੀਆਂ ਕਰ ਲਈਆਂ[54] ਹਨ। ਉਤਾਵਲੀ[56] ਖ਼ਾਹਿਸ਼[55] ਨਾਲ ਮੈਂ ਆਪਣੇ ਪ੍ਰੀਤਮ[57] ਨੂੰ ਲੋਚਦੀ[58] ਹਾਂ।
ਕਵਨ[59] ਕਹਾ[60] ਗੁਨ[61] ਕੰਤ[62] ਪਿਆਰੇ[63] ॥	What[59] merits[61] of my darling[63] Spouse[62] should I mention[60]?	ਮੈਂ ਆਪਣੇ ਲਾਡਲੇ[63] ਭਰਤੇ[62] ਦੀਆਂ ਕਿਹੜੀਆਂ[59] ਕਿਹੜੀਆਂ ਖ਼ੂਬੀਆਂ[61] ਬਿਆਨ[60] ਕਰਾਂ?
ਸੁਘੜ[64]ਸਰੂਪ[65]ਦਇਆਲ[66] ਮੁਰਾਰੇ[67] ॥੧॥ ਰਹਾਉ ॥	He is Wise[64], Beauteous[65] and Compassionate[66] Lord[67]. Pause	ਉਹ ਸਿਆਣਾ[64], ਸੁੰਦਰ[65] ਤੇ ਮਿਹਰਬਾਨ[66] ਮਾਲਕ[67] ਹੈ। ਠਹਿਰਾਉ।
ਸਤੁ[68] ਸੀਗਾਰੁ[69] ਭਉ[70] ਅੰਜਨੁ[71] ਪਾਇਆ[72] ॥	I am embellished[69] with truth[68] and I have applied[72] the pigment[71] of Lord's fear[70] to mine eyes.	ਮੈਂ ਸੱਚ[68] ਨਾਲ ਸ਼ਸ਼ੋਭਤ[69] ਹੋਈ ਹੋਈ ਹਾਂ ਅਤੇ ਸਾਈਂ ਦੇ ਡਰ[70] ਦਾ ਮੈਂ ਆਪਣੀਆਂ ਅੱਖਾਂ ਵਿਚ ਸੁਰਮਾ[71] ਪਾਇਆ ਹੋਇਆ[72] ਹੈ।
ਅੰਮ੍ਰਿਤੁ[74] ਨਾਮੁ ਤੰਬੋਲੁ[73] ਮੁਖਿ[75] ਖਾਇਆ[76] ॥	The Nectar[74] Name is the betel[73], which I have chewed[76] with my mouth[75].	ਸੁਧਾ-ਸਰੂਪ[74] ਨਾਮ ਦਾ ਪਾਨ[73] ਮੈਂ ਆਪਣੇ ਮੂੰਹ[75]ਨਾਲ ਖਾਧਾ[76] ਹੈ।
ਕੰਗਨ[77] ਬਸਤ੍ਰ[78] ਗਹਨੇ[79]	My bracelets[77], dress[78] and	ਮੇਰੇ ਕੜੇ[77], ਕਪੜੇ[78] ਅਤੇ ਜ਼ੇਵਰ[79] ਮੈਨੂੰ ਸੁਹਣੇ[81]

ਬਨੇ[80] ਸੁਹਾਵੇ[81] ॥	ornaments[79] beautifully[81] become[80] me.	ਫੱਬਦੇ[80] ਹਨ ।
ਧਨ[82] ਸਭ ਸੁਖ[83] ਪਾਵੈ ਜਾਂ[84] ਪਿਰੁ[85] ਘਰਿ ਆਵੈ ॥ ੨ ॥	The bride[82] obtains all the happiness[83], when[84] Beloved[85] comes into her home.	ਜਦ[84] ਉਸ ਦਾ ਪ੍ਰੀਤਮ[85] ਉਸ ਦੇ ਧਾਮ ਵਿਚ ਆਉਂਦਾ ਹੈ ਤਾਂ ਪਤਨੀ[82] ਨੂੰ ਸਮੂਹ ਖ਼ੁਸ਼ੀ[83] ਪਰਾਪਤ ਹੋ ਜਾਂਦੀ ਹੈ ।
ਗੁਣ[86] ਕਾਮਣ[87] ਕਰਿ ਕੰਤੁ[88] ਰੀਝਾਇਆ[89] ॥	By the charm[87] of virtues[86], I have fascinated[89] my Groom[88].	ਨੇਕੀਆਂ[86] ਦੇ ਜਾਦੂ[87] ਨਾਲ ਮੈਂ ਆਪਣੇ ਪਤੀ[88] ਨੂੰ ਮੋਹਿਤ ਕਰ ਲਿਆ[89] ਹੈ ।
ਵਸਿ[90] ਕਰਿ ਲੀਨਾ ਗੁਰਿ ਭਰਮੁ[91] ਚੁਕਾਇਆ[92] ॥	I have made Him subject[90] to me and the Guru has dispelled[92] my doubt[91].	ਮੈਂ ਉਸ ਨੂੰ ਆਪਣੇ ਅਧੀਨ[90] ਕਰ ਲਿਆ ਹੈ ਅਤੇ ਗੁਰਾਂ ਨੇ ਮੇਰਾ ਸਹਿਸਾ[91] ਦੂਰ ਕਰ ਦਿੱਤਾ[92] ਹੈ ।
ਸਭ ਤੇ ਊਚਾ[93] ਮੰਦਰੁ[94] ਮੇਰਾ ॥	The highest[93] of all is my mansion[94].	ਸਾਰਿਆਂ ਨਾਲੋਂ ਉੱਚਾ[93] ਹੈ ਮੇਰਾ ਮਹਿਲ[94] ।
ਸਭ ਕਾਮਣਿ[95] ਤਿਆਗੀ[96] ਪ੍ਰਿਉ[97] ਪ੍ਰੀਤਮੁ[98] ਮੇਰਾ ॥੩॥	Forsaking[96] all other brides[95], my Beloved[97] has become my lover[98].	ਸਾਰੀਆਂ ਪਤਨੀਆਂ[95] ਨੂੰ ਛੱਡ ਕੇ[96], ਮੇਰਾ ਦਿਲਬਰ[97] ਮੇਰਾ ਆਸ਼ਕ[98] ਬਣ ਗਿਆ ਹੈ ।
ਪ੍ਰਗਟਿਆ[99] ਸੂਰੁ[100] ਜੋਤਿ[2] ਉਜੀਆਰਾ[3] ॥	The sun[100] has risen[99] and its light[2] has illumined[3] everything.	ਸੂਰਜ[100] ਚੜ੍ਹ ਪਿਆ[99] ਹੈ ਅਤੇ ਇਸ ਦੇ ਚਾਨਣ[2] ਨੇ ਹਰ ਸ਼ੈ ਨੂੰ ਰੋਸ਼ਨ ਕਰ ਦਿੱਤਾ[3] ਹੈ ।
ਸੇਜ[4] ਵਿਛਾਈ[5] ਸਰਧ[6] ਅਪਾਰਾ[7] ॥	With immense[7] faith[6] in Him I have spread[5] my couch[4].	ਉਸ ਵਿਚ ਅਤਿਅੰਤ[7] ਭਰੋਸਾ[6] ਧਾਰ ਕੇ ਮੈਂ ਆਪਣਾ ਪਲੰਘ[4] ਵਿਛਾਇਆ[5] ਹੈ ।
ਨਵ[8] ਰੰਗ[9] ਲਾਲੁ[10] ਸੇਜ ਰਾਵਣ[12] ਆਇਆ ॥	My darling[10] of ever-new[8] colour[9] has come to my couch to enjoy[12] me.	ਸਦੀਵੀ-ਨਵੇਨੁੱਕ[8] ਰੰਗ[9] ਵਾਲਾ ਮੇਰਾ ਪਿਆਰਾ[10] ਮੈਨੂੰ ਮਾਨਣ[12] ਲਈ ਮੇਰੇ ਪਲੰਘ ਤੇ ਆਇਆ ਹੈ ।
ਜਨ[15] ਨਾਨਕ ਪਿਰ[13] ਧਨ[14] ਮਿਲਿ ਸੁਖੁ[16] ਪਾਇਆ ॥੪॥੪॥	Meeting her Spouse[13], O slave[15] Nanak, the bride[14] has obtained happiness[16].	ਆਪਣੇ ਪਤੀ[13] ਨੂੰ ਮਿਲ ਕੇ, ਹੇ ਗੋਲੇ[15] ਨਾਨਕ ! ਪਤਨੀ[14] ਨੂੰ ਖ਼ੁਸ਼ੀ[16] ਪਰਾਪਤ ਹੋ ਗਈ ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਉਮਕਿਓ[17] ਹੀਓ[18] ਮਿਲਨ ਪ੍ਰਭ ਤਾਈ ॥	Desire has welled up[17] in my mind[18] to meet my Lord.	ਆਪਣੇ ਸੁਆਮੀ ਨੂੰ ਮਿਲਣ ਲਈ ਮੇਰੇ ਚਿੱਤ[18] ਵਿਚ ਖ਼ਾਹਿਸ਼ ਉਤਪੰਨ ਹੋ ਗਈ[17] ਹੈ ।
ਖੋਜਤ[19] ਚਰਿਓ ਦੇਖਿਓ[20] ਪ੍ਰਿਅ[21] ਜਾਈ[22] ॥	I go[22] out to search[19] and see[20] my dear Spouse[21].	ਮੈਂ ਆਪਣੇ ਪਿਆਰੇ ਪਤੀ[21] ਨੂੰ ਭਾਲਣ[19] ਅਤੇ ਵੇਖਣ[20] ਲਈ ਬਾਹਰ ਜਾਂਦੀ[22] ਹਾਂ ।
ਸੁਨਤ ਸਦੇਸਰੋ[23] ਪ੍ਰਿਅ[24] ਗ੍ਰਿਹਿ[25] ਸੇਜ[26] ਵਿਛਾਈ ॥	Hearing my Beloved's[24] message[23], I have spread out the couch[26] in my home[25].	ਆਪਣੇ ਪ੍ਰੀਤਮ ਦਾ[24] ਸੁਨੇਹਾ[23] ਸੁਣ ਕੇ, ਮੈਂ ਆਪਣੇ ਘਰ[25] ਵਿਚ ਪਲੰਘ[26] ਵਿਛਾਇਆ ਹੈ ।
ਭ੍ਰਮਿ ਭ੍ਰਮਿ[27] ਆਇਓ[28] ਤਉ[29] ਨਦਰਿ[30] ਨ ਪਾਈ ॥ ੧ ॥	Roaming and rambling[27] I returned[28] and even then[29] I saw[30] my Spouse not.	ਭੌਂ ਭਟਕ ਕੇ[27] ਮੈਂ ਮੁੜ ਆਈ[28] ਤਦ[29] ਭੀ ਮੈਨੂੰ ਮੇਰਾ ਕੰਤ ਨਜ਼ਰ[30] ਨਾ ਪਿਆ ।
ਕਿਨ ਬਿਧਿ[31] ਹੀਅਰੋ[32] ਧੀਰੈ[33] ਨਿਮਾਨੋ[34] ॥	In what way[31] can this poor[34] soul[32] of mine take courage[33] ?	ਕਿਸ ਤਰੀਕੇ[31] ਨਾਲ ਮੇਰੀ ਇਹ ਗਰੀਬ[34] ਜਿੰਦੜੀ[32] ਹੌਸਲਾ[33] ਧਾਰ ਸਕਦੀ ਹੈ ?

ਮਿਲੁ[37] ਸਾਜਨ[35] ਹਉ ਤੁਝੁ ਕੁਰਬਾਨੋ[36] ॥੧॥ ਰਹਾਉ ॥	Meet[37] me, O my Friend[35]. I am a sacrifice[36] unto Thee. Pause.	ਮੈਨੂੰ ਦਰਸ਼ਨ ਦੇ[37] ਹੇ ਮੇਰੇ ਮਿੱਤਰ[35] ! ਮੈਂ ਤੇਰੇ ਉਤੋਂ ਘੋਲੀ[36] ਜਾਂਦੀ ਹਾਂ । ਠਹਿਰਾਉ ।
ਏਕਾ ਸੇਜ ਵਿਛੀ[38] ਧਨ[39] ਕੰਤਾ[40] ॥	The same one bed[38] is spread for the bride[39] and her Bridegroom[40].	ਪਤਨੀ[39] ਅਤੇ ਉਸ ਦੇ ਪਤੀ[40] ਲਈ ਇਕੋ ਹੀ ਸੇਜ[38] ਵਿਛੀ ਹੋਈ ਹੈ ।
ਧਨ ਸੂਤੀ[41] ਪਿਰੁ ਸਦ[42] ਜਾਗੰਤਾ[43] ॥	The bride is asleep[41] and the Groom is [42]ever-awake[43].	ਪਤਨੀ ਸੁੱਤੀ ਪਈ[41] ਹੈ ਅਤੇ ਪਤੀ ਹਮੇਸ਼ਾ[42] ਹੀ ਜਾਗਦਾ[43] ਹੈ ।
ਪੀਓ[44] ਮਦਰੋ[45] ਧਨ ਮਤਵੰਤਾ[46] ॥	The wife is intoxicated[46] as if she has taken[44] wine[45].	ਵਹੁਟੀ ਮਤਵਾਲੀ[46] ਹੋਈ ਹੋਈ ਹੈ, ਜਿਸ ਤਰ੍ਹਾਂ ਕਿ ਉਸ ਨੇ ਸ਼ਰਾਬ[45] ਪੀਤੀ ਹੋਈ[44] ਹੈ ।
ਧਨ ਜਾਗੈ ਜੇ[47] ਪਿਰੁ ਬੋਲੰਤਾ[48] ॥੨॥	The wife awakes from slumber, if[47] the Groom gives her a call[48].	ਵਹੁਟੀ ਨੀਂਦ੍ਰ ਤੋਂ ਜਾਗ ਉਠਦੀ ਹੈ, ਜੇਕਰ[47] ਪਤੀ ਉਸ ਨੂੰ ਹੋਕਰਾ[48] ਮਾਰੇ ।
ਭਈ ਨਿਰਾਸੀ[49] ਬਹੁਤੁ[50] ਦਿਨ ਲਾਗੇ[51] ॥	Many[50] days have passed[51] and the bride has become hopeless[49].	ਬੜੇ[50] ਦਿਹਾੜੇ ਬੀਤ ਗਏ[51] ਹਨ ਅਤੇ ਪਤਨੀ ਨਾ-ਉਮੀਦ[49] ਹੋ ਗਈ ਹੈ ।
ਦੇਸ[52] ਦਿਸੰਤਰ[53] ਮੈ ਸਗਲੇ[54] ਝਾਗੇ[55] ॥	I have wandered[55] through all[54] the countries[52] and foreign lands[53].	ਮੈਂ ਸਾਰਿਆਂ[54] ਮੁਲਕਾਂ[52] ਅਤੇ ਪ੍ਰਦੇਸਾਂ[53] ਦਾ ਚੱਕਰ[55] ਕੱਟਿਆ ਹੈ ।
ਖਿਨੁ[56] ਰਹਨੁ ਨ ਪਾਵਉ ਬਿਨੁ[57] ਪਗ[58] ਪਾਗੇ[59] ॥	I can live not even for an instant[56] without[57] merging in love[59] in my Lord's feet[58].	ਮੈਂ ਆਪਣੇ ਸਾਂਈਂ ਦੇ ਪੈਰਾਂ[58] ਦੇ ਪਿਆਰ[59] ਵਿਚ ਲੀਨ ਹੋਣ ਬਗੈਰ[57] ਇਕ ਮੁਹਤ[56] ਭੀ ਨਹੀਂ ਰਹਿ ਸਕਦੀ ।
ਹੋਇ ਕ੍ਰਿਪਾਲੁ[60] ਪ੍ਰਭ ਮਿਲਹ ਸਭਾਗੇ[61] ॥੩॥	Becoming merciful[60], if my Lord meets me, I shall be very fortunate[61].	ਮਿਹਰਬਾਨ[60] ਹੋ ਕੇ, ਜੇਕਰ ਮੇਰਾ ਮਾਲਕ ਮੈਨੂੰ ਮਿਲ ਪਵੇ ਤਾਂ ਮੈਂ ਬੜੀ ਭਾਗਾਂ ਵਾਲੀ[61] ਹੋਵਾਂਗੀ ।
ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ[62] ॥	Becoming compassionate, the Lord has united[62] me with the saints society.	ਮਇਆਵਾਨ ਹੋ ਕੇ ਸੁਆਮੀ ਨੇ ਮੈਨੂੰ ਸਾਧ ਸੰਗਤ ਨਾਲ ਜੋੜ ਦਿੱਤਾ[62] ਹੈ ।
ਬੂਝੀ[63] ਤਪਤਿ[64] ਘਰਹਿ[65] ਪਿਰੁ[66] ਪਾਇਆ ॥	My fire[64] is quenched[63] and in my home[65] I have obtained my Beloved[66].	ਮੇਰੀ ਜਲਨ[64] ਬੁਝ ਗਈ[63] ਹੈ ਅਤੇ ਮੈਂ ਆਪਣੇ ਘਰ[65] ਵਿਚ ਹੀ ਆਪਣੇ ਪ੍ਰੀਤਮ[66] ਨੂੰ ਪਾ ਲਿਆ ਹੈ ।
ਸਗਲ ਸੀਗਾਰ[67] ਹੁਣਿ[68] ਮੁਝਹਿ ਸੁਹਾਇਆ[69] ॥	All the decorations[67] now[68] become[69] me.	ਸਾਰੇ ਹਾਰ ਸ਼ਿੰਗਾਰ[67] ਹੁਣ[68] ਮੈਨੂੰ ਸੁਹਣੇ[69] ਲੱਗਦੇ ਹਨ ।
ਕਹੁ ਨਾਨਕ ਗੁਰਿ ਭਰਮੁ[70] ਚੁਕਾਇਆ[71] ॥ ੪ ॥	Says Nanak, the Guru has dispelled[71] my doubt[70].	ਗੁਰੂ ਜੀ ਆਖਦੇ ਹਨ, ਗੁਰਾਂ ਨੇ ਮੇਰਾ ਸੰਦੇਹ[70] ਦੂਰ ਕਰ ਦਿੱਤਾ[71] ਹੈ ।
ਜਹ[72] ਦੇਖਾ ਤਹ[73] ਪਿਰੁ[74] ਹੈ ਭਾਈ[75] ॥	Wherever[72] I see, there[73] I find my Love[74], O brother[75].	ਜਿਥੇ ਕਿਤੇ[72] ਮੈਂ ਵੇਖਦਾ ਹਾਂ, ਉਥੇ[73] ਹੀ ਮੇਰਾ ਪ੍ਰੀਤਮ[74] ਹੈ, ਹੇ ਵੀਰ[75] !
੭੩੮	738	੭੩੮
ਖੋਲਿਓ ਕਪਾਟੁ[76] ਤਾ[77] ਮਨੁ ਠਹਰਾਈ[78] ॥ ੧ ॥ ਰਹਾਉ ਦੂਜਾ ॥ ੫ ॥	When the Guru opens the door[76], then[77] is the mind restrained[78]. Pause 2nd.	ਜਦ ਗੁਰੂ ਜੀ ਦਰਵਾਜ਼ਾ[76] ਖੋਲ੍ਹ ਦਿੰਦੇ ਹਨ, ਤਦ[77] ਮਨੂਆ ਰੋਕ ਲਿਆ[78] ਜਾਂਦਾ ਹੈ । ਠਹਿਰਾਉ ਦੂਜਾ ।

ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਕਿਆ[79] ਗੁਣ[80] ਤੇਰੇ ਸਾਰਿ ਸਮਾਲੀ[81] ਮੋਹਿ ਨਿਰਗੁਨ[82] ਕੇ ਦਾਤਾਰੇ[83] ॥	What[79] merits[80] of Thine should I recount[81] ? Thou art Beneficent Lord[83] of me, the meritless[82] one.	ਮੈਂ ਤੇਰੀਆਂ ਕਿਹੜੀਆਂ[79] ਕਿਹੜੀਆਂ ਖ਼ੂਬੀਆਂ[80] ਵਰਣਨ ਕਰਾਂ[81] ? ਤੂੰ, ਮੈਂ ਨੇਕੀ-ਵਿਹੂਣ[82] ਦਾ ਉਦਾਰ ਚਿੱਤ ਸਾਹਿਬ[83] ਹੈਂ।
ਬੈ ਖਰੀਦ[84] ਕਿਆ[89] ਕਰੇ ਚਤੁਰਾਈ[85] ਇਹੁ ਜੀਉ[86] ਪਿੰਡੁ[87] ਸਭੁ ਥਾਰੇ[88] ॥੧॥	I am the purchased[84] slave of Thine. What[89] cleverness[85] can I play with Thee ? This soul[86] and body[87] of mine are all Thine[88].	ਮੈਂ ਤੇਰਾ ਮੁੱਲ ਲਿਆ[84] ਹੋਇਆ ਗ਼ੁਲਾਮ ਹਾਂ। ਮੈਂ ਤੇਰੇ ਨਾਲ ਕੀ[89] ਚਾਲਾਕੀ[85] ਕਰ ਸਕਦਾ ਹਾਂ ? ਮੇਰੀ ਇਹ ਜਿੰਦੜੀ[86] ਤੇ ਦੇਹ[87] ਸਮੂਹ ਤੇਰੀਆਂ[88] ਹਨ।
ਲਾਲ[90] ਰੰਗੀਲੇ[91] ਪ੍ਰੀਤਮ[92] ਮਨਮੋਹਨ[93] ਤੇਰੇ ਦਰਸਨ[94] ਕਉ ਹਮ[95] ਬਾਰੇ[96] ॥੧॥ ਰਹਾਉ ॥	O my darling[90], blissful[91], and fascinating[93] Beloved[92], unto Thine vision[94] I[95] am a sacrifice[96]. Pause.	ਹੇ ਮੇਰੇ ਪਿਆਰੇ[90] ! ਖ਼ੁਸ਼ਬਾਸ਼[91] ਅਤੇ ਚਿੱਤ ਮੋਹ ਲੈਣ ਵਾਲੇ[93] ਦਿਲਬਰ[92], ਤੇਰੇ ਦੀਦਾਰ[94] ਉਤੋਂ ਮੈਂ[95] ਘੋਲੀ[96] ਜਾਂਦਾ ਹਾਂ। ਠਹਿਰਾਉ।
ਪ੍ਰਭੁ ਦਾਤਾ[97] ਮੋਹਿ[98] ਦੀਨੁ[99] ਭੇਖਾਰੀ[100] ਤੁਮ ਸਦਾ ਸਦਾ[2] ਉਪਕਾਰੇ[3] ॥	Thou art my Bountiful[97] Lord and I[98] am a poor[99] mumper[100] of Thine. Ever[2],ever Thou art beneficent[3]to me.	ਤੂੰ ਮੇਰਾ ਸਖ਼ੀ[97] ਸਾਹਿਬ ਹੈਂ ਅਤੇ ਮੈਂ[98] ਤੇਰਾ ਮਸਕੀਨ[99] ਮੰਗਤਾ[100] ਹਾਂ। ਹਮੇਸ਼ਾਂ[2], ਹਮੇਸ਼ਾ ਹੀ ਤੂੰ ਮੇਰਾ ਭਲਾ ਕਰਨਹਾਰ[3] ਹੈਂ।
ਸੋ ਕਿਛੁ ਨਾਹੀ ਜਿ ਮੈ ਤੇ ਹੋਵੈ ਮੇਰੇ ਠਾਕੁਰ[4] ਅਗਮ[5] ਅਪਾਰੇ[6] ॥ ੨ ॥	By my ownself, I can do but nothing, O my Unapproachable[5]and Infinite[6] Lord[4].	ਆਪਣੇ ਆਪ ਮੈਂ ਕੁਝ ਭੀ ਨਹੀਂ ਕਰ ਸਕਦਾ, ਹੇ ਮੇਰੇ ਪਹੁੰਚ ਤੋਂ ਪਰੇ[5] ਅਤੇ ਬੇਅੰਤ[6] ਸੁਆਮੀ[4]।
ਕਿਆ ਸੇਵ[7] ਕਮਾਵਉ ਕਿਆ ਕਹਿ[8] ਰੀਝਾਵਉ[9] ਬਿਧਿ[10] ਕਿਤੁ[12] ਪਾਵਉ ਦਰਸਾਰੇ[13] ॥	What service[7] shall I render Thee ? What should I say[8] to please[9]Thee ? In what[12] way[10] can I see Thy vision[13], O my Lord ?	ਮੈਂ ਤੇਰੀ ਕੀ ਟਹਿਲ[7] ਕਮਾਵਾਂ ? ਮੈਂ ਕੀ ਆਖ[8] ਕੇ ਤੈਨੂੰ ਪਰਸੰਨ[9] ਕਰਾਂ ? ਕਿਸ[12] ਤਰੀਕੇ[10] ਨਾਲ ਮੈਂ ਤੇਰਾ ਦਰਸ਼ਨ[13] ਕਰ ਸਕਦਾ ਹਾਂ, ਹੇ ਸਾਹਿਬ ?
ਮਿਤਿ[14] ਨਹੀ ਪਾਈਐ[20] ਅੰਤੁ[15] ਨ ਲਹੀਐ[16] ਮਨੁ[17] ਤਰਸੈ[18] ਚਰਨਾਰੇ[19] ॥੩॥	Thy extent[14] can be ascertained[20] not. Thine limit[15]cannot be found[16]. My soul[17] longs for[18] Thine feet[19].	ਤੇਰਾ ਵਿਸਥਾਰ[14] ਪਾਇਆ[20] ਨਹੀਂ ਜਾ ਸਕਦਾ। ਤੇਰਾ ਹੱਦ-ਬੰਨਾ[15] ਲੱਭਦਾ[16] ਨਹੀਂ। ਮੇਰੀ ਜਿੰਦੜੀ[17] ਤੇਰੇ ਚਰਨਾਂ[19] ਨੂੰ ਲੋਚਦੀ[18] ਹੈ।
ਪਾਵਉ[20*] ਦਾਨੁ[21] ਢੀਠੁ[22] ਹੋਇ ਮਾਗਉ[23] ਮੁਖਿ[24] ਲਾਗੈ[25] ਸੰਤ ਰੇਨਾਰੇ[26] ॥	Becoming presistent[22] I pray[23] to obtain[20*] this gift[21] that the dust[26] of the saints' feet be applied[25] to my face[24].	ਮੈਂ ਦ੍ਰਿੜ੍ਹ ਹੋ[22] ਇਸ ਦਾਤ[21] ਦੀ ਪਰਾਪਤੀ[20*] ਲਈ ਪ੍ਰਾਰਥਨਾ[23] ਕਰਦਾ ਹਾਂ ਕਿ ਸਾਧੂਆਂ ਦੀ ਚਰਨ ਧੂੜ[26] ਮੇਰੇ ਚਿਹਰੇ[24] ਨੂੰ ਲੱਗ[25]।
ਜਨ[27] ਨਾਨਕ ਕਉ ਗੁਰਿ ਕਿਰਪਾ[28] ਧਾਰੀ[29] ਪ੍ਰਭਿ ਹਾਥ[30] ਦੇਇ[31] ਨਿਸਤਾਰੇ[32] ॥੪॥੬॥	The Guru has extended[29] mercy[28] to his attendant[27] Nanak and lending[31] him His hand[30] the Lord has delivered[32] him.	ਗੁਰੂ ਜੀ ਨੇ ਆਪਣੇ ਸੇਵਕ[27] ਨਾਨਕ ਉਤੇ ਰਹਿਮਤ[28] ਕੀਤੀ[29] ਹੈ ਅਤੇ ਆਪਣਾ ਹੱਥ[30] ਦੇ ਕੇ[31] ਸਾਹਿਬ ਨੇ ਉਸ ਦਾ ਪਾਰ ਉਤਾਰਾ ਕਰ ਦਿੱਤਾ[32] ਹੈ।

ਸੂਹੀ ਮਹਲਾ ੫ ਘਰੁ ੩	Suhi 5th Guru	ਸੂਹੀ ਪੰਜਵੀਂ ਪਾਤਸ਼ਾਹੀ, ਘਰੁ ੩ ॥
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਸੇਵਾ[33] ਥੋਰੀ[34] ਮਾਗਨੁ[35] ਬਹੁਤਾ[36] ॥	Paltry[34] is man's service[33] and great[36] his demand[35].	ਤੁੱਛ[34] ਹੈ ਇਨਸਾਨ ਦੀ ਘਾਲ[33] ਅਤੇ ਵੱਡੀ[36] ਹੈ ਉਸ ਦੀ ਮੰਗ[35]।
ਮਹਲੁ[37] ਨ ਪਾਵੈ ਕਹਤੋ[38] ਪਹੁਤਾ[39] ॥ ੧ ॥	He obtains not Lord's presence[37], but says[38] he has arrived[39] there.	ਉਸ ਨੂੰ ਸਾਹਿਬ ਦੀ ਹਜ਼ੂਰੀ[37] ਪਰਾਪਤ ਨਹੀਂ ਹੁੰਦੀ, ਪ੍ਰੰਤੂ ਉਹ ਆਖਦਾ[38] ਹੈ ਕਿ ਉਹ ਉਥੇ ਪੁੱਜ ਗਿਆ[39] ਹੈ।
ਜੋ ਪ੍ਰਿਅ[40] ਮਾਨੇ[41] ਤਿਨ[42] ਕੀ ਰੀਸਾ[43] ॥	He rivals[43] those[42], who are accepted[41] by the Beloved[40].	ਉਹ ਉਨ੍ਹਾਂ[42] ਦੀ ਬਰਾਬਰੀ ਕਰਦਾ[43] ਹੈ, ਜਿਨ੍ਹਾਂ ਨੂੰ ਪ੍ਰੀਤਮ[40] ਨੇ ਕਬੂਲ ਕਰ ਲਿਆ[41] ਹੈ।
ਕੂੜੇ[44] ਮੂਰਖ[45] ਕੀ ਹਾਠੀਸਾ[46] ॥੧॥ਰਹਾਉ॥	This is but the stubbornness[46] of the false[44] fool[45]. Pause	ਇਹ ਕੇਵਲ ਝੂਠੇ[44] ਬੇਵਕੂਫ[45] ਦਾ ਹਠ[46] ਹੈ। ਠਹਿਰਾਉ।
ਭੇਖ[47] ਦਿਖਾਵੈ[48] ਸਚੁ ਨ ਕਮਾਵੈ ॥	He ostensibly wears[48] the religious garb[47], but practises not Truth.	ਧਾਰਮਕ ਲਿਬਾਸ[47] ਉਹ ਵਿਖਾਵੇ ਲਈ ਪਹਿਨਦਾ[48] ਹੈ ਪ੍ਰੰਤੂ ਸੱਚ ਦੀ ਕਮਾਈ ਨਹੀਂ ਕਰਦਾ।
ਕਹਤੋ[49] ਮਹਲੀ[50] ਨਿਕਟਿ[51] ਨ ਆਵੈ[52] ॥੨॥	Though he so alleges[49] but he can draw[52] not near[51] the Lord's mansion[50].	ਭਾਵੇਂ ਉਹ ਇਸ ਤਰ੍ਹਾਂ ਆਖਦਾ[49] ਹੈ ਪ੍ਰੰਤੂ ਸੁਆਮੀ ਦੇ ਮੰਦਰ[50] ਦੇ ਉਹ ਨੇੜੇ[51] ਭੀ ਨਹੀਂ ਲੱਗ[52] ਸਕਦਾ।
ਅਤੀਤ[53] ਸਦਾਏ[54] ਮਾਇਆ[55] ਕਾ ਮਾਤਾ[56] ॥	He is absorbed[56] in mammon[55] and calls[54] himself a detached one[53].	ਉਹ ਧਨ ਦੌਲਤ[55] ਵਿਚ ਲੀਨ ਹੋਇਆ ਹੋਇਆ[56] ਹੈ ਅਤੇ ਆਪਣੇ ਆਪ ਨੂੰ ਵਿਰੱਕਤ[53] ਅਖਵਾਉਂਦਾ[54] ਹੈ।
ਮਨਿ ਨਹੀ ਪ੍ਰੀਤਿ[57] ਕਹੈ[58] ਮੁਖਿ[59] ਰਾਤਾ[60] ॥੩॥	With no love[57] in his heart he utters[58] with his mouth[59]; "I am imbued[60] with the Lord".	ਆਪਣੇ ਦਿਲ ਅੰਦਰ ਪਿਆਰ[57] ਨਾ ਹੁੰਦਿਆਂ ਹੋਇਆਂ ਉਹ ਮੂੰਹ[59] ਤੋਂ ਆਖਦਾ[58] ਹੈ "ਮੈਂ ਸਾਈਂ ਨਾਲ ਰੰਗਿਆ[60] ਹੋਇਆ ਹਾਂ"।
ਕਹੁ ਨਾਨਕ ਪ੍ਰਭ ਬਿਨਉ[61] ਸੁਨੀਜੈ ॥ ਕੁਚਲੁ[62] ਕਠੋਰੁ[63] ਕਾਮੀ[64] ਮੁਕਤੁ[65] ਕੀਜੈ ॥੪॥	Says Nanak, hear my supplication[61] O Lord, and emancipate[65] me, the filthy[62], relentless[63] and lustful[64] one.	ਗੁਰੂ ਜੀ ਫੁਰਮਾਉਂਦੇ ਹਨ, ਹੇ ਸੁਆਮੀ! ਮੇਰੀ ਬੇਨਤੀ[61] ਸੁਣ ਅਤੇ ਮੈਂ, ਗੰਦੇ[62], ਨਿਰਦਈ[63] ਅਤੇ ਵਿਸ਼ਈ[64] ਨੂੰ ਮੁਕਤ ਕਰ[65] ਦਿਓ।
ਦਰਸਨ[66] ਦੇਖੇ ਕੀ ਵਡਿਆਈ[67] ॥ ਤੁਮ ਸੁਖ ਦਾਤੇ[68] ਪੁਰਖ[69] ਸੁਭਾਈ[70] ॥੧॥ਰਹਾਉ ਦੂਜਾ॥੧॥੭॥	Such is the glory[67] of seeing Thine vision[66]. O Lord[69], Thou art the comforter[68] and well-wisher[70] of mine. Pause second.	ਇਹੋ ਜਿਹੀ ਹੈ ਪ੍ਰਭਤਾ[67] ਤੇਰਾ ਦੀਦਾਰ[66] ਵੇਖਣ ਦੀ। ਹੇ ਪ੍ਰਭੂ[69]! ਤੂੰ ਮੈਨੂੰ ਆਰਾਮ ਦੇਣ ਵਾਲਾ[68] ਅਤੇ ਮੇਰਾ ਸ਼ੁਭ-ਚਿੰਤਕ[70] ਹੈਂ। ਠਹਿਰਾਉ ਦੂਜਾ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਬੁਰੇ[71] ਕਾਮ[72] ਕਉ ਉਠਿ ਖਲੋਇਆ[73] ॥ ਨਾਮ ਕੀ ਬੇਲਾ[74] ਪੈ ਪੈ[75] ਸੋਇਆ[76] ॥ ੧ ॥	The mortal rises[73] early for evil[71] deeds[72], when it is the time[74] to contemplate the Lord's Name, he leisurely[75] sleeps[76].	ਮੰਦੇ[71] ਅਮਲਾਂ[72] ਵਾਸਤੇ ਪ੍ਰਾਣੀ ਉਠ ਖੜਾ ਹੁੰਦਾ[73] ਹੈ, ਜਦ ਸਾਹਿਬ ਦੇ ਨਾਮ ਦਾ ਸਿਮਰਨ ਕਰਨ ਦਾ ਸਮਾ[74] ਹੁੰਦਾ ਹੈ, ਉਹ ਲੰਮੀਆਂ ਤਾਣ ਕੇ[75] ਸੌਂਦਾ[76] ਹੈ।

ਅਉਸਰੁ[77] ਅਪਨਾ ਬੂਝੈ[78] ਨ ਇਆਨਾ[79] ॥	The ignorant[79] person[76] realises[78] not his opportunity[77].	ਬੇਸਮਝ[79] ਪੁਰਸ਼[76] ਆਪਣੇ ਮੌਕੇ[77] ਨੂੰ ਅਨੁਭਵ[78] ਨਹੀਂ ਕਰਦਾ ।
ਮਾਇਆ[80] ਮੋਹ[81] ਰੰਗਿ[82] ਲਪਟਾਨਾ[83] ॥੧॥ ਰਹਾਉ॥	He is engrossed[83] in worldly[80] love[81] and revelments[82]. Pause.	ਉਹ ਸੰਸਾਰੀ[80] ਮਮਤਾ[81] ਅਤੇ ਰੰਗ-ਰਲੀਆਂ[82] ਅੰਦਰ ਖਚਤ ਹੋਇਆ ਹੋਇਆ[83] ਹੈ । ਠਹਿਰਾਉ ।
ਲੋਭ[84] ਲਹਰਿ[85] ਕਉ ਬਿਗਸਿ[86] ਫੂਲਿ[87] ਬੈਠਾ[88]॥	In the midst of the waves[85] of avarice[84], he sits[88] elated[86] and puffed up[87]	ਲਾਲਚ[84] ਦੀਆਂ ਤਰੰਗਾਂ[85] ਅੰਦਰ ਉਹ ਪ੍ਰਸੰਨ[86] ਹੋ ਫੂਲ ਫੂਲ[87] ਬਹਿੰਦਾ[88] ਹੈ ।
ਸਾਧ ਜਨਾ[89] ਕਾ ਦਰਸੁ[90] ਨ ਡੀਠਾ[91] ॥੨॥	He sees[91] not the vision[90] of the pious persons[89].	ਪਵਿੱਤਰ ਪੁਰਸ਼ਾਂ[89] ਦਾ ਉਹ ਦੀਦਾਰ[90] ਨਹੀਂ ਵੇਖਦਾ[91] ।
ਕਬਹੂ[92] ਨ ਸਮਝੈ[93] ਅਗਿਆਨੁ[94] ਗਵਾਰਾ[95] ॥	The ignorant[94] clown[95] understands[93] not ever[92].	ਬੇਵਕੂਫ[94] ਵਹਿਸ਼ੀ[95] ਕਦੇ[92] ਭੀ ਸੋਝੀ[93] ਨਹੀਂ ਫੜਦਾ ।
ਬਹੁਰਿ[96] ਬਹੁਰਿ ਲਪਟਿਓ[97] ਜੰਜਾਰਾ[98] ॥੧॥ ਰਹਾਉ ॥	Again[96] and again, he is involved[97] in entanglements[98]. Pause	ਮੁੜ[96] ਮੁੜ ਕੇ ਉਹ ਝਮੇਲਿਆਂ[98] ਅੰਦਰ ਫਸਦਾ[97] ਹੈ । ਠਹਿਰਾਉ ।
ਬਿਖੈ[99] ਨਾਦ[100] ਕਰਨ[2] ਸੁਣਿ ਭੀਨਾ[3] ॥	He is pleased[3] to hear with his ears[2] the music[100] of sins[99].	ਆਪਣੇ ਕੰਨਾਂ[2] ਨਾਲ ਪਾਪ[99] ਦਾ ਰਾਗ[100] ਸੁਣ ਕੇ ਉਹ ਖ਼ੁਸ਼[3] ਹੁੰਦਾ ਹੈ ।
ਹਰਿ ਜਸੁ[4] ਸੁਨਤ ਆਲਸੁ[5] ਮਨਿ[6] ਕੀਨਾ ॥੩॥	His mind[6] lazes[5] to hear the Lord's praise[4].	ਪ੍ਰਭੂ ਦੀ ਕੀਰਤੀ[4] ਸੁਣਨ ਲਈ ਉਸ ਦਾ ਮਨੂਆ[6] ਸੁਸਤੀ ਕਰਦਾ[5] ਹੈ ।
ਦ੍ਰਿਸਟਿ[7] ਨਾਹੀ ਰੇ ਪੇਖਤ[8] ਅੰਧੇ[9] ॥	O blind man[9], seest[8] thou not with thine eyes[7].	ਹੇ ਅੰਨ੍ਹੇ ਮਨੁੱਖ[9] ! ਤੂੰ ਆਪਣੀਆਂ ਅੱਖਾਂ[7] ਨਾਲ ਵੇਖਦਾ[8] ਨਹੀਂ ।
ਛੋਡਿ[10] ਜਾਹਿ[14] ਝੂਠੇ[12] ਸਭਿ ਧੰਧੇ[13] ॥੧॥ ਰਹਾਉ ॥	Thou shalt leave[10] all these false[12] affairs[13] and depart[14]. Pause.	ਤੂੰ ਇਹ ਸਾਰੇ ਕੂੜੇ[12] ਕਾਰਵਿਹਾਰ[13] ਤਿਆਗ[10] ਕੇ ਟੁਰ[14] ਜਾਵੇਂਗਾ । ਠਹਿਰਾਉ ।
ਕਹੁ ਨਾਨਕ ਪ੍ਰਭ ਬਖਸ[15*] ਕਰੀਜੈ ॥ ਕਰਿ ਕਿਰਪਾ[16] ਮੋਹਿ ਸਾਧ ਸੰਗੁ ਦੀਜੈ[17]॥੪॥	Says Nanak, O Lord, take Thou pity[15*] on me and mercifully[16] bless[17] me with the society of saints.	ਗੁਰੂ ਜੀ ਆਖਦੇ ਹਨ, ਹੇ ਸੁਆਮੀ ! ਮੇਰੇ ਉਤੇ ਤਰਸ[15*] ਕਰ ਅਤੇ ਮਿਹਰ ਧਾਰ ਕੇ[16] ਮੈਨੂੰ ਸਤਿਸੰਗਤ ਦੀ ਦਾਤ ਬਖ਼ਸ਼[17] ।
ਤਉ[18] ਕਿਛੁ ਪਾਈਐ[20] ਜਉ[19] ਹੋਈਐ ਰੇਨਾ[21] ॥	Then[18] alone man obtains[20] something, when[19] he becomes the dust[21] of all men's feet.	ਆਦਮੀ ਨੂੰ ਕੇਵਲ ਉਦੋਂ[18] ਹੀ ਕੁਝ ਪਰਾਪਤ ਹੁੰਦਾ[20] ਹੈ ਜਦੋਂ[19] ਉਹ ਸਮੂਹ ਬੰਦਿਆਂ ਦੇ ਪੈਰਾਂ ਦੀ ਧੂੜ[21] ਹੋ ਜਾਂਦਾ ਹੈ ।
ਜਿਸਹਿ[22] ਬੁਝਾਏ[23] ਤਿਸੁ[24] ਨਾਮੁ ਲੈਨਾ[25] ॥੧॥ ਰਹਾਉ ॥੨॥੮॥	He[24], to whom[22] God gives understanding[23], utters[25] His Name. Pause.	ਜਿਸ[22] ਨੂੰ ਵਾਹਿਗੁਰੂ ਸਮਝ[23] ਬਖ਼ਸ਼ਦਾ ਹੈ, ਉਹ[24] ਹੀ ਉਸ ਦੇ ਨਾਮ ਦਾ ਉਚਾਰਨ ਕਰਦਾ[25] ਹੈ । ਠਹਿਰਾਉ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਘਰ[26] ਮਹਿ[27] ਠਾਕੁਰੁ ਨਦਰਿ[28] ਨ[29] ਆਵੈ ॥ ਗਲ[32] ਮਹਿ ਪਾਹਣੁ[30] ਲੈ ਲਟਕਾਵੈ[31] ॥ ੧ ॥	Within[27] his home[26], the man beholds[28] not[29] the Lord and suspends[31] a stone-god[30] round his neck[32].	ਆਪਣੇ ਗ੍ਰਿਹ[26] ਅੰਦਰ[27] ਇਨਸਾਨ ਪ੍ਰਭੂ ਨੂੰ ਵੇਖਦਾ[28] ਨਹੀਂ[29] ਅਤੇ ਆਪਣੀ ਗਰਦਨ[32] ਨਾਲ ਇਕ ਪੱਥਰ ਦਾ ਦੇਵ[30] ਲਟਕਾ ਲੈਂਦਾ[31] ਹੈ ।

੭੩੯	739	੭੩੯
ਭਰਮੇ[33] ਭੂਲਾ[34] ਸਾਕਤੁ[35] ਫਿਰਤਾ[36] ॥	The mammon-worshipper[35] wanders[36] astray[34] in doubt[33].	ਮਾਇਆ ਦਾ ਪੁਜਾਰੀ[35] ਸ਼ੱਕ ਸ਼ੁਭੇ[33] ਅੰਦਰ ਭੁੱਲਿਆ[34] ਫਿਰਦਾ[36] ਹੈ।
ਨੀਰੁ[37] ਬਿਰੋਲੈ[38] ਖਪਿ ਖਪਿ[39] ਮਰਤਾ[40] ॥੧॥ਰਹਾਉ॥	He churns[38] water[37] and dies[40] in agony[39]. Pause.	ਉਹ ਪਾਣੀ[37] ਰਿੜਕਦਾ[38] ਹੈ ਅਤੇ ਤਕਲੀਫ਼[39] ਅੰਦਰ ਮਰਦਾ[40] ਹੈ। ਠਹਿਰਾਉ।
ਜਿਸੁ ਪਾਹਣ[41] ਕਉ ਠਾਕੁਰੁ[42] ਕਹਤਾ[43] ॥ਓਹੁ[44] ਪਾਹਣੁ ਲੈ[46] ਉਸ ਕਉ ਡੁਬਤਾ[45] ॥੨॥	The stone[41] which he calls[43] his god[42]; that stone[44] drowns[45] him alongwith[46] itself.	ਜਿਹੜੇ ਪੱਥਰ[41] ਨੂੰ ਉਹ ਆਪਣਾ ਦੇਵਤਾ[42] ਆਖਦਾ[43] ਹੈ, ਉਹ ਪੱਥਰ[44] ਹੀ ਉਸ ਨੂੰ ਲੈ ਕੇ[46] ਡੁਬ ਜਾਂਦਾ[45] ਹੈ।
ਗੁਨਹਗਾਰ[47] ਲੂਣ ਹਰਾਮੀ[43] ॥ਪਾਹਣ ਨਾਵ[48]* ਨ ਪਾਰਗਿਰਾਮੀ[49] ॥੩॥	O sinner[47], untrue to thy salt[48], it is not the boat[48]* of stone, that shall ferry[49] thee over.	ਹੇ ਲੂਣ ਖਾ ਕੇ ਹਰਾਮ[48] ਕਰਨ ਵਾਲੇ ਪਾਪੀ[47], ਪੱਥਰ ਦੀ ਬੇੜੀ[48]* ਨੇ ਤੈਨੂੰ ਪਾਰ[49] ਨਹੀਂ ਲੈ ਜਾਣਾ।
ਗੁਰ ਮਿਲਿ ਨਾਨਕ ਠਾਕੁਰੁ[50] ਜਾਤਾ[51] ॥	Meeting the Guru, I have known[51] my Lord[50], O Nanak.	ਗੁਰਾਂ ਨੂੰ ਮਿਲ ਕੇ ਮੈਂ ਆਪਣੇ ਸਾਈਂ[50] ਨੂੰ ਜਾਣ ਲਿਆ[51] ਹੈ, ਹੇ ਨਾਨਕ!
ਜਲਿ[52] ਥਲਿ[53] [54]ਮਹੀਅਲਿ[55] ਪੂਰਨ[56] ਬਿਧਾਤਾ[57] ॥੪॥੩॥੯॥	God the destiny scribe[57] is fully contained[56] in the water[52], dry land[53], nether regions[54] and sky[55].	ਕਿਸਮਤ ਦਾ ਲਿਖਾਰੀ[57] ਵਾਹਿਗੁਰੂ, ਪਾਣੀ[52], ਸੁੱਕੀ ਧਰਤੀ[53], ਪਾਤਾਲ[54] ਅਤੇ ਆਕਾਸ਼[55] ਵਿਚ ਪਰੀਪੂਰਨ ਹੋ ਰਿਹਾ[56] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਲਾਲਨੁ[58] ਰਾਵਿਆ[59] ਕਵਨ[60] ਗਤੀ[61] ਰੀ ॥	In what[60] way[61] hast thou enjoyed[59] thy Love[58]?	ਕਿਸ[60] ਤਰੀਕੇ[61] ਨਾਲ ਤੂੰ ਆਪਣੇ ਪ੍ਰੀਤਮ[58] ਨੂੰ ਮਾਣਿਆ[59] ਹੈ?
ਸਖੀ[62] ਬਤਾਵਹੁ[63] ਮੁਝਹਿ[64] ਮਤੀ[65] ਰੀ[66] ॥੧॥	O[66] my mate[62], give[63] me[64] thou thy counsel[65].	ਹੇ[66] ਮੇਰੀ ਸਹੇਲੀਏ[62]! ਤੂੰ ਮੈਨੂੰ[64] ਆਪਣੀ ਸਲਾਹ ਮਸ਼ਵਰਾ[65] ਦੱਸ[63]।
ਸੂਹਬ[67] ਸੂਹਬ ਸੂਹਵੀ ॥ ਅਪਨੇ ਪ੍ਰੀਤਮ[68] ਕੈ ਰੰਗਿ[69] ਰਤੀ[70] ॥੧॥ਰਹਾਉ॥	Crimson[67], crimson, crimson becomes the bride, who is dyed[70] with the love[69] of her Beloved[68]. Pause.	ਲਾਲ[67], ਲਾਲ, ਲਾਲ ਹੋ ਜਾਂਦੀ ਹੈ ਉਹ ਪਤਨੀ, ਜੋ ਆਪਣੇ ਪਿਆਰੇ[68] ਦੇ ਪ੍ਰੇਮ[69] ਨਾਲ ਰੰਗੀ ਹੋਈ[70] ਹੈ। ਠਹਿਰਾਉ।
ਪਾਵ[71] ਮਲੋਵਉ[72] ਸੰਗਿ[73] ਨੈਨ[74] ਭਤੀ[75] ਰੀ ॥	My Love, with[73] mine eye[74] lashes[75], I shampoo[72] Thine feet[71].	ਮੇਰਿਆ ਪਿਆਰਿਆ! ਆਪਣੀਆਂ ਅੱਖਾਂ[74] ਦੀਆਂ ਝਿਮਣੀਆਂ[75] ਨਾਲ[73] ਤੇਰੇ ਪੈਰ[71] ਮਲਦੀ[72] ਹਾਂ।
ਜਹਾ[76] ਪਠਾਵਹੁ[77] ਜਾਂਉ[78] ਤਤੀ ਰੀ[79] ॥੨॥	Whither[76] Thou sendest[77] me, thither[79] go[78] I.	ਜਿਥੇ[76] ਤੂੰ ਮੈਨੂੰ ਭੇਜਦਾ[77] ਹੈਂ, ਉਥੇ[79] ਹੀ ਮੈਂ ਜਾਂਦੀ[78] ਹਾਂ।
ਜਪ[80] ਤਪ[81] ਸੰਜਮ[82] ਦੇਉ[83] ਜਤੀ ਰੀ[84] ॥ ਇਕ ਨਿਮਖ[85] ਮਿਲਾਵਹੁ ਮੋਹਿ[86] ਪ੍ਰਾਨ[87] ਪਤੀ[88] ਰੀ ॥੩॥	I shall barter away[83] my worship[80], penance[81], self-discipline[82] and celibacy[84] to Him. Make me[86] meet the Lord[88] of my life[87] even for a moment[85].	ਮੈਂ ਆਪਣੀ ਪੂਜਾ[80], ਤਪੱਸਿਆ[81], ਸਵੈ-ਜ਼ਬਤ[82] ਅਤੇ ਜਤ ਸਤ[84] ਉਸ ਨੂੰ ਦੇ ਦੇਵਾਂਗੀ[83]। ਇਕ ਮੁਹਤ[85] ਲਈ ਭੀ ਮੈਨੂੰ[86] ਮੇਰੀ ਜਿੰਦ-ਜਾਨ[87] ਦੇ ਸੁਆਮੀ[88] ਨਾਲ ਮਿਲਾ ਦਿਓ।

ਮਾਣੁ[89] ਤਾਣੁ[90] [91]ਅਹੰਬੁਧਿ[92] ਹਤੀ ਰੀ[93] ॥ ਸਾ[94] ਨਾਨਕ ਸੋਹਾਗਵਤੀ[95] ਰੀ ॥੪॥੪॥੧੦॥	She[94] alone, O Nanak, is the chaste bride[95] of her Spouse, who effaces[93] her sense of self-honour[89], power[90] and arrogant[91] intellect[92].	ਕੇਵਲ ਓਹੀ[94], ਹੇ ਨਾਨਕ ! ਆਪਣੇ ਪਤੀ ਦੀ ਸਤਿਵੰਤੀ ਪਤਨੀ[95] ਹੈ, ਜੋ ਆਪਣੀ ਸਵੈ-ਇੱਜ਼ਤ[89], ਤਾਕਤ[90] ਅਤੇ ਹੰਕਾਰੀ[91]-ਮੱਤ[92] ਨੂੰ ਮੇਟ ਸੁਟਦੀ[93] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਤੂੰ ਜੀਵਨੁ[96] ਤੂੰ ਪ੍ਰਾਨ[97] ਅਧਾਰਾ[98] ॥	Thou art my life[96] and Thou the prop[98] of my soul[97].	ਤੂੰ ਮੇਰੀ ਜਿੰਦ-ਜਾਨ[96] ਹੈਂ, ਤੇ ਤੂੰ ਹੀ ਮੇਰੀ ਆਤਮਾ[97] ਦਾ ਆਸਰਾ[98]।
ਤੁਝ ਹੀ ਪੇਖਿ[99] ਪੇਖਿ ਮਨੁ ਸਾਧਾਰਾ[100] ॥੧॥	Beholding[99], beholding Thee, O Lord, my soul is comforted[100].	ਤੈਨੂੰ ਵੇਖ[99], ਵੇਖ ਕੇ, ਹੇ ਸੁਆਮੀ ! ਮੇਰੀ ਆਤਮਾ ਆਸਰੇ-ਸਹਿਤ[100] ਹੋ ਜਾਂਦੀ ਹੈ।
ਤੂੰ ਸਾਜਨੁ[2] ਤੂੰ ਪ੍ਰੀਤਮੁ[3] ਮੇਰਾ ॥ ਚਿਤਹਿ[4] ਨ ਬਿਸਰਹਿ[5] ਕਾਹੂ ਬੇਰਾ[6] ॥੧॥ ਰਹਾਉ ॥	Thou art my Friend[2] and Thou my Beloved[3]. At no time[6] forget[5] I Thee in my mind[4]. Pause.	ਤੂੰ ਮੇਰਾ ਮਿੱਤਰ[2] ਹੈਂ ਅਤੇ ਤੂੰ ਹੀ ਮੇਰਾ ਦਿਲਬਰ[3]। ਮੈਂ ਕਿਸੇ ਵੇਲੇ[6] ਭੀ ਤੈਨੂੰ ਆਪਣੇ ਮਨੋਂ[4] ਨਹੀਂ ਭੁਲਾਉਂਦਾ[5]। ਠਹਿਰਾਉ।
ਬੈ ਖਰੀਦੁ[7] ਹਉ[8] ਦਾਸਰੋ[9] ਤੇਰਾ ॥	1[8] am the purchased[7] slave[9] of Thine.	ਮੈਂ[8] ਤੇਰਾ ਮੁੱਲ ਲਿਆ ਹੋਇਆ[7] ਗ਼ੁਲਾਮ[9] ਹਾਂ।
ਤੂੰ ਭਾਰੋ[10] ਠਾਕੁਰੁ ਗੁਣੀ[12] ਗਹੇਰਾ[13] ॥੨॥	Thou, O the Treasure[13] of excellences[12], art my Great[10] Lord.	ਹੇ ਚੰਗਿਆਈਆਂ[12] ਦੇ ਖ਼ਜ਼ਾਨੇ[13], ਤੂੰ ਮੇਰਾ ਵੱਡਾ[10] ਸੁਆਮੀ ਹੈਂ।
ਕੋਟਿ[14] ਦਾਸ[15] ਜਾ ਕੈ[16] ਦਰਬਾਰੇ[17] ॥	He in whose[16] court[17] there are millons[14] of saints[15],	ਜਿਸ ਦੀ[16] ਦਰਗਾਹ[17] ਅੰਦਰ ਕ੍ਰੋੜਾਂ[14] ਹੀ ਦਾਸ[15] ਹਨ,
ਨਿਮਖ ਨਿਮਖ[18] ਵਸੈ[19] ਤਿਨ ਨਾਲੇ ॥੩॥	He abides[19] with them every moment[18].	ਉਹ ਹਰ ਮੁਹਤ[18] ਉਨ੍ਹਾਂ ਦੇ ਨਾਲ ਰਹਿੰਦਾ[19] ਹੈ।
ਹਉ ਕਿਛੁ ਨਾਹੀ ਸਭੁ ਕਿਛੁ[20] ਤੇਰਾ ॥	I am nothing. Everything[20] is Thine, O Lord.	ਮੈਂ ਕੁਝ ਭੀ ਨਹੀਂ, ਸਭ ਕੁਝ[20] ਤੇਰਾ ਹੀ ਹੈ, ਹੇ ਸੁਆਮੀ !
ਓਤਿ[21] ਪੋਤਿ[22] ਨਾਨਕ ਸੰਗਿ[23] ਬਸੇਰਾ[24] ॥੪॥੫॥੧੧॥	Like warp[21] and woof[22], abidest[24] Thou, with[23] Nanak.	ਤਾਣੇ[21] ਪੇਟੇ[22] ਦੀ ਤਰ੍ਹਾਂ ਤੂੰ ਨਾਨਕ ਦੇ ਨਾਲ[23] ਵਸਦਾ[24] ਹੈਂ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਸੂਖ[25] ਮਹਲ[26] ਜਾ[27] ਕੇ ਊਚ ਦੁਆਰੇ[28] ॥	His[27] are comfortable[25] mansion[26] and high gates[28].	ਉਸ[27] ਦੇ ਹਨ ਸੁਖਦਾਈ[25] ਮੰਦਰ[26] ਅਤੇ ਉੱਚੇ ਦਰਵਾਜ਼ੇ[28]।
ਤਾ[29] ਮਹਿ[30] ਵਾਸਹਿ[31] ਭਗਤ[32] ਪਿਆਰੇ[33] ॥੧॥	Within[30] them[29] abide[31] the loved[38] saints[32] of God.	ਉਨ੍ਹਾਂ[29] ਵਿਚ[30] ਰੱਬ ਦੇ ਲਾਡਲੇ[33] ਸੰਤ[32] ਵਸਦੇ[31] ਹਨ।
ਸਹਜ[34] ਕਥਾ[35] ਪ੍ਰਭ ਕੀ ਅਤਿ[36] ਮੀਠੀ ॥	Very[36] sweet is the Lord's discourse[35] of equipoise[34].	ਪਰਮ[36] ਮਿੱਠੀ ਹੈ ਸੁਆਮੀ ਦੀ ਅਡੋਲਤਾ[34] ਦੀ ਧਰਮਵਾਰਤਾ[35]।
ਵਿਰਲੈ ਕਾਹੂ[37] ਨੇਤ੍ਰਹੁ[38] ਡੀਠੀ[39] ॥੧॥ ਰਹਾਉ ॥	Rare[37] is the person, who witnesses[39] it with his eyes[38]. Pause.	ਕੋਈ ਟਾਂਵਾਂ ਟੱਲਾ[37] ਪੁਰਸ਼ ਹੀ ਇਸ ਨੂੰ ਆਪਣੀਆਂ ਅੱਖਾਂ[38] ਨਾਲ ਵੇਖਦਾ[39] ਹੈ ਠਹਿਰਾਉ।
ਤਹ[40] ਗੀਤ[41] ਨਾਦ[42]	There[40] in the arena[43] of saints'	ਉਥੇ[40] ਸਤਿਸੰਗਤ[44] ਦੇ ਅਸਥਾਨ[43] ਵਿਚ ਇਲਾਹੀ

ਅਖਾਰੈ[43] ਸੰਗਾ[44] ॥	congregation[44], the Divine music[42] is sung[41].	ਕੀਰਤਨ[42] ਗਾਇਨ[41] ਕੀਤਾ ਜਾਂਦਾ ਹੈ।
ਊਹਾ[45] ਸੰਤ ਕਰਹਿ[47] ਹਰਿ ਰੰਗਾ[46] ॥੨॥	There[45] His saints make[47] merry[46] with their Lord.	ਉਥੇ[45] ਸਾਧੂ ਆਪਣੇ ਪ੍ਰਭੂ ਨਾਲ ਮੌਜਾਂ[46] ਮਾਣਦੇ[47] ਹਨ।
ਤਹ ਮਰਣੁ[49] ਨ ਜੀਵਣੁ[50] ਸੋਗੁ[51] ਨ ਹਰਖਾ[52] ॥	There is neither birth[50] and death[49], nor weal[52] and woe[51].	ਉਥੇ ਨਾ ਜੰਮਣਾ[50] ਅਤੇ ਮਰਨਾ[49] ਹੈ, ਨਾ ਹੀ ਖ਼ੁਸ਼ੀ[52] ਅਤੇ ਗ਼ਮੀ[51]।
ਸਾਚ ਨਾਮ ਕੀ ਅੰਮ੍ਰਿਤੁ[53] ਵਰਖਾ[54] ॥੩॥	There rains[54] the Nectar[53] of the Lord's True Name.	ਓਥੇ ਸਾਂਈਂ ਦੇ ਸੱਚੇ ਨਾਮ ਦਾ ਆਬਿ-ਹਿਯਾਤ[53] ਬਰਸਦਾ[54] ਹੈ।
ਗੁਹਜ[55] ਕਥਾ[56] ਇਹ ਗੁਰ ਤੇ[57] ਜਾਣੀ[58] ॥	This mysterious[55] discourse[56], I have known[58] from[57] the Guru.	ਇਸ ਗੁਪਤ[55] ਵਾਰਤਾ[56] ਦਾ ਮੈਨੂੰ ਗੁਰਾਂ ਪਾਸੋਂ[57] ਪਤਾ ਲੱਗਾ[58] ਹੈ।
ਨਾਨਕੁ ਬੋਲੈ[59] ਹਰਿ ਹਰਿ[60] ਬਾਣੀ[61] ॥੪॥੬॥੧੨॥	Nanak, utters[59] the Lord Master's[60] Word[61].	ਨਾਨਕ, ਪ੍ਰਭੂ ਪਰਮੇਸ਼ਰ ਦੀ[60] ਬਾਣੀ[61] ਉਚਾਰਨ ਕਰਦਾ[59] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਜਾ ਕੈ[62] ਦਰਸਿ[63] ਪਾਪ[64] ਕੋਟਿ[65] ਉਤਾਰੇ[66] ॥ਭੇਟਤ[67] ਸੰਗਿ[68] ਇਹੁ[69] ਭਵਜਲੁ[70] ਤਾਰੇ[71] ॥੧॥	They, through whose[62] vision[63] millions[65] of sins[64] are washed off[66] and meeting[67] with whose society[68], this dreadful[69] world-ocean[70] is crossed[71].	ਜਿਨ੍ਹਾਂ ਦੇ[62] ਦਰਸ਼ਨ[63] ਰਾਹੀਂ ਕ੍ਰੋੜਾਂ[65] ਹੀ ਕਸਮਲ[64] ਧੋਤੇ ਜਾਂਦੇ[66] ਹਨ ਅਤੇ ਜਿਨ੍ਹਾਂ ਦੀ ਸੰਗਤ[68] ਨਾਲ ਜੁੜਨ ਦੁਆਰਾ[67] ਇਸ ਡਰਾਉਣੇ[69] ਸੰਸਾਰ ਸਮੁੰਦਰ[70] ਤੋਂ ਪਾਰ[71] ਹੋ ਜਾਈਦਾ ਹੈ।
ਓਇ[72] ਸਾਜਨ[73] ਓਇ ਮੀਤ[74] ਪਿਆਰੇ[75] ॥ ਜੋ ਹਮ[76] ਕਉ ਹਰਿ ਨਾਮੁ ਚਿਤਾਰੇ[77] ॥੧॥ ਰਹਾਉ ॥	They[72] alone are my friends[73] and they alone the dear[75] intimates[74], who make me[76] remember[77] the God's Name. Pause.	ਕੇਵਲ ਓਹੀ[72] ਮੇਰੇ ਮਿੱਤ੍ਰ[73] ਹਨ ਅਤੇ ਉਹ ਹੀ ਲਾਡਲੇ[75] ਯਾਰ[74], ਜਿਹੜੇ ਮੇਰੇ[76] ਪਾਸੋਂ ਵਾਹਿਗੁਰੂ ਦੇ ਨਾਮ ਦਾ ਸਿਮਰਨ[77] ਕਰਵਾਉਂਦੇ ਹਨ। ਠਹਿਰਾਉ।
ਜਾ[78] ਕਾ ਸਬਦੁ[79] ਸੁਨਤ[80] ਸੁਖ ਸਾਰੇ ॥	The Lord alone is my Friend, by hearing[80] whose[78] Word[79] all the comforts are obtained;	ਕੇਵਲ ਪ੍ਰਭੂ ਹੀ ਮੇਰਾ ਮਿੱਤਰ ਹੈ, ਜਿਸ ਦੀ[78] ਬਾਣੀ[79] ਸ੍ਰਵਣ ਕਰਨ ਦੁਆਰਾ[80] ਸਮੂਹ ਆਰਾਮ ਪਰਾਪਤ ਹੋ ਜਾਂਦੇ ਹਨ;
ਜਾਕੀ ਟਹਲ[81] [82]ਜਮਦੂਤ[84] ਬਿਦਾਰੇ[83] ॥੨॥	Through whose service[81] the Death's[82]courier[84] are shunted off[83].	ਜਿਸ ਦੀ ਚਾਕਰੀ[81] ਰਾਹੀਂ ਮੌਤ[82] ਦੇ ਫ਼ਰਿਸ਼ਤੇ[84] ਪਰੇ ਹਟ ਜਾਂਦੇ[83] ਹਨ।
ਜਾ ਕਾ ਧੀਰਕ[85] ਇਸੁ ਮਨਹਿ[86] ਸਧਾਰੇ[87] ॥ ਜਾ ਕੈ ਸਿਮਰਣਿ[88] ਮੁਖ[89] ਉਜਲਾਰੇ[90] ॥੩॥	Whose consolation[85] lends support[87] to this soul[86] and by whose meditation[88] the countenance[89] becomes bright[90].	ਜਿਸ ਦਾ ਦਿਲਾਸਾ[85] ਇਸ ਆਤਮਾ[86] ਨੂੰ ਆਸਰਾ[87] ਦਿੰਦਾ ਹੈ ਅਤੇ ਜਿਸ ਦੀ ਬੰਦਗੀ[88] ਦੁਆਰਾ ਚਿਹਰਾ[89] ਰੋਸ਼ਨ[90] ਹੋ ਜਾਂਦਾ ਹੈ।
ਪ੍ਰਭਿ ਕੇ ਸੇਵਕ[91] ਪ੍ਰਭਿ ਆਪਿ[92] ਸਵਾਰੇ[93] ॥	The Lord's slaves[91], the Lord Himself[92] embellishes[93].	ਸਾਂਈਂ ਦੇ ਗੋਲਿਆਂ[91] ਨੂੰ ਸਾਂਈਂ ਖ਼ੁਦ[92] ਹੀ ਸ਼ਸ਼ੋਭਤ[93] ਕਰਦਾ ਹੈ।
ਸਰਣਿ[94] ਨਾਨਕ ਤਿਨ[95]	Nanak, seeks their protection[94] and	ਨਾਨਕ, ਉਨ੍ਹਾਂ ਦੀ ਪਨਾਹ[94] ਲੋੜਦਾ ਹੈ ਅਤੇ ਸਦੀਵ[95]

ਸਦ[96] ਬਲਿਹਾਰੇ[97]॥੪॥੭॥੧੩॥	is ever[96] a sacrifice[97] unto them[95].	ਹੀ ਉਨ੍ਹਾਂ[95] ਉਤੋਂ ਕੁਰਬਾਨ[97] ਜਾਂਦਾ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਰਹਣੁ[98] ਨ ਪਾਵਹਿ ਸੁਰਿ[99] ਨਰ[100] ਦੇਵਾ[2] ॥	The angelic[99] persons[100] and gods[2] are allowed not to stay[98].	ਦੈਵੀ[99] ਪੁਰਸ਼[100] ਅਤੇ ਦੇਵਤਿਆਂ[2] ਨੂੰ ਠਹਿਰਨ[98] ਦਿੱਤਾ ਨਹੀਂ ਜਾਂਦਾ।
ਊਠਿ[3] ਸਿਧਾਰੇ[4] ਕਰਿ ਮੁਨਿ ਜਨ[5] ਸੇਵਾ[6] ॥੧॥	Performing service[6], the silent sages[5] too get up[3] and depart[4].	ਟਹਿਲ[6] ਕਮਾ ਕੇ, ਖ਼ਾਮੋਸ਼ ਰਿਸ਼ੀ[5] ਭੀ ਖੜੇ[3] ਹੋ ਟੁਰ ਜਾਂਦੇ[4] ਹਨ।
੭੪੦	740	੭੪੦
ਜੀਵਤ[7] ਪੇਖੇ[8] ਜਿਨੀ ਹਰਿ[9] ਹਰਿ ਧਿਆਇਆ[10] ॥	Living[7] for ever are seen[8] the mortals who contemplate[10] their Lord Master[9].	ਸਦੀਵ ਹੀ ਜੀਉਂਦੇ[7] ਵੇਖੇ ਜਾਂਦੇ[8] ਹਨ, ਉਹ ਪ੍ਰਾਣੀ ਜੋ ਆਪਣੇ ਸੁਆਮੀ ਮਾਲਕ[9] ਦਾ ਸਿਮਰਨ[10] ਕਰਦੇ ਹਨ।
ਸਾਧ ਸੰਗਿ ਤਿਨੀ[12] ਦਰਸਨੁ[13] ਪਾਇਆ[14] ॥੧॥ ਰਹਾਉ॥	Through the saints' society, obtain[14] they[12] the Lord's vision[13]. Pause.	ਸਤਿ ਸੰਗਤ ਦੇ ਰਾਹੀਂ ਉਹ[12] ਸੁਆਮੀ ਦਾ ਦੀਦਾਰ[13] ਪਾ ਲੈਂਦੇ[14] ਹਨ। ਠਹਿਰਾਉ।
ਬਾਦਿਸਾਹ[15] ਸਾਹ[16] ਵਾਪਾਰੀ[17] ਮਰਨਾ ॥	The kings[15], the bankers[16] and the merchants[17] shall all die.	ਪਾਤਿਸ਼ਾਹ[15], ਸ਼ਾਹੂਕਾਰ[16] ਅਤੇ ਵਣਜਾਰੇ[17] ਸਾਰੇ ਹੀ ਮਰ ਜਾਣਗੇ।
ਜੋ[17*] ਦੀਸੈ[18] ਸੋ[19] ਕਾਲਹਿ[20] ਖਰਨਾ[21] ॥੨॥	Who-so-ever[17*] is seen[18]; him[19] the death[20] shall consume[21].	ਜੋ ਕੋਈ ਭੀ[17*] ਦਿਸ ਆਉਂਦਾ[18] ਹੈ, ਉਸ ਨੂੰ[19] ਮੌਤ[20] ਖੇ ਕਰ ਦਏਗੀ[21]।
ਕੂੜੈ[22] ਮੋਹਿ[23] ਲਪਟਿ[24] ਲਪਟਾਨਾ[25] ॥	The mortal attaches[24] and clings[25] to the false[22] worldly attachments[23].	ਪ੍ਰਾਣੀ ਝੂਠੀਆਂ[22] ਸੰਸਾਰੀ ਲਗਨਾਂ[23] ਨਾਲ ਜੁੜਿਆ[24] ਤੇ ਚਿਮੜਿਆ[25] ਹੋਇਆ ਹੈ।
ਛੋਡਿ[26] ਚਲਿਆ[27] ਤਾ[28] ਫਿਰਿ[29] ਪਛੁਤਾਨਾ[30]॥੩॥	Leaving[26] behind everything, when one departs[27], then[28] ultimately[29] does he regret[30].	ਸਭ ਕੁਛ ਪਿਛੇ ਛੱਡ ਕੇ[26] ਜਦ ਉਹ ਤੁਰਦਾ[27] ਹੈ ਤਦ[28] ਓੜਕ[29] ਨੂੰ ਉਹ ਪਸਚਾਤਾਪ ਕਰਦਾ[30] ਹੈ।
ਕ੍ਰਿਪਾ[31] ਨਿਧਾਨ[32] ਨਾਨਕ ਕਉ ਕਰਹੁ ਦਾਤਿ[33]॥ ਨਾਮੁ ਤੇਰਾ ਜਪੀ[34] ਦਿਨੁ ਰਾਤਿ ॥੪॥੮॥੧੪॥	O the Treasure[32] of mercy[31], bless Thou Nanak with this boon[33], that night and day, he may meditate[34] on Thy Name.	ਹੇ ਰਹਿਮਤ[31] ਦੇ ਖ਼ਜ਼ਾਨੇ[32]! ਤੂੰ ਨਾਨਕ ਨੂੰ ਇਹ ਦਾਨ[33] ਪਰਦਾਨ ਕਰ ਕਿ ਦਿਨ ਰਾਤ ਉਹ ਤੇਰੇ ਨਾਮ ਦਾ ਸਿਮਰਨ[34] ਕਰੇ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਘਟ ਘਟ[35] ਅੰਤਰਿ[36] ਤੁਮਹਿ ਬਸਾਰੇ[37] ॥ ਸਗਲ[40] ਸਮਗ੍ਰੀ[38] ਸੂਤਿ[39] ਤੁਮਾਰੇ ॥੧॥	Amongst[36] all the hearts[35], abidest[37] Thou, O Lord. The entire[40] creation[38] is strung upon Thy thread[39].	ਸਾਰਿਆਂ ਦਿਲਾਂ[35] ਅੰਦਰ[36] ਤੂੰ ਵਸਦਾ[37] ਹੈਂ, ਹੇ ਪ੍ਰਭੂ! ਸਾਰੀ[40] ਰਚਨਾ[38] ਤੇਰੇ ਧਾਗੇ[39] ਅੰਦਰ ਪਰੋਤੀ ਹੋਈ ਹੈ।
ਤੂੰ ਪ੍ਰੀਤਮ[41] ਤੂੰ ਪ੍ਰਾਨ[42] ਅਧਾਰੇ[43] ॥	Thou art my Beloved[41] and Thou the support[43] of my very life[42].	ਤੂੰ ਮੇਰਾ ਦਿਲਬਰ[41] ਹੈਂ ਅਤੇ ਤੂੰ ਹੀ ਮੇਰੀ ਜਿੰਦ-ਜਾਨ[42] ਦਾ ਆਸਰਾ[43]।
ਤੁਮ ਹੀ ਪੇਖਿ[44] ਪੇਖਿ ਮਨੁ[45] ਬਿਗਸਾਰੇ[46] ॥੧॥ਰਹਾਉ॥	Seeing[44], seeing Thee, my soul[45] has blossomed[46]. Pause.	ਤੈਨੂੰ ਵੇਖ[44], ਵੇਖ ਕੇ ਮੇਰੀ ਆਤਮਾ[45] ਪਰਫੁਲਤ[46] ਹੋ ਗਈ ਹੈ। ਠਹਿਰਾਉ।

ਅਨਿਕ[47] ਜੋਨਿ[48] ਭ੍ਰਮਿ[49] ਭ੍ਰਮਿ ਭ੍ਰਮਿ ਹਾਰੇ[50] ॥	Wandering[49], wandering and wandering through many[47] existences[48] I have grown weary[50].	ਬਹੁਤੀਆਂ[47] ਜੂਨੀਆਂ[48] ਅੰਦਰ ਭਟਕ[49], ਭਟਕ, ਭਟਕ ਕੇ ਮੈਂ ਹਾਰ ਹੁਟ ਗਿਆ[50] ਹਾਂ।
ਓਟ[51] ਗਹੀ[52] ਅਬ[53] ਸਾਧ ਸੰਗਾਰੇ[54] ॥ ੨ ॥	I have now[53] grasped[52] the refuge[51] of the saints' congregation[54].	ਮੈਂ ਹੁਣ[53] ਸਤਿ ਸੰਗਤ[54] ਦੀ ਪਨਾਹ[51] ਪਕੜ ਲਈ[52] ਹੈ।
ਅਗਮ[55] ਅਗੋਚਰੁ[56] ਅਲਖ[57] ਅਪਾਰੇ[58] ॥	Thou, O Lord, art Inaccessible[55], Incomprehensible[56], Invisible[57] and Infinite[58].	ਤੂੰ ਹੇ ਸੁਆਮੀ ! ਅਪਹੁੰਚ[55], ਅਗਾਧ[56], ਅਦ੍ਰਿਸ਼ਟ[57] ਅਤੇ ਅਨੰਤ[58] ਹੈਂ।
ਨਾਨਕੁ ਸਿਮਰੈ[59] ਦਿਨੁ ਰੈਨਾਰੇ[60] ॥੩॥੯॥੧੫॥	Day and night[60], Nanak meditates[59] on Thee, O God.	ਦਿਨ ਰਾਤ[60], ਨਾਨਕ ਤੇਰਾ ਆਰਾਧਨ ਕਰਦਾ[59] ਹੈ, ਹੇ ਵਾਹਿਗੁਰੂ !
ਸੂਹੀ ਮਹਲਾ ੫	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਕਵਨ[61] ਕਾਜ[62] ਮਾਇਆ[63] ਵਡਿਆਈ[64] ॥ ਜਾ ਕਉ[65] ਬਿਨਸਤ[66] ਬਾਰ[67] ਨ ਕਾਈ ॥ ੧ ॥	Of what[61] avail[62] is the glory[64] of the worldly valuables[63], which[65] take no time[67] to disappear[66] ?	ਕਿਹੜੇ[61] ਕੰਮ[62] ਹੈ ਸੰਸਾਰੀ ਪਦਾਰਥਾਂ[63] ਦੀ ਪ੍ਰਭਤਾ[64], ਜਿਨ੍ਹਾਂ[65] ਨੂੰ ਨਾਸ ਹੁੰਦਿਆਂ[66] ਕੋਈ ਵੇਲਾ[67] ਨਹੀਂ ਲਗਦਾ ?
ਇਹੁ ਸੁਪਨਾ[68] ਸੋਵਤ[69] ਨਹੀ ਜਾਨੈ॥ ਅਚੇਤ[70] ਬਿਵਸਥਾ[71] ਮਹਿ[72] ਲਪਟਾਨੈ[73] ॥ ੧ ॥ ਰਹਾਉ ॥	This world is a dream[68], but one in sleep[69] knows it not. In[72] an unconscious[70] state[71], he is clung[73] to it. Pause.	ਇਹ ਜਹਾਨ ਇਕ ਸੁਫਨਾ[68] ਹੈ ਪਰ ਸੁੱਤਾ ਪਿਆ[69] ਬੰਦਾ ਇਸ ਨੂੰ ਜਾਣਦਾ ਨਹੀਂ। ਬੇਖ਼ਬਰੀ[70] ਦੀ ਹਾਲਤ[71] ਵਿਚ[72] ਉਹ ਇਸ ਨੂੰ ਚਿਮੜਿਆ ਹੋਇਆ[73] ਹੈ। ਠਹਿਰਾਉ।
ਮਹਾ[74] ਮੋਹਿ[75] ਮੋਹਿਓ[76] ਗਾਵਾਰਾ[77] ॥	The ignorant one[77] is bewitched[76] by the great[74] worldly attachment[75].	ਬੇਸਮਝ ਬੰਦੇ[77] ਨੂੰ ਮਹਾਨ[74] ਸੰਸਾਰੀ ਲਗਨ[75] ਨੇ ਫ਼ਰੇਫ਼ਤਾ[76] ਕਰ ਲਿਆ ਹੈ।
ਪੇਖਤ[78] ਪੇਖਤ ਊਠਿ[79] ਸਿਧਾਰਾ[80] ॥ ੨ ॥	Before the eyes[78], the very eyes of all, he arises[79] and departs[80].	ਸਾਰਿਆਂ ਦੇ ਤਕਦੇ[78] ਤਕਦੇ[78] ਉਹ ਖੜਾ[79] ਹੋ ਟੁਰ ਜਾਂਦਾ[80] ਹੈ।
ਊਚ[81] ਤੇ ਊਚ ਤਾਕਾ[82] ਦਰਬਾਰਾ[83]॥ ਕਈ[84] ਜੰਤ[85] ਬਿਨਾਹਿ[86] ਉਪਾਰਾ[87] ॥੩॥	The highest of the high[81] is His[82] Court[83]. Myriads[84] of beings[85] He creates[87] and destroys[86].	ਉਚਿਆਂ[81] ਦੀ ਪਰਮ ਉਚੀ ਹੈ ਉਸ ਦੀ[82] ਕਚਹਿਰੀ[83]। ਕ੍ਰੋੜਾਂ[84] ਹੀ ਜੀਵ[85] ਉਹ ਰਚਦਾ[87] ਤੇ ਨਾਸ ਕਰਦਾ[86] ਹੈ।
ਦੂਸਰ[88] ਹੋਆ ਨਾ ਕੋ ਹੋਈ॥ ਜਪਿ[89] ਨਾਨਕ ਪ੍ਰਭ ਏਕੋ[90] ਸੋਈ[91]॥੪॥੧੦॥੧੬॥	There has not been another[88], nor shall there ever be. Contemplate[89] thou, O Nanak, that[91] one[90] Lord alone.	ਨਾ ਕੋਈ ਹੋਰ[88] ਹੋਇਆ ਹੈ, ਨਾ ਹੀ ਕੋਈ ਕਦੇ ਹੋਵੇਗਾ। ਤੂੰ ਹੇ ਨਾਨਕ ! ਕੇਵਲ ਉਸ[91] ਅਦੁੱਤੀ[90] ਸਾਹਿਬ ਦਾ ਸਿਮਰਨ[89] ਕਰ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਸ਼ਾਹੀ।
ਸਿਮਰਿ[92] ਸਿਮਰਿ ਤਾਕਉ[93] ਹਉ ਜੀਵਾ ॥ ਚਰਣ[94] ਕਮਲ[95] ਤੇਰੇ ਧੋਇ[96] ਧੋਇ[96]* ਪੀਵਾ[97] ॥੧॥	Remembering[92] and remembering Him[93], live I. I wash[96] Thine lotus[95] feet[94] and drink[97] the wash[96]*, O Lord.	ਉਸ[93] ਦਾ ਆਰਾਧਨ[92], ਆਰਾਧਨ ਕਰ ਕੇ ਮੈਂ ਜੀਉਂਦਾ ਹਾਂ। ਮੈਂ ਤੇਰੇ ਕੰਵਲ[95] ਰੂਪੀ ਚਰਨ[94] ਧੋਂਦਾ[96] ਹਾਂ ਤੇ ਧੋਣ[96]* ਨੂੰ ਪੀਂਦਾ[97] ਹਾਂ, ਹੇ ਸੁਆਮੀ !

ਸੋ[98] ਹਰਿ ਮੇਰਾ ਅੰਤਰ-ਜਾਮੀ[99] ॥ ਭਗਤ ਜਨਾ[100] ਕੈ ਸੰਗਿ[2] ਸੁਆਮੀ ॥ ੧ ॥ ਰਹਾਉ ॥	He[98], my Lord, is the searcher of hearts[99]. The Lord abides with[2] the pious persons[100]. Pause.	ਉਹ[98] ਮੇਰਾ ਸੁਆਮੀ ਦਿਲਾਂ ਦੀਆਂ ਜਾਨਣਹਾਰ[99] ਹੈ। ਸਾਂਈਂ ਪਵਿੱਤ੍ਰ-ਪੁਰਸ਼ਾਂ[100] ਦੇ ਨਾਲ[2] ਵਸਦਾ ਹੈ। ਠਹਿਰਾਉ।
ਸੁਣਿ ਸੁਣਿ ਅੰਮ੍ਰਿਤ ਨਾਮੁ[3] ਧਿਆਵਾ[4] ॥	Hearing and hearing Thy Nectar-Name[3], I meditate[4] on it.	ਤੇਰੇ ਸੁਧਾ-ਸਰੂਪ ਨਾਮ[3] ਨੂੰ ਸੁਣ ਸੁਣ ਕੇ, ਮੈਂ ਇਸ ਦਾ ਆਰਾਧਨ[4] ਕਰਦਾ ਹਾਂ।
ਆਠ ਪਹਰ ਤੇਰੇ ਗੁਣ[5] ਗਾਵਾ ॥ ੨ ॥	The eight watches through, I sing Thine praises[5].	ਅੱਠੇ ਪਹਿਰ ਹੀ ਮੈਂ ਤੇਰਾ ਜੱਸ[5] ਗਾਇਨ ਕਰਦਾ ਹਾਂ।
ਪੇਖਿ[6] ਪੇਖਿ ਲੀਲਾ[7] ਮਨਿ ਆਨੰਦਾ[8] ॥	Seeing[6] and seeing Thine wonderous plays[7], my mind is in joy[8].	ਤੇਰੇ ਅਦਭੁਤ ਕੌਤਕ[7] ਵੇਖ ਵੇਖ[6] ਕੇ ਮੇਰਾ ਚਿੱਤ ਖੁਸ਼ੀ[8] ਵਿਚ ਹੈ।
ਗੁਣ[9] ਅਪਾਰ[10] ਪ੍ਰਭ ਪਰਮਾਨੰਦਾ[12] ॥ ੩ ॥	Infinite[10] are Thine virtues[9], O the Lord of Supreme Bliss[12]..	ਬੇਅੰਤ[10] ਹਨ ਤੇਰੀਆਂ ਨੇਕੀਆਂ[9], ਹੇ ਪਰਮ ਪ੍ਰਸੰਨਤਾ[12] ਦੇ ਸੁਆਮੀ !
ਜਾ ਕੈ ਸਿਮਰਨਿ[13] ਕਛੁ ਭਉ[15] ਨ ਬਿਆਪੈ[14]॥ ਸਦਾ ਸਦਾ ਨਾਨਕ ਹਰਿ ਜਾਪੈ[16] ॥੪॥੧੧॥੧੭॥	By remembering[13] whom no fear[15] befalls[14] one; that Lord Nanak meditates[16] upon for ever and eye.	ਜਿਸ ਨੂੰ ਯਾਦ[13] ਕਰਨ ਦੁਆਰਾ ਕੁਝ ਡਰ[15] ਨਹੀਂ ਲਗਦਾ[14], ਉਸ ਸਾਹਿਬ ਦਾ ਨਾਨਕ, ਸਦੀਵ ਤੇ ਹਮੇਸ਼ਾ ਲਈ ਆਰਾਧਨ[16] ਕਰਦਾ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਗੁਰ ਕੈ ਬਚਨਿ[17] ਰਿਦੈ[18] ਧਿਆਨੁ ਧਾਰੀ[19] ॥	I deliberate[19] over the Guru's Word[17] within my mind[18].	ਆਪਣੇ ਮਨ[18] ਅੰਦਰ ਮੈਂ ਗੁਰਾਂ ਦੀ ਬਾਣੀ[17] ਨੂੰ ਸੋਚਦਾ ਵੀਚਾਰਦਾ[19] ਹਾਂ।
ਰਸਨਾ[20] ਜਾਪੁ[21] ਜਪਉ[22] ਬਨਵਾਰੀ[23] ॥੧॥	With my tongue[20], I utter[22] the Name[21] of the Lord of the woods[23].	ਆਪਣੀ ਜੀਭਾ[20] ਨਾਲ ਮੈਂ ਜੰਗਲਾਂ ਦੇ ਸੁਆਮੀ[23] ਦੇ ਨਾਮ[21] ਦਾ ਉਚਾਰਨ[22] ਕਰਦਾ ਹਾਂ।
ਸਫਲ[24] ਮੂਰਤਿ[25] ਦਰਸਨ[26] ਬਲਿਹਾਰੀ[27] ॥	Fruitful[24] is the Lord's personality[25], Unto His vision[26] I am a sacrifice[27].	ਫਲਦਾਇਕ[24] ਹੈ ਸਾਹਿਬ ਦੀ ਵਿਅਕਤੀ[25]। ਉਸ ਦੇ ਦੀਦਾਰ[26] ਉਤੋਂ ਮੈਂ ਘੋਲੀ[27] ਜਾਂਦਾ ਹਾਂ।
ਚਰਣ[28] ਕਮਲ[29] ਮਨ[30] ਪ੍ਰਾਣ[31] ਅਧਾਰੀ[32] ॥੧॥ ਰਹਾਉ ॥	The Lord's lotus[29] feet[28] are the support[32] of my soul[30] and very life[31] Pause.	ਪ੍ਰਭੂ ਦੇ ਕੰਵਲ[29] ਪੈਰ[28] ਮੇਰੀ ਆਤਮਾ[30] ਅਤੇ ਜਿੰਦ-ਜਾਨ[31] ਦਾ ਆਸਰਾ[32] ਹਨ। ਠਹਿਰਾਉ।
ਸਾਧ ਸੰਗਿ ਜਨਮ[33] ਮਰਣ[34] ਨਿਵਾਰੀ[35] ॥	Through the saints' society the cycle of births[33] and deaths[34] is ended[35].	ਸਤਿਸੰਗਤ ਦੇ ਰਾਹੀਂ ਜੰਮਣ[33] ਅਤੇ ਮਰਣ[34] ਦੇ ਗੇੜ ਮੁੱਕ[35] ਜਾਂਦੇ ਹਨ।
ਅੰਮ੍ਰਿਤ[36] ਕਥਾ[37] ਸੁਣਿ ਕਰਨ[38] ਅਧਾਰੀ[39] ॥ ੨ ॥	The hearing of the ambrosial[36] gospel[37] is the prop[39] of mine ears[38].	ਅੰਮ੍ਰਿਤਮਈ[36] ਧਰਮ ਵਾਰਤਾ[37] ਦਾ ਸੁਣਨਾ, ਮੇਰੇ ਕੰਨਾਂ[38] ਦਾ ਆਸਰਾ[39] ਹੈ।
ਕਾਮ[40] ਕ੍ਰੋਧ[41] ਲੋਭ[42] ਮੋਹ[43] ਤਜਾਰੀ[44] ॥	I have abandoned[44] lust[40], wrath[41], greed[42] and worldly love[43].	ਮੈਂ ਭੋਗ-ਬਿਲਾਸ[40], ਗੁੱਸਾ[41], ਲਾਲਚ[42] ਅਤੇ ਸੰਸਾਰੀ ਲਗਨ[43] ਤਿਆਗ[44] ਦਿੱਤੇ ਹਨ।
ਦ੍ਰਿੜੁ[45] ਨਾਮ ਦਾਨੁ[46] ਇਸਨਾਨੁ[47] ਸੁਚਾਰੀ[48] ॥੩॥	I have grasped[45] the Name,charity[46], ablution[47] and good actions[43].	ਮੈਂ ਨਾਮ, ਦਾਨ ਪੁੰਨ[46], ਨ੍ਹਾਉਣ[47] ਅਤੇ ਨੇਕ ਅਮਲਾਂ[48] ਨੂੰ ਗ੍ਰਹਿਣ[45] ਕਰ ਲਿਆ ਹੈ।
ਕਹੁ ਨਾਨਕ ਇਹੁ ਤਤੁ[49]	Says Nanak, I have realised[50] this	ਗੁਰੂ ਜੀ ਆਖਦੇ ਹਨ, ਮੈਂ ਇਹ ਅਸਲੀਅਤ[49] ਅਨੁਭਵ[50]

ਬੀਚਾਰੀ[50] ॥ ਰਾਮ ਨਾਮ ਜਪਿ[51] ਪਾਰਿ ਉਤਾਰੀ[52] ॥ ੪॥੧੨॥੧੮॥

reality[49], that whosoever utters[51] the Lord's Name is emancipated[52].

ਕਰ ਲਈ ਹੈ ਕਿ ਜੋ ਕੋਈ ਭੀ ਸਾਂਈਂ ਦੇ ਨਾਮ ਦਾ ਉਚਾਰਨ[51] ਕਰਦਾ ਹੈ, ਉਹ ਪਾਰ ਉਤਰ ਜਾਂਦਾ[52] ਹੈ ।

ਸੂਹੀ ਮਹਲਾ ੫ ॥

Suhi 5th Gurn.

ਸੂਹੀ ਪੰਜਵੀਂ ਪਾਤਿਸ਼ਾਹੀ ।

ਲੋਭਿ[53] ਮੋਹਿ[54] ਮਗਨ[55] ਅਪਰਾਧੀ[56] ਕਰਣਹਾਰ[57] ਕੀ ਸੇਵ[58] ਨ ਸਾਧੀ[59] ॥੧॥

The sinner[56] is absorbed[55] in avarice[53] and temporal love[54] and performs[59] not the service[58] of his Creator[57].

ਪਾਪੀ[56] ਲਾਲਚ[53] ਅਤੇ ਸੰਸਾਰੀ ਮਮਤਾ[54] ਵਿਚ ਲੀਨ[55] ਹੋਇਆ ਹੋਇਆ ਹੈ ਅਤੇ ਆਪਣੇ ਕਰਤਾਰ[57] ਦੀ ਘਾਲ[58] ਨਹੀਂ ਕਮਾਉਂਦਾ[59] ।

ਪਤਿਤ[60] ਪਾਵਨ[61] ਪ੍ਰਭ ਨਾਮ ਤੁਮਾਰੇ ॥ ਰਾਖਿ ਲੇਹੁ ਮੋਹਿ[62] ਨਿਰਗੁਨੀਆਰੇ[63] ॥ ੧ ॥ਰਹਾਉ ॥

My Master, Purifier[61] of the sinners[60] is Thy Name. O Lord, save Thou me[62], the meritless[63] one. Pause.

ਮੇਰੇ ਮਾਲਕ, ਪਾਪੀਆਂ[60] ਨੂੰ ਪਵਿੱਤ੍ਰ ਕਰਨ ਵਾਲਾ[61] ਹੈ ਤੇਰਾ ਨਾਮ । ਹੇ ਸਾਹਿਬ ! ਤੂੰ ਮੈਂ[62] ਨੇਕੀ-ਵਿਹੂਣ[63] ਦੀ ਰੱਖਿਆ ਕਰ । ਠਹਿਰਾਉ ।

੭੪੧ 741 ੭੪੧

ਤੂ ਦਾਤਾ[64] ਪ੍ਰਭ ਅੰਤਰ-ਜਾਮੀ[65] ॥

Thou art the Munificient Lord[64], the Inner-knower[65].

ਤੂੰ ਅੰਦਰਲੀਆਂ ਜਾਨਣ ਵਾਲਾ[65] ਦਾਤਾਰ ਸੁਆਮੀ[64] ਹੈਂ ।

ਕਾਚੀ[66] ਦੇਹ[67] ਮਾਨੁਖ ਅਭਿਮਾਨੀ[68] ॥੨॥

Perishable[66] is the body[67] of the arrogant[68] man.

ਨਾਸਵੰਤ[66] ਹੈ ਸਰੀਰ[67] ਆਕੜ-ਖ਼ਾਂ[68] ਮਨੁੱਖ ਦਾ ।

ਸੁਆਦ[69] ਬਾਦ[70] ਈਰਖ[71] ਮਦ[72] ਮਾਇਆ[73] ॥ ਇਨ ਸੰਗਿ[74] ਲਾਗਿ[75] ਰਤਨ[76] ਜਨਮੁ[77] ਗਵਾਇਆ[78]॥੩॥

Pleasures[69], strife[70], jealousy[71] and pride[72] of wealth[73]; attached[75] to[74] these the man wastes[78] his gem-like[76] life[77].

ਖ਼ੁਸ਼ੀਆਂ[69], ਲੜਾਈ ਝਗੜਾ[70], ਹਸਦ[71] ਅਤੇ ਧਨ-ਦੌਲਤ[73] ਦਾ ਹੰਕਾਰ[72], ਇਨ੍ਹਾਂ ਨਾਲ[74] ਜੁੜ ਕੇ[75] ਬੰਦਾ ਆਪਣਾ ਹੀਰੇ ਵਰਗਾ[76] ਜੀਵਨ[77] ਗੁਆ ਲੈਂਦਾ[78] ਹੈ ।

ਦੂਖ[79] ਭੰਜਨ ਜਗ ਜੀਵਨ[80] ਹਰਿ ਰਾਇਆ[81] ॥

The Destroyer of pain[79], God, the King[81], is the life of the world[80].

ਵਾਹਿਗੁਰੂ ਪਾਤਿਸ਼ਾਹ[81], ਤਕਲੀਫ਼[79] ਨਾਸ ਕਰਨਹਾਰ ਅਤੇ ਜਗਤ ਦੀ ਜਿੰਦ-ਜਾਨ[80] ਹੈ ।

ਸਗਲ ਤਿਆਗਿ[82] ਨਾਨਕੁ ਸਰਣਾਇਆ[83] ॥੪॥੧੩॥ ੧੯॥

Forsaking[82] all else, Nanak has entered His sanctuary[83].

ਹੋਰ ਸਾਰਾ ਕੁਛ ਛੱਡ ਕੇ[82] ਨਾਨਕ ਨੇ ਉਸ ਦੀ ਸ਼ਰਨ[83] ਸੰਭਾਲੀ ਹੈ ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ ।

ਪੇਖਤ[84] ਚਾਖਤ[85] ਕਹੀਅਤ[86] ਅੰਧਾ[87] ਸੁਨੀਅਤ[88] ਸੁਨੀਐ ਨਾਹੀ ॥

Seeing[84] with the eyes[85], man is called[86] blind[87] and hearing[88] he hears not.

ਅੱਖਾਂ[85] ਨਾਲ ਵੇਖਦਾ ਹੋਇਆ[84] ਬੰਦਾ ਅੰਨ੍ਹਾ[87] ਆਖਿਆ ਜਾਂਦਾ[86] ਹੈ ਅਤੇ ਸੁਣੇ ਹੋਏ[88] ਨੂੰ ਉਹ ਅਣਸੁਣਿਆ ਕਰ ਛੱਡਦਾ ਹੈ ।

ਨਿਕਟਿ[89] ਵਸਤੁ[90] ਕਉ ਜਾਣੈ[91] ਦੂਰੇ[92] ਪਾਪੀ[93] ਪਾਪ ਕਮਾਹੀ ॥੧॥

He who abides[90] near[89]; Him he deems[91] distant[92]. The sinner[93] ever commits sins.

ਜੋ ਨੇੜੇ[89] ਵਸਦਾ[90] ਹੈ, ਉਸ ਨੂੰ ਉਹ ਦੁਰੇਡੇ[92] ਸਮਝਦਾ[91] ਹੈ । ਗੁਨਹਿਗਾਰ[93] ਸਦਾ ਗੁਨਾਹ ਕਮਾਉਂਦਾ ਹੈ ।

ਸੋ ਕਿਛੁ ਕਰਿ ਜਿਤੁ ਛੁਟਹਿ[94] ਪਰਾਨੀ[95] ॥

O mortal[95], do thou the deeds, which may emancipate[94] thee.

ਹੇ ਫ਼ਾਨੀ[95] ਬੰਦੇ ! ਤੂੰ ਉਹ ਅਮਲ ਕਮਾ ਜਿਹੜੇ ਤੈਨੂੰ ਬੰਦ-ਖ਼ਲਾਸ[94] ਕਰਾ ਦੇਣ ।

ਹਰਿ ਹਰਿ ਨਾਮੁ ਜਪਿ[96] ਅੰਮ੍ਰਿਤ ਬਾਨੀ[97] ॥੧॥ ਰਹਾਉ ॥	Utter[96] thou the Lord God's Name and the ambrosial Words of the Guru[97]. Pause.	ਤੂੰ ਸੁਆਮੀ ਵਾਹਿਗੁਰੂ ਦੇ ਨਾਮ ਅਤੇ ਅੰਮ੍ਰਿਤਮਈ ਗੁਰਬਾਣੀ[97] ਦਾ ਉਚਾਰਨ[96] ਕਰ। ਠਹਿਰਾਉ।
ਘੋਰ[98] ਮਹਲ[99] ਸਦਾ[100] ਰੰਗਿ[2] ਰਾਤਾ[3] ॥	Thou art ever[100] imbued[3] with the love[2] of horses[98] and mansions[99].	ਤੂੰ ਹਮੇਸ਼ਾ[100] ਘੋੜਿਆਂ[98] ਤੇ ਮੰਦਰਾਂ[99] ਦੀ ਮੁਹੱਬਤ[2] ਨਾਲ ਰੰਗਿਆ ਰਹਿੰਦਾ[3] ਹੈਂ।
ਸੰਗਿ[4] ਤੁਮਾਰੇ ਕਛੂ ਨ ਜਾਤਾ[5] ॥੨॥	Know that nothing shall go[5] with[4] thee.	ਜਾਣ ਲੈ ਕਿ ਤੇਰੇ ਨਾਲ[4] ਕੁਝ ਭੀ ਨਹੀਂ ਜਾਣਾ[5]।
ਰਖਹਿ ਪੋਚਾਰਿ[6] ਮਾਟੀ[7] ਕਾ ਭਾਂਡਾ[8] ॥	Thou adornest[6] thy vessel[8] of clay[7].	ਤੂੰ ਆਪਣੇ ਮਿੱਟੀ[7] ਦੇ ਬਰਤਨ[8] ਨੂੰ ਪੋਚ ਪਾਚ[6] ਕੇ ਰਖਦਾ ਹੈਂ।
ਅਤਿ[9] ਕੁਚੀਲ[10] ਮਿਲੈ ਜਮ[12] ਡਾਂਡਾ[13] ॥ ੩ ॥	But it is very[9] filthy[10] form within and shall meet with death's[12] punishment[13].	ਪਰ ਇਹ ਅੰਦਰੋਂ ਬੜਾ[9] ਹੀ ਪਲੀਤ[10] ਹੈ ਅਤੇ ਇਸ ਨੂੰ ਮੌਤ[12] ਦੀ ਸਜ਼ਾ[13] ਮਿਲੇਗੀ।
ਕਾਮ[14] ਕ੍ਰੋਧਿ[15] ਲੋਭਿ[16] ਮੋਹਿ[17] ਬਾਧਾ[18] ॥	Thou art bound[18] by lust[14], wrath[15], avarice[16] and temporal attachment[17].	ਤੈਨੂੰ ਕਾਮ-ਚੇਸ਼ਟਾ[14], ਗੁੱਸੇ[15], ਲਾਲਚ[16] ਅਤੇ ਸੰਸਾਰੀ ਲਗਨ[17] ਨੇ ਬੰਨ੍ਹਿਆ ਹੋਇਆ[18] ਹੈ।
ਮਹਾ[19] ਗਰਤ[20] ਮਹਿ[21] ਨਿਘਰਤ[22] ਜਾਤਾ ॥੪॥	Thou art sinking[22] in[21] the great[19] pit[20] of worldliness.	ਤੂੰ ਦੁਨੀਆਦਾਰੀ ਦੇ ਭਾਰੇ[19] ਖੱਡੇ[20] ਵਿਚ[21] ਗਰਕ[22] ਹੁੰਦਾ ਜਾ ਰਿਹਾ ਹੈਂ।
ਨਾਨਕ ਕੀ ਅਰਦਾਸਿ[23] ਸੁਣੀਜੈ ॥ ਡੂਬਤ[24] ਪਾਹਨ[25] ਪ੍ਰਭ ਮੇਰੇ ਲੀਜੈ[26] ॥੫॥ ੧੪ ॥੨੦॥	O my Lord, hear Thou the supplication[23] of Nanak, and deliver[26] me, a sinking[24] stone[25].	ਹੇ ਮੇਰੇ ਸਾਂਈਂ ! ਨਾਨਕ ਦੀ ਪ੍ਰਾਰਥਨਾ[23] ਸੁਣ ਅਤੇ ਮੈਂ ਡੁਬਦੇ ਹੋਏ[24] ਪੱਥਰ[25] ਦਾ ਪਾਰ ਉਤਾਰਾ[26] ਕਰੋ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਜੀਵਤ[27] ਮਰੈ ਬੁਝੈ[28] ਪ੍ਰਭ ਸੋਇ[29] ॥	He[29] who remains dead in life[27] understands[28] the Lord.	ਜੋ ਜੀਉਂਦੇ ਜੀ[27] ਮਰਿਆ ਰਹਿੰਦਾ ਹੈ, ਉਹ[29] ਸਾਹਿਬ ਨੂੰ ਸਮਝ ਲੈਂਦਾ[28] ਹੈ।
ਤਿਸੁ[30] ਜਨ[31] ਕਰਮਿ[32] ਪਰਾਪਤਿ[33] ਹੋਇ ॥੧॥	The Lord meets[33] that[30] man[31] by His grace[32].	ਉਸ[30] ਪੁਰਸ਼[31] ਨੂੰ ਸਾਹਿਬ ਆਪਣੀ ਦਇਆ[32] ਦੁਆਰਾ ਮਿਲ ਪੈਂਦਾ[33] ਹੈ।
ਸੁਣਿ ਸਾਜਨ[34] ਇਉ[35] ਦੁਤਰੁ[36] ਤਰੀਐ[37] ॥	Hearken, O friend[34], like this[35] the formidable[36] world-ocean is crossed[37].	ਸੁਣ ਹੇ ਮਿੱਤਰ[34] ! ਇਸ ਤਰ੍ਹਾਂ[35] ਕਠਨ[36] ਸੰਸਾਰ ਸਮੁੰਦਰ ਤਰਿਆ ਜਾਂਦਾ[37] ਹੈ।
ਮਿਲਿ ਸਾਧੂ ਹਰਿਨਾਮੁ ਉਚਰੀਐ[38] ॥੧॥ਰਹਾਉ॥	Associate with the saints and utter[38] the Lord's Name. Pause.	ਸੰਤਾਂ ਦੀ ਸੰਗਤ ਕਰ ਅਤੇ ਸੁਆਮੀ ਦੇ ਨਾਮ ਨੂੰ ਉਚਾਰ[38]। ਠਹਿਰਾਉ।
ਏਕ ਬਿਨਾ ਦੂਜਾ[39] ਨਹੀ ਜਾਨੈ ॥	Without the One Lord, one should know not another[39].	ਇਕ ਪ੍ਰਭੂ ਦੇ ਬਾਝੋਂ ਬੰਦੇ ਨੂੰ ਹੋਰ ਕਿਸੇ[39] ਨੂੰ ਜਾਨਣਾ ਨਹੀਂ ਚਾਹੀਦਾ।
ਘਟ ਘਟ[40] ਅੰਤਰਿ[41] ਪਾਰਬ੍ਰਹਮੁ[42] ਪਛਾਨੈ[43] ॥੨॥	He should realise[43] the Supreme Lord[42] in[41] all the hearts[40].	ਉਸ ਨੂੰ ਸਾਰਿਆਂ ਦਿਲਾਂ[40] ਅੰਦਰ[41] ਇਕ ਸ਼੍ਰੋਮਣੀ ਸਾਹਿਬ[42] ਨੂੰ ਅਨੁਭਵ[43] ਕਰਨਾ ਉਚਿਤ ਹੈ।
ਜੋ ਕਿਛੁ ਕਰੈ ਸੋਈ[44] ਭਲ[45] ਮਾਨੈ[46] ॥	Whatever the Lord does, he accepts[46] that[44] as good[45].	ਜਿਹੜਾ ਕੁਝ ਭੀ ਸੁਆਮੀ ਕਰਦਾ ਹੈ, ਉਹ ਉਸ[44] ਨੂੰ ਚੰਗਾ[45] ਸਮਝ ਕੇ ਪਰਵਾਨ ਕਰਦਾ[46] ਹੈ।

ਆਦਿ[47] ਅੰਤ[48] ਕੀ ਕੀਮਤਿ[49] ਜਾਨੈ ॥੩॥	He knows the worth[49] of the beginning[47] and the end[48].	ਉਹ ਆਰੰਭ[47] ਅਤੇ ਅਖ਼ੀਰ[48] ਦੇ ਮੁੱਲ[49] ਨੂੰ ਜਾਣਦਾ ਹੈ।
ਕਹੁ ਨਾਨਕ ਤਿਸੁ[50] ਜਨ[51] ਬਲਿਹਾਰੀ[52] ॥ ਜਾ ਕੈ ਹਿਰਦੈ[53] ਵਸਹਿ[56] [54]ਮੁਰਾਰੀ[55]॥੪॥੧੫॥੨੧॥	Says Nanak, I am a sacrifice[52] unto the[50] man[51], within whose mind[53] abides[56] God, the Enemy[55] of ego[54].	ਗੁਰੂ ਜੀ ਫੁਰਮਾਉਂਦੇ ਹਨ ਮੈਂ ਉਸ[50] ਜੀਵ[51] ਤੋਂ ਕੁਰਬਾਨ[52] ਜਾਂਦਾ ਹਾਂ, ਜਿਸ ਦੇ ਮਨ[53] ਅੰਦਰ ਹੰਕਾਰ[54] ਦਾ ਵੈਰੀ[55], ਵਾਹਿਗੁਰੂ, ਵਸਦਾ[56] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਗੁਰੁ ਪਰਮੇਸਰੁ[57] ਕਰਣੈਹਾਰੁ[58] ॥	The Guru himself is the Lord[57]-Creator[58].	ਗੁਰੂ ਜੀ ਆਪ ਹੀ ਸੁਆਮੀ[57] ਸਿਰਜਣਹਾਰ[58] ਹਨ।
ਸਗਲ[62] ਸ੍ਰਿਸਟਿ[59] ਕਉ ਦੇ[60] ਆਧਾਰੁ[61] ॥੧॥	He gives[60] support[61] to the entire[62] universe[59].	ਉਹ ਸਾਰੇ[62] ਆਲਮ[59] ਨੂੰ ਆਸਰਾ[61] ਦਿੰਦਾ[60] ਹੈ।
ਗੁਰ ਕੇ ਚਰਣ[63] ਕਮਲ[64] ਮਨ ਧਿਆਇ[65] ॥	Meditate[65] thou on the Guru's lotus[64] feet[63] in thy mind.	ਆਪਣੇ ਚਿੱਤ ਅੰਦਰ ਤੂੰ ਗੁਰਾਂ ਦੇ ਕੰਵਲ[64] ਰੂਪੀ ਚਰਨਾਂ[63] ਦਾ ਆਰਾਧਨ[65] ਕਰ।
ਦੂਖੁ[66] ਦਰਦੁ[67] ਇਸੁ ਤਨ[68] ਤੇ ਜਾਇ[69] ॥੧॥ਰਹਾਉ॥	Anguish[66] and pain[67] shall thus flee[69] from this body[68] of thine. Pause.	ਇਸ ਤਰ੍ਹਾਂ ਕਸ਼ਟ[66] ਤੇ ਪੀੜ[67] ਤੇਰੀ ਇਸ ਦੇਹ[68] ਤੋਂ ਪਰੇ ਭਜ ਜਾਣਗੇ[69]। ਠਹਿਰਾਉ।
[70]ਭਵਜਲਿ[71] ਡੂਬਤ[72] ਸਤਿਗੁਰੁ ਕਾਢੈ[73] ॥	The True Guru saves[73] the drowning[72] man from the awful[70] world-ocean[71].	ਸੱਚੇ ਗੁਰੂ ਜੀ ਡੁਬਦੇ[72] ਹੋਏ ਇਨਸਾਨ ਨੂੰ ਡਰਾਉਣੇ[70] ਸੰਸਾਰ ਸਮੁੰਦਰ[71] ਵਿਚੋਂ ਬਾਹਰ ਕੱਢ ਲੈਂਦੇ[73] ਹਨ।
ਜਨਮ ਜਨਮ[74] ਕਾ ਟੂਟਾ[75] ਗਾਢੈ[76] ॥੨॥	He unites[76] those, separated[75] since many births[74].	ਉਹ ਉਨ੍ਹਾਂ ਨੂੰ ਜੋੜ ਦਿੰਦੇ[76] ਹਨ ਜੋ ਅਨੇਕਾਂ ਜਨਮਾਂ[74] ਤੋਂ ਵਿਛੜੇ ਹੋਏ[75] ਹਨ।
ਗੁਰ ਕੀ ਸੇਵਾ[77] ਕਰਹੁ ਦਿਨੁ ਰਾਤਿ ॥	Serve[77] thou the Guru, day and night.	ਤੂੰ, ਗੁਰਾਂ ਦੀ ਦਿਨ ਰਾਤ ਟਹਿਲ ਕਮਾ[77]।
ਸੂਖ[78] ਸਹਜ[79] ਮਨਿ[80] ਆਵੈ ਸਾਂਤਿ[81] ॥੩॥	Thy soul[80] shall thus obtain pleasure[78], poise[79] and peace[81].	ਤੇਰੀ ਆਤਮਾ[80] ਨੂੰ ਇਸ ਤਰ੍ਹਾਂ ਅਨੰਦ[78], ਅਡੋਲਤਾ[79] ਅਤੇ ਠੰਢ-ਚੈਨ[81] ਪਰਾਪਤ ਹੋ ਜਾਏਗੀ।
ਸਤਿਗੁਰ ਕੀ ਰੇਣੁ[82] [83]ਵਡਭਾਗੀ[84] ਪਾਵੈ ॥	By great[83] good fortune[84], one obtains the dust[82] of the True Guru's feet.	ਭਾਰੇ[83] ਸ੍ਰੇਸ਼ਟ ਭਾਗਾਂ[84] ਦੁਆਰਾ, ਬੰਦੇ ਨੂੰ ਸੱਚੇ ਗੁਰਾਂ ਦੇ ਚਰਨਾਂ ਦੀ ਧੂੜ[82] ਪਰਾਪਤ ਹੁੰਦੀ ਹੈ।
ਨਾਨਕ ਗੁਰ ਕਉ ਸਦ[85] ਬਲਿ[86] ਜਾਵੈ ॥ ੪ ॥ ੧੬ ॥ ੨੨ ॥	Nanak is ever[85] a sacrifice[86] unto the Guru.	ਨਾਨਕ ਗੁਰਾਂ ਉਤੋਂ ਹਮੇਸ਼ਾ[85] ਹੀ ਕੁਰਬਾਨ[86] ਜਾਂਦਾ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਗੁਰ ਅਪੁਨੇ ਊਪਰਿ[87] ਬਲਿ ਜਾਈਐ ॥	I am a sacrifice unto[87] my Guru.	ਮੈਂ ਆਪਣੇ ਗੁਰਾਂ ਉਤੋਂ[87] ਘੋਲੀ ਜਾਂਦਾ ਹਾਂ।
ਆਠ ਪਹਰ ਹਰਿ ਹਰਿ ਜਸੁ[88] ਗਾਈਐ ॥੧॥	Throughout the eight watches, I sing the God's praise[88].	ਅੱਠੇ ਪਹਿਰ ਹੀ ਮੈਂ ਸੁਆਮੀ ਵਾਹਿਗੁਰੂ ਦੀ ਮਹਿਮਾ[88] ਗਾਇਨ ਕਰਦਾ ਹਾਂ।

ਸਿਮਰਉ[89] ਸੋ[90] ਪ੍ਰਭੁ ਅਪਨਾ ਸੁਆਮੀ ॥	Meditate[89] thou on that[90] Lord Master of thine.	ਤੂੰ ਉਸ[90] ਆਪਣੇ ਪ੍ਰਭੂ ਪਰਮੇਸ਼ਰ ਦਾ ਆਰਾਧਨ[89] ਕਰ ।
ਸਗਲ ਘਟਾ[91] ਕਾ ਅੰਤਰਜਾਮੀ[92]॥੧॥ਰਹਾਉ॥	He is the Inner-knower[92] of all the hearts[91]. Pause.	ਉਹ ਸਾਰਿਆਂ ਦਿਲਾਂ[91] ਦੀਆਂ ਅੰਦਰਲੀਆਂ ਜਾਨਣਹਾਰ[92] ਹੈ । ਠਹਿਰਾਉ ।
ਚਰਣ ਕਮਲ ਸਿਉ ਲਾਗੀ ਪ੍ਰੀਤਿ[93] ॥ ਸਾਚੀ ਪੂਰਨ[94] ਨਿਰਮਲ[95] ਰੀਤਿ[96] ॥੨॥	When man enshrines affectian[93] for the Lord's lotus feet, his mode of life[96] becomes true, perfect[94] and pure[95].	ਜਦ ਇਨਸਾਨ ਦਾ ਪ੍ਰਭੂ ਦੇ ਕੰਵਲ-ਰੂਪੀ ਚਰਨਾਂ ਨਾਲ ਪ੍ਰੇਮ[93] ਪੈ ਜਾਂਦਾ ਹੈ, ਤਾਂ ਉਸ ਦੀ ਜੀਵਨ ਰਹੁ-ਰੀਤੀ[96] ਸੱਚੀ, ਪੂਰੀ[94] ਤੇ ਪਵਿੱਤਰ[95] ਹੋ ਜਾਂਦੀ ਹੈ ।
ਸੰਤ ਪ੍ਰਸਾਦਿ[97] ਵਸੈ ਮਨ ਮਾਹੀ ॥ ਜਨਮ[98] ਜਨਮ ਕੇ ਕਿਲਵਿਖ[99] ਜਾਹੀ[100]॥੩॥	By saints' grace[97], the Lord abides in the mind and the sins[99] of many births[98] are eradicated[100].	ਸਾਧੂਆਂ ਦੀ ਦਇਆ[97] ਦੁਆਰਾ ਸਾਂਈਂ ਚਿੱਤ ਵਿਚ ਵਸਦਾ ਹੈ ਅਤੇ ਅਨੇਕਾਂ ਜਨਮਾਂ[98] ਦੇ ਪਾਪ[99] ਦੂਰ ਹੋ ਜਾਂਦੇ[100] ਹਨ ।
ਕਰਿ ਕਿਰਪਾ[2] ਪ੍ਰਭ ਦੀਨ[3] ਦਇਆਲਾ[4] ॥	O Lord, compassionate[4] to the meek[3], take Thou pity[2] on me.	ਹੇ ਮਸਕੀਨਾਂ[3] ਤੇ ਮਿਹਰਬਾਨ[4] ਸੁਆਮੀ ! ਤੂੰ ਮੇਰੇ ਉਤੇ ਤਰਸ[2] ਕਰ ।
ਨਾਨਕੁ ਮਾਗੈ[5] ਸੰਤ ਰਵਾਲਾ[6] ॥੪॥੧੭॥੨੩॥	Nanak prays[5] for the dust[6] of Thine saints' feet.	ਨਾਨਕ, ਤੇਰੇ ਸਾਧੂਆਂ ਦੇ ਪੈਰਾਂ ਦੀ ਧੂੜ[6] ਦੀ ਯਾਚਨਾ ਕਰਦਾ[5] ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਦਰਸਨੁ[7] ਦੇਖਿ ਜੀਵਾ ਗੁਰ ਤੇਰਾ ॥	O my Guru, I live seeing Thine vision[7].	ਹੇ ਮੇਰੇ ਗੁਰਦੇਵ ! ਮੈਂ ਤੇਰਾ ਦੀਦਾਰ[7] ਵੇਖ ਕੇ ਜੀਊਂਦਾ ਹਾਂ ।
ਪੂਰਨ[8] ਕਰਮੁ[9] ਹੋਇ ਪ੍ਰਭ ਮੇਰਾ ॥੧॥	Like this my destiny' is completed[8], O Lord.	ਇਸ ਤਰ੍ਹਾਂ ਮੇਰੇ ਭਾਗ[9] ਮੁਕੰਮਲ[8] ਹੋ ਗਏ ਹਨ, ਹੇ ਸੁਆਮੀ !
੭੪੨	**742**	**੭੪੨**
ਇਹ ਬੇਨੰਤੀ[10] ਸੁਣਿ ਪ੍ਰਭ ਮੇਰੇ ॥	Hear this my supplication[10], O my Lord.	ਮੇਰੀ ਇਹ ਪ੍ਰਾਰਥਨਾ[10] ਸ੍ਰਵਣ ਕਰ, ਹੇ ਮੇਰੇ ਸਾਹਿਬ !
ਦੇਹਿ[12] ਨਾਮੁ ਕਰਿ[13] ਅਪਣੇ ਚੇਰੇ[14] ॥੧॥ਰਹਾਉ॥	Bless[12] me with Thy Name and make[13] me Thy slave[14]. Pause.	ਮੈਨੂੰ ਆਪਣਾ ਨਾਮ ਬਖਸ਼[12] ਅਤੇ ਮੈਨੂੰ ਆਪਣਾ ਗੋਲਾ[14] ਬਣਾ[13] ਲੈ । ਠਹਿਰਾਉ ।
ਅਪਣੀ ਸਰਣਿ[15] ਰਾਖੁ ਪ੍ਰਭ ਦਾਤੇ[16] ॥	My Beneficent[16] Lord, keep Thou me under Thine protection[15].	ਮੇਰੇ ਦਾਤਾਰ[16] ਸੁਆਮੀ, ਤੂੰ ਮੈਨੂੰ ਆਪਣੀ ਪਨਾਹ[15] ਹੇਠਾਂ ਰਖ ।
ਗੁਰਪ੍ਰਸਾਦਿ[17] ਕਿਨੈ ਵਿਰਲੈ[18] ਜਾਤੇ[19] ॥੨॥	By Guru's grace[17], some rare person[18] understands[19] Thee.	ਗੁਰਾਂ ਦੀ ਦਇਆ[17] ਦੁਆਰਾ ਕੋਈ ਟਾਵਾਂ ਪੁਰਸ਼[18] ਹੀ ਤੈਨੂੰ ਸਮਝਦਾ[19] ਹੈ ।
ਸੁਨਹੁ ਬਿਨਉ[20] ਪ੍ਰਭ ਮੇਰੇ ਮੀਤਾ[21] ॥ ਚਰਣ[22]ਕਮਲ[23] ਵਸਹਿ[24] ਮੇਰੈ ਚੀਤਾ[25]॥੩॥	O Lord, my friend[21], hear Thou my supplication[20]. May Thine lotus[23] feet[22] abide[24] within my mind[25].	ਹੇ ਮੇਰੇ ਮਿੱਤਰ[21] ਸੁਆਮੀ ! ਤੂੰ ਮੇਰੀ ਪ੍ਰਾਰਥਨਾ[20] ਸੁਣ । ਤੇਰੇ ਕੰਵਲ[23] ਰੂਪੀ ਚਰਨ[22] ਮੇਰੇ ਹਿਰਦੇ[25] ਅੰਦਰ ਨਿਵਾਸ[24] ਕਰਨ ।
ਨਾਨਕੁ ਏਕ ਕਰੈ	Nanak makes one prayer[26]. That	ਨਾਨਕ ਇਕ ਬੇਨਤੀ ਕਰਦਾ[26] ਹੈ ਕਿ ਮੈਂ ਤੈਨੂੰ ਨਾ

ਅਰਦਾਸਿ[26] ॥ ਵਿਸਰੁ[30] ਨਾਹੀ ਪੂਰਨ[27] ਗੁਣ[28] ਤਾਸਿ[29] ॥੪॥੧੮॥੨੪॥	I may not forget[30] Thee, O Thou the Perfect[27] Treasure[29] of virtues[28].	ਭੁੱਲਾਂ[30], ਹੇ ਤੂੰ ਨੇਕੀਆਂ[28] ਦੇ ਮੁਕੰਮਲ[27] ਖ਼ਜ਼ਾਨੇ[29] ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਮੀਤੁ[31] ਸਾਜਨੁ[32] ਸੁਤ[33] ਬੰਧਪ[34] ਭਾਈ[35] ॥	The Lord is my friend[31], intimate[32], son[33], kinsman[34] and brother[35].	ਪ੍ਰਭੂ ਮੇਰਾ ਦੋਸਤ[31], ਯਾਰ[32], ਪੁੱਤਰ[33], ਸਨਬੰਧੀ[34] ਅਤੇ ਭਰਾ[35] ਹੈ ।
ਜਤ ਕਤ[36] ਪੇਖਉ[37] ਹਰਿ ਸੰਗਿ[38] ਸਹਾਈ[39] ॥੧॥	Wherever[36] I see[37], I see God as my comrade[38] and helper[39] there.	ਜਿਥੇ ਕਿਤੇ ਭੀ[36] ਮੈਂ ਵੇਖਦਾ[37] ਹਾਂ, ਉਥੇ ਮੈਂ ਹਰੀ ਨੂੰ ਆਪਣਾ ਸੰਗੀ[38] ਅਤੇ ਸਹਾਇਕ[39] ਵੇਖਦਾ ਹਾਂ ।
ਜਤਿ[39*] ਮੇਰੀ ਪਤਿ[40] ਮੇਰੀ ਧਨੁ[41] ਹਰਿ ਨਾਮੁ ॥	God's Name is my caste[39*], my honour[40] and riches[41].	ਵਾਹਿਗੁਰੂ ਦਾ ਨਾਮ ਮੇਰੀ ਜਾਤ[39*], ਮੇਰੀ ਪਤਿ ਆਬਰੂ[40] ਅਤੇ ਦੌਲਤ[41] ਹੈ ।
ਸੂਖ[42] ਸਹਜ[43] ਆਨੰਦ[44] ਬਿਸਰਾਮ[45] ॥੧॥ਰਹਾਉ॥	Therewith I obtain comfort[42], poise[43], bliss[44] and peace[45]. Pause.	ਉਸ ਨਾਲ ਮੈਨੂੰ ਸੁਖ[42], ਅਡੋਲਤਾ[43], ਪ੍ਰਸੰਨਤਾ[44] ਅਤੇ ਆਰਾਮ[45] ਪਰਾਪਤ ਹੁੰਦੇ ਹਨ । ਠਹਿਰਾਉ ।
ਪਾਰਬ੍ਰਹਮੁ[46] ਜਪਿ[47] ਪਹਿਰਿ[48] ਸਨਾਹ[49] ॥	I have put[48] on the coat of arms[49] of the meditation[47] of the Transcendent Lord[46].	ਮੈਂ ਪਰਮ ਪ੍ਰਭੂ[46] ਦੇ ਸਿਮਰਨ[47] ਦੀ ਸੰਜੋਅ[49] ਪਾਈ[48] ਹੋਈ ਹੈ ।
ਕੋਟਿ[50] ਆਵਧ[51] ਤਿਸੁ[52] ਬੇਧਤ[53] ਨਾਹਿ ॥੨॥	Millions[50] of weapons[51] can pierce[53] it[52] not.	ਕ੍ਰੋੜਾਂ[50] ਹੀ ਸ਼ਸਤਰ[51] ਇਸ ਨੂੰ[52] ਵਿੰਨ੍ਹ[53] ਨਹੀਂ ਸਕਦੇ ।
ਹਰਿ ਚਰਨ[54] ਸਰਣ[55] ਗੜ[56] ਕੋਟ[57] ਹਮਾਰੈ[58] ॥	The refuge[55] of the Lord's feet[54] is my[58] fortress[56] and rampart[57].	ਪ੍ਰਭੂ ਦੇ ਚਰਨਾਂ[54] ਦੀ ਪਨਾਹ[55] ਮੇਰਾ[58] ਕਿਲ੍ਹਾ[56] ਅਤੇ ਫ਼ਸੀਲ[57] ਹੈ ।
ਕਾਲੁ[59] ਕੰਟਕੁ[60] ਜਮੁ[61] ਤਿਸ[62] ਨ ਬਿਦਾਰੈ[63] ॥੩॥	The torturer[60] death's[59] myrmidon[61] can demolish[63] it[62] not.	ਦੁਖਦਾਈ[60] ਮੌਤ ਦਾ[59] ਫ਼ਰਿਸ਼ਤਾ[61] ਇਸ ਨੂੰ[62] ਢਾਅ[63] ਨਹੀਂ ਸਕਦਾ ।
ਨਾਨਕ ਦਾਸ[64] ਸਦਾ[65] ਬਲਿਹਾਰੀ[66] ॥ ਸੇਵਕ[67] ਸੰਤ[68] ਰਾਜਾ[69] ਰਾਮ[70] [71]ਮੁਰਾਰੀ[72]॥੪॥੧੯॥੨੫॥	Slave[64] Nanak is ever[65] a sacrifice[66] unto the attendants[67] and saints[68] of the sovereign[69] Lord[70], the Enemy[72] of ego[71].	ਹੰਕਾਰ[71] ਦੇ ਵੈਰੀ[72] ਪਾਤਿਸ਼ਾਹ[69] ਪਰਮੇਸ਼ਰ[70] ਦੇ ਟਹਿਲੂਆਂ[67] ਅਤੇ ਸਾਧੂਆਂ[68] ਉਤੋਂ ਗੋਲਾ[64] ਨਾਨਕ ਸਦੀਵ[65] ਹੀ ਘੋਲੀ[66] ਜਾਂਦਾ ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਗੁਣ[73] [74]ਗੋਪਾਲ[75] ਪ੍ਰਭ ਕੇ ਨਿਤ[76] ਗਾਹਾ[77] ॥ ਅਨਦ[78] ਬਿਨੋਦ[79] ਮੰਗਲ[80] ਸੁਖ[81] ਤਾਹਾ[82] ॥੧॥	Where are sung[77] ever[76] the praises[73] of Lord, the [74]World-Cherisher[75], there[82] happiness[78], joyous plays[79], bliss[80] and comfort[81] are.	ਜਿਥੇ ਸਦਾ[76] ਸ੍ਰਿਸ਼ਟੀ[74] ਦੇ ਪਾਲਣ-ਪੋਸਣਹਾਰ[75] ਸੁਆਮੀ ਦੀਆਂ ਸਿਫ਼ਤਾਂ[73] ਗਾਇਨ[77] ਕੀਤੀਆਂ ਜਾਂਦੀਆਂ ਹਨ, ਉਥੇ[82] ਪਰਸੰਨਤਾ[78], ਖ਼ੁਸ਼ੀ ਦੀਆਂ ਖੇਡਾਂ[79], ਪਰਮ ਆਨੰਦ[80] ਅਤੇ ਆਰਾਮ[81] ਹੈ ।
ਚਲੁ[83] ਸਖੀਏ[84] ਪ੍ਰਭੁ ਰਾਵਣ[85] ਜਾਹਾ[86] ॥	Come[83], O my mate[84], let us go[86] to enjoy[85] our Lord.	ਆ[83], ਮੇਰੀ ਸਹੇਲੀਏ[34] ! ਆਪਾਂ ਆਪਣੇ ਸੁਆਮੀ ਨੂੰ ਮਾਣਨ[85] ਲਈ ਜਾਈਏ[86] ।
ਸਾਧ ਜਨਾ[87] ਕੀ ਚਰਣੀ[88] ਪਾਹਾ[89] ॥੧॥ਰਹਾਉ॥	Let us repair[89] to the feet[88] of the pious persons[87]. Pause.	ਆਓ ਆਪਾਂ ਪਵਿੱਤਰ ਪੁਰਸ਼ਾਂ[87] ਦੇ ਪੈਰੀਂ[88] ਪਈਏ[89] । ਠਹਿਰਾਉ ।

ਕਰਿ ਬੇਨਤੀ[90] ਜਨ[91] ਧੂਰਿ[92] ਬਾਛਾਹਾ[93] ॥	I make supplication[90] before God and long for[93] the dust[92] of His slave's[91] feet.	ਮੈਂ ਵਾਹਿਗੁਰੂ ਅੱਗੇ ਜੋਦੜੀ[90] ਕਰਦਾ ਅਤੇ ਉਸ ਦੇ ਗੋਲਿਆਂ[91] ਦੇ ਪੈਰਾਂ ਦੀ ਧੂੜ[92] ਨੂੰ ਲੋੜਦਾ[93] ਹਾਂ।
ਜਨਮ ਜਨਮ[94] ਕੇ ਕਿਲਵਿਖ[95] ਲਾਹਾਂ[96] ॥੨॥	Like this I wash off[96] the sins[95] of many births[94].	ਇਸ ਤਰ੍ਹਾਂ ਮੈਂ ਅਨੇਕਾਂ ਜਨਮਾਂ ਦੇ[94] ਪਾਪਾਂ[95] ਨੂੰ ਧੋਂਦਾ[96] ਹਾਂ।
ਮਨੁ[97] ਤਨੁ[98] ਪ੍ਰਾਣ[99] ਜੀਉ[100] ਅਰਪਾਹਾ[2] ॥	Unto the Lord I dedicate[2] my soul[97], body[98], breath[99] and very life[100].	ਸਾਹਿਬ ਨੂੰ ਮੈਂ ਆਪਣੀ ਆਤਮਾ[97], ਦੇਹ[98], ਸੁਆਸ[99] ਅਤੇ ਜਿੰਦ-ਜਾਨ[100] ਸਮਰਪਨ[2] ਕਰਦਾ ਹਾਂ।
ਹਰਿ ਸਿਮਰਿ[3] ਸਿਮਰਿ ਮਾਨੁ[4] ਮੋਹੁ[5] ਕਟਾਹਾਂ[6] ॥੩॥	Contemplating[3] and contemplating God, I am eradicating[6] my ego[4] and worldly love[5].	ਵਾਹਿਗੁਰੂ ਦਾ ਚਿੰਤਨ[3]; ਚਿੰਤਨ ਕਰਨ ਦੁਆਰਾ, ਮੈਂ ਆਪਣੀ ਹੰਗਤਾ[4] ਅਤੇ ਸੰਸਾਰੀ ਮਮਤਾ[5] ਨੂੰ ਨਾਸ ਕਰ ਰਿਹਾ[6] ਹਾਂ।
ਦੀਨ[7] ਦਇਆਲ[8] ਕਰਹੁ[9] ਉਤਸਾਹਾ[10] ॥ ਨਾਨਕ ਦਾਸ[12] ਹਰਿ ਸਰਣਿ[13] ਸਮਾਹਾ[14] ॥੪॥੧੦॥੨੬॥	O Lord, merciful[8] to the meek[7], bless[9] Thou slave[12] Nanak with this fervour[10], that he may remain absorbed[14] in Thine sanctuary[13].	ਹੇ ਮਸਕੀਨਾਂ[7] ਤੇ ਮਿਹਰਬਾਨ[8] ਸੁਆਮੀ! ਤੂੰ ਗੋਲੇ[12] ਨਾਨਕ ਨੂੰ ਇਹ ਉਮਾਹ[10] ਬਖ਼ਸ਼[9] ਕਿ ਉਹ ਤੇਰੀ ਸ਼ਰਣਾਗਤ[13] ਅੰਦਰ ਲੀਨ[14] ਰਹੇ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਬੈਕੁੰਠ ਨਗਰੁ[15] ਜਹਾ[16] ਸੰਤ ਵਾਸਾ[17] ॥	Lord's realm[15] is the place where[16] the saints abide[17].	ਬ੍ਰਹਿਮ ਲੋਕ[15] ਹੈ ਉਹ ਥਾਂ ਜਿਥੇ[16] ਸਾਧੂ ਵਸਦੇ[17] ਹਨ।
ਪ੍ਰਭ ਚਰਣ[18] ਕਮਲ[19] ਰਿਦ[20] ਮਾਹਿ[21] ਨਿਵਾਸਾ[22] ॥੧॥	They enshrine[22] the Lord's lotus[19] feet[18] in[21] their mind[20].	ਸੁਆਮੀ ਦੇ ਕੰਵਲ[19] ਰੂਪੀ ਚਰਨਾਂ[18] ਨੂੰ ਉਹ ਆਪਣੇ ਹਿਰਦੇ[20] ਅੰਦਰ[21] ਟਿਕਾਉਂਦੇ[22] ਹਨ।
ਸੁਣਿ[23] ਮਨ[24] ਤਨ[25] ਤੁਝੁ[26] ਸੁਖੁ[27] ਦਿਖਲਾਵਉ[28] ॥ ਹਰਿ ਅਨਿਕ[29] ਬਿੰਜਨ[30] ਤੁਝੁ ਭੋਗ[31] ਭੁੰਚਾਵਉ[32] ॥੧॥ ਰਹਾਉ ॥	Hearken[23], O my soul[24] and body[25], let me show[28] you[26] the way to peace[27] and make you eat[32] the various[29] viands[30] and delicacies[31]. Pause.	ਸ੍ਰਵਣ ਕਰ[23], ਹੇ ਮੇਰੀਏ ਆਤਮਾ[24] ਅਤੇ ਦੇਹ[25] ਮੈਂ ਤੁਹਾਨੂੰ[26] ਆਰਾਮ[27] ਦਾ ਮਾਰਗ ਵਿਖਾਵਾਂ[28] ਅਤੇ ਤੁਹਾਨੂੰ ਸੁਆਮੀ ਦੇ ਅਨੇਕਾਂ[29] ਭੋਜਨ[30] ਅਤੇ ਨਿਆਮਤਾਂ[31] ਛਕਾਵਾਂ[32]। ਠਹਿਰਾਉ।
ਅੰਮ੍ਰਿਤੁ[33] ਨਾਮੁ ਭੁੰਚੁ[34] ਮਨ ਮਾਹੀ[35] ॥	Taste[34] thou the Nectar[33]-Name in[35] thy mind, O man.	ਆਪਣੇ ਹਿਰਦੇ ਅੰਦਰ[35] ਸੁਧਾਸਰੂਪ[33] ਨਾਮ ਨੂੰ ਚੱਖ[34]।
ਅਚਰਜ[36] ਸਾਦ[37] ਤਾਕੇ[38] ਬਰਨੇ[39] ਨ ਜਾਹੀ ॥੨॥	Unutterable[39] is its[38] wondrous[36] relish[37].	ਅਕਥਨੀਯ[39] ਹੈ ਇਸ ਦਾ[38] ਅਦਭੂਤ[36] ਸੁਆਦ[37]।
ਲੋਭੁ[40] ਮੂਆ[41] ਤ੍ਰਿਸਨਾ[42] ਬੁਝਿ ਥਾਕੀ[43] ॥	Thy avarice[40] shall perish[41] and thy desire[42] shall be quenched[43].	ਤੇਰਾ ਲਾਲਚ[40] ਨਾਸ[41] ਹੋ ਜਾਵੇਗਾ ਅਤੇ ਤੇਰੀ ਖ਼ਾਹਿਸ਼[42] ਬੁੱਝ ਜਾਵੇਗੀ[43]।
ਪਾਰਬ੍ਰਹਮ[44] ਕੀ ਸਰਣਿ[45] ਜਨ[46] ਤਾਕੀ[47] ॥੩॥	The saint[46] seeks[47] the refuge[45] of the Supreme Lord[44] alone.	ਸਾਧੂ[46] ਕੇਵਲ ਸ਼੍ਰੋਮਣੀ ਸਾਹਿਬ[44] ਦੀ ਹੀ ਓਟ[45] ਤਕਾਉਂਦਾ[47] ਹੈ।
ਜਨਮ ਜਨਮ[48] ਕੇ ਭੈ[49] ਮੋਹ[50] ਨਿਵਾਰੇ[51] ॥	The Lord dispels[51] the fears[49] and worldly attachments[50] of many births[48].	ਸੁਆਮੀ ਅਨੇਕਾਂ ਜਨਮਾਂ[48] ਦਿਆਂ ਡਰਾਂ[49] ਅਤੇ ਸੰਸਾਰੀ ਲਗਨਾਂ[50] ਨੂੰ ਦੂਰ ਕਰ ਦਿੰਦਾ[51] ਹੈ।

ਨਾਨਕ ਦਾਸ[52]ਪ੍ਰਭ ਕਿਰਪਾ[53] ਧਾਰੇ[54] ॥੪॥੨੧॥੨੭॥

Unto servant[52] Nanak, the Lord has extended[54] His mercy[53].

ਨੌਕਰ[52] ਨਾਨਕ ਉਤੇ, ਪ੍ਰਭੂ ਨੇ ਆਪਣੀ ਰਹਿਮਤ[53] ਕੀਤੀ[54] ਹੈ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਅਨਿਕ[55] ਬੀਂਗ[56]ਦਾਸ[58]ਕੇ ਪਰ ਹਰਿਆ[57] ॥ ਕਰਿ[61] ਕਿਰਪਾ[59] ਪ੍ਰਭਿ ਅਪਨਾ[60] ਕਰਿਆ ॥੧॥

The Lord removes[57] many[55] shortcomings[56] of His slave[58] and showing[61] His mercy[59] makes him His own[60].

ਸੁਆਮੀ ਆਪਣੇ ਗੋਲੇ[58] ਦੀਆਂ ਕਈ[55] ਕਮਜ਼ੋਰੀਆਂ[56] ਨੂੰ ਦੂਰ ਕਰ ਦਿੰਦਾ[57] ਹੈ ਤੇ ਆਪਣੀ ਮਿਹਰ[59] ਧਾਰ[61] ਕੇ ਉਸ ਨੂੰ ਆਪਣਾ ਨਿਜ ਦਾ[60] ਬਣਾ ਲੈਂਦਾ ਹੈ।

ਤੁਮਹਿ ਛਡਾਇ[62] ਲੀਓ ਜਨ[63] ਅਪਨਾ ॥ ਉਰਝਿ[64] ਪਰਿਓ ਜਾਲੁ[65] ਜਗੁ[66] ਸੁਪਨਾ[67] ॥੧॥ਰਹਾਉ॥

Thou, O Lord emancipatest[62] Thine serf[63], who is entangled[64] in the noose[65] of the dream[67] like world[66]. Pause.

ਤੂੰ ਹੇ ਸਾਂਈਂ! ਆਪਣੇ ਨਫਰ[63] ਨੂੰ ਛੁਡਾ ਲੈਂਦਾ[62] ਹੈਂ ਜੋ ਕਿ ਸੁਫਨੇ[67] ਵਰਗੇ ਸੰਸਾਰ[66] ਦੀ ਫਾਹੀ[65] ਅੰਦਰ ਫਾਥਾ ਹੋਇਆ[64] ਹੈ। ਠਹਿਰਾਉ।

ਪਰਬਤ[68] ਦੋਖ[69] ਮਹਾ[70] ਬਿਕਰਾਲਾ[71] ॥ ਖਿਨ[72] ਮਹਿ ਦੂਰਿ[73] ਕੀਏ ਦਇਆਲਾ[74] ॥੨॥

In an instant[72], the Merciful Master[74], washed off[73] the mountain[68] like most[70] dreadful[71] sins[69] of mine.

ਇਕ ਮੁਹਤ ਵਿਚ[72] ਮਿਹਰਬਾਨ ਮਾਲਕ[74] ਨੇ ਮੇਰੇ ਪਹਾੜ[68] ਵਰਗੇ ਪਰਮ[70] ਭਿਆਨਕ[71] ਪਾਪਾਂ[69] ਨੂੰ ਧੋ ਸੁਟਿਆ[73] ਹੈ।

ਸੋਗ[75] ਰੋਗ[76] ਬਿਪਤਿ[77] ਅਤਿ[78] ਭਾਰੀ[79] ॥ ਦੂਰਿ[80] ਭਈ[81] ਜਪਿ ਨਾਮੁ ਮੁਰਾਰੀ[82] ॥੩॥

The sorrows[75], ailments[76] and very[78] great[79] calamities[77] are dispelled[80] by contemplating[81] the Lord's[82] Name.

ਅਫਸੋਸ[75], ਬੀਮਾਰੀਆਂ[76] ਅਤੇ ਪਰਮ[78] ਵੱਡੀਆਂ[79] ਮੁਸੀਬਤਾਂ[77], ਸਾਹਿਬ[82] ਦੇ ਨਾਮ ਦਾ ਸਿਮਰਨ[81] ਕਰਨ ਦੁਆਰਾ ਰਫ਼ਾ ਹੋ ਜਾਂਦੀਆਂ[80] ਹਨ।

ਦ੍ਰਿਸਟਿ[83] ਧਾਰਿ[84] ਲੀਨੋ ਲੜਿ[85] ਲਾਇ[86] ॥ ਹਰਿ ਚਰਣ[87] ਗਹੇ[88] ਨਾਨਕ ਸਰਣਾਇ[89]॥੪॥੨੨॥੨੮॥

Showing[84] mercy[83], the Lord attaches[86]His devotees to His skirt[85]. O Nanak, they grasp[88] God's feet[87] and enter His sanctuary[89].

ਕਿਰਪਾ[83] ਕਰ ਕੇ[84], ਸਾਹਿਬ ਆਪਣੇ ਸ਼ਰਧਾਲੂਆਂ ਨੂੰ ਆਪਣੇ ਪੱਲੇ[85] ਨਾਲ ਜੋੜ ਲੈਂਦਾ[86] ਹੈ। ਹੇ ਨਾਨਕ! ਉਹ ਵਾਹਿਗੁਰੂ ਦੇ ਚਰਨ[87] ਪਕੜ ਲੈਂਦੇ[88] ਹਨ ਅਤੇ ਉਸ ਦੀ ਪਨਾਹ[89] ਅੰਦਰ ਵਸਦੇ ਹਨ।

੭੪੩ 743 ੭੪੩

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਦੀਨੁ[90] ਛਡਾਇ[91] ਦੁਨੀ[92] ਜੋ ਲਾਏ[93]॥ਦੁਹੀ[94]ਸਰਾਈ[95] ਖੁਨਾਮੀ[96] ਕਹਾਏ[97] ॥੧॥

He, who withdrawing[91] his mind from the Lord's meditation[90] attaches[93] it to worldliness[92], is called[97] a sinner[96] in both[94] the worlds[95].

ਜਿਹੜਾ ਆਪਣੇ ਮਨ ਨੂੰ ਸੁਆਮੀ ਦੇ ਸਿਮਰਨ[90] ਵੱਲੋਂ ਹਟਾ ਕੇ[91] ਇਸ ਨੂੰ ਦੁਨੀਆਦਾਰੀ[92] ਵੱਲ ਜੋੜਦਾ[93] ਹੈ, ਉਹ ਦੋਨਾਂ[94] ਹੀ ਜਹਾਨਾਂ[95] ਵਿਚ ਪਾਪੀ[96] ਆਖਿਆ ਜਾਂਦਾ[97] ਹੈ।

ਜੋ ਤਿਸੁ[98] ਭਾਵੈ[99] ਸੋ[100] ਪਰਵਾਣੁ[2] ॥ ਆਪਣੀ ਕੁਦਰਤਿ[3] ਆਪੇ ਜਾਣੁ ॥੧॥ ਰਹਾਉ ॥

He[100] alone is approved[2], who is pleasing[99] to Him[98]. His Omnipotence[3], the Lord Himself knows. Pause.

ਕੇਵਲ ਉਹ[100] ਹੀ ਕਬੂਲ ਪੈਂਦਾ[2] ਹੈ ਜਿਹੜਾ ਉਸ ਨੂੰ[98] ਚੰਗਾ ਲਗਦਾ[99] ਹੈ। ਆਪਣੀ ਅਪਾਰ ਸ਼ਕਤੀ[3] ਨੂੰ ਪ੍ਰਭੂ ਆਪ ਹੀ ਜਾਣਦਾ ਹੈ। ਠਹਿਰਾਉ।

ਸਚਾ[4] ਧਰਮੁ ਪੁੰਨੁ[5] ਭਲਾ[6]

He, who practises[7] righteousness[4]

ਜੋ ਸੱਚਾਈ[4], ਦਾਨ ਪੁੰਨ[5] ਅਤੇ ਨੇਕੀ[6] ਦੀ ਕਮਾਈ ਕਰਦਾ[7]

ਕਰਾਏ[7] ॥ ਦੀਨ[8] ਕੈ ਤੋਸੈ[9] ਦੁਨੀ[10] ਨ ਜਾਏ[12] ॥੨॥	charity[5] and goodness[6]; by virtue of the viaticum[9] of faith[8], the worldly success[10] fails[12] him not.	ਹੈ; ਈਮਾਨ[8] ਦੇ ਸਫ਼ਰ ਖ਼ਰਚ[9] ਦੀ ਬਰਕਤ, ਸੰਸਾਰੀ ਕਾਮਯਾਬੀ[10] ਉਸ ਨੂੰ ਪਿੱਠ[12] ਨਹੀਂ ਦਿੰਦੀ।
ਸਰਬ[13] ਨਿਰੰਤਰਿ[14] ਏਕੋ[15] ਜਾਗੈ[16] ॥	Amidst[14] all[13], the One Lord[15] lies awake[16].	ਸਾਰਿਆਂ[13] ਅੰਦਰ[14] ਪ੍ਰਭੂ[15] ਸੁਚੇਤ[16] ਹੋ ਕੇ ਵਿਚਰ ਰਿਹਾ ਹੈ।
ਜਿਤੁ ਜਿਤੁ[17] ਲਾਇਆ[19] ਤਿਤੁ ਤਿਤੁ[20] ਕੋ ਲਾਗੈ ॥੩॥	To whatsoever[17] the Lord attaches[19] any one, to that[20] he is attached.	ਜਿਸ ਕਿਸੇ ਨਾਲ[17] ਸੁਆਮੀ ਕਿਸੇ ਨੂੰ ਜੋੜਦਾ[19] ਹੈ ਉਸ[20] ਦੇ ਨਾਲ ਹੀ ਉਹ ਜੁੜ ਜਾਂਦਾ ਹੈ।
ਅਗਮ[21] ਅਗੋਚਰੁ[22] ਸਚੁ ਸਾਹਿਬੁ ਮੇਰਾ ॥	Inaccessible[21] and Inapprehensible[22] art Thou, O my True Lord.	ਪਹੁੰਚ ਤੋਂ ਪਰੇ[21] ਅਤੇ ਸੋਚ ਸਮਝ ਤੋਂ ਉਚੇਰਾ[22] ਹੈਂ ਤੂੰ, ਹੇ ਮੇਰੇ ਸੱਚੇ ਸੁਆਮੀ!
ਨਾਨਕੁ ਬੋਲੈ[23] ਬੋਲਾਇਆ ਤੇਰਾ ॥੪॥੨੩॥੨੯॥	Nanak speaks[23], as Thou makest him speak.	ਨਾਨਕ ਉਸ ਤਰ੍ਹਾਂ ਕਹਿੰਦਾ[23] ਹੈ ਜਿਸ ਤਰ੍ਹਾਂ ਤੂੰ ਉਸ ਪਾਸੋਂ ਕਹਾਉਂਦਾ ਹੈਂ।
ਸੂਹੀ ਮਹਲਾ ੫ ॥	**Suhi 5th Guru.**	**ਸੂਹੀ ਪੰਜਵੀਂ ਪਾਤਸ਼ਾਹੀ।**
ਪ੍ਰਾਤਹ ਕਾਲਿ[24] ਹਰਿ ਨਾਮੁ ਉਚਾਰੀ[25] ॥ ਈਤ[26] ਊਤ[27] ਕੀ ਓਟ[28] ਸਵਾਰੀ[29] ॥੧॥	I utter[25] God's Name in the early morn[24]. Thereby I have made[29] a shelter[28] for me both here[26] and hereafter[27].	ਅੰਮ੍ਰਿਤ ਵੇਲੇ[24] ਮੈਂ ਹਰੀ ਦੇ ਨਾਮ ਦਾ ਉਚਾਰਨ ਕਰਦਾ[25] ਹਾਂ। ਉਸ ਦੁਆਰਾ ਮੈਂ ਆਪਣੇ ਲਈ ਇਸ[26] ਲੋਕ ਤੇ ਪ੍ਰਲੋਕ[27] ਦੋਨਾਂ ਵਿਚ ਆਸਰਾ[28] ਬਣਾ[29] ਲਿਆ ਹੈ।
ਸਦਾ[30] ਸਦਾ ਜਪੀਐ[31] ਹਰਿ ਨਾਮ ॥ ਪੂਰਨ[32] ਹੋਵਹਿ ਮਨ ਕੇ ਕਾਮ[33] ॥੧॥ਰਹਾਉ॥	Ever[30], ever contemplate[31] thou the Lord's Name, that thy mind's desires[33] may be fulfilled[32] Pause.	ਤੂੰ ਨਿਤ[30], ਨਿਤ ਸਾਂਈਂ ਦੇ ਨਾਮ ਦਾ ਸਿਮਰਨ[31] ਕਰ, ਤਾਂ ਜੋ ਤੇਰੇ ਚਿੱਤ ਦੀਆਂ ਕਾਮਨਾਵਾਂ[33] ਪੂਰੀਆਂ ਹੋ ਜਾਣ[32]। ਠਹਿਰਾਉ।
ਪ੍ਰਭੁ ਅਬਿਨਾਸੀ[34] ਰੈਣਿ ਦਿਨੁ ਗਾਉ ॥ ਜੀਵਤ[37] ਮਰਤ[38] ਨਿਹਚਲੁ[35] ਪਾਵਹਿ ਥਾਉ[36] ॥੨॥	Night and day sing thou the praises of the Imperishable[34] Lord and in life[37] and after death[38] thou shalt obtain an Eternal[35] Abode[36].	ਰਾਤ ਦਿਨੇ ਤੂੰ ਅਮਰ ਸੁਆਮੀ[34] ਦੀ ਮਹਿਮਾ ਗਾਇਨ ਕਰ ਅਤੇ ਜੀਉਂਦਾ ਹੋਇਆ[37] ਤੇ ਮਰਨ[38] ਮਗਰੋਂ ਤੂੰ ਸਦੀਵੀ ਸਥਿਰ[35] ਸਥਾਨ[36] ਪਾ ਲਵੇਂਗਾ।
ਸੋ[39] ਸਾਹੁ[40] ਸੇਵਿ[41] ਜਿਤੁ ਤੋਟਿ[42] ਨ ਆਵੈ ॥ ਖਾਤ[43] ਖਰਚਤ[44] ਸੁਖਿ[45] ਅਨਦਿ[46] ਵਿਹਾਵੈ[47] ॥੩॥	Serve[41] thou the[39] Banker[40], that thou mayest fall short[42] of naught, and while eating[43] and expending[44] thou shalt pass[47] thy life in peace[45] and pleasure[46].	ਤੂੰ ਉਸ[39] ਸ਼ਾਹੂਕਾਰ[40] ਦੀ ਟਹਿਲ ਕਮਾ[41]; ਜਿਸ ਕਰਕੇ ਤੈਨੂੰ ਕਿਸੇ ਸ਼ੈ ਦੀ ਕਮੀ[42] ਨਾ ਵਾਪਰੇ ਅਤੇ ਅਤੇ ਖਾਂਦਾ[43] ਤੇ ਖਰਚਦਾ ਹੋਇਆ[44] ਤੂੰ ਆਪਣੀ ਜ਼ਿੰਦਗੀ ਆਰਾਮ[45] ਤੇ ਖ਼ੁਸ਼ੀ[46] ਵਿਚ ਬਤੀਤ[47] ਕਰੇਂਗਾ।
ਜਗ[48] ਜੀਵਨ[49] ਪੁਰਖੁ[50] ਸਾਧ ਸੰਗਿ ਪਾਇਆ ॥	Lord[50], the life[49] of the world[48], I have obtained in the society of the saints.	ਜਗਤ[48] ਦੀ ਜਿੰਦ-ਜਾਨ[49] ਸੁਆਮੀ[50] ਨੂੰ ਮੈਂ ਸਤਿਸੰਗਤ ਅੰਦਰ ਪਰਾਪਤ ਕਰ ਲਿਆ ਹੈ।
ਗੁਰ ਪ੍ਰਸਾਦਿ[51] ਨਾਨਕ ਨਾਮੁ ਧਿਆਇਆ[52] ॥੪॥੨੪॥੩੦॥	By Guru's grace[51], I have pondered[52] over the Lord's Name.	ਗੁਰਾਂ ਦੀ ਦਇਆ[51] ਦੁਆਰਾ, ਮੈਂ ਸਾਹਿਬ ਦੇ ਨਾਮ ਦਾ ਸਿਮਰਨ ਕੀਤਾ[52] ਹੈ।

ਸੂਹੀ ਮਹਲਾ ੫ ॥

ਗੁਰ ਪੂਰੇ[53] ਜਬ ਭਏ ਦਇਆਲ[54]॥ਦੁਖ ਬਿਨਸੇ[55] ਪੂਰਨ[56] ਭਈ ਘਾਲ[57]॥੧॥

Suhi 5th Guru.

When the perfect[53] Guru becomes compassionate[54] then my pains are eradicated[55] and my service[57] is fulfilled[56].

ਸੂਹੀ ਪੰਜਵੀਂ ਪਾਤਿਸ਼ਾਹੀ ।

ਜਦ ਪੂਰਨ[53] ਗੁਰਦੇਵ ਜੀ ਮਇਆਵਾਨ[54] ਹੋ ਜਾਂਦੇ ਹਨ ਤਾਂ ਮੇਰੀਆਂ ਪੀੜਾਂ ਮਿਟ ਜਾਂਦੀਆਂ[55] ਹਨ ਅਤੇ ਮੇਰੀ ਸੇਵਾ[57] ਸੰਪੂਰਨ ਹੋ ਜਾਂਦੀ[56] ਹੈ ।

ਪੇਖਿ[58] ਪੇਖਿ ਜੀਵਾ ਦਰਸੁ[59] ਤੁਮਾਰਾ ॥ ਚਰਣ[60]ਕਮਲ[61] ਜਾਈ ਬਲਿਹਾਰਾ[62]॥

My Master, I live seeing[58], seeing Thine vision[59] and am a sacrifice[62] unto Thine lotus[61] feet[60].

ਮੇਰੇ ਮਾਲਕ, ਮੈਂ ਤੇਰਾ ਦਰਸ਼ਨ[59] ਵੇਖ[58], ਵੇਖ ਜੀਉਂਦਾ ਹਾਂ ਅਤੇ ਤੇਰਿਆਂ ਕੰਵਲ[61] ਰੂਪ ਚਰਨਾਂ[60] ਤੋਂ ਘੋਲੀ ਜਾਂਦਾ[62] ਹਾਂ ।

ਤੁਝ ਬਿਨੁ[63]ਠਾਕੁਰ ਕਵਨੁ[64] ਹਮਾਰਾ ॥੧॥ ਰਹਾਉ॥

Without[63] Thee who[64] is mine, O Lord. Pause.

ਤੇਰੇ ਬਾਝੋਂ[63] ਮੇਰਾ ਕਉਣ[64] ਹੈ, ਹੇ ਸੁਆਮੀ ! ਠਹਿਰਾਉ ।

ਸਾਧ ਸੰਗਤਿ ਸਿਉ ਪ੍ਰੀਤਿ[65] ਬਨਿ ਆਈ[66] ॥ ਪੂਰਬ[67] ਕਰਮਿ[68] ਲਿਖਤ[69] ਧੁਰਿ[70] ਪਾਈ[71] ॥੨॥

I have cultivated[66] affection[65] for the saints' society and have obtained[71] the fruit of the Lord's[70] writ[69], in accordance with my past[67] deeds[68].

ਮੇਰਾ ਸਤਿ ਸੰਗਤ ਨਾਲ ਪ੍ਰੇਮ[65] ਪੈ ਗਿਆ[66] ਹੈ ਅਤੇ ਮੈਂ ਆਪਣੇ ਪਿਛਲੇ[67] ਅਮਲਾਂ[68] ਦੇ ਅਨੁਸਾਰ ਸੁਆਮੀ[70] ਦੀ ਲਿਖਤਾਕਾਰ[69] ਦਾ ਫਲ ਪਾ ਲਿਆ[71] ਹੈ ।

ਜਪਿ[73] ਹਰਿ ਹਰਿ[74] ਨਾਮੁ ਅਚਰਜੁ[75] ਪਰਤਾਪ[76] ॥ ਜਾਲਿ[77] ਨ ਸਾਕਹਿ ਤੀਨੇ ਤਾਪ[78] ॥੩॥

Wondrous[75] is the glory[76] of the meditation[73] of the Lord God's[74] Name, which the three ailments[78] can consume[77] not.

ਅਦਭੁਤ[75] ਹੈ ਸੁਆਮੀ ਵਾਹਿਗੁਰੂ[74] ਦੇ ਨਾਮ ਦੇ ਸਿਮਰਨ[73] ਦੀ ਪ੍ਰਭਤਾ[76], ਜਿਸ ਨੂੰ ਤਿੰਨੇ ਰੋਗ[78] ਨਸ਼ਟ[77] ਨਹੀਂ ਕਰ ਸਕਦੇ ।

ਨਿਮਖ[79]ਨ ਬਿਸਰਹਿ[80] ਹਰਿ ਚਰਣ[81] ਤੁਮਾਰੇ ॥ ਨਾਨਕੁ ਮਾਗੈ[82] ਦਾਨੁ[83] ਪਿਆਰੇ[84]॥ ॥੪॥੨੫॥੩੧॥

O Lord, may I never forget[80], even for a moment[79], Thine feet[81]. Such is the bounty[83] Nanak asks[82] from Thee, O my Beloved[84].

ਹੇ ਪ੍ਰਭੂ ! ਮੈਂ ਤੇਰੇ ਚਰਨਾਂ[81] ਨੂੰ ਇਕ ਮੁਹਤ ਲਈ[79] ਭੀ ਕਦੇ ਨਾ ਭੁੱਲਾਂ[80] ! ਇਹੋ ਜਿਹੀ ਦਾਤ[83] ਨਾਨਕ ਤੇਰੇ ਪਾਸੋਂ ਮੰਗਦਾ[82] ਹੈ, ਹੇ ਮੇਰੇ ਪ੍ਰੀਤਮ[84] !

ਸੂਹੀ ਮਹਲਾ ੫ ॥

ਸੇ ਸੰਜੋਗ[85] ਕਰਹੁ ਮੇਰੇ ਪਿਆਰੇ[86]॥ ਜਿਤੁ ਰਸਨਾ[87] ਹਰਿ ਨਾਮੁ ਉਚਾਰੇ[88] ॥੧॥

Suhi 5th Guru.

O my Beloved[86], let there be such an auspicious time[85], when my tongue[87] may utter[88] God's Name.

ਸੂਹੀ ਪੰਜਵੀਂ ਪਾਤਿਸ਼ਾਹੀ ।

ਹੇ ਮੇਰੇ ਪ੍ਰੀਤਮ[86] ! ਐਹੋ ਜੇਹਾ ਸੁਭਾਗ ਸਮਾਂ[85] ਲਿਆ, ਜਦ ਮੇਰੀ ਜੀਭ[87] ਵਾਹਿਗੁਰੂ ਦੇ ਨਾਮ ਦਾ ਉਚਾਰਨ[88] ਕਰੇ ।

ਸੁਣਿ[92]ਬੇਨਤੀ[89]ਪ੍ਰਭ ਦੀਨ[90] ਦਇਆਲਾ[91] ॥

Hearken[92] Thou my supplication[89], O Merciful[91] Master of the meek[90].

ਤੂੰ ਮੇਰੀ ਪ੍ਰਾਰਥਨਾ[89] ਸ੍ਰਵਣ ਕਰ[92], ਹੇ ਮਸਕੀਨਾਂ[90] ਉਪਰ ਮਿਹਰਬਾਨ[91] ਮਾਲਕ !

ਸਾਧ ਗਾਵਹਿ ਗੁਣ[93]ਸਦਾ[94] [95]ਰਸਾਲਾ[96] ॥੧॥ਰਹਾਉ॥

The saints sing ever[94] the praises[93] of God, the Home[96] of Nectar[95]. Pause.

ਸੰਤ, ਸਦੀਵ[94] ਹੀ, ਅੰਮ੍ਰਿਤ[95] ਦੇ ਘਰ[96] ਵਾਹਿਗੁਰੂ ਦੀ ਉਸਤਤੀ[93] ਗਾਇਨ ਕਰਦੇ ਹਨ । ਠਹਿਰਾਉ ।

ਜੀਵਨ[97] ਰੂਪੁ ਸਿਮਰਣੁ[98] ਪ੍ਰਭ ਤੇਰਾ ॥ ਜਿਸੁ ਕ੍ਰਿਪਾ[99] ਕਰਹਿ[4] ਬਸਹਿ[100] ਤਿਸੁ[2] ਨੇਰਾ[3] ॥੨॥

Life-giving[97] is Thine contemplation[98], O Lord. He to whom Thou showest[4] mercy[99]; near[3] him[2] abidest[100] Thou.

ਜ਼ਿੰਦਗੀ-ਬਖ਼ਸ਼ਣ ਵਾਲੀ[97] ਹੈ ਤੇਰੀ ਬੰਦਗੀ[98], ਹੇ ਸੁਆਮੀ ! ਜਿਸ ਉਤੇ ਤੂੰ ਮਿਹਰ[99] ਧਾਰਦਾ[4] ਹੈਂ, ਉਸ ਦੇ[2] ਤੂੰ ਨੇੜੇ[3] ਹੀ ਵਸਦਾ[100] ਹੈਂ ।

ਜਨ[5] ਕੀ ਭੂਖ[6] ਤੇਰਾ ਨਾਮੁ ਅਹਾਰੁ[7] ॥	Thy Name is the viand[7] to satisfy the hunger[6] of Thine slave[5], O Lord.	ਤੇਰੇ ਗੁਮਾਸ਼ਤੇ[5] ਦੀ ਭੁੱਖ[6] ਦੂਰ ਕਰਨ ਲਈ ਤੇਰਾ ਨਾਮ ਹੀ ਭੋਜਨ[7] ਹੈ।
ਤੂੰ ਦਾਤਾ[8] ਪ੍ਰਭ ਦੇਵਣਹਾਰੁ[9] ॥੩॥	Thou, O Beneficent[8] Lord, art the only Giver[9].	ਹੇ ਦਾਤਾਰ[8] ਸੁਆਮੀ ! ਕੇਵਲ ਤੂੰ ਹੀ ਬਖ਼ਸ਼ਸ਼ ਕਰਨ ਵਾਲਾ[9] ਹੈਂ।
ਰਾਮ[10] ਰਮਤ[12] ਸੰਤਨ ਸੁਖੁ[13] ਮਾਨਾ[14] ॥	The saints deem[14] pleasure[13] in the utterance[12] of the Lord's[10] Name.	ਸੁਆਮੀ[10] ਦੇ ਨਾਮ ਦੇ ਉਚਾਰਨ[12] ਵਿਚ ਸਾਧੂ ਖ਼ੁਸ਼ੀ[13] ਮੰਨਦੇ[14] ਹਨ।
ਨਾਨਕ ਦੇਵਨਹਾਰ[15] ਸੁਜਾਨਾ[16] ॥੪॥੨੬॥੩੨॥	Nanak, the Omniscient Lord[16], is our only Giver[15].	ਨਾਨਕ, ਕੇਵਲ ਸਰਬੱਗ ਸੁਆਮੀ[16] ਹੀ ਸਾਨੂੰ ਦੇਣ ਵਾਲਾ[15] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਬਹਤੀ[17] ਜਾਤ ਕਦੇ[18] ਦ੍ਰਿਸਟਿ[19] ਨ ਧਾਰਤ ॥	The life is flowing away[17], but thou seest[19] it not ever[18].	ਜ਼ਿੰਦਗੀ ਵਗਦੀ ਜਾ ਰਹੀ[17] ਹੈ, ਪ੍ਰੰਤੂ ਤੂੰ ਇਸ ਨੂੰ ਕਦਾਚਿਤ[18] ਵੇਖਦਾ[19] ਨਹੀਂ।
ਮਿਥਿਆ[20] ਮੋਹ[21] ਬੰਧਹਿ[22] ਨਿਤ[23] ਪਾਰਚ[24] ॥੧॥	Thou art ever[23] entangled[22] in the strifes[24] of the false[20] worldly love[21].	ਤੂੰ ਸਦਾ[23] ਹੀ ਕੂੜੀ[20] ਦੁਨਿਆਵੀ ਮਮਤਾ[21] ਦੇ ਝਗੜਿਆਂ[24] ਅੰਦਰ ਫਸਿਆ ਰਹਿੰਦਾ[22] ਹੈਂ।
[25]ਮਾਧਵੇ[26] ਭਜੁ[27] ਦਿਨ ਨਿਤ[28] ਰੈਣੀ ॥	Day and night ever[28] meditate[27] thou on God, the Lord[26] of wealth[25].	ਦਿਨ ਅਤੇ ਰਾਤ ਤੂੰ ਸਦੀਵ[28] ਹੀ ਮਾਇਆ[25] ਦੇ ਸੁਆਮੀ[26], ਵਾਹਿਗੁਰੂ, ਦਾ ਸਿਮਰਨ[27] ਕਰ।
ਜਨਮ[29]ਪਦਾਰਥੁ[30]ਜੀਤਿ[31] ਹਰਿ ਸਰਣੀ[32] ॥੧॥ ਰਹਾਉ॥	Abiding in God's refuge[32], win[31] thou the invaluable[30] human life[29]. Pause.	ਵਾਹਿਗੁਰੂ ਦੀ ਛਤ੍ਰ ਛਾਇਆ[32] ਹੇਠ ਵਸ ਕੇ, ਤੂੰ ਅਮੋਲਕ[30] ਮਨੁੱਖੀ ਜੀਵਨ[29] ਨੂੰ ਜਿੱਤ ਲੈ[31]। ਠਹਿਰਾਉ।
ਕਰਤ[33] ਬਿਕਾਰ[34] ਦੋਊ ਕਰ ਝਾਰਤ[35] ॥ ਰਾਮ[40] ਰਤਨੁ[36] ਰਿਦ[37] ਤਿਲੁ[38] ਨਹੀ ਧਾਰਤ[39] ॥੨॥	Thou committest[33] sins[34] with full force[35] and enshrinest[39] not, even for a moment[38], the Name[40] jewel[36] in thy mind[37].	ਤੂੰ ਸਾਰੇ ਜ਼ੋਰ[35] ਨਾਲ ਪਾਪ[34] ਕਮਾਉਂਦਾ[33] ਹੈਂ ਅਤੇ ਇਕ ਮੁਹਤ ਭਰ ਲਈ[38] ਭੀ ਨਾਮ[40] ਦੇ ਹੀਰੇ[36] ਨੂੰ ਆਪਣੇ ਮਨ[37] ਵਿਚ ਨਹੀਂ ਟਿਕਾਉਂਦਾ[39]।
ਭਰਣ[41] ਪੋਖਣ[42] ਸੰਗਿ ਅਉਧ[43] ਬਿਹਾਣੀ[44]॥ ਜੈ[45] [46]ਜਗਦੀਸ[47] ਕੀ ਗਤਿ[48] ਨਹੀ ਜਾਣੀ[49] ॥੩॥	In feeding[41] and cherishing[42] the body, the life[43] is passing away[44], but the mortal understands[49] not the state[48] of praising[45] the World[46]-Lord[47].	ਸਰੀਰ ਨੂੰ ਖੁਆਣ[41] ਅਤੇ ਪਾਲਣ ਪੋਸਣ[42] ਵਿਚ ਜ਼ਿੰਦਗੀ[43] ਬੀਤਦੀ ਜਾ ਰਹੀ[44] ਹੈ, ਪ੍ਰੰਤੂ ਪ੍ਰਾਣੀ ਸ੍ਰਿਸ਼ਟੀ[46] ਦੇ ਸੁਆਮੀ[47] ਦੀ ਸਿਫ਼ਤ[45] ਕਰਨ ਦੀ ਦਸ਼ਾ[48] ਨੂੰ ਨਹੀਂ ਸਮਝਦਾ[49]।
ਸਰਣਿ[50] ਸਮਰਥ[51] ਅਗੋਚਰ[52]ਸੁਆਮੀ॥ਉਧਰੁ[53] ਨਾਨਕ ਪ੍ਰਭੁ ਅੰਤਰਜਾਮੀ[54]॥ ੪॥੨੭॥੩੩॥	See thou the protection[50] of thy Omnipotent[51], Unperceivable[52] Lord and thus save[53] thyself O Nanak. The Lord is the knower of hearts[54].	ਤੂੰ ਆਪਣੇ ਸਰਬ-ਸ਼ਕਤੀਵਾਨ[51], ਅਦ੍ਰਿਸ਼ਟ[52] ਪ੍ਰਭੂ ਦੀ ਪਨਾਹ[50] ਲੈ ਅਤੇ ਇਸ ਤਰ੍ਹਾਂ ਆਪਣਾ ਪਾਰ ਉਤਾਰਾ[53] ਕਰ, ਹੇ ਨਾਨਕ ! ਸਾਹਿਬ ਦਿਲਾਂ ਦੀਆਂ ਜਾਨਣਹਾਰ[54] ਹੈ।
੭੪੪	**744**	**੭੪੪**
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਸਾਧ ਸੰਗਿ ਤਰੈ[55] ਭੈ[56] ਸਾਗਰੁ[57] ॥ ਹਰਿ ਹਰਿ[61]	In the society of saints, meditate[58] thou on the Name of the Lord	ਸਤਿ ਸੰਗਤ ਅੰਦਰ ਤੂੰ ਹੀਰਿਆਂ[59] ਦੀ ਕਾਣ[60] ਸੁਆਮੀ ਮਾਲਕ[61] ਦੇ ਨਾਮ ਦਾ ਆਰਾਧਨ[58] ਕਰ ਤਾਂ ਜੋ ਤੂੰ

ਨਾਮੁ ਸਿਮਰਿ[58] [59]ਰਤਨਾ-ਗਰੁ[60] ॥੧॥	Master[61], the mine[60] of jewels[59], that thou mayest cross[55] the fearful[56] world-ocean[57].	ਭਿਆਨਕ[56] ਸੰਸਾਰ ਸਮੁੰਦਰ[57] ਤੋਂ ਪਾਰ[55] ਹੋ ਜਾਵੇਂ।
ਸਿਮਰਿ[62] ਸਿਮਰਿ ਜੀਵਾ ਨਾਰਾਇਣ[63] ॥	Contemplating[62], contemplating the Primal Being[63], live I.	ਆਦਿ ਪੁਰਖ[63] ਦਾ ਆਰਾਧਨ[62], ਆਰਾਧਨ ਕਰਨ ਦੁਆਰਾ ਮੈਂ ਜੀਉਂਦਾ ਹਾਂ।
ਦੂਖ[64] ਰੋਗ[65] ਸੋਗ[66] ਸਭਿ ਬਿਨਸੇ[67] ਗੁਰ ਪੂਰੇ[68] ਮਿਲਿ ਪਾਪ[69] ਤਜਾਇਣ[70]॥੧॥ ਰਹਾਉ॥	Meeting with the perfect[68] Guru, all the pains[64], ailments[65] and woes[66] are eradicated[67] and the sins[69] are done away[70] with. Pause.	ਪੂਰਨ[68] ਗੁਰਾਂ ਨਾਲ ਮਿਲਣ ਦੁਆਰਾ, ਸਾਰੇ ਦੁਖੜੇ[64], ਬੀਮਾਰੀਆਂ[65] ਅਤੇ ਸ਼ੋਕ[66] ਨਸ਼ਟ ਹੋ ਜਾਂਦੇ[67] ਹਨ ਅਤੇ ਪਾਪ[69] ਕੱਟੇ ਜਾਂਦੇ[70] ਹਨ। ਠਹਿਰਾਉ।
ਜੀਵਨ ਪਦਵੀ[71] ਹਰਿ ਕਾ ਨਾਉ ॥ ਮਨੁ[74] ਤਨੁ[75] ਨਿਰਮਲ[72] ਸਾਚੁ ਸੁਆਉ[73] ॥੨॥	Through the Lord's Name immortal status[71] is obtained, and the soul[74] and body[75] are rendered immaculate[72], which is the life's true object[73].	ਸਾਂਈਂ ਦੇ ਨਾਮ ਦੇ ਰਾਹੀਂ ਅਬਿਨਾਸੀ ਦਰਜਾ[71] ਪਰਾਪਤ ਹੋ ਜਾਂਦਾ ਹੈ, ਅਤੇ ਆਤਮਾ[74] ਤੇ ਦੇਹ[75] ਪਵਿੱਤਰ[72] ਹੋ ਜਾਂਦੇ ਹਨ, ਜੋ ਕਿ ਜੀਵਨ ਦਾ ਸੱਚਾ ਮਨੋਰਥ[73] ਹੈ।
ਆਠ ਪਹਰ ਪਾਰਬ੍ਰਹਮੁ[76] ਧਿਆਈਐ[77] ॥	Throughout the eight watches, remember[77] thou the Transcendent Lord[76].	ਅੱਠੇ ਪਹਿਰ ਹੀ ਤੂੰ ਪਰਮ ਪ੍ਰਭੂ[76] ਦਾ ਆਰਾਧਨ[77] ਕਰ।
ਪੂਰਬਿ[78] ਲਿਖਤੁ[79] ਹੋਇ ਤਾ[80] ਪਾਈਐ ॥੩॥	If there be such a primal[78] writ[79], then[80] alone one obtains the Name.	ਜੇਕਰ ਮੁੱਢਲੀ[78] ਇਹੋ ਜਿਹੀ ਲਿਖਤਾਕਾਰ[79] ਹੋਵੇ, ਕੇਵਲ ਤਦ[80] ਹੀ ਬੰਦਾ ਨਾਮ ਨੂੰ ਪਾਉਂਦਾ ਹੈ।
ਸਰਣਿ[81] ਪਏ[85] ਜਪਿ[82] ਦੀਨ[83] ਦਇਆਲਾ[84] ॥	I have entered[85] the Lord's sanctuary[81] and ponder over[82] Him, the merciful Master[84] of the meek[83].	ਮੈਂ ਪ੍ਰਭੂ ਦੀ ਪਨਾਹ[81] ਲਈ[85] ਹੈ ਅਤੇ ਉਸ ਮਸਕੀਨਾਂ[83] ਉਤੇ ਮਿਹਰਬਾਨ ਮਾਲਕ[84] ਦਾ ਸਿਮਰਨ[82] ਕਰਦਾ ਹਾਂ।
ਨਾਨਕੁ ਜਾਚੈ[86] ਸੰਤ ਰਵਾਲਾ[87] ॥੪॥੨੮॥੩੪॥	Nanak longs for[86] the dust[87] of the saints' feet.	ਨਾਨਕ ਸਾਧੂਆਂ ਦੇ ਚਰਨਾਂ ਦੀ ਧੂੜ[87] ਦੀ ਚਾਹਨਾ[86] ਕਰਦਾ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਘਰ[88] ਕਾ ਕਾਜੁ[89] ਨ ਜਾਣੀ ਰੂੜਾ[90] ॥	The beauteous[90] mortal knows not the work[89] of his household[88].	ਸੁੰਦਰ[90] ਪ੍ਰਾਨੀ ਆਪਣੇ ਘਰ[88] ਦੇ ਕਾਰਜ[89] ਨੂੰ ਨਹੀਂ ਜਾਣਦਾ।
ਝੂਠੈ ਧੰਧੈ[91] ਰਚਿਓ[92] ਮੂੜਾ[93] ॥੧॥	The fool[93] is engrossed[92] in the false affairs[91].	ਮੂਰਖ[93] ਕੂੜੇ ਕੰਮਾਂ[91] ਅੰਦਰ ਖੱਚਤ[92] ਹੋਇਆ ਹੋਇਆ ਹੈ।
ਜਿਤੁ[94] ਤੂੰ ਲਾਵਹਿ[98] ਤਿਤੁ[95] ਤਿਤੁ ਲਗਨਾ ॥	As[94] Thou attachest[98] one, so[95] is he attached.	ਜਿਸ ਤਰ੍ਹਾਂ[94] ਤੂੰ ਕਿਸੇ ਨੂੰ ਜੋੜਦਾ[98] ਹੈਂ ਉਸੇ ਤਰ੍ਹਾਂ[95] ਹੀ ਉਹ ਜੁੜ ਜਾਂਦਾ ਹੈ।
ਜਾ[96] ਤੂੰ ਦੇਹਿ[97] ਤੇਰਾ ਨਾਉ ਜਪਨਾ[99] ॥੧॥ ਰਹਾਉ॥	When[96] Thou blessest[97] him then utters[99] he Thy Name. Pause.	ਜਦ[96] ਤੂੰ ਉਸ ਨੂੰ ਇਹੋ ਜਿਹੀ ਦਾਤ ਦਿੰਦਾ[97] ਹੈਂ, ਤਦ ਉਹ ਤੇਰੇ ਨਾਮ ਦਾ ਉਚਾਰਨ[99] ਕਰਦਾ ਹੈ। ਠਹਿਰਾਉ।
ਹਰਿ ਕੇ ਦਾਸ[100] ਹਰਿ ਸੇਤੀ[2] ਰਾਤੇ[3] ॥ ਰਾਮ[4]	God's slaves[100] are imbued[3] with[2] God and night[6] and day remain	ਰੱਬ ਦੇ ਗੋਲੇ[100] ਰੱਬ ਦੇ ਨਾਲ[2] ਰੰਗੇ ਹੋਏ[3] ਹਨ ਅਤੇ ਰਾਤ ਦਿਨ[6] ਸੁਆਮੀ[4] ਦੇ (ਨਾਮ ਦੀ) ਸ਼ਰਾਬ[5] ਨਾਲ ਮਤਵਾਲੇ[7]

ਰਸਾਇਣਿ[5] ਅਨਦਿਨੁ[6] ਮਾਤੇ[7] ॥੨॥	inebriated[7] with Lord's[4] wine[5] (of Name).	ਰਹਿੰਦੇ ਹਨ ।
ਬਾਹ[8] ਪਕਰਿ[9] ਪ੍ਰਭਿ ਆਪੇ[10] ਕਾਢੇ[12] ॥ ਜਨਮ ਜਨਮ[13] ਕੇ ਟੂਟੇ[14] ਗਾਢੇ[15] ॥੩॥	Holding[9] them by the arm[8] the Lord Himself[10] pulls[12] them out and unites[15] with Himself those, who are separated[14] from Him since many birth[13].	ਬਾਹੋਂ[8] ਫੜ ਕੇ[9] ਸੁਆਮੀ ਖੁਦ[10] ਉਨ੍ਹਾਂ ਨੂੰ ਬਾਹਰ ਕੱਢ ਲੈਂਦਾ[12] ਹੈ ਅਤੇ ਅਨੇਕਾਂ ਜਨਮਾਂ[13] ਦੇ ਵਿਛੁੜਿਆਂ ਹੋਇਆਂ[14] ਨੂੰ ਆਪਣੇ ਨਾਲ ਮਿਲਾ ਲੈਂਦਾ[15] ਹੈ ।
ਉਧਰੁ[16] ਸੁਆਮੀ ਪ੍ਰਭੁ[17] ਕਿਰਪਾ[18] ਧਾਰੇ[19] ॥	Shower[19] Thine benediction[18] and save[16] me Thou, O my Lord Master[17].	ਆਪਣੀ ਮਿਹਰ[18] ਕਰ[19] ਅਤੇ ਤੂੰ ਮੇਰਾ ਪਾਰ ਉਤਾਰਾ[16] ਕਰ, ਹੇ ਮੇਰੇ ਪ੍ਰਭੂ ਪਰਮੇਸ਼ਰ[17] !
ਨਾਨਕ ਦਾਸ[20] ਹਰਿ ਸਰਣਿ[21] ਦੁਆਰੇ[22] ॥੪॥੨੯॥੩੫॥	Nanak, Thy slave[20] O God, has sought the refuge[21] of Thy door[22].	ਨਾਨਕ ਤੇਰੇ ਗੋਲੇ[20] ਨੇ, ਹੇ ਵਾਹਿਗੁਰੂ, ਤੇਰੇ ਦਰ[22] ਦੀ ਓਟ[21] ਲਈ ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਸੰਤ ਪ੍ਰਸਾਦਿ[23] ਨਿਹਚਲੁ[24] ਘਰੁ[25] ਪਾਇਆ ॥ ਸਰਬ[26] ਸੂਖ ਫਿਰਿ[27] ਨਹੀ ਡੋਲਾਇਆ[28] ॥੧॥	By saints' grace[23], I have obtained an Eternal[24] Home[25]. Now I am in all-peace[26] and shall not wobble[28] again[27].	ਸਾਧੂਆਂ ਦੀ ਦਇਆ ਦੁਆਰਾ[23] ਮੈਂ ਅਬਿਨਾਸੀ[24] ਧਾਮ[25] ਪਾ ਲਿਆ ਹੈ । ਹੁਣ ਮੈਂ ਸਮੂਹ-ਆਰਾਮ[26] ਵਿਚ ਹਾਂ ਅਤੇ ਮੁੜ ਕੇ[27] ਡਿੱਕੋਡੋਲੇ[28] ਨਹੀਂ ਖਾਵਾਂਗਾ ।
ਗੁਰੂ ਧਿਆਇ[29] ਹਰਿ ਚਰਨ[30] ਮਨਿ ਚੀਨੇ[31] ॥ ਤਾਤੇ[32] ਕਰਤੈ[33] ਅਸਥਿਰੁ[34] ਕੀਨੇ ॥੧॥ਰਹਾਉ॥	I contemplate[29] my Guru and meditate[31] on God's feet[30] within my mind, wherefore[32] the Creator[33] has made me ever stable[34]. Pause.	ਮੈਂ ਗੁਰਾਂ ਨੂੰ ਸਿਮਰਦਾ[29] ਹਾਂ ਅਤੇ ਆਪਣੇ ਚਿੱਤ ਅੰਦਰ ਵਾਹਿਗੁਰੂ ਦੇ ਚਰਨਾਂ[30] ਦਾ ਧਿਆਨ[31] ਧਾਰਦਾ ਹਾਂ, ਇਸ ਲਈ[32] ਸਿਰਜਣਹਾਰ[33] ਨੇ ਮੈਨੂੰ ਸਦੀਵੀ ਸਥਿਰ[34] ਕਰ ਦਿੱਤਾ ਹੈ । ਠਹਿਰਾਉ ।
ਗੁਣ[35] ਗਾਵਤ[36] ਅਚੁਤ[37] ਅਬਿਨਾਸੀ[38] ॥ ਤਾ ਤੇ ਕਾਟੀ[39] ਜਮ[40] ਕੀ ਫਾਸੀ[41] ॥੨॥	I sing[36] the praises[35] of the Immovable[37] and Imperishable[38] Lord so my death's[40] noose[41] is snapped[39].	ਮੈਂ ਅਹਿੱਲ[37] ਅਤੇ ਅਮਰ[38] ਸਾਂਈਂ ਦਾ ਜੱਸ[35] ਗਾਉਂਦਾ[36] ਹਾਂ, ਇਸ ਲਈ ਮੇਰੀ ਮੌਤ[40] ਦੀ ਫਾਹੀ[41] ਕੱਟੀ ਗਈ[39] ਹੈ ।
ਕਰਿ ਕਿਰਪਾ[42] ਲੀਨੇ ਲੜਿ[43] ਲਾਏ ॥	Showing mercy[42], the Lord has attached me to His skirt[43].	ਮਿਹਰ[42] ਧਾਰ ਕੇ, ਸਾਂਈਂ ਨੇ ਮੈਨੂੰ ਆਪਣੇ ਪੱਲੇ[43] ਨਾਲ ਲਾ ਲਿਆ ਹੈ ।
ਸਦਾ[44] ਅਨਦੁ[45] ਨਾਨਕ ਗੁਣ[46] ਗਾਏ ॥੩॥੩੦॥੩੬॥	Ever[44] in bliss[45], Nanak sings the Lord's praises[46].	ਸਦੀਵ[44] ਹੀ ਪ੍ਰਸੰਨਤਾ[45] ਅੰਦਰ, ਨਾਨਕ ਸਾਹਿਬ ਦੀ ਮਹਿਮਾ[46] ਗਾਇਨ ਕਰਦਾ ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ
ਅੰਮ੍ਰਿਤ[47] ਬਚਨ[48] ਸਾਧ ਕੀ ਬਾਣੀ[49] ॥	Nectar-sweet[47] are the words[48] of the saints' speech[49].	ਆਬਿ-ਹਿਯਾਤੀ[47] ਮਿੱਠੇ ਹਨ ਸ਼ਬਦ[48] ਸੰਤ ਦੀ ਬੋਲ-ਚਾਲ[49] ਦੇ ।
ਜੋ ਜੋ[50] ਜਪੈ[51] ਤਿਸ[52] ਕੀ	Whosoever[50] remembers[51] the Lord,	ਜੋ ਕੋਈ ਭੀ[50] ਸੁਆਮੀ ਦਾ ਸਿਮਰਨ ਕਰਦਾ[51] ਹੈ, ਉਹ[52]

ਗਤਿ[53] ਹੋਵੈ ਹਰਿ ਹਰਿ ਨਾਮੁ ਨਿਤ[54] ਰਸਨ[55] ਬਖਾਨੀ[56] ॥ ੧ ॥ ਰਹਾਉ ॥	he[52] is emancipated[53] and utters[56] he ever[54] the Lord God's Name with tongue[55]. Pause.	ਮੁਕਤ ਹੋ ਜਾਂਦਾ[53] ਹੈ ਅਤੇ ਆਪਣੀ ਜੀਭਾ[55] ਨਾਲ ਉਹ ਹਮੇਸ਼ਾ[54] ਸੁਆਮੀ ਵਾਹਿਗੁਰੂ ਦੇ ਨਾਮ ਨੂੰ ਉਚਾਰਦਾ[56] ਹੈ। ਠਹਿਰਾਉ।
ਕਲੀ ਕਾਲ[57] ਕੇ ਮਿਟੈ[58] ਕਲੇਸਾ[59] ॥ ਏਕੋ ਨਾਮੁ ਮਨ[60] ਮਹਿ[61] ਪਰਵੇਸਾ[62]॥ ੧॥	The distresses[59] of the Dark-age[57] are dispelled[58], when the one Name abides[62] in[61] the mind[60].	ਜਦ ਇਕ ਨਾਮ ਹਿਰਦੇ[60] ਅੰਦਰ[61] ਵਸ ਜਾਂਦਾ[62] ਹੈ, ਤਾਂ ਕਾਲੇ-ਯੁਗ[57] ਦੇ ਦੁੱਖੜੇ[59] ਦੂਰ ਹੋ ਜਾਂਦੇ[58] ਹਨ।
ਸਾਧੂ ਧੂਰਿ[63] ਮੁਖਿ[64] ਮਸਤਕਿ[65] ਲਾਈ[66] ॥ ਨਾਨਕ ਉਧਰੇ[67] ਹਰਿ ਗੁਰ[68] ਸਰਣਾਈ[69]॥੨॥੩੧॥੩੭॥	The dust[63] of the saints' feet, I apply[66] to my face[64] and forehead[65]. In the refuge[69] of the God-Guru[68], Nanak has been emancipated[67].	ਸੰਤਾਂ ਦੇ ਚਰਨਾਂ ਦੀ ਧੂੜ[63] ਮੈਂ ਆਪਣੇ ਚਿਹਰੇ[64] ਅਤੇ ਮੱਥੇ[65] ਨੂੰ ਲਾਉਂਦਾ[66] ਹਾਂ। ਰੱਬ-ਰੂਪ ਗੁਰਾਂ[68] ਦੀ ਛਤ੍ਰ ਛਾਇਆ[69] ਹੇਠ ਨਾਨਕ ਦਾ ਪਾਰ ਉਤਾਰਾ ਹੋ ਗਿਆ[67] ਹੈ।
ਸੂਹੀ ਮਹਲਾ ੫ ਘਰੁ ੩ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
[70]ਗੋਬਿੰਦ[71] ਗੁਣ[72] ਗਾਉ ਦਇਆਲਾ[73] ॥	I sing the glory[72] of the compassionate[73] World[70]-Lord[71].	ਮੈਂ ਦਇਆਵਾਨ[73] ਸ੍ਰਿਸ਼ਟੀ[70] ਦੇ ਸੁਆਮੀ[71] ਦੀ ਮਹਿਮਾ[72] ਗਾਇਨ ਕਰਦਾ ਹਾਂ।
ਦਰਸਨੁ[74] ਦੇਹੁ[75] ਪੂਰਨ[76] ਕਿਰਪਾਲਾ[77] ॥੧॥ਰਹਾਉ॥	O my Omnipresent[76] Merciful Master[77], bless[75] me Thou with Thy vision[74], Pause.	ਹੇ ਮੇਰੇ ਸਰਬ-ਵਿਆਪਕ[76] ਮਿਹਰਬਾਨ ਮਾਲਕ[77] ! ਤੂੰ ਮੈਨੂੰ ਆਪਣਾ ਦੀਦਾਰ[74] ਬਖ਼ਸ਼[75]। ਠਹਿਰਾਉ।
ਕਰਿ[79] ਕਿਰਪਾ[78] ਤੁਮ ਹੀ ਪ੍ਰਤਿਪਾਲਾ[80] ॥	Extending[79] Thine grace[78], Thou cherisheth[80] me.	ਆਪਣੀ ਮਿਹਰ[78] ਧਾਰ ਕੇ[79] ਤੂੰ ਮੇਰੀ ਪਰਵਰਸ਼[80] ਕਰਦਾ ਹੈਂ।
ਜੀਉ[81] ਪਿੰਡੁ[82] ਸਭੁ ਤੁਮਰਾ ਮਾਲਾ[83] ॥੧॥	My soul[81] and body[82] are all Thy property[83].	ਮੇਰੀ ਜਿੰਦੜੀ[81] ਤੇ ਦੇਹ[82] ਸਾਰੇ ਤੇਰੀ ਜਾਇਦਾਦ[83] ਹਨ।
ਅੰਮ੍ਰਿਤ[84] ਨਾਮੁ ਚਲੈ[85] ਜਪਿ[86] ਨਾਲਾ[87] ॥	The contemplation[86] of the ambrosial[34] Name goes[85] with[87] the mortal.	ਸੁਧਾ-ਸਰੂਪ[84] ਨਾਮ ਦਾ ਸਿਮਰਨ[86] ਪ੍ਰਾਨੀ ਦੇ ਨਾਲ[87] ਜਾਂਦਾ[85] ਹੈ।
ਨਾਨਕ ਜਾਚੈ[88] ਸੰਤ ਰਵਾਲਾ[89] ॥੨॥੩੨॥੩੮॥	Nanak prays[88] for the dust[89] of the saints' feet.	ਨਾਨਕ ਸਾਧੂਆਂ ਦੇ ਚਰਨਾਂ ਦੀ ਧੂੜ[89] ਦੀ ਯਾਚਨਾ ਕਰਦਾ[88] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਤਿਸੁ[90] ਬਿਨੁ ਦੂਜਾ[91] ਅਵਰੁ[92] ਨ ਕੋਈ ॥	Without Him[90], there is not another[92] second[91].	ਉਸ[90] ਦੇ ਬਗ਼ੈਰ ਹੋਰ ਕੋਈ[92] ਦੂਸਰਾ[91] ਨਹੀਂ।
ਆਪੇ[93] ਥੰਮੈ[94] ਸਚਾ[95] ਸੋਈ[96] ॥੧॥	He[96], the True Lord[95], Himself[93] supports[94] all.	ਉਹ[96] ਸੱਚਾ ਸਾਈਂ[95] ਆਪ[93] ਹੀ ਸਾਰਿਆਂ ਨੂੰ ਆਸਰਾ[94] ਦਿੰਦਾ ਹੈ।
ਹਰਿ ਹਰਿ[97] ਨਾਮੁ ਮੇਰਾ ਆਧਾਰੁ[98] ॥	The Lord Master's[97] Name is my mainstay[98].	ਸੁਆਮੀ ਮਾਲਕ[97] ਦਾ ਨਾਮ ਹੀ ਮੇਰਾ ਆਸਰਾ[98] ਹੈ।
ਕਰਣ[99] ਕਾਰਣ[100] ਸਮਰਥੁ[2] ਅਪਾਰੁ[3] ॥੧॥ਰਹਾਉ॥	The Infinite[3] Lord is Omnipotent[2] to do[99] all the works[100].	ਬੇਅੰਤ[3] ਸੁਆਮੀ ਸਾਰੇ ਕਾਰਜ[100] ਕਰਨ[99] ਲਈ ਸਰਬ-ਸ਼ਕਤੀਵਾਨ[2] ਹੈ।

ਸਭ ਰੋਗ[4] ਮਿਟਾਵੇ[5] ਨਵਾ ਨਿਰੋਆ[6] ॥ ਨਾਨਕ ਰਖਾ[7] ਆਪੇ ਹੋਆ ॥ ੨॥੩੩॥੩੯॥	The Lord has dispelled[5] all my diseases[4] and made me healthful[6]. Nanak, the Master Himself has become my Saviour[7].	ਪ੍ਰਭੂ ਨੇ ਮੇਰੀਆਂ ਸਾਰੀਆਂ ਬੀਮਾਰੀਆਂ ਰਫ਼ਾ ਕਰ ਦਿੱਤੀਆਂ[5] ਹਨ ਤੇ ਮੈਨੂੰ ਰਾਜ਼ੀ ਬਾਜ਼ੀ[6] ਕਰ ਦਿੱਤਾ ਹੈ। ਨਾਨਕ, ਮਾਲਕ ਖ਼ੁਦ ਹੀ ਮੇਰਾ ਰਖਵਾਲਾ[7] ਹੋ ਗਿਆ ਹੈ।
ਸੂਹੀ ਮਹਲਾ ੫ ॥	Subi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
੭੪੫	745	੭੪੫
ਦਰਸਨ[8] ਕਉ ਲੋਚੈ[9] ਸਭ ਕੋਈ[10] ॥	All[10] long for[9] the Lord's vision[8].	ਸਾਰੇ[10] ਸਾਹਿਬ ਦੇ ਦੀਦਾਰ[8] ਦੀ ਤਾਂਘ[9] ਕਰਦੇ ਹਨ।
ਪੂਰੈ[12] ਭਾਗਿ[13] ਪਰਾਪਤਿ ਹੋਈ ॥੧॥ਰਹਾਉ॥	Through perfect[12] good destiny[13], the Lord's vision is obtained. Pause.	ਪੂਰਨ[12] ਚੰਗੀ ਪ੍ਰਾਲਭਧ[13] ਰਾਹੀਂ ਸਾਹਿਬ ਦਾ ਦੀਦਾਰ ਪਰਾਪਤ ਹੁੰਦਾ ਹੈ। ਠਹਿਰਾਉ।
ਸਿਆਮ[14] ਸੁੰਦਰ[15] ਤਜਿ[16] ਨੀਦ[17] ਕਿਉ ਆਈ ॥	Forsaking[16] her Beauteous[15] Sable Krishan[14] (Lord) why has the bride gone to sleep[17] ?	ਆਪਣੇ ਸੁਹਣੇ[15] ਸਾਂਵਲੇ ਕ੍ਰਿਸ਼ਨ[14] (ਸੁਆਮੀ) ਨੂੰ ਛੱਡ ਕੇ[16] ਪਤਨੀ ਕਿਉਂ ਸੌਂ ਗਈ[17] ਹੈ ?
ਮਹਾ[18] ਮੋਹਨੀ[19] ਦੂਤਾ[20] ਲਾਈ[21] ॥੧॥	The great[18] mammon[19] has made the bride follow[21] the path of sins[20].	ਵਿਸ਼ਾਲ[18] ਮਾਇਆ[19] ਨੇ ਪਤਨੀ ਨੂੰ ਪਾਪਾਂ[20] ਦੇ ਮਾਰਗ ਪਾ ਛਡਿਆ[21] ਹੈ।
ਪ੍ਰੇਮ[22] ਬਿਛੋਹਾ[23] ਕਰਤ ਕਸਾਈ[24] ॥	This butcheress[24] (mammon) has separated[23] the bride from her Beloved[22].	ਇਸ ਕਸਾਇਣ[24] (ਮਾਇਆ) ਨੇ ਪਤਨੀ ਨੂੰ ਆਪਣੇ ਪ੍ਰੀਤਮ[22] ਨਾਲੋਂ ਵਿਛੋੜ ਛਡਿਆ[23] ਹੈ।
ਨਿਰਦੈ[25] ਜੰਤੁ[26] ਤਿਸੁ[28] ਦਇਆ[27] ਨ ਪਾਈ[29]॥੨॥	This merciless[25] (mammon) takes[29] not pity[27] on the[28] poor mortal[26].	ਇਹ ਬੇ-ਰਹਿਮ[25] (ਮਾਇਆ) ਉਸ[28] ਵਿਚਾਰੇ ਪ੍ਰਾਨੀ[26] ਤੇ ਤਰਸ[27] ਨਹੀਂ ਕਰਦੀ[29]।
ਅਨਿਕ[30] ਜਨਮ[31] ਬੀਤੀਅਨ[32] ਭਰਮਾਈ[33]॥ਘਰਿ[34] ਵਾਸੁ[35] ਨ ਦੇਵੈ ਦੁਤਰ[36] ਮਾਈ[37] ॥੩॥	Good many[30] lives[31] have passed away[32] in wandering about[33] and the terrible[36] mammon[37] permits not mortal to abide[35] in his own home[34].	ਅਨੇਕਾਂ[30] ਹੀ ਜੀਵਨ[31] ਭਟਕਣ[33] ਅੰਦਰ ਬੀਤ ਗਏ[32] ਹਨ ਅਤੇ ਭਿਆਨਕ[36] ਮਾਇਆ[37] ਪ੍ਰਾਣੀ ਨੂੰ ਉਸ ਦੇ ਨਿਜ ਘਰ[34] ਅੰਦਰ ਵਸਣ[35] ਨਹੀਂ ਦਿੰਦੀ।
ਦਿਨੁ ਰੈਨਿ ਅਪਨਾ ਕੀਆ[38] ਪਾਈ[39] ॥	Day and night, the mortal obtains[39] the fruit of his actions[38].	ਦਿਨ ਰਾਤ ਪ੍ਰਾਨੀ ਆਪਣੇ ਕਰਮਾਂ[38] ਦਾ ਫਲ ਪਾਉਂਦਾ[39] ਹੈ।
ਕਿਸੁ ਦੋਸੁ[40] ਨ ਦੀਜੈ ਕਿਰਤੁ[41] ਭਵਾਈ[42]॥੪॥	Blame[40] thou not another. Thine own actions[41] lead thee astray[42], O mortal.	ਤੂੰ ਕਿਸੇ ਉਤੇ ਇਲਜ਼ਾਮ[40] ਨਾ ਲਾ। ਤੇਰੇ ਆਪਣੇ ਅਮਲ[41] ਤੈਨੂੰ ਕੁਰਾਹੇ[42] ਪਾਉਂਦੇ ਹਨ, ਹੇ ਜੀਵ !
ਸੁਣਿ[43] ਸਾਜਨ[44] ਸੰਤ ਜਨ[45] ਭਾਈ[46] ॥ ਚਰਣ[47] ਸਰਣ[48] ਨਾਨਕ ਗਤਿ[49] ਪਾਈ ॥੫॥ ੩੪॥੪੦॥	Hearken[43], O holy man[45], my friend[44] and my brother[46]; seeking the refuge[48] of the Lord's feet[47], Nanak has obtained emancipation[49].	ਸ੍ਰਵਣ ਕਰ[43], ਹੇ ਨੇਕ ਬੰਦੇ[45] ! ਮੇਰੇ ਮਿਤ੍ਰ[44] ਅਤੇ ਮੇਰੇ ਵੀਰ[46] ! ਪ੍ਰਭੂ ਦੇ ਚਰਨਾਂ[47] ਦੀ ਪਨਾਹ[48] ਪਰਾਪਤ ਕਰਨ ਦੁਆਰਾ ਨਾਨਕ ਨੇ ਮੁਕਤੀ[49] ਹਾਸਲ ਕਰ ਲਈ ਹੈ।

ਰਾਗੁ ਸੂਹੀ ਮਹਲਾ ੫ ਘਰੁ ੪	Suhi Measure 5th Guru	ਰਾਗ ਸੂਹੀ ਪੰਜਵੀਂ ਪਾਤਿਸ਼ਾਹੀ।
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਭਲੀ[50] ਸੁਹਾਵੀ[51] ਛਾਪਰੀ[52] ਜਾ ਮਹਿ[53] ਗੁਨ[54] ਗਾਏ[55] ॥	Sublime[50] and beauteous[51] is the hut[52], wherein[53] God's praises[54] are sung[55].	ਚੰਗੀ[50] ਅਤੇ ਸੁਹਣੀ[51] ਹੈ ਉਹ ਝੁੱਗੀ[52], ਜਿਸ ਵਿਚ[53] ਵਾਹਿਗੁਰੂ ਦੀਆਂ ਸਿਫ਼ਤਾਂ[54] ਗਾਈਆਂ[55] ਜਾਂਦੀਆਂ ਹਨ।
ਕਿਤ ਹੀ ਕਾਮਿ[56] ਨ ਧਉਲਹਰ[57] ਜਿਤੁ ਹਰਿ ਬਿਸਰਾਏ[58] ॥੧॥ ਰਹਾਉ ॥	Of no avail[56] are the mansions[57], wherein the Lord is forgotten[58]. Pause.	ਕਿਸੇ ਕੰਮ[56] ਨਹੀਂ ਉਹ ਮਹੱਲ[57], ਜਿਨ੍ਹਾਂ ਵਿਚ ਪ੍ਰਭੂ ਭੁੱਲ ਜਾਂਦਾ[58] ਹੈ। ਠਹਿਰਾਉ।
ਅਨਦੁ[59] ਗਰੀਬੀ[60] ਸਾਧ ਸੰਗਿ ਜਿਤੁ[62] ਪ੍ਰਭ ਚਿਤਿ[61] ਆਏ ॥	There is bliss[59] in poverty[60], in which[62] one remembers[61] one's Lord in the saints' congregation.	ਕੰਗਾਲਤਾ[60] ਵਿਚ ਖ਼ੁਸ਼ੀ[59] ਹੈ, ਜਿਸ[62] ਵਿਚ ਬੰਦਾ ਸਤਿ ਸੰਗਤ ਅੰਦਰ ਆਪਣੇ ਸਾਹਿਬ ਨੂੰ ਸਿਮਰਦਾ[61] ਹੈ।
ਜਲਿ ਜਾਉ[63] ਏਹੁ[64] ਬਡਪਨਾ[65] ਮਾਇਆ[66] ਲਪਟਾਏ[67] ॥੧॥	May such[64] worldly-glory[65] be burnt[63], which involves[67] man in mammon[66].	ਐਹੋ ਜਿਹੀ[64] ਸੰਸਾਰੀ ਵਡਿਆਈ[65] ਸੜ ਜਾਵੇ[63], ਜਿਹੜੀ ਇਨਸਾਨ ਨੂੰ ਧਨ-ਦੌਲਤ[66] ਅੰਦਰ ਫਸਾਉਂਦੀ[67] ਹੈ।
ਪੀਸਨੁ[68] ਪੀਸਿ[69] ਓਢਿ[70] ਕਾਮਰੀ[71] ਸੁਖੁ[72] ਮਨੁ ਸੰਤੋਖਾਏ[73] ॥	When there is contentment[73] in the mind one feels happy[72], whether he is turning[69] a quern[68] or wearing[70] a coarse blanket[71].	ਜਦ ਚਿਤ ਅੰਦਰ ਸੰਤੁਸ਼ਟਤਾ[73] ਹੈ, ਤਾਂ ਬੰਦਾ ਖ਼ੁਸ਼[72] ਹੁੰਦਾ ਹੈ ਭਾਵੇਂ ਉਹ ਚੱਕੀ[68] ਪੀਂਹਦਾ[69], ਜਾਂ ਕੰਬਲੀ[71] ਉਪਰ ਲੈਂਦਾ[70] ਹੋਵੇ।
ਐਸੋ[74] ਰਾਜੁ[75] ਨ ਕਿਤੈ ਕਾਜਿ[76] ਜਿਤੁ[77] ਨਹ ਤ੍ਰਿਪਤਾਏ[78] ॥੨॥	Such[74] an empire[75] is of no avail[76], by which[77] the mortal is appeased[78] not.	ਇਹੋ ਜਿਹੀ[74] ਪਾਤਿਸ਼ਾਹੀ[75] ਕਿਸੇ ਕੰਮ[76] ਨਹੀਂ, ਜਿਸ[77] ਨਾਲ ਪ੍ਰਾਣੀ ਨੂੰ ਸੰਤੋਖ[78] ਨਹੀਂ ਆਉਂਦਾ।
ਨਗਨ[79] ਫਿਰਤ[80] ਰੰਗਿ[81] ਏਕ ਕੈ ਓਹੁ[82] ਸੋਭਾ[83] ਪਾਏ ॥	He[82], who wanders about[80] naked[79] in the love[81] of One Lord, obtains honour[83].	ਜੋ ਇਕ ਪ੍ਰਭੂ ਦੇ ਪ੍ਰੇਮ[81] ਅੰਦਰ ਨੰਗਾ[79] ਫਿਰਦਾ[80] ਹੈ, ਉਹ[82] ਇੱਜ਼ਤ[83] ਪਾਉਂਦਾ ਹੈ।
ਪਾਟ[84] ਪਟੰਬਰ[85] ਬਿਰਥਿਆ[86] ਜਿਹ ਰਚਿ[87] ਲੋਭਾਏ[88] ॥੩॥	Vain[86] are the silk[84] and satin-clothes[85], engrossment[87] in which increases man's greed[88].	ਵਿਅਰਥ[86] ਹਨ ਰੇਸ਼ਮ[84] ਅਤੇ ਅਤਲਸ ਦੇ ਕਪੜੇ[85], ਜਿਨ੍ਹਾਂ ਵਿਚ ਖ਼ਚਤ[87] ਹੋਣ ਨਾਲ ਬੰਦੇ ਦਾ ਲਾਲਚ[88] ਵਧਦਾ ਹੈ।
ਸਭੁ ਕਿਛੁ ਤੁਮਰੈ ਹਾਥਿ[89] ਪ੍ਰਭ ਆਪਿ[90] ਕਰੈ[91] ਕਰਾਏ[92] ॥	Everything is in Thine hands[89], O Lord. Thou Thyself[90] art the Doer[91] and the Cause[92].	ਸਾਰਾ ਕੁਝ ਤੇਰੇ ਹੱਥਾਂ[89] ਵਿਚ ਹੈ, ਹੇ ਸੁਆਮੀ! ਤੂੰ ਖ਼ੁਦ[90] ਹੀ ਕਰਤਾ[91] ਅਤੇ ਕਾਰਨ[92] ਹੈਂ।
ਸਾਸਿ ਸਾਸਿ[93] ਸਿਮਰਤ[94] ਰਹਾ ਨਾਨਕ ਦਾਨੁ[95] ਪਾਏ[96] ॥੪॥੧॥੪੧॥	Bless[96] Thou Nanak with this gift[95], O Lord, that with every breath[93], he may remember[94] Thee.	ਨਾਨਕ ਨੂੰ ਇਹ ਦਾਤ[95] ਪਰਦਾਨ[96] ਕਰ, ਹੇ ਸਾਹਿਬ! ਕਿ ਹਰ ਸੁਆਸ[93] ਨਾਲ ਉਹ ਤੈਨੂੰ ਚੇਤੇ[94] ਕਰਦਾ ਰਹੇ।

ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਹਰਿ ਕਾ ਸੰਤੁ ਪਰਾਨ[97] ਧਨ[98] ਤਿਸ[99] ਕਾ ਪਨਿਹਾਰਾ[100] ॥	God's saint is my very life[97] and riches[98]. I am a water-carrier[100] of his[99].	ਵਾਹਿਗੁਰੂ ਦਾ ਸਾਧੂ ਮੇਰੀ ਜਿੰਦ ਜਾਨ[97] ਅਤੇ ਮਾਲ ਧਨ[98] ਹੈ। ਮੈਂ ਉਸ ਦਾ[99] ਪਾਣੀ ਢੋਣ ਵਾਲਾ[100] ਹਾਂ।
ਭਾਈ[2] ਮੀਤ[3] ਸੁਤ[4] ਸਗਲ[7] ਤੇ ਜੀਅ[5] ਹੂੰ ਤੇ ਪਿਆਰਾ[6] ॥੧॥ਰਹਾਉ॥	He is dearer[6] to me than all[7] my brothers[2], friends[3], sons[4] and my soul[5] Pause.	ਉਹ ਮੈਨੂੰ ਮੇਰੇ ਸਮੂਹ[7] ਭਰਾਵਾਂ[2], ਮਿੱਤਰਾਂ[3], ਪੁੱਤਾਂ[4] ਅਤੇ ਮੇਰੀ ਜਿੰਦੜੀ[5] ਨਾਲੋਂ ਵਧੇਰੇ ਲਾਡਲਾ[6] ਹੈ। ਠਹਿਰਾਉ।
ਕੇਸਾ[8] ਕਾ ਕਰਿ[9] ਬੀਜਨਾ[10] ਸੰਤ ਚਉਰੁ[12] ਢੁਲਾਵਉ[13] ॥	Making[9] a fan[10] of my hair[8], I have[13] it as a whisk[12] over the saint.	ਆਪਣੇ ਵਾਲਾਂ[8] ਦਾ ਪੱਖਾ[10] ਬਣਾ ਕੇ[9], ਮੈਂ ਸਾਧੂ ਉਤੇ ਚੌਰ[12] ਵਜੋਂ ਝੁਲਾਉਂਦਾ[13] ਹਾਂ।
ਸੀਸੁ[14] ਨਿਹਾਰਉ[15] ਚਰਣ[16] ਤਲਿ[17] ਧੂਰਿ[18] ਮੁਖਿ[19] ਲਾਵਉ[20] ॥੧॥	I bend[15] low[17] my head[14] to touch his feet[16] and apply[20] their dust[18] to my face[19].	ਉਸ ਦੇ ਪੈਰਾਂ[16] ਨੂੰ ਪਰਸਨ ਲਈ ਮੈਂ ਆਪਣਾ ਸਿਰ[14] ਨੀਵਾਂ[17] ਝੁਕਾਉਂਦਾ[15] ਹਾਂ ਤੇ ਉਨ੍ਹਾਂ ਦੀ ਧੂੜ[18] ਆਪਣੇ ਚਿਹਰੇ[19] ਨੂੰ ਲਾਉਂਦਾ[20] ਹਾਂ।
ਮਿਸਟ[21] ਬਚਨ[22] ਬੇਨਤੀ[23] ਕਰਉ ਦੀਨ[24] ਕੀ ਨਿਆਈ[25] ॥	Like[25] an humble man[24], I offer Him my supplication[23] with sweet[21] words[22].	ਆਜਜ਼ ਇਨਸਾਨ[24] ਦੀ ਮਾਨਿੰਦ[25], ਮੈਂ ਉਸ ਮੂਹਰੇ ਮਿਠੇ[21] ਸ਼ਬਦਾਂ[22] ਨਾਲ ਜੋਦੜੀ[23] ਕਰਦਾ ਹਾਂ।
ਤਜਿ[26] ਅਭਿਮਾਨੁ[27] ਸਰਣੀ[28] ਪਰਉ[29] ਹਰਿ ਗੁਣ[30] ਨਿਧਿ[31] ਪਾਈ ॥੨॥	Abandoning[26] my ego[27], I enter[29] his refuge[20] and obtain God, the Treasure[31] of virtues[30].	ਆਪਣੀ ਹੰਗਤਾ[27] ਨੂੰ ਛੱਡ ਕੇ[26] ਮੈਂ ਉਨ੍ਹਾਂ ਦੀ ਸ਼ਰਣਾਗਤ[28] ਸੰਭਾਲਦਾ[29] ਹਾਂ ਅਤੇ ਨੇਕੀਆਂ[30] ਦੇ ਖ਼ਜ਼ਾਨੇ[31], ਵਾਹਿਗੁਰੂ ਨੂੰ ਪਾਉਂਦਾ ਹਾਂ।
ਅਵਲੋਕਨ[32] ਪੁਨਹ[33] ਪੁਨਹ ਕਰਉ ਜਨ[34] ਕਾ ਦਰਸਾਰੁ[35] ॥	Again[33] and again, I see[32] the vision[35] the Lord's slave[34].	ਮੁੜ[33] ਮੁੜ ਕੇ, ਮੈਂ ਸਾਹਿਬ ਦੇ ਗੋਲੇ[34] ਦਾ ਦਰਸ਼ਨ[35] ਦੇਖਦਾ[32] ਹਾਂ।
ਅੰਮ੍ਰਿਤ[36] ਬਚਨ[37] ਮਨ ਮਹਿ[38] ਸਿੰਚਉ[39] ਬੰਦਉ[40] ਬਾਰ[41] ਬਾਰ ॥੩॥	His ambrosial[36] words[37], I treasure[39] up in[38] my mind, and again[41] and again I make obeisance[40] unto Him.	ਉਸ ਦੇ ਸੁਧਾ ਸਰੂਪ[36] ਸ਼ਬਦ[37] ਮੈਂ ਆਪਣੇ ਹਿਰਦੇ ਅੰਦਰ[38] ਟਿਕਾਉਂਦਾ[39] ਹਾਂ ਅਤੇ ਮੁੜ[41] ਮੁੜ ਕੇ ਮੈਂ ਉਸ ਨੂੰ ਬੰਦਨਾ[40] ਕਰਦਾ ਹਾਂ।
ਚਿਤਵਉ[42] ਮਨਿ[43] ਆਸਾ[44] ਕਰਉ ਜਨ[45] ਕਾ ਸੰਗ[46] ਮਾਗਉ[47] ॥	In my mind[43], I desire[42] the society[46] of God's slave[45], I hope[44] and pray[47] for it.	ਆਪਣੇ ਚਿਤ[43] ਵਿਚ ਮੈਂ ਹਰੀ ਦੇ ਗੋਲੇ[45] ਦੀ ਸੰਗਤ[46] ਚਾਹੁੰਦਾ[42] ਹਾਂ। ਮੈਂ ਇਸ ਦੀ ਉਮੈਦ[44] ਅਤੇ ਮੰਗ ਕਰਦਾ[47] ਹਾਂ।
ਨਾਨਕ ਕਉ ਪ੍ਰਭ ਦਇਆ[48] ਕਰਿ[49] ਦਾਸ[50] ਚਰਣੀ[51] ਲਾਗਉ[52] ॥੪॥੨॥੪੨॥	O Lord, have[49] mercy[48] upon Nanak, that he may repair[52] to the feet[51] of Thy slave[50].	ਹੇ ਸੁਆਮੀ! ਨਾਨਕ ਉਤੇ ਰਹਿਮਤ[48] ਧਾਰ[49], ਤਾਂ ਜੋ ਉਹ ਤੇਰੇ ਗੋਲੇ[50] ਦੇ ਪੈਰਾਂ[51] ਉਤੇ ਢਹਿ ਪਵੇ[52]।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਜਿਨਿ ਮੋਹੇ[53] ਬ੍ਰਹਮੰਡ[54] ਖੰਡ[55] ਤਾਹੂ[56] ਮਹਿ[57] ਪਾਉ[58] ॥	She, who has bewitched[53] the world[54] and continents[55]; in[57] her[56] clutches, I have fallen[58].	ਜਿਸ ਨੇ ਸੰਸਾਰ[54] ਅਤੇ ਮਹਾਂਦੀਪ[55] ਮੋਹਤ[53] ਕੀਤੇ ਹੋਏ ਹਨ, ਉਸ[56] ਦੇ ਪੰਜੇ ਵਿਚ[57] ਮੈਂ ਕਾਬੂ ਆ ਗਿਆ[58] ਹਾਂ।
ਰਾਖਿ[59] ਲੇਹੁ ਇਹੁ[60] ਬਿਖਈ[61] ਜੀਉ[62] ਦੇਹੁ[63] ਅਪੁਨਾ ਨਾਉ ॥੧॥ਰਹਾਉ॥	O my Lord, save[59] this[60] sinful[61] soul[62] of mine by blessing[63] it with Thy Name. Pause.	ਹੇ ਮੇਰੇ ਸੁਆਮੀ! ਆਪਣਾ ਨਾਮ ਬਖ਼ਸ਼[63] ਕੇ ਮੇਰੀ ਇਸ[60] ਅਪਰਾਧੀ[61] ਆਤਮਾ[62] ਦੀ ਰੱਖਿਆ[59] ਕਰ। ਠਹਿਰਾਉ।

ਜਾ ਤੇ ਨਾਹੀ ਕੋ ਸੁਖੀ ਤਾਕੈ[65] ਪਾਛੈ ਜਾਉ[66] ॥	I pursue[66] her[65], who has made no one ever comfortable.	ਮੈਂ ਉਸ[65] ਦਾ ਪਿੱਛਾ ਕਰਦਾ[66] ਹਾਂ ਜਿਸ ਨੇ ਕਦੇ ਕਿਸੇ ਨੂੰ ਸੁਖੀ ਨਹੀਂ ਕੀਤਾ।
ਛੋਡਿ ਜਾਹਿ[64] ਜੋ ਸਗਲ[67] ਕਉ ਫਿਰਿ[68] ਫਿਰਿ ਲਪਟਾਉ[69] ॥੧॥	She, who forsakes[64] all[67]; to her I cling[69] again[68] and again.	ਜਿਹੜੀ ਸਾਰਿਆਂ[67] ਨੂੰ ਤਿਆਗ ਜਾਂਦੀ[64] ਹੈ, ਉਸ ਨੂੰ ਮੈਂ ਮੁੜ[68] ਮੁੜ ਕੇ ਚਿਮੜਦਾ[69] ਹਾਂ।
ਕਰਹੁ ਕ੍ਰਿਪਾ[70] [71]ਕਰੁਣਾਪਤੇ[72] ਤੇਰੇ ਹਰਿ[73] ਗੁਣ[74] ਗਾਉ[75] ॥	Have mercy[70] on me, O the Lord[72] of compassion[71], that I may sing[75] Thine divine[73] praise[74].	ਮੇਰੇ ਉਤੇ ਤਰਸ[70] ਕਰ, ਹੇ ਰਹਿਮਤ[71] ਦੇ ਸੁਆਮੀ[72]! ਤਾਂ ਜੋ ਤੇਰੀ ਈਸ਼ਵਰੀ[73] ਮਹਿਮਾ[74] ਗਾਇਨ[75] ਕਰਾਂ।
ਨਾਨਕ ਕੀ ਪ੍ਰਭ ਬੇਨਤੀ[76] ਸਾਧ ਸੰਗਿ ਸਮਾਉ[77] ॥੨॥੩॥੪੩॥	This is the prayer[76] of Nanak, O Lord, that he may remain absorbed[77] in the saint's congregation.	ਇਹ ਹੈ ਨਾਨਕ ਦੀ ਪ੍ਰਾਰਥਨਾ[76] ਹੇ ਸਾਹਿਬ! ਕਿ ਉਹ ਸਤਿ ਸੰਗਤ ਅੰਦਰ ਲੀਨ ਹੋਇਆ[77] ਰਹੇ।
੭੪੬	**746**	**੭੪੬**
ਰਾਗੁ ਸੂਹੀ ਮਹਲਾ ੫ ਘਰੁ ੫ ਪੜਤਾਲ	Rag Suhi 5th Guru. Partal	ਰਾਗ ਸੂਹੀ ਪੰਜਵੀਂ ਪਾਤਿਸ਼ਾਹੀ। ਪੜਤਾਲ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਪ੍ਰੀਤਿ[78] ਪ੍ਰੀਤਿ ਗੁਰੀਆ[79] ਮੋਹਨ[80] ਲਾਲਨਾ[81] ॥	The affection[78] of the Bewitching[80] Beloved[81], is the greatest[79] of all the affections.	ਮੋਹਤ ਕਰ[80] ਲੈਣ ਵਾਲੇ ਪ੍ਰੀਤਮ[81] ਦਾ ਪਿਆਰ[78], ਸਾਰਿਆਂ ਪਿਆਰਾਂ ਨਾਲੋਂ ਵੱਡਾ[79] ਹੈ।
ਜਪਿ[82] ਮਨ[83] [84]ਗੋਬਿੰਦ[85] ਏਕੈ[86] ਅਵਰੁ[87] ਨਹੀ ਕੋ ਲੇਖੈ[88] ਸੰਤ ਲਾਗੁ[89] ਮਨਹਿ[90] ਛਾਡੁ[91] ਦੁਬਿਧਾ[92] ਕੀ ਕੁਰੀਆ[93] ॥੧॥ ਰਹਾਉ ॥	O man[83], contemplate[82] thou the Lord[85] of the world[84] alone[86]. Naught else[87] is of any account[88]. Abandoning[91] from thy mind[90] the path[93] of duality[92], get thou attached[89] to the saints Pause.	ਹੇ ਬੰਦੇ[83]! ਤੂੰ ਕੇਵਲ[86] ਸ੍ਰਿਸ਼ਟੀ[84] ਦੇ ਸੁਆਮੀ[85] ਦਾ ਸਿਮਰਨ[82] ਕਰ। ਹੋਰ ਕੋਈ[87] ਕਿਸੇ ਗਿਣਤੀ[88] ਵਿਚ ਨਹੀਂ। ਆਪਣੇ ਹਿਰਦੇ[90] ਤੋਂ ਦਵੈਤ-ਭਾਵ[92] ਦਾ ਮਾਰਗ[93] ਤਿਆਗ[91] ਤੇ ਸਾਧੂਆਂ ਨਾਲ ਜੁੜ[89] ਜਾ। ਠਹਿਰਾਉ।
ਨਿਰਗੁਨ[94] ਹਰੀਆ[95] ਸਰਗੁਨ[96] ਧਰੀਆ[97] ਅਨਿਕ[98] ਕੋਠਰੀਆ[99] ਭਿੰਨ ਭਿੰਨ[100] ਭਿੰਨ ਭਿੰਨ[2] ਕਰੀਆ[3] ॥	The Unmanifest[94] Lord[95], has assumed[97] the manifest[96] form. He has fashioned[3] numberless[98] body chambers[99] of varied[100] and different[2] designs.	ਅਦ੍ਰਿਸ਼ਟ[94] ਪ੍ਰਭੂ[95] ਨੇ ਦ੍ਰਿਸ਼ਟਮਾਨ[96] ਸਰੂਪ ਧਾਰਨ ਕਰ ਲਿਆ[97] ਹੈ। ਉਸ ਨੇ ਅਣਗਿਣਤ[98] ਦੇਹ ਕੋਠੜੀਆਂ[99], ਰੰਗ ਬਰੰਗੀਆਂ[100] ਤੇ ਵੱਖੋ ਵੱਖ[2] ਸਰੂਪਾਂ ਦੀਆਂ ਸਾਜੀਆਂ[3] ਹਨ।
ਵਿਚਿ[4] ਮਨ[5] ਕੋਟਵਰੀਆ[6] ॥ ਨਿਜ[7] ਮੰਦਰਿ[8] ਪਿਰੀਆ[9] ॥	Within[4] them abides mind[5], the police officer[6]. In His[7] mansion[8] lives my Love[9].	ਉਨ੍ਹਾਂ ਅੰਦਰ[4] ਮਨੂਆ[5], ਕੋਤਵਾਲ[6] ਵਸਦਾ ਹੈ। ਆਪਣੇ[7] ਮਹਿਲ[8] ਅੰਦਰ ਮੇਰਾ ਪ੍ਰੀਤਮ[9] ਰਹਿੰਦਾ ਹੈ।
ਤਹਾ[10] ਆਨਦ[12] ਕਰੀਆ[13] ॥	There[10] revels[13] He, in bliss[12].	ਉਥੇ[10] ਉਹ ਮੌਜਾਂ[12] ਮਾਣਦਾ[13] ਹੈ।

ਨਹ ਮਰੀਆ[14] ਨਹ ਜਰੀਆ[15] ॥੧॥	He dies[14] not, nor does He age[15].	ਉਹ ਨਾ ਮਰਦਾ[14] ਹੈ ਅਤੇ ਨਾ ਹੀ ਬੁੱਢਾ[15] ਹੁੰਦਾ ਹੈ।
ਕਿਰਤਨਿ[16] ਜੁਰੀਆ[17] ਬਹੁ[18] ਬਿਧਿ[19] ਫਿਰੀਆ[20] ਪਰ[21] ਕਉ ਹਿਰੀਆ[22] ॥	The man is engrossed[17] in the worldly affairs[16], wanders[20] in various[18] ways[19] and snatches[22] another's[21] property.	ਇਨਸਾਨ ਸੰਸਾਰੀ ਧੰਦਿਆਂ[16] ਅੰਦਰ ਖੱਚਤ ਹੋਇਆ ਹੋਇਆ[17] ਹੈ, ਅਨੇਕਾਂ[18] ਤਰ੍ਹਾਂ[19] ਭਟਕਦਾ ਫਿਰਦਾ[20] ਹੈ ਅਤੇ ਹੋਰਨਾਂ[21] ਦੇ ਮਾਲ ਮਿਲਖ ਨੂੰ ਖੋਂਹਦਾ[22] ਹੈ।
ਬਿਖਨਾ[23] ਘਿਰੀਆ[24] ॥	He is surrounded[24] by sins[23].	ਉਹ ਪਾਪਾਂ[23] ਦਾ ਘੇਰਿਆ ਹੋਇਆ[24] ਹੈ।
ਅਬ[25] ਸਾਧੂ ਸੰਗਿ ਪਰੀਆ[26]॥ ਹਰਿ ਦੁਆਰੈ[27] ਖਰੀਆ[28] ॥ ਦਰਸਨੁ[29] ਕਰੀਆ[30] ॥	Now[25] when he repairs[26] to the saint's society and stands[28] before the God's gate[27], he sees[30] the Lord's vision[29].	ਹੁਣ[25] ਜਦ ਉਹ ਸਤਿ ਸੰਗਤ ਅੰਦਰ ਜੁੜ ਜਾਂਦਾ[26] ਹੈ ਅਤੇ ਰੱਬ ਦੇ ਦਰ[27] ਤੇ ਜਾ ਖੜਾ ਹੁੰਦਾ[28] ਹੈ, ਉਹ ਪ੍ਰਭੂ ਦਾ ਦੀਦਾਰ[29] ਦੇਖ ਲੈਂਦਾ[30] ਹੈ।
ਨਾਨਕ ਗੁਰ ਮਿਰੀਆ[31] ॥ ਬਹੁਰਿ[32] ਨ ਫਿਰੀਆ[33] ॥੨॥੧॥੪੪॥	Nanak has met[31] the Guru and shall not return[33] again[32]	ਨਾਨਕ ਗੁਰਦੇਵ ਜੀ ਨੂੰ ਮਿਲ ਪਿਆ[31] ਹੈ ਅਤੇ ਮੁੜ[32] ਪਰਤ ਕੇ ਨਹੀਂ ਆਵੇਗਾ[33]।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਰਾਸਿ[34] ਮੰਡਲੁ[35] ਕੀਨੋ[36] ਆਖਾਰਾ[37] ॥	The Lord has made[36] this world[35] an arena[37] of milk-maid's dance[34].	ਸਾਹਿਬ ਨੇ ਇਸ ਜਗਤ[35] ਨੂੰ ਗੋਪੀਆਂ ਦੇ ਨਾਚ[34] ਦਾ ਇਕ ਮੈਦਾਨ[37] ਬਣਾਇਆ[36] ਹੈ।
ਸਗਲੋ[38] ਸਾਜਿ[39] ਰਖਿਓ[40] ਪਾਸਾਰਾ[41] ॥੧॥ ਰਹਾਉ ॥	Creating[39] the entire[38] creation[41], He has placed[40] it therein. Pause.	ਸਾਰੀ[38] ਰਚਨਾ[41] ਨੂੰ ਰਚ ਕੇ[39], ਉਸ ਨੇ ਇਸ ਨੂੰ ਉਸ ਵਿਚ ਟਿਕਾਇਆ[40] ਹੈ। ਠਹਿਰਾਉ।
ਬਹੁ[42] ਬਿਧਿ[43] ਰੂਪ[44] ਰੰਗ[45] ਆਪਾਰਾ[46] ॥	In various[42] ways[43] He has made infinite[46] forms[44] and colours[45].	ਅਨੇਕਾਂ[42] ਤਰੀਕਿਆਂ[43] ਨਾਲ ਉਸ ਨੇ ਬੇਅੰਤ[46] ਸਰੂਪ[44] ਤੇ ਰੰਗਤਾਂ[45] ਬਣਾਈਆਂ ਹਨ।
ਪੇਖੈ[47] ਖੁਸੀ[48] ਭੋਗ[49] ਨਹੀ ਹਾਰਾ[50] ॥	His play, the Lord cheerfully[48] beholds[47] and is tired[50] not of enjoying[49] it.	ਆਪਣੀ ਖੇਡ ਨੂੰ ਸਾਂਈਂ ਅਨੰਦ[48] ਨਾਲ ਵੇਖਦਾ[47] ਹੈ ਅਤੇ ਇਸ ਨੂੰ ਮਾਣਦਾ ਹੋਇਆ[49] ਥੱਕਦਾ[50] ਨਹੀਂ।
ਸਭਿ ਰਸ[51] ਲੈਤ[52] ਬਸਤ[53] ਨਿਰਾਰਾ[54] ॥ ੧ ॥	While enjoying[52] all the relishes[51], He remains[53] detached[54].	ਸਾਰੇ ਸੁਆਦਾਂ[51] ਨੂੰ ਮਾਣਦਾ ਹੋਇਆ[52] ਉਹ ਨਿਰਲੇਪ[54] ਰਹਿੰਦਾ[53] ਹੈ।
ਬਰਨੁ[55] ਚਿਹਨੁ[56] ਨਾਹੀ ਮੁਖੁ[57] ਨ ਮਾਸਾਰਾ[58] ॥	He has no colour[55] or sign[56], nor mouth[57] or beard[58].	ਉਸ ਦਾ ਨਾ ਕੋਈ ਰੰਗ[55] ਜਾਂ ਚਿੰਨ੍ਹ[56] ਹੈ, ਨਾ ਹੀ ਕੋਈ ਮੁਖ[57] ਜਾਂ ਦਾੜ੍ਹਾ[58]।
ਕਹਨੁ[59] ਨ ਜਾਈ ਖੇਲੁ[60] ਤੁਹਾਰਾ[61] ॥ ਨਾਨਕ ਰੇਣ[62] ਸੰਤ ਚਰਨਾਰਾ[63] ॥੨॥੨॥੪੫॥	Thine[61] play[60], O Lord, I can narrate[59] not. Nanak is the dust[62] of the saints' feet[63].	ਤੇਰੀ[61] ਖੇਡ[60], ਹੇ ਸੁਆਮੀ ! ਮੈਂ ਵਰਣਨ[59] ਨਹੀਂ ਕਰ ਸਕਦਾ। ਨਾਨਕ ਸਾਧੂਆਂ ਦੇ ਪੈਰਾਂ[63] ਦੀ ਧੂੜ[62] ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਤਉ[64] ਮੈ ਆਇਆ ਸਰਨੀ[65] ਆਇਆ ॥	My Lord, I have come to Thee[64]. Thine refuge[65] I have sought.	ਮੇਰੇ ਸਾਂਈਂ ! ਮੈਂ ਤੇਰੇ[64] ਕੋਲ ਆਇਆ ਹਾਂ। ਤੇਰੀ ਪਨਾਹ[65] ਮੈਂ ਲਈ ਹੈ।

ਭਰੋਸੈ[66] ਆਇਆ ॥ ਕਿਰਪਾ[67] ਆਇਆ ॥	Placing faith[66] in Thee and Thine mercy[67], I have come, come to Thee.	ਤੇਰੇ ਅਤੇ ਤੇਰੀ ਰਹਿਮਤ[67] ਵਿਚ ਨਿਸਚਾ[66] ਧਾਰ ਕੇ, ਮੈਂ ਤੇਰੇ ਕੋਲ ਆਇਆ, ਆਇਆ ਹਾਂ ।
ਜਿਉ[68] ਭਾਵੈ[69] ਤਿਉ[70] ਰਾਖਹੁ[71] ਸੁਆਮੀ॥ ਮਾਰਗੁ[72] ਗੁਰਹਿ ਪਠਾਇਆ[73] ॥੧॥ ਰਹਾਉ ॥	As[68] Thou willest[69], so[70] save[71] Thou me, O Lord. The Guru has put[73] me on Thy path[72]. Pause.	ਜਿਸ ਤਰ੍ਹਾਂ[68] ਤੈਨੂੰ ਭਾਉਂਦਾ[69] ਹੈ, ਉਸੇ ਤਰ੍ਹਾਂ[70] ਤੂੰ ਮੇਰੀ ਰਖਿਆ[71] ਕਰ, ਹੇ ਸਾਈਂ ! ਗੁਰਦੇਵ ਜੀ ਨੇ ਮੈਨੂੰ ਤੇਰੇ ਰਸਤੇ[72] ਤੇ ਟੋਰਿਆ[73] ਹੈ । ਠਹਿਰਾਉ ।
ਮਹਾ[74] ਦੁਤਰੁ[75] ਮਾਇਆ[76] ਜੈਸੇ[77] ਪਵਨੁ[78] ਝੁਲਾਇਆ[79] ॥੧॥	Very[74] untraversable[75] is the sea of worldliness[76]. It shoves the mortals like[77] the violent blowing[79] of wind[78].	ਤਰਨ[75] ਨੂੰ ਬੜਾ[74] ਔਖਾ ਹੈ ਦੁਨੀਆਦਾਰੀ[76] ਦਾ ਸਮੁੰਦਰ । ਹਨੇਰੀ[78] ਦੇ ਵਗਣ[79] ਵਾਂਗੂੰ[77] ਇਹ ਪ੍ਰਾਣੀਆਂ ਨੂੰ ਧੱਕੀ ਫਿਰਦਾ ਹੈ ।
ਸੁਨਿ ਸੁਨਿ ਹੀ[80] ਡਰਾਇਆ[81]॥ ਕਰਰੌ[82] ਧ੍ਰਮ ਰਾਇਆ[83] ॥੨॥	My mind[80] is terrified[81] to hear that the Righteous Judge[83] is very strict[82].	ਇਹ ਸੁਣ ਕੇ ਕਿ ਧਰਮ ਰਾਜਾ[83] ਬਹੁਤ[82] ਸਖ਼ਤ ਹੈ ਮੇਰਾ ਹਿਰਦਾ[80] ਸਹਿਮ ਗਿਆ[81] ਹੈ ।
ਗ੍ਰਿਹ[84] ਅੰਧ[85] ਕੂਪਾਇਆ[86] ॥ ਪਾਵਕੁ[87] ਸਗਰਾਇਆ[88] ॥੩॥	The world[84] is like a blind[85] well[86]. It is but all[88] fire[87].	ਦੁਨੀਆ[84] ਇਕ ਅੰਨ੍ਹੇ[85] ਖੂਹ[86] ਦੀ ਤਰ੍ਹਾਂ ਹੈ । ਇਹ ਨਿਰੀ ਪੁਰੀ ਸਾਰੀ[88] ਅੱਗ[87] ਹੀ ਹੈ ।
ਗਹੀ[89] ਓਟ[90] ਸਾਧਾਇਆ[91] ॥	I have grasped[89] the saint's[91] support[90].	ਮੈਂ ਸੰਤਾਂ[91] ਦਾ ਆਸਰਾ[90] ਪਕੜਿਆ[89] ਹੈ ।
ਨਾਨਕ ਹਰਿ ਧਿਆਇਆ[32]॥	Nanak contemplates[92] his Lord.	ਨਾਨਕ ਆਪਣੇ ਸਾਹਿਬ ਦਾ ਸਿਮਰਨ ਕਰਦਾ[92] ਹੈ ।
ਅਬ[93] ਮੈ ਪੂਰਾ[94] ਪਾਇਆ॥ ੪॥੩॥੪੬॥	I have now[93] obtained the Perfect One[94].	ਮੈਂ ਹੁਣ[93] ਪੂਰਨ ਪੁਰਖ[94] ਨੂੰ ਪਾ ਲਿਆ ਹੈ ।
ਰਾਗੁ ਸੂਹੀ ਮਹਲਾ ੫ ਘਰੁ ੬	Suhi Measure 5th Guru	ਰਾਗ ਸੂਹੀ ਪੰਜਵੀਂ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਸਤਿਗੁਰ ਪਾਸਿ ਬੇਨੰਤੀਆ[95] ਮਿਲੈ[96] ਨਾਮੁ ਆਧਾਰਾ[97] ॥	I supplicate[95] my True Guru, to bless[96] me with the sustenace[97] of the Lord's Name.	ਸੁਆਮੀ ਦੇ ਨਾਮ ਦਾ ਅਹਾਰ[97] ਪਰਾਪਤ ਕਰਨ[96] ਲਈ ਮੈਂ ਆਪਣੇ ਸੱਚੇ ਗੁਰਾਂ ਕੋਲ ਪ੍ਰਾਰਥਨਾ ਕਰਦਾ[95] ਹਾਂ ।
ਤੁਠਾ[98] ਸਚਾ ਪਾਤਿਸਾਹੁ[99] ਤਾਪੁ[100] ਗਇਆ[2] ਸੰਸਾਰਾ[3]॥ ੧ ॥	When the True King[99] is pleased[98], the world[3] is cured[2] of its fever[100].	ਜਦ ਸੱਚਾ ਸੁਲਤਾਨ[99] ਪ੍ਰਸੰਨ ਹੋ ਜਾਂਦਾ[98] ਹੈ, ਤਦ ਜਗਤ[3] ਦਾ ਬੁਖ਼ਾਰ[100] ਉਤਰ[2] ਜਾਂਦਾ ਹੈ ।
ਭਗਤਾ[4] ਕੀ ਟੇਕ[5] ਤੂੰ ਸੰਤਾ[6] ਕੀ ਓਟ[7] ਤੂੰ ਸਚਾ ਸਿਰਜਨਹਾਰਾ[8] ॥ ੧ ॥ ਰਹਾਉ ॥	Thou, O True Creator[8], art the support[5] of the devotees[4] and Thou the shelter[7] of the saints[6]. Pause.	ਤੂੰ ਹੇ ਸੱਚੇ ਕਰਤਾਰ[8] ! ਸ਼ਰਧਾਲੂ[4] ਦਾ ਆਸਰਾ[5] ਹੈਂ ਅਤੇ ਸਾਧੂਆਂ[6] ਦੀ ਪਨਾਹ[7] । ਠਹਿਰਾਉ ।

ਸਚੁ ਤੇਰੀ ਸਾਮਗਰੀ[9] ਸਚੁ ਤੇਰਾ ਦਰਬਾਰਾ[10] ॥	True are Thy chattels[9] and true Thine court[10].	ਸੱਚੀ ਹੈ ਤੇਰੀ ਵਸਤ ਵਲੇਵ[9] ਅਤੇ ਸੱਚੀ ਤੇਰੀ ਦਰਗਾਹ[10]।
ਸਚੁ ਤੇਰੇ ਖਾਜੀਨਿਆ[12]ਸਚੁ ਤੇਰਾ ਪਾਸਾਰਾ[13] ॥੨॥	True are Thine treasures[12] and true Thy extension[13].	ਸੱਚੇ ਹਨ ਤੇਰੇ ਖ਼ਜ਼ਾਨੇ[12] ਅਤੇ ਸੱਚਾ ਹੈ ਤੇਰਾ ਖਿਲਾਰਾ[13]।
ਤੇਰਾ ਰੂਪੁ[14] ਅਗੰਮੁ[15] ਹੈ ਅਨੂਪੁ[16] ਤੇਰਾ ਦਰਸਾਰਾ[17]	Thy form[14] is unapproachable[15] and extremely beauteous[16] is Thine vision[17].	ਤੇਰਾ ਸਰੂਪ[14] ਪਹੁੰਚ ਤੋਂ ਪਰੇ[15] ਹੈ ਅਤੇ ਪਰਮ ਸੁੰਦਰ[16] ਹੈ ਤੇਰਾ ਦਰਸ਼ਨ[17]।
ਹਉ ਕੁਰਬਾਣੀ[18] ਤੇਰਿਆ ਸੇਵਕਾ[19] ਜਿਨ ਹਰਿ ਨਾਮੁ ਪਿਆਰਾ[20] ॥੩॥	I am a sacrifice[18] unto Thine servants[19], to whom Thy Name is sweet[20], O Lord.	ਮੈਂ ਤੇਰਿਆਂ[19] ਉਤੋਂ ਘੋਲੀ ਜਾਂਦਾ[18] ਹਾਂ, ਜਿਨ੍ਹਾਂ ਨੂੰ ਤੇਰਾ ਨਾਮ ਮਿੱਠੜਾ[20] ਲਗਦਾ ਹੈ, ਹੇ ਪ੍ਰਭੂ!
ਸਭੇ ਇਛਾ[21] ਪੂਰੀਆ[22] ਜਾ[23] ਪਾਇਆ ਅਗਮ[24] ਅਪਾਰਾ[25] ॥	All the desires[21] are fulfilled[22], when[23] the Inaccessible[24] and Infinite[25] Lord is obtained.	ਜਦ[23] ਅਪੁਜ[24] ਅਤੇ ਬੇਅੰਤ[25] ਪ੍ਰਭੂ ਪਰਾਪਤ ਹੋ ਜਾਂਦਾ ਹੈ ਤਾਂ ਸਾਰੀਆਂ ਕਾਮਨਾ[21] ਪੂਰੀਆਂ ਹੋ ਜਾਂਦੀਆਂ[22] ਹਨ।
੭੪੭	747	੭੪੭
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ[26] ਤੇਰਿਆ ਚਰਣਾ[27] ਕਉ ਬਲਿਹਾਰਾ[28] ॥੪॥੧॥੪੭॥	Guru Nanak has met his Transcendent Lord[26] and is a sacrifice[28] unto His feet[27].	ਗੁਰੂ ਨਾਨਕ ਆਪਣੇ ਪਰਮ ਪ੍ਰਭੂ[26] ਨੂੰ ਮਿਲ ਪਿਆ ਹੈ ਅਤੇ ਉਸ ਦੇ ਪੈਰਾਂ[27] ਤੋਂ ਘੋਲੀ[28] ਜਾਂਦਾ ਹੈ।
ਰਾਗੁ ਸੂਹੀ ਮਹਲਾ ੫ ਘਰੁ ੭	Suhi Measure 5th Guru	ਰਾਗ ਸੂਹੀ ਪੰਜਵੀਂ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, is He obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਤੇਰਾ ਭਾਣਾ[29] ਤੂੰਹੈ ਮਨਾਇਹਿ[30] ਜਿਸਨੋ ਹੋਹਿ ਦਇਆਲਾ[31] ॥	O Lord, him alone Thou makest obey[30] Thy will[29], to whom Thou art merciful[31].	ਹੇ ਸਾਈਂ! ਆਪਣੀ ਰਜ਼ਾ[29] ਤੂੰ ਕੇਵਲ ਉਸ ਨੂੰ ਮਨਾਉਂਦਾ[30] ਹੈਂ ਜਿਸ ਉਤੇ ਤੂੰ ਮਿਹਰਬਾਨ[31] ਹੁੰਦਾ ਹੈਂ।
ਸਾਈ[32] ਭਗਤਿ[33] ਜੋ ਤੁਧੁ ਭਾਵੈ[34] ਤੂੰ ਸਰਬ[35] ਜੀਆ ਪ੍ਰਤਿਪਾਲਾ[36] ॥੧॥	That[32] alone is Thy devotional service[33], which pleases[34] Thee. Thou art the Cherisher[36] of all[35] the beings.	ਕੇਵਲ ਉਹ[32] ਹੀ ਤੇਰੀ ਪ੍ਰੇਮ-ਮਈ ਸੇਵਾ[33] ਹੈ, ਜਿਹੜੀ ਤੈਨੂੰ ਚੰਗੀ ਲੱਗਦੀ[34] ਹੈ। ਤੂੰ ਸਾਰੇ[35] ਜੀਵਾਂ ਨੂੰ ਪਾਲਣ-ਪੋਸਣ ਵਾਲਾ[36] ਹੈਂ।
ਮੇਰੇ ਰਾਮ[37] ਰਾਇ[38] ਸੰਤਾ ਟੇਕ[39] ਤੁਮਾਰੀ ॥	My sovereign[38] Lord[37], the saints have Thine prop[39] alone.	ਮੇਰੇ ਸੁਲਤਾਨ[38] ਸੁਆਮੀ[37]! ਸਾਧੂਆਂ ਨੂੰ ਕੇਵਲ ਤੇਰਾ ਹੀ ਆਸਰਾ[39] ਹੈ।
ਜੋ[40] ਤੁਧੁ[41] ਭਾਵੈ ਸੋ[42] ਪਰਵਾਣੁ[43] ਮਨਿ[44] ਤਨਿ[45]	Whatever[40] pleases[41] Thee, that[42] they accept[43]. Thou art the support[46]	ਜਿਹੜਾ[40] ਕੁਝ ਤੈਨੂੰ ਚੰਗਾ ਲੱਗਦਾ[41] ਹੈ ਉਸ[42] ਨੂੰ ਉਹ ਕਬੂਲ ਕਰਦੇ[43] ਹਨ। ਤੂੰ ਉਨ੍ਹਾਂ ਦੀ ਆਤਮਾ[44] ਅਤੇ

ਤੂਹੈ ਅਧਾਰੀ[46] ॥ ੧ ॥ ਰਹਾਉ ॥

of their soul[44] and body[45]. Pause.

ਦੇਹ[45] ਦਾ ਆਸਰਾ[46] ਹੈਂ । ਠਹਿਰਾਉ ।

ਤੂੰ ਦਇਆਲੁ[47] ਕ੍ਰਿਪਾਲੁ[48] ਕ੍ਰਿਪਾ[49] ਨਿਧਿ[50] ਮਨਸਾ[51] ਪੂਰਣਹਾਰਾ[52] ॥

Thou, O Lord art kind[47], compassionate[48], treasure[50] of mercy[49] and the fulfiller[52] of aspirations[51].

ਤੂੰ ਹੇ ਸੁਆਮੀ ! ਮਿਹਰਵਾਨ[47], ਮਇਆਵਾਨ[48], ਰਹਿਮਤ[49] ਦਾ ਖ਼ਜ਼ਾਨਾ[50] ਅਤੇ ਸੱਧਰਾਂ[51] ਪੂਰੀਆਂ ਕਰਨ ਵਾਲਾ[52] ਹੈਂ ।

ਭਗਤ[53] ਤੇਰੇ ਸਭਿ [54]ਪ੍ਰਾਣਪਤਿ[55]ਪ੍ਰੀਤਮ[56] ਤੂੰ ਭਗਤਨ ਕਾ ਪਿਆਰਾ[57] ॥੨॥

O Thou the Lord[55] of life[54], all the saints[53] are dear[56] unto Thee, and Thou art Thine saints' Beloved[57].

ਹੇ ਤੂੰ ਜਿੰਦ-ਜਾਨ[54] ਦੇ ਸੁਆਮੀ[55] ! ਸਮੂਹ ਸਾਧੂ[53] ਤੈਨੂੰ ਪਿਆਰੇ[56] ਹਨ, ਅਤੇ ਤੂੰ ਆਪਣੇ ਸਾਧੂਆਂ ਦਾ ਦਿਲਬਰ[57] ਹੈਂ ।

ਤੂ ਅਥਾਹੁ[58] ਅਪਾਰੁ[59] ਅਤਿ[60] ਊਚਾ[61] ਕੋਈ ਅਵਰੁ[62] ਨ ਤੇਰੀ ਭਾਤੇ[63] ॥

Thou art Unfathomable[58], Infinite[59] and exceedingly[60] Lofty[61]. No one else[62] is like[63] Thee.

ਤੂੰ ਬੇਥਾਹ[58], ਬੇਅੰਤ[59] ਅਤੇ ਪਰਮ[60] ਉਚਾ[61] ਹੈਂ । ਕੋਈ ਹੋਰ[62] ਤੇਰੇ ਵਰਗਾ[63] ਨਹੀਂ ।

ਇਹ ਅਰਦਾਸਿ[64] ਹਮਾਰੀ ਸੁਆਮੀ ਵਿਸਰੁ[65] ਨਾਹੀ ਸੁਖਦਾਤੇ[66] ॥੩॥

O my Bliss-giving[66] Lord, this to Thee is my prayer[64], that I may forget[65] Thee not ever.

ਹੇ ਮੇਰੇ ਖ਼ੁਸ਼ੀ-ਬਖ਼ਸ਼ਣਹਾਰ[66] ਪ੍ਰਭੂ ! ਤੇਰੇ ਅੱਗੇ ਮੇਰੀ ਇਹ ਪ੍ਰਾਰਥਨਾ[64] ਹੈ ਕਿ ਮੈਂ ਤੈਨੂੰ ਕਦੇ ਭੀ ਨਾ ਭੁੱਲਾਂ[65] ।

ਦਿਨੁ[67] ਰੈਣਿ ਸਾਸਿ ਸਾਸਿ[68] ਗੁਣ[69] ਗਾਵਾ[70] ਜੇ[71] ਸੁਆਮੀ[72] ਤੁਧੁ ਭਾਵਾ[73]॥

If[71] it pleases[73] Thee, O my Master[72], with every breath[68] of mine, I shall ever[67] sing[70] Thy praise[69].

ਜੇਕਰ[71] ਤੈਨੂੰ ਚੰਗਾ ਲਗੇ[73], ਹੇ ਮੇਰੇ ਮਾਲਕ[72]! ਆਪਣੇ ਹਰ ਸੁਆਸ[68] ਨਾਲ ਸਦਾ[67] ਹੀ ਮੈਂ ਤੇਰਾ ਜੱਸ[69] ਗਾਇਨ[70] ਕਰਾਂਗਾ ।

ਨਾਮੁ ਤੇਰਾ ਸੁਖੁ[74] ਨਾਨਕੁ ਮਾਗੈ[75] ਸਾਹਿਬ ਤੁਠੈ[76] ਪਾਵਾ[77] ॥੪॥੧॥੪੮॥

O Lord, Nanak asks for[75] the peace[74] of Thy Name. Through Thine pleasure[76] alone, can I attain[77] to it.

ਹੇ ਸੁਆਮੀ ! ਨਾਨਕ ਤੇਰੇ ਨਾਮ ਦੀ ਠੰਢ-ਚੈਨ[74] ਦੀ ਯਾਚਨਾ ਕਰਦਾ[75] ਹੈ । ਕੇਵਲ ਤੇਰੀ ਪ੍ਰਸੰਨਤਾ[76] ਰਾਹੀਂ ਹੀ ਮੈਂ ਇਸ ਨੂੰ ਪਰਾਪਤ[77] ਕਰ ਸਕਦਾ ਹਾਂ ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ ।

ਵਿਸਰਹਿ[78] ਨਾਹੀ ਜਿਤੁ[79] ਤੂ ਕਬਹੂ[80] ਸੋ[81] ਥਾਨੁ[82] ਤੇਰਾ ਕੇਹਾ[83] ॥ ਆਠ[84] ਪਹਰ ਜਿਤੁ ਤੁਧੁ ਧਿਆਈ[85] ਨਿਰਮਲ[86] ਹੋਵੈ ਦੇਹਾ[87] ॥ ੧ ॥

What kind[83] is that[81] place[82] of Thine, O Lord, where[79] the mortal forgets[78] Thee not ever[80] and where he contemplates[85] Thee, throughout the eight watches[84] and his body[87] becomes pure[86] ?

ਤੇਰਾ ਉਹ[81] ਅਸਥਾਨ[82] ਕਿਹੋ ਜਿਹਾ[83] ਹੈ, ਹੇ ਸਾਂਈਂ ! ਜਿਥੇ[79] ਤੂੰ ਪ੍ਰਾਣੀ ਨੂੰ ਕਦਾਚਿਤ[80] ਭੁਲਦਾ[78] ਨਹੀਂ ਅਤੇ ਜਿਥੇ ਉਹ ਅੱਠੇ ਪਹਿਰ[84] ਹੀ ਤੈਨੂੰ ਸਿਮਰਦਾ[85] ਹੈ ਅਤੇ ਉਸ ਦਾ ਸਰੀਰ[87] ਪਵਿੱਤਰ[86] ਹੋ ਜਾਂਦਾ ਹੈ ।

ਮੇਰੇ ਰਾਮ ਹਉ ਸੋ[88] ਥਾਨੁ[89] ਭਾਲਣ[90] ਆਇਆ ॥ ਖੋਜਤ[91] ਖੋਜਤ ਭਇਆ[92] ਸਾਧ ਸੰਗੁ ਤਿਨ[93] ਸਰਣਾਈ[94] ਪਾਇਆ[95] ॥ ੧॥ ਰਹਾਉ ॥

My Lord, I have come to search[90] that[88] place[89].

Searching[91] and searching, I found[92] it to be the society of saints, whose[93] sanctuary[94] I have now entered[95]. Pause.

ਮੇਰੇ ਸੁਆਮੀ ! ਮੈਂ ਉਸ[88] ਅਸਥਾਨ[89] ਨੂੰ ਲੱਭਣ[90] ਲਈ ਆਇਆ ਹਾਂ ।

ਲਭਦਿਆਂ[91], ਲਭਦਿਆਂ, ਇਹ ਥਾਂ ਮੈਂ ਸੰਤਾਂ ਦੀ ਸੰਗਤ ਪਾਈ[92] ਹੈ, ਜਿਨ੍ਹਾਂ[93] ਦੀ ਪਨਾਹ[94] ਹੁਣ ਮੈਂ ਲਈ[95] ਹੈ । ਠਹਿਰਾਉ ।

ਬੇਦ ਪੜੇ ਪੜਿ[96] ਬ੍ਰਹਮੇ ਹਾਰੇ[97] ਇਕੁ ਤਿਲੁ[98] ਨਹੀ

Reading and reciting[96] the Vedas Brahma grew weary[97]. He found[100]

ਵੇਦਾਂ ਨੂੰ ਵਾਚਦਾ ਤੇ ਪੜ੍ਹਦਾ ਹੋਇਆ[96] ਬ੍ਰਹਮਾ ਹੰਭ ਗਿਆ[97] । ਉਸ ਨੂੰ ਇਕ ਜ਼ਰਾ ਜਿੰਨੀ[98] ਭੀ ਵਾਹਿਗੁਰੂ ਦੇ

ਕੀਮਤ[99] ਪਾਈ[100] ॥	not even a sesame's[98] worth[99] of God.	ਮੁੱਲ[99] ਦਾ ਪਤਾ[100] ਨਾ ਲੱਗਾ ।
ਸਾਧਿਕ[2] ਸਿਧ[3] ਫਿਰਹਿ ਬਿਲਲਾਤੇ[4] ਤੇ ਭੀ ਮੋਹੇ[5] ਮਾਈ[6] ॥੨॥	The strivers[2] and adepts[3] roam about wailing[4]. They too are bewitched[5] by mammon[6].	ਅਭਿਆਸੀ[2] ਤੇ ਪੂਰਨ ਪੁਰਸ਼[3] ਭੀ ਰੋਂਦੇ ਫਿਰਦੇ[4] ਹਨ । ਉਨ੍ਹਾਂ ਨੂੰ ਭੀ ਮਾਇਆ[6] ਨੇ ਮੋਹਿਤ ਕਰ ਲਿਆ[5] ਹੈ ।
ਦਸ ਅਉਤਾਰ[7] ਰਾਜੇ[8] ਹੋਇ[9] ਵਰਤੇ ਮਹਾਦੇਵ[10] ਅਉਧੂਤਾ[12] ॥	There have been[9] ten incarnations[7], Kings[8] and forsakers[12] like Shiva[10].	ਦਸ ਅਵਤਾਰ[7], ਪਾਤਿਸ਼ਾਹ[8] ਅਤੇ ਸ਼ਿਵਜੀ[10] ਵਰਗੇ ਤਿਆਗੀ[12] ਹੋ ਗੁਜ਼ਰੇ[9] ਹਨ ।
ਤਿਨ ਭੀ ਅੰਤੁ[13] ਨ ਪਾਇਓ ਤੇਰਾ ਲਾਇ[14] ਥਕੇ[15] ਬਿਭੂਤਾ[16] ॥੩॥	They too found not Thine limit[13], though some grew weary[15] of smearing[14] their body with ashes[16].	ਉਨ੍ਹਾਂ ਨੂੰ ਭੀ ਤੇਰੇ ਓੜਕ[13] ਦਾ ਪਤਾ ਨਹੀਂ ਲੱਗਾ, ਭਾਵੇਂ ਕਈ ਆਪਣੀ ਦੇਹ ਨੂੰ ਸੁਆਹ[16] ਮਲਦੇ[14] ਹਾਰ ਹੁਟ ਗਏ[15] ਸਨ ।
ਸਹਜ[17] ਸੂਖ[18] ਆਨੰਦ[19] ਨਾਮ ਰਸ[20] ਹਰਿ ਸੰਤੀ[21] ਮੰਗਲੁ[22] ਗਾਇਆ[23] ॥	Poise[17], peace[18] and bliss[19] are in the Name- Necter[20]. So the Lord's saints[21] sing[23] His praise[22].	ਅਡੋਲਤਾ[17], ਆਰਾਮ[18] ਅਤੇ ਖ਼ੁਸ਼ੀ[19] ਨਾਮ-ਅੰਮ੍ਰਿਤ[20] ਵਿਚ ਹਨ । ਇਸ ਲਈ ਸਾਂਈਂ ਦੇ ਸਾਧੂ[21] ਉਸ ਦੀ ਕੀਰਤੀ[22] ਗਾਇਨ[23] ਕਰਦੇ ਹਨ ।
ਸਫਲ[24]ਦਰਸਨੁ[25]ਭੇਟਿਓ[26] ਗੁਰ ਨਾਨਕ ਤਾ[31] ਮਨਿ[27] ਤਨਿ[28] ਹਰਿ ਹਰਿ[29] ਧਿਆਇਆ[30] ॥ ੪ ॥੨॥ ੪੯॥	Nanak has seen[26] the accredited[24] sight[25] of the Guru and[31] with his soul[27] and body[28] he has pondered over[30] the Lord Master[29].	ਨਾਨਕ ਨੇ ਗੁਰਾਂ ਦਾ ਅਮੋਘ[24] ਦੀਦਾਰ[25] ਵੇਖ ਲਿਆ[26] ਹੈ ਅਤੇ[31] ਆਪਣੀ ਜਿੰਦੜੀ[27] ਤੇ ਦੇਹ[28] ਨਾਲ ਉਹ ਸੁਆਮੀ ਮਾਲਕ[29] ਦਾ ਸਿਮਰਨ ਕਰਦਾ[30] ਹੈ ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ ।
ਕਰਮ[31]* ਧਰਮ[32] ਪਾਖੰਡ[33] ਜੋ ਦੀਸਹਿ[34]ਤਿਨ[35] ਜਮੁ[36] ਜਾਗਾਤੀ[37] ਲੂਟੈ[38] ॥	The rituals[31]*, religious rites[32] and hypocrisies[33], which are seen[34], them[35] plunders[38] Yama[36], the tax-gatherer[37].	ਕਰਮ ਕਾਂਡਾਂ[31]*, ਮਜ਼ਹਬੀ ਰਸਮਾਂ[32] ਅਤੇ ਦੰਭਾਂ[33] ਨੂੰ ਜਿਹੜੇ ਦਿਸ ਆਉਂਦੇ[34] ਹਨ, ਉਨ੍ਹਾਂ[35] ਨੂੰ ਮੌਤ ਦਾ ਦੂਤ[36], ਮਸੂਲੀਆ[37] ਲੁੱਟ ਲੈਂਦਾ[38] ਹੈ ।
ਨਿਰਬਾਣੁ[39] ਕੀਰਤਨੁ[40] ਗਾਵਹੁ ਕਰਤੇ[41] ਕਾ ਨਿਮਖ[42] ਸਿਮਰਤ[43] ਜਿਤੁ ਛੂਟੈ[44] ॥ ੧ ॥	Sing thou the pure[39] praise[40] of the Creator[41], contemplating[43] whom, even for a moment[42], thou shalt be emancipated[44].	ਤੂੰ ਸਿਰਜਣਹਾਰ[41] ਦਾ ਨਿਰਮਲ[39] ਜੱਸ[40] ਗਾਇਨ ਕਰ, ਜਿਸ ਨੂੰ ਇਕ ਮੁਹਤ ਲਈ[42] ਭੀ ਆਰਾਧਨ[43] ਕਰਨ ਦੁਆਰਾ ਤੂੰ ਤਰ ਜਾਵੇਂਗਾ[44] ।
ਸੰਤਹੁ ਸਾਗਰੁ[45] ਪਾਰਿ ਉਤਰੀਐ[46] ॥	O saints, thus is crossed[46] the world-ocean[45].	ਹੇ ਸਾਧੂਓ ! ਇਸ ਤਰ੍ਹਾਂ ਸੰਸਾਰ ਸਮੁੰਦਰ[45] ਤਰਿਆ ਜਾਂਦਾ[46] ਹੈ ।
ਜੇ ਕੋ ਬਚਨੁ[47] ਕਮਾਵੈ[48] ਸੰਤਨ ਕਾ ਸੋ ਗੁਰਪਰਸਾਦੀ[49] ਤਰੀਐ[50] ॥੧॥ ਰਹਾਉ ॥	He who practises[48] the word[47] of the saints, he is ferried[50] across by Guru's grace[49]. Pause.	ਜਿਹੜਾ ਕੋਈ ਸਾਧੂਆਂ ਦੀ ਸਿੱਖ-ਮਤ[47] ਤੇ ਅਮਲ ਕਰਦਾ[48] ਹੈ, ਉਹ ਗੁਰਾਂ ਦੀ ਦਇਆ[49] ਦੁਆਰਾ ਪਾਰ ਉਤਰ ਜਾਂਦਾ[50] ਹੈ । ਠਹਿਰਾਉ ।
ਕੋਟਿ[51] ਤੀਰਥ[52] ਮਜਨ[53] ਇਸਨਾਨਾ[54], ਇਸੁ ਕਲਿ[55] ਮਹਿ[56] ਮੈਲੁ[57] ਭਰੀਜੈ[58] ॥	Millions[51] of baths[53] and ablutions[54] at the holy places[52] fill[53] the mortal with filth[57] in[56] this Dark-age[55].	ਧਰਮ ਅਸਥਾਨਾਂ[52] ਤੇ ਕ੍ਰੋੜਾਂ[51] ਹੀ ਨ੍ਹਾਉਣੇ[53] ਅਤੇ ਇਸ਼ਨਾਨ[54] ਇਸ ਕਾਲੇ ਯੁਗ[55] ਵਿਚ[56] ਪ੍ਰਾਣੀ ਨੂੰ ਗੰਦਗੀ[57] ਨਾਲ ਭਰ ਦਿੰਦੇ[58] ਹਨ ।

ਸਾਧ ਸੰਗਿ ਜੋ ਹਰਿਗੁਣ[59] ਗਾਵੈ ਸੋ[60] ਨਿਰਮਲੁ[61] ਕਰਿ ਲੀਜੈ ॥੨॥

He, who sings God's praises[59] in the saints' society; he[60] is rendered immaculate[61].

ਜਿਹੜਾ ਸਤਿ ਸੰਗਤ ਅੰਦਰ ਵਾਹਿਗੁਰੂ ਦਾ ਜਸ[59] ਗਾਇਨ ਕਰਦਾ ਹੈ, ਉਹ[60] ਪਵਿੱਤਰ[61] ਹੋ ਜਾਂਦਾ ਹੈ।

ਬੇਦ ਕਤੇਬ ਸਿਮ੍ਰਿਤਿ[62] ਸਭਿ[63] ਸਾਸਤ ਇਨ ਪੜਿਆ[64] ਮੁਕਤਿ[65] ਨ ਹੋਈ ॥

All[63] the Vedas, the religious books[62] of the Muslims, the Simirtis and Shashtras, by reading[64] these, salvation[65] is not obtained.

ਇਨ੍ਹਾਂ ਸਾਰੇ[63] ਵੇਦਾਂ, ਮੁਸਲਮਾਨੀ ਮਜ਼ਹਬੀ ਕਿਤਾਬਾਂ[62] ਸਿਮਰਤੀਆਂ ਅਤੇ ਸ਼ਾਸਤਰਾਂ ਨੂੰ ਵਾਚਣ[64] ਦੁਆਰਾ ਮੁਕਤੀ[65] ਪਰਾਪਤ ਨਹੀਂ ਹੁੰਦੀ।

ਏਕੁ ਅਖਰੁ[66] ਜੋ ਗੁਰਮੁਖਿ[67] ਜਾਪੈ[68] ਤਿਸ[69] ਕੀ ਨਿਰਮਲ[70] ਸੋਈ[71] ॥੩॥

He, who by Guru's instruction[67] utters[68] the one Name[66]; He[69] gathers the pure[70] glory[71].

ਜਿਹੜਾ ਗੁਰਾਂ ਦੇ ਉਪਦੇਸ਼[67] ਦੁਆਰਾ, ਇਕ ਨਾਮ[66] ਦਾ ਉਚਾਰਨ[68] ਕਰਦਾ ਹੈ, ਉਹ[69] ਪਵਿੱਤਰ[70] ਪ੍ਰਭਤਾ[71] ਪਾ ਲੈਂਦਾ ਹੈ।

ਖਤ੍ਰੀ[72] ਬ੍ਰਾਹਮਣ[73] ਸੂਦ[74] ਵੈਸ[75] ਉਪਦੇਸੁ[76] ਚਹੁ ਵਰਨਾ[77] ਕਉ ਸਾਝਾ[78] ॥

The four castes[77] of warriors[72], priests[73], farmers[75] and menials[74] are equal partners[78] in divine instruction[76].

ਖੱਤ੍ਰੀ[72], ਬ੍ਰਾਹਮਣ[73], ਕਿਸਾਨ[75] ਅਤੇ ਕਮੀਣ[74], ਚਾਰੇ ਹੀ ਜਾਤਾਂ[77] ਈਸ਼ਵਰੀ ਸਿਖਿਆ[76] ਅੰਦਰ ਇਕੋ ਜਿਹੇ ਭਾਈਵਾਲ[78] ਹਨ।

ਗੁਰਮੁਖਿ[79] ਨਾਮੁ ਜਪੈ[80] ਉਧਰੈ[81] ਸੋ[82] ਕਲਿ[83] ਮਹਿ[84] ਘਟਿ ਘਟਿ[85] ਨਾਨਕ ਮਾਝਾ[86] ॥੪॥੩॥੫੦॥

Nanak, he[82] who under Guru's instruction[79] utters[80] the Name of God, who abides in[86] all the hearts[85], is saved[81] in[84] the Dark-age[83].

ਨਾਨਕ ਜੋ[82] ਗੁਰਾਂ ਦੇ ਉਪਦੇਸ਼[79] ਤਾਬੇ ਹਰੀ ਦਾ ਨਾਮ ਉਚਾਰਦਾ[80] ਹੈ ਜਿਹੜਾ ਸਾਰਿਆਂ ਦਿਲਾਂ[85] ਵਿਚ[86] ਵਸਦਾ ਹੈ, ਉਹ[82] ਕਲਜੁਗ[83] ਅੰਦਰ[84] ਤਰ ਜਾਂਦਾ[81] ਹੈ।

੭੪੮ 748 ੭੪੮

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਜੋ ਕਿਛੁ[87] ਕਰੈ ਸੋਈ[88] ਪ੍ਰਭ ਮਾਨਹਿ[89] ਓਇ[90] ਰਾਮ ਨਾਮ ਰੰਗਿ[91] ਰਾਤੇ[92] ॥

They[90], who are imbued[92] with the love[91] of the Lord's Name, accept[89] that[88] whatever[87] the Lord does.

ਉਹ[90], ਜੋ ਪ੍ਰਭੂ ਦੇ ਪਿਆਰ[91] ਨਾਲ ਰੰਗੀਜੇ[92] ਹਨ, ਉਸ[88] ਨੂੰ ਸਵੀਕਾਰ[89] ਕਰਦੇ ਹਨ, ਜਿਹੜਾ ਕੁਝ ਭੀ[87] ਪ੍ਰਭੂ ਕਰਦਾ ਹੈ।

ਤਿਨ[93] ਕੀ ਸੋਭਾ[94] ਸਭਨੀ ਥਾਈ[95] ਜਿਨ ਪ੍ਰਭ ਕੇ ਚਰਣ[96] ਪਰਾਤੇ[97] ॥੧॥

They who repair[97] to the Lord's feet[96]; they[93] are honoured[94] everywhere[95].

ਜੋ ਸੁਆਮੀ ਦੇ ਪੈਰੀਂ[96] ਪੈਂਦੇ[97] ਹਨ, ਹਰ ਥਾਂ[95] ਉਨ੍ਹਾਂ[93] ਦੀ ਇੱਜ਼ਤ ਆਬਰੂ[94] ਹੁੰਦੀ ਹੈ।

ਮੇਰੇ ਰਾਮ ਹਰਿ ਸੰਤਾ ਜੇਵਡੁ[98] ਨ ਕੋਈ ॥

My Lord, no one is so great[98] as God's saints.

ਮੇਰੇ ਪ੍ਰਭੂ, ਵਾਹਿਗੁਰੂ ਦੇ ਸਾਧੂਆਂ ਜਿੱਡਾ ਵੱਡਾ[98] ਹੋਰ ਕੋਈ ਨਹੀਂ।

ਭਗਤਾ[99] ਬਣਿ ਆਈ[100] ਪ੍ਰਭ ਅਪਨੇ ਸਿਉ ਜਲਿ[2] ਥਲਿ[3] [4]ਮਹੀਅਲਿ[5] ਸੋਈ[6] ॥੧॥ ਰਹਾਉ ॥

The devotees[99] remain pleased[100] with their Lord and see Him[6] in water[2], land[3], nether region[4] and firmament[5]. Pause.

ਸ਼ਰਧਾਲੂ[99] ਆਪਣੇ ਸੁਆਮੀ ਨਾਲ ਪ੍ਰਸੰਨ[100] ਰਹਿੰਦੇ ਹਨ ਅਤੇ ਉਹ ਉਸ[6] ਨੂੰ ਪਾਣੀ[2], ਧਰਤੀ[3], ਪਾਤਾਲ[4] ਅਤੇ ਆਕਾਸ਼[5] ਅੰਦਰ ਵੇਖਦੇ ਹਨ। ਠਹਿਰਾਉ।

ਕੋਟਿ[7] ਅਪ੍ਰਾਧੀ[8] ਸੰਤ ਸੰਗਿ ਉਧਰੈ[9] ਜਮੁ[10] ਤਾਕੈ[12] ਨੇੜਿ[13] ਨ ਆਵੈ ॥

Millions[7] of sinners[8] are saved[9] in the saints' society and death's minister[10] draws not near[13] them[12].

ਕ੍ਰੋੜਾਂ[7] ਹੀ ਪਾਪੀ[8] ਸਤਿ ਸੰਗਤ ਅੰਦਰ ਤਰ ਜਾਂਦੇ[9] ਹਨ, ਅਤੇ ਮੌਤ ਦਾ[10] ਦੂਤ ਉਨ੍ਹਾਂ[12] ਦੇ ਲਾਗੇ[13] ਨਹੀਂ ਲੱਗਦਾ।

ਜਨਮ ਜਨਮ[14] ਕਾ ਬਿਛੁੜਿਆ[15] ਹੋਵੈ ਤਿਨ[16] ਹਰਿ ਸਿਉ[17] ਆਣਿ ਮਿਲਾਵੈ[18] ॥੨॥	He who is separated[15] from his God since many births[14]; him[16] the saint unites[18] with[17] the Lord.	ਜੋ ਅਨੇਕਾਂ ਜਨਮਾਂ[14] ਤੋਂ ਆਪਣੇ ਵਾਹਿਗੁਰੂ ਨਾਲੋਂ ਵਿਛੜਿਆ ਹੋਇਆ[15] ਹੈ, ਉਸ[16] ਨੂੰ ਸੰਤ ਸੁਆਮੀ ਨਾਲ[17] ਜੋੜ ਦਿੰਦੇ[18] ਹਨ।
ਮਾਇਆ[19] ਮੋਹ[20] ਭਰਮੁ[21] ਭਉ[22] ਕਾਟੈ[23] ਸੰਤ ਸਰਣਿ[24] ਜੋ ਆਵੈ ॥	The Lord banishes[23] the love[20] of wealth[19], doubt[21] and dread[22] of him, who enters the saints' sanctuary[24].	ਸੁਆਮੀ ਉਸ ਦੀ ਧਨ-ਦੌਲਤ[19] ਦੀ ਲਗਨ[20], ਸੰਦੇਹ[21] ਅਤੇ ਡਰ[22] ਨੂੰ ਦੂਰ ਕਰ ਦਿੰਦਾ[23] ਹੈ, ਜੋ ਸਾਧੂਆਂ ਦੀ ਪਨਾਹ[24] ਲੈਂਦਾ ਹੈ।
ਜੇਹਾ[25] ਮਨੋਰਥੁ[26] ਕਰਿ ਆਰਾਧੇ[27] ਸੋ[28] ਸੰਤਨ ਤੇ ਪਾਵੈ[29] ॥੩॥	With whatever[25] desire[26] the mortal contemplates[27], that[28] he obtains[29] from the saints.	ਜਿਸ ਕਿਸੇ[25] ਭੀ ਕਾਮਨਾ[26] ਨਾਲ ਪ੍ਰਾਨੀ ਸਿਮਰਨ[27] ਕਰਦਾ ਹੈ ਉਸ ਨੂੰ[28] ਉਹ ਸਾਧੂਆਂ ਪਾਸੋਂ ਪਰਾਪਤ[29] ਕਰ ਲੈਂਦਾ ਹੈ।
ਜਨ[30] ਕੀ ਮਹਿਮਾ[31] ਕੇਤਕ[32] ਬਰਨਉ[33] ਜੋ ਪ੍ਰਭ ਅਪਨੇ ਭਾਣੇ[34] ॥	To what extent[32], should I narrate[33] the glory[31] of the Lord's slaves[30], who are pleasing[34] to Him	ਸੁਆਮੀ ਦੇ ਗੁਮਾਸ਼ਤਿਆਂ[30], ਜੋ ਉਸ ਨੂੰ ਚੰਗੇ ਲੱਗਦੇ[34] ਹਨ, ਦੀ ਸੋਭਾ[31] ਮੈਂ ਕਿਥੋਂ ਤੋੜੀ[32] ਬਿਆਨ[33] ਕਰਾਂ।
ਕਹੁ[35] ਨਾਨਕ ਜਿਨ ਸਤਿਗੁਰੁ ਭੇਟਿਆ[36] ਸੇ[37] ਸਭ ਤੇ ਭਏ ਨਿਕਾਣੇ[38] ॥੪॥੪॥੫੧॥	Says[35] Nanak, they who meet[36] with their True Guru; they[37] become independent[38] of one and all.	ਗੁਰੂ ਜੀ ਫੁਰਮਾਉਂਦੇ[35] ਹਨ, ਜੋ ਆਪਣੇ ਸੱਚੇ ਗੁਰਾਂ ਨੂੰ ਮਿਲ[36] ਪੈਂਦੇ ਹਨ, ਉਹ[37] ਸਾਰਿਆਂ ਤੋਂ ਬੇਮੁਹਤਾਜ[38] ਹੋ ਜਾਂਦੇ ਹਨ।
ਸੂਹੀ ਮਹਲਾ ੫ ॥	Suhi 5th Guru	ਸੂਹੀ ਪੰਜਵੀਂ ਪਾਤਿਸ਼ਾਹੀ।
ਮਹਾ[39] ਅਗਨਿ[40] ਤੇ ਤੁਧੁ ਹਾਥ ਦੇ ਰਾਖੇ[41] ਪਏ[43] ਤੇਰੀ ਸਰਣਾਈ[42] ॥	My Lord, I have sought[43] Thine protection[42] and giving me Thy hand, Thou hast saved[41] me from the great[39] fire[40].	ਮੇਰੇ ਪ੍ਰਭੂ ਮੈਂ ਤੇਰੀ ਪਨਾਹ[42] ਲਈ[43] ਹੈ ਅਤੇ ਆਪਣਾ ਹੱਥ ਦੇ ਕੇ, ਤੂੰ ਮੈਨੂੰ ਭਾਰੀ[39] ਅੱਗ[40] ਤੋਂ ਬਚਾ ਲਿਆ[41] ਹੈ।
ਤੇਰਾ ਮਾਣੁ[44] ਤਾਣੁ[45] ਰਿਦ[46] ਅੰਤਰਿ[47] ਹੋਰ ਦੂਜੀ[48] ਆਸ[49] ਚੁਕਾਈ[50] ॥੧॥	Within[47] my mind[46] I take just pride[44] on Thine might[45]. All other[48] hopes[49] I have abandoned[50].	ਆਪਣੇ ਮਨ[46] ਅੰਦਰ[47], ਮੈਂ ਤੇਰੇ ਬਲ[45] ਤੇ ਯੋਗ ਫ਼ਖ਼ਰ[44] ਕਰਦਾ ਹਾਂ। ਹੋਰ ਸਾਰੀਆਂ[48] ਉਮੀਦਾਂ[49] ਮੈਂ ਲਾਹ ਸੁੱਟੀਆਂ[50] ਹਨ।
ਮੇਰੇ ਰਾਮ[51] ਰਾਇ[52] ਤੁਧੁ ਚਿਤਿ[53] ਆਇਐ[54] ਉਬਰੇ[55] ॥	Sovereign[52] Lord[51], when Thou comest[54] into my mind[53], then am I delivered[55].	ਮੇਰੇ ਪਾਤਿਸ਼ਾਹ[52] ਪਰਮੇਸ਼ਰ[51], ਜਦ ਤੂੰ ਮੇਰੇ ਰਿਦੇ[53] ਅੰਦਰ ਆਉਂਦਾ[54] ਹੈਂ, ਤਦ ਹੀ ਮੇਰਾ ਪਾਰ ਉਤਾਰਾ[55] ਹੁੰਦਾ ਹੈ।
ਤੇਰੀ ਟੇਕ[56] ਭਰਵਾਸਾ[57] ਤੁਮਰਾ[58] ਜਪਿ ਨਾਮੁ ਤੁਮਾਰਾ ਉਧਰੇ[59] ॥ ੧ ॥ ਰਹਾਉ ॥	My God, Thou art my refuge[56] and Thou my support[57]. Contemplating[58] Thine Name, I am saved[59]. Pause.	ਮੇਰੇ ਵਾਹਿਗੁਰੂ, ਤੂੰ ਮੇਰੀ ਪਨਾਹ[56] ਹੈਂ ਅਤੇ ਤੂੰ ਹੀ ਮੇਰਾ ਆਸਰਾ[57]। ਤੇਰੇ ਨਾਮ ਦਾ ਸਿਮਰਨ[58] ਕਰਨ ਦੁਆਰਾ ਮੈਂ ਬਚ ਗਿਆ[59] ਹਾਂ। ਠਹਿਰਾਉ।
ਅੰਧ[60] ਕੂਪ[61] ਤੇ ਕਾਢਿ[62] ਲੀਏ ਤੁਮ ਆਪਿ[63] ਭਏ ਕਿਰਪਾਲਾ[64] ॥	Thou Thyself[63] hast become merciful[64] unto me and Thou hast pulled[62] me out of the blind[60] well[61].	ਤੂੰ ਖ਼ੁਦ[63] ਮੇਰੇ ਉਤੇ ਮਿਹਰਬਾਨ[64] ਹੋ ਗਿਆ ਹੈਂ ਅਤੇ ਤੂੰ ਮੈਨੂੰ ਅੰਨ੍ਹੇ[60] ਖੂਹ[61] ਵਿਚੋਂ ਬਾਹਰ ਕੱਢ ਲਿਆ[62] ਹੈ।
ਸਾਰਿ ਸਮਾਲਿ[65] ਸਰਬ[66] ਸੁਖ	Thou takest care[65] of me and	ਤੂੰ ਮੇਰੀ ਰਖਵਾਲੀ ਕਰਦਾ[65] ਹੈਂ ਅਤੇ ਮੈਨੂੰ ਸਾਰੇ[66]

ਦੀਏ ਆਪਿ ਕਰੇ ਪ੍ਰਤਿ-ਪਾਲਾ[67] ॥੨॥	blessing me with all[66] the comforts, Thou Thyself cherisheth[67] me.	ਆਰਾਮ ਬਖ਼ਸ਼ ਕੇ, ਤੂੰ ਖ਼ੁਦ ਹੀ ਮੇਰੀ ਪਰਵਰਸ਼[67] ਕਰਦਾ ਹੈਂ।
ਆਪਣੀ ਨਦਰਿ[68] ਕਰੇ[69] ਪਰਮੇਸਰੁ[70] ਬੰਧਨ[71] ਕਾਟਿ[72] ਛਡਾਏ[73] ॥	The Lord[70] has showered[69] His benediction[68] and snapping[72] my bonds[71], He has delivered[73] me.	ਸੁਆਮੀ[70] ਨੇ ਆਪਣੀ ਰਹਿਮਤ[68] ਧਾਰੀ[69] ਹੈ ਅਤੇ ਮੇਰੀਆਂ ਬੇੜੀਆਂ[71] ਕਟ ਕੇ[72] ਮੈਨੂੰ ਬੰਦਖਲਾਸ ਕਰ ਦਿੱਤਾ[73] ਹੈ।
ਆਪਣੀ ਭਗਤਿ[74] ਪ੍ਰਭਿ[75] ਆਪਿ ਕਰਾਈ ਆਪੇ ਸੇਵਾ[76] ਲਾਏ[77] ॥੩॥	The Lord[75] Himself has put me to His meditation[74] and Himself has yoked[77] me to His service[76].	ਸਾਹਿਬ[75] ਨੇ ਆਪੇ ਹੀ ਮੈਨੂੰ ਆਪਣੇ ਸਿਮਰਨ[74] ਵਿਚ ਲਾਇਆ ਹੈ ਅਤੇ ਆਪ ਹੀ ਮੈਨੂੰ ਆਪਣੀ ਚਾਕਰੀ[76] ਵਿਚ ਜੋੜਿਆ[77] ਹੈ।
ਭਰਮੁ[78] ਗਇਆ[79] ਭੈ[80] ਮੋਹ[81] ਬਿਨਾਸੇ[82] ਮਿਟਿਆ[83] ਸਗਲ[84] ਵਿਸੂਰਾ[85] ॥	My doubt[78] is gone[79], my fear[80] and infatuation[81] are dispelled[82] and past[83] are all[84] my sorrows[85].	ਮੇਰਾ ਵਹਿਮ[78] ਮਿਟ ਗਿਆ[79] ਹੈ, ਮੇਰਾ ਡਰ[80] ਤੇ ਮਮਤਾ[81] ਦੂਰ ਹੋ ਗਏ[82] ਹਨ ਅਤੇ ਮੁੱਕ ਗਏ[83] ਹਨ ਮੇਰੇ ਸਾਰੇ[84] ਝੁਰੇਵੇਂ[85]।
ਨਾਨਕ ਦਇਆ[86] ਕਰੀ ਸੁਖ ਦਾਤੈ[87] ਭੇਟਿਆ[88] ਸਤਿਗੁਰੁ ਪੂਰਾ[89] ॥੪॥੫॥੫੨ ॥	Nanak, the peace-bestowing[87] Lord has taken pity[86] on me and I have met[88] my Perfect[89] True Guru.	ਨਾਨਕ, ਆਰਾਮ-ਬਖ਼ਸ਼ਣਹਾਰ[87] ਸਾਹਿਬ ਨੇ ਮੇਰੇ ਉਤੇ ਤਰਸ[86] ਕੀਤਾ ਹੈ ਅਤੇ ਮੈਂ ਆਪਣੇ ਪੂਰਨ[89] ਸੱਚੇ ਗੁਰਾਂ ਨੂੰ ਮਿਲ ਪਿਆ[88] ਹਾਂ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਸ਼ਾਹੀ।
ਜਬ[90] ਕਛੁ ਨ ਸੀਓ[91] ਤਬ[92] ਕਿਆ ਕਰਤਾ ਕਵਨ[93] ਕਰਮ[94] ਕਰਿ ਆਇਆ[95] ॥	When[90] there was[91] no creation, what did the mortal do then[92] and what[93] deeds[94] account for his birth[95] ?	ਜਦ[90] ਕੋਈ ਰਚਨਾ ਨਹੀਂ ਸੀ[91], ਉਦੋਂ[92] ਪ੍ਰਾਨੀ ਕੀ ਕਰਦਾ ਸੀ ਅਤੇ ਕਿਨ੍ਹਾਂ[93] ਅਮਲਾਂ[94] ਕਰ ਕੇ ਉਸ ਦਾ ਜਨਮ[95] ਹੋਇਆ ?
ਅਪਨਾ ਖੇਲੁ[96] ਆਪਿ ਕਰਿ[97] ਦੇਖੈ ਠਾਕੁਰਿ[98] ਰਚਨੁ[99] ਰਚਾਇਆ[100] ॥੧॥	The Lord[98] Himself stages[97] His play[96] and Himself beholds it. It is He who has created[100] the entire creation[99].	ਆਪਣੀ ਖੇਡ[96] ਨੂੰ ਸਾਈਂ[98] ਆਪੇ ਹੀ ਸਾਜਦਾ[97] ਹੈ ਅਤੇ ਆਪੇ ਹੀ ਉਸ ਨੂੰ ਵੇਖਦਾ ਹੈ। ਉਸੇ ਨੇ ਹੀ ਸਾਰੀ ਰਚਨਾ[99] ਰਚੀ[100] ਹੈ।
ਮੇਰੇ ਰਾਮ[2] ਰਾਇ[3] ਮੁਝ ਤੇ ਕਛੂ ਨ ਹੋਈ ॥	O my sovereign[3] Lord[2], I can do not a thing.	ਹੇ ਮੇਰੇ ਪਾਤਿਸ਼ਾਹ[3] ਪਰਮੇਸ਼ਰ[2] ! ਮੇਰੇ ਪਾਸੋਂ ਕੁਝ ਭੀ ਨਹੀਂ ਹੋ ਸਕਦਾ।
ਆਪੇ ਕਰਤਾ[4] ਆਪਿ ਕਰਾਏ ਸਰਬ[5] ਨਿਰੰਤਰਿ[6] ਸੋਈ[7] ॥੧॥ ਰਹਾਉ ॥	He Himself is the Creator[4] and Himself makes men do things. He[7], the Lord abides amongst[6] all[5]. Pause.	ਉਹ ਆਪ ਸਿਰਜਣਹਾਰ[4] ਹੈ ਅਤੇ ਆਪੇ ਹੀ ਬੰਦਿਆਂ ਤੋਂ ਕੰਮ ਕਰਾਉਂਦਾ ਹੈ। ਉਹ[7] ਸਾਂਈਂ ਹੀ ਸਾਰਿਆਂ[5] ਅੰਦਰ[6] ਵਸਦਾ ਹੈ। ਠਹਿਰਾਉ।
ਗਣਤੀ[8] ਗਣੀ[9] ਨ ਛੂਟੈ[10] ਕਤਹੂ[12] ਕਾਚੀ[13] ਦੇਹ[14] ਇਆਣੀ[15] ॥	By going into[9] account[8], I can be saved[10] not ever[12], as my body[14] is transitory[13] and ignorant[15].	ਲੇਖਾ-ਪੱਤਾ[8] ਕਰਨ ਨਾਲ[9] ਮੇਰਾ ਕਦੇ[12] ਭੀ ਬਚਾਅ[10] ਨਹੀਂ ਹੋ ਸਕਦਾ, ਕਿਉਂ ਜੋ ਮੇਰਾ ਸਰੀਰ[14] ਆਰਜ਼ੀ[13] ਤੇ ਬੇਸਮਝ[15] ਹੈ।
ਕ੍ਰਿਪਾ[16] ਕਰਹੁ[17] ਪ੍ਰਭ[18] ਕਰਣੈ ਹਾਰੇ[19] ਤੇਰੀ ਬਖਸ[20] ਨਿਰਾਲੀ[21] ॥੨॥	O my [19]Omniferous-Lord[18], have[17] Thou mercy[16] upon me. Wondrous[21] are Thine bounties[20].	ਹੇ ਮੇਰੇ ਸਰਬ ਸਿਰਜਣਹਾਰ[19] ਸੁਆਮੀ[18] ! ਤੂੰ ਮੇਰੇ ਤੇ ਮਿਹਰ[16] ਧਾਰ[17]। ਅਦਭੁਤ[21] ਹਨ ਤੇਰੀਆਂ ਦਾਤਾਂ[20]।

ਜੀਅ ਜੰਤ[22] ਸਭ ਤੇਰੇ ਕੀਤੇ[23] ਘਟਿ ਘਟਿ[24] ਤੁਹੀ ਧਿਆਈਐ[25] ॥

All the sentient beings[22] are created[23] by Thee, O Lord, and all the hearts[24] contemplate[25] Thee.

ਸਾਰੇ ਪ੍ਰਾਣ ਧਾਰੀ[22] ਤੇਰੇ ਰਚੇ ਹੋਏ[23] ਹਨ, ਹੇ ਪ੍ਰਭੂ! ਅਤੇ ਸਾਰੇ ਦਿਲ[24] ਤੈਨੂੰ ਹੀ ਆਰਾਧਦੇ[25] ਹਨ।

ਤੇਰੀ ਗਤਿ[26] ਮਿਤਿ[27] ਤੂਹੈ ਜਾਣਹਿ ਕੁਦਰਤਿ[28] ਕੀਮ[29] ਨ ਪਾਈਐ[30] ॥੩॥

Thine state[26] and extent[27], Thou alone knowest. The worth[29] of Thy Omnipotence[28] can be ascertained[30] not.

ਤੇਰੀ ਅਵਸਥਾ[26] ਤੇ ਵਿਸਥਾਰ[27] ਨੂੰ ਕੇਵਲ ਤੂੰ ਹੀ ਜਾਣਦਾ ਹੈਂ। ਤੇਰੀ ਅਪਾਰ ਸ਼ਕਤੀ[28] ਦਾ ਮੁੱਲ[29] ਪਾਇਆ[30] ਨਹੀਂ ਜਾ ਸਕਦਾ।

ਨਿਰਗੁਣੁ[31] ਮੁਗਧੁ[32] ਅਜਾਣੁ[33] ਅਗਿਆਨੀ[34] ਕਰਮ[35] ਧਰਮ[36] ਨਹੀ ਜਾਣਾ॥

Meritless[31], foolish[32], insensate[33] and ignorant[34] am I. The pious deeds[35] and righteousness[36] I know not.

ਗੁਣ-ਵਿਹੂਣ[31], ਮੂਰਖ[32], ਅਹਿਮਕ[33] ਤੇ ਬੇਸਮਝ[34] ਮੈਂ ਹਾਂ। ਨੇਕ ਅਮਲਾਂ[35] ਤੇ ਸੱਚਾਈ[36] ਨੂੰ ਮੈਂ ਜਾਣਦਾ ਹੀ ਨਹੀਂ।

ਦਇਆ[37] ਕਰਹੁ[38] ਨਾਨਕੁ ਗੁਣ[39] ਗਾਵੈ[40] ਮਿਠਾ[41] ਲਗੈ ਤੇਰਾ ਭਾਣਾ[42] ॥੪॥੬॥੫੩

O Lord, show[38] Thou mercy[37] unto Nanak, that he may sing[40] Thy praises[39] and Thy will[42] may seem sweet[41] unto him.

ਹੇ ਪ੍ਰਭੂ! ਤੂੰ ਨਾਨਕ ਉਤੇ ਰਹਿਮਤ[37] ਧਾਰ[38], ਤਾਂ ਜੋ ਉਹ ਤੇਰਾ ਜੱਸ[39] ਗਾਇਨ[40] ਕਰੇ ਅਤੇ ਤੇਰੀ ਰਜ਼ਾ[42] ਉਸ ਨੂੰ ਮਿੱਠੜੀ[41] ਲੱਗੇ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਭਾਗਠੜੇ[43] ਹਰਿ ਸੰਤ ਤੁਮਾਰੇ ਜਿਨ ਘਰਿ[44] ਧਨੁ[45] ਹਰਿ ਨਾਮਾ ॥

Fortunate[43] are Thine saints, O Lord Master, in whose home[44] the wealth[45] of Thy Name abides.

ਕਰਮਾਂ ਵਾਲੇ[43] ਹਨ ਤੇਰੇ ਸਾਧੂ, ਹੇ ਸੁਆਮੀ ਮਾਲਕ! ਜਿਨ੍ਹਾਂ ਦੇ ਘਰ[44] ਵਿਚ ਤੇਰੇ ਨਾਮ ਦੀ ਦੌਲਤ[45] ਵਸਦੀ ਹੈ।

ਪਰਵਾਣੁ[46] ਗਣੀ[47] ਸੇਈ ਇਹ ਆਏ[48] ਸਫਲ[49] ਤਿਨਾ ਕੇ ਕਾਮਾ[50] ॥ ੧ ॥

Approved[46] is accounted[47] their advent[48] into this world and fruitful[49] are their deeds[50].

ਪਰਵਾਣਿਤ[46] ਗਿਣਿਆ ਜਾਂਦਾ[47] ਹੈ, ਉਨ੍ਹਾਂ ਦਾ ਇਸ ਜਗ ਵਿਚ ਆਗਮਨ[48] ਅਤੇ ਫਲਦਾਇਕ[49] ਹਨ ਉਨ੍ਹਾਂ ਦੇ ਕੰਮ[50]।

੭੪੯ 749 ੭੪੯

ਮੇਰੇ ਰਾਮ ਹਰਿ ਜਨ[51] ਕੈ ਹਉ ਬਲਿ[52] ਜਾਈ ॥

My Lord, I am a sacrifice[52] unto the God's attendants[51].

ਮੇਰੇ ਸੁਆਮੀ, ਵਾਹਿਗੁਰੂ ਦੇ ਸੇਵਕਾਂ[51] ਉਤੋਂ ਮੈਂ ਕੁਰਬਾਨ[52] ਜਾਂਦਾ ਹਾਂ।

ਕੇਸਾ[53] ਕਾ ਕਰਿ[55] ਚਵਰੁ[56] ਢੁਲਾਵਾ[57] ਚਰਣ[58] ਧੂੜਿ[59] ਮੁਖਿ[60] ਲਾਈ[61] ॥ ੧ ॥ ਰਹਾਉ ॥

Making[55] the whisk[56] of my hair[53], I wave[57] it over them and the dust[59] of their feet[58], I apply[61] to my face[60]. Pause.

ਆਪਣੇ ਵਾਲਾਂ[53] ਦੀ ਚੌਰ[56] ਬਣਾ ਕੇ[55], ਮੈਂ ਉਨ੍ਹਾਂ ਉਤੇ ਝੁਲਾਉਂਦਾ[57] ਹਾਂ ਅਤੇ ਉਨ੍ਹਾਂ ਦੇ ਪੈਰਾਂ[58] ਦੀ ਧੂੜ[59] ਮੈਂ ਆਪਣੇ ਚਿਹਰੇ[60] ਨੂੰ ਮਲਦਾ[61] ਹਾਂ। ਠਹਿਰਾਉ।

ਜਨਮ[62] ਮਰਣ[63] ਦੁਹਹੂ[64] ਮਹਿ[65] ਨਾਹੀ ਜਨ[66] ਪਰਉਪਕਾਰੀ[67] ਆਏ ॥

Both[64] above[65] birth[62] and death[63] are the philanthropic[67] persons[66] who come to do good to others.

ਜੰਮਣ[62] ਮਰਨ[63] ਦੋਨਾਂ[64] ਤੋਂ ਉਚੇਰੇ[65] ਹਨ ਉਹ ਜਗਤ-ਮਿੱਤ੍ਰ[67] ਪੁਰਸ਼[66] ਜੋ ਹੋਰਨਾਂ ਦਾ ਭਲਾ ਕਰਨ ਆਉਂਦੇ ਹਨ।

ਜੀਅ[68] ਦਾਨੁ[69] ਦੇ[70] ਭਗਤੀ[71] ਲਾਇਨਿ[72] ਹਰਿ ਸਿਉ[73] ਲੈਨਿ ਮਿਲਾਏ ॥ ੨ ॥

They give[70] the gift[69] of spiritual life[68], apply[72] men to divine devotion[71] and make men meet with[73] God.

ਉਹ ਰੂਹਾਨੀ ਜੀਵਨ[68] ਦੀ ਦਾਤ[69] ਦਿੰਦੇ[70] ਹਨ, ਬੰਦਿਆਂ ਨੂੰ ਰੱਬੀ ਸ਼ਰਧਾ-ਪ੍ਰੇਮ[71] ਨਾਲ ਜੋੜਦੇ[72] ਹਨ ਅਤੇ ਇਨਸਾਨਾਂ ਨੂੰ ਵਾਹਿਗੁਰੂ ਨਾਲ[73] ਮਿਲਾ ਦਿੰਦੇ ਹਨ।

ਸਚਾ ਅਮਰੁ[74] ਸਚੀ ਪਾਤਿਸਾਹੀ[75] ਸਚੇ[76] ਸੇਤੀ[77] ਰਾਤੇ[78] ॥	True is their order[74], true their empire[75] and with[77] the True Lord[76] they are imbued[78].	ਸੱਚਾ ਹੈ ਉਨ੍ਹਾਂ ਦਾ ਹੁਕਮ[74], ਸੱਚੀ ਉਨ੍ਹਾਂ ਦੀ ਸਲਤਨਤ[75] ਅਤੇ ਸੱਚੇ ਸੁਆਮੀ[76] ਨਾਲ[77] ਹੀ ਉਹ ਰੰਗੇ ਹੋਏ[78] ਹਨ।
ਸਚਾ ਸੁਖੁ[79] ਸਚੀ ਵਡਿਆਈ[80] ਜਿਸ ਕੇ ਸੇ ਤਿਨਿ[81] ਜਾਤੇ[82] ॥੩॥	True is their happiness[79] and true their praise[80]. They know[82] Him[91] to whom they belong.	ਸੱਚੀ ਹੈ ਉਨ੍ਹਾਂ ਦੀ ਖੁਸ਼ੀ[79] ਅਤੇ ਸੱਚੀ ਉਨ੍ਹਾਂ ਦੀ ਕੀਰਤੀ[80]। ਉਹ ਉਸ[81] ਨੂੰ ਜਾਣਦੇ[82] ਹਨ ਜਿਸ ਦੀ ਉਹ ਮਲਕੀਅਤ ਹਨ।
ਪਖਾ[83] ਫੇਰੀ[84] ਪਾਣੀ[85] ਢੋਵਾ[86] ਹਰਿ ਜਨ[87] ਕੈ ਪੀਸਣੁ[88] ਪੀਸਿ ਕਮਾਵਾ[89]॥	I wave[84] the fan[83], draw[86] water[85] and grind[89] corn[88] for God's slave[87].	ਮੈਂ ਵਾਹਿਗੁਰੂ ਦੇ ਗੁਮਾਸ਼ਤੇ[87] ਲਈ ਪੱਖੀ[83] ਝੱਲਦਾ[84] ਹਾਂ, ਜਲ[85] ਢੋਂਦਾ[86] ਅਤੇ ਪੀਹਣ[88] ਪੀਂਹਦਾ[89] ਹਾਂ।
ਨਾਨਕ ਕੀ ਪ੍ਰਭ ਪਾਸਿ[90] ਬੇਨੰਤੀ[91] ਤੇਰੇ ਜਨ[92] ਦੇਖਣੁ[93] ਪਾਵਾ ॥੪॥੭॥੫੪॥	Nanak makes a supplication[91] to[90] his Lord, "Bless me with the vision[93] of Thine attendants[92]".	ਨਾਨਕ ਆਪਣੇ ਸਾਹਿਬ ਕੋਲ[90] ਪ੍ਰਾਰਥਨਾ[91] ਕਰਦਾ ਹੈ, "ਮੈਨੂੰ ਆਪਣੇ ਸੇਵਕਾਂ[92] ਦਾ ਦਰਸ਼ਨ[93] ਪਰਦਾਨ ਕਰ।"
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਪਾਰਬ੍ਰਹਮ[94] ਪਰਮੇਸਰ[95] ਸਤਿਗੁਰ ਆਪੇ[96] ਕਰਣੈਹਾਰਾ[97] ॥੧॥	The True Guru is the Primal Being[94] and the Transcendent Lord[95]. He Himself[96] is the Creator[97].	ਸੱਚੇ ਗੁਰੂ ਜੀ ਆਦਿ ਪੁਰਖ[94] ਅਤੇ ਪਰਮ ਪ੍ਰਭੂ[95] ਹਨ। ਉਹ ਆਪ[96] ਹੀ ਸਿਰਜਣਹਾਰ[97] ਹਨ।
ਚਰਣ[98] ਧੂੜਿ[99] ਤੇਰੀ ਸੇਵਕੁ[100] ਮਾਗੈ[2] ਤੇਰੇ ਦਰਸਨ[3] ਕਉ ਬਲਿਹਾਰਾ[4] ॥੧॥	Thy slave[100] prays[2] for the dust[99] of Thine feet[98] and is a sacrifice[4] unto Thine vision[3].	ਤੇਰਾ ਗੋਲਾ[100] ਤੇਰੇ ਪੈਰਾਂ[98] ਦੀ ਧੂੜ[99] ਦੀ ਯਾਚਨਾ[2] ਕਰਦਾ ਹੈ ਅਤੇ ਤੇਰੇ ਦੀਦਾਰ[3] ਉਤੋਂ ਘੋਲੀ ਜਾਂਦਾ[4] ਹੈ।
ਮੇਰੇ ਰਾਮ[5] ਰਾਇ[6] ਜਿਉ[7] ਰਾਖਹਿ ਤਿਉ[8] ਰਹੀਐ ॥	O my God-Guru[5], the king[6], as[7] Thou keepest me, so[8] do I live.	ਹੇ ਮੇਰੇ ਰੱਬ-ਰੂਪ-ਗੁਰੂ[5]! ਪਾਤਿਸ਼ਾਹ[6] ਜਿਸ ਤਰ੍ਹਾਂ[7] ਤੂੰ ਮੈਨੂੰ ਰਖਦਾ ਹੈਂ, ਉਸੇ ਤਰ੍ਹਾਂ[8] ਹੀ ਮੈਂ ਰਹਿੰਦਾ ਹਾਂ।
ਤੁਧੁ ਭਾਵੈ[9] ਤਾ[10] ਨਾਮੁ ਜਪਾਵਹਿ[12] ਸੁਖੁ[12*] ਤੇਰਾ ਦਿਤਾ ਲਹੀਐ ॥੧॥ਰਹਾਉ॥	When it so pleases[9] Thee, then[10] makest me remember[12] the Name. Thou alone blesseth me with peace[12*]. Pause.	ਜਦ ਤੈਨੂੰ ਇਸ ਤਰ੍ਹਾਂ ਭਾਉਂਦਾ[9] ਹੈ, ਤਦ[10] ਤੂੰ ਮੇਰੇ ਪਾਸੋਂ ਨਾਮ ਦਾ ਸਿਮਰਨ[12] ਕਰਵਾਉਂਦਾ ਹੈਂ। ਕੇਵਲ ਤੂੰ ਹੀ ਮੈਨੂੰ ਆਰਾਮ ਚੈਨ[12*] ਬਖਸ਼ਦਾ ਹੈਂ। ਠਹਿਰਾਉ!
ਮੁਕਤਿ[13] ਭੁਗਤਿ[14] ਜੁਗਤਿ[15] ਤੇਰੀ ਸੇਵਾ[16] ਜਿਸੁ[19] ਤੂੰ ਆਪਿ[17] ਕਰਾਇਹਿ[18] ॥	Salvation[13], worldly comforts[14] and life's department[15] are obtained through Thine service[16], which[19] Thou Thyself[17] makest man perform[18].	ਮੋਖਸ਼[13], ਸੰਸਾਰੀ ਆਰਾਮ[14] ਅਤੇ ਜੀਵਨ ਰਹੁ-ਰੀਤੀ[15] ਤੇਰੀ ਚਾਕਰੀ[16] ਰਾਹੀਂ ਪਰਾਪਤ ਹੁੰਦੇ ਹਨ, ਜਿਸ[19] ਨੂੰ ਤੂੰ ਖੁਦ[17] ਹੀ ਇਨਸਾਨ ਪਾਸੋਂ ਕਰਵਾਉਂਦਾ[18] ਹੈਂ।
ਤਹਾ[20] ਬੈਕੁੰਠੁ[21] ਜਹ[22] ਕੀਰਤਨੁ[23] ਤੇਰਾ ਤੂੰ ਆਪੇ[24] ਸਰਧਾ[25] ਲਾਇਹਿ[26] ॥੨॥	Heaven[21] is there[20] where[22] Thine praises[23] are sung. O my Guru, thou thyself[24] createst[26] faith[25] in the man.	ਸੱਚ-ਖੰਡ[21] ਹੈ ਉਥੇ[20] ਜਿਥੇ[22] ਤੇਰਾ ਜੱਸ[23] ਗਾਇਆ ਜਾਂਦਾ ਹੈ, ਹੇ ਮੇਰੇ ਗੁਰਦੇਵ! ਤੂੰ ਖੁਦ[24] ਹੀ ਬੰਦੇ ਵਿਚ ਭਰੋਸਾ[25] ਉਤਪੰਨ[26] ਕਰਦਾ ਹੈਂ।
ਸਿਮਰਿ[27] ਸਿਮਰਿ ਸਿਮਰਿ	Meditating[27], meditating, meditating	ਤੇਰੇ ਨਾਮ ਦਾ ਚਿੰਤਨ[27], ਚਿੰਤਨ, ਚਿੰਤਨ ਕਰਨ ਨਾਲ ਮੈਂ

ਨਾਮੁ ਜੀਵਾ ਤਨੁ[28] ਮਨੁ[29] ਹੋਇ ਨਿਹਾਲਾ[30] ॥

on Thy Name, O Lord, live I, and my body[28] and soul[29] are enraptured[30].

ਜੀਉਂਦਾ ਹਾਂ ਅਤੇ ਮੇਰੀ ਦੇਹ[28] ਤੇ ਆਤਮਾ[29] ਪ੍ਰਸੰਨ[30] ਹੋ ਗਏ ਹਨ, ਹੇ ਸਾਂਈਂ !

ਚਰਣ[31] ਕਮਲ[32] ਤੇਰੇ ਧੋਇ[33] ਧੋਇ[34] ਪੀਵਾ ਮੇਰੇ ਸਤਿਗੁਰ ਦੀਨ[35] ਦਇਆਲਾ[36] ॥੩॥

I wash[33] Thine lotus[32] feet[31] and drink the wash[34], O my True Guru, Merciful[36] to the meek[35].

ਮੈਂ ਤੇਰੇ ਕੰਵਲ[32] ਰੂਪੀ ਚਰਨ[31] ਧੋਂਦਾ[33] ਹਾਂ ਅਤੇ ਧੋਣ[34] ਨੂੰ ਪੀਂਦਾ ਹਾਂ, ਹੇ ਮਸਕੀਨਾਂ[35] ਉਤੇ ਮਿਹਰਬਾਨ[36], ਮੇਰੇ ਸੱਚੇ ਗੁਰਦੇਵ ਜੀ !

ਕੁਰਬਾਣੁ[37] ਜਾਈ ਉਸੁ ਵੇਲਾ[38] ਸੁਹਾਵੀ[39] ਜਿਤੁ[40] ਤੁਮਰੈ ਦੁਆਰੈ[41] ਆਇਆ[42] ॥

I am a sacrifice[37] unto the beauteous[39] time[38], when[40] I came[42] to Thy door[41].

ਮੈਂ ਉਸ ਸੁੰਦਰ[39] ਸਮੇਂ[38] ਤੋਂ ਸਦਕੇ[37] ਜਾਂਦਾ ਹਾਂ, ਜਦ[40] ਮੈਂ ਤੇਰੇ ਦਰ[41] ਤੇ ਪੁੱਜਾ[42] ਸਾਂ।

ਨਾਨਕ ਕਉ ਪ੍ਰਭ ਭਏ ਕ੍ਰਿਪਾਲਾ[43] ਸਤਿਗੁਰੁ ਪੂਰਾ[44] ਪਾਇਆ[45] ॥੪॥੮॥੫੫॥

The Lord has become compassionate[43] unto Nanak and he has obtained[45] the Perfect[44] True Guru.

ਸੁਆਮੀ ਨਾਨਕ ਉਤੇ ਦਇਆਵਾਨ[43] ਹੋ ਗਿਆ ਹੈ, ਅਤੇ ਉਸ ਨੂੰ ਪੂਰਨ[44] ਸੱਚੇ ਗੁਰੂ ਜੀ ਪਰਾਪਤ ਹੋ ਗਏ[45] ਹਨ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਤੁਧੁ ਚਿਤਿ[46] ਆਏ ਮਹਾ[47] ਅਨੰਦਾ[48] ਜਿਸੁ[50] ਵਿਸਰਹਿ[49] ਸੋ[51] ਮਰਿ ਜਾਏ ॥

Contemplating[46] Thee, O Lord, supreme[47] bliss[48] wells up. He who[50] forgets[49] Thee, He[51] meets his end.

ਤੈਨੂੰ ਯਾਦ[46] ਕਰਨ ਦੁਆਰਾ ਪਰਮ[47] ਖ਼ੁਸ਼ੀ[48] ਉਤਪੰਨ ਹੁੰਦੀ ਹੈ, ਹੇ ਸੁਆਮੀ ! ਜੋ[50] ਤੈਨੂੰ ਭੁਲਾਉਂਦਾ[49] ਹੈ, ਉਹ[51] ਮਰ ਜਾਂਦਾ ਹੈ।

ਦਇਆਲੁ[52] ਹੋਵਹਿ ਜਿਸੁ ਊਪਰਿ ਕਰਤੇ[53] ਸੋ[54] ਤੁਧੁ ਸਦਾ[55] ਧਿਆਏ[56] ॥੧॥

He, unto whom Thou becomest merciful[52], O Creator[53]; He[54] ever[55] meditates[56] on Thee.

ਜਿਸ ਉਤੇ ਤੂੰ ਮਿਹਰਬਾਨ[52] ਹੋ ਜਾਂਦਾ ਹੈਂ, ਹੇ ਸਿਰਜਣਹਾਰ[53] ! ਉਹ[54] ਹਮੇਸ਼ਾ[55] ਹੀ ਤੇਰਾ ਆਰਾਧਨ[56] ਕਰਦਾ ਹੈ।

ਮੇਰੇ ਸਾਹਿਬ ਤੂੰ ਮੈ ਮਾਣੁ[57] ਨਿਮਾਣੀ[58] ॥

My Master, of me dishonoured[58], Thou art the honour[57].

ਮੇਰੇ ਮਾਲਕ ! ਮੈਂ ਬੇਇਜ਼ਤ[58], ਦੀ ਤੂੰ ਇੱਜ਼ਤ[57] ਹੈਂ।

ਅਰਦਾਸਿ[59] ਕਰੀ ਪ੍ਰਭ ਅਪਨੇ ਆਗੈ ਸੁਣਿ ਸੁਣਿ ਜੀਵਾ ਤੇਰੀ ਬਾਣੀ[60] ॥੧॥ ਰਹਾਉ ॥

I pray[59] to Thee, O my Lord and live by hearing, hearing Thine divine Gurbani[60]. Pause.

ਮੈਂ ਤੇਰੇ ਸਾਹਮਣੇ ਬੇਨਤੀ[59] ਕਰਦਾ ਹਾਂ ਅਤੇ ਤੇਰੀ ਈਸ਼ਵਰੀ ਗੁਰਬਾਣੀ[60] ਸੁਣ ਸੁਣ ਕੇ ਜੀਉਂਦਾ ਹਾਂ, ਹੇ ਮੇਰੇ ਸਾਹਿਬ ! ਠਹਿਰਾਉ।

ਚਰਣ[61] ਧੂੜਿ[62] ਤੇਰੇ ਜਨ[63] ਕੀ ਹੋਵਾ ਤੇਰੇ ਦਰਸਨ[64] ਕਉ ਬਲਿ[65] ਜਾਈ ॥

May I become the dust[62] of the feet[61] of Thine slaves[63]. Unto Thine vision[64], O Lord I am a sacrifice[65].

ਮੈਂ ਤੇਰੇ ਗੋਲਿਆਂ[63] ਦੇ ਪੈਰਾਂ[61] ਦੀ ਖ਼ਾਕ[62] ਹੋ ਜਾਵਾਂ। ਤੇਰੇ ਦੀਦਾਰ[64] ਉਤੋਂ, ਹੇ ਸੁਆਮੀ ! ਮੈਂ ਘੋਲੀ ਜਾਂਦਾ[65] ਹਾਂ।

ਅੰਮ੍ਰਿਤ[66] ਬਚਨ[67] ਰਿਦੈ[68] ਉਰਿਧਾਰੀ[69] ਤਉ ਕਿਰਪਾ[70] ਤੇ ਸੰਗੁ[71] ਪਾਈ ॥੨॥

Thine Ambrosial[66] Word[67], O Lord, I enshrine[69] in my mind[68] and by Thy grace[70] I obtain the saints' society[71].

ਤੇਰੀ ਅੰਮ੍ਰਿਤਮਈ[66] ਕਲਾਮ[67] ਮੈਂ ਆਪਣੇ ਮਨ[68] ਵਿਚ ਟਿਕਾਉਂਦਾ[69] ਹਾਂ, ਹੇ ਪ੍ਰਭੂ ! ਅਤੇ ਤੇਰੀ ਦਇਆ[70] ਦੁਆਰਾ ਮੈਂ ਸਤਿ ਸੰਗਤ[71] ਨੂੰ ਪਰਾਪਤ ਹੁੰਦਾ ਹਾਂ।

ਅੰਤਰ[72] ਕੀ ਗਤਿ[73] ਤੁਧੁ ਪਹਿ[75] ਸਾਰੀ[74] ਤੁਧੁ ਜੇਵਡੁ[76] ਅਵਰੁ ਨ ਕੋਈ ॥

I place[74] my mind's[72] condition[73] before[75] Thee. None is so great[76] as Thee, O God.

ਆਪਣੇ ਮਨ ਦੀ[72] ਅਵਸਥਾ[73] ਮੈਂ ਤੇਰੇ ਅੱਗੇ[75] ਰਖਦਾ[74] ਹਾਂ। ਤੇਰੇ ਜਿੱਡਾ ਵੱਡਾ[76] ਹੋਰ ਕੋਈ ਨਹੀਂ, ਹੇ ਵਾਹਿਗੁਰੂ !

ਜਿਸ ਨੋ ਲਾਇ[77] ਲੈਹਿ ਸੋ[78]

He whom Thou attachest[77]; he

ਜਿਸ ਨੂੰ ਤੂੰ ਜੋੜਦਾ[77] ਹੈਂ, ਉਹ[78] ਹੀ ਤੇਰੇ ਨਾਲ ਜੁੜਦਾ

ਲਾਗੈ ਭਗਤੁ[79] ਤੁਹਾਰਾ ਸੋਈ[80] ॥ ੩ ॥

gets attached to Thee. He[80] alone is Thy devoted serf[79], O Lord.

ਹੈ । ਕੇਵਲ ਉਹ[80] ਹੀ ਤੇਰਾ ਜਾਂ-ਨਿਸਾਰ ਨਫ਼ਰ[79] ਹੈ, ਹੇ ਸੁਆਮੀ !

ਦੁਇ[81] ਕਰ[82] ਜੋੜਿ[83] ਮਾਗਉ[84] ਇਕੁ ਦਾਨਾ[85] ਸਾਹਿਬਿ ਤੁਠੈ[86] ਪਾਵਾ[87] ॥

With both[81] the hands[82] joined[83] together,I pray[84] for the bounty[85] of Thy Name, O Lord. Through Thy pleasure[86] alone can I receive[87] it.

ਦੋਵੇਂ[81] ਹੱਥ[82] ਬੰਨ੍ਹ ਕੇ[83] ਮੈਂ ਤੇਰੇ ਨਾਮ ਦੀ ਦਾਤ[85] ਦੀ ਯਾਚਨਾ ਕਰਦਾ[84] ਹਾਂ, ਹੇ ਸੁਆਮੀ ! ਕੇਵਲ ਤੇਰੀ ਖ਼ੁਸ਼ੀ[86] ਰਾਹੀਂ ਹੀ ਮੈਂ ਇਸ ਨੂੰ ਪਰਾਪਤ[87] ਕਰ ਸਕਦਾ ਹਾਂ ।

ਸਾਸਿ ਸਾਸਿ[88] ਨਾਨਕੁ ਆਰਾਧੇ[89] ਆਠ ਪਹਰ ਗੁਣ[90] ਗਾਵਾ ॥੪॥੯॥੫੬॥

With every breath[88], Nanak meditates[89] on Thee, O Lord and sings Thy praises[90] throughout the eight watches.

ਆਪਣੇ ਹਰ ਸੁਆਸ[88] ਨਾਲ, ਨਾਨਕ ਤੇਰਾ ਸਿਮਰਨ[89] ਕਰਦਾ ਹੈ, ਹੇ ਸਾਹਿਬ ! ਅਤੇ ਅੱਠੇ ਪਹਿਰ ਹੀ ਤੇਰਾ ਜੱਸ[90] ਗਾਉਂਦਾ ਹੈ ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ ।

ਜਿਸ ਕੇ ਸਿਰ[91] ਊਪਰਿ[92] ਤੂੰ ਸੁਆਮੀ ਸੋ[93] ਦੁਖੁ[95] ਕੈਸਾ[94] ਪਾਵੈ[96] ॥

How[94] can he[93], over[92] whose head[91] Thou art, O Lord, suffer[96] pain[95] ?

ਜਿਸ ਦੇ ਸੀਸ[91] ਉਤੇ[92] ਤੂੰ ਹੈਂ, ਹੇ ਸਾਹਿਬ ! ਉਹ[93] ਤਕਲੀਫ਼[95] ਕਿਸ ਤਰ੍ਹਾਂ[94] ਪਾ ਸਕਦਾ[96] ਹੈ ?

ਬੋਲਿ[97] ਨ ਜਾਣੈ ਮਾਇਆ[98] ਮਦਿ[99] ਮਾਤਾ[100] ਮਰਣਾ[2] ਚੀਤਿ[3] ਨ ਆਵੈ ॥ ੧ ॥

Intoxicated[100] with the wine[99] of wealth[98], the mortal knows not how to utter[97] the True Name and thinks[3] not of death[2].

ਧਨ-ਦੌਲਤ[98] ਦੀ ਸ਼ਰਾਬ[99] ਨਾਲ ਮਤਵਾਲਾ[100] ਹੋਇਆ ਹੋਇਆ ਪ੍ਰਾਣੀ ਸੱਚੇ ਨਾਮ ਦੇ ਉਚਾਰਨ[97] ਕਰਨ ਨੂੰ ਨਹੀਂ ਜਾਣਦਾ ਅਤੇ ਮੌਤ[2] ਨੂੰ ਯਾਦ[3] ਹੀ ਨਹੀਂ ਕਰਦਾ ।

ਮੇਰੇ ਰਾਮ[4] ਰਾਇ[5] ਤੂੰ ਸੰਤਾ ਕਾ ਸੰਤ ਤੇਰੇ ॥

O my sovereign[5] Lord[4], Thou belongest to the saints and the saints belong to Thee.

ਹੇ ਮੇਰੇ ਪਾਤਿਸ਼ਾਹ[5] ਪਰਮੇਸ਼ਰ[4] ! ਤੂੰ ਸਾਧੂਆਂ ਦਾ ਹੈਂ ਅਤੇ ਸਾਧੂ ਤੇਰੇ ਹਨ ।

ਤੇਰੇ ਸੇਵਕ[6] ਕਉ ਭਉ[7] ਕਿਛੁ ਨਾਹੀ ਜਮੁ[8] ਨਹੀ ਆਵੈ ਨੇਰੇ[9] ॥੧॥ਰਹਾਉ॥

Thy slave[6] has nothing to fear[7] and the death's minister[8] comes not near[9] him. Pause.

ਤੇਰੇ ਗੋਲੇ[6] ਨੂੰ ਕੋਈ ਡਰ[7] ਨਹੀਂ ਅਤੇ ਮੌਤ ਦਾ ਦੂਤ[8] ਉਸ ਦੇ ਨੇੜੇ[9] ਨਹੀਂ ਆਉਂਦਾ । ਠਹਿਰਾਉ ।

ਜੋ ਤੇਰੈ ਰੰਗਿ[10] ਰਾਤੇ[12] ਸੁਆਮੀ ਤਿਨ[13] ਕਾ ਜਨਮ ਮਰਣ ਦੁਖੁ[14] ਨਾਸਾ[15] ॥

They who are imbued[12] with Thine love[10], O Lord, their[13] pain[14] of birth and death is removed[15].

ਜਿਹੜੇ ਤੇਰੇ ਪ੍ਰੇਮ[10] ਨਾਲ ਰੰਗੀਜੇ[12] ਹਨ, ਹੇ ਪ੍ਰਭੂ ! ਉਨ੍ਹਾਂ[13] ਦੀ ਜੰਮਣ ਤੇ ਮਰਨ ਦੀ ਪੀੜ[14] ਮਿਟ ਜਾਂਦੀ[15] ਹੈ ।

ਤੇਰੀ ਬਖਸ[16] ਨ ਮੇਟੈ[17] ਕੋਈ ਸਤਿਗੁਰ ਕਾ ਦਿਲਾਸਾ[18] ॥ ੨ ॥

Thine bounties[16], O Lord, none can erase[17]. The True Guru has blessed me with this consolation[18].

ਤੇਰੀਆਂ ਦਾਤਾਂ[16] ਨੂੰ, ਹੇ ਸਾਈਂ ! ਕੋਈ ਮੇਸ[17] ਨਹੀਂ ਸਕਦਾ । ਸੱਚੇ ਗੁਰਾਂ ਨੇ ਮੈਨੂੰ ਇਹ ਧੀਰਜ[18] ਬਖ਼ਸ਼ਿਆ ਹੈ ।

੭੫੦ 750 ੭੫੦

ਨਾਮੁ ਧਿਆਇਨਿ[19] ਸੁਖ[20] ਫਲ[21] ਪਾਇਨਿ ਆਠ ਪਹਰ[22] ਆਰਾਧਹਿ[23] ॥

They, who remember[19] the Name, obtain the fruit[21] of peace[20] and day and night[22],they contemplate[23] Thee.

ਜੋ ਨਾਮ ਨੂੰ ਸਿਮਰਦੇ[19] ਹਨ, ਉਹ ਆਰਾਮ ਚੈਨ[20] ਦੇ ਮੇਵੇ[21] ਨੂੰ ਪਾ ਲੈਂਦੇ ਹਨ ਅਤੇ ਦਿਨ ਰਾਤ[22] ਉਹ ਤੇਰਾ ਚਿੰਤਨ[23] ਕਰਦੇ ਹਨ ।

ਤੇਰੀ ਸਰਣਿ[24] ਤੇਰੈ

Seeking Thine shelter[24]and support[25]

ਤੇਰੀ ਪਨਾਹ[24] ਅਤੇ ਆਸਰਾ[25] ਲੈ ਕੇ, ਉਹ ਪੰਜਾਂ

ਭਰਵਾਸੈ[25] ਪੰਚ ਦੁਸਟ[26] ਲੈ ਸਾਧਹਿ[27] ॥੩॥

they overwhelm[27] the five villains[26].

ਬਦਮਾਸ਼ਾਂ[26] ਤੇ ਕਾਬੂ ਪਾ ਲੈਂਦੇ[27] ਹਨ।

ਗਿਆਨੁ[28] ਧਿਆਨੁ[29] ਕਿਛੁ ਕਰਮੁ[30] ਨ ਜਾਣਾ ਸਾਰ[31] ਨ ਜਾਣਾ ਤੇਰੀ ॥

I know not gnosis[28], meditation[29] and the virtuous deeds[30], nor know I Thy worth[31], O Lord.

ਮੈਂ ਬ੍ਰਹਿਮ ਵੀਚਾਰ[28], ਸਿਮਰਨ[29] ਅਤੇ ਨੇਕ ਅਮਲਾਂ[30] ਨੂੰ ਨਹੀਂ ਜਾਣਦਾ, ਨਾ ਹੀ ਮੈਂ ਤੇਰੀ ਕਦਰ[31] ਨੂੰ ਜਾਣਦਾ ਹਾਂ, ਹੇ ਸੁਆਮੀ!

ਸਭ ਤੇ ਵਡਾ[32] ਸਤਿਗੁਰੁ ਨਾਨਕ ਜਿਨਿ ਕਲ[33] ਰਾਖੀ[34] ਮੇਰੀ ॥੪॥੧੦॥੫੭॥

The greatest[32] of all is Satguru Nanak, who has saved[34] my honour in this Dark-age[33].

ਸਾਰਿਆਂ ਨਾਲੋਂ ਵਿਸ਼ਾਲ[32] ਹਨ, ਮੇਰੇ ਸਤਿਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੇ ਇਸ ਕਾਲੇ ਯੁਗ[33] ਅੰਦਰ ਮੇਰੀ ਇੱਜ਼ਤ ਆਬਰੂ ਰੱਖ ਲਈ[34] ਹੈ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ।

ਸਗਲ[35] ਤਿਆਗਿ[36] ਗੁਰ ਸਰਣੀ[37] ਆਇਆ ਰਾਖਹੁ[38] ਰਾਖਨਹਾਰੇ[39] ॥

Forsaking[36] all[35], I have sought the Guru's protection[37]. Now save[38] me Thou, O my saviour[39].

ਸਾਰਿਆਂ[35] ਨੂੰ ਛੱਡ ਕੇ[36], ਮੈਂ ਗੁਰਾਂ ਦੀ ਪਨਾਹ[37] ਲਈ ਹੈ। ਹੁਣ ਤੂੰ ਮੇਰੀ ਰਖਿਆ[38] ਕਰ, ਹੇ ਮੇਰੀ ਰਖਿਆ ਕਰਨ ਵਾਲੇ[39]!

ਜਿਤੁ[40] ਤੂ ਲਾਵਹਿ[41] ਤਿਤੁ[42] ਹਮ[43] ਲਾਗਹ ਕਿਆ[44] ਏਹਿ ਜੰਤ[45] ਵਿਚਾਰੇ[46] ॥੧॥

To whatsoever[40], Thou yokest[41] me, to that[42] I[43] am yoked. What[44] can these poor[46] persons[45] do?

ਜਿਸ ਕਿਸੇ ਨਾਲ[40] ਤੂੰ ਮੈਨੂੰ ਜੋੜਦਾ[41] ਹੈਂ, ਉਸ[42] ਨਾਲ ਹੀ ਮੈਂ[43] ਜੁੜ ਜਾਂਦਾ ਹਾਂ। ਇਹ ਗ਼ਰੀਬੜੇ[46] ਪੁਰਸ਼[45] ਕੀ[44] ਕਰ ਸਕਦੇ ਹਨ?

ਮੇਰੇ ਰਾਮ[47] ਜੀ ਤੂੰ ਪ੍ਰਭ[48] ਅੰਤਰਜਾਮੀ[49] ॥

My Lord[47] Master[48], Thou art the Knower of hearts[49].

ਮੇਰੇ ਸੁਆਮੀ[47] ਮਾਲਕ[48]! ਤੂੰ ਦਿਲਾਂ ਦੀਆਂ ਜਾਨਣਹਾਰ[49] ਹੈਂ।

ਕਰਿ ਕਿਰਪਾ[50] ਗੁਰਦੇਵ[51] ਦਇਆਲਾ[52] ਗੁਣ[53] ਗਾਵਾ[55] ਨਿਤ[54] ਸੁਆਮੀ ॥੧॥ ਰਹਾਉ ॥

O my Bright[51], compassionate[52] Guru, have mercy[50] on me, that I may ever[54] sing[55] the Lord's praises[53]. Pause.

ਹੇ ਮੇਰੇ ਉਜਲੇ[51], ਮਿਹਰਬਾਨ[52] ਗੁਰੂ! ਮੇਰੇ ਉਤੇ ਤਰਸ[50] ਕਰ ਤਾਂ ਜੋ ਮੈਂ ਸਦਾ[54] ਹੀ ਪ੍ਰਭੂ ਦੀ ਮਹਿਮਾ[53] ਗਾਇਨ[55] ਕਰਾਂ। ਠਹਿਰਾਉ।

ਆਠ ਪਹਰ[56] ਪ੍ਰਭੁ ਅਪਨਾ ਧਿਆਈਐ[57] ਗੁਰ ਪ੍ਰਸਾਦਿ[58] ਭਉ[59] ਤਰੀਐ[60] ॥

Day and night[56], I meditate[57] on my Lord. By the Guru's grace[58], the dreadful[59] ocean is ferried across[60].

ਦਿਨ ਰਾਤ[56] ਮੈਂ ਆਪਣੇ ਸੁਆਮੀ ਦਾ ਸਿਮਰਨ[57] ਕਰਦਾ ਹਾਂ। ਗੁਰਾਂ ਦੀ ਦਇਆ[58] ਦੁਆਰਾ ਭਿਆਨਕ[59] ਸਮੁੰਦਰ ਤਰਿਆ ਜਾਂਦਾ[60] ਹੈ।

ਆਪੁ[61] ਤਿਆਗਿ[62] ਹੋਈਐ ਸਭ ਰੇਣਾ[63] ਜੀਵਤਿਆ[64] ਇਉ[65] ਮਰੀਐ ॥੨॥

Forsaking[62] my self-conceit[61] I become the dust[63] of all men's feet. Like this[65] I die to myself in life[64].

ਆਪਣੀ ਸਵੈ-ਹੰਗਤਾ[61] ਨੂੰ ਛੱਡ ਕੇ[62], ਮੈਂ ਸਾਰਿਆਂ ਬੰਦਿਆਂ ਦੇ ਪੈਰਾਂ ਦੀ ਧੂੜ[63] ਹੁੰਦਾ ਹਾਂ। ਇਸ ਤਰ੍ਹਾਂ[65] ਜੀਉਂਦੇ[64] ਜੀ ਹੀ ਮੈਂ ਮਰਿਆ ਰਹਿੰਦਾ ਹਾਂ।

ਸਫਲ[66] ਜਨਮੁ[67] ਤਿਸ[68] ਕਾ ਜਗ[71] ਭੀਤਰਿ[69] ਸਾਧ ਸੰਗਿ ਨਾਉ ਜਾਪੇ[70] ॥

In[69] this world[71], fruitful[66] is the life[67] of him[68], who in the society of saints utters[70] the Lord's Name.

ਇਸ ਜਹਾਨ[71] ਅੰਦਰ[69] ਫਲਦਾਇਕ[66] ਹੈ ਉਸ ਦਾ[68] ਜੀਵਨ[67], ਜੋ ਸਤਿਸੰਗਤ ਅੰਦਰ ਸਾਈਂ ਦੇ ਨਾਮ ਨੂੰ ਉਚਾਰਦਾ[70] ਹੈ।

ਸਗਲ ਮਨੋਰਥ[72] ਤਿਸ[73] ਕੇ ਪੂਰਨ[74] ਜਿਸੁ ਦਇਆ[75] ਕਰੇ[76] ਪ੍ਰਭੁ ਆਪੇ[77] ॥੩॥

He, to whom the Lord shows[76] His[77] mercy[75], all his[73] desires[72] are fulfilled[74].

ਜਿਸ ਉਤੇ ਸੁਆਮੀ ਆਪਣੀ[77] ਰਹਿਮਤ[75] ਧਾਰਦਾ[76] ਹੈ, ਉਸ ਦੀਆਂ[73] ਸਾਰੀਆਂ ਸੱਧਰਾਂ[72] ਪੂਰੀਆਂ ਹੋ ਜਾਂਦੀਆਂ[74] ਹਨ।

ਦੀਨ[78] ਦਇਆਲ[79] ਕ੍ਰਿਪਾਲ[80]

O Thou the compassionate[80] and

ਹੇ ਤੂੰ ਮਸਕੀਨਾਂ[78] ਤੇ ਮਿਹਰ ਕਰਨ ਵਾਲੇ[79] ਮਿਹਰਬਾਨ[80]

ਪ੍ਰਭ ਸੁਆਮੀ[81] ਤੇਰੀ ਸਰਣਿ[82] ਦਇਆਲਾ[83] ॥	kind[83] Lord Master[81], Merciful[79] to the meek[78], I seek Thine refuge[82].	ਤੇ ਮਇਆਵਾਨ[83] ਪਾਰਬ੍ਰਹਮ ਪਰਮੇਸ਼ਰ[81] ! ਮੈਂ ਤੇਰੀ ਪਨਾਹ[82] ਲੋੜਦਾ ਹਾਂ ।
ਕਰਿ ਕਿਰਪਾ[84] ਅਪਨਾ ਨਾਮੁ ਦੀਜੈ[85] ਨਾਨਕ ਸਾਧ ਰਵਾਲਾ[86] ॥੪॥੧੧॥੫੮॥	Take pity[84] on Nanak, O God and bless[85] him with Thy Name and the dust[86] of the saint's feet.	ਨਾਨਕ ਉਤੇ ਤਰਸ[84] ਕਰ, ਹੇ ਵਾਹਿਗੁਰੂ ! ਅਤੇ ਉਸ ਨੂੰ ਆਪਣਾ ਨਾਮ ਅਤੇ ਸੰਤਾਂ ਦੇ ਪੈਰਾਂ ਦੀ ਧੂੜ[86] ਪਰਦਾਨ[85] ਕਰ ।
ਰਾਗ ਸੂਹੀ ਅਸਟਪਦੀਆ ਮਹਲਾ ੧ ਘਰੁ ੧	Rag Suhi Astpadian Ist Guru	ਰਾਗੁ ਸੂਹੀ ਅਸ਼ਟਪਦੀਆਂ ਪਹਿਲੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਸਭਿ ਅਵਗਣ[87] ਮੈ ਗੁਣੁ[88] ਨਹੀ ਕੋਈ ॥ ਕਿਉ ਕਰਿ[89] ਕੰਤ[90] ਮਿਲਾਵਾ[91] ਹੋਈ ॥੧॥	In me are all demerits[87]. I have no merit[88] whatever. How[89] can I meet[91] with my Spouse[90] ?	ਮੇਰੇ ਵਿਚ ਸਾਰੀਆਂ ਬਦੀਆਂ[87] ਹਨ। ਕੋਈ ਨੇਕੀ[88] ਭੀ ਮੇਰੇ ਵਿਚ ਨਹੀਂ। ਮੈਂ ਆਪਣੇ ਭਰਤੇ[90] ਨਾਲ ਕਿਸ ਤਰ੍ਹਾਂ[89] ਮਿਲ ਸਕਦੀ[91] ਹਾਂ ?
ਨਾ ਮੈ ਰੂਪੁ[92] ਨ ਬੰਕੇ[93] ਨੈਣਾ[94] ॥ ਨਾ ਕੁਲ[95] ਢੰਗੁ[96] ਨ ਮੀਠੇ[97] ਬੈਣਾ[98] ॥੧॥ ਰਹਾਉ ॥	Neither I have beauty[92], nor enamouring[93] eyes[94]. I have neither good family[95], nor manners[96] or sweet[97] speech[98]. Pause.	ਨਾ ਮੇਰੇ ਪੱਲੇ ਸੁੰਦਰਤਾ[92] ਹੈ, ਨਾ ਹੀ ਮੋਹ ਲੈਣ ਵਾਲੀਆਂ[93] ਅੱਖਾਂ[94]। ਨਾ ਮੇਰਾ ਚੰਗਾ ਖ਼ਾਨਦਾਨ[95] ਹੈ, ਨਾ ਹੀ ਆਚਰਣ[96] ਜਾਂ ਮਿੱਠੀ[97] ਬੋਲ-ਬਾਣੀ[98]। ਠਹਿਰਾਉ।
ਸਹਜਿ[99] ਸੀਗਾਰ[100] ਕਾਮਣਿ[2] ਕਰਿ ਆਵੈ ॥ ਤਾ[3] ਸੋਹਾਗਣਿ[4] ਜਾ[5] ਕੰਤੈ[6] ਭਾਵੈ[7] ॥੨॥	The bride[2] bedecks[100] herself with Divine Knowledge[99]. But if[5] her Spouse[6] loves[7] her, then[3] alone becomes she a happy wife[4].	ਪਤਨੀ[2] ਆਪਣੇ ਆਪ ਨੂੰ ਬ੍ਰਹਮ-ਗਿਆਨ[99] ਨਾਲ ਸ਼ਿੰਗਾਰਦੀ[100] ਹੈ। ਪਰ ਜੇਕਰ[5] ਉਸ ਦਾ ਪਤੀ[6] ਉਸ ਨੂੰ ਪਿਆਰ ਕਰਦਾ[7] ਹੈ, ਕੇਵਲ ਤਦ[3] ਹੀ ਉਹ ਨਸੀਬਾਂ ਵਾਲੀ ਵਹੁਟੀ[4] ਬਣਦੀ ਹੈ।
ਨਾ ਤਿਸੁ[8] ਰੂਪੁ[9] ਨ ਰੇਖਿਆ[10] ਕਾਈ ॥ ਅੰਤਿ[12] ਨ ਸਾਹਿਬੁ ਸਿਮਰਿਆ[13] ਜਾਈ ॥੩॥	He[8] has no form[9] nor features[10]. The Lord can be contemplated[13] not at the last moment[12].	ਉਸ[8] ਦਾ ਕੋਈ ਸਰੂਪ[9] ਨਹੀਂ, ਨਾ ਹੀ ਕੋਈ ਨੁਹਾਰ[10]। ਸੁਆਮੀ ਅਖ਼ੀਰ ਦੇ ਵੇਲੇ[12] ਭਜਿਆ[13] ਨਹੀਂ ਜਾ ਸਕਦਾ।
ਸੁਰਤਿ[14] ਮਤਿ[15] ਨਾਹੀ ਚਤੁਰਾਈ[16] ॥ ਕਰਿ ਕਿਰਪਾ[17] ਪ੍ਰਭ ਲਾਵਹੁ[18] ਪਾਈ[19] ॥੪॥	I have no understanding[14], intellect[15] and cleverness[16]. Mercifully[17] attach[18] me to Thine feet[19], O Lord.	ਮੇਰੇ ਵਿਚ ਕੋਈ ਸੋਚ ਸਮਝ[14], ਅਕਲ[15] ਅਤੇ ਹੁਸ਼ਿਆਰੀ[16] ਨਹੀਂ। ਮਿਹਰ[17] ਧਾਰ ਕੇ ਮੈਨੂੰ ਆਪਣੇ ਚਰਨਾਂ[19] ਨਾਲ ਜੋੜ ਲੈ[18], ਹੇ ਸੁਆਮੀ !
ਖਰੀ[20] ਸਿਆਣੀ[21] ਕੰਤ[22] ਨ ਭਾਣੀ[23] ॥ ਮਾਇਆ[24] ਲਾਗੀ[25] ਭਰਮਿ[26] ਭੁਲਾਣੀ[27] ॥੫॥	The bride, who is clung[25] to mammon[24] and is strayed[27] by superstition[26], though very[20] wise[21], is not pleasing[23] to her Groom[22].	ਪਤਨੀ ਜੋ ਧਨ-ਦੌਲਤ[24] ਨੂੰ ਚਿਮੜੀ[25] ਹੋਈ ਹੈ ਅਤੇ ਜਿਸ ਨੂੰ ਸੰਦੇਹ[26] ਨੇ ਕੁਰਾਹੇ[27] ਪਾਇਆ ਹੋਇਆ ਹੈ, ਭਾਵੇਂ ਬਹੁਤੀ[20] ਅਕਲਮੰਦ[21] ਭੀ ਕਿਉਂ ਨਾ ਹੋਵੇ ਆਪਣੇ ਪਤੀ[22] ਨੂੰ ਨਹੀਂ ਭਾਉਂਦੀ[23]।
ਹਉਮੈ[28] ਜਾਈ[29] ਤਾ[30] ਕੰਤ[31] ਸਮਾਈ[32] ॥ ਤਉ[33]	If she effaces[29] her ego[28] then[30] merges[32] she in her Spouse[31] and then[33] alone	ਜੇਕਰ ਉਹ ਆਪਣੀ ਹੰਗਤਾ[28] ਨੂੰ ਮੇਟ ਦੇਵੇ[29], ਤਦ[30] ਉਹ ਆਪਣੇ ਭਰਤੇ[31] ਵਿਚ ਲੀਨ[32] ਹੋ ਜਾਂਦੀ ਹੈ ਅਤੇ

ਕਾਮਣਿ[34] ਪਿਆਰੇ[35] ਨਵਨਿਧਿ[36] ਪਾਈ ॥੬॥	can the bride[34] obtain the nine treasures[36] of her Beloved[35].	ਕੇਵਲ ਤਦ[33] ਹੀ ਪਤਨੀ[34] ਆਪਣੇ ਪ੍ਰੀਤਮ[35] ਦੇ ਨੌਂ ਖ਼ਜ਼ਾਨਿਆਂ[36] ਨੂੰ ਪਾ ਸਕਦੀ ਹੈ।
ਅਨਿਕ[37] ਜਨਮ ਬਿਛੁਰਤ[38] ਦੁਖੁ[39] ਪਾਇਆ ॥ ਕਰੁ[40] ਗਹਿ[41] ਲੇਹੁ ਪ੍ਰੀਤਮ[42] ਪ੍ਰਭ ਰਾਇਆ[43] ॥੭॥	Separating[38] from Thee, since many births[37], I have terribly suffered[39]. Now hold[41] Thou my hand[40], O my sovereign[43] Beloved[42] Lord.	ਅਨੇਕਾਂ ਜਨਮਾਂ[37] ਤੋਂ ਤੇਰੇ ਨਾਲੋਂ ਵਿਛੜ ਕੇ[38] ਮੈਂ ਬਹੁਤ ਤਕਲੀਫ਼ ਉਠਾਈ[39] ਹੈ। ਹੁਣ ਤੂੰ ਮੇਰਾ ਹੱਥ[40] ਪਕੜ[41], ਹੇ ਮੇਰੇ ਪਾਤਿਸ਼ਾਹ[43] ਦਿਲਬਰ[42] ਸੁਆਮੀ!
ਭਣਤਿ[44] ਨਾਨਕ ਸਹੁ[45] ਹੈ ਭੀ ਹੋਸੀ ॥	Says[44] Nanak the Spouse[45] is and shall also be.	ਗੁਰੂ ਜੀ ਫੁਰਮਾਉਂਦੇ[44] ਹਨ, ਕੰਤ[45] ਹੁਣ ਹੈ, ਅਤੇ ਅੱਗੇ ਨੂੰ ਭੀ ਹੋਵੇਗਾ।
ਜੈ[46] ਭਾਵੈ[47] ਪਿਆਰਾ[48] ਤੈ[49] ਰਾਵੇਸੀ[50] ॥੮॥੧॥	Whomsoever[46] the Beloved[48] loves[47]; Her[49] alone enjoys[50] He.	ਜਿਸ ਕਿਸੇ ਨੂੰ[46] ਪ੍ਰੀਤਮ[48] ਪਿਆਰ ਕਰਦਾ[47] ਹੈ, ਕੇਵਲ ਉਸੇ[49] ਨੂੰ ਹੀ ਉਹ ਮਾਣਦਾ[50] ਹੈ।

੭੫੧ — 751 — ੭੫੧

ਸੂਹੀ ਮਹਲਾ ੧ ਘਰੁ ੯ — Suhi Ist Guru — ਸੂਹੀ ਪਹਿਲੀ ਪਾਤਿਸ਼ਾਹੀ

੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਕਚਾ[51] ਰੰਗੁ[52] ਕਸੁੰਭ[53] ਕਾ ਥੋੜੜਿਆ[54] ਦਿਨ ਚਾਰਿ ਜੀਉ ॥	False[51] is the dye[52] of saf-flower[53]. It lasts but for a little[54] while of some four days.	ਕੂੜੀ[51] ਹੈ ਰੰਗਤ[52] ਕਸੁੰਭੇ ਦੇ[53] ਫੁੱਲ ਦੀ। ਇਹ ਕੇਵਲ ਚਾਰ ਦਿਹਾੜਿਆਂ ਦੇ ਥੋੜੇ[54] ਸਮੇਂ ਲਈ ਹੀ ਰਹਿੰਦੀ ਹੈ।
ਵਿਣੁ[60] ਨਾਵੈ ਭ੍ਰਮਿ[55] ਭੁਲੀਆ[56] ਠਗਿ[57] ਮੁਠੀ[58] ਕੂੜਿਆਰਿ[59] ਜੀਉ ॥	Without[60] the Name the false woman[59] strays[56] in superstition[55] and the cheats[57] defraud[58] her.	ਨਾਮ ਦੇ ਬਾਝੋਂ[60] ਕੂੜੀ ਇਸਤ੍ਰੀ[59] ਸੰਦੇਹ[55] ਅੰਦਰ ਭਟਕਦੀ[56] ਹੈ ਅਤੇ ਦਗ਼ੇਬਾਜ਼[57] ਉਸ ਨੂੰ ਛਲ ਲੈਂਦੇ[58] ਹਨ।
ਸਚੇ[61] ਸੇਤੀ[62] ਰਤਿਆ[63] ਜਨਮੁ ਨ ਦੂਜੀ ਵਾਰ[64] ਜੀਉ ॥੧॥	Being imbued[63] with[62] the True Lord[61], the mortal is not born a second time[64].	ਸੱਚੇ ਸਾਹਿਬ[61] ਨਾਲ[62] ਰੰਗੀਜਣ[63] ਦੁਆਰਾ, ਪ੍ਰਾਨੀ ਦੂਜੀ ਵਾਰੀ[64] ਜਨਮ ਨਹੀਂ ਧਾਰਦਾ।
ਰੰਗੇ[65] ਕਾ ਕਿਆ[66] ਰੰਗੀਐ[67] ਜੋ[68] ਰਤੇ[69] ਰੰਗੁ[70] ਲਾਇ ਜੀਉ ॥	He who[68] is imbued[69] with the Lord's love[70]; how[66] can that imbued[65] one, be otherwise dyed[67]?	ਜਿਹੜਾ[68] ਪ੍ਰਭੂ ਦੀ ਪ੍ਰੀਤ[70] ਨਾਲ ਰੰਗੀਜਿਆ ਹੋਇਆ[69] ਹੈ, ਉਹ ਰੰਗੀਜਿਆ[65] ਹੋਇਆ ਹੋਰ ਤਰ੍ਹਾਂ ਕਿਕੂੰ[66] ਰੰਗਿਆ[67] ਜਾ ਸਕਦਾ ਹੈ?
ਰੰਗਣ[71] ਵਾਲਾ ਸੇਵੀਐ[72] ਸਚੇ ਸਿਉ ਚਿਤੁ[73] ਲਾਇ[74] ਜੀਉ ॥੧॥ਰਹਾਉ॥	Serve[72] thou the dyer[71], (True Guru), and apply[74] thy mind[73] to the True Lord. Pause.	ਤੂੰ ਰੰਗ ਚਾੜ੍ਹਨ ਵਾਲੇ[71] (ਸੱਚੇ ਗੁਰਾਂ) ਦੀ ਸੇਵਾ[72] ਕਰ ਅਤੇ ਆਪਣੇ ਮਨ[73] ਨੂੰ ਸੱਚੇ ਸੁਆਮੀ ਨਾਲ ਜੋੜ[74]। ਠਹਿਰਾਉ।
ਚਾਰੇ ਕੁੰਡਾ[75] ਜੇ[76] ਭਵਹਿ[77] ਬਿਨੁ ਭਾਗਾ[78] ਧਨੁ[79] ਨਾਹਿ ਜੀਉ ॥	Even though[76] thou wanderest[77] in four directions[75], without destiny[78] thou cannot obtain wealth[79].	ਭਾਵੇਂ[76] ਤੂੰ ਚੌਹੀਂ ਪਾਸੀਂ[75] ਭਟਕਦਾ ਫਿਰੇਂ[77], ਪ੍ਰਾਲਭਧ[78] ਦੇ ਬਗ਼ੈਰ ਤੈਨੂੰ ਦੌਲਤ[79] ਪਰਾਪਤ ਨਹੀਂ ਹੋ ਸਕਦੀ।
ਅਵਗਣਿ[80] ਮੁਠੀ[81] ਜੇ[82]	If[82] robbed[81] by vice[80], thou shalt	ਜੇਕਰ[82] ਤੂੰ ਪਾਪ[80] ਦਾ ਠਗਿਆ ਹੋਇਆ[81] ਹੈਂ, ਤਾਂ ਤੂੰ

ਫਿਰਹਿ[83] ਬਧਿਕ[84] ਥਾਇ[85] ਨ ਪਾਹਿ[86] ਜੀਉ ॥

wander[83] like a captive[84] and find[86] no place[85] of rest.

ਕੈਦੀ[84] ਦੀ ਤਰਾਂ ਭਟਕੇਂਗਾ[83] ਤੇ ਤੈਨੂੰ ਕੋਈ ਆਰਾਮ ਦੀ ਥਾਂ[85] ਨਹੀਂ ਮਿਲਣੀ[86] ।

ਗੁਰਿ ਰਾਖੇ[87] ਸੇ[88] ਉਬਰੇ[89] ਸਬਦਿ[90] ਰਤੇ[91] ਮਨ[92] ਮਾਹਿ[93] ਜੀਉ ॥੨॥

They[88] whom the Guru protects[87], are saved[89]. In[93] their mind[92] they are imbued[91] with the Guru's instruction[90].

ਜਿਨ੍ਹਾਂ ਦੀ ਗੁਰੂ ਜੀ ਰਖਿਆ ਕਰਦੇ[87] ਹਨ, ਉਹ[88] ਬਚ ਜਾਂਦੇ[89] ਹਨ । ਆਪਣੇ ਰਿਦੇ[92] ਅੰਦਰ[93] ਉਹ ਗੁਰਾਂ ਦੇ ਉਪਦੇਸ਼[90] ਨਾਲ ਰੰਗੇ ਹੋਏ ਹਨ[91] ।

ਚਿਟੇ[94] ਜਿਨ ਕੇ ਕਪੜੇ[95] ਮੈਲੇ[96] ਚਿਤੁ[97] ਕਠੋਰ[98] ਜੀਉ ॥ ਤਿਨ[99] ਮੁਖਿ[100] ਨਾਮੁ ਨ ਊਪਜੈ[2] ਦੂਜੈ[3] ਵਿਆਪੇ[4] ਚੋਰ[5] ਜੀਉ ॥

They who wear white[94] clothes[95], but whose heart[97] is filthy[96] and relentless[98]; with their[99] mouth[100] they utter[2] not the Name and are thieves[5], engrossed[4] in duality[3].

ਜੋ ਸੁਫੈਦ[94] ਬਸਤ੍ਰ[95] ਪਾਉਂਦੇ ਹਨ, ਪ੍ਰੰਤੂ ਜਿਨ੍ਹਾਂ ਦਾ ਦਿਲ[97] ਪਲੀਤ[96] ਤੇ ਨਿਰਦਈ[98] ਹੈ, ਉਹ[99] ਆਪਣੇ ਮੂੰਹ[100] ਨਾਲ ਨਾਮ ਦਾ ਉਚਾਰਨ[2] ਨਹੀਂ ਕਰਦੇ ਅਤੇ ਦਵੈਤ-ਭਾਵ[3] ਵਿਚ ਗ਼ਲਤਾਨ[4] ਹੋਏ ਹੋਏ ਚੋਰ[5] ਹਨ ।

ਮੂਲੁ[6] ਨ ਬੂਝਹਿ[7] ਆਪਣਾ ਸੇ[8] ਪਸੂਆ[9] ਸੇ ਢੋਰ[10] ਜੀਉ ॥੩॥

They who understand[7] not their origin[6]; they[8] are beasts[9] and they are the animals[10].

ਜੋ ਆਪਣੇ ਮੁੱਢ[6] ਨੂੰ ਨਹੀਂ ਸਮਝਦੇ[7], ਉਹ[8] ਡੰਗਰ[9], ਅਤੇ ਉਹ ਹੈਵਾਨ[10] ਹਨ ।

ਨਿਤ[12] ਨਿਤ ਖੁਸੀਆ[13] ਮਨੁ[14] ਕਰੇ ਨਿਤ ਨਿਤ ਮੰਗੈ[15] ਸੁਖ ਜੀਉ ॥ ਕਰਤਾ[16] ਚਿਤਿ[17] ਨ ਆਵਈ ਫਿਰਿ[18] ਫਿਰਿ ਲਗਹਿ[19] ਦੁਖ[20] ਜੀਉ ॥

Man[14] ever[12] and ever engages in pleasures[13] and ever and ever asks[15] for more peace. He remembers[17] not the Creator[16], so miseries[20] overtake[19] him again[18] and again.

ਇਨਸਾਨ[14] ਹਮੇਸ਼ਾ[12] ਤੇ ਹਮੇਸ਼ਾ ਅਨੰਦ[13] ਲੁੱਟਦਾ ਹੈ ਅਤੇ ਸਦਾ ਤੇ ਸਦਾ ਹੋਰ ਆਰਾਮ ਮੰਗਦਾ[15] ਹੈ । ਉਹ ਸਿਰਜਣਹਾਰ[16] ਨੂੰ ਨਹੀਂ ਸਿਮਰਦਾ[17], ਇਸ ਲਈ ਉਸ ਨੂੰ ਮੁੜ[18] ਮੁੜ ਕੇ ਦੁਖੜੇ[20] ਚਿਮੜਦੇ[19] ਹਨ ।

ਸੁਖ[21] ਦੁਖ[22] ਦਾਤਾ[23] ਮਨਿ[28] ਵਸੈ ਤਿਤੁ[24] ਤਨਿ[25] ਕੈਸੀ[26] ਭੁਖ[27] ਜੀਉ ॥੪॥

He, within whose mind[28] the dispenser[23] of weal[21] and woe[22] abides; how[26] can his[24] body[25] feel hunger[27]?

ਜਿਸ ਦੇ ਹਿਰਦੇ[28] ਅੰਦਰ ਖ਼ੁਸ਼ੀ[21] ਤੇ ਗ਼ਮੀ[22] ਦੇਣ ਵਾਲਾ[23] ਵਸਦਾ ਹੈ, ਉਸ ਦੀ[24] ਦੇਹ[25] ਨੂੰ ਭੁੱਖ[27] ਕਿਸ ਤਰ੍ਹਾਂ[26] ਲੱਗ ਸਕਦੀ ਹੈ ?

ਬਾਕੀ[29] ਵਾਲਾ ਤਲਬੀਐ[30] ਸਿਰਿ[31] ਮਾਰੇ[32] ਜੰਦਾਰੁ[33] ਜੀਉ ॥

He, in whose Name the debt[29] stands is summoned[30], and death's myrmidon[33] smites[32] him on his head[31].

ਜਿਸ ਦੇ ਨਾਮ ਕਰਜ਼ਾ[29] ਖੜਾ ਹੈ, ਉਸ ਨੂੰ ਸੱਦਿਆ ਜਾਂਦਾ[30] ਹੈ ਅਤੇ ਮੌਤ ਦਾ ਫ਼ਰਿਸ਼ਤਾ[33] ਉਸ ਦੇ ਸਿਰ[31] ਸੱਟਾਂ ਮਾਰਦਾ[32] ਹੈ ।

ਲੇਖਾ[34] ਮੰਗੈ ਦੇਵਣਾ ਪੁਛੈ[35] ਕਰਿ ਬੀਚਾਰੁ[36] ਜੀਉ ॥

When called for, the account[34] has to be rendered. It is demanded[35] after due deliberation[36].

ਜਦ ਹਿਸਾਬ[34] ਮੰਗਿਆ ਜਾਂਦਾ ਹੈ, ਇਹ ਦੇਣਾ ਪੈਂਦਾ ਹੈ । ਯੋਗ ਸੋਚ ਵੀਚਾਰ[36] ਮਗਰੋਂ ਇਹ ਪੁਛਿਆ ਜਾਂਦਾ[35] ਹੈ ।

ਸਚੇ[37] ਕੀ ਲਿਵ[38] ਉਬਰੈ[39] ਬਖਸੇ[40] ਬਖਸਣਹਾਰੁ[41] ਜੀਉ ॥੫॥

The mortal is saved[39] by his love[38] for the True Lord[37], and the Pardoner[41] pardons[40] him.

ਸੱਚੇ ਸੁਆਮੀ[37] ਦੀ ਪ੍ਰੀਤ[38] ਦੁਆਰਾ, ਪ੍ਰਾਣੀ ਬਚ ਜਾਂਦਾ[39] ਹੈ ਅਤੇ ਮਾਫ਼ੀ ਦੇਣ ਵਾਲਾ[41] ਉਸ ਨੂੰ ਮਾਫ਼ ਕਰ ਦਿੰਦਾ[40] ਹੈ ।

ਅਨ[42] ਕੋ ਕੀਜੈ[43] ਮਿਤੜਾ[46] ਖਾਕੁ[44] ਰਲੈ[45] ਮਰਿ ਜਾਇ ਜੀਉ ॥

If man makes[43] any one other than[42] God, his friend[46]; he for sure dies and is blended[45] with dust[44].

ਜੇਕਰ ਬੰਦਾ ਰੱਬ ਦੇ ਬਿਨਾ ਕਿਸੇ ਹੋਰਸ[42] ਨੂੰ ਮਿੱਤਰ[46] ਬਣਾ ਲਵੇ[43], ਉਹ ਨਿਸਚਿਤ ਹੀ ਮਰ ਜਾਂਦਾ ਤੇ ਮਿੱਟੀ[44] ਨਾਲ ਮਿਲ ਜਾਂਦਾ[45] ਹੈ ।

ਬਹੁ[48] ਰੰਗ[47] ਦੇਖਿ

Seeing many[48] false shows[47], the

ਅਨੇਕਾਂ[48] ਕੂੜੇ ਨਜ਼ਾਰੇ[47] ਵੇਖ ਕੇ, ਪ੍ਰਾਣੀ ਘੁਸ ਗਿਆ[49]

ਭੁਲਾਇਆ[49] ਭੁਲਿ ਭੁਲਿ[50] ਆਵੈ ਜਾਇ[51] ਜੀਉ ॥	mortal is beguiled[49] and straying[50] thus, he suffers transmigration[51].	ਹੈ ਅਤੇ ਇੰਜ ਕੁਰਾਹੇ[50] ਪੈ ਉਹ ਆਵਾਗਉਣ[51] ਵਿਚ ਪੈਂਦਾ ਹੈ।
ਨਦਰਿ[52] ਪ੍ਰਭੂ ਤੇ ਛੁਟੀਐ[53] ਨਦਰੀ[54] ਮੇਲਿ[55] ਮਿਲਾਇ[56] ਜੀਉ ॥੬॥	By Lord's grace[52], he is emancipated[53] and the Merciful Master[54] unites[56] him in His union[55].	ਸੁਆਮੀ ਦੀ ਰਹਿਮਤ[52] ਦੁਆਰਾ ਉਹ ਬੰਦਖਲਾਸ[53] ਹੋ ਜਾਂਦਾ ਹੈ ਅਤੇ ਮਿਹਰਬਾਨ ਮਾਲਕ[54] ਉਸ ਨੂੰ ਆਪਣੇ ਮਿਲਾਪ[55] ਅੰਦਰ ਮਿਲਾ ਲੈਂਦਾ[56] ਹੈ।
ਗਾਫਲ[57] ਗਿਆਨ ਵਿਹੂਣਿਆ[58] ਗੁਰ ਬਿਨੁ[61] ਗਿਆਨੁ[59] ਨ ਭਾਲਿ[60] ਜੀਉ ॥	O heedless[57] one, shorn[58] of gnosis, search[60] thou not Divine knowledge[52], without[61] the Guru.	ਹੇ ਬ੍ਰਹਿਮ ਵੀਚਾਰ[59] ਤੋਂ ਸੱਖਣੇ[58]! ਅਚੇਤ[57] ਬੰਦੇ! ਤੂੰ ਗੁਰਾਂ ਦੇ ਬਗ਼ੈਰ[61] ਈਸ਼ਵਰੀ-ਗਿਆਤ[59] ਦੀ ਢੂੰਡ[60] ਭਾਲ ਨਹੀਂ ਕਰਦਾ।
ਖਿੰਚੋਤਾਣਿ[62] ਵਿਗੁਚੀਐ[63] ਬੁਰਾ[64] ਭਲਾ[65] ਦੁਇ[66] ਨਾਲਿ ਜੀਉ ॥	The man is ruined[63] in the state of undecisiveness[62]. The effect of both[66] evil[64] and good[65] deeds ever remains with him.	ਦੁਚਿੱਤੇਪਣ[62] ਦੀ ਅਵਸਥਾ ਅੰਦਰ ਇਨਸਾਨ ਬਰਬਾਦ[63] ਹੋ ਜਾਂਦਾ ਹੈ। ਦੋਵੇਂ[66] ਮੰਦੇ[64] ਤੇ ਚੰਗੇ[65] ਅਮਲਾਂ ਦਾ ਅਸਰ ਸਦਾ ਉਸ ਦੇ ਨਾਲ ਰਹਿੰਦਾ ਹੈ।
ਬਿਨੁ ਸਬਦੈ[67] ਭੈ[68] ਰਤਿਆ[69] ਸਭ ਜੋਹੀ[70] ਜਮ[71] ਕਾਲਿ[72] ਜੀਉ ॥ ੭ ॥	Without being imbued[69] with the Lord's Name[67] and fear[68], all are spied[70] by the death's[72] courier[71].	ਸਾਹਿਬ ਦੇ ਨਾਮ[67] ਅਤੇ ਡਰ[68] ਦੇ ਨਾਲ ਰੰਗੀਜਣ[69] ਦੇ ਬਾਝੋਂ, ਸਾਰਿਆਂ ਨੂੰ ਮੌਤ[72] ਦਾ ਦੂਤ[71] ਤਾੜ[70] ਵਿਚ ਰੱਖਦਾ ਹੈ।
ਜਿਨਿ[73] ਕਰਿ[74] ਕਾਰਣੁ[75] ਧਾਰਿਆ[76] ਸਭਸੈ[77] ਦੇਇ[79] ਆਧਾਰੁ[78] ਜੀਉ ॥	God, who[73] has created[74] and sustaines[76] the creation[75]; He gives[79] sustenance[78] to all[77].	ਵਾਹਿਗੁਰੂ ਜਿਸ[73] ਨੇ ਰਚਨਾ[75] ਰਚੀ[74] ਤੇ ਉਸ ਨੂੰ ਆਸਰਾ[76] ਦਿੱਤਾ ਹੈ, ਉਹ ਹੀ ਸਾਰਿਆਂ[77] ਨੂੰ ਅਹਾਰ[78] ਦਿੰਦਾ[79] ਹੈ।
ਸੋ[80] ਕਿਉ[81] ਮਨਹੁ[82] ਵਿਸਾਰੀਐ[83] ਸਦਾ[84] ਸਦਾ ਦਾਤਾਰੁ[85] ਜੀਉ ॥	Why[81] shouldest thou forget[83] Him[80] in thy mind[82], O man, who is ever and ever[84] thine Benefactor[85] ?	ਤੂੰ ਉਸ[80] ਨੂੰ ਆਪਣੇ ਚਿਤੋਂ[82] ਕਿਉਂ[81] ਭੁਲਾਉਂਦਾ[83] ਹੈਂ ? ਹੇ ਬੰਦਿਆ ! ਜੋ ਹਮੇਸ਼ਾ ਤੇ ਹਮੇਸ਼ਾ[84] ਤੈਨੂੰ ਦਾਤਾਂ ਦੇਣ ਵਾਲਾ[85] ਹੈ।
ਨਾਨਕ ਨਾਮੁ ਨ ਵੀਸਰੈ[86] ਨਿਧਾਰਾ[87] ਆਧਾਰੁ[88] ਜੀਉ ॥੮॥੧॥੨॥	May Nanak forget[86] not the Name, which is the Support[88] of the supportless[87].	ਨਾਨਕ ਨੂੰ ਨਾਮ ਨਾ ਭੁੱਲੇ[86], ਜੋ ਨਿਆਸਰਿਆਂ[87] ਦਾ ਆਸਰਾ[88] ਹੈ।
ਸੂਹੀ ਮਹਲਾ ੧ ॥ ਕਾਫੀ[89] ਘਰੁ ੧੦ ॥	Suhi Ist Guru. Kafi[89].	ਸੂਹੀ ਪਹਿਲੀ ਪਾਤਿਸ਼ਾਹੀ। ਕਾਫ਼ੀ[89]।
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਰਾਪਤ ਹੁੰਦਾ ਹੈ।
ਮਾਣਸ[91] ਜਨਮੁ[92] ਦੁਲੰਭੁ[93] ਗੁਰਮੁਖਿ[94] ਪਾਇਆ ॥	Unprocurable[93] is the human[91] life[92]. They alone, who turn God-wards[94] obtain it.	ਨਾਯਾਬ[93] ਹੈ ਮਨੁੱਖੀ[91] ਜੀਵਨ[92]। ਕੇਵਲ ਉਹੀ ਜੋ ਰੱਬ ਵੱਲ[94] ਮੁੜਦੇ ਹਨ, ਇਸ ਨੂੰ ਪਾਉਂਦੇ ਹਨ।
ਮਨੁ[95] ਤਨੁ[96] ਹੋਇ ਚੁਲੰਭੁ[97]	If the True Guru so wishes[98], man's	ਜੇਕਰ ਸੱਚੇ ਗੁਰੂ ਜੀ ਇਸ ਤਰ੍ਹਾਂ ਚਾਹੁਣ[98] ਤਾਂ ਬੰਦੇ ਦੀ

ਜੇ ਸਤਿਗੁਰ ਭਾਇਆ[98] ॥ ੧ ॥	mind[95] and body[96] are rendered cool like the moon[97].	ਆਤਮਾ[95] ਤੇ ਦੇਹ[96] ਚੰਦ੍ਰਮੇ[97] ਦੀ ਤਰ੍ਹਾਂ ਸੀਤਲ ਹੋ ਜਾਂਦੇ ਹਨ।
ਚਲੈ[99] ਜਨਮੁ[100] ਸਵਾਰਿ[2] ਵਖਰੁ[3] ਸਚੁ[4] ਲੈ[5] ॥	He, who amasses[5] the merchandise[3] of the True Name[4], departs[99] after embellishing[2] his life[100].	ਜੋ ਸੱਚੇ ਨਾਮ[4] ਦੇ ਸੌਦੇ ਸੂਤ[3] ਨੂੰ ਇਕੱਤਰ ਕਰਦਾ[5] ਹੈ, ਉਹ ਆਪਣੇ ਜੀਵਨ[100] ਨੂੰ ਸੰਵਾਰ[2] ਕੇ ਟੁਰਦਾ[99] ਹੈ।
ਪਤਿ[6] ਪਾਏ ਦਰਬਾਰਿ[7] ਸਤਿਗੁਰ ਸਬਦਿ[8] ਭੈ[9] ॥ ੧ ॥ ਰਹਾਉ ॥	Enshrining the Lord's fear[9] through the True Guru's instruction[8], the mortal obtains honour[6] in the Lord's court[7]. Pause.	ਸੱਚੇ ਗੁਰਾਂ ਦੇ ਉਪਦੇਸ਼[8] ਰਾਹੀਂ ਪ੍ਰਭੂ ਦਾ ਡਰ[9] ਧਾਰਨ ਕਰਨ ਦੁਆਰਾ, ਪ੍ਰਾਣੀ ਪ੍ਰਭੂ ਦੀ ਦਰਗਾਹ[7] ਅੰਦਰ ਇੱਜ਼ਤ ਆਬਰੂ[6] ਪਾਉਂਦਾ ਹੈ। ਠਹਿਰਾਉ।
ਮਨਿ[10] ਤਨਿ[12] ਸਚੁ[13] ਸਲਾਹਿ[14] ਸਾਚੇ ਮਨਿ[15] ਭਾਇਆ[16] ॥	He, who with his soul[10] and body[12] praises[14] the True Lord[13]; becomes pleasing[16] to the True Lord's mind[15].	ਉਹ, ਜੋ ਆਪਣੀ ਆਤਮਾ[10] ਅਤੇ ਦੇਹ[12] ਨਾਲ ਸੱਚੇ ਪ੍ਰਭੂ[13] ਦੀ ਸਿਫ਼ਤ ਕਰਦਾ[14] ਹੈ, ਸੱਚੇ ਸਾਂਈਂ ਦੇ ਚਿੱਤ[15] ਨੂੰ ਚੰਗਾ ਲੱਗਦਾ[16] ਹੈ।
ਲਾਲਿ[22] ਰਤਾ[17] ਮਨੁ[18] ਮਾਨਿਆ[19] ਗੁਰੁ ਪੂਰਾ[20] ਪਾਇਆ[21] ॥ ੨ ॥	He, who meets[21] with the Perfect[20] Guru; his Soul[18] is imbued[17] and appeased[19] with his Beloved[22].	ਉਹ, ਜੋ ਪੂਰਨ[20] ਗੁਰਾਂ ਨੂੰ ਮਿਲ ਪੈਂਦਾ[21] ਹੈ, ਉਸ ਦੀ ਜਿੰਦੜੀ[18] ਆਪਣੇ ਪ੍ਰੀਤਮ[22] ਨਾਲ ਰੰਗੀਜ ਕੇ[17] ਸੰਤੁਸ਼ਟ[19] ਹੋ ਜਾਂਦੀ ਹੈ।
ਹਉ ਜੀਵਾ[23] ਗੁਣ[24] ਸਾਰਿ[25] ਅੰਤਰਿ[26] ਤੂ ਵਸੈ[27] ॥	I live[23] by thinking[25] of Thine virtues[24], O Lord. Thou abidest[27] within my mind[26].	ਮੈਂ ਤੇਰੀਆਂ ਨੇਕੀਆਂ[24] ਨੂੰ ਚੇਤੇ ਕਰ[25] ਕੇ ਜੀਊਂਦਾ[23] ਹਾਂ ਹੇ ਸੁਆਮੀ ! ਤੂੰ ਮੇਰੇ ਮਨ[26] ਅੰਦਰ ਵਸਦਾ[27] ਹੈਂ।
੭੫੨	752	੭੫੨
ਤੂੰ ਵਸਹਿ ਮਨ ਮਾਹਿ[28] ਸਹਜੇ[29] ਰਸਿ[30] ਰਸੈ[31] ॥੩॥	When Thou dwellest in[28] my mind, it easily[29] revels[31] in joy[30].	ਜਦ ਤੂੰ ਮੇਰੇ ਹਿਰਦੇ ਵਿਚ[28] ਨਿਵਾਸ ਕਰਦਾ ਹੈਂ, ਤਾਂ ਇਹ ਸੁਖੈਨ[29] ਹੀ ਆਨੰਦ[30] ਮਾਣਦਾ[31] ਹੈ।
ਮੂਰਖ[32] ਮਨ[33] ਸਮਝਾਇ[34] ਆਖਉ[35] ਕੇਤੜਾ[36] ॥	O my silly[32] soul[33], how[36] should I instruct[34] and teach[35] thee ?	ਨੀ ਮੇਰੀ ਕਮਲੀ[32] ਜਿੰਦੜੀਏ[33] ! ਮੈਂ ਤੈਨੂੰ ਕਿਸ ਤਰ੍ਹਾਂ[36] ਸਿਖਮਤ[34] ਦੇਵਾਂ ਤੇ ਪੜ੍ਹਾਵਾਂ[35] ?
ਗੁਰਮੁਖਿ[37] ਹਰਿ ਗੁਣ[38] ਗਾਇ ਰੰਗਿ[39] ਰੰਗੇਤੜਾ[40] ॥ ੪ ॥	Through the Guru[37], sing thou thy Lord's praise[38] and remain imbued[40] with His love[39].	ਗੁਰਾਂ ਦੇ ਰਾਹੀਂ[37] ਤੂੰ ਆਪਣੇ ਸੁਆਮੀ ਦੀ ਸਿਫ਼ਤ[38] ਗਾਇਨ ਕਰ ਅਤੇ ਉਸ ਦੀ ਪ੍ਰੀਤ[39] ਅੰਦਰ ਰੰਗੀਜੀ[40] ਰਹੁ।
ਨਿਤ[41] ਨਿਤ ਰਿਦੈ[42] ਸਮਾਲਿ[43] ਪ੍ਰੀਤਮੁ[44] ਆਪਣਾ ॥	Ever[41], ever remember[43] thou Thy Love[44] in thy mind[42].	ਹਮੇਸ਼ਾ[41] ! ਹਮੇਸ਼ਾ ਹੀ ਤੂੰ ਆਪਣੇ ਪਿਆਰੇ[44] ਨੂੰ ਆਪਣੇ ਚਿੱਤ[42] ਅੰਦਰ ਯਾਦ ਕਰ[43]।
ਜੇ ਚਲਹਿ[45] ਗੁਣ[46] ਨਾਲਿ[49] ਨਾਹੀ ਦੁਖੁ[47] ਸੰਤਾਪਣਾ[48] ॥ ੫ ॥	If thou departest[45] with[49] virtues[46] misery[47] shall harass[48] thee not.	ਜੇਕਰ ਤੂੰ ਨੇਕੀਆਂ[46] ਸੰਯੁਕਤ[49] ਜਾਵੇਂਗਾ[45], ਤਾਂ ਅਪਦਾ[47] ਤੈਨੂੰ ਔਖਾ[48] ਨਹੀਂ ਕਰੇਗੀ।
ਮਨਮੁਖ[50] ਭਰਮਿ[51] ਭੁਲਾਣਾ[52] ਨਾ ਤਿਸੁ[53] ਰੰਗੁ[54] ਹੈ ॥ ਮਰਸੀ ਹੋਇ ਵਿਡਾਣਾ[55]	An apostate[50] goes astray[52] in doubt[51] and he[53] enshrines not love[54] for the Lord. He dies an utter stranger[55]	ਅਧਰਮੀ[50] ਸੰਦੇਹ[51] ਅੰਦਰ ਭੁਲਿਆ ਹੋਇਆ[52] ਹੈ ਅਤੇ ਉਹ[53] ਪ੍ਰਭੂ ਨੂੰ ਪਿਆਰ[54] ਨਹੀਂ ਕਰਦਾ। ਉਹ ਐਨ ਓਪਰਾ[55] ਹੋ ਮਰਦਾ ਹੈ ਅਤੇ ਉਸ ਦੀ ਆਤਮਾ ਤੇ ਦੇਹ

ਮਨਿ ਤਨਿ ਭੰਗੁ[56] ਹੈ ॥੬॥	and his soul and body are spoiled[56].	ਖ਼ਰਾਬ[56] ਹੋ ਜਾਂਦੇ ਹਨ ।
ਗੁਰ ਕੀ ਕਾਰ[57] ਕਮਾਇ ਲਾਹਾ[58] ਘਰਿ[59] ਆਣਿਆ[60] ॥	Performing the service[57] of the Guru, O man, thou shalt bring[60] profit[58] home[59].	ਗੁਰਾਂ ਦੀ ਘਾਲ[57] ਕਮਾ, ਹੇ ਬੰਦੇ ! ਤੂੰ ਨਫ਼ਾ[58] ਖੱਟ ਆਪਣੇ ਘਰ[59] ਨੂੰ ਲੈ ਜਾਵੇਂਗਾ[60] ।
ਗੁਰਬਾਣੀ ਨਿਰਬਾਣੁ[61] ਸਬਦਿ[62] ਪਛਾਣਿਆ[63] ॥੭॥	By the Guru's hymns, the detached[61] Lord[62] is realised[63].	ਗੁਰਾਂ ਦੀ ਬਾਣੀ ਦੁਆਰਾ ਨਿਰਲੇਪ[61] ਪ੍ਰਭੂ[62] ਅਨੁਭਵ ਕੀਤਾ[63] ਜਾਂਦਾ ਹੈ ।
ਇਕ ਨਾਨਕ ਕੀ ਅਰਦਾਸਿ[64] ਜੇ ਤੁਧੁ ਭਾਵਸੀ[65] ॥ ਮੈ ਦੀਜੈ[66] ਨਾਮ ਨਿਵਾਸੁ[67] ਹਰਿ ਗੁਣ[68] ਗਾਵਸੀ[69] ॥੮॥੧॥੩॥	Nanak makes a supplication[64], "O Lord, if such be Thy will[65], bless[66] me Thou with an abode[67] in Thy Name, that I may ever sing[69] Thine praises[68]".	ਨਾਨਕ ਇਕ ਪ੍ਰਾਰਥਨਾ[64] ਕਰਦਾ ਹੈ: "ਹੇ ਪ੍ਰਭੂ ! ਜੇਕਰ ਤੇਰੀ ਐਸੀ ਰਜ਼ਾ[65] ਹੋਵੇ, ਤੂੰ ਮੈਨੂੰ ਆਪਣੇ ਨਾਮ ਅੰਦਰ ਵਸੇਬਾ[67] ਬਖ਼ਸ਼[66] ਦੇ, ਤਾਂ ਜੋ ਮੈਂ ਸਦਾ ਤੇਰੀ ਮਹਿਮਾ[68] ਗਾਇਨ[69] ਕਰਦਾ ਰਹਾਂ" ।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਿਸ਼ਾਹੀ ।
ਜਿਉ[70] ਆਰਣਿ[71] ਲੋਹਾ ਪਾਇ[72] ਭੰਨਿ[73] ਘੜਾਈਐ[74] ॥ ਤਿਉ[75] ਸਾਕਤੁ[76] ਜੋਨੀ[77] ਪਾਇ ਭਵੈ ਭਵਾਈਐ[78] ॥ ੧ ॥	Putting[72] in a furnace[71], as[70] the iron is melted[73] and refashioned[74], so[75] is the materialist[76] cast into existences[77] and made to roam and ramble about[78].	ਭੱਠੀ[71] ਵਿਚ ਪਾ ਕੇ[72] ਜਿਸ ਤਰ੍ਹਾਂ[70] ਲੋਹਾ ਪਿਘਲਾ[73] ਕੇ ਨਵੇਂ ਸਿਰਿਉਂ ਘੜਿਆ[74] ਜਾਂਦਾ ਹੈ, ਇਸ ਤਰ੍ਹਾਂ[75] ਹੀ ਮਾਦਾ-ਪ੍ਰਸਤ[76] ਜੂਨੀਆਂ[77] ਵਿਚ ਪਾ ਕੇ ਭੁਆਇਆ ਤੇ ਭਟਕਾਇਆ ਜਾਂਦਾ[78] ਹੈ ।
ਬਿਨੁ ਬੂਝੇ[79] ਸਭੁ ਦੁਖੁ[80] ਦੁਖੁ ਕਮਾਵਣਾ[81] ॥	Without understanding[79] the Lord there is all distress[80] and man earns[81] nothing but distress.	ਸੁਆਮੀ ਨੂੰ ਸਮਝਣ[79] ਦੇ ਬਾਝੋਂ ਸਾਰੇ ਪਾਸੇ ਤਕਲੀਫ਼[80] ਹੀ ਹੈ ਅਤੇ ਆਦਮੀ ਨਿਰੀਪੁਰੀ ਤਕਲੀਫ਼ ਹੀ ਖੱਟਦਾ[81] ਹੈ ।
ਹਉਮੈ[82] ਆਵੈ ਜਾਇ ਭਰਮਿ[83] ਭੁਲਾਵਣਾ[84] ॥੧॥ ਰਹਾਉ॥	In ego[82], he comes and goes and ever strays[84] in superstition[83]. Pause.	ਹੰਕਾਰ[82] ਅੰਦਰ ਉਹ ਆਉਂਦਾ ਤੇ ਜਾਂਦਾ ਹੈ ਅਤੇ ਸਦਾ ਹੀ ਸੰਦੇਹ[83] ਅੰਦਰ ਭੁਲਿਆ ਫਿਰਦਾ[84] ਹੈ । ਠਹਿਰਾਉ ।
ਤੂ ਗੁਰਮੁਖਿ[85] ਰਖਣਹਾਰੁ[86] ਹਰਿ ਨਾਮੁ ਧਿਆਈਐ[87] ॥	Thou, O God, ever savest[86] through the Guru[85], so let the mortal contemplate[87] God's Name.	ਤੂੰ ਹੇ ਵਾਹਿਗੁਰੂ ! ਸਦਾ ਗੁਰਾਂ ਦੇ ਰਾਹੀਂ[85] ਰੱਖਿਆ ਕਰਦਾ[86] ਹੈਂ, ਇਸ ਲਈ ਪ੍ਰਾਣੀ ਨੂੰ ਹਰੀ ਦੇ ਨਾਮ ਦਾ ਸਿਮਰਨ[87] ਕਰਨਾ ਚਾਹੀਦਾ ਹੈ ।
ਮੇਲਹਿ[88] ਤੁਝੈ ਰਜਾਇ[89] ਸਬਦੁ[90] ਕਮਾਈਐ[91] ॥੨॥	By Thine will[89], O Lord, man practises[91] the Name[90] and Thou unitest[88] him with Thyself.	ਤੇਰੀ ਰਜ਼ਾ[89] ਦੁਆਰਾ, ਹੇ ਸਾਹਿਬ ! ਬੰਦਾ ਨਾਮ[50] ਦੀ ਕਮਾਈ ਕਰਦਾ[91] ਹੈ ਅਤੇ ਤੂੰ ਉਸ ਨੂੰ ਆਪਣੇ ਨਾਲ ਮਿਲਾ[88] ਲੈਂਦਾ ਹੈਂ ।
ਤੂ ਕਰਿ[92] ਕਰਿ[93] ਵੇਖਹਿ ਆਪਿ[94] ਦੇਹਿ ਸੁ[95] ਪਾਈਐ[96] ॥	Creating[92] the creation[93], Thou Thyself[94] beholdest it. Whatever Thou givest, that[95] one obtains[96].	ਰਚਨਾ[93] ਨੂੰ ਰਚ ਕੇ[92], ਤੂੰ ਖ਼ੁਦ[94] ਇਸ ਨੂੰ ਦੇਖ ਰਿਹਾ ਹੈਂ । ਜੋ ਕੁਛ ਤੂੰ ਕਿਸੇ ਨੂੰ ਦਿੰਦਾ ਹੈਂ ਉਹ ਹੀ[95] ਇਹ ਪਾਉਂਦਾ[96] ਹੈ ।
ਤੂ ਦੇਖਹਿ[97] ਥਾਪਿ[98] ਉਥਾਪਿ[99] ਦਰਿ[100] ਬੀਨਾਈਐ[2] ॥ ੩ ॥	Thou seest[97], createst[98] and destroyest[99] all. Everyone Thou keepest in[100] Thy eye[2], O Lord.	ਤੂੰ ਸਾਰਿਆਂ ਨੂੰ ਵੇਖਦਾ[97], ਰਚਦਾ[98] ਅਤੇ ਢਾਉਂਦਾ[99] ਹੈਂ । ਹਰ ਕਿਸੇ ਨੂੰ ਤੂੰ ਆਪਣੀ ਅੱਖ[2] ਹੇਠ[100] ਰੱਖਦਾ ਹੈਂ, ਹੇ ਸਾਈਂ !
ਦੇਹੀ[7] ਹੋਵਗਿ[3] ਖਾਕੁ[4]	The body[7] shall become[3] dust[4] and	ਸਰੀਰ[7] ਮਿੱਟੀ[4] ਹੋ ਜਾਏਗਾ[3] ਅਤੇ ਭਉਰ[5]

ਪਵਣੁ[5] ਉਡਾਈਐ[6] ॥	the soul[5] shall fly away[6].	ਉਡ ਜਾਏਗਾ[6]।
ਇਹੁ[8] ਕਿਥੈ[9] ਘਰੁ[10] ਆਉਤਾਕੁ[12] ਮਹਲੁ[13] ਨ ਪਾਈਐ[14] ॥੪॥	Where[9] are gone these[8] homes[10] and sitting places[12] of the mortal ? Now he finds[14] no place[13] of rest.	ਕਿਥੇ[9] ਗਏ ਇਹ[8] ਧਾਮ[10] ਅਤੇ ਬੈਠਕਾਂ[12] ਪ੍ਰਾਣੀ ਦੀਆਂ ? ਹੁਣ ਉਸ ਨੂੰ ਕੋਈ ਭੀ ਆਰਾਮ ਦੀ ਥਾਂ[13] ਨਹੀਂ ਮਿਲਦੀ[14]।
ਦਿਹੁ ਦੀਵੀ[15] ਅੰਧ ਘੋਰੁ[16] ਘਬੁ[17] ਮੁਹਾਈਐ[8] ॥	In the pitch darkness[16] of broad day light[15], the home's wealth[17] of the mortal is being plundered[18].	ਦਿਨ ਦੇ ਭਾਰੇ ਚਾਨਣ[15] ਦੇ ਅਨ੍ਹੇਰ-ਘੁੱਪ[16] ਅੰਦਰ ਪ੍ਰਾਣੀ ਦੇ ਘਰ ਦੀ ਦੌਲਤ[17] ਲੁੱਟੀ ਪੁਟੀ[18]ਜਾ ਰਹੀ ਹੈ।
ਗਰਬਿ[19] ਮੁਸੈ[20] ਘਰੁ[21] ਚੋਰੁ[22] ਕਿਸੁ[23]ਰੂਆਈਐ[24]॥੫॥	The thief[22] of self-conceit[19] is robbing[20] the house[21]. Before whom[23] should I lodge a complaint[24] ?	ਸਵੈ-ਹੰਗਤਾ[19] ਦਾ ਚੋਰ[22] ਘਰ[21] ਨੂੰ ਲੁੱਟੀ ਜਾ ਰਿਹਾ[20] ਹੈ। ਮੈਂ ਕੀਹਦੇ[23] ਅਗੇ ਫ਼ਰਿਆਦ[24] ਕਰਾਂ ?
ਗੁਰਮੁਖਿ[25] ਚੋਰੁ ਨ ਲਾਗਿ[26] ਹਰਿ ਨਾਮਿ ਜਗਾਈਐ[27] ॥	By Guru's grace[25], the thief breaks[26] not into the home and God's Name keeps one awake[27].	ਗੁਰਾਂ ਦੀ ਦਇਆ[25] ਦੁਆਰਾ, ਚੋਰ ਘਰ ਨੂੰ ਪਾੜ[26] ਨਹੀਂ ਲਾਉਂਦਾ ਅਤੇ ਰੱਬ ਦਾ ਨਾਮ ਬੰਦੇ ਨੂੰ ਜਗਾਈ[27] ਰੱਖਦਾ ਹੈ।
ਸਬਦਿ[28]ਨਿਵਾਰੀ[29]ਆਗਿ[30] ਜੋਤਿ[31] ਦੀਪਾਈਐ[32] ॥੬॥	The Name[28] quenches[29] the fire[30] of man's desires, and the Divine Light[31] illumines[32] him.	ਨਾਮ[28], ਬੰਦੇ ਦੀ ਖ਼ਾਹਿਸ਼ ਦੀ ਅੱਗ[30] ਨੂੰ ਬੁਝਾ ਦਿੰਦਾ[29] ਹੈ ਅਤੇ ਈਸ਼ਵਰੀ ਨੂਰ[31] ਉਸ ਨੂੰ ਰੋਸ਼ਨ ਕਰ ਦਿੰਦਾ[32] ਹੈ।
ਲਾਲੁ[33] ਰਤਨੁ[34] ਹਰਿ ਨਾਮੁ ਗੁਰਿ ਸੁਰਤਿ[35] ਬੁਝਾਈਐ[36]॥	The Lord's Name is the jewel[33] and gem[34]. The Guru has imparted[36] this understanding[35] unto me.	ਸੁਆਮੀ ਦਾ ਨਾਮ ਜਵੇਹਰ[33] ਅਤੇ ਹੀਰਾ[34] ਹੈ। ਗੁਰਾਂ ਨੇ ਮੈਨੂੰ ਇਹ ਸਮਝ[35] ਦਰਸਾਈ[36] ਹੈ।
ਸਦਾ[37] ਰਹੈ ਨਿਹਕਾਮੁ[38] ਜੋ[39] ਗੁਰਮਤਿ[40] ਪਾਈਐ[41] ॥੭॥	He, who[39] obtains[41] Guru's instrution[40], ever[37] remains non-desirous[38].	ਜੋ[39] ਗੁਰਾਂ ਦੇ ਉਪਦੇਸ਼[40] ਨੂੰ ਪਰਾਪਤ ਕਰਦਾ[41] ਹੈ, ਉਹ ਹਮੇਸ਼ਾ[37] ਇੱਛਾ-ਰਹਿਤ[38] ਰਹਿੰਦਾ ਹੈ।
ਰਾਤਿ[42] ਦਿਹੈ ਹਰਿ ਨਾਉ ਮੰਨਿ[43] ਵਸਾਈਐ[44] ॥	O man, enshrine[44] thou God's Name in thy mind[43],night and day[42].	ਹੇ ਇਨਸਾਨ ! ਵਾਹਿਗੁਰੂ ਦੇ ਨਾਮ ਨੂੰ, ਤੂੰ ਰਾਤ ਦਿਨ[42] ਆਪਣੇ ਹਿਰਦੇ[43] ਅੰਦਰ ਟਿਕਾ[44]।
ਨਾਨਕ ਮੇਲਿ[45] ਮਿਲਾਇ[46] ਜੇ[47] ਤੁਧੁ ਭਾਈਐ[48] ॥੮॥੨॥੪॥	If[47] such be Thy will[48], O Lord, unite[46]Thou Nanak,in Thine union[45].	ਜੇਕਰ[47] ਤੇਰੀ ਐਸੀ ਰਜ਼ਾ[48] ਹੋਵੇ, ਹੇ ਪ੍ਰਭੂ ! ਤੂੰ ਨਾਨਕ ਨੂੰ ਆਪਣੇ ਮਿਲਾਪ[45] ਅੰਦਰ ਮਿਲਾ ਲੈ[46]।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਿਸ਼ਾਹੀ।
ਮਨਹੁ[49] ਨ ਨਾਮੁ ਵਿਸਾਰਿ[50] [51]ਅਹਿਨਿਸਿ[52] ਧਿਆਈਐ[53] ॥	From Thy mind[49] forget[50] not thou the Lord's Name and day[51] and night[52] ponder[53] over it.	ਆਪਣੇ ਹਿਰਦੇ[49] ਤੋਂ ਪ੍ਰਭੂ ਦੇ ਨਾਮ ਨੂੰ ਨਾ ਭੁਲਾ[50] ਅਤੇ ਦਿਨ[51] ਰਾਤ[52] ਇਸ ਦਾ ਆਰਾਧਨ[53] ਕਰ।
ਜਿਉ[54] ਰਾਖਹਿ ਕਿਰਪਾ[55] ਧਾਰਿ ਤਿਵੈ[56] ਸੁਖੁ[57] ਪਾਈਐ ॥੧॥	As[54] Thou mercifully[55] keepest me, O Lord, that very way[56], I find peace[57].	ਜਿਸ ਤਰ੍ਹਾਂ[54] ਤੂੰ ਮੈਨੂੰ ਮਿਹਰ ਧਾਰ ਕੇ[55] ਰੱਖਦਾ ਹੈਂ, ਹੇ ਸਾਂਈਂ ! ਉਸੇ ਤਰ੍ਹਾਂ[56] ਹੀ ਮੈਂ ਆਰਾਮ[57] ਪਾਉਂਦਾ ਹਾਂ।
ਮੈ ਅੰਧੁਲੇ[58] ਹਰਿ ਨਾਮੁ	For me, the blind[58] one, God's	ਮੈਂ ਅੰਨ੍ਹੇ[58]ਲਈ ਕੇਵਲ ਵਾਹਿਗੁਰੂ ਦਾ ਨਾਮ ਹੀ ਲੱਕੜ[59]

ਲਕੁਟੀ[59] ਟੋਹਣੀ[60] ॥	Name alone, is the wooden[59] staff[60].	ਦੀ ਡੰਗੋਰੀ[60] ਹੈ ।
ਰਹਉ[61] ਸਾਹਿਬ ਕੀ ਟੇਕ[62] ਨ ਮੋਹੈ[63] ਮੋਹਣੀ[64] ॥੧॥ ਰਹਾਉ ॥	Abide[61] I under the Lord's protection[62], so the mammon[64] bewitches[63] me not. Pause.	ਮੈਂ ਪ੍ਰਭੂ ਦੀ ਪਨਾਹ[62] ਹੇਠਾਂ ਵਸਦਾ[61] ਹਾਂ ਇਸ ਲਈ ਮਾਇਆ[64] ਮੈਨੂੰ ਮੋਹਿਤ[63] ਨਹੀਂ ਕਰਦੀ । ਠਹਿਰਾਉ ।
ਜਹ[65] ਦੇਖਉ[66] ਤਹ[67] ਨਾਲਿ[68]ਗੁਰਿ ਦੇਖਾਲਿਆ॥	Wherever[65] I see[66], there[67] the Guru has made me see the Lord with[68]me.	ਜਿਥੇ ਕਿਤੇ ਭੀ[65] ਮੈਂ ਵੇਖਦਾ[66] ਹਾਂ, ਉਥੇ[67] ਹੀ ਗੁਰੂ ਜੀ ਨੇ ਸੁਆਮੀ ਨੂੰ ਮੇਰੇ ਅੰਗ ਸੰਗ[68] ਵਿਖਾਲ ਦਿੱਤਾ ਹੈ ।
ਅੰਤਰਿ[69] ਬਾਹਰਿ ਭਾਲਿ[70] ਸਬਦਿ[71] ਨਿਹਾਲਿਆ[72] ॥ ੨ ॥	Searching[70] within[69] and without, I have ultimately seen[72] God through the Guru's instruction[71].	ਅੰਦਰ[69] ਤੇ ਬਾਹਰ ਲੱਭ ਕੇ[70], ਓੜਕ ਨੂੰ ਮੈਂ ਗੁਰਾਂ ਦੀ ਸਿਖ-ਮਤ[71] ਦੁਆਰਾ ਰੱਬ ਵੇਖ ਲਿਆ[72] ਹੈ ।
ਸੇਵੀ[73] ਸਤਿਗੁਰ ਭਾਇ[74] ਨਾਮੁ ਨਿਰੰਜਨਾ[75] ॥	With love[74],serve[73] I the True Guru, who has blessed me with the immaculate[75] Name.	ਪਿਆਰ[74]ਨਾਲ ਮੈਂ ਸੱਚੇ ਗੁਰਾਂ ਦੀ ਟਹਿਲ ਕਮਾਉਂਦਾ[73] ਹਾਂ,ਜਿਨ੍ਹਾਂ ਨੇ ਮੈਨੂੰ ਪਵਿੱਤਰ[75] ਨਾਮ ਪ੍ਰਦਾਨ ਕੀਤਾ ਹੈ ।
ਤੁਧੁ ਭਾਵੈ[76] ਤਿਵੈ[77] ਰਜਾਇ[78] ਭਰਮੁ[79] ਭਉ[80] ਭੰਜਨਾ[81] ॥ ੩ ॥	O Thou, the Destroyer[81] of doubt[79] and dread[80], as it pleaseth[76] Thee, so[77] issueth Thou the commands[78].	ਹੇ ਤੂੰ ਵਹਿਮ[79] ਤੇ ਡਰ[80] ਨੂੰ ਨਾਸ ਕਰਨ ਵਾਲੇ[81], ਜਿਸ ਤਰ੍ਹਾਂ ਤੈਨੂੰ ਚੰਗਾ ਲੱਗਦਾ[76] ਹੈ, ਉਸੇ ਤਰ੍ਹਾਂ[77] ਹੀ ਤੂੰ ਹੁਕਮ[78] ਜਾਰੀ ਕਰਦਾ ਹੈਂ ।
ਜਨਮਤ[82] ਹੀ[83] ਦੁਖੁ[84] ਲਾਗੈ[85] ਮਰਣਾ[86] ਆਇ ਕੈ[87] ॥	On the mortal's very[83] birth[82], the disease[84] of death[86] comes[87] and clings[85] to him.	ਪ੍ਰਾਣੀ ਦੇ ਪੈਦਾ[82]ਹੁੰਦੇ ਸਾਰ[83] ਹੀ ਮੌਤ[86] ਦੀ ਬੀਮਾਰੀ[84] ਉਸ ਨੂੰ ਆ ਕੇ[87] ਚਿਮੜ ਜਾਂਦੀ[85] ਹੈ ।
ਜਨਮੁ[88]ਮਰਣੁ[89] ਪਰਵਾਣੁ[90] ਹਰਿ ਗੁਣ[91]ਗਾਇ[92]ਕੈ॥੪॥	Singing[92] God's praises[91], both birth[88] and death[89] are approved[90].	ਵਾਹਿਗੁਰੂ ਦੀ ਮਹਿਮਾ[91] ਗਾਇਨ[92] ਕਰਨ ਦੁਆਰਾ ਜੰਮਣਾ[88] ਤੇ ਮਰਣਾ[89] ਦੋਨੋਂ ਪਰਵਾਣ[90] ਹੋ ਜਾਂਦੇ ਹਨ ।
ਹਉ[93] ਨਾਹੀ ਤੂ ਹੋਵਹਿ[94] ਤੁਧ ਹੀ ਸਾਜਿਆ[95] ॥	Where ego[93] is not, there art[94] Thou, O Lord. Thou alone hast created[95] the entire creation.	ਜਿਥੇ ਹੰਗਤਾ[93] ਨਹੀਂ, ਉਥੇ ਤੂੰ ਹੈਂ[94], ਹੇ ਪ੍ਰਭੂ ! ਕੇਵਲ ਤੂੰ ਹੀ ਸਾਰੀ ਰਚਨਾ ਰਚੀ[95] ਹੈ ।
ਆਪੇ[96] ਥਾਪਿ[97] ਉਥਾਪਿ[98] ਸਬਦਿ[99] ਨਿਵਾਜਿਆ[100] ॥ ੫ ॥	Thou Thyself[96] createst[97] and destroyest[98]all and some Thou blesseth[100] with Thy Name[99].	ਤੂੰ ਖ਼ੁਦ[96] ਹੀ ਸਾਜਦਾ[97] ਤੇ ਨਾਸ ਕਰਦਾ[98] ਹੈਂ ਅਤੇ ਕਈਆਂ ਨੂੰ ਤੂੰ ਆਪਣੇ ਨਾਮ[99]ਨਾਲ ਵਡਿਆਉਂਦਾ[100]ਹੈਂ।
੭੫੩	**753**	**੭੫੩**
ਦੇਹੀ[2] ਭਸਮ[3] ਰੁਲਾਇ[4] ਨ ਜਾਪੀ[5] ਕਹ[7] ਗਇਆ[6]॥	Leaving the body[2] to roll[4] in dust[3], it is not known[5] whither[7] the soul is gone[6] ?	ਸਰੀਰ[2] ਨੂੰ ਮਿੱਟੀ[3] ਵਿਚ ਰੁਲਣ ਲਈ[4] ਛੱਡ ਕੇ, ਇਹ ਪਤਾ[5] ਨਹੀਂ ਕਿ ਜੀਅੜਾ ਕਿਥੇ[7] ਚਲਾ[6] ਗਿਆ ਹੈ ?
ਆਪੇ[8] ਰਹਿਆ ਸਮਾਇ[9] ਸੋ[10] ਵਿਸਮਾਦੁ[12]ਭਇਆ ॥ ੬ ॥	He[10], the Lord Himself[8]is pervading[9] everywhere and this is a great wonder[12].	ਉਹ[10] ਸੁਆਮੀ ਖ਼ੁਦ[8] ਹੀ ਸਾਰੇ ਰਮ ਰਿਹਾ[9] ਹੈ ਅਤੇ ਇਹ ਹੀ ਵੱਡੀ ਹੈਰਾਨਗੀ[12] ਹੈ ।
ਤੂੰ ਨਾਹੀ ਪ੍ਰਭ ਦੂਰਿ[13] ਜਾਣਹਿ[14] ਸਭ ਤੂਹੈ ॥	O Lord, Thou art not far[13] and Thou understandeth[14] all.	ਹੇ ਸਾਂਈਂ ! ਦੁਰੇਡੇ[13] ਨਹੀਂ ਤੂੰ ! ਅਤੇ ਤੂੰ ਸਾਰਿਆਂ ਨੂੰ ਸਮਝਦਾ[14] ਹੈਂ ।

ਗੁਰਮੁਖਿ[15]ਵੇਖਿ[16] ਹਦੂਰਿ[17] ਅੰਤਰਿ[18] ਭੀ[19] ਤੂਹੈ ॥੭॥	By Guru's grace[15] one sees[16] Thee just present[17], O God. Verily[19] Thou art amongst[18] all.	ਗੁਰਾਂ ਦੀ ਰਹਿਮਤ[15] ਸਦਕਾ ਇਨਸਾਨ ਤੈਨੂੰ ਐਨ ਅੰਗ ਸੰਗ[17] ਵੇਖਦਾ[16] ਹੈ, ਹੇ ਹਰੀ ! ਨਿਸਚਿਤ[19] ਹੀ ਤੂੰ ਸਾਰਿਆਂ ਦੇ ਅੰਦਰ[18] ਹੈਂ ।
ਮੈ ਦੀਜੈ[20] ਨਾਮੁ ਨਿਵਾਸੁ[21] ਅੰਤਰਿ[22] ਸਾਂਤਿ[23] ਹੋਇ ॥	Bless[20] me Thou with an abode[21] in Thy name, that my soul[22] may be pacified[23].	ਤੂੰ ਮੈਨੂੰ ਆਪਣੇ ਨਾਮ ਅੰਦਰ ਵਾਸਾ[21] ਬਖ਼ਸ਼[20] ਤਾਂ ਜੋ ਮੇਰੀ ਆਤਮਾ[22] ਸੀਤਲ[23] ਥੀ ਵੰਞੇ ।
ਗੁਣ[24] ਗਾਵੈ[25] ਨਾਨਕ ਦਾਸੁ[26] ਸਤਿਗੁਰੁ ਮਤਿ ਦੇਇ[27] ॥੮॥੩॥੫॥	Instruct[27] me thus, O my True Guru, that I, slave[26] Nanak, may ever continue singing[25] the Lord's praises[24].	ਹੇ ਮੇਰੇ ਸੱਚੇ ਗੁਰਦੇਵ ਜੀ ! ਮੈਨੂੰ ਐਸਾ ਉਪਦੇਸ਼[27] ਦਿਉ ਕਿ ਮੈਂ, ਗੋਲਾ[26] ਨਾਨਕ ਸਦਾ ਸਾਂਈਂ ਦਾ ਜੱਸ[24] ਗਾਉਂਦਾ[25] ਰਹਾਂ ।
ਰਾਗੁ ਸੂਹੀ ਮਹਲਾ ੩ ਘਰੁ ੧ ਅਸਟਪਦੀਆ	Suhi Measure 3rd Guru Ashtpadian	ਰਾਗੁ ਸੂਹੀ ਤੀਜੀ ਪਾਤਿਸ਼ਾਹੀ ਅਸ਼ਟਪਦੀਆਂ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਨਾਮੇ ਹੀ ਤੇ ਸਭੁ ਕਿਛੁ ਹੋਆ[28] ਬਿਨੁ[29] ਸਤਿਗੁਰ ਨਾਮੁ ਨ ਜਾਪੈ[30] ॥	From the Lord's Name, everything has proceeded[28]. Without[29] the True Guru, the Name is realised[30] not.	ਸੁਆਮੀ ਦੇ ਨਾਮ ਤੋਂ ਹੀ ਸਾਰਾ ਕੁਛ ਉਤਪੰਨ ਹੋਇਆ[28] ਹੈ। ਸੱਚੇ ਗੁਰਾਂ ਦੇ ਬਗ਼ੈਰ[29] ਨਾਮ ਦਾ ਅਨੁਭਵ[30] ਨਹੀਂ ਹੁੰਦਾ ।
ਗੁਰ ਕਾ ਸਬਦੁ[31] [32]ਮਹਾਰਸੁ[33] ਮੀਠਾ[34] ਬਿਨੁ ਚਾਖੇ[35]ਸਾਦੁ[36] ਨ ਜਾਪੈ[37] ॥	The Guru's Word[31] is the sweet[34] supreme[32] Nectar[33], but its relish[36] can be known[37] not without tasting[35] it.	ਗੁਰਾਂ ਦੀ ਬਾਣੀ[31] ਮਿੱਠੜਾ[34] ਪਰਮ[32] ਅੰਮ੍ਰਿਤ[33] ਹੈ, ਪ੍ਰੰਤੂ ਇਸ ਨੂੰ ਚੱਖਣ[35] ਦੇ ਬਾਝੋਂ ਇਸ ਦੇ ਸੁਆਦ[36] ਦਾ ਪਤਾ[37] ਨਹੀਂ ਲੱਗਦਾ ।
ਕਉਡੀ ਬਦਲੈ[38] ਜਨਮੁ ਗਵਾਇਆ[39] ਚੀਨਸਿ[40] ਨਾਹੀ ਆਪੈ[41] ॥	For[38] a small shell, the mortal loses[39] his life and understands[40] not his ownself[41].	ਕੌਡੀ ਦੀ ਖ਼ਾਤਰ[38] ਪ੍ਰਾਣੀ ਆਪਣਾ ਜੀਵਨ ਗੁਆ ਲੈਂਦਾ[39] ਹੈ ਅਤੇ ਆਪਣੇ ਆਪੇ[41] ਨੂੰ ਨਹੀਂ ਸਮਝਦਾ[40]।
ਗੁਰਮੁਖਿ[42]ਹੋਵੈ ਤਾ[43] ਏਕੋ[44] ਜਾਣੈ ਹਉਮੈ[45] ਦੂਖੁ[46] ਨ ਸੰਤਾਪੈ[47] ॥ ੧ ॥	If man turns Guru-wards[42], then[43] knows he the One Lord[44] and the ailment[46] of ego[45] infests[47] him not.	ਜੇਕਰ ਬੰਦਾ ਗੁਰਾਂ ਦੇ ਪਾਸੇ ਵੱਲ[42] ਮੁੜ ਪਵੇ, ਤਦ[43] ਉਹ ਇਕ ਸੁਆਮੀ[44] ਨੂੰ ਜਾਣ ਲੈਂਦਾ ਹੈ ਤੇ ਹੰਕਾਰ[45] ਦੀ ਬੀਮਾਰੀ[46] ਉਸ ਨੂੰ ਦੁੱਖ[47] ਨਹੀਂ ਦਿੰਦੀ ।
ਬਲਿਹਾਰੀ[48] ਗੁਰ ਆਪਣੇ ਵਿਟਹੁ[49] ਜਿਨਿ ਸਾਚੇ[50] ਸਿਉ ਲਿਵ[51] ਲਾਈ[52] ॥	A sacrifice[48] am I unto[49] my Guru, who has attuned[52] me to the love[51] of the True Lord[50].	ਕੁਰਬਾਨ[48] ਹਾਂ ਮੈਂ ਆਪਣੇ ਗੁਰਾਂ ਦੇ ਉਤੋਂ[49], ਜਿਨ੍ਹਾਂ ਨੇ ਸੱਚੇ ਸੁਆਮੀ[50] ਨਾਲ ਮੇਰਾ ਪਿਆਰ[51] ਪਾ ਦਿੱਤਾ[52] ਹੈ ।
ਸਬਦ[53] ਚੀਨਿ[54] ਆਤਮੁ[55] ਪਰਗਾਸਿਆ[56] ਸਹਜੇ[57] ਰਹਿਆ ਸਮਾਈ[58] ॥ ੧ ॥ ਰਹਾਉ ॥	Remembering[54] the Name[53], my soul[55] is illumined[56] and I now remain merged[58] in celestial bliss[57]. Pause.	ਨਾਮ[53] ਦਾ ਸਿਮਰਨ[54] ਕਰਨ ਦੁਆਰਾ ਮੇਰੀ ਆਤਮਾ[55] ਰੋਸ਼ਨ ਹੋ ਗਈ[56] ਹੈ ਤੇ ਹੁਣ ਮੈਂ ਬੈਕੁੰਠੀ ਅਨੰਦ[57] ਵਿਚ ਲੀਨ ਰਹਿੰਦਾ[58] ਹਾਂ। ਠਹਿਰਾਉ ।
ਗੁਰਮੁਖਿ[59] ਗਾਵੈ[60]ਗੁਰਮੁਖਿ	The pious[59] person sings[60] the Lord's	ਪਵਿੱਤਰ ਪੁਰਸ਼[59] ਪ੍ਰਭੂ ਦੀ ਪ੍ਰਭਤਾ ਗਾਇਨ[60]ਕਰਦਾ ਹੈ।

ਬੂਝੈ[61] ਗੁਰਮੁਖਿ ਸਬਦੁ[62] ਬੀਚਾਰੇ[63] ॥	praise,the pious person realises[61] Him and the pious person reflects over[63] His Name[62].	ਪਵਿੱਤਰ[59] ਪੁਰਸ਼ ਉਸ ਨੂੰ ਅਨੁਭਵ[61] ਕਰਦਾ ਹੈ ਤੇ ਪਵਿੱਤਰ ਪੁਰਸ਼ ਹੀ ਉਹਦੇ ਨਾਮ[62] ਦਾ ਆਰਾਧਨ[63] ਕਰਦਾ ਹੈ ।
ਜੀਉ[64] ਪਿੰਡੁ[65] ਸਭੁ[66] ਗੁਰ ਤੇ ਉਪਜੈ[67] ਗੁਰਮੁਖਿ[68] ਕਾਰਜ[69] ਸਵਾਰੇ[70] ॥	The Guru re-animates[67] the soul[64] and body[65], and the supreme Guru[68] alone adjusts[70] all[66] the affairs[69].	ਗੁਰੂ ਜੀ ਆਤਮਾ[64] ਤੇ ਦੇਹ[65] ਨੂੰ ਨਵੇਂ ਸਿਰਿਓਂ ਸੁਰਜੀਤ[67] ਕਰਦੇ ਹਨ ਅਤੇ ਮੁਖੀ ਗੁਰੂ[68] ਜੀ ਹੀ ਸਾਰੇ[66] ਕੰਮ[69] ਰਾਸ ਕਰਦੇ[70] ਹਨ ।
ਮਨਮੁਖਿ[71] ਅੰਧਾ[72] ਅੰਧੁ[73] ਕਮਾਵੈ ਬਿਖੁ[74] ਖਟੇ[75] ਸੰਸਾਰੇ[76] ॥	The blind[72] apostate[71] commits evil[73] deeds and earns[75] nothing but poison[74] in the world[76].	ਅੰਨ੍ਹਾ[72] ਅਧਰਮੀ[71] ਮੰਦੇ[73] ਅਮਲ ਕਮਾਉਂਦਾ ਹੈ ਅਤੇ ਜਗਤ[76] ਅੰਦਰ ਨਿਰੀ ਜ਼ਹਿਰ[74] ਹੀ ਖੱਟਦਾ[75] ਹੈ ।
ਮਾਇਆ[77] ਮੋਹਿ[78] ਸਦਾ[79] ਦੁਖੁ ਪਾਏ[80] ਬਿਨੁ ਗੁਰ ਅਤਿ[81] ਪਿਆਰੇ[82] ॥ ੨ ॥	Without the greatly[81] loved[82] Guru, he ever[79] suffers[80] pain in the love[78] of riches[77].	ਪਰਮ[81] ਲਾਡਲੇ[82] ਗੁਰਾਂ ਦੇ ਬਾਝੋਂ ਉਹ ਧਨ-ਦੌਲਤ[77] ਦੀ ਪ੍ਰੀਤ[78] ਅੰਦਰ ਹਮੇਸ਼ਾ[79] ਹੀ ਤਕਲੀਫ਼ ਪਾਉਂਦਾ[80] ਹੈ ।
ਸੋਈ[83] ਸੇਵਕੁ[84] ਜੋ[88] ਸਤਿਗੁਰ ਸੇਵੇ[85] ਚਾਲੈ[86] ਸਤਿਗੁਰ ਭਾਏ[87] ॥	He[83] alone is an attendant[84] who[88] serves[85] the True Guru and walks[86] in the True Guru's will[87].	ਕੇਵਲ ਉਹ[83] ਹੀ ਟਹਿਲੂਆ[84] ਹੈ, ਜੋ[88] ਸੱਚੇ ਗੁਰਾਂ ਦੀ ਚਾਕਰੀ ਕਰਦਾ[85] ਹੈ ਅਤੇ ਸੱਚੇ ਗੁਰਾਂ ਦੀ ਰਜ਼ਾ[87] ਅੰਦਰ ਟੁਰਦਾ[86] ਹੈ ।
ਸਾਚਾ ਸਬਦੁ[89] ਸਿਫਤਿ[90] ਹੈ ਸਾਚੀ ਸਾਚਾ[91] ਮੰਨਿ[92] ਵਸਾਏ[93] ॥	He enshrines[93] within his mind[92], the True Lord[89], His True praise[90] and His True Name[91].	ਉਹ ਆਪਣੇ ਚਿੱਤ[92] ਅੰਦਰ ਸੱਚੇ ਸੁਆਮੀ[89], ਉਸ ਦੀ ਸੱਚੀ ਮਹਿਮਾ[90] ਅਤੇ ਉਸ ਦੇ ਸੱਚੇ ਨਾਮ[91] ਨੂੰ ਟਿਕਾਉਂਦਾ[93] ਹੈ ।
ਸਚੀ ਬਾਣੀ[94] ਗੁਰਮੁਖਿ[95] ਆਖੈ[96] ਹਉਮੈ[97] ਵਿਚਹੁ[98] ਜਾਏ[99] ॥	The holy man[95] utters[96] the True Gurbani[94] and from within[98] him flees[99] the self-conceit[97].	ਨੇਕ-ਬੰਦਾ[95] ਸੱਚੀ ਗੁਰਬਾਣੀ[94] ਦਾ ਉਚਾਰਨ ਕਰਦਾ[96] ਹੈ ਅਤੇ ਉਸ ਦੇ ਅੰਦਰੋਂ[98] ਸਵੈ-ਹੰਗਤਾ[97] ਦੂਰ ਹੋ ਜਾਂਦੀ[99] ਹੈ ।
ਆਪੇ[100] ਦਾਤਾ[2] ਕਰਮੁ[3] ਹੈ ਸਾਚਾ ਸਾਚਾ ਸਬਦੁ[4] ਸੁਣਾਏ[5] ॥੩॥	The Guru himself[100] is Giver[2] and true are his gifts[3] and he preaches[5] the True Name[4].	ਗੁਰੂ ਜੀ ਖ਼ੁਦ[100] ਹੀ ਦਾਤਾਰ[2] ਹਨ ਅਤੇ ਸੱਚੀਆਂ ਹਨ ਉਨ੍ਹਾਂ ਦੀਆਂ ਦਾਤਾਂ[3], ਅਤੇ ਉਹ ਸੱਚੇ ਨਾਮ ਦਾ[4] ਉਪਦੇਸ਼ ਕਰਦੇ[5] ਹਨ ।
ਗੁਰਮੁਖਿ[6] ਘਾਲੇ[7] ਗੁਰਮੁਖਿ ਖਟੇ[8] ਗੁਰਮੁਖਿ ਨਾਮੁ ਜਪਾਏ[9] ॥	The Guru-ward[6] serves[7] God, the Guru-ward earns[8] the Lord's wealth and the Guru-ward makes others utter[9] the Name.	ਗੁਰੂ-ਸਮਰਪਨ[6] ਰੱਬ ਦੀ ਸੇਵਾ ਕਰਦਾ[7] ਹੈ, ਗੁਰੂ ਸਮਰਪਨ ਸੁਆਮੀ ਦੀ ਦੌਲਤ ਕਮਾਉਂਦਾ[8] ਹੈ ਤੇ ਗੁਰੂ ਸਮਰਪਨ ਹੋਰਨਾਂ ਤੋਂ ਭੀ ਨਾਮ ਦਾ ਸਿਮਰਨ[9] ਕਰਵਾਉਂਦਾ ਹੈ ।
ਸਦਾ[10] ਅਲਿਪਤੁ[12] ਸਾਚੈ[13] ਰੰਗਿ[14] ਰਾਤਾ[15] ਗੁਰ ਕੈ ਸਹਜਿ[16] ਸੁਭਾਏ ॥	In the Guru-given serene nature[16] and imbued[15] with the love[14] of the True Lord[13], the Guru-ward ever[10] remains detached[12].	ਗੁਰਾਂ ਦੇ ਦਿਤੇ ਹੋਏ ਸ਼ਾਂਤ ਸੁਭਾਅ[16] ਅੰਦਰ, ਅਤੇ ਸੱਚੇ ਸੁਆਮੀ[13] ਦੀ ਪ੍ਰੀਤ[14] ਨਾਲ ਰੰਗਿਆ ਹੋਇਆ[15] ਗੁਰੂ ਸਮਰਪਨ ਹਮੇਸ਼ਾ[10] ਨਿਰਲੇਪ[12] ਰਹਿੰਦਾ ਹੈ ।
ਮਨਮੁਖੁ[17] ਸਦ ਹੀ ਕੂੜੋ ਬੋਲੈ ਬਿਖੁ[18] ਬੀਜੈ ਬਿਖੁ ਖਾਏ ॥	The egocentric[17] ever tells lies. He sows the poison[18] and poison he eats.	ਆਪ-ਹੁਦਰਾ[17] ਹਮੇਸ਼ਾ ਝੂਠ ਬਕਦਾ ਹੈ । ਉਹ ਜ਼ਹਿਰ[18] ਬੀਜਦਾ ਹੈ ਅਤੇ ਜ਼ਹਿਰ ਖਾਂਦਾ ਹੈ ।

[19]ਜਮਕਾਲਿ[20] ਬਾਧਾ[21] ਤ੍ਰਿਸਨਾ[22] ਦਾਧਾ[23] ਬਿਨੁ ਗੁਰ ਕਵਣੁ ਛਡਾਏ[24] ॥ ੪ ॥	He is shackled[21] by the Death's[20] Minister[19] and burn[23] by desire[22]. Who without the Guru can emancipate[24] him ?	ਉਸ ਨੂੰ ਮੌਤ[20] ਦੇ ਦੂਤ[19] ਨੇ ਜਕੜਿਆ ਹੋਇਆ[21] ਅਤੇ ਖ਼ਾਹਿਸ਼[22] ਨੇ ਫੂਕ ਛਡਿਆ[23] ਹੈ। ਗੁਰਾਂ ਦੇ ਬਾਝੋਂ ਉਸ ਨੂੰ ਕੌਣ ਬੰਦਖਲਾਸ[24] ਕਰ ਸਕਦਾ ਹੈ ?
ਸਚਾ ਤੀਰਥੁ[25] ਜਿਤੁ[26] [27]ਸਤਸਰਿ[28] ਨਾਵਣੁ[29] ਗੁਰਮੁਖਿ[30] ਆਪਿ[31] ਬੁਝਾਏ[32] ॥	God is the true place of pilgrimage[25], where[26] man bathes[29] in the lake[28] of truth[27] and the Guru-beloved[30], He Himself[31] makes realise[32] this.	ਵਾਹਿਗੁਰੂ ਹੀ ਸੱਚਾ ਯਾਤ੍ਰਾ ਅਸਥਾਨ[25] ਹੈ, ਜਿਥੇ[26] ਬੰਦਾ ਸੱਚ[27] ਦੇ ਸਰੋਵਰ[28] ਅੰਦਰ ਇਸ਼ਨਾਨ[29] ਕਰਦਾ ਹੈ ਅਤੇ ਉਹ ਖ਼ੁਦ[31] ਹੀ ਗੁਰੂ-ਪਿਆਰੇ[30] ਨੂੰ ਇਹ ਗੱਲ ਦਰਸਾ[32] ਦਿੰਦਾ ਹੈ।
ਅਠਸਠਿ[33] ਤੀਰਥ ਗੁਰ ਸਬਦਿ[34] ਦਿਖਾਏ[35] ਤਿਤੁ ਨਾਤੈ[37] ਮਲੁ[36] ਜਾਏ[38] ॥	The sixtyeight[33] places of pilgrimage, the Lord has shown[35] to be in the Guru's Word[34], bathing[37] wherein, the filth[36] of sins is washed off[38].	ਅਠਾਹਠ[33] ਤੀਰਥ ਅਸਥਾਨ ਪ੍ਰਭੂ ਨੇ ਗੁਰ-ਬਾਣੀ[34] ਅੰਦਰ ਵਿਖਾਲ ਦਿਤੇ[35] ਹਨ, ਜਿਸ ਵਿਚ ਇਸ਼ਨਾਨ[37] ਕਰਨ ਦੁਆਰਾ ਪਾਪਾਂ ਦੀ ਮੈਲ[36] ਧੋਤੀ ਜਾਂਦੀ[38] ਹੈ।
ਸਚਾ ਸਬਦੁ[39] ਸਚਾ ਹੈ ਨਿਰਮਲੁ[40] ਨਾ ਮਲੁ[41] ਲਗੈ[42] ਨ ਲਾਏ[43] ॥	True and Immaculate[40] is the True Lord[39]. No filth[41] clings[42] or attaches[43] to Him.	ਸੱਚਾ ਅਤੇ ਪਵਿੱਤਰ[40] ਹੈ ਸੱਚਾ ਸਾਹਿਬ[39]। ਉਸ ਨੂੰ ਕੋਈ ਮਲੀਨਤਾ[41] ਚਿਮੜਦੀ[42] ਜਾਂ ਲੱਗਦੀ[43] ਨਹੀਂ।
ਸਚੀ ਸਿਫਤਿ[44] ਸਚੀ ਸਾਲਾਹ[45] ਪੂਰੇ[46] ਗੁਰ ਤੇ[47] ਪਾਏ ॥ ੫ ॥	The Lord's true praise[44] and true commendation[45] are obtained from[47] the Perfect[46] Guru.	ਸੁਆਮੀ ਦੀ ਸੱਚੀ ਮਹਿਮਾ[44] ਅਤੇ ਸੱਚੀ ਕੀਰਤੀ[45] ਪੂਰਨ[46] ਗੁਰਾਂ ਪਾਸੋਂ[47] ਪਰਾਪਤ ਹੁੰਦੀਆਂ ਹਨ।
ਤਨੁ[48] ਮਨੁ[49] ਸਭੁ ਕਿਛੁ[50] ਹਰਿ ਤਿਸੁ[51] ਕੇਰਾ [52]ਦੁਰਮਤਿ[53] ਕਹਣੁ ਨ ਜਾਏ ॥	The body[48] and soul[49] all[50] belong to that[51] God, but the evil[52]-minded[53] person can say so not.	ਦੇਹ[48] ਅਤੇ ਆਤਮਾ[49] ਸਾਰੇ[50] ਉਸ[51] ਹਰੀ ਦੀ ਮਲਕੀਅਤ ਹਨ, ਪ੍ਰੰਤੂ ਖੋਟੀ[52] ਬੁਧੀ ਵਾਲਾ[53] ਪੁਰਸ਼ ਇਸ ਤਰ੍ਹਾਂ ਆਖ ਨਹੀਂ ਸਕਦਾ।
ਹੁਕਮੁ[54] ਹੋਵੈ ਤਾ[55] ਨਿਰਮਲੁ[56] ਹੋਵੈ ਹਉਮੈ[57] ਵਿਚਹੁ[58] ਜਾਏ[59] ॥	If such be the Lord's will[54], then[55] the mortal becomes pure[56] and from within[58] him ego[57] is eliminated[59].	ਜੇਕਰ ਪ੍ਰਭੂ ਦੀ ਐਸੀ ਰਜ਼ਾ[54] ਹੋਵੇ, ਤਦ[55] ਪ੍ਰਾਣੀ ਪਵਿੱਤਰ[56] ਹੋ ਜਾਂਦਾ ਹੈ ਅਤੇ ਉਸ ਦੇ ਅੰਦਰੋਂ[58] ਹੰਕਾਰ[57] ਦੂਰ ਹੋ ਜਾਂਦਾ[59] ਹੈ।
ਗੁਰ ਕੀ ਸਾਖੀ[60] ਸਹਜੇ[61] ਚਾਖੀ[62] ਤ੍ਰਿਸਨਾ[63] ਅਗਨਿ[64] ਬੁਝਾਏ[65] ॥	Guru's instruction[60] I have peacefully[61] tasted[62], and my fire[64] of desire[63] is quenched[65].	ਗੁਰਾਂ ਦਾ ਉਪਦੇਸ਼[60] ਮੈਂ ਸ਼ਾਂਤੀ ਨਾਲ[61] ਚੱਖਿਆ[62] ਹੈ, ਅਤੇ ਮੇਰੀ ਖ਼ਾਹਿਸ਼[63] ਦੀ ਅੱਗ[64] ਬੁਝ ਗਈ[65] ਹੈ।
ਗੁਰ ਕੈ ਸਬਦਿ[66] ਰਾਤਾ[67] ਸਹਜੇ[68] ਮਾਤਾ[69] ਸਹਜੇ[70] ਰਹਿਆ ਸਮਾਏ[71] ॥੬॥	He, who is imbued[67] with Guru's word[66] is intoxicated[69] with poise[68] and remains merged[71] in the Lord[70].	ਜੋ ਗੁਰਬਾਣੀ[66] ਨਾਲ ਰੰਗਿਆ[67] ਹੈ, ਉਹ ਅਡੋਲਤਾ[68] ਨਾਲ ਮਸਤ ਹੋ ਜਾਂਦਾ[69] ਹੈ ਅਤੇ ਪ੍ਰਭੂ[70] ਅੰਦਰ ਲੀਨ[71] ਰਹਿੰਦਾ ਹੈ।
੭੫੪	754	੭੫੪
ਹਰਿ ਕਾ ਨਾਮੁ ਸਤਿ[72] ਕਰਿ[73] ਜਾਣੈ[76] ਗੁਰ ਕੈ ਭਾਇ[74] ਪਿਆਰੇ[75] ॥	In the love[74] and affection[75] of the Guru, he deems[76] the Lord's Name as[73] true[72].	ਗੁਰਾਂ ਦੀ ਪ੍ਰੀਤ[74] ਅਤੇ ਪਿਰਹੜੀ[75] ਅੰਦਰ ਉਹ ਸੁਆਮੀ ਦੇ ਨਾਮ ਨੂੰ ਸੱਚਾ[72] ਕਰ[73] ਕੇ ਜਾਣਦਾ[76] ਹੈ।
ਸਚੀ ਵਡਿਆਈ[77] ਗੁਰ	From[78] the Guru are obtained[81] the	ਗੁਰਾਂ ਦੇ ਪਾਸੋਂ[78] ਸੱਚੀ ਸੋਭਾ[77] ਅਤੇ ਸੱਚੇ ਨਾਮ[79] ਦਾ ਪ੍ਰੇਮ[80]

ਤੇ[78] ਪਾਈ[81] ਸਚੈ ਨਾਇ[79] ਪਿਆਰੇ[80] ॥	true glory[77] and the love[90] of the True Name[79].	ਪ੍ਰਾਪਤ ਹੁੰਦੇ[81] ਹਨ ।
ਏਕੋ ਸਚਾ[82] ਸਭ ਮਹਿ[83] ਵਰਤੈ[84] ਵਿਰਲਾ[85] ਕੋ ਵੀਚਾਰੇ[86] ॥	The one True Lord[82] is contained[84] amongst[83] all, but rare[85] is the person, who realises[86] this.	ਇਕ ਸੱਚਾ ਸੁਆਮੀ[82] ਹੀ ਸਾਰਿਆਂ ਅੰਦਰ[83] ਵਿਆਪਕ[84] ਹੈ ਪਰ ਕੋਈ ਟਾਂਵਾਂ[85] ਪੁਰਸ਼ ਹੀ ਇਸ ਨੂੰ ਅਨੁਭਵ ਕਰਦਾ[86] ਹੈ ।
ਆਪੇ[87] ਮੇਲਿ ਲਏ[88] ਤਾ[89] ਬਖਸੇ[90] ਸਚੀ ਭਗਤਿ[91] ਸਵਾਰੇ[92] ॥੭॥	If the Lord unites[88] man with Himself[87], then[89] He pardons[90] him and adorns[92] him with true devotion[91].	ਜੇਕਰ ਸੁਆਮੀ ਬੰਦੇ ਨੂੰ ਆਪਣੇ[87] ਨਾਲ ਜੋੜਦਾ[88] ਹੈ, ਤਦ[89] ਉਹ ਉਸ ਨੂੰ ਮਾਫ਼ ਕਰ ਦਿੰਦਾ[90] ਹੈ ਅਤੇ ਉਸ ਨੂੰ ਆਪਣੇ ਸੱਚੇ ਅਨੁਰਾਗ[91] ਨਾਲ ਸ਼ਸ਼ੋਭਤ[92] ਕਰਦਾ ਹੈ ।
ਸਭੋ ਸਚੁ ਸਚੁ[93] ਸਚੁ ਵਰਤੈ[94] ਗੁਰਮੁਖਿ[95] ਕੋਈ[96] ਜਾਣੈ[97] ॥	All is Truth and nothing but Truth[93] is pervading[94] all. Some rare[96] one understands[97] this through the Guru[95].	ਸਮੂਹ ਸੱਚ ਹੈ ਤੇ ਨਿਰੋਲ ਸੱਚ[93] ਹੀ ਸਾਰੇ ਵਿਆਪਕ[94] ਹੋ ਰਿਹਾ ਹੈ । ਕੋਈ ਵਿਰਲਾ[96] ਹੀ ਗੁਰਾਂ ਦੇ[95] ਰਾਹੀਂ ਇਸ ਨੂੰ ਸਮਝਦਾ[97] ਹੈ ।
ਜੰਮਣ ਮਰਣਾ ਹੁਕਮੋ[98] ਵਰਤੈ[99] ਗੁਰਮੁਖਿ[100] ਆਪੁ[2] ਪਛਾਣੈ[3] ॥	Birth and death take place[99] in the Lord's will[98]. The Guru-ward[100] understands[3] his ownself[2].	ਪੈਦਾਇਸ਼ ਅਤੇ ਮੌਤ ਪ੍ਰਭੂ ਦੀ ਰਜ਼ਾ[98] ਅੰਦਰ ਹੁੰਦੀਆਂ[99] ਹਨ । ਗੁਰੂ ਸਮਰਪਣ[100] ਆਪਣੇ ਆਪ[2] ਨੂੰ ਸਮਝਦਾ[3] ਹੈ ।
ਨਾਮੁ ਧਿਆਏ[4] ਤਾ[5] ਸਤਿਗੁਰ ਭਾਏ[6] ਜੋ[7] ਇਛੈ[8] ਸੋ[9] ਫਲੁ[10] ਪਾਏ ॥	He remembers[4] the Name and[5] becomes pleasing[6] to the True Guru. Whatever[7] he desires[8], that[9] fruit[10] he obtains.	ਉਹ ਨਾਮ ਦਾ ਸਿਮਰਨ ਕਰਦਾ[4] ਹੈ ਅਤੇ[5] ਸੱਚੇ ਗੁਰਾਂ ਨੂੰ ਚੰਗਾ ਲੱਗਦਾ[6] ਹੈ । ਜਿਹੜਾ[7] ਫਲ[10] ਭੀ ਉਹ ਚਾਹੁੰਦਾ[8] ਹੈ, ਉਹ ਉਸੇ[9] ਨੂੰ ਹੀ ਪਾ ਲੈਂਦਾ ਹੈ ।
ਨਾਨਕ ਤਿਸ[12] ਦਾ ਸਭੁ ਕਿਛੁ[13] ਹੋਵੈ ਜਿ[14] ਵਿਚਹੁ[15] ਆਪੁ[16] ਗਵਾਏ[17] ॥੮॥੧॥	Nanak, he who[14] effaces[17] his self-conceit[16] from within[15] his-self; all[13] his[12] affairs are adjusted.	ਨਾਨਕ ਜੋ[14] ਆਪਣੇ ਅੰਦਰੋਂ[15] ਆਪਣੀ ਸਵੈ-ਹੰਗਤਾ[16] ਨੂੰ ਮੇਟ ਦਿੰਦਾ[17] ਹੈ; ਉਸ[12] ਦੇ ਸਾਰੇ[13] ਕਾਰਜ ਰਾਸ ਹੋ ਜਾਂਦੇ ਹਨ ।
ਸੂਹੀ ਮਹਲਾ ੩ ॥	Suhi 3rd Guru.	ਸੂਹੀ ਤੀਜੀ ਪਾਤਿਸ਼ਾਹੀ ।
ਕਾਇਆ[18] ਕਾਮਣਿ[19] ਅਤਿ[20] ਸੁਆਲਿਉ[21] ਪਿਰੁ[22] ਵਸੈ ਜਿਸੁ ਨਾਲੇ ॥	Very[20] beauteous[21] is the body[18] bride[19], with whom abides her Darling Spouse[22].	ਪਰਮ[20] ਸੁੰਦਰ[21] ਹੈ ਉਹ ਦੇਹ[18] ਰੂਪੀ ਪਤਨੀ[19], ਜਿਸਦੇ ਨਾਲ ਉਸ ਦਾ ਪਿਆਰਾ ਪਤੀ[22] ਵਸਦਾ ਹੈ ।
ਪਿਰ[23] ਸਚੇ ਤੇ[24] ਸਦਾ[25] ਸੁਹਾਗਣਿ[26] ਗੁਰ ਕਾ ਸਬਦੁ[27] ਸਮਾਲੇ[28] ॥	Cherishing[28] the Guru's hymns[27], she[24] becomes the happy bride[26] of her True Love[23] for aye[25].	ਗੁਰਾਂ ਦੀ ਬਾਣੀ[27] ਦਾ ਧਿਆਨ ਧਾਰਨ[28] ਦੁਆਰਾ, ਉਹ[24] ਹਮੇਸ਼ਾਂ[25] ਲਈ ਆਪਣੇ ਸੱਚੇ ਪ੍ਰੀਤਮ[23] ਦੀ ਖੁਸ਼ਬਾਸ਼ ਪਤਨੀ[26] ਬਣ ਜਾਂਦੀ ਹੈ ।
ਹਰਿ ਕੀ ਭਗਤਿ[29] ਸਦਾ[35] ਰੰਗਿ[30] ਰਾਤਾ[31] ਹਉਮੈ[32] ਵਿਚਹੁ[33] ਜਾਲੇ[34] ॥ ੧ ॥	Ever[35] dyed[31] with the love[30] of God's service[29], she burns[34] her self-conceit[32] from within[33] herself.	ਹਮੇਸ਼ਾਂ[35] ਹੀ ਵਾਹਿਗੁਰੂ ਦੀ ਸੇਵਾ[29] ਦੇ ਪ੍ਰੇਮ[30] ਨਾਲ ਰੰਗੀ ਹੋਈ[31], ਆਪਣੇ ਅੰਦਰੋਂ[33] ਆਪਣੀ ਸਵੈ-ਹੰਗਤਾ[32] ਨੂੰ ਸਾੜ ਸੁਟਦੀ[34] ਹੈ ।
ਵਾਹੁ[36] ਵਾਹੁ ਪੂਰੇ[37] ਗੁਰ ਕੀ ਬਾਣੀ[38] ॥ ਪੂਰੇ ਗੁਰ ਤੇ	Blessed[36]! blessed is the Gurbani[38] of the Perfect[37] Guru. It springs[39]	ਸੁਬਹਾਨ[36] ! ਸੁਬਹਾਨ ! ਹੈ ਪੂਰਨ[37] ਗੁਰਾਂ ਦੀ ਗੁਰਬਾਣੀ[38], ਇਹ ਪੂਰਨ ਗੁਰਾਂ ਤੋਂ ਉਤਪੰਨ ਹੁੰਦੀ[39] ਹੈ ਅਤੇ ਸੱਚੇ[40] ਮਾਲਕ

ਉਪਜੀ[39] ਸਾਚਿ[40]ਸਮਾਣੀ[41] ॥ ੧ ॥ ਰਹਾਉ ॥	from the Perfect Guru and merges[41] in the True[40] Master. Pause.	ਅੰਦਰ ਲੀਨ ਹੋ ਜਾਂਦੀ[41] ਹੈ। ਠਹਿਰਾਉ।
ਕਾਇਆ[42] ਅੰਦਰਿ[43] ਸਭੁ[45] ਕਿਛੁ ਵਸੈ[46]ਖੰਡ[47] ਮੰਡਲ[48] ਪਾਤਾਲਾ[49] ॥	Within[43] the body[42] abide[46] all[45] the continents[47], worlds[48] and the nether regions[49].	ਸਰੀਰ[42] ਵਿਚ[43] ਸਾਰੇ[45] ਮਹਾਂਦੀਪ[47], ਸੰਸਾਰ[48] ਅਤੇ ਪਇਆਲ[49] ਵਸਦੇ[46] ਹਨ।
ਕਾਇਆ ਅੰਦਰਿ ਜਗ[50] ਜੀਵਨ[51] ਦਾਤਾ[52] ਵਸੈ ਸਭਨਾ ਕਰੇ ਪ੍ਰਤਿਪਾਲਾ[53] ॥	In the body dwells the Beneficent[52] Lord, the life[51] of world[50], who cherishes[53] all.	ਦੇਹ ਵਿਚ ਜਗਤ[50] ਦੀ ਜਿੰਦ-ਜਾਨ[51], ਦਾਤਾਰ[52] ਸੁਆਮੀ ਨਿਵਾਸ ਰੱਖਦਾ ਹੈ, ਜੋ ਸਾਰਿਆਂ ਦੀ ਪਰਵਰਸ਼ ਕਰਦਾ[53] ਹੈ।
ਕਾਇਆ ਕਾਮਣਿ[54] ਸਦਾ ਸੁਹੇਲੀ[55] ਗੁਰਮੁਖਿ[56] ਨਾਮੁ ਸਮਾਲਾ[57] ॥੨॥	Ever illustrious[55] is the body-bride[54], that by the Guru's grace[56], meditates[57] on the Name.	ਸਦੀਵ ਹੀ ਕੀਰਤੀਮਾਨ[55] ਹੈ ਉਹ ਦੇਹ-ਪਤਨੀ[54], ਜੋ ਗੁਰਾਂ ਦੀ ਦਇਆ[56] ਦੁਆਰਾ ਨਾਮ ਦਾ ਸਿਮਰਨ ਕਰਦੀ[57] ਹੈ।
ਕਾਇਆ ਅੰਦਰਿ ਆਪੇ[58] ਵਸੈ ਅਲਖੁ[59] ਨ ਲਖਿਆ[60] ਜਾਈ ॥	Within the body abides the Lord Himself[58]. He is undiscernible[59] and can be discerned[60] not.	ਸਰੀਰ ਦੇ ਵਿਚ ਸਾਂਈਂ ਖ਼ੁਦ[58] ਰਹਿੰਦਾ ਹੈ। ਉਹ ਅਦ੍ਰਿਸ਼ਟ[59] ਹੈ ਅਤੇ ਵੇਖਿਆ[60] ਨਹੀਂ ਜਾ ਸਕਦਾ!
ਮਨਮੁਖੁ[61] ਮੁਗਧੁ[62] ਬੂਝੈ[63] ਨਾਹੀ ਬਾਹਰਿ ਭਾਲਣਿ[64] ਜਾਈ ॥	The silly[62] apostate[61] understands[63] this thing not and goes abroad in search[64] of Him.	ਮੂਰਖ[62] ਅਧਰਮੀ[61] ਇਸ ਗੱਲ ਨੂੰ ਨਹੀਂ ਸਮਝਦਾ[63] ਅਤੇ ਉਸ ਨੂੰ ਲੱਭਣ[64] ਲਈ ਬਾਹਰ ਜਾਂਦਾ ਹੈ।
ਸਤਿਗੁਰੁ ਸੇਵੇ[65] ਸਦਾ[66] ਸੁਖੁ[67] ਪਾਏ ਸਤਿਗੁਰਿ ਅਲਖੁ[68] ਦਿਤਾ ਲਖਾਈ[69] ॥੩॥	He, who serves[65] the True Guru, obtains permanent[66] peace[67]. The True Guru has shown[69] me the unseen Lord[68].	ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦਾ[65]ਹੈ, ਉਹ ਸਦੀਵੀ[66] ਆਰਾਮ[67] ਨੂੰ ਪਾ ਲੈਂਦਾ ਹੈ। ਸੱਚੇ ਗੁਰਾਂ ਨੇ ਮੈਨੂੰ ਅਡਿੱਠ ਸਾਂਈਂ[68] ਵਿਖਾਲ ਦਿੱਤਾ[69] ਹੈ।
ਕਾਇਆ ਅੰਦਰਿ ਰਤਨ[70] ਪਦਾਰਥ[71] ਭਗਤਿ[72] ਭਰੇ[73] ਭੰਡਾਰਾ[74] ॥	In the body are the invaluable[70] wealth[71] and the brimful[73] treasures[74] of Lord's meditation[72].	ਸਰੀਰ ਵਿਚ ਅਮੁੱਲੀ[70] ਦੌਲਤ[71] ਅਤੇ ਸੁਆਮੀ ਦੇ ਸਿਮਰਨ[72] ਦੇ ਭਰਪੂਰ[73] ਖ਼ਜ਼ਾਨੇ[74] ਹਨ।
ਇਸੁ ਕਾਇਆ ਅੰਦਰਿ ਨਉਖੰਡ[75] ਪ੍ਰਿਥਮੀ[76]ਹਾਟ[77] ਪਟਣ[78] ਬਾਜਾਰਾ[79] ॥	Within this body are the nine regions[75] of the earth[76], shops[77], towns[78] and streets[79].	ਇਸ ਸਰੀਰ ਵਿਚ ਧਰਤੀ[76] ਦੇ ਨੌ ਖਿੱਤੇ[75], ਦੁਕਾਨਾਂ[77], ਕਸਬੇ[78] ਅਤੇ ਬਾਜ਼ਾਰ[79] ਹਨ।
ਇਸੁ ਕਾਇਆ ਅੰਦਰਿ ਨਾਮੁ ਨਉ ਨਿਧਿ[80] ਪਾਈਐ ਗੁਰ ਕੈ ਸਬਦਿ[81]ਵੀਚਾਰਾ[82] ॥੪॥	Within this body are the nine treasures[80] of the Name and they are attained by reflecting[82] over the Guru's Word[81].	ਇਸ ਦੇਹੀ ਅੰਦਰ ਨਾਮ ਦੇ ਨੌ ਖ਼ਜ਼ਾਨੇ[80] ਹਨ ਅਤੇ ਉਹ ਗੁਰ-ਸ਼ਬਦ[81] ਦਾ ਧਿਆਨ ਧਾਰਣ[82] ਦੁਆਰਾ ਪਰਾਪਤ ਹੁੰਦੇ ਹਨ।
ਕਾਇਆ ਅੰਦਰਿ ਤੋਲਿ[83] ਤੁਲਾਵੈ[84] ਆਪੇ ਤੋਲਣਹਾਰਾ[85] ॥	Within the body the Lord estimates[84] the weight[83] (of your virtues) and Himself He is the Weigher[85].	ਦੇਹੀ ਅੰਦਰ ਪ੍ਰਭੂ (ਸਾਡੀਆਂ ਨੇਕੀਆਂ ਦੇ) ਭਾਰ[83] ਦਾ ਅੰਦਾਜ਼ਾ ਲਾਉਂਦਾ[84] ਹੈ ਅਤੇ ਉਹ ਖ਼ੁਦ ਹੀ ਜੋਖਣ ਵਾਲਾ[85] ਹੈ।

ਇਹੁ ਮਨੁ ਰਤਨੁ[86] ਜਵਾਹਰ[87]ਮਾਣਕੁ[88] ਤਿਸ[89] ਕਾ ਮੋਲੁ[90] ਅਫਾਰਾ[91] ॥	This mind is the gem[86], jewel[87] and ruby[88], and great[91] is its[89] worth[90].	ਇਹ ਮਨ ਹੀਰਾ[86], ਜਵੇਹਰ[87] ਅਤੇ ਲਾਲ[88] ਹੈ, ਬਹੁਤ ਹੀ ਜ਼ਿਆਦਾ[91] ਹੈ ਜਿਸ[89] ਦਾ ਮੁੱਲ[90]।
ਮੋਲਿ[92] ਕਿਤ[93] ਹੀ ਨਾਮੁ ਪਾਈਐ ਨਾਹੀ ਨਾਮੁ ਪਾਈਐ ਗੁਰ ਬੀਚਾਰਾ[94] ॥ ੫ ॥	One attains not the Name at any[93] price[92]. The Name is obtained by reflecting[94] over the word of the Guru.	ਕਿਸੇ[93] ਮੁੱਲ[92] ਭੀ ਇਨਸਾਨ ਨੂੰ ਨਾਮ ਪਰਾਪਤ ਨਹੀਂ ਹੁੰਦਾ। ਗੁਰਾਂ ਦੀ ਬਾਣੀ ਦਾ ਵੀਚਾਰ ਕਰਨ[94] ਦੁਆਰਾ ਪਾਇਆ ਜਾਂਦਾ ਹੈ।
ਗੁਰਮੁਖਿ[95] ਹੋਵੈ ਸੁ[96] ਕਾਇਆ ਖੋਜੈ[97] ਹੋਰ ਸਭ[98] ਭਰਮਿ[99] ਭੁਲਾਈ[100] ॥	He[96], who turns Guru-ward[95], searches[97] his body. All others[98] are gone astray[100] in doubt[99].	ਜੋ ਗੁਰਾਂ ਵਲ ਰੁਖ[95] ਕਰਦਾ ਹੈ, ਉਹ[96] ਆਪਣੀ ਦੇਹ ਦੀ ਖੋਜ-ਭਾਲ ਕਰਦਾ[97] ਹੈ। ਹੋਰ ਸਾਰੇ[98] ਸੰਦੇਹ[99] ਅੰਦਰ ਭੁਲੇ ਹੋਏ[100] ਹਨ।
ਜਿਸ ਨੋ ਦੇਇ ਸੋਈ[2] ਜਨੁ[3] ਪਾਵੈ ਹੋਰ ਕਿਆ[4] ਕੋ ਕਰੇ ਚਤੁਰਾਈ[5] ॥	He, whom the Lord gives; That[2] man[3] alone obtains the Name. What[4] other cleverness[5] can be of any avail ?	ਜਿਸ ਨੂੰ ਸੁਆਮੀ ਦਿੰਦਾ ਹੈ, ਕੇਵਲ ਓਹੀ[2] ਪੁਰਸ਼[3] ਹੀ ਨਾਮ ਨੂੰ ਪਾਉਂਦਾ ਹੈ। ਹੋਰ ਕਿਹੜੀ[4] ਚਾਲਾਕੀ[5] ਕਿਸੇ ਕੰਮ ਆ ਸਕਦੀ ਹੈ ?
ਕਾਇਆ ਅੰਦਰਿ ਭਉ[6] ਭਾਉ[7] ਵਸੈ ਗੁਰ ਪਰਸਾਦੀ[8] ਪਾਈ ॥ ੬ ॥	In the body abides Lord's fear[6] and love[7]. By the Guru's grace[8], the mortal obtains them.	ਦੇਹੀ ਵਿਚ ਪ੍ਰਭੂ ਦਾ ਡਰ[6] ਅਤੇ ਪ੍ਰੇਮ[7] ਵਸਦੇ ਹਨ। ਗੁਰਾਂ ਦੀ ਰਹਿਮਤ[8]ਸਦਕਾ ਉਹ ਪਾਏ ਜਾਂਦੇ ਹਨ।
ਕਾਇਆ ਅੰਦਰਿ ਬ੍ਰਹਮਾ ਬਿਸਨੁ ਮਹੇਸਾ ਸਭ ਓਪਤਿ[9] ਜਿਤੁ[10] ਸੰਸਾਰਾ[12] ॥	Within the body are Brahma, Vishnu and Shiva, who[10] are said to be the creators[9] of the whole world[12].	ਦੇਹ ਦੇ ਅੰਦਰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਹਨ, ਜੋ[10] ਸਾਰੇ ਜੱਗ[12] ਦੇ ਸਿਰਜਣਹਾਰ[9] ਆਖੇ ਜਾਂਦੇ ਹਨ।
ਸਚੈ ਆਪਣਾ ਖੇਲੁ[13] ਰਚਾਇਆ[14] ਆਵਾ[15] ਗਉਣੁ[16] ਪਾਸਾਰਾ[17] ॥	The True Lord has staged[14] His play[13] and has subjected the world[17] to birth[15] and death[16].	ਸੱਚੇ ਸੁਆਮੀ ਨੇ ਆਪਣੀ ਖੇਡ[13] ਸਾਜੀ[14] ਹੈ ਅਤੇ ਸੰਸਾਰ[17] ਨੂੰ ਜੰਮਣ[15] ਤੇ ਮਰਣ[16] ਦੇ ਅਧੀਨ ਕੀਤਾ ਹੈ।
ਪੂਰੈ[18] ਸਤਿਗੁਰਿ ਆਪਿ[19] ਦਿਖਾਇਆ[20]ਸਚਿ ਨਾਮਿ[21] ਨਿਸਤਾਰਾ[22] ॥ ੭ ॥	The Perfect[18] True Guru himself[19] has shown[20], that emancipation[22] is obtained through the True Name[21].	ਪੂਰਨ[18] ਸੱਚੇ ਗੁਰਾਂ ਨੇ ਖ਼ੁਦ[19] ਵਿਖਾ ਦਿੱਤਾ[20] ਹੈ ਕਿ ਨਾਮ[21] ਰਾਹੀਂ ਹੀ ਕਲਿਆਣ[22] ਪਰਾਪਤ ਹੁੰਦੀ ਹੈ।
ਸਾ[23] ਕਾਇਆ ਜੋ ਸਤਿਗੁਰੁ ਸੇਵੈ[24] ਸਚੈ ਆਪਿ ਸਵਾਰੀ[25] ॥	That[23] body which serves[24] the True Guru, the True Master Himself embellishes[25].	ਉਹ[23] ਦੇਹੀ ਜਿਹੜੀ ਸੱਚੇ ਗੁਰਾਂ ਦੀ ਸੇਵਾ[24] ਕਮਾਉਂਦੀ ਹੈ, ਸੱਚਾ ਮਾਲਕ ਖ਼ੁਦ ਸ਼ਸ਼ੋਭਤ ਕਰਦਾ[25] ਹੈ।
ਵਿਣੁ ਨਾਵੈ ਦਰਿ[26] ਢੋਈ[27] ਨਾਹੀ ਤਾ[28] ਜਮੁ[29] ਕਰੇ ਖੁਆਰੀ[30] ॥	Without the Name, man finds not refuge[27] in the Lord's court[26] and[28] the Yama[29] distresses[30] him.	ਨਾਮ ਦੇ ਬਗੈਰ ਇਨਸਾਨ ਨੂੰ ਸਾਂਈਂ ਦੇ ਦਰਬਾਰ[26] ਵਿਚ ਪਨਾਹ[27] ਨਹੀਂ ਮਿਲਦੀ ਅਤੇ[28] ਯਮ[29] ਉਸ ਨੂੰ ਦੁਖੀ ਕਰਦਾ[30] ਹੈ।
ਨਾਨਕ ਸਚੁ ਵਡਿਆਈ[31] ਪਾਏ ਜਿਸ ਨੋ ਹਰਿ ਕਿਰਪਾ[32]ਧਾਰੀ[33] ॥੮॥੨॥	Nanak, he on whom the Lord takes[33] pity[32], obtains the true glory[31].	ਨਾਨਕ, ਜਿਸ ਉਤੇ ਪ੍ਰਭੂ ਮਿਹਰ[32] ਕਰਦਾ[33] ਹੈ, ਉਹ ਸੱਚੀ ਸ਼ੋਭਾ[31] ਨੂੰ ਪਰਾਪਤ ਹੋ ਜਾਂਦਾ ਹੈ।

੭੫੫	755	੭੫੫
ਰਾਗੁ ਸੂਹੀ ਮਹਲਾ ੩ ਘਰੁ ੧੦	Suhi Measure 3rd Guru	ਰਾਗ ਸੂਹੀ ਤੀਜੀ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਦੁਨੀਆ[34] ਨ ਸਾਲਾਹਿ[35] ਜੋ ਮਰਿ ਵੰਞਸੀ[36] ॥	Praise[35] thou not the world[34], which shall pass away[36].	ਤੂੰ ਜਗਤ[34] ਦੀ ਸ਼ਲਾਘਾ[35] ਨਾ ਕਰ, ਜਿਸ ਨੇ ਨਾਸ ਹੋ ਜਾਣਾ[36] ਹੈ ।
ਲੋਕਾ[37] ਨ ਸਾਲਾਹਿ ਜੋ ਮਰਿ ਖਾਕੁ[38] ਥੀਈ[39] ॥੧॥	Praise thou not the people[37], who shall die and become[39] dust[38].	ਤੂੰ ਬੰਦਿਆਂ[37] ਦੀ ਤਾਰੀਫ਼ ਨਾ ਕਰ, ਜਿਹੜੇ ਮਰ ਕੇ ਮਿੱਟੀ[38] ਹੋ ਜਾਣਗੇ[39] ।
ਵਾਹੁ[40] ਮੇਰੇ ਸਾਹਿਬਾ ਵਾਹੁ ॥ ਗੁਰਮੁਖਿ[41] ਸਦਾ[42] ਸਲਾਹੀਐ[43] ਸਚਾ ਵੇਪਰਵਾਹੁ[44] ॥੧॥ ਰਹਾਉ ॥	Hail[40] unto Thee, my Lord, hail. By the Guru's grace[41], ever[42] praise[43] thou the Lord, who is True and Independent[44]. Pause.	ਸ਼ਾਬਾਸ਼[40] ! ਹੇ ਤੈਨੂੰ ਮੇਰੇ ਸੁਆਮੀ ਸ਼ਾਬਾਸ਼ ! ਗੁਰਾਂ ਦੀ ਦਇਆ[41] ਦੁਆਰਾ ਤੂੰ ਹਮੇਸ਼ਾਂ[42] ਉਸ ਦੀ ਸਿਫ਼ਤ[43] ਕਰ ਜੋ ਸੱਚਾ ਅਤੇ ਖ਼ੁਦ-ਮੁਖ਼ਤਿਆਰ[44] ਹੈ । ਠਹਿਰਾਉ ।
ਦੁਨੀਆ[45]ਕੇਰੀ[46] ਦੋਸਤੀ[47] ਮਨਮੁਖ[48] ਦਝਿ[49] ਮਰੰਨਿ[50] ॥	In the friendship[47] of[46] the world[45], the way-ward[48] burn[49] themselves to death[50].	ਸੰਸਾਰ[45] ਦੀ[46] ਯਾਰੀ[47] ਅੰਦਰ ਆਪ-ਹੁਦਰੇ[48] ਸੜ[49] ਮਰਦੇ[50] ਹਨ ।
[51]ਜਮਪੁਰਿ[52] ਬਧੇ[53] ਮਾਰੀਅਹਿ[54] ਵੇਲਾ[55] ਨ ਲਾਹੰਨਿ[56] ॥੨॥	They are bound[53] and beaten[54] in the city[52] of death[51], and obtain[56] not this oppotunity[55] again.	ਮੌਤ[51] ਦੇ ਸ਼ਹਿਰ[52] ਅੰਦਰ ਉਹ ਨਰੜ[53] ਕੇ ਕੁੱਟੇ ਜਾਂਦੇ[54] ਹਨ ਅਤੇ ਮੁੜ ਉਨ੍ਹਾਂ ਨੂੰ ਇਹ ਮੌਕਾ[55] ਨਹੀਂ ਮਿਲਦਾ[56] ।
ਗੁਰਮੁਖਿ[57] ਜਨਮੁ[58] ਸਕਾਰਥਾ[59] ਸਚੈ ਸਬਦਿ[60] ਲਗੰਨਿ[61] ॥	Fruitful[59] is the life[58] of the pious persons[57]. They remain attached[61] to the True Name[60].	ਸਫਲ[59] ਹੈ ਜੀਵਨ[58] ਪਵਿੱਤਰ ਪੁਰਸ਼ਾਂ[57] ਦਾ, ਉਹ ਸੱਚੇ ਨਾਮ[60] ਨਾਲ ਜੁੜੇ ਰਹਿੰਦੇ[61] ਹਨ ।
ਆਤਮ ਰਾਮੁ[62]ਪ੍ਰਗਾਸਿਆ[63] ਸਹਜੇ[64] ਸੁਖਿ[65] ਰਹੰਨਿ[66]॥੩ ॥	They are illumined[63] by the Omnipresent Lord[62] and they abide[66] in peace[64] and pleasure[65].	ਸਰਬ-ਵਿਆਪਕ ਸੁਆਮੀ[62] ਨੇ ਉਨ੍ਹਾਂ ਨੂੰ ਰੋਸ਼ਨ ਕਰ ਦਿੱਤਾ[63] ਹੈ ਅਤੇ ਉਹ ਆਰਾਮ[64] ਤੇ ਅਨੰਦ[65] ਅੰਦਰ ਵਸਦੇ[66] ਹਨ ।
ਗੁਰ ਕਾ ਸਬਦੁ[67] ਵਿਸਾਰਿਆ[68] ਦੂਜੈ ਭਾਇ[69] ਰਚੰਨਿ[70]॥ ਤ੍ਰਿਸਨਾ[71] ਭੁਖ[72] ਨ ਉਤਰੈ[73] ਅਨਦਿਨੁ[74] ਜਲਤ[75] ਫਿਰੰਨਿ[76] ॥੪॥	They, who forget[68] the Guru's instruction[67] are engrossed[70] in duality[69], their thirst[71] and hunger[72] depart[73] not and night[74] and day they wander about[76] burning[75].	ਜੋ ਗੁਰਾਂ ਦੇ ਉਪਦੇਸ਼[67] ਨੂੰ ਭੁਲਾ ਦਿੰਦੇ[68] ਹਨ ਅਤੇ ਦਵੈਤ-ਭਾਵ[69] ਅੰਦਰ ਖਚਤ ਹੋ ਜਾਂਦੇ[70] ਹਨ ਉਨ੍ਹਾਂ ਦੀ ਤੇਹ[71] ਤੇ ਭੁਖ[72] ਦੂਰ ਨਹੀਂ ਹੁੰਦੀਆਂ[73] ਅਤੇ ਉਹ ਰਾਤ[74] ਦਿਨ ਸੜਦੇ ਮਰਦੇ[75] ਫਿਰਦੇ[76] ਹਨ ।
ਦੁਸਟਾ[77] ਨਾਲਿ ਦੋਸਤੀ[78] ਨਾਲਿ ਸੰਤਾ ਵੈਰੁ[79]ਕਰੰਨਿ[80]॥ ਆਪਿ ਡੁਬੇ[81] ਕੁਟੰਬ[82] ਸਿਉ[83] ਸਗਲੇ[84] ਕੁਲ[85] ਡੋਬੰਨਿ[86] ॥ ੫ ॥	They who cherish[80] friendship[78] with the wicked[77] and enmity[79] with the saints; they are drowned[81] with[83] their families[82] and cause their entire[84] lineage[85] to perish[86].	ਜੋ ਕੁਕਰਮੀਆਂ[77] ਨਾਲ ਸਜਣਤਾਈ[78] ਅਤੇ ਸਾਧੂਆਂ ਨਾਲ ਦੁਸ਼ਮਨੀ[79] ਕਮਾਉਂਦੇ[80] ਹਨ, ਉਹ ਆਪਣੇ ਪਰਵਾਰ[82] ਸਮੇਤ[83] ਡੁਬ ਜਾਂਦੇ[81] ਹਨ ਅਤੇ ਆਪਣੀ ਸਾਰੀ[84] ਵੰਸ਼[85] ਨੂੰ ਭੀ ਤਬਾਹ[86] ਕਰ ਲੈਂਦੇ ਹਨ ।

ਨਿੰਦਾ[87] ਭਲੀ[88] ਕਿਸੈ ਕੀ ਨਾਹੀ ਮਨਮੁਖ[89] ਮੁਗਧ[90] ਕਰੰਨਿ ॥	It is not good[88] to slander[87] any one. The foolish[90] apostates[89] alone do it.	ਕਿਸੇ ਨੂੰ ਭੀ ਕਲੰਕਤ[87] ਕਰਨਾ ਚੰਗਾ[88] ਨਹੀਂ। ਕੇਵਲ ਮੂਰਖ[90] ਅਧਰਮੀ[89] ਹੀ ਇਹ ਕੁਝ ਕਰਦੇ ਹਨ।
ਮੁਹ[91] ਕਾਲੇ[92] ਤਿਨ[93] ਨਿੰਦਕਾ[94] ਨਰਕੇ[95] ਘੋਰਿ[96] ਪਵੰਨਿ[97] ॥੬॥	The faces[91] of those[93] slanderers[94] are blackened[92] and they fall[97] into the horrible[96] hell[95].	ਉਨ੍ਹਾਂ[93] ਦੂਸ਼ਣ ਲਾਉਣ ਵਾਲਿਆਂ[94] ਦੇ ਚਿਹਰੇ[91] ਸਿਆਹ[92] ਕੀਤੇ ਜਾਂਦੇ ਹਨ ਅਤੇ ਉਹ ਭਿਆਨਕ[96] ਦੋਜ਼ਖ਼[95] ਅੰਦਰ ਪੈਂਦੇ[97] ਹਨ।
ਏ[98] ਮਨ[99] ਜੈਸਾ[100] ਸੇਵਹਿ[2] ਤੈਸਾ[3] ਹੋਵਹਿ ਤੇਹੇ ਕਰਮ[4] ਕਮਾਇ[5] ॥	O[98] man[99], as[100] thou servest[2], so[3] becomest thou and so are the deeds[4], which thou performest[5].	ਹੇ[98] ਬੰਦੇ[99]! ਜਿਹੋ ਜਿਹੇ[100] ਦੀ ਤੂੰ ਘਾਲ ਕਮਾਉਂਦਾ[2] ਹੈਂ, ਉਹੋ ਜਿਹਾ[3] ਹੀ ਤੂੰ ਹੋ ਜਾਂਦਾ ਹੈਂ ਅਤੇ ਉਹੋ ਜਿਹੇ ਹੀ ਤੂੰ ਅਮਲ[4] ਕਮਾਉਂਦਾ[5] ਹੈਂ।
ਆਪਿ[6] ਬੀਜਿ ਆਪੇ ਹੀ ਖਾਵਣਾ ਕਹਣਾ[7] ਕਿਛੂ ਨ ਜਾਇ ॥ ੭ ॥	What Thou Thyself[6] sowest, that Thou Thyself shalt eat. Nothing else can be said[7] about this.	ਜੋ ਤੂੰ ਖ਼ੁਦ[6] 'ਬੀਜਦਾ ਹੈਂ', ਉਹੀ ਤੂੰ ਖ਼ੁਦ ਹੀ ਖਾਵੇਂਗਾ। ਹੋਰ ਕੁਝ ਇਸ ਬਾਰੇ ਆਖਿਆ[7] ਨਹੀਂ ਜਾ ਸਕਦਾ।
ਮਹਾ ਪੁਰਖਾ[8] ਕਾ ਬੋਲਣਾ[9] ਹੋਵੈ ਕਿਤੈ[10] ਪਰਥਾਇ[12] ॥	The pious persons[8] speak[9] for some[10] spritual motive[12].	ਪਵਿੱਤਰ ਪੁਰਸ਼[8] ਕਿਸੇ[10] ਰੂਹਾਨੀ ਮਨੋਰਥ[12] ਦੀ ਖ਼ਾਤਰ ਬਚਨ ਕਰਦੇ[9] ਹਨ।
ਓਇ ਅੰਮ੍ਰਿਤ[13] ਭਰੇ ਭਰਪੂਰ[14] ਹਹਿ ਓਨਾ ਤਿਲੁ[15] ਨ ਤਮਾਇ[16] ॥੮॥	They are filled to the brim[14] with ambrosia[13] and have not even a particle[15] of avarice[16].	ਉਹ ਸੁਧਾਰਸ[13] ਨਾਲ ਲਬਾਲਬ[14] ਭਰੇ ਹੋਏ ਹਨ ਅਤੇ ਉਨ੍ਹਾਂ ਨੂੰ ਇਕ ਭੋਰਾ ਭਰ[15] ਭੀ ਲਾਲਚ[16] ਨਹੀਂ।
ਉਹ ਸ਼੍ਰੋਮਣੀ ਸਾਹਿਬ[8] ਦੇ ਪ੍ਰੇਮ[6] ਨਾਲ ਰੰਗੀਜੇ ਹੋਏ[7] ਹਨ ਅਤੇ ਉਨ੍ਹਾਂ ਦੇ ਸਾਰੇ[10]ਕਲੇਸ਼[12]ਨਵਿਰਤ ਹੋ ਗਏ[9]ਹਨ।

ਤੂੰ ਕਰਤਾ[13]ਤੂੰ ਕਰਣਹਾਰੁ[14] ਤੂਹੈ ਏਕੁ ਅਨੇਕ[15] ਜੀਉ ॥

Thou O Lord, art the Creator[13] and Doer[14]. Thou alone art the One and the Many[15].

ਤੂੰ ਹੀ, ਹੇ ਪ੍ਰਭੂ! ਸਿਰਜਣਹਾਰ[13] ਅਤੇ ਕਰਨ ਵਾਲਾ[14] ਹੈਂ। ਕੇਵਲ ਤੂੰ ਹੀ ਇਕ ਅਤੇ ਅਨੇਕ[15] ਹੈਂ।

ਤੂ ਸਮਰਥੁ[16] ਤੂ ਸਰਬ[17] ਮੈ ਤੂਹੈ ਬੁਧਿ[18] ਬਿਬੇਕ[19] ਜੀਉ ॥

Thou art the Omnipotent[16] and Omnipresent[17] Master and Thine alone is the discriminating[19] intellect[18].

ਤੂੰ ਸਰਬ ਸ਼ਕਤੀਵਾਨ[16] ਅਤੇ ਸਾਰੇ ਵਿਆਪਕ[17] ਮਾਲਕ ਹੈਂ ਅਤੇ ਤੇਰੀ ਹੀ ਪਰਮ ਪਰਬੀਨ[19] ਗਿਆਤ[18] ਹੈ।

ਨਾਨਕ ਨਾਮੁ ਸਦਾ[20]ਜਪੀ[21] ਭਗਤ ਜਨਾ[22] ਕੀ ਟੇਕ[23] ਜੀਉ ॥੮॥੧॥੩॥

Nanak, meditates[21] ever[20] the Lord's Name, which is the support[23] of His devoted slaves[22].

ਨਾਨਕ ਸਦੀਵ[20] ਹੀ ਸਾਹਿਬ ਦੇ ਨਾਮ ਦਾ ਸਿਮਰਨ ਕਰਦਾ[21] ਹੈ, ਜੋ ਉਸ ਦੇ ਜਾਂਨਿਸਾਰ ਗੋਲਿਆਂ[22] ਦਾ ਆਸਰਾ[23] ਹੈ।

ਰਾਗੁ ਸੂਹੀ ਮਹਲਾ ੫
ਅਸਟਪਦੀਆ
ਘਰੁ ੧੦ ਕਾਫੀ[24]

Rag Suhi 5th Guru
Ashtpadian
Kafi[24]

ਰਾਗ ਸੂਹੀ ਪੰਜਵੀਂ ਪਾਤਿਸ਼ਾਹੀ
ਅਸਟਪਦੀਆਂ
ਕਾਫੀ[24]।

ੴ ਸਤਿਗੁਰ ਪ੍ਰਸਾਦਿ ॥

There is but One God By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਜੇ[25] ਭੁਲੀ[26] ਜੇ ਚੁਕੀ[27] ਸਾਈਂ[28] ਭੀ[29] ਤਹਿੰਜੀ[30] ਕਾਢੀਆ[31] ॥

If[25] I have strayed[26], if I have erred[27], even then[29] I am called[31] Thine[30] bride, O Lord[28].

ਜੇਕਰ[25]ਮੈਂ ਘੁਸ ਗਈ[26] ਹਾਂ, ਜੇਕਰ ਮੈਂ ਉਕ ਗਈ[27] ਹਾਂ, ਤਾਂ ਭੀ[29] ਮੈਂ ਤੇਰੀ[30] ਪਤਨੀ ਹੀ ਆਖੀ ਜਾਂਦੀ[31] ਹਾਂ, ਹੇ ਸੁਆਮੀ[28]!

ਜਿਨਾ ਨੇਹੁ[32] ਦੂਜਾਣੇ[33] ਲਗਾ[34] ਝੂਰਿ[35] ਮਰਹੁ ਸੇ[36] ਵਾਢੀਆ[37] ॥੧॥

The[36] discarded ones, who[37]enshrine[34] love[32] for another[33]; die they repenting[35].

ਉਹ[36] ਛੁਟੜਾਂ[37], ਜੋ ਹੋਰਸ[33] ਨੂੰ ਪਿਆਰ[32] ਕਰਦੀਆਂ[34] ਹਨ; ਉਹ ਪਸਚਾਤਾਪ ਕਰਦੀਆਂ[35] ਮਰ ਜਾਂਦੀਆਂ ਹਨ।

ਹਉ ਨਾ ਛੋਡਉ ਕੰਤ[38] ਪਾਸਰਾ[39] ॥

I shall leave not my Spouse's[38] side[39].

ਮੈਂ ਆਪਣੇ ਪਤੀ[38] ਦਾ ਪਾਸਾ[39] ਨਹੀਂ ਛੱਡਾਂਗੀ।

ਸਦਾ[40] ਰੰਗੀਲਾ[41] ਲਾਲੁ[42] ਪਿਆਰਾ[43]ਏਹੁ[46] ਮਹਿੰਜਾ[44] ਆਸਰਾ[45] ॥੧॥ਰਹਾਉ॥

Ever[40] beauteous[41] is my sweet[42] Love[43]. This[46] alone is my[44] mainstay[45]. Pause.

ਹਮੇਸ਼ਾਂ[40] ਹੀ ਬਾਂਕਾ[41] ਹੈ ਮੇਰਾ ਮਿੱਠੜਾ[42] ਪ੍ਰੀਤਮ[43]। ਕੇਵਲ ਇਹ[46] ਹੀ ਮੇਰੀ[44] ਓਟ[45] ਹੈ। ਠਹਿਰਾਉ।

ਸਜਣੁ[47] ਤੂਹੈ ਸੈਣੁ[48] ਤੂ ਮੈ ਤੁਝ ਉਪਰਿ ਬਹੁ[49] ਮਾਣੀਆ[50] ॥

Thou art my Friend[47], Thou the kinsman[48] and on Thee I take great[49] pride[50], O Lord.

ਤੂੰ ਮੇਰਾ ਮਿੱਤਰ[47] ਹੈਂ, ਤੂੰ ਹੀ ਸਨਬੰਧੀ[48]ਅਤੇ ਤੇਰੇ ਉਤੇ ਮੈਂ ਬੜਾ[49] ਫ਼ਖ਼ਰ[50]ਕਰਦੀ ਹਾਂ, ਹੇ ਮੇਰੇ ਸਿਰ ਦੇ ਸਾਂਈਂ!

ਜਾ[51]ਤੂ ਅੰਦਰਿ ਤਾ[52]ਸੁਖੇ[53] ਤੂੰ ਨਿਮਾਣੀ[54] ਮਾਣੀਆ[55]॥ ੨॥	When[51] Thou abidest within me, then[52] am I at peace[53]. Of me, the dishonoured one[54], Thou O my Groom, art the honour[55].	ਜਦ[51] ਤੂੰ ਮੇਰੇ ਅੰਦਰ ਵਸਦਾ ਹੈਂ, ਤਦ[52] ਮੈਂ ਆਰਾਮ[53] ਵਿਚ ਹੁੰਦੀ ਹਾਂ। ਮੈਂ, ਆਦਰਹੀਣ[54] ਦੀ ਤੂੰ ਹੇ ਮੇਰੇ ਕੰਤ ਆਦਰ-ਆਬਰੂ[55] ਹੈਂ।
ਜੇ[56] ਤੂ ਤੁਠਾ[57] ਕ੍ਰਿਪਾ[58] ਨਿਧਾਨ[59] ਨਾ ਦੂਜਾ[60] ਵੇਖਾਲਿ[61] ॥	If[56] Thou art merciful[57] to me, O Lord, the Treasure[59] of compassion[58], then make me not see[61] another[60].	ਹੇ ਰਹਿਮਤ[58] ਦੇ ਖ਼ਜ਼ਾਨੇ[59], ਸੁਆਮੀ ! ਜੇਕਰ[56] ਤੂੰ ਮੇਰੇ ਉਤੇ ਕਿਰਪਾਲ[57] ਹੋ ਗਿਆ ਹੈਂ ਤਦ ਤੂੰ ਮੈਨੂੰ ਹੋਰ ਕਿਸੇ[60] ਨੂੰ ਦੇਖਣ[61] ਨਾ ਦੇ।
ਏਹਾ[62] ਪਾਈ[63] ਮੂ[64] ਦਾਤੜੀ[65] ਨਿਤ[66] ਹਿਰਦੈ[67] ਰਖਾ ਸਮਾਲਿ[68] ॥੩॥	May I[64] be blessed[63] with this[62] boon[65], that I may ever[66] remember[68] Thee in my mind[67].	ਮੈਨੂੰ[64] ਇਹ[62] ਦਾਤ[65] ਪਰਦਾਨ[63] ਕਰ ਕਿ ਮੈਂ ਸਦਾ[66] ਹੀ ਤੈਨੂੰ ਆਪਣੇ ਰਿਦੇ[67] ਵਿਚ ਯਾਦ[68] ਕਰਦੀ ਰਹਾਂ।
ਪਾਵ[69] ਜੁਲਾਈ[70] ਪੰਧ[71] ਤਉ[72] ਨੈਣੀ[73] ਦਰਸੁ[74] ਦਿਖਾਲਿ[75] ॥	My Master, make my feet[69] tread[70] Thine[72] way[71] and mine eyes[73] see[75] Thy sight[74].	ਮੇਰੇ ਮਾਲਕ ਮੇਰੇ ਪੈਰਾਂ[69] ਨੂੰ ਆਪਣੇ[72] ਰਾਹੇ[71] ਟੋਰ[70] ਅਤੇ ਮੇਰੀਆਂ ਅੱਖਾਂ[73] ਨੂੰ ਆਪਣਾ ਦਰਸ਼ਨ[74] ਵਿਖਾਲ[75]।
ਸ੍ਰਵਣੀ[76]ਸੁਣੀ ਕਹਾਣੀਆ[77] ਜੇ[80] ਗੁਰੁ ਥੀਵੈ[78] ਕਿਰਪਾਲਿ[79] ॥੪॥	If[80] the Guru, becomes[78] merciful[79] to me, I would with mine ears[76] hear Thine stories[77], O Lord.	ਜੇਕਰ[80] ਗੁਰੂ ਜੀ ਮੇਰੇ ਉਤੇ ਮਿਹਰਬਾਨ[79] ਹੋ ਜਾਣ[78], ਤਾਂ ਮੈਂ ਆਪਣਿਆਂ ਕੰਨਾਂ[76] ਨਾਲ ਤੇਰੀਆਂ ਸਾਖੀਆਂ[77] ਸੁਣਾਂਗੀ, ਹੇ ਸਾਂਈਂ !
ਕਿਤੀ[80]* ਲਖ[81] ਕਰੋੜਿ[82] ਪਿਰੀਏ[83] ਰੋਮ[84]ਨ ਪੁਜਨਿ[85] ਤੇਰਿਆ ॥	Many[80*] lacs[81] and millions[82] of pious persons, O my Beloved[83], equal[85] not even an hair[84] of Thine.	ਅਨੇਕਾਂ[80*] ਲਖੂਖਾਂ[81] ਅਤੇ ਕ੍ਰੋੜਾਂ[82] ਪਵਿੱਤਰ ਪੁਰਸ਼, ਹੇ ਮੇਰੇ ਪ੍ਰੀਤਮ[83] ! ਤੇਰੇ ਇਕ ਵਾਲ[84] ਨੂੰ ਨਹੀਂ ਅੱਪੜਦੇ[85]।
ਤੂ ਸਾਹੀ[86] ਹੂ ਸਾਹੁ ਹਉ[87] ਕਹਿ[88] ਨ ਸਕਾ ਗੁਣ[89] ਤੇਰਿਆ ॥੫॥	Thou art the King of kings[86]. I[87] can say[88] not Thine excellences[89].	ਤੂੰ ਪਾਤਿਸ਼ਾਹਾਂ[86] ਦਾ ਪਾਤਿਸ਼ਾਹ ਹੈਂ। ਮੈਂ[87] ਤੇਰੀਆਂ ਵਡਿਆਈਆਂ[89] ਆਖ[88] ਨਹੀਂ ਸਕਦੀ।
ਸਹੀਆ[90] ਤਉ ਅਸੰਖ[91] ਮੰਞਹੁ[92]ਹਭਿ[93]ਵਧਾਣੀਆ[94]। ਹਿਕ[95] ਭੋਰੀ[96] ਨਦਰਿ[97] ਨਿਹਾਲਿ[98]ਦੇਹਿ[99] ਦਰਸੁ[100] ਰੰਗੁ[2] ਮਾਣੀਆ[3] ॥੬॥	O Lord, countless[91], are Thine brides[90], all[93] greater[94] than me[92]. O my Spouse, look[98] Thou with grace[97] on me even for an[95] instant[96] and bless[99] me with Thine vision[100], that I may revel[3] in Thy love[2].	ਹੇ ਸੁਆਮੀ ! ਅਣਗਿਣਤ[91] ਹਨ ਤੇਰੀਆਂ ਪਤਨੀਆਂ[90] ਉਹ ਸਾਰੀਆਂ[93] ਮੇਰੇ ਨਾਲੋਂ[92] ਵਧ ਚੜ੍ਹ ਕੇ[94] ਹਨ। ਹੇ ਮੇਰੇ ਕੰਤ ! ਤੂੰ ਇਕ[95] ਮੁਹਤ[96] ਭਰ ਲਈ ਹੀ ਮੈਨੂੰ ਮਿਹਰ[97] ਨਾਲ ਵੇਖ[98] ਅਤੇ ਮੈਨੂੰ ਆਪਣਾ ਦਰਸ਼ਨ[100] ਬਖ਼ਸ਼[99] ਤਾਂ ਜੋ ਮੈਂ ਤੇਰੇ ਪ੍ਰੇਮ[2] ਦਾ ਅਨੰਦ ਲਵਾਂ[3]।
ਜੈ[4] ਡਿਠੇ[5] ਮਨੁ ਧੀਰੀਐ[6] ਕਿਲਵਿਖ[7] ਵੰਞਨਿ ਦੂਰੇ[8] ॥ ਸੋ ਕਿਉ ਵਿਸਰੈ[9] ਮਾਉ[10] ਮੈ ਜੋ ਰਹਿਆ ਭਰਪੂਰੇ[12] ॥ ੭॥	Seeing[5] whom[4] my soul is comforted[6] and sins[7] flee away[8], why should I forget[9] Him, O my mother[10], who is fully pervading[12] all ?	ਜਿਸ ਨੂੰ[4] ਵੇਖਣ[5] ਦੁਆਰਾ ਮੇਰੀ ਆਤਮਾ ਧੀਰਜ ਫੜ[6] ਲੈਂਦੀ ਹੈ ਅਤੇ ਪਾਪ[7] ਦੂਰ ਦੌੜ ਜਾਂਦੇ[8] ਹਨ, ਮੈਂ ਉਸ ਨੂੰ ਕਿਉਂ ਭੁਲਾਵਾਂ[9], ਹੇ ਮੇਰੀ ਮਾਤਾ[10] ! ਜੋ ਸਾਰੇ ਪਰੀਪੂਰਨ ਹੋ ਰਿਹਾ[12] ਹੈ ?
ਹੋਇ[13] ਨਿਮਾਣੀ[14] ਢਹਿ[15]	Becoming[13] utterly humble[14] I	ਪਰਮ ਆਜਿਜ਼[14] ਹੋ[13]ਮੈਂ ਉਸ ਦੇ ਬੂਹੇ ਡਿੱਗ ਪਈ[15]ਅਤੇ

ਪਈ ਮਿਲਿਆ ਸਹਜਿ ਸੁਭਾਇ[16] ॥ ਪੂਰਬਿ[17] ਲਿਖਿਆ ਪਾਇਆ ਨਾਨਕ ਸੰਤ ਸਹਾਇ[18]॥੮॥੧॥੪॥

dropped down[15] at His door and He met me all spontaneously[16]. By the saints' assistance[18], Nanak has obtained what was pre-destined[17] for him.

ਉਹ ਆਪਣੇ ਆਪ[16] ਹੀ ਮੈਨੂੰ ਆ ਮਿਲਿਆ । ਸਾਧੂਆਂ ਦੀ ਸਹਾਇਤਾ[18] ਦੁਆਰਾ ਨਾਨਕ ਨੇ ਉਹ ਕੁਛ ਪਰਾਪਤ ਕਰ ਲਿਆ ਹੈ, ਜੋ ਉਸ ਦੇ ਲਈ ਮੁੱਢ ਤੋਂ ਲਿਖਿਆ ਹੋਇਆ[17] ਸੀ ।

ਸੂਹੀ ਮਹਲਾ ੫ ॥

Suhi 5th Guru.

ਸੂਹੀ ਪੰਜਵੀਂ ਪਾਤਿਸ਼ਾਹੀ ।

ਸਿਮ੍ਰਿਤਿ ਬੇਦ ਪੁਰਾਣ ਪੁਕਾਰਨਿ[19] ਪੋਥੀਆ[20] ॥ ਨਾਮ ਬਿਨਾ ਸਭਿ[21] ਕੂੜੁ[22] ਗਾਲ੍ਹੀ[23] ਹੋਛੀਆ[24] ॥੧॥

The Simirtis, the Vedas,the Puranas and other Religious Books[20] proclaim[19], that without the Name all[21] other things[23] are false[22] and worthless[24].

ਸਿਮ੍ਰਤੀਆਂ, ਵੇਦ, ਪੁਰਾਣ ਅਤੇ ਹੋਰ ਧਾਰਮਕ ਪੁਸਤਕਾਂ[20] ਕੂਕਦੀਆਂ[19] ਹਨ ਕਿ ਨਾਮ ਦੇ ਬਗੈਰ, ਹੋਰ ਸਾਰੀਆਂ[21] ਚੀਜ਼ਾਂ[23] ਝੂਠੀਆਂ[22] ਅਤੇ ਬੇਫ਼ਾਇਦਾ[24] ਹਨ ।

ਨਾਮੁ ਨਿਧਾਨੁ[25] ਅਪਾਰੁ[26] ਭਗਤਾ ਮਨਿ ਵਸੈ ॥ ਜਨਮ[27] ਮਰਣ[28] ਮੋਹੁ[29] ਦੁਖੁ[30] ਸਾਧੂ ਸੰਗਿ ਨਸੈ[31] ॥ ੧॥ਰਹਾਉ॥

The infinite[26] treasure[25] of the Name abides within the mind of saints. Coming[27], going[28], worldly attachment[29] and distress[30] flee[31] in the society of the saints. Pause.

ਨਾਮ ਦਾ ਬੇਅੰਤ[26] ਖ਼ਜ਼ਾਨਾ[25] ਸਾਧੂਆਂ ਦੇ ਹਿਰਦੇ ਅੰਦਰ ਵਸਦਾ ਹੈ । ਆਉਣਾ[27], ਜਾਣਾ[28], ਸੰਸਾਰੀ ਲਗਨ[29] ਅਤੇ ਕਲੇਸ਼[30] ਸਤਿ ਸੰਗਤ ਵਿਚ ਜੁੜਿਆਂ ਦੌੜ[31] ਜਾਂਦੇ ਹਨ । ਠਹਿਰਾਉ ।

ਮੋਹਿ ਬਾਦਿ[32] ਅਹੰਕਾਰਿ[33] ਸਰਪਰ[34] ਰੁੰਨਿਆ[35] ॥ ਸੁਖੁ[36] ਨ ਪਾਇਨਿ[37] ਮੂਲਿ[38] ਨਾਮ ਵਿਛੁੰਨਿਆ[39] ॥੨॥

They who indulge in worldly love, strife[32] and ego[33], shall assuredly[34] weep[35]. They who are separated[39] from the Name, obtain[37] not peace[36] ever[38].

ਜੋ ਸੰਸਾਰੀ ਮਮਤਾ, ਝਗੜਿਆਂ[32] ਅਤੇ ਹੰਗਤਾ[33] ਅੰਦਰ ਜੁੜੇ ਹਨ, ਉਹ ਨਿਸਚਿਤ[34] ਹੀ ਵਿਰਲਾਪ ਕਰਨਗੇ[35] । ਜੋ ਨਾਮ ਤੋਂ ਵਿਛੜੇ ਹੋਏ[39] ਹਨ, ਉਹ ਕਦਾਚਿਤ[38] ਆਰਾਮ ਚੈਨ[36] ਨੂੰ ਪਰਾਪਤ[37] ਨਹੀਂ ਹੁੰਦੇ ।

ਮੇਰੀ ਮੇਰੀ[40] ਧਾਰਿ ਬੰਧਨਿ[41] ਬੰਧਿਆ[42] ॥ ਨਰਕਿ[43] ਸੁਰਗਿ[44] ਅਵਤਾਰ[45] ਮਾਇਆ[46] ਧੰਧਿਆ[47]॥੩॥

Practising egoism[40], the mortal is bound[42] in bonds[41] and involved in the affairs[47] of mammon[46], he is born[45] in hell[43] and heaven[44].

ਅਪਣਤ[40] ਧਾਰਨ ਕਰਨ ਦੁਆਰਾ, ਪ੍ਰਾਣੀ ਜੂੜਾਂ[41] ਅੰਦਰ ਜਕੜਿਆ ਜਾਂਦਾ[42] ਹੈ ਅਤੇ ਮੋਹਨੀ[46] ਦੇ ਵਿਹਾਰਾਂ[47] ਵਿਚ ਉਲਝ ਕੇ ਉਹ ਦੋਜ਼ਕ[43] ਤੇ ਬਹਿਸ਼ਤ[44] ਵਿਚ ਜਨਮ ਲੈਂਦਾ[45] ਹੈ ।

੭੬੨ 762 ੭੬੨

ਸੋਧਤ[48] ਸੋਧਤ ਸੋਧਿ ਤਤੁ[49] ਬੀਚਾਰਿਆ[50] ॥ ਨਾਮ ਬਿਨਾ ਸੁਖੁ ਨਾਹਿ ਸਰਪਰ[51] ਹਾਰਿਆ ॥੪॥

Collating[48], collating and collating I have found[50] this to be reality[49],that without the Name there is no peace and the mortal assuredly[51] fails.

ਜਾਂਚ[48], ਜਾਂਚ, ਜਾਂਚ ਕੇ ਮੈਂ ਇਹ ਅਸਲੀਅਤ[49] ਲੱਭੀ[50] ਹੈ ਕਿ ਨਾਮ ਦੇ ਬਗੈਰ ਕੋਈ ਆਰਾਮ ਚੈਨ ਨਹੀਂ ਅਤੇ ਪ੍ਰਾਣੀ ਨਿਸਚਿਤ[51] ਹੀ ਹਾਰ ਜਾਂਦਾ ਹੈ ।

ਆਵਹਿ[52] ਜਾਹਿ[53] ਅਨੇਕ[54] ਮਰਿ[55] ਮਰਿ[56] ਜਨਮਤੇ[57]॥ ਬਿਨੁ ਬੂਝੇ[58] ਸਭੁ ਵਾਦਿ[59] ਜੋਨੀ[60] ਭਰਮਤੇ[61] ॥੫॥

Good many[54] come[52] and go[53]. They die[55], depart[56] and are born[57] again. Without realising[58] the Lord all is vain[59] and they wander[61] in existences[60].

ਅਨੇਕਾਂ[54] ਹੀ ਆਉਂਦੇ[52] ਅਤੇ ਜਾਂਦੇ[53] ਹਨ । ਉਹ ਮਰ ਕੇ[55], ਟੁਰ ਜਾਂਦੇ[56] ਅਤੇ ਮੁੜ ਜੰਮਦੇ[57] ਹਨ । ਸਾਹਿਬ ਨੂੰ ਅਨੁਭਵ[58] ਕਰਨ ਦੇ ਬਾਝੋਂ ਸਾਰਾ ਕੁਛ ਬੇਫ਼ਾਇਦਾ[59] ਹੈ ਅਤੇ ਉਹ ਜੂਨੀਆ[60] ਅੰਦਰ ਭਟਕਦੇ[61] ਹਨ ।

ਜਿਨ ਕਉ ਭਏ ਦਇਆਲ[62] ਤਿਨ[63] ਸਾਧੂ ਸੰਗੁ ਭਇਆ[64] ॥	They[63] to whom the Lord becomes merciful[62], obtain[64] the society of saints.	ਜਿਨ੍ਹਾਂ ਤੇ ਪ੍ਰਭੂ ਮਇਆਵਾਨ[62] ਹੋ ਜਾਂਦਾ ਹੈ, ਉਹ[63] ਸਤਿ ਸੰਗਤ ਨੂੰ ਪਰਾਪਤ[64] ਹੋ ਜਾਂਦੇ ਹਨ ।
ਅੰਮ੍ਰਿਤੁ[65] ਹਰਿ ਕਾ ਨਾਮੁ ਤਿਨੀ ਜਨੀ[66] ਜਪਿ[67] ਲਇਆ ॥੬॥	Those persons[66] meditate[67] on the ambrosial[65] Name of the Lord.	ਉਹ ਪੁਰਸ਼[66] ਪ੍ਰਭੂ ਦੇ ਸੁਧਾ-ਸਰੂਪ[65] ਨਾਮ ਦਾ ਸਿਮਰਨ[67] ਕਰਦੇ ਹਨ ।
ਖੋਜਹਿ[68] ਕੋਟਿ[69] ਅਸੰਖ[70] ਬਹੁਤੁ[71] ਅਨੰਤ[72] ਕੇ[73] ॥	Various[73], many[71] millions[69], countless[70] and infinite[72] are such beings, who search[68] for God.	ਅਨੇਕਾਂ[73], ਘਣੇਰੇ[71], ਕ੍ਰੋੜਾਂ[69], ਅਣਗਿਣਤ[70] ਅਤੇ ਬੇਅੰਤ[72] ਹਨ ਐਸੇ ਜੀਵ ਜੋ ਵਾਹਿਗੁਰੂ ਨੂੰ ਭਾਲਦੇ[68] ਹਨ ।
ਜਿਸੁ ਬੁਝਾਏ[74] ਆਪਿ[75] ਨੇੜਾ[76] ਤਿਸੁ[77] ਹੇ ॥੭॥	But he, whom the Lord causes to know[74] His Ownself[75]; he[77] alone sees Him near[76].	ਪਰ ਜਿਸ ਨੂੰ ਸੁਆਮੀ ਆਪਣੇ ਆਪ[75] ਨੂੰ ਦਰਸਾਉਂਦਾ[74] ਹੈ, ਕੇਵਲ ਉਹ[77] ਹੀ ਉਸ ਨੂੰ ਨਜ਼ਦੀਕ[76] ਵੇਖਦਾ ਹੈ ।
ਵਿਸਰੁ[78] ਨਾਹੀ ਦਾਤਾਰ[79] ਆਪਣਾ ਨਾਮੁ ਦੇਹੁ[80] ॥	O my Bountiful[79] Lord, forget[78] Thou me not and bless[80] me with Thy Name.	ਹੇ ਮੇਰੇ ਉਦਾਰਚਿਤ[79] ਸੁਆਮੀ ! ਤੂੰ ਮੈਨੂੰ ਨਾ ਭੁਲਾ[78] ਅਤੇ ਮੈਨੂੰ ਆਪਣਾ ਨਾਮ ਪਰਦਾਨ[80] ਕਰ ।
ਗੁਣ[81] ਗਾਵਾ ਦਿਨੁ ਰਾਤਿ ਨਾਨਕ ਚਾਉ[82] ਏਹੁ ॥੮॥੨॥੫॥੧੬॥	This alone is the fervent yearning[82] of Nanak, O Lord, that 'day and night, I may sing Thine praises[81]'.	ਕੇਵਲ ਇਹ ਹੀ ਹੈ, ਤੀਬਰ ਚਾਹਨਾ[82] ਨਾਨਕ ਦੀ ਹੇ ਸੁਆਮੀ ! 'ਦਿਨ ਰਾਤ ਮੈਂ ਤੇਰੀਆਂ ਸਿਫ਼ਤਾਂ[81] ਗਾਇਨ ਕਰਦਾ ਰਹਾਂ ।'
ਰਾਗੁ ਸੂਹੀ **ਮਹਲਾ ੧ ਕੁਚਜੀ**	**Rag Suhi** **Ist Guru Kuchajji**	**ਰਾਗ ਸੂਹੀ** **ਪਹਿਲੀ ਪਾਤਿਸ਼ਾਹੀ ਕੁਚੱਜੀ**
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਮੰਞੁ[83] ਕੁਚਜੀ[84] ਅੰਮਾਵਣਿ[85] ਡੋਸੜੇ[86] ਹਉ ਕਿਉ[87] ਸਹੁ[88] ਰਾਵਣਿ[89] ਜਾਉ ਜੀਉ ॥	I[83] am ill-mannered[84]. In me are infinite[85] demerits[86]. How[87] can I go to enjoy[89] my Spouse[88] ?	ਮੈਂ[83] ਬੇ-ਸ਼ਊਰੀ[84] ਹਾਂ । ਮੇਰੇ ਵਿਚ ਬੇਅੰਤ[85] ਅਉਗਣ[86] ਹਨ । ਮੈਂ ਕਿਸ ਤਰ੍ਹਾਂ[87] ਆਪਣੇ ਪਤੀ[88] ਨੂੰ ਮਾਣਨ[89] ਲਈ ਜਾ ਸਕਦੀ ਹਾਂ ?
ਇਕ ਦੂ ਇਕਿ ਚੜੰਦੀਆ[90] ਕਉਣੁ ਜਾਣੈ ਮੇਰਾ ਨਾਉ ਜੀਉ ॥	Amongst my Spouse's brides, one is better than the other[90]. Who is there, that knows my Name even ?	ਮੇਰੇ ਕੰਤ ਦੀਆਂ ਵਹੁਟੀਆਂ ਵਿਚ ਇਕ ਤੋਂ ਇਕ ਚੜ੍ਹਦੀ ਤੋਂ ਚੜ੍ਹਦੀ[90] ਹੈ । ਉਥੇ ਮੇਰਾ ਨਾਮ ਭੀ ਕੌਣ ਜਾਣਦਾ ਹੈ ?
ਜਿਨੀ ਸਖੀ[91] ਸਹੁ[92] ਰਾਵਿਆ ਸੇ[93] ਅੰਬੀ[94] ਛਾਵੜੀਏਹਿ[95] ਜੀਉ ॥	The mates[91] who enjoy their Groom[92]; They[93] are in the shade[95] of mango[94] (very fortunate).	ਜੋ ਸਹੇਲੀਆਂ[91] ਆਪਣੇ ਭਰਤੇ[92] ਨੂੰ ਮਾਣਦੀਆਂ ਹਨ, ਉਹ[93] ਅੰਬ[94] ਦੀ ਛਾਂ[95] ਹੇਠਾਂ (ਵਡਭਾਗਣਾਂ) ਹਨ ।
ਸੇ[96] ਗੁਣ[97] ਮੰਞੁ[98] ਨ	I[98] possess not their[96] virtues[97]. To	ਉਨ੍ਹਾਂ[96] ਵਾਲੀਆਂ ਚੰਗਿਆਈਆਂ[97] ਮੇਰੇ[98] ਵਿਚ ਨਹੀਂ ।

ਆਵਨੀ ਹਉ ਕੈ ਜੀ ਦੋਸ[99] ਧਰੇਉ[100] ਜੀਉ ॥	whom should I attribute[100] the blame[99] ?	ਮੈਂ ਕੀਹਦੇ ਉਤੇ ਦੂਸ਼ਣ[99] ਲਾਵਾਂ[100] ?
ਕਿਆ ਗੁਣ[2] ਤੇਰੇ ਵਿਥਰਾ[3] ਹਉ ਕਿਆ ਕਿਆ ਘਿਨਾ[4] ਤੇਰਾ ਨਾਉ ਜੀਉ ॥	What merits[2] of Thine, O Lord should I narrate[3] ? Which ! O, which Names of Thine shall I take[4] (utter)	ਤੇਰੀਆਂ ਕਿਹੜੀਆਂ ਖ਼ੂਬੀਆਂ[2] ਮੈਂ ਵਰਣਨ ਕਰਾਂ[3], ਹੇ ਸੁਆਮੀ ! ਕਿਹੜੇ ਕਿਹੜੇ ਤੇਰੇ ਨਾਮ ਮੈਂ (ਉਚਾਰਣ ਕਰਾਂ) ਲਵਾਂ[4] ?
ਇਕਤੁ ਟੋਲਿ[5] ਨ ਅੰਬੜਾ[6] ਹਉ ਸਦ[7] ਕੁਰਬਾਣੈ[8] ਤੇਰੈ ਜਾਉ ਜੀਉ ॥	I can reach[6] not upto even one virtue[5] of Thine. I am ever[7] a sacrifice[8] unto Thee.	ਮੈਂ ਤੇਰੀ ਇਕ ਨੇਕੀ[5] ਨੂੰ ਭੀ ਅੱਪੜ[6] ਨਹੀਂ ਸਕਦੀ। ਸਦੀਵ[7] ਹੀ ਤੇਰੇ ਉਤੋਂ ਘੋਲੀ ਜਾਂਦੀ[8] ਹਾਂ।
ਸੁਇਨਾ[9] ਰੁਪਾ[10] ਰੰਗੁਲਾ[12] ਮੋਤੀ[13] ਤੈ[14] ਮਾਣਿਕੁ[15] ਜੀਉ ॥	Gold[9], silver[10], pearls[13] and[14] rubies[15] are indeed bliss-bestowing[12].	ਸੋਨਾ[9], ਚਾਂਦੀ[10], ਮੋਤੀ ਹੀਰੇ[13] ਅਤੇ[14] ਲਾਲ[15] ਨਿਰਸੰਦੇਹ ਖ਼ੁਸ਼ੀ ਦੇਣ ਵਾਲੇ[12] ਹਨ।
ਸੇ[16] ਵਸਤੂ[17] ਸਹਿ[18] ਦਿਤੀਆ ਮੈ ਤਿਨ[19] ਸਿਉ[20] ਲਾਇਆ[21] ਚਿਤੁ[22] ਜੀਉ॥	Such[16] things[17] my Bridegroom[18] has given to me and I have fixed[21] my heart[22] with[20] them[19].	ਇਹੋ ਜਿਹੀਆਂ[16] ਚੀਜ਼ਾਂ[17] ਮੇਰੇ ਪਤੀ[18] ਨੇ ਮੈਨੂੰ ਦਿੱਤੀਆਂ ਹਨ ਅਤੇ ਮੈਂ ਉਨ੍ਹਾਂ[19] ਨਾਲ[20] ਆਪਣਾ ਦਿਲ[22] ਜੋੜ ਲਿਆ[21] ਹੈ।
ਮੰਦਰ[23] ਮਿਟੀ[24] ਸੰਦੜੇ[25] ਪਥਰ[26] ਕੀਤੇ ਰਾਸਿ[27] ਜੀਉ॥	The palaces[23] raised by bricks[25] and mud[24] are adorned[27] with stones[26].	ਇੱਟਾਂ[25] ਅਤੇ ਗਾਰੇ[24] ਦੇ ਨਾਲ ਬਣੇ ਹੋਏ ਮਹਿਲ[23] ਪੱਥਰਾਂ[26] ਨਾਲ ਸਜਾਏ ਹੋਏ[27] ਹਨ।
ਹਉ[28] ਏਨੀ[29] ਟੋਲੀ[30] ਭੁਲੀਅਸੁ[31] ਤਿਸੁ[32] ਕੰਤ[33] ਨ ਬੈਠੀ[35] ਪਾਸਿ[34] ਜੀਉ॥	I[28] am gone astray[31] in these[29] decorations[30] and sit[35] not near[34] that[32] Bridegroom[33] of mine.	ਇਨ੍ਹਾਂ[29] ਸਜਾਵਟਾਂ[30] ਅੰਦਰ ਮੈਂ[28] ਕੁਰਾਹੇ[31] ਪਈ ਹੋਈ ਹਾਂ, ਅਤੇ ਉਸ[32] ਆਪਣੇ ਭਰਤੇ[33] ਦੇ ਨੇੜੇ[34] ਨਹੀਂ ਬਹਿੰਦੀ[35]।
ਅੰਬਰਿ[35*] ਕੂੰਜਾ[36] ਕੁਰਲੀਆ[37] ਬਗ[38] ਬਹਿਠੇ[39] ਆਇ[40] ਜੀਉ ॥	The floricans[36] shriek[37] in the sky[35*] and the herons[38] come[40] and sit down[39].	ਕੂਲੰਗ[36] ਅਸਮਾਨ[35*] ਵਿਚ ਬੋਲਦੇ[37] ਹਨ ਅਤੇ ਬਗਲੇ[38] ਆ ਕੇ[40] ਬਹਿ ਗਏ[39] ਹਨ।
ਸਾਧਨ[41] ਚਲੀ[42] ਸਾਹੁਰੈ[4] ਕਿਆ[44] ਮੁਹੁ[45] ਦੇਸੀ[46] ਅਗੈ[47] ਜਾਇ[48] ਜੀਉ ॥	The bride[41] goes[42] to her Father-in-law's[43]. Going[48] hereafter[47], what[44] face[45] shall she show[46] ?	ਵਹੁਟੀ[41] ਆਪਣੇ ਸਹੁਰਿਆਂ[43] ਨੂੰ ਜਾਂਦੀ[42] ਹੈ। ਅੱਗੇ[47] ਜਾ ਕੇ[48] ਉਹ ਕਿਹੜਾ[44] ਮੂੰਹ[45] ਦਿਖਾਏਗੀ[46] ?
ਸੁਤੀ ਸੁਤੀ[49] ਝਾਲੁ[50] ਥੀਆ ਭੁਲੀ[51] ਵਾਟੜੀਆਸੁ[52] ਜੀਉ ॥	She has forgotten[51] her journey[52] and was soundly sleeping[49], when the day dawned[50].	ਉਹ ਆਪਣਾ ਸਫ਼ਰ[52] ਭੁੱਲ ਗਈ[51] ਸੀ ਅਤੇ ਘੂਕ ਸੁੱਤੀ[49] ਪਈ ਸੀ ਜਦ ਕਿ ਪਹੁ ਫੁਟ ਪਈ[50]।
ਤੈ[53] ਸਹ ਨਾਲਹੁ[54] ਮੁਤੀਅਸੁ[55] ਦੁਖਾ[56] ਕੂੰ ਧਰੀਆਸੁ[57] ਜੀਉ ॥	Separating[55] from Thee[53], O Spouse[54], she has amassed[57] pain[56] for herself.	ਤੇਰੇ[53] ਨਾਲੋਂ ਵਿਛੁੜ ਕੇ[55], ਹੇ ਪਤੀ[54], ਉਸ ਨੇ ਆਪਣੇ ਲਈ ਤਕਲੀਫ਼ਾਂ[56] ਨੂੰ ਇਕੱਤਰ[57] ਕਰ ਲਿਆ ਹੈ।
ਤੁਧੁ ਗੁਣ[58] ਮੈ ਸਭਿ ਅਵਗਣਾ[59] ਇਕ[60] ਨਾਨਕ ਕੀ ਅਰਦਾਸਿ[61] ਜੀਉ ॥	In Thee, O Lord, are merits[58] and in me all demerits[59]. This alone[60] is the prayer[61] of Nanak.	ਤੇਰੇ ਵਿਚ, ਹੇ ਸੁਆਮੀ ਨੇਕੀਆਂ[58] ਹਨ ਅਤੇ ਮੇਰੇ ਵਿਚ ਸਾਰੀਆਂ ਬਦੀਆਂ[59]। ਕੇਵਲ[60] ਇਹੀ ਨਾਨਕ ਦੀ ਬੇਨਤੀ[61] ਹੈ।
ਸਭਿ ਰਾਤੀ ਸੋਹਾਗਣੀ[62]	All the nights are for the virtuous	ਸਾਰੀਆਂ ਰਾਤ੍ਰੀਆਂ ਨੇਕ ਪਤਨੀਆਂ[62] ਵਾਸਤੇ ਹਨ। ਮੈਂ

ਮੈ ਡੋਹਾਗਣਿ[63] ਕਾਈ ਰਾਤਿ ਜੀਉ ॥੧॥

brides[62]. May I an unchaste[63] one obtain a night as well.

ਆਚਰਣ-ਹੀਨ[63] ਨੂੰ ਭੀ ਕੋਈ ਇਕ ਰਾਤ ਮਿਲ ਜਾਵੇ ।

ਸੂਹੀ ਮਹਲਾ ੧ ਸੁਚਜੀ ॥

Suhi Ist Guru Suchajji.

ਸੂਹੀ ਪਹਿਲੀ ਪਾਤਿਸ਼ਾਹੀ ਸੁਚੱਜੀ ।

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁਮੇਰੀ ਰਾਸਿ[64]ਜੀਉ॥

When I have Thee, then have I everything Thou O Lord, art my capital[64].

ਜਦ ਤੂੰ ਮੇਰਾ ਹੈਂ, ਤਦ ਹਰ ਸ਼ੈ ਮੇਰੀ ਹੈ । ਤੂੰ ਹੀ, ਹੇ ਸੁਆਮੀ ! ਮੇਰੀ ਪੂੰਜੀ[64] ਹੈਂ ।

ਤੁਧੁ ਅੰਤਰਿ[65] ਹਉ ਸੁਖਿ[66] ਵਸਾ[67] ਤੂੰ ਅੰਤਰਿ ਸਾਬਾਸਿ[68] ਜੀਉ ॥

In[65] Thee I abide[67] in peace[66]. Abiding in Thee I am congratulated[68].

ਤੇਰੇ ਅੰਦਰ[65] ਹੋਣ ਨਾਲ ਮੈਂ ਆਰਾਮ[66] ਵਿੱਚ ਵਸਦੀ[67] ਹਾਂ । ਤੇਰੇ ਅੰਦਰ ਵੱਸਣ ਨਾਲ ਮੈਨੂੰ ਵਧਾਈ ਮਿਲਦੀ[68] ਹੈ ।

ਭਾਣੈ[69] ਤਖਤਿ[70] ਵਡਾਈਆ[71] ਭਾਣੈ ਭਖਿ[72] ਉਦਾਸਿ[73] ਜੀਉ ॥

By Thy will[69], Thou bestowest throne[70] and greatness[71] and by Thy will beggary[72] and despondency[73].

ਆਪਣੀ ਰਜ਼ਾ[69] ਦੁਆਰਾ ਤੂੰ ਰਾਜ ਸਿੰਘਾਸਨ[70] ਅਤੇ ਪ੍ਰਭਤਾ[71] ਬਖਸ਼ਦਾ ਹੈਂ ਅਤੇ ਆਪਣੀ ਰਜ਼ਾ ਦੁਆਰਾ ਮੰਗਣ-ਪਿੰਨਣ[72] ਅਤੇ ਨਿਰਾਸਤਾ[73] ।

ਭਾਣੈ ਥਲ[74] ਸਿਰਿ[75] ਸਰੁ[76] ਵਹੈ[77] ਕਮਲੁ[78] ਫੁਲੈ[79] ਆਕਾਸਿ[80] ਜੀਉ ॥

By Thy will, the ocean[76] flows[77] ever[75] the desert[74] and the lotus[78] blooms[79] in the sky[80].

ਤੇਰੀ ਰਜ਼ਾ ਦੁਆਰਾ ਸਮੁੰਦਰ[76] ਮਾਰੂਥਲ[74] ਉਪਰ[75] ਵੱਗਦਾ[77] ਹੈ ਅਤੇ ਅਸਮਾਨ[80] ਵਿਚ ਕੰਵਲ[78] ਫੁੱਲ ਖਿੜਦਾ[79] ਹੈ ।

ਭਾਣੈ[81]ਭਵਜਲੁ[82]ਲੰਘੀਐ[83] ਭਾਣੈ ਮੰਝਿ[84] ਭਰੀਆਸ[85] ਜੀਉ ॥

In Thy will, the man crosses[83] the dreadful[81] world-ocean[82] and in Thy will, he is filled[85] with sins and is drowned in[84] it.

ਤੇਰੀ ਰਜ਼ਾ ਅੰਦਰ ਬੰਦਾ ਭਿਆਨਕ[81] ਸੰਸਾਰ ਸਮੁੰਦਰ[82] ਤੋਂ ਪਾਰ ਹੋ ਜਾਂਦਾ[83] ਹੈ ਅਤੇ ਤੇਰੀ ਰਜ਼ਾ ਅੰਦਰ ਪਾਪਾਂ ਨਾਲ ਭਰਿਆ ਹੋਇਆ[85] ਉਹ ਇਸ ਵਿਚ[84] ਡੁੱਬ ਜਾਂਦਾ ਹੈ ।

ਭਾਣੈ ਸੋ[86] ਸਹੁ[87] ਰੰਗੁਲਾ[88] ਸਿਫਤਿ[89] ਰਤਾ[90] ਗੁਣ[91] ਤਾਸਿ[92] ਜੀਉ ॥

In His will, He[86] becomes the blissful[88] Spouse[87] of mine and I am imbued[90] with the praise[89] of the Treasure[92] of virtues[91].

ਆਪਣੀ ਰਜ਼ਾ ਅੰਦਰ ਉਹ[86] ਮੇਰਾ ਖੁਸ਼ਬਾਸ਼[88] ਕੰਤ[87] ਹੋ ਜਾਂਦਾ ਹੈ ਅਤੇ ਮੈਂ ਨੇਕੀਆਂ[91] ਦੇ ਖ਼ਜ਼ਾਨੇ[92] ਦੀ ਮਹਿਮਾ[89] ਨਾਲ ਰੰਗੀ ਜਾਂਦੀ[90] ਹਾਂ ।

ਭਾਣੈ ਸਹੁ[93] ਭੀਹਾਵਲਾ[94] ਹਉ ਆਵਣਿ ਜਾਣਿ ਮੁਈਆਸਿ[95] ਜੀਉ ॥

In Thy will, O my Groom[93], Thou seemest dreadful[94] and I am undone[95] in coming and going.

ਆਪਣੀ ਰਜ਼ਾ ਅੰਦਰ, ਹੇ ਮੇਰੇ ਪਤੀ[93] ! ਤੂੰ ਭਿਆਨਕ[94] ਭਾਸਦਾ ਹੈਂ ਤੇ ਮੈਂ ਆਉਣ ਤੇ ਜਾਣ ਵਿਚ ਮਰ ਮੁੱਕ ਗਈ[95] ਹਾਂ ।

ਤੂ ਸਹੁ ਅਗਮੁ[96]ਅਤੋਲਵਾ[97] ਹਉ[99] ਕਹਿ ਕਹਿ[98]ਢਹਿ[100] ਪਈਆਸਿ ਜੀਉ ॥

Thou O Groom, art Unapproachable[96] and Unweighable[97]. Uttering[98], uttering of Thee I[99] have fallen[100] at Thine feet.

ਤੂੰ ਹੇ ਭਰਤੇ ! ਅਪਹੁੰਚ[96] ਅਤੇ ਅਮਾਪ[97] ਹੈਂ । ਤੈਨੂੰ ਵਰਣਨ[98] ਕਰਦੀ ਕਰਦੀ ਮੈਂ[99] ਤੇਰੇ ਪੈਰਾਂ ਤੇ ਡਿੱਗ ਪਈ[100] ਹਾਂ ।

ਕਿਆ[2] ਮਾਗਉ[3] ਕਿਆ ਕਹਿ ਸੁਣੀ ਮੈ ਦਰਸਨ[4] ਭੂਖ[5] ਪਿਆਸਿ[6] ਜੀਉ ॥

What[2] should I ask[3] and what should I say and hear ? I hunger[5] and thirst[6] for Thine vision[4].

ਮੈਂ ਕੀ[2] ਮੰਗਾਂ[3] ਅਤੇ ਕੀ ਆਖਾਂ ਤੇ ਸੁਣਾਂ ? ਮੈਨੂੰ ਤੇਰੇ ਦੀਦਾਰ[4] ਦੀ ਭੁੱਖ[5] ਅਤੇ ਤ੍ਰੇਹ[6] ਹੈ !

੭੬੩ 763 ੭੬੩

ਗੁਰ ਸਬਦੀ[7] ਸਹੁ[8] ਪਾਇਆ

Guru's instruction[7], I have

ਗੁਰਾਂ ਦੇ ਉਪਦੇਸ਼[7] ਦੁਆਰਾ, ਮੈਂ ਆਪਣੇ ਸਿਰ ਦੇ ਸਾਂਈ[8]

ਸਚੁ ਨਾਨਕ ਕੀ ਅਰਦਾਸਿ[9] ਜੀਉ ॥੨॥	obtained my Lord[8], and Nanak's true prayer[9] has been granted.	ਨੂੰ ਪਾ ਲਿਆ ਹੈ ਅਤੇ ਨਾਨਕ ਦੀ ਸੱਚੀ ਪ੍ਰਾਰਥਨਾ[9] ਪਰਵਾਨ ਹੋ ਗਈ ਹੈ।
ਸੂਹੀ ਮਹਲਾ ੫ ॥	Suhi 5th Guru.	ਸੂਹੀ ਪੰਜਵੀਂ ਪਾਤਿਸ਼ਾਹੀ।
ਗੁਣਵੰਤੀ ॥	Gunwanti.	ਗੁਣਵੰਤੀ।
ਜੋ[10] ਦੀਸੈ ਗੁਰ ਸਿਖੜਾ ਤਿਸੁ[12] ਨਿਵਿ ਨਿਵਿ[13] ਲਾਗਉ[14] ਪਾਇ[15] ਜੀਉ ॥	If[10] I see the disciple of the Guru, I bow low[13] and fall[14] at his[12] feet[15].	ਜੇਕਰ[10] ਮੈਂ ਗੁਰੂ ਦੇ ਸਿੱਖ ਨੂੰ ਵੇਖ ਲਵਾਂ, ਤਾਂ ਮੈਂ ਨੀਵੀਂ ਝੁੱਕ[13] ਉਸ[12] ਦੇ ਪੈਰੀਂ[15] ਪੈਂਦੀ[14] ਹਾਂ।
ਆਖਾ[16] ਬਿਰਥਾ[17] ਜੀਅ[18] ਕੀ ਗੁਰੁ ਸਜਣੁ[19] ਦੇਹਿ ਮਿਲਾਇ[20] ਜੀਉ ॥ ਸੋਈ[21] ਦਸਿ[22] ਉਪਦੇਸੜਾ[23] ਮੇਰਾ ਮਨੁ[24] ਅਨਤ[25] ਨ ਕਾਹੂ[26] ਜਾਇ[27] ਜੀਉ ॥	I tell[16] him the pain[17] of my heart[18] and implore him to unite[20] me with the Guru, my friend[19] and impart[22] unto me such[21] an instruction[23], that my soul[24] goes[27] no where[26] else[25].	ਉਸ ਨੂੰ ਮੈਂ ਆਪਣੇ ਦਿਲ[18] ਦਾ ਦੁੱਖ[17] ਦੱਸਦੀ[16] ਹਾਂ, ਅਤੇ ਬਿਨੈ ਕਰਦੀ ਹਾਂ ਕਿ ਉਹ ਮੈਨੂੰ ਮੇਰੇ ਮਿੱਤਰ[19] ਗੁਰਾਂ ਨਾਲ ਮਿਲਾ[20] ਦੇਵੇ ਅਤੇ ਮੈਨੂੰ ਇਹੋ ਜਿਹਾ[21] ਉਪਦੇਸ਼[23] ਦੇਵੇ[22] ਕਿ ਮੇਰੀ ਆਤਮਾ[24] ਹੋਰ[25] ਕਿਧਰੇ[26] ਨਾ ਜਾਵੇ[27]।
ਇਹੁ ਮਨੁ[28] ਤੈ ਕੂੰ[29] ਡੇਵਸਾ[30] ਮੈ ਮਾਰਗੁ[31] ਦੇਹੁ ਬਤਾਇ[32] ਜੀਉ ॥	This soul[28] of mine I shall surrender[30] unto thee[29]. Show[32] thou me the way[31] to my Lord.	ਮੈਂ ਆਪਣੀ ਇਹ ਜਿੰਦੜੀ[28] ਤੈਨੂੰ[29] ਸਮਰਪਣ[30] ਕਰ ਦੇਵਾਂਗੀ। ਤੂੰ ਮੈਨੂੰ ਮੇਰੇ ਮਾਲਕ ਦਾ ਰਸਤਾ[31] ਵਿਖਾਲ[32] ਦੇ।
ਹਉ ਆਇਆ ਦੂਰਹੁ[33] ਚਲਿ ਕੈ ਮੈ ਤਕੀ[34] ਤਉ ਸਰਣਾਇ[35] ਜੀਉ ॥	I have come from afar[33] and I have sought[34] thy protection[35].	ਮੈਂ ਦੁਰੇਡਿਉਂ[33] ਟੁਰ ਕੇ ਆਈ ਹਾਂ ਅਤੇ ਮੈਂ ਤੇਰੀ ਪਨਾਹ[35] ਤਕਾਈ[34] ਹੈ।
ਮੈ ਆਸਾ[36] ਰਖੀ[37] ਚਿਤਿ[38] ਮਹਿ[39] ਮੇਰਾ ਸਭੋ ਦੁਖੁ[41] ਗਵਾਇ[40] ਜੀਉ ॥	Within[39] my mind[38], I have raised[37] hope[36] in thee. Eliminate[40] thou all my suffering[41].	ਆਪਣੇ ਮਨ[38] ਅੰਦਰ[39] ਮੈਂ ਤੇਰੇ ਵਿਚ ਉਮੇਦ[36] ਬੰਨ੍ਹੀ[37] ਹੈ! ਤੂੰ ਮੇਰਾ ਸਮੂਹ ਦੁਖੜਾ[41] ਦੂਰ ਕਰ[40]।
ਇਤੁ[42] ਮਾਰਗਿ[43] ਚਲੇ[44] ਭਾਈਅੜੇ[45] ਗੁਰੁ ਕਹੈ[46] ਸੁ[47] ਕਾਰ[48] ਕਮਾਇ[49] ਜੀਉ ॥	O sister[45], thou who walkest[44] on this[42] path[43], do[49] thou the[47] work[48], the Guru bids[46] thee to do.	ਹੇ ਭੈਣੇ[45]! ਤੂੰ ਜੋ ਇਸ[42] ਰਾਹੇ[43] ਟੁਰਦੀ[44] ਹੈਂ, ਤੂੰ ਉਹ[47] ਕੰਮ[48] ਕਰ[49] ਜਿਹੜਾ ਗੁਰੂ ਜੀ ਤੈਨੂੰ ਆਖਦੇ[46] ਹਨ।
ਤਿਆਗੇ[50] ਮਨ ਕੀ ਮਤੜੀ[51] ਵਿਸਾਰੇ[52] ਦੂਜਾ[53] ਭਾਉ[54] ਜੀਉ ॥	Abandon[50] thou thy mind's intellect[51] and give up[52] the love[54] of another[53].	ਤੂੰ ਆਪਣੇ ਚਿੱਤ ਦੀ ਅਕਲ[51] ਨੂੰ ਛੱਡ ਦੇ[50] ਅਤੇ ਹੋਰਸ[53] ਦੀ ਪ੍ਰੀਤ[54] ਨੂੰ ਤਲਾਂਜਲੀ[52] ਦੇ ਦੇ।
ਇਉ[55] ਪਾਵਹਿ ਹਰਿ ਦਰਸਾਵੜਾ[56] ਨਹ ਲਗੈ[57] ਤਤੀ[58] ਵਾਉ[59] ਜੀਉ ॥	Thus[55] shalt thou have thy Lord's vision[56] and even the hot[58] wind[59] shall touch[57] thee not.	ਇਸ ਤਰ੍ਹਾਂ[55] ਤੂੰ ਆਪਣੇ ਸੁਆਮੀ ਦਾ ਦੀਦਾਰ[56] ਪਾ ਲਵੇਂਗੀ ਅਤੇ ਤੈਨੂੰ ਗਰਮ[58] ਹਵਾ[59] ਤੱਕ ਨਹੀਂ ਲਗੇਗੀ[57]।
ਹਉ ਆਪਹੁ[60] ਬੋਲਿ[61] ਨ ਜਾਣਦਾ ਮੈ ਕਹਿਆ[62] ਸਭੁ ਹੁਕਮਾਉ[63] ਜੀਉ ॥	By myself[60] I know not how to speak[61]. I utter[62] all, that is the command[63] of my Lord.	ਆਪਣੇ ਆਪ[60] ਤਾਂ ਮੈਂ ਬੋਲਣਾ[61] ਹੀ ਨਹੀਂ ਜਾਣਦਾ। ਮੈਂ ਸਮੂਹ ਉਹ ਹੀ ਉਚਾਰਨ[62] ਕਰਦਾ ਹਾਂ ਜਿਹੜਾ ਮੇਰੇ ਪ੍ਰਭੂ ਦਾ ਫੁਰਮਾਨ[63] ਹੈ।
ਹਰਿ ਭਗਤਿ[64] ਖਜਾਨਾ[65]	Guru Nanak has shown[67] mercy[68]	ਗੁਰੂ ਨਾਨਕ ਨੇ ਮੇਰੇ ਉਤੇ ਰਹਿਮਤ[68] ਧਾਰੀ[67] ਹੈ ਅਤੇ ਮੈਨੂੰ

ਬਖਸਿਆ[66] ਗੁਰਿ ਨਾਨਕ ਕੀਆ[67] ਪਸਾਉ[68] ਜੀਉ ॥

unto me and has blessed[66] me with treasure[65] of God's devotional service[64].

ਵਾਹਿਗੁਰੂ ਦੀ ਪ੍ਰੇਮਮਈ[64] ਸੇਵਾ ਦਾ ਭੰਡਾਰ[65] ਪਰਦਾਨ ਕੀਤਾ[66] ਹੈ ।

ਮੈ ਬਹੁੜਿ[69] ਨ ਤ੍ਰਿਸਨਾ[70] ਭੁਖੜੀ[71] ਹਉ[72] ਰਜਾ[73] ਤ੍ਰਿਪਤਿ[74]ਅਘਾਇ[75] ਜੀਉ॥

I shall not again[69] feel thirst[70] and hunger[71]. I[72] am appeased[73], sated[74] and satiated[75]

ਮੈਨੂੰ ਮੁੜ ਕੇ[69] ਤ੍ਰੇਹ[70] ਅਤੇ ਭੁੱਖ[71] ਨਹੀਂ ਲੱਗੇਗੀ । ਮੈਂ[72] ਧ੍ਰਾਪ[73], ਭਰਪੂਰ[74] ਅਤੇ ਸੰਤੁਸ਼ਟ[75] ਹੋ ਗਈ ਹਾਂ ।

ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ ॥੩॥

If I see any Sikh of the Guru, I shall bow low and repair to his feet.

ਜੇਕਰ ਮੈਂ ਕਿਸੇ ਗੁਰੂ ਦੇ ਸਿੱਖ ਨੂੰ ਵੇਖ ਲਵਾਂ, ਮੈਂ ਨੀਵੀਂ ਝੁਕ ਕੇ ਉਸ ਦੇ ਪੈਰੀਂ ਪਵਾਂਗੀ ।

ਰਾਗੁ ਸੂਹੀ ਛੰਤ ਮਹਲਾ ੧ ਘਰੁ ੧

Rag Suhi Chhant Ist Guru

ਰਾਗ ਸੂਹੀ ਛੰਤ ਪਹਿਲੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, is He obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ ਉਹ ਪਾਇਆ ਜਾਂਦਾ ਹੈ ।

ਭਰਿ[76] ਜੋਬਨਿ[77] ਮੈ[78] ਮਤ[79] ਪੇਈਅੜੈ[80] ਘਰਿ ਪਾਹੁਣੀ[81] [82]ਬਲਿਰਾਮ[83] ਜੀਉ ॥

Inebriated[79] with the wine[78] of the prime[76] of youth[77], I know not that I am but a guest[81] at my parents[80] home. I am sacrifice[82] unto my Lord[83].

ਭਰੀ[76] ਜੁਆਨੀ[77] ਦੀ ਸ਼ਰਾਬ[78] ਨਾਲ ਮਤਵਾਲੀ[79] ਹੋ, ਮੈਂ ਨਹੀਂ ਜਾਣਦੀ ਕਿ ਪੇਕੇ[80] ਘਰ ਵਿਚ ਮੈਂ ਕੇਵਲ ਪਰਾਹੁਣੀ[81] ਹਾਂ । ਕੁਰਬਾਨ[82] ਹਾਂ, ਮੈਂ ਆਪਣੇ ਸੁਆਮੀ[83] ਦੇ ਉਤੋਂ ।

ਮੈਲੀ[84] ਅਵਗਣਿ[85]ਚਿਤਿ[86] ਬਿਨੁ ਗੁਰ ਗੁਣ[87] ਨ ਸਮਾਵਨੀ[88] ਬਲਿਰਾਮ ਜੀਉ ॥

My soul[86] is soiled[84] with sins[85] and without the Guru, virtues[87] enter[88] not my mind.

ਮੇਰੀ ਆਤਮਾ[86] ਪਾਪਾਂ[85] ਨਾਲ ਪਲੀਤ ਹੋਈ ਹੋਈ[84] ਹੈ ਅਤੇ ਗੁਰਾਂ ਦੇ ਬਾਝੋਂ ਮੇਰੇ ਮਨ ਅੰਦਰ ਨੇਕੀਆਂ[87] ਪ੍ਰਵੇਸ਼[88] ਨਹੀਂ ਕਰਦੀਆਂ ।

ਗੁਣ ਸਾਰ[89] ਨ ਜਾਣੀ ਭਰਮਿ[90]ਭੁਲਾਣੀ[91] ਜੋਬਨੁ[94] ਬਾਦਿ[92]ਗਵਾਇਆ[93] ॥

I know not the worth[89] of virtues and stray[91] in doubt[90]. Thus am I wasting[93] my youth[94] in vain[92].

ਮੈਂ ਨੇਕੀਆਂ ਦੀ ਕਦਰ[89]ਨੂੰ ਨਹੀਂ ਜਾਣਦੀ ਅਤੇ ਸੰਦੇਹ[90] ਅੰਦਰ ਭਟਕਦੀ[91] ਹਾਂ । ਇਸ ਤਰ੍ਹਾਂ ਮੈਂ ਆਪਣੀ ਜੁਆਨੀ[94] ਨੂੰ ਬੇਫ਼ਾਇਦਾ[92] ਗੁਆ[93] ਰਹੀ ਹਾਂ ।

ਵਰੁ ਘਰੁ[95]ਦਰੁ[96]ਦਰਸਨੁ[97] ਨਹੀ ਜਾਤਾ[98] ਪਿਰ[99] ਕਾ ਸਹਜੁ[100]ਨ ਭਾਇਆ[2] ॥

I know[98] not my Groom[95] I see not His Home[96] and vision[97]. My Beloved's[99] celestial bliss[100] pleases[2] me not.

ਮੈਂ ਆਪਣੇ ਕੰਤ[95] ਨੂੰ ਨਹੀਂ ਜਾਣਦੀ[98] । ਮੈਨੂੰ ਉਸ ਦਾ ਘਰ[96] ਤੇ ਦੀਦਾਰ[97] ਨਹੀਂ ਦਿਸਦਾ । ਮੇਰੇ ਪ੍ਰੀਤਮ[99] ਦੀ ਬੈਕੁੰਠੀ ਖੁਸ਼ੀ[100] ਮੈਨੂੰ ਚੰਗੀ[2] ਨਹੀਂ ਲੱਗਦੀ ।

ਸਤਿਗੁਰ ਪੂਛਿ[3] ਨ ਮਾਰਗਿ[4] ਚਾਲੀ[5] ਸੂਤੀ[8] ਰੈਣਿ[6] ਵਿਹਾਣੀ[7] ॥

I walk[5] not the way[4] after consulting[3] my True Guru and in sleep[8] my night[6] (life) is passing away[7].

ਸੱਚੇ ਗੁਰਾਂ ਨੂੰ ਪੁੱਛ ਕੇ[3] ਮੈਂ ਰਸਤੇ[4] ਨਹੀਂ ਟੁਰਦੀ[5] ਅਤੇ ਨੀਂਦਰ[8] ਵਿਚ ਹੀ ਮੇਰੀ ਜੀਵਨ-ਰਾਤ੍ਰੀ[6] ਬੀਤਦੀ ਜਾ ਰਹੀ[7] ਹੈ ।

ਨਾਨਕ ਬਾਲਤਣਿ[9]

Nanak, in the tender age[9], I am

ਨਾਨਕ, ਮੈਂ ਛੋਟੀ ਅਵਸਥਾ[9] ਵਿਚ ਹੀ ਪਤੀ ਤੋਂ ਬਿਨਾਂ[10]

ਰਾਡੇਪਾ[10]ਬਿਨੁ ਪਿਰ[12]ਧਨ[13] ਕੁਮਲਾਣੀ[14] ॥੧॥	gone without the Spouse[10]. Without her Groom[12], the bride[13] is withering away[14].	ਹੋ ਗਈ ਹਾਂ । ਆਪਣੇ ਪਤੀ[12] ਦੇ ਬਾਝੋਂ ਪਤਨੀ[13] ਸੁੱਕੀ ਸੜੀ ਜਾ ਰਹੀ[14] ਹੈ ।
ਬਾਬਾ[15] ਮੈ ਵਰੁ ਦੇਹਿ[16] ਮੈ ਹਰਿਵਰੁ[17] ਭਾਵੈ[18] ਤਿਸ[19] ਕੀ [20]ਬਲਿਰਾਮ[21] ਜੀਉ ॥	O father[15], wed me[16] to God, I like[18] Him as my Spouse[17]. I belong to Him[19] and am devoted unto[20] my Lord[21].	ਹੇ ਪਿਤਾ[15] ! ਮੈਨੂੰ ਵਿਆਹ ਦੇ[16] । ਮੈਨੂੰ ਵਾਹਿਗੁਰੂ ਆਪਣੇ ਪਤੀ[17] ਵਜੋਂ ਚੰਗਾ[18] ਲੱਗਦਾ ਹੈ । ਮੈਂ ਉਸ ਦੀ[19]ਹਾਂ ਅਤੇ ਆਪਣੇ ਸੁਆਮੀ[21] ਤੋਂ[20]ਸਦਕੇ ਜਾਂਦੀ ਹਾਂ ।
ਰਵਿ ਰਹਿਆ[22] ਜੁਗ ਚਾਰਿ [23]ਤ੍ਰਿਭਵਣ[24] ਬਾਣੀ[25] ਜਿਸ ਕੀ ਬਲਿਰਾਮ ਜੀਉ ॥	The Lord, whose command[25] governs the three[23] worlds[24], is pervading[22] the four ages.	ਸੁਆਮੀ, ਜਿਸ ਦਾ ਹੁਕਮ[25] ਤਿੰਨਾਂ[23] ਜਹਾਨਾਂ[24] ਤੇ ਹਾਵੀ ਹੈ, ਚਾਰਾਂ ਹੀ ਯੁੱਗਾਂ ਅੰਦਰ ਰਮ ਰਿਹਾ[22] ਹੈ ।
ਤ੍ਰਿਭਵਣ ਕੰਤੁ[26] ਰਵੈ[27] ਸੋਹਾਗਣਿ[28]ਅਵਗਣਵੰਤੀ[29] ਦੂਰੇ[30] ॥	The Lord[26] of three worlds enjoys[27] the virtuous brides[28] and keeps afar[30] from the unvirtuous[29] ones.	ਤਿੰਨਾਂ ਜਹਾਨਾਂ ਦਾ ਸੁਆਮੀ[26] ਨੇਕ ਪਤਨੀਆਂ[28] ਨੂੰ ਮਾਣਦਾ[27] ਹੈ ਅਤੇ ਅਉਗਣਹਾਰੀਆਂ[29] ਪਾਸੋਂ ਦੂਰ[30] ਰਹਿੰਦਾ ਹੈ ।
ਜੈਸੀ[31] ਆਸਾ[32] ਤੈਸੀ[33] ਮਨਸਾ[34] ਪੂਰਿ ਰਹਿਆ[35] ਭਰਪੂਰੇ[36] ॥	As[31] is the desire[32], so[33] is the mind's demand[34], which the All-pervading[36] Lord fulfils[35].	ਜਿਹੋ ਜਿਹੀ[31] ਖ਼ਾਹਿਸ਼[32] ਹੈ, ਉਹੋ ਜਿਹੀ[33] ਹੀ ਹੈ ਮਨ ਦੀ ਮੰਗ[34], ਜਿਸਨੂੰ ਸਰਬ-ਵਿਆਪਕ[36] ਸਾਂਈਂ ਪੂਰੀ ਕਰ ਦਿੰਦਾ[35] ਹੈ ।
ਹਰਿ ਕੀ ਨਾਰਿ[37] ਸੁ[43] ਸਰਬ[38]ਸੁਹਾਗਣਿ[39] ਰਾਂਡ[40] ਨ ਮੈਲੈ[41] ਵੇਸੇ[42] ॥	God's bride[37] ! She[43]is ever[38] a happy wife[39] ? She is widowed[40] not, nor wears she the dirty[41] clothes[42].	ਹਰੀ ਦੀ ਪਤਨੀ[37] ! ਉਹ[43] ਹਮੇਸ਼ਾ[38] ਲਈ ਖ਼ੁਸ਼ਬਾਸ਼ ਪਤਨੀ[39] ਹੈ । ਉਹ ਵਿਧਵਾ[40] ਨਹੀਂ ਹੁੰਦੀ, ਨਾ ਹੀ ਗੰਦੇ[41] ਬਸਤਰ[42] ਪਾਉਂਦੀ ਹੈ ।
ਨਾਨਕ ਮੈ ਵਰੁ[44] ਸਾਚਾ ਭਾਵੈ[45] ਜੁਗਿ ਜੁਗਿ[46] ਪ੍ਰੀਤਮ[47] ਤੈਸੇ[48] ॥੨॥	Nanak, I love[45] my True Spouse[44], the Beloved[47], who remains the same[48], all the ages through[46].	ਨਾਨਕ, ਮੈਂ ਆਪਣੇ ਦਿਲਬਰ[47], ਸੱਚੇ ਭਰਤੇ[44] ਨੂੰ ਪਿਆਰ ਕਰਦੀ[45] ਹਾਂ, ਜੋ ਸਾਰਿਆਂ ਯੁਗਾਂ ਅੰਦਰ[46] ਇਕ ਜੈਸਾ[48] ਰਹਿੰਦਾ ਹੈ ।
ਬਾਬਾ ਲਗਨੁ[49] ਗਣਾਇ[50] ਹੰਭੀ[51] ਵੰਞਾ[52] ਸਾਹੁਰੈ[53] ਬਲਿਰਾਮ ਜੀਉ ॥	My father, have the auspicious moment[49] calculated[50], when I too[51] may go[52] to my in-laws[53].	ਮੇਰੇ ਬਾਬਲ, ਸੁਲੱਖਣਾ ਸਮਾਂ[49] ਗਿਣਵਾ[50] ਲਉ, ਜਦ ਮੈਂ ਭੀ[51] ਆਪਣੇ ਸਹੁਰੀਂ[53] ਜਾਵਾਂ[52] ।
ਸਾਹਾ[54] ਹੁਕਮੁ[55] ਰਜਾਇ[56] ਸੋ[57]ਨ ਟਲੈ[58] ਜੋ[59] ਪ੍ਰਭੁ[60] ਕਰੈ[61] ਬਲਿਰਾਮ ਜੀਉ ॥	The marriage moment[54] is that, which[59] the Lord[60] of the will[56] fixes[61] by His orders[55]. That[57] order cannot be undone[58].	ਵਿਆਹ ਦਾ ਮੁਹਤ[54] ਉਹ ਹੈ, ਜਿਸ[59] ਨੂੰ ਰਜ਼ਾ[56] ਦਾ ਸੁਆਮੀ[60] ਆਪਣੇ ਫੁਰਮਾਨ[55] ਦੁਆਰਾ ਨੀਅਤ ਕਰਦਾ[61] ਹੈ । ਉਹ[57] ਫੁਰਮਾਣ ਮੇਟਿਆ[58] ਨਹੀਂ ਜਾ ਸਕਦਾ ।
ਕਿਰਤੁ[62]ਪਇਆ[63] ਕਰਤੈ[64] ਕਰਿ ਪਾਇਆ[65] ਮੇਟਿ[66] ਨ ਸਕੈ ਕੋਈ ॥	None can efface[66] the past deeds'[62] writ[63], which the Creator[64] has inscribed[65].	ਪੂਰਬਲੇ ਕਰਮਾਂ[62] ਦੀ ਲਿਖਤਾਕਾਰ[63] ਨੂੰ, ਜਿਹੜੀ ਕਿ ਸਿਰਜਣਹਾਰ[64] ਨੇ ਲਿਖੀ[65] ਹੈ, ਕੋਈ ਭੀ ਮੇਸ[66] ਨਹੀਂ ਸਕਦਾ ।
ਜਾਞੀ[67] ਨਾਉ[68] ਨਰਹ[69]	The Groom,the illustrious[68] member	ਕੰਤ, ਜੰਞ ਦਾ ਕੀਰਤੀਮਾਨ[68] ਜਾਞੀ[67] ਪ੍ਰਾਣੀਆਂ[69] ਨੂੰ

ਨਿਹਕੇਵਲੁ[70]ਰਵਿ[71]ਰਹਿਆ ਤਿਹੁ[72] ਲੋਈ[73] ॥

of the marriage[67] party, is the Purifier[70] of the mortals[69] and is pervading[71] the three[72] worlds[73].

ਪਵਿੱਤਰ ਕਰਨ ਵਾਲਾ[70] ਹੈ ਅਤੇ ਤਿੰਨਾਂ[72] ਹੀ ਜਹਾਨਾਂ[73] ਅੰਦਰ ਰਮ ਰਿਹਾ[71] ਹੈ।

ਮਾਇ[74] ਨਿਰਾਸੀ[75] ਰੋਇ[76] ਵਿਛੁੜੀ[77] ਬਾਲੀ[78] ਬਾਲੈ[79] ਹੇਤੈ[80] ॥

Seeing, affection[80] between the girl[78] and the boy[79], the mammon[74] in despair[75] weepingly[76] leaves[77] the girl.

ਕੁੜੀ[78] ਮੁੰਡੇ[79] ਵਿਚਕਾਰ ਪਿਆਰ[80] ਵੇਖ ਕੇ ਮਾਇਆ[74] ਨਾਉਮੀਦੀ[75] ਵਿਚ ਰੋਂਦੀ ਪਿੱਟਦੀ[76] ਹੋਈ ਕੁੜੀ ਨੂੰ ਛੱਡ ਜਾਂਦੀ[77] ਹੈ।

ਨਾਨਕ ਸਾਚ ਸਬਦਿ[81] ਸੁਖ[82] ਮਹਲੀ[83] ਗੁਰਚਰਣੀ[84] ਪ੍ਰਭੁ[86] ਚੇਤੈ[85] ॥ ੩ ॥

O Nanak, clinging to the True Name[81] and the Guru's feet[84], the bride abides in peace[82] in her Lord's[86] mansion[83] and contemplates[85] Him.

ਹੇ ਨਾਨਕ ! ਸੱਚੇ ਨਾਮ[81] ਅਤੇ ਗੁਰਾਂ ਦੇ ਚਰਨਾਂ[84] ਨਾਲ ਜੁੜ ਕੇ, ਪਤਨੀ ਆਰਾਮ[82] ਅੰਦਰ ਆਪਣੇ ਸੁਆਮੀ[86] ਦੇ ਮੰਦਰ[83] ਵਿਚ ਵਸਦੀ ਅਤੇ ਉਸ ਨੂੰ ਸਿਮਰਦੀ[85] ਹੈ।

੭੬੪ 764 ੭੬੪

ਬਾਬੁਲਿ[87]ਦਿਤੜੀ[88]ਦੂਰਿ[89] ਨਾ ਆਵੈ ਘਰਿ ਪੇਈਐ[90] ਬਲਿਰਾਮ ਜੀਉ ॥

The father[87] has married[88] me afar[89] and I shall not return to my parents' home[90].

ਪਿਤਾ[87] ਨੇ ਮੈਨੂੰ ਬਹੁਤ ਦੂਰ[89] ਵਿਆਹ ਦਿੱਤਾ[88] ਹੈ ਅਤੇ ਮੈਂ ਪੇਕੇ ਘਰ[90] ਮੁੜ ਨਹੀਂ ਆਵਾਂਗੀ।

ਰਹਸੀ[91] ਵੇਖਿ[92] ਹਦੂਰਿ[93] ਪਿਰਿ[94] ਰਾਵੀ[95] ਘਰਿ[99] ਸੋਹੀਐ[96] ਬਲਿਰਾਮ ਜੀਉ॥

I am delighted[91] to see[92] near[93] my Beloved[94], who enjoys[95] me and in His home[99] I look beauteous[96].

ਮੈਂ ਆਪਣੇ ਪ੍ਰੀਤਮ[94] ਨੂੰ, ਜੋ ਮੈਨੂੰ ਮਾਣਦਾ[95] ਹੈ, ਨੇੜੇ[93] ਤੱਕ[92] ਕੇ ਖੁਸ਼[91] ਹਾਂ ਅਤੇ ਉਸ ਦੇ ਗ੍ਰਿਹ[99] ਵਿਚ ਸੁਹਣੀ[96] ਲੱਗਦੀ ਹਾਂ।

ਸਾਚੇ ਪਿਰ[100]ਲੋੜੀ[2]ਪ੍ਰੀਤਮ[3] ਜੋੜੀ[4] ਮਤਿ[5] ਪੂਰੀ[6] ਪਰਧਾਨੇ[7] ॥

My True and Beloved[3] Spouse[100] wanted[2] me and He has united[4] me with Himself. My intellect[5] is now rendered perfect[6] and very sublime[7].

ਮੇਰਾ ਸੱਚਾ ਅਤੇ ਪਿਆਰਾ[3] ਕੰਤ[100] ਮੈਨੂੰ ਚਾਹੁੰਦਾ[2] ਸੀ ਅਤੇ ਉਸ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ[4] ਹੈ। ਮੇਰੀ ਅਕਲ[5] ਹੁਣ ਪੂਰਨ[6] ਤੇ ਪਰਮ ਸਰੇਸ਼ਟ[7] ਹੋ ਗਈ ਹੈ।

ਸੰਜੋਗੀ[8] ਮੇਲਾ[9] ਥਾਨਿ[10] ਸੁਹੇਲਾ[12] ਗੁਣਵੰਤੀ[13] ਗੁਰ ਗਿਆਨੇ[14] ॥

By good fortune[8] I have met[9] Him and obtained a comfortable[12] place[10]. I have been rendered virtuous[13] through the Guru-given gnosis[14]

ਚੰਗੇ ਭਾਗਾਂ[8] ਦੁਆਰਾ ਮੈਂ ਉਸ ਨੂੰ ਮਿਲ ਪਈ[9] ਹਾਂ ਅਤੇ ਮੈਂ ਸੁਖਦਾਈ[12] ਟਿਕਾਣਾ[10] ਪਰਾਪਤ ਕਰ ਲਿਆ ਹੈ। ਗੁਰਾਂ ਦੇ ਦਿਤੇ ਹੋਏ ਬ੍ਰਹਮ ਵੀਚਾਰ[14] ਰਾਹੀਂ ਮੈਂ ਨੇਕੀ-ਸੰਯੁਕਤ[13] ਹੋ ਗਈ ਹਾਂ।

ਸਤੁ[15]ਸੰਤੋਖੁ[16] ਸਦਾ[17] ਸਚੁ ਪਲੈ[18] ਸਚੁ ਬੋਲੈ[19] ਪਿਰ[20] ਭਾਏ[21] ॥

Chastity[15], contentment[16] and truthfulness I ever[17] gather in my lap[18] and my Spouse[20] loves[21] me for my true speech[19].

ਪਵਿੱਤਰਤਾ[15], ਸੰਤੁਸ਼ਟਤਾ[16] ਅਤੇ ਸੱਚਾਈ ਮੈਂ ਹਮੇਸ਼ਾਂ[17] ਹੀ ਆਪਣੀ ਝੋਲੀ[18] ਵਿਚ ਇਕੱਤਰ ਕਰਦੀ ਹਾਂ ਅਤੇ ਮੇਰੀ ਸੱਚੀ ਬੋਲ-ਬਾਣੀ[19] ਖ਼ਾਤਰ ਮੇਰਾ ਪਤੀ[20] ਮੈਨੂੰ ਪਿਆਰ ਕਰਦਾ[21] ਹੈ।

ਨਾਨਕ ਵਿਛੁੜਿ[22] ਨਾ ਦੁਖੁ ਪਾਏ ਗੁਰਮਤਿ[23] ਅੰਕਿ[24] ਸਮਾਏ[25] ॥੪॥੧॥

Nanak, I shall not now suffer pain through separation[22] and by Guru's instruction[23] shall merge[25] into my Groom's lap[24].

ਨਾਨਕ, ਵਿਛੋੜੇ[22] ਰਾਹੀਂ ਮੈਂ ਹੁਣ ਤਕਲੀਫ ਨਹੀਂ ਉਠਾਵਾਂਗੀ ਅਤੇ ਗੁਰਾਂ ਦੇ ਉਪਦੇਸ਼[23] ਦੁਆਰਾ ਆਪਣੇ ਕੰਤ ਦੀ ਗੋਦੀ[24] ਵਿਚ ਲੀਨ ਹੋ ਜਾਵਾਂਗੀ[25]।

ਰਾਗੁ ਸੂਹੀ ਮਹਲਾ ੧ ਛੰਤੁ ਘਰੁ ੨	Rag Suhi Ist Guru Chhant	ਰਾਗੁ ਸੂਹੀ ਪਹਿਲੀ ਪਾਤਿਸ਼ਾਹੀ ਛੰਤ੍
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਹਮ[26]ਘਰਿ ਸਾਜਨ[27]ਆਏ॥ ਸਾਚੈ[28] ਮੇਲਿ[29] ਮਿਲਾਏ[30]॥	Friends[27] have come into my[26]home. The True Lord[28]has made me meet[30] their union[29].	ਮਿਤ੍ਰ[27] ਮੇਰੇ[26] ਘਰ ਵਿਚ ਆਏ ਹਨ। ਸੱਚੇ ਸਾਂਈ[28] ਨੇ ਮੈਨੂੰ ਉਨ੍ਹਾਂ ਦੇ ਮਿਲਾਪ[29] ਅੰਦਰ ਮਿਲਾ ਦਿੱਤਾ[30]ਹੈ।
ਸਹਜਿ[31] ਮਿਲਾਏ ਹਰਿ ਮਨਿ[32] ਭਾਏ[33] ਪੰਚ[34] ਮਿਲੇ ਸੁਖੁ[35] ਪਾਇਆ ॥	When it pleased[33] the Lord's mind[32], He easily[31] caused me to meet them. Meeting the saints[34]I obtained peace[35].	ਜਦ ਸੁਆਮੀ ਦੇ ਚਿੱਤ[32] ਨੂੰ ਚੰਗਾ ਲੱਗਾ[33], ਉਸ ਨੇ ਸੁਖੈਨ ਹੀ[31] ਮੈਨੂੰ ਉਨ੍ਹਾਂ ਨਾਲ ਮਿਲਾ ਦਿੱਤਾ। ਸੰਤਾਂ[34] ਨੂੰ ਮਿਲ ਕੇ ਮੈਂ ਆਰਾਮ[35] ਪਰਾਪਤ ਕੀਤਾ।
ਸਾਈ[36] ਵਸਤੁ[37] ਪਰਾਪਤਿ ਹੋਈ ਜਿਸੁ ਸੇਤੀ[38] ਮਨੁ ਲਾਇਆ[39] ॥	I have obtained the very[36] thing[37], with[38] which I had attached[39] my mind.	ਮੈਂ ਉਹੀ[36] ਚੀਜ਼[37] ਹਾਸਲ ਕਰ ਲਈ ਹੈ, ਜਿਸ ਨਾਲ[38] ਮੈਂ ਆਪਣਾ ਚਿੱਤ ਜੋੜਿਆ ਹੋਇਆ[39] ਸੀ।
ਅਨਦਿਨੁ[40] ਮੇਲੁ ਭਇਆ ਮਨੁ[41] ਮਾਨਿਆ[42] ਘਰ ਮੰਦਰ[43] ਸੋਹਾਏ[44] ॥	Meeting with saints, night and day[40] my soul[41] remains pleased[42] and beauteous[44] look my home and mansion[43].	ਸਾਧੂਆਂ ਨਾਲ ਮਿਲ ਕੇ, ਰਾਤ ਦਿਨ[40] ਮੇਰੀ ਆਤਮਾ[41] ਪ੍ਰਸੰਨ[42] ਰਹਿੰਦੀ ਹੈ ਅਤੇ ਸੁੰਦਰ[44] ਲੱਗਦੇ ਹਨ ਮੇਰੇ ਘਰ ਅਤੇ ਮਹਿਲ[43]।
ਪੰਚ[95] ਸਬਦ[96] ਧੁਨਿ[97] ਅਨਹਦ[98] ਵਾਜੇ[99] ਹਮ ਘਰਿ ਸਾਜਨ[100] ਆਏ ॥੧॥	The unbeaten[98] melodious[96] music[97] of the five[95] musical instruments resounds[99] since the friends[100] have come into my home.	ਪੰਜੇ[95] ਸੰਗੀਤਕ ਸਾਜ਼ਾਂ ਦਾ ਸੁਤੇਸਿਧ[98] ਸੁਰੀਲਾ[96] ਰਾਗ[97] ਗੂੰਜਦਾ[99] ਹੈ ਕਿਉਂਕਿ ਮਿਤ੍ਰ[100] ਮੇਰੇ ਧਾਮ ਵਿਚ ਆਏ ਹਨ।
ਆਵਹੁ ਮੀਤ[2] ਪਿਆਰੇ[3] ਮੰਗਲ[4] ਗਾਵਹੁ ਨਾਰੇ[5] ॥	Come, O my dear[3] friends[2]. Sing ye songs of joy[4], O women[5].	ਹੇ ਮੇਰੀਓ ਪਿਆਰੀਓ[3] ਸਹੇਲੀਓ[2]! ਆਓ!! ਤੁਸੀਂ ਖ਼ੁਸ਼ੀ[4] ਦੇ ਗੀਤ ਗਾਓ, ਹੇ ਇਸਤ੍ਰੀਓ[5]!
ਸਚੁ ਮੰਗਲੁ ਗਾਵਹੁ ਤਾ[6] ਪ੍ਰਭ ਭਾਵਹੁ[7] ਸੋਹਿਲੜਾ[8] ਜੁਗ ਚਾਰੇ ॥	Sing ye the true songs of joy. Then[6] shall the Lord love[7] ye and ye shall be hailed[8] through the four ages.	ਤੁਸੀਂ ਖ਼ੁਸ਼ੀ ਦੇ ਗੀਤ ਗਾਓ ਤੇ ਤਦ[6] ਪ੍ਰਭੂ ਤੁਹਾਨੂੰ ਪਿਆਰ[7] ਕਰੇਗਾ ਅਤੇ ਚੌਹਾਂ ਯੁਗਾਂ ਅੰਦਰ ਤੁਹਾਡੀ ਸ਼ੋਭਾ ਹੋਵੇਗੀ[8]।
ਅਪਨੈ ਘਰਿ ਆਇਆ ਥਾਨਿ[9]ਸੁਹਾਇਆ[10]ਕਾਰਜ[12] ਸਬਦਿ[13] ਸਵਾਰੇ[14] ॥	My Spouse has come into my house, the place[9] is adorned[10] and His Name[13] has adjusted[14] mine affairs[12].	ਮੇਰਾ ਪਤੀ ਮੇਰੇ ਘਰ ਵਿਚ ਆ ਗਿਆ ਹੈ, ਥਾਂ[9] ਸੁਸ਼ੋਭਤ ਹੋ ਗਈ[10] ਹੈ ਅਤੇ ਉਸ ਦੇ ਨਾਮ[13] ਨੇ ਮੇਰੇ ਕੰਮ[12] ਰਾਸ ਕਰ ਦਿਤੇ[14] ਹਨ।
ਗਿਆਨ[15] ਮਹਾ[16] ਰਸੁ[17] ਨੇਤ੍ਰੀ[18] ਅੰਜਨੁ[19] [20]ਤ੍ਰਿਭਵਣ[21] ਰੂਪੁ[22] ਦਿਖਾਇਆ[23] ॥	Applying the salve[19] of the great[16] elixir[17] of gnosis[15] to mine eyes[18], I have seen[23] the Lord's form[22] in the three[20] worlds[21].	ਬ੍ਰਹਿਮ ਗਿਆਨ[15] ਦੇ ਪਰਮ[16] ਅੰਮ੍ਰਿਤ[17] ਦਾ ਸੁਰਮਾ[19] ਆਪਣੀਆਂ ਅੱਖਾਂ[18] ਵਿਚ ਪਾ ਕੇ, ਮੈਂ ਤਿੰਨਾ[20] ਹੀ ਜਹਾਨਾਂ[21] ਅੰਦਰ ਸੁਆਮੀ ਦਾ ਸਰੂਪ[22] ਵੇਖ ਲਿਆ[23]ਹੈ।
ਸਖੀ[24] ਮਿਲਹੁ ਰਸਿ[25]	Meet me, O my mates[24] and sing	ਨੀ ਮੇਰੀਓ ਸਹੇਲੀਓ[24]! ਮੈਨੂੰ ਮਿਲੋ ਅਤੇ ਸੁਆਦ[25]ਨਾਲ

ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥	with zest[25] the songs of rejoicing, my Spouse has come into my house.	ਖੁਸ਼ੀ ਦੇ ਗੀਤ ਗਾਇਨ ਕਰੋ, ਕਿਉਂਕਿ ਮੇਰਾ ਕੰਤ ਮੇਰੇ ਗ੍ਰਿਹਿ ਵਿਚ ਆਇਆ ਹੈ।
ਮਨੁ[26] ਤਨੁ[27] ਅੰਮ੍ਰਿਤਿ[28] ਭਿੰਨਾ[29] ॥ ਅੰਤਰਿ[30] ਪ੍ਰੇਮੁ[31] ਰਤੰਨਾ[32] ॥	My mind[26] and body[27] are bedewed[29] with Nectar[28], within[30] me is the jewel[32] of Lord's love[31].	ਮੇਰਾ ਹਿਰਦਾ[26] ਤੇ ਸਰੀਰ[27] ਸੁਧਾਰਸ[28] ਨਾਲ ਗੱਚ ਹੋਏ[29] ਹੋਏ ਹਨ, ਮੇਰੇ ਅੰਦਰ[30] ਪ੍ਰਭੂ ਦੀ ਪ੍ਰੀਤ[31] ਦਾ ਜਵੇਹਰ[32] ਹੈ।
ਅੰਤਰਿ[33] ਰਤਨੁ ਪਦਾਰਥੁ[34] ਮੇਰੈ ਪਰਮ[35] ਤਤੁ[36] ਵੀਚਾਰੋ[37] ॥	In my mind[33] is the invaluable[34] gem and I reflect over[37] the Supreme[35] Reality[36].	ਮੇਰੇ ਮਨ[33] ਅੰਦਰ ਅਮੋਲਕ[34] ਹੀਰਾ ਹੈ ਅਤੇ ਮੈਂ ਮਹਾਨ[35] ਅਸਲੀਅਤ[36] ਦੀ ਸੋਚ ਵੀਚਾਰ ਕਰਦਾ[37] ਹਾਂ।
ਜੰਤ[38] ਭੇਖ[39] ਤੂ[40] ਸਫਲਿਓ[41] ਦਾਤਾ[42] ਸਿਰਿ ਸਿਰਿ[43] ਦੇਵਣਹਾਰੋ[44] ॥	All the beings[38] are mumpers[39]. Thou art the Giver[42] of all[40] the fruits[41]. Thou givest[44] to all the individuals[43].	ਸਾਰੇ ਜੀਵ[38] ਮੰਗਤੇ[39] ਹਨ। ਤੂੰ ਸਮੂਹ[40] ਫਲ[41] ਦੇਣ ਵਾਲਾ[42] ਹੈਂ। ਤੂੰ ਸਾਰਿਆਂ ਇਨਸਾਨਾਂ[43] ਨੂੰ ਦਿੰਦਾ[44] ਹੈਂ।
ਤੂ ਜਾਨੁ[45] ਗਿਆਨੀ[46] ਅੰਤਰਜਾਮੀ[47] ਆਪੇ ਕਾਰਣੁ[48] ਕੀਨਾ[49] ॥	Thou art the wise[45] Theologian[46] and the inner-knower[47]. Thou Thyself hast created[49] the world[48].	ਤੂੰ ਸਿਆਣਾ[45] ਬ੍ਰਹਿਮਬੇਤਾ[46] ਅਤੇ ਅੰਦਰ ਦੀਆਂ ਜਾਨਣ ਵਾਲਾ ਹੈਂ[47]। ਤੂੰ ਆਪ ਹੀ ਸੰਸਾਰ[48] ਨੂੰ ਰਚਿਆ[49] ਹੈ।
ਸੁਨਹੁ ਸਖੀ ਮਨੁ[50] ਮੋਹਨਿ[51] ਮੋਹਿਆ[52] ਤਨੁ ਮਨੁ ਅੰਮ੍ਰਿਤਿ ਭੀਨਾ ॥੩॥	Hear, O mates, the Fascinator[51] has fascinated[52] my soul[50]. My body and mind are bedewed with Nectar.	ਸੁਣੋ ਹੇ ਸਹੇਲੀਓ! ਫ਼ਰੇਫ਼ਤਾ ਕਰਨ ਵਾਲੇ[51] ਨੇ ਮੇਰੀ ਜਿੰਦੜੀ[50] ਨੂੰ ਫ਼ਰੇਫ਼ਤਾ ਕਰ ਲਿਆ[52] ਹੈ। ਮੇਰਾ ਹਿਰਦਾ ਅਤੇ ਸਰੀਰ ਸੁਧਾਰਸ ਨਾਲ ਗੱਚ ਹੋ ਗਏ ਹਨ।
ਆਤਮ ਰਾਮੁ[53] ਸੰਸਾਰਾ[54] ॥ ਸਾਚਾ ਖੇਲੁ[55] ਤੁਮਾਰਾ ॥	O the All-pervading soul[53] of the world[54], true is Thine play[55].	ਹੇ ਸ੍ਰਿਸ਼ਟੀ[54] ਦੀ ਸਰਬ-ਵਿਆਪਕ[53] ਰੂਹ! ਸੱਚੀ ਹੈ ਤੇਰੀ ਖੇਡ[55]।
ਸਚੁ ਖੇਲੁ ਤੁਮਾਰਾ ਅਗਮ[56] ਅਪਾਰਾ[57] ਤੁਧੁ ਬਿਨੁ[58] ਕਉਣੁ[59] ਬੁਝਾਏ[60] ॥	True is Thine play, O Inaccessible[56] and Infinite[57] Lord. Without[58] Thee, who[89] can make me understand[60] Thee?	ਸੱਚੀ ਹੈ ਤੇਰੀ ਖੇਡ, ਹੇ ਪਹੁੰਚ ਤੋਂ ਪਰੇ[56] ਅਤੇ ਬੇਅੰਤ[57] ਸੁਆਮੀ! ਤੇਰੇ ਬਗ਼ੈਰ[58] ਮੈਨੂੰ ਹੋਰ ਕਿਹੜਾ[59] ਤੈਨੂੰ ਦਰਸਾ[60] ਸਕਦਾ ਹੈ?
ਸਿਧ[61] ਸਾਧਿਕ[62] ਸਿਆਣੇ[63] ਕੇਤੇ[64] ਤੁਝ ਬਿਨੁ ਕਵਣੁ[65] ਕਹਾਏ[66] ॥	Millions[64] of adepts[61], strivers[62] and wisemen[63] there are, but without Thy grace, who[65] can call[66] himself to be anything?	ਕ੍ਰੋੜਾਂ[64] ਹੀ ਪੂਰਨ ਪੁਰਸ਼[61], ਅਭਿਆਸੀ[62] ਅਤੇ ਅਕਲਮੰਦ ਇਨਸਾਨ[63] ਹਨ ਪਰ ਤੇਰੀ ਮਿਹਰ ਦੇ ਬਾਝੋਂ ਕੌਣ[65] ਕੋਈ ਆਪਣੇ ਆਪ ਨੂੰ ਕੁਛ ਅਖਵਾ ਸਕਦਾ[66] ਹੈ?
ਕਾਲੁ[67] ਬਿਕਾਲੁ[68] ਭਏ ਦੇਵਾਨੇ[69] ਮਨੁ[71] ਰਾਖਿਆ ਗੁਰਿ ਠਾਏ[70] ॥	The Guru keeps in its place[70] the mind[71], which is maddened[69] by death[67] and birth[68].	ਗੁਰੂ ਜੀ ਮਨੂਏ[71] ਨੂੰ ਆਪਣੇ ਟਿਕਾਣੇ[70] ਤੇ ਰੱਖਦੇ ਹਨ, ਜਿਸ ਨੂੰ ਕਿ ਮਰਣ[67] ਤੇ ਜੰਮਣ[68] ਨੇ ਕਮਲਾ ਕੀਤਾ ਹੋਇਆ[69] ਹੈ।
ਨਾਨਕ ਅਵਗਣ[72] ਸਬਦਿ[73] ਜਲਾਏ[74] ਗੁਣ[75] ਸੰਗਮਿ[76] ਪ੍ਰਭੁ ਪਾਏ ॥੪॥੧॥੨॥	He, who burns[74] his demerits[72] with the Name[73], obtains the Lord by associating[76] with virtues[75].	ਜੋ ਆਪਣੀਆਂ ਬੁਰਿਆਈਆਂ[72] ਨੂੰ ਨਾਮ[73] ਨਾਲ ਸਾੜ ਸੁੱਟਦਾ[74] ਹੈ, ਉਹ ਨੇਕੀਆਂ[75] ਦੀ ਸੰਗਤ[76] ਦੁਆਰਾ ਸਾਂਈਂ ਨੂੰ ਪਾ ਲੈਂਦਾ ਹੈ।

ਰਾਗੁ ਸੂਹੀ ਮਹਲਾ ੧ ਘਰੁ ੩	**Rag Suhi** **Ist Guru**	ਰਾਗੁ ਸੂਹੀ ਪਹਿਲੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਰਾਪਤ ਹੁੰਦਾ ਹੈ।
ਆਵਹੁ ਸਜਣਾ[77] ਹਉ ਦੇਖਾ ਦਰਸਨੁ[78] ਤੇਰਾ ਰਾਮ ॥	Come, O Friend[77], so that I may behold Thy vision[78].	ਆ ! ਹੇ ਮਿੱਤਰ[77] ! ਤਾਂ ਜੋ ਮੈਂ ਤੇਰਾ ਦੀਦਾਰ[78] ਵੇਖਾਂ।
ਘਰਿ ਆਪਨੜੈ ਖੜੀ[79] ਤਕਾ[80] ਮੈ ਮਨਿ ਚਾਉ[81] ਘਨੇਰਾ[82] ਰਾਮ ॥	Standing[79] at the door of my house, I am watching[80] for Thee. Within my mind is great[82] yearning[81].	ਆਪਣੇ ਘਰ ਦੇ ਬੂਹੇ ਤੇ ਖਲੋ ਕੇ[79] ਮੈਂ ਤੈਨੂੰ ਵੇਖਦੀ[80] ਹਾਂ। ਮੇਰੇ ਚਿੱਤ ਅੰਦਰ ਬਹੁਤੀ[82] ਉਮੰਗ[81] ਹੈ।
ਮਨਿ ਚਾਉ ਘਨੇਰਾ ਸੁਣਿ ਪ੍ਰਭ ਮੇਰਾ ਮੈ ਤੇਰਾ ਭਰਵਾਸਾ[83] ॥	In my mind is great yearning, hear me, O my Lord. I have faith[83] in Thee.	ਮੇਰੇ ਚਿੱਤ ਅੰਦਰ ਬਹੁਤੀ ਉਮੰਗ ਹੈ, ਮੇਰੀ ਗੱਲ ਸੁਣ, ਹੇ ਮੇਰੇ ਮਾਲਕ ! ਮੇਰਾ ਤੇਰੇ ਵਿਚ ਭਰੋਸਾ[83] ਹੈ।
ਦਰਸਨੁ ਦੇਖਿ ਭਈ ਨਿਹਕੇਵਲ[84] ਜਨਮ ਮਰਣ ਦੁਖੁ[85] ਨਾਸਾ[86] ॥	Seeing Thy sight I have become desireless[84] and my pain[85] of birth and death is ended[86].	ਤੇਰਾ ਦੀਦਾਰ ਵੇਖ ਕੇ ਮੈਂ ਇੱਛਾ-ਰਹਿਤ[84] ਹੋ ਗਈ ਹਾਂ ਅਤੇ ਮੇਰਾ ਜੰਮਣ ਮਰਣ ਦਾ ਕਸ਼ਟ[85] ਮੁੱਕ ਗਿਆ[86] ਹੈ।
੭੬੫	765	੭੬੫
ਸਗਲੀ[87] ਜੋਤਿ[88] ਜਾਤਾ[89] ਤੂ ਸੋਈ[90] ਮਿਲਿਆ ਭਾਇ[91] ਸੁਭਾਏ[92] ॥	Amongst all[87] is Thy light[88]. From that[90] light are Thou known[89]. Through love[91] Thou art easily[92] met with.	ਸਾਰਿਆਂ[87] ਅੰਦਰ ਤੇਰਾ ਪ੍ਰਕਾਸ਼[88] ਹੈ। ਉਸ[90] ਪ੍ਰਕਾਸ਼ ਦੇ ਦੁਆਰਾ ਤੂੰ ਜਾਣਿਆ ਜਾਂਦਾ[89] ਹੈਂ। ਪ੍ਰੀਤ[91] ਦੇ ਰਾਹੀਂ ਤੂੰ ਸੁਖੈਨ ਹੀ[92] ਮਿਲ ਪੈਂਦਾ ਹੈਂ।
ਨਾਨਕ ਸਾਜਨ[93] ਕਉ ਬਲਿ[94] ਜਾਈਐ ਸਾਚਿ[95] ਮਿਲੇ ਘਰਿ ਆਏ ॥੧॥	Nanak, I am a sacrifice[94] unto my Friend[93]. The true ones[95], He comes home to meet.	ਨਾਨਕ ਮੈਂ ਆਪਣੇ ਮਿੱਤਰ[93] ਉਤੋਂ ਘੋਲੀ ਜਾਂਦੀ[94] ਹਾਂ। ਸੱਚਿਆਰਾਂ[95] ਨੂੰ ਮਿਲਣ ਲਈ ਉਹ ਘਰ ਚੱਲ ਆਉਂਦਾ ਹੈ।
ਘਰਿ[96] ਆਇਅੜੇ[3] ਸਾਜਨਾ[2] ਤਾ[97] ਧਨ[98] ਖਰੀ[99] ਸਰਸੀ[100] ਰਾਮ ॥	When the Friend[2] comes[3] into the home[96], then[97] is the bride[98] greatly[99] pleased[100].	ਜਦ ਮਿੱਤਰ[2] ਘਰ[96] ਵਿਚ ਆ ਜਾਂਦਾ[3] ਹੈ ਤਾਂ[97] ਸਹੇਲੀ[98] ਬੜੀ[99] ਹੀ ਪਰਸੰਨ ਹੁੰਦੀ[100] ਹੈ।
ਹਰਿ ਮੋਹਿਅੜੀ[4] ਸਾਚ ਸਬਦਿ[5] ਠਾਕੁਰ ਦੇਖਿ ਰਹੰਸੀ[6] ਰਾਮ ॥	She is fascinated[4] with the Lord's True Name[5] and flowers[6] on seeing her Lord.	ਉਹ ਵਾਹਿਗੁਰੂ ਦੇ ਸੱਚੇ ਨਾਮ[5] ਨਾਲ ਫ਼ਰੇਫ਼ਤਾ ਹੋ ਗਈ[4] ਹੈ ਅਤੇ ਆਪਣੇ ਸੁਆਮੀ ਨੂੰ ਵੇਖ ਕੇ ਪ੍ਰਫੁਲਤ[6] ਹੋ ਜਾਂਦੀ ਹੈ।
ਗੁਣ[7] ਸੰਗਿ[8] ਰਹੰਸੀ[9] ਖਰੀ[10] ਸਰਸੀ[12] ਜਾ[13] ਰਾਵੀ[14] ਰੰਗਿ[15] ਰਾਤੈ[16] ॥	Imbued[16] with love[15], when[13] her Groom enjoys[14] her, the bride is pleased[9] and greatly[10] reverdured[12] in the association[8] of virtues[7].	ਪ੍ਰੀਤ[15] ਨਾਲ ਰੰਗੀਜ[16] ਕੇ ਜਦ[13] ਉਸ ਦਾ ਕੰਤ ਉਸ ਨੂੰ ਮਾਣਦਾ[14] ਹੈ, ਤਾਂ ਨੇਕੀਆਂ[7] ਦੀ ਸੰਗਤ[8] ਅੰਦਰ ਪਤਨੀ ਪ੍ਰਸੰਨ[9] ਅਤੇ ਪਰਮ[10] ਹਰੀ ਭਰੀ ਹੋ ਜਾਂਦੀ[12] ਹੈ।
ਅਵਗਣ[17] ਮਾਰਿ[18] ਗੁਣੀ[19] ਘਰੁ[20] ਛਾਇਆ[21] ਪੂਰੈ[22] ਪੁਰਖਿ[23] ਬਿਧਾਤੈ[24] ॥	The perfect[22] Lord[23] Creator[24] destroys[18] her sins[17] and roofs[21] her home[20] with virtues[19].	ਪੂਰਨ[22] ਸੁਆਮੀ[23] ਸਿਰਜਣਹਾਰ[24] ਉਸ ਦੇ ਪਾਪ[17] ਨਸ਼ਟ ਕਰ ਦਿੱਤਾ[18] ਹੈ ਅਤੇ ਉਸ ਦੇ ਘਰ[20] ਨੂੰ ਨੇਕੀਆਂ[19] ਨਾਲ ਛੱਤ ਦਿੰਦਾ[21] ਹੈ।

ਤਸਕਰ[25] ਮਾਰਿ[26] ਵਸੀ[27] ਪੰਚਾਇਣਿ[28]ਅਦਲੁ[29]ਕਰੇ[30] ਵੀਚਾਰੇ[31] ॥	Annihilating[26] the thieves[25], she abides[27] as the mistress[28] of her home and discriminatingly[31] administers[30] justice[29].	ਚੋਰਾਂ[25] ਨੂੰ ਮਾਰ ਕੇ[26],ਉਹ ਆਪਣੇ ਘਰ ਦੀ ਮਾਲਕਣੀ[28] ਹੋ ਵਸਦੀ[27] ਹੈ ਅਤੇ ਸੋਚ ਵੀਚਾਰ[31] ਕੇ ਇਨਸਾਫ਼[29] ਕਰਦੀ[30] ਹੈ।
ਨਾਨਕ ਰਾਮ[32] ਨਾਮਿ ਨਿਸਤਾਰਾ[33] ਗੁਰਮਤਿ[34] ਮਿਲਹਿ ਪਿਆਰੇ[35] ॥ ੨ ॥	Nanak, through the Lord's[32] Name, she is emancipated[33] and by the Guru's instruction[34] meets she with her Beloved[35].	ਨਾਨਕ, ਸਾਂਈਂ[32] ਦੇ ਨਾਮ ਦੇ ਰਾਹੀਂ ਉਸ ਦਾ ਪਾਰ ਉਤਾਰਾ ਹੋ ਜਾਂਦਾ[33] ਹੈ ਅਤੇ ਗੁਰਾਂ ਦੇ ਉਪਦੇਸ਼[34] ਦੁਆਰਾ ਉਹ ਆਪਣੇ ਪ੍ਰੀਤਮ[35] ਨੂੰ ਮਿਲ ਪੈਂਦੀ ਹੈ।
ਵਰੁ[36] ਪਾਇਅੜਾ[37] ਬਾਲੜੀਏ[38] ਆਸਾ[39] ਮਨਸਾ[40] ਪੂਰੀ[41] ਰਾਮ ॥	The young bride[38] has found[37] her Bridegroom[36], and her hopes[39] and aspirations[40] are fulfilled[41].	ਜੁਆਨ ਪਤਨੀ[38] ਨੇ ਆਪਣਾ ਪਤੀ[36] ਪਰਾਪਤ ਕਰ ਲਿਆ[37] ਹੈ, ਅਤੇ ਉਸ ਦੀਆਂ ਉਮੈਦਾਂ[39] ਤੇ ਸੱਧਰਾਂ[40] ਪੂਰੀਆਂ ਹੋ ਗਈਆਂ[41] ਹਨ।
ਪਿਰਿ[42] ਰਾਵਿਅੜੀ[43] ਸਬਦਿ[44] ਰਲੀ[45] ਰਵਿ ਰਹਿਆ[46] ਨਹ ਦੂਰੀ[47] ਰਾਮ ॥	She enjoys[43] her Spouse[42] and through the Name[44] merges[45] in Him, who is pervading[46] all and is not far off[47].	ਉਹ ਆਪਣੇ ਕੰਤ[42] ਨੂੰ ਮਾਣਦੀ[43] ਹੈ ਅਤੇ ਨਾਮ[44] ਦੇ ਰਾਹੀਂ ਉਸ ਅੰਦਰ ਲੀਨ ਹੋ ਜਾਂਦੀ[45] ਹੈ, ਜੋ ਸਾਰੇ ਵਿਆਪਕ ਹੋ ਰਿਹਾ[46] ਹੈ ਅਤੇ ਦੁਰੇਡੇ[47] ਨਹੀਂ।
ਪ੍ਰਭੁ ਦੂਰਿ ਨ ਹੋਈ ਘਟਿ ਘਟਿ[48] ਸੋਈ[49] ਤਿਸ[50] ਕੀ ਨਾਰਿ[51] ਸਬਾਈ[52] ॥	The Lord is not far. In all the hearts[48] is He[49]. All[52] the mortals are His[50] brides[51].	ਸਾਹਿਬ ਦੁਰੇਡੇ ਨਹੀਂ ਉਹ[49] ਸਾਰਿਆਂ ਦਿਲਾਂ[48] ਅੰਦਰ ਹੈ। ਸਮੂਹ[52] ਜੀਵ ਉਸ ਦੀਆਂ[50] ਸਹੇਲੀਆਂ[51] ਹਨ।
ਆਪੇ ਰਸੀਆ[52*] ਆਪੇ ਰਾਵੇ[53] ਜਿਉ[54] ਤਿਸ[55] ਦੀ ਵਡਿਆਈ[56] ॥	The Lord Himself is the Enjoyer[52*] and Himself enjoys[53] as[54] becomes His[55] glory[56].	ਸਾਂਈਂ ਆਪ ਭੋਗਣ ਵਾਲਾ[52*] ਹੈ ਅਤੇ ਆਪ ਹੀ ਜਿਸ ਤਰ੍ਹਾਂ[54] ਉਸ ਦੀ[55] ਕੀਰਤੀ[56] ਹੈ, ਅਨੰਦ ਮਾਣਦਾ[53] ਹੈ।
ਅਮਰ[57] ਅਡੋਲੁ[58] ਅਮੋਲੁ[59] ਅਪਾਰਾ[60] ਗੁਰਿ ਪੂਰੈ[61] ਸਚੁ[62] ਪਾਈਐ ॥	The Imperishable[57], Immovable[58], Invaluable[59] and Infinite[60] True Lord[62] is obtained through the Perfect[61] Guru.	ਅਬਿਨਾਸੀ[57], ਅਹਿੱਲ[58], ਅਮੋਲਕ[59] ਅਤੇ ਅਨੰਤ[60] ਸੱਚਾ ਸਾਹਿਬ[62] ਪੂਰਨ[61] ਗੁਰਾਂ ਦੇ ਰਾਹੀਂ ਪਾਇਆ ਜਾਂਦਾ ਹੈ।
ਨਾਨਕ ਆਪੇ[63] ਜੋਗ[64] ਸਜੋਗੀ[65] ਨਦਰਿ ਕਰੇ[66] ਲਿਵ ਲਾਈਐ[67] ॥ ੩ ॥	Nanak, Himself the Lord mercifully[66] makes[67] the bride love Him and Himself[63] arranges[64] her union[65] with Him.	ਨਾਨਕ, ਸੁਆਮੀ ਖੁਦ ਮਿਹਰ ਧਾਰ[66] ਕੇ, ਪਤਨੀ ਦਾ ਪਿਆਰ ਆਪਣੇ ਨਾਲ ਪਾਉਂਦਾ[67] ਹੈ ਤੇ ਖੁਦ[63] ਹੀ ਉਸ ਦਾ ਆਪਣੇ ਨਾਲ ਮੇਲ[65] ਰਚਦਾ[64] ਹੈ।
ਪਿਰੁ[68] ਉਚੜੀਐ[69] ਮਾੜੜੀਐ[70] ਤਿਹੁ[71] ਲੋਆ[72] ਸਿਰਤਾਜਾ[73] ਰਾਮ ॥	My Love[68] abides in the lofty[69] balcony[70]. He is the Supreme Lord[73] of the three[71] worlds[72].	ਮੇਰਾ ਪ੍ਰੀਤਮ[68] ਉੱਚੀ[69] ਅਟਾਰੀ[70] ਅੰਦਰ ਵਸਦਾ ਹੈ। ਉਹ ਤਿੰਨਾਂ[71] ਹੀ ਜਹਾਨਾਂ[72] ਦਾ ਸ਼ਰੋਮਣੀ ਸਾਹਿਬ[73] ਹੈ।
ਹਉ[74] ਬਿਸਮ[75] ਭਈ ਦੇਖਿ[76] ਗੁਣਾ[77] ਅਨਹਦ[78] ਸਬਦ[79] ਅਗਾਜਾ[80] ਰਾਮ ॥	I[74] am wonderstruck[75], beholding[76] His excellences[77] and within me resounds[80] the unbeaten[78] celestial music[79].	ਉਸ ਦੀਆਂ ਵਡਿਆਈਆਂ[77] ਤੱਕ[76] ਕੇ ਮੈਂ[74] ਅਸਚਰਜ[75] ਹੋ ਗਈ ਹਾਂ ਅਤੇ ਮੇਰੇ ਅੰਦਰ ਸੁਤੇ ਸਿੱਧ[78] ਬੈਕੁੰਠੀ ਕੀਰਤਨ[79] ਗੂੰਜਦਾ[80] ਹੈ।

ਸਬਦੁ[81] ਵੀਚਾਰੀ[82] ਕਰਣੀ[83] ਸਾਰੀ[84] ਰਾਮ[85] ਨਾਮੁ ਨੀਸਾਣੋ[86] ॥	I ponder[82] on the Name[81], do sublime[84] deeds[83] and I am blessed with the standard[86] of the Lord's[85] Name.	ਮੈਂ ਨਾਮ[81] ਦਾ ਆਰਾਧਨ ਕਰਦਾ[82] ਹਾਂ, ਸਰੇਸ਼ਟ[84] ਅਮਲ[83] ਕਮਾਉਂਦਾ ਹਾਂ ਅਤੇ ਮੈਨੂੰ ਪ੍ਰਭੂ[85] ਦੇ ਨਾਮ ਦਾ ਨਿਸ਼ਾਨ[86] ਪਰਦਾਨ ਹੋਇਆ ਹੋਇਆ ਹੈ ।
ਨਾਮ ਬਿਨਾ ਖੋਟੇ[87] ਨਹੀ ਠਾਹਰ[88] ਨਾਮੁ ਰਤਨੁ[89] ਪਰਵਾਣੋ[90] ॥	Without the Name, the false[87] find no place of rest[88]. The jewel[89] of the Lord's Name alone becomes acceptable[90].	ਨਾਮ ਦੇ ਬਗ਼ੈਰ, ਕੂੜਿਆਂ[87] ਨੂੰ ਕੋਈ ਆਰਾਮ ਦਾ ਟਿਕਾਣਾ[88] ਨਹੀਂ ਮਿਲਦਾ । ਕੇਵਲ ਸਾਂਈਂ ਦੇ ਨਾਮ ਦਾ ਜਵੇਹਰ[89] ਹੀ ਕਬੂਲ[90] ਪੈਂਦਾ ਹੈ ।
ਪਤਿ[91] ਮਤਿ[92] ਪੂਰੀ[93] ਪੂਰਾ[94] ਪਰਵਾਨਾ[95] ਨਾ ਆਵੈ ਨਾ ਜਾਸੀ ॥	Perfect[93] is my honour[91], my intellect[92] and perfectly complete[94] my way-pass[95]. I shall, therefore, neither come nor go.	ਪੂਰਨ[93] ਹੈ ਮੇਰੀ ਇੱਜ਼ਤ ਆਬਰੂ[91], ਮੇਰੀ ਅਕਲ[92] ਅਤੇ ਐਨ ਮੁਕੰਮਲ[94] ਮੇਰੀ ਰਾਹਦਾਰੀ[95] । ਇਸ ਲਈ ਮੈਂ ਨਾ ਆਵਾਂਗੀ ਅਤੇ ਨਾ ਹੀ ਜਾਵਾਂਗੀ ।
ਨਾਨਕ ਗੁਰਮੁਖਿ[96] ਆਪੁ[97] ਪਛਾਣੈ[98] ਪ੍ਰਭ ਜੈਸੇ[99] ਅਵਿਨਾਸੀ[100] ॥੪॥੧॥੩॥	Nanak, by Guru's grace[96], who recongnises[98] herself[97], becomes like[99] the Imperishable Lord[100].	ਨਾਨਕ ਗੁਰਾਂ ਦੀ ਦਇਆ[96] ਦੁਆਰਾ ਜੋ ਆਪਣੇ ਆਪ[97] ਦੀ ਸਿੰਞਾਣ ਕਰ ਲੈਂਦੀ[98] ਹੈ, ਉਹ ਅਮਰ ਸਾਂਈਂ[100] ਵਰਗੀ[99] ਹੋ ਜਾਂਦੀ ਹੈ ।
੧ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਰਾਪਤ ਹੁੰਦਾ ਹੈ ।
ਰਾਗੁ ਸੂਹੀ	Rag Suhi	ਰਾਗ ਸੂਹੀ
ਛੰਤ ਮਹਲਾ ੧ ਘਰੁ ੪ ॥	Chhant Ist Guru.	ਛੰਤ ਪਹਿਲੀ ਪਾਤਿਸ਼ਾਹੀ ।
ਜਿਨਿ ਕੀਆ[2] ਤਿਨਿ[3] ਦੇਖਿਆ[4] ਜਗੁ[5] ਧੰਧੜੈ[6] ਲਾਇਆ[7] ॥	He[3] who made[2] the world, watches[4] over it, and yokes[7] the mortals[5] to their tasks[6].	ਜਿਸ ਨੇ ਜਗਤ ਨੂੰ ਸਾਜਿਆ[2] ਹੈ ਉਹ[3] ਇਸ ਦੀ ਨਿਗਾਹਬਾਨੀ ਕਰਦਾ[4] ਹੈ ਅਤੇ ਪ੍ਰਾਨੀਆਂ[5] ਨੂੰ ਕੰਮੀਂ ਕਾਜੀਂ[6] ਲਾਉਂਦਾ[7] ਹੈ ।
ਦਾਨਿ[8] ਤੇਰੈ ਘਟਿ[9] ਚਾਨਣਾ[10] ਤਨਿ[12] ਚੰਦੁ[13] ਦੀਪਾਇਆ[14] ॥	Thine bounties[8], O Lord, illumine[10] the soul[9] and the moon[13] of gnosis shines[14] in the body[12].	ਤੇਰੀਆਂ ਬਖ਼ਸ਼ਸ਼ਾਂ[8], ਹੇ ਸੁਆਮੀ ! ਆਤਮਾ[9] ਨੂੰ ਰੋਸ਼ਨ ਕਰ ਦਿੰਦੀਆਂ[10]ਹਨ ਅਤੇ ਬ੍ਰਹਮ ਗਿਆਨ ਦਾ ਚੰਦਰਮਾ[13] ਦੇਹ[12] ਅੰਦਰ ਪ੍ਰਕਾਸ਼ ਹੋ ਜਾਂਦਾ[14] ਹੈ ।
ਚੰਦੋ ਦੀਪਾਇਆ ਦਾਨਿ[15] ਹਰਿ ਕੈ ਦੁਖੁ[16] ਅੰਧੇਰਾ[17] ਉਠਿ ਗਇਆ[18] ॥	By the Lord's gifts[15], the moon of Divine knowledge shines and the darkness[17] of pain[16] is removed[18].	ਸੁਆਮੀ ਦੀਆਂ ਦਾਤਾਂ[15] ਦੁਆਰਾ ਬ੍ਰਹਿਮ ਵੀਚਾਰ ਦਾ ਚੰਦਰਮਾ ਪਰਕਾਸ਼ ਹੋ ਜਾਂਦਾ ਹੈ ਤੇ ਤਕਲੀਫ਼[16] ਦਾ ਅਨ੍ਹੇਰਾ[17] ਦੂਰ ਹੋ ਜਾਂਦਾ[18] ਹੈ ।
ਗੁਣ[19] ਜੰਞ[20]ਲਾੜੈ[21] ਨਾਲਿ ਸੋਹੈ[22] ਪਰਖਿ[23] ਮੋਹਣੀਐ[24] ਲਇਆ[25] ॥	The marriage party[20] of virtues[19] looks beauteous[22] with the Groom[21], who has chosen[25] the bewitching bride[24] after assaying[23].	ਨੇਕੀਆਂ[19] ਦੀ ਜੰਞ[20] ਪਤੀ[21] ਨਾਲ ਸੁਹਣੀ[22] ਲੱਗਦੀ ਹੈ, ਜਿਸ ਨੇ ਛਾਨ-ਬੀਨ[23] ਕਰਕੇ ਮਨਮੋਹਣੀ ਪਤਨੀ[24] ਲਈ[25] ਹੈ ।
ਵੀਵਾਹੁ ਹੋਆ ਸੋਭ[26]ਸੇਤੀ[27]	The Groom has come[30] whom to the	ਲਾੜਾ ਪੰਜਾਂ[28] ਸੰਗੀਤਕ ਸਾਜ਼ਾਂ ਦੀ ਧੁਨੀ[29] ਸੰਯੁਕਤ ਘਰ

ਪੰਚ[28]ਸਬਦੀ[29]ਆਇਆ[30]॥

accompaniment of the melody[29] of the five[28] musical instruments and the marriage is performed with[27] splendour[26].

ਆਇਆ[30] ਹੈ ਅਤੇ ਬੜੀ ਸਜ ਧਜ[26] ਨਾਲ[27] ਵਿਆਹ ਹੋਇਆ ਹੈ ।

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ ॥੧॥

He, who created the world, watches over it, and yokes the mortals to their tasks.

ਜਿਸ ਨੇ ਜਗਤ ਨੂੰ ਰਚਿਆ ਹੈ, ਉਹ ਇਸ ਦੀ ਨਿਗਾਹਬਾਨੀ ਕਰਦਾ ਹੈ ਅਤੇ ਪ੍ਰਾਨੀਆਂ ਨੂੰ ਕੰਮੀਂ ਕਾਜੀਂ ਲਾਉਂਦਾ ਹੈ ।

ਹਉ ਬਲਿਹਾਰੀ[31]ਸਾਜਨਾ[32] ਮੀਤਾ[33] ਅਵਰੀਤਾ[34] ॥

I am a sacrifice[31] unto my spotless[34] friends[32] and intimates[33].

ਮੈਂ ਆਪਣੇ ਦੋਸ਼-ਰਹਿਤ[34] ਮਿੱਤਰਾਂ[32] ਅਤੇ ਯਾਰਾਂ[33] ਉਤੋਂ ਕੁਰਬਾਨ ਜਾਂਦਾ[31] ਹਾਂ ।

ਇਹੁ ਤਨੁ[35] ਜਿਨ ਸਿਉ ਗਾਡਿਆ[36] ਮਨੁ[37] ਲੀਅੜਾ ਦੀਤਾ[38] ॥

I have exchanged[38] the hearts[37] with those to whom this body[35] is attached[36].

ਜਿਨ੍ਹਾਂ ਨਾਲ ਇਹ ਜਿਸਮ[35] ਜੁੜਿਆ ਹੋਇਆ[36] ਹੈ, ਉਨ੍ਹਾਂ ਨਾਲ ਮੈਂ ਦਿਲਾਂ[37] ਦਾ ਵਟਾਂਦਰਾ ਕੀਤਾ[38] ਹੈ ।

ਲੀਆ[39] ਤ[40] ਦੀਆ[41] ਮਾਨੁ[42] ਜਿਨ੍ ਸਿਉ ਸੇ ਸਜਨ[44] ਕਿਉ ਵੀਸਰਹਿ[43]॥

Why should I forget[43] those friends[44] from whom I have got[39] and[40] to whom I have given[41] the mind[42] ?

ਮੈਂ ਉਨ੍ਹਾਂ ਦੋਸਤਾਂ[44] ਨੂੰ ਕਿਉਂ ਭੁਲਾਵਾਂ[43], ਜਿਨ੍ਹਾਂ ਤੋਂ ਮੈਂ ਮਨ[42] ਲਿਆ[39] ਅਤੇ[40] ਜਿਨ੍ਹਾਂ ਨੂੰ ਦਿੱਤਾ[41] ਹੈ ।

ਜਿਨ੍ ਦਿਸਿ[45] ਆਇਆ ਹੋਹਿ ਰਲੀਆ[46] ਜੀਅ[47] ਸੇਤੀ[48] ਗਹਿ[49] ਰਹਹਿ ॥

Seeing[45] whom I enjoy pleasure[46]; may they ever remain clasped[49] to[48] my soul[47].

ਜਿਨ੍ਹਾਂ ਨੂੰ ਵੇਖ ਕੇ[45] ਮੈਂ ਅਨੰਦ[46] ਮਾਣਦਾ ਹਾਂ; ਉਹ ਸਦਾ ਮੇਰੀ ਜਿੰਦੜੀ[47] ਦੇ ਨਾਲ[48] ਜੁੜੇ[49] ਰਹਿਣ ।

ਸਗਲ ਗੁਣ[50]ਅਵਗਣੁ[51] ਨ ਕੋਈ ਹੋਹਿ ਨੀਤਾ ਨੀਤਾ[52]॥

Ever, ever[52] they have all the merits[50] and not even one demerit[51].

ਸਦਾ, ਸਦਾ[52] ਉਨ੍ਹਾਂ ਕੋਲ ਸਾਰੀਆਂ ਨੇਕੀਆਂ[50] ਹਨ ਅਤੇ ਇਕ ਭੀ ਬਦੀ[51] ਨਹੀਂ ।

ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ ॥੨॥

I am a sacrifice unto my spotless friends and intimates.

ਮੈਂ ਆਪਣੇ ਦੋਸ਼-ਰਹਿਤ ਮਿੱਤਰਾਂ ਅਤੇ ਯਾਰਾਂ ਉਤੋਂ ਕੁਰਬਾਨ ਜਾਂਦਾ ਹਾਂ ।

ਗੁਣਾ[53] ਕਾ ਹੋਵੈ ਵਾਸੁਲਾ[54] ਕਢਿ[55] ਵਾਸੁ[56] ਲਈਜੈ ॥

If the mortal has a casket[54] of fragrant virtues[53], he should extract[55] fragrance[56] from it.

ਜੇਕਰ ਜੀਵ ਦੇ ਕੋਲ ਸੁਗੰਧਤ ਨੇਕੀਆਂ[53] ਦਾ ਡੱਬਾ[54] ਹੋਵੇ, ਤਾਂ ਉਸ ਨੂੰ ਇਸ ਵਿਚੋਂ ਸੁਗੰਧੀ[56] ਲੈ ਲੈਣੀ[55] ਉਚਿਤ ਹੈ ।

ਜੇ[57] ਗੁਣ ਹੋਵਨਿ[58] ਸਾਜਨਾ ਮਿਲਿ ਸਾਝ[59] ਕਰੀਜੈ ॥

If[57] my friends possess[58] virtues, I meet them then and share[59] their virtues.

ਜੇਕਰ[57] ਮੇਰੇ ਦੋਸਤਾਂ ਕੋਲ ਨੇਕੀਆਂ ਹੋਣ[58] ਤਾਂ ਮੈਂ ਉਨ੍ਹਾਂ ਨਾਲ ਮਿਲ ਕੇ ਉਨ੍ਹਾਂ ਵਿਚ ਭਾਈਵਾਲ[59] ਬਣਾਂ ।

੭੬੬ 766 ੭੬੬

ਸਾਝ[63] ਕਰੀਜੈ ਗੁਣਹ ਕੇਰੀ ਛੋਡਿ[61] ਅਵਗਣ[60] ਚਲੀਐ[62] ॥

Let us form a partnership[63] with virtues and abandoning[61] vices[60] walk[62] the Lord's way.

ਆਓ ! ਆਪਾਂ ਨੇਕੀਆਂ ਨਾਲ ਭਿਆਲੀ[63] ਪਾਈਏ ਅਤੇ ਪਾਪਾਂ[60] ਨੂੰ ਤਿਆਗ ਕੇ[61] ਸਾਂਈਂ ਦੇ ਰਾਹੇ ਟੁਰੀਏ[62] ।

ਪਹਿਰੇ[64] ਪਟੰਬਰ[65] ਕਰਿ ਅਡੰਬਰ[66] ਆਪਣਾ ਪਿੜੁ[67] ਮਲੀਐ[68] ॥

Let us wear[64] silks[65] of virtues, make decoration[66] of goodness and take possession[68] of our arena[67].

ਆਓ ! ਆਪਾਂ ਨੇਕੀਆਂ ਦੇ ਰੇਸ਼ਮੀ ਬਸਤਰ[65] ਪਹਿਨੀਏ[64], ਭਲਿਆਈ ਦੀ ਸਜਾਵਟ[66] ਕਰੀਏ ਅਤੇ ਆਪਣੇ ਮਕਾਨ[67] ਤੇ ਕਬਜ਼ਾ[68] ਕਰੀਏ ।

ਜਿਥੈ[69] ਜਾਇ[70] ਬਹੀਐ[71] ਭਲਾ[72] ਕਹੀਐ ਝੋਲਿ[73] ਅੰਮ੍ਰਿਤੁ[74] ਪੀਜੈ[75] ॥	Wherever[69] we go[70] and sit[71], let us talk with goodness[72] and skim[73] and drink-in[75] the Nectar[74].	ਜਿਥੇ ਕਿਤੇ[69] ਭੀ ਆਪਾਂ ਜਾ ਕੇ[70] ਬੈਠੀਏ[71], ਉਥੇ ਭਲੇਮਾਨਸੀ[72] ਨਾਲ ਗੱਲ ਕਰੀਏ ਅਤੇ ਨਿਤਾਰ[73] ਕੇ ਸੁਧਾਰਸ[74] ਪਾਨ ਕਰੀਏ[75] ।
ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥	If the mortal has casket of fragrant virtues, he should extract fragrance from it.	ਜੇਕਰ ਪ੍ਰਾਣੀ ਕੋਲ ਸੁਗੰਧਤ ਨੇਕੀਆਂ ਦਾ ਡੱਬਾ ਹੋਵੇ, ਤਾਂ ਉਸਨੂੰ ਇਸ ਵਿਚੋਂ ਸੁਗੰਧੀ ਲੈ ਲੈਣੀ ਉਚਿੱਤ ਹੈ ।
ਆਪਿ ਕਰੇ ਕਿਸੁ ਆਖੀਐ[76] ਹੋਰੁ ਕਰੇ ਨ ਕੋਈ ॥	It is the Lord Himself, who acts. To whom should we complain[76] ? None else does anything.	ਪ੍ਰਭੂ ਆਪ ਹੀ ਕਰਦਾ ਹੈ । ਅਸੀਂ ਕੀਹਦੇ ਕੋਲ ਫ਼ਰਿਆਦੀ[76] ਹੋਈਏ ? ਹੋਰ ਕੋਈ ਕੁਛ ਨਹੀਂ ਕਰਦਾ ।
ਆਖਣ ਤਾਕਉ[77] ਜਾਈਐ ਜੇ[78] ਭੂਲੜਾ[79] ਹੋਈ ॥	If[78] the Lord errs[79], go and complain to Him[77].	ਜੇਕਰ[78] ਪ੍ਰਭੂ ਗ਼ਲਤੀ[79] ਕਰਦਾ ਹੈ, ਉਸ[77] ਕੋਲ ਜਾ ਕੇ ਫ਼ਰਿਆਦ ਕਰ ।
ਜੇ ਹੋਇ ਭੂਲਾ ਜਾਇ ਕਹੀਐ ਆਪਿ[80] ਕਰਤਾ[81] ਕਿਉ[82] ਭੁਲੈ ॥	If He errs, go and complain to Him, but how[82] can the Creator[81] Himself[80] err ?	ਜੇਕਰ ਉਹ ਗ਼ਲਤੀ ਕਰਦਾ ਹੈ, ਉਸ ਕੋਲ ਜਾ ਕੇ ਫਰਿਆਦ ਕਰ ਪਰ ਸਿਰਜਣਹਾਰ[81] ਖ਼ੁਦ[80] ਕਿਸ ਤਰ੍ਹਾਂ[82] ਭੁੱਲ ਸਕਦਾ ਹੈ ?
ਸੁਣੇ ਦੇਖੇ ਬਾਝੁ[83] ਕਹਿਐ[84] ਦਾਨੁ[85] ਅਣ[86] ਮੰਗਿਆ[87] ਦਿਵੈ[88] ॥	He hears, sees and gives[88] gifts[85] without[83] asking[84] and without[86] praying for[87].	ਉਹ ਸੁਣਦਾ ਹੈ, ਵੇਖਦਾ ਹੈ ਅਤੇ ਬਗ਼ੈਰ[83] ਆਖਿਆਂ[84] ਤੇ ਬਿਨਾ[86] ਜਾਚਨਾ[87] ਕੀਤਿਆਂ ਦਾਤਾਂ[85] ਦਿੰਦਾ[88] ਹੈ ।
ਦਾਨੁ ਦੇਇ ਦਾਤਾ[89] ਜਗਿ[90] ਬਿਧਾਤਾ[91] ਨਾਨਕਾ ਸਚੁ[92] ਸੋਈ[93] ॥	The Beneficent[89] Creator[91] of the universe[90] gives His gifts. Nanak He[93] alone is the True Lord[92] of all.	ਆਲਮ[90] ਦਾ ਦਾਤਾਰ[89] ਸਿਰਜਣਹਾਰ[91] ਆਪਣੀਆਂ ਦਾਤਾਂ ਦਿੰਦਾ ਹੈ । ਨਾਨਕ ਕੇਵਲ ਉਹ[93] ਹੀ ਸਾਰਿਆਂ ਦਾ ਸੱਚਾ ਸੁਆਮੀ[92] ਹੈ ।
ਆਪਿ ਕਰੇ ਕਿਸੁ ਆਖੀਐ ਹੋਰੁ ਕਰੇ ਨ ਕੋਈ ॥੪॥੧॥੪ ॥	It is God, who Himself acts. To whom should we complain None else can do anything.	ਵਾਹਿਗੁਰੂ ਆਪੇ ਹੀ ਕਰਦਾ ਹੈ । ਆਪਾਂ ਕੀਹਦੇ ਕੋਲ ਫ਼ਰਿਆਦੀ ਹੋਈਏ । ਹੋਰ ਕੋਈ ਕੁਝ ਭੀ ਨਹੀਂ ਕਰ ਸਕਦਾ ।
ਸੂਹੀ ਮਹਲਾ ੧ ॥	Suhi Ist Guru.	ਸੂਹੀ ਪਹਿਲੀ ਪਾਤਿਸ਼ਾਹੀ ।
ਮੇਰਾ ਮਨੁ[94] ਰਾਤਾ[95] ਗੁਣ[96] ਰਵੈ[97] ਮਨਿ ਭਾਵੈ[98] ਸੋਈ[99] ॥	Imbued[95] with love, my soul[94] utters[97] the Lord's praises[96] and He[99], the Lord is pleasing[98] to my soul.	ਪ੍ਰੇਮ ਨਾਲ ਰੰਗੀ ਹੋਈ[95], ਮੇਰੀ ਆਤਮਾ[94] ਸਾਂਈਂ ਦਾ ਜੱਸ[96] ਉਚਾਰਦੀ[97] ਹੈ ਅਤੇ ਉਹ[99] ਸਾਂਈਂ ਮੇਰੀ ਆਤਮਾ ਨੂੰ ਚੰਗਾ ਲੱਗਦਾ[98] ਹੈ ।
ਗੁਰ ਕੀ ਪਉੜੀ[100] ਸਾਚ[2] ਕੀ ਸਾਚਾ ਸੁਖੁ[3] ਹੋਈ[4] ॥	Truth[2] is the Guru-given ladder[100] to reach the Lord and with it true peace[3] wells up[4].	ਸੁਆਮੀ ਕੋਲ ਪੁੱਜਣ ਲਈ, ਗੁਰਾਂ ਦੀ ਦਿੱਤੀ ਹੋਈ, ਸੱਚ[2] ਦੀ ਸੀੜ੍ਹੀ[100] ਹੈ ਅਤੇ ਇਸ ਨਾਲ ਆਰਾਮ[3] ਉਤਪੰਨ ਹੁੰਦਾ[4] ਹੈ ।
ਸੁਖਿ ਸਹਜਿ[5] ਆਵੈ[6] ਸਾਚ ਭਾਵੈ[7] ਸਾਚ ਕੀ ਮਤਿ[8] ਕਿਉ[9] ਟਲੈ[10] ॥	My soul then enters[6] the realm of celestial bliss[5] and loves[7] the Truth. How[9] can this instruction[8] of Truth be effaced[10] ?	ਮੇਰੀ ਆਤਮਾ ਤਦ ਬੈਕੁੰਠੀ ਪਰਮ ਅਨੰਦ[5] ਦੇ ਮੰਡਲ ਅੰਦਰ ਪ੍ਰਵੇਸ਼ ਕੇਰ ਜਾਂਦੀ[6] ਹੈ ਅਤੇ ਸੱਚ ਨੂੰ ਪਿਆਰਦੀ[7] ਹੈ । ਸੱਚ ਦੀ ਇਹ ਸਿਖਿਆ[8] ਕਿਸ ਤਰ੍ਹਾਂ[9] ਮੇਟੀ ਜਾ ਸਕਦੀ[10] ਹੈ ?
ਇਸਨਾਨੁ[12] ਦਾਨੁ[13] ਸੁ[14]	The Lord Himself[17] is undeceivable[18].	ਸਾਹਿਬ ਖ਼ੁਦ[17] ਨਾ ਠੱਗਿਆ ਜਾਣ ਵਾਲਾ[18] ਹੈ ।

ਗਿਆਨੁ[15]ਮਜਨੁ[16] ਆਪਿ[17] ਅਛਲਿਓ[18] ਕਿਉ[19] ਛਲੇ[20] ॥	How[19] can He be deceived[20] by baths[12], charities[13], sublime[14] wisdom[15] and festival ablutions[16] ?	ਨਹਾਉਣ ਦੁਆਰਾ[12], ਦਾਨ ਪੁੰਨਾਂ[13], ਸਰੇਸ਼ਟ[14]ਗਿਆਤ[15] ਅਤੇ ਪੁਰਬੀ ਇਸ਼ਨਾਨਾਂ[16] ਰਾਹੀਂ ਉਹ ਕਿਸ ਤਰ੍ਹਾਂ[19] ਠੱਗਿਆ[20] ਜਾ ਸਕਦਾ ਹੈ ?
ਪਰਪੰਚ[21] ਮੋਹ[22] ਬਿਕਾਰ[23] ਥਾਕੇ[24] ਕੂੜੁ[25] ਕਪਟੁ[26] ਨ ਦੋਈ[27] ॥	My fraud[21], worldly attachment[22], and sins[23] are effaced[24] and stilled are my falsehood[25],feignedness[26] and duality[27].	ਮੇਰਾ ਵਲ ਛਲ[21], ਸੰਸਾਰੀ ਲਗਨ[22] ਅਤੇ ਪਾਪ[23] ਮਿਟ ਗਏ[24] ਹਨ ਅਤੇ ਖ਼ਤਮ ਹੋ ਗਏ ਹਨ ਮੇਰੇ ਝੂਠ[25],ਪਖੰਡ[26] ਅਤੇ ਦਵੈਤ-ਭਾਵ[27] ।
ਮੇਰਾ ਮਨੁ ਰਾਤਾ ਗੁਣ ਰਵੈ ਮਨ ਭਾਵੈ ਸੋਈ ॥੧॥	Imbued with love my soul utters the Lord's praises and He, the Lord is pleasing to my soul.	ਪ੍ਰੇਮ ਨਾਲ ਰੰਗੀ ਹੋਈ ਮੇਰੀ ਆਤਮਾ ਸਾਂਈਂ ਦਾ ਜੱਸ ਉਚਾਰਦੀ ਹੈ ਤੇ ਉਹ ਸਾਂਈਂ ਮੇਰੀ ਆਤਮਾ ਨੂੰ ਚੰਗਾ ਲੱਗਦਾ ਹੈ ।
ਸਾਹਿਬੁ ਸੋ[28] ਸਾਲਾਹੀਐ[29] ਜਿਨਿ ਕਾਰਣੁ[30] ਕੀਆ[31] ॥	Praise[29] thou the[28] Lord, who has created[31] the universe[30].	ਤੂੰ ਉਸ[28] ਸੁਆਮੀ ਦੀ ਕੀਰਤੀ[29] ਕਰ ਜਿਸ ਨੇ ਆਲਮ[30] ਰਚਿਆ[31] ਹੈ ।
ਮੈਲੁ[32] ਲਾਗੀ[33] ਮਨਿ[34] ਮੈਲਿਐ[35] ਕਿਨੈ[36] ਅੰਮ੍ਰਿਤੁ[37] ਪੀਆ[38] ॥	Filth[32] is attached[33] to the contaminated[35] soul[34]. Rarely any one[36] quaffs[38] the Name-Nectar[37].	ਭ੍ਰਿਸ਼ਟੀ ਹੋਈ[35] ਆਤਮਾ[34] ਨੂੰ ਮਲੀਨਤਾ[32] ਚਿਮੜੀ[33] ਹੋਈ ਹੈ । ਕੋਈ ਵਿਰਲਾ[36] ਹੀ ਨਾਮ-ਸੁਧਾਰਸ[37] ਨੂੰ ਪਾਨ ਕਰਦਾ[38] ਹੈ ।
ਮਥਿ[39] ਅੰਮ੍ਰਿਤੁ[40] ਪੀਆ[41] ਇਹੁ ਮਨੁ[42] ਦੀਆ[43] ਗੁਰ ਪਹਿ ਮੋਲੁ[44] ਕਰਾਇਆ ॥	Dedicating[43] this soul[42]of his to the Guru, when the mortal churns[39] and drinks in[41] the Name-Nectar[40], the Guru sets a great price[44] on him.	ਆਪਣੀ ਇਹ ਆਤਮਾ[42] ਗੁਰਾਂ ਨੂੰ ਸਮਰਪਣ[43] ਕਰ ਕੇ, ਜਦ ਪ੍ਰਾਣੀ ਨਾਮ ਦੇ ਆਬਿ-ਹਿਯਾਤ[40] ਨੂੰ ਰਿੜਕ[39] ਕੇ ਛਕਦਾ[41] ਹੈ, ਤਾਂ ਗੁਰੂ ਜੀ ਉਸ ਦਾ ਬੜਾ ਮੁੱਲ[44] ਪਾਉਂਦੇ ਹਨ ।
ਆਪਨੜਾ[45] ਪ੍ਰਭੁ ਸਹਜਿ[46] ਪਛਾਤਾ[47] ਜਾ[50]ਮਨੁ ਸਾਚੈ[48] ਲਾਇਆ[49] ॥	When[50] I yoked[49] my mind to the True Name[48], then did I easily[46] recognise[47] my[45] Lord.	ਜਦ[50] ਮੈਂ ਆਪਣੇ ਚਿੱਤ ਨੂੰ ਸੱਚੇ ਨਾਮ[48] ਨਾਲ ਜੋੜ ਲਿਆ[49], ਤਾਂ ਸੁਖੈਨ[46] ਹੀ ਆਪਣੇ[45] ਸੁਆਮੀ ਨੂੰ ਸਿੰਞਾਣ[47] ਲਿਆ ।
ਤਿਸੁ ਨਾਲਿ ਗੁਣ ਗਾਵਾ[51] ਜੇ[52] ਤਿਸੁ[53] ਭਾਵਾ[54] ਕਿਉ ਮਿਲੈ[55] ਹੋਇ ਪਰਾਇਆ[56]॥	If[52] it pleases[54] him[53], I would sing God's praises[51] with the Guru. How[55] can I meet the Lord by being a stranger[56] to Him ?	ਜੇਕਰ[52] ਉਨ੍ਹਾਂ ਨੂੰ[53] ਚੰਗਾ ਲਗੇ[54], ਮੈਂ ਗੁਰਾਂ ਦੇ ਨਾਲ ਵਾਹਿਗੁਰੂ ਦੀਆਂ ਸਿਫ਼ਤਾਂ ਗਾਇਨ[51]ਕਰਾਂਗਾ । ਓਪਰਾ[56] ਬਣ ਕੇ ਮੈਂ ਕਿਸ ਤਰ੍ਹਾਂ[55] ਸਾਂਈ ਨੂੰ ਮਿਲ ਸਕਦਾ ਹਾਂ ?
ਸਾਹਿਬੁ ਸੋ ਸਾਲਾਹੀਐ ਜਿਨਿ ਜਗਤੁ ਉਪਾਇਆ ॥ ੨ ॥	Praise thou the Lord, who has created the world.	ਤੂੰ ਉਸ ਸੁਆਮੀ ਦੀ ਸਿਫ਼ਤ ਸ਼ਲਾਘਾ ਕਰ, ਜਿਸ ਨੇ ਸੰਸਾਰ ਨੂੰ ਰਚਿਆ ਹੈ ।
ਆਇ ਗਇਆ[57] ਕੀ ਨ ਆਇਓ ਕਿਉ[58] ਆਵੈ[59] ਜਾਤਾ[60] ॥	When the Lord comes[57] into the mind, what else remains behind ? How[58] can then there be coming[59] and going[60] thereafter ?	ਜਦ ਪ੍ਰਭੂ ਮਨ ਅੰਦਰ ਆ ਜਾਂਦਾ[57] ਹੈ, ਤਾਂ ਪਿਛੇ ਕੀ ਰਹਿ ਜਾਂਦਾ ਹੈ ? ਉਸ ਦੇ ਮਗਰੋਂ ਤਦ ਆਉਣਾ[59] ਤੇ ਜਾਣਾ[60] ਕਿਸ ਤਰ੍ਹਾਂ[58] ਹੋ ਸਕਦਾ ਹੈ ?
ਪ੍ਰੀਤਮ[61] ਸਿਉ[62] ਮਨੁ[63]	When the soul[63] is pleased[64] with[62]	ਜਦ ਜਿੰਦੜੀ[63] ਆਪਣੇ ਵਾਹਿਗੁਰੂ ਪਿਆਰੇ[61] ਨਾਲ[62]

ਮਾਨਿਆ[64] ਹਰਿ ਸੇਤੀ[65] ਰਾਤਾ[66] ॥	its God, the Beloved[61]; it is blended[66] with[65] Him.	ਪ੍ਰਸੰਨ ਹੋ ਜਾਂਦੀ[64] ਹੈ ਤਾਂ ਇਹ ਉਸ ਨਾਲ[65] ਅਭੇਦ ਹੋ ਜਾਂਦੀ[66] ਹੈ।
ਸਾਹਿਬ ਰੰਗਿ[67] ਰਾਤਾ[68] ਸਚ ਕੀ ਬਾਤਾ[69] ਜਿਨਿ[70] ਬਿੰਬ[71] ਕਾ ਕੋਟੁ[72] ਉਸਾਰਿਆ[73] ॥	True is the speech[69] of him, who is imbued[68] with the love[67] of the Lord, who[70] has built[73] the body fortress[72] from a mere bubble[71].	ਸੱਚੀ ਹੈ ਬੋਲ-ਬਾਣੀ[69] ਉਸ ਦੀ ਜੋ ਪ੍ਰਭੂ, ਜਿਸ ਨੇ[70] ਨਿਰੇ ਇਕ ਤੁਪਕੇ[71] ਤੋਂ ਦੇਹ ਦਾ ਕਿਲ੍ਹਾ[72] ਬਣਾਇਆ[73] ਹੈ, ਦੀ ਪ੍ਰੀਤ[67] ਨਾਲ ਰੰਗਿਆ ਹੋਇਆ[68] ਹੈ।
ਪੰਚ[74] ਭੂ[75] ਨਾਇਕੋ[76] ਆਪਿ[77] ਸਿਰੰਦਾ[78] ਜਿਨਿ[79] ਸਚ ਕਾ ਪਿੰਡੁ[80] ਸਵਾਰਿਆ[81] ॥	The Lord Himself[77] is the Creator[78]-Master[76] of the body[80] of five[74] elements[75]. It is the Lord, who[79] embellished[81] it with Truth.	ਸੁਆਮੀ ਖੁਦ[77] ਹੀ ਪੰਜਾਂ[74] ਤੱਤਾਂ[75] ਦੀ ਦੇਹ[80] ਦਾ ਰਚਣਹਾਰ[78] ਮਾਲਕ[76] ਹੈ। ਇਹ ਉਹ ਸੁਆਮੀ ਹੀ ਹੈ, ਜੋ[79] ਇਸ ਨੂੰ ਸੱਚ ਨਾਲ ਸੁਸ਼ੋਭਤ[81] ਕਰਦਾ ਹੈ।
ਹਮ[82] ਅਵਗਣਿਆਰੇ[83] ਤੂ ਸੁਣਿ[84] ਪਿਆਰੇ[85] ਤੁਧੁ ਭਾਵੈ[86] ਸਚੁ ਸੋਈ[87] ॥	I[82] am a sinner[83], hearken[84] Thou, O my Love[85]. Whatever pleases[86] Thee, that[87] alone is Truth.	ਮੈਂ[82] ਪਾਪੀ[83] ਹਾਂ, ਤੂੰ ਸ੍ਰਵਣ[84] ਕਰ, ਹੇ ਮੇਰੇ ਪ੍ਰੀਤਮਾ[85]! ਜਿਹੜਾ ਕੁਛ ਤੈਨੂੰ ਚੰਗਾ ਲੱਗਦਾ[86] ਹੈ, ਕੇਵਲ ਓਹੀ[87] ਸੱਚ ਹੈ।
ਆਵਣ ਜਾਣਾ ਨਾ ਥੀਐ ਸਾਚੀ ਮਤਿ[88] ਹੋਈ ॥੩॥	One who is blessed with true understanding[88], comes and goes not.	ਜਿਸ ਨੂੰ ਸੱਚੀ ਸਮਝ[88] ਪਰਦਾਨ ਹੋਈ ਹੈ ਉਹ ਆਉਂਦਾ ਤੇ ਜਾਂਦਾ ਨਹੀਂ।
ਅੰਜਨੁ[89] ਤੈਸਾ[90] ਅੰਜੀਐ[91] ਜੈਸਾ[92] ਪਿਰੁ[93] ਭਾਵੈ[94] ॥	Apply[91] thou such[90] a collyrium[89] to thy eyes, which[92] is pleasing[94] to thy Beloved[93].	ਤੂੰ ਆਪਣਿਆਂ ਨੇਤਰਾਂ ਵਿਚ ਇਹੋ ਜਿਹਾ[90] ਸੁਰਮਾ[89] ਪਾ[91], ਜਿਹੜਾ[92] ਤੇਰੇ ਪ੍ਰੀਤਮ[93] ਨੂੰ ਚੰਗਾ ਲੱਗੇ[94]।
ਸਮਝੈ[95] ਸੂਝੈ[96] ਜਾਣੀਐ[97] ਜੇ[98] ਆਪਿ[99] ਜਾਣਾਵੈ[100] ॥	I can realise[95], comprehend[96] and understand[97] the Lord, if[98] He makes me know[100] His ownself[99].	ਮੈਂ ਪ੍ਰਭੂ ਨੂੰ ਜਾਣ[95], ਬੁਝ[96] ਅਤੇ ਸਮਝ[97] ਸਕਦਾ ਹਾਂ ਜੇਕਰ[98] ਉਹ ਮੈਨੂੰ ਆਪਣਾ ਆਪ[99] ਦਰਸਾ ਦੇਵੇ[100]।
ਆਪਿ[2] ਜਾਣਾਵੈ[3] ਮਾਰਗਿ[4] ਪਾਵੈ[5] ਆਪੇ ਮਨੂਆ[6] ਲੇਵਏ[7] ॥	The Lord Himself[2] shows[3] His way[4] and leads[5] me to it and Himself attracts[7] my mind[6] to Himself.	ਸਾਂਈਂ ਆਪੇ[2] ਹੀ ਆਪਣਾ ਰਾਹ[4] ਵਿਖਾਲਦਾ[3] ਅਤੇ ਮੈਨੂੰ ਉਸ ਉਤੇ ਟੋਰਦਾ[5] ਹੈ ਅਤੇ ਉਹ ਆਪ ਹੀ ਮੇਰੇ ਮਨ[6] ਨੂੰ ਆਪਣੇ ਵਲ ਖਿੱਚਦਾ[7] ਹੈ।
ਕਰਮ [8]ਸੁਕਰਮ[9] ਕਰਾਏ ਆਪੇ ਕੀਮਤਿ[10] ਕਉਣ ਅਭੇਵਏ[12] ॥	Good[8] deeds[9] and evil ones, the Lord Himself makes man do. Who can know the worth[10] of the Inscrutable[12] Lord ?	ਸ਼ੁਭ[8] ਅਮਲ[9] ਅਤੇ ਮੰਦੇ ਅਮਲ, ਪ੍ਰਭੂ ਆਪ ਹੀ ਇਨਸਾਨ ਪਾਸੋਂ ਕਰਵਾਉਂਦਾ ਹੈ। ਖੋਜ ਤੋਂ ਪਰੇ[12] ਪ੍ਰਭੂ ਦੇ ਮੁੱਲ[10] ਨੂੰ ਕੌਣ ਜਾਣ ਸਕਦਾ ਹੈ ?
ਤਤੁ[13] ਮੰਤੁ[14] ਪਾਖੰਡੁ[15] ਨ ਜਾਣਾ ਰਾਮੁ[16] ਰਿਦੈ[17] ਮਨੁ[18] ਮਾਨਿਆ[19] ॥	Enchantment[13], witch-craft[14] and hypocrisy[15] I know not, Placing the Lord[16] within my heart[17], my soul[18] is pleased[19].	ਜਾਦੂ-ਟੂਣਾ[13], ਜੰਤ੍ਰ ਮੰਤ੍ਰ[14] ਅਤੇ ਦੰਭ[15] ਮੈਂ ਨਹੀਂ ਜਾਣਦਾ। ਪ੍ਰਭੂ[16] ਨੂੰ ਆਪਣੇ ਦਿਲ[17] ਅੰਦਰ ਟਿਕਾ ਕੇ, ਮੇਰੀ ਆਤਮਾ[18] ਪ੍ਰਸੰਨ ਹੋ ਗਈ[19] ਹੈ।
ਅੰਜਨੁ[20] ਨਾਮੁ ਤਿਸੈ[21] ਤੇ[22] ਸੂਝੈ[23] ਗੁਰ ਸਬਦੀ[24] ਸਚੁ[25]	The Name-salve[20] is known[23] from[22] him[21] alone, who by Guru's	ਨਾਮ ਦੇ ਸੁਰਮੇ[20] ਦਾ ਕੇਵਲ ਉਸ[21] ਪਾਸੋਂ[22] ਹੀ ਪਤਾ ਲੱਗਦਾ[23] ਹੈ ਜੋ ਗੁਰਾਂ ਦੇ ਉਪਦੇਸ਼[24] ਰਾਹੀਂ ਸੱਚੇ ਸਾਂਈਂ[25] ਨੂੰ

ਜਾਨਿਆ[26] ॥੪॥	instruction[24] realises[26] the True Lord[25].	ਸਮਝਦਾ[26] ਹੈ ।
ਸਾਜਨ[27] ਹੋਵਹਿ ਆਪਣੇ[28] ਕਿਉ ਪਰ ਘਰ[29] ਜਾਹੀ[30]॥	When I have my own[28] friends[27], why should I go[30] to stranger's[29] house ?	ਜਦ ਮੇਰੇ ਆਪਣੇ ਨਿੱਜ ਦੇ[28] ਮਿੱਤਰ[27] ਹਨ, ਤਦ ਮੈਂ ਕਿਸੇ ਪਰਾਏ[29] ਦੇ ਘਰ ਕਿਉਂ ਜਾਵਾਂ[30] ?
ਸਾਜਨ ਰਾਤੇ[31] ਸਚ[32] ਕੇ ਸੰਗੇ[33] ਮਨ[34] ਮਾਹੀ[35] ॥	These friends are imbued[31] with the True Master[32], who ever abides with[33] them in[35] their mind[34].	ਇਹ ਮਿੱਤਰ ਸੱਚੇ ਮਾਲਕ[32] ਨਾਲ ਰੰਗੇ ਹੋਏ[31] ਹਨ, ਜੋ ਸਦਾ ਉਨ੍ਹਾਂ ਦੇ ਹਿਰਦੇ[34] ਅੰਦਰ[35] ਉਨ੍ਹਾਂ ਦੇ ਨਾਲ[33] ਵੱਸਦਾ ਹੈ ।
ਮਨ ਮਾਹਿ ਸਾਜਨ ਕਰਹਿ ਰਲੀਆ[36] ਕਰਮ ਧਰਮ[37] ਸਬਾਇਆ[38] ॥ਅਠ ਸਠਿ[39] ਤੀਰਥ[40] ਪੁੰਨ[41] ਪੂਜਾ[42] ਨਾਮ ਸਾਚਾ[43] ਭਾਇਆ[44] ॥	In their mind these friends make merry[36] and in the love[44] they enshrine for the True Name[43], are contained all[38] the pious deeds[37], pilgrimages to the sixty-eight[39] holies[40], charities[41] and worships[42].	ਆਪਣੇ ਰਿਦੇ ਅੰਦਰ ਇਹ ਮਿੱਤਰ ਮੌਜਾਂ ਮਾਣਦੇ[36] ਹਨ, ਅਤੇ ਜੋ ਪਿਆਰ[44] ਉਹ ਸੱਚੇ ਨਾਮ[43] ਨਾਲ ਕਰਦੇ ਹਨ, ਉਸ ਵਿਚ ਸਾਰੇ[38] ਨੇਕ ਅਮਲ[37] ਅਠਾਹਟ[39] ਧਰਮ ਅਸਥਾਨਾਂ[40] ਦੀਆਂ ਯਾਤ੍ਰਾਵਾਂ, ਦਾਨ-ਪੁੰਨ[41] ਅਤੇ ਉਪਾਸ਼ਨਾਵਾਂ[42] ਆ ਜਾਂਦੀਆਂ ਹਨ ।
ਆਪਿ ਸਾਜੇ[45] ਥਾਪਿ[46] ਵੇਖੈ[47] ਤਿਸੈ[48] ਭਾਣਾ[49] ਭਾਇਆ[50] ॥	The Lord Himself creates[45], establishes[46] and beholds[47] all. His[48] will[49] is pleasing[50] to His saints.	ਸਾਂਈਂ ਆਪੇ ਸਾਰਿਆਂ ਨੂੰ ਰਚਦਾ[45], ਅਸਥਾਪਨ ਕਰਦਾ[46] ਅਤੇ ਵੇਖਦਾ[47] ਹੈ । ਉਸ[48] ਦੀ ਰਜ਼ਾ[49] ਉਸ ਦੇ ਸੰਤਾਂ ਨੂੰ ਭਾਉਂਦੀ[50] ਹੈ ।
ਸਾਜਨ[51] ਰਾਂਗਿ[52] ਰੰਗੀਲੜੇ[56] ਰੰਗੁ[53] ਲਾਲੁ[54] ਬਣਾਇਆ[55] ॥੫॥	The friends[51] are happy[56] in their Lord's love[52] and they cultivate[55] affection[53] for their Love[54].	ਮਿੱਤਰ[51] ਆਪਣੇ ਪ੍ਰਭੂ ਦੇ ਪ੍ਰੇਮ[52] ਅੰਦਰ ਪ੍ਰਸੰਨ[56] ਹਨ ਉਹ ਆਪਣੇ ਪ੍ਰੀਤਮ[54] ਦੀ ਪ੍ਰੀਤ[53] ਧਾਰਨ ਕਰਦੇ[55] ਹਨ ।
੭੬੭	767	੭੬੭
ਅੰਧਾ[57] ਆਗੂ[58] ਜੇ[59] ਥੀਐ[60] ਕਿਉ[61] ਪਾਧਰੁ[62] ਜਾਣੈ[63] ॥	If[59] the blind man[57] be[60] the leader[58], how[61] shall he know[63] the right way[62]?	ਜੇਕਰ[59] ਅੰਨ੍ਹਾਂ ਮਨੁੱਖ[57] ਮੁਖੀਆ[58] ਹੋਵੇ[60] ਤਾਂ ਉਹ ਠੀਕ ਰਸਤੇ[62] ਨੂੰ ਕਿਸ ਤਰ੍ਹਾਂ[61] ਪਛਾਣੇਗਾ[63] ?
ਆਪਿ[64] ਮੁਸੈ[65] ਮਤਿ[66] ਹੋਛੀਐ[67] ਕਿਉ[70] ਰਾਹੁ[68] ਪਛਾਣੈ[69] ॥	Paltry[67] is his understanding[66]. He himself[64] is cheated[65]. How[70] can his followers know[69] the way[68] ?	ਤੁੱਛ[67] ਹੈ ਉਸ ਦੀ ਸਮਝ[66] । ਉਹ ਖ਼ੁਦ[64] ਠੱਗਿਆ ਗਿਆ[65] ਹੈ । ਉਸ ਦੇ ਚੇਲੇ ਕਿਸ ਤਰ੍ਹਾਂ[70] ਰਸਤੇ[68] ਨੂੰ ਜਾਣ[69] ਸਕਦੇ ਹਨ ?
ਕਿਉ ਰਾਹਿ ਜਾਵੈ ਮਹਲੁ[71] ਪਾਵੈ[72] ਅੰਧ[73] ਕੀ ਮਤਿ[74] ਅੰਧਲੀ[75] ॥	How can he walk on the right way and reach[72] the Lord's mansion[71] ? Blind[75] is the intellect[74] of the blind man[73].	ਉਹ ਕਿਸ ਤਰ੍ਹਾਂ ਠੀਕ ਰਸਤੇ ਟੁਰ ਕੇ ਮਾਲਕ ਦੇ ਮੰਦਰ[71] ਨੂੰ ਪੁੱਜ[72] ਸਕਦਾ ਹੈ ? ਅੰਨ੍ਹੇ[73] ਆਦਮੀ ਦੀ ਅੰਨ੍ਹੀ[75] ਹੀ ਅਕਲ[74] ਹੈ ।
ਵਿਣੁ ਨਾਮ ਹਰਿ ਕੇ ਕਛੁ ਨ ਸੂਝੈ[76] ਅੰਧੁ ਬੂਡੌ[77] ਧੰਧਲੀ[78] ॥	Without the Lord's Name, one can see[76] not anything and the blind one is drowned[77] in the worldly affairs[78].	ਸਾਹਿਬ ਦੇ ਨਾਮ ਦੇ ਬਾਝੋਂ ਇਨਸਾਨ ਨੂੰ ਕੁਝ ਭੀ ਦਿੱਸਦਾ[76] ਨਹੀਂ ਅਤੇ ਅੰਨ੍ਹਾ ਇਨਸਾਨ ਸੰਸਾਰੀ ਧੰਦਿਆਂ[78] ਅੰਦਰ ਹੀ ਡੁੱਬ ਜਾਂਦਾ[77] ਹੈ ।
ਦਿਨੁ ਰਾਤਿ ਚਾਨਣੁ[79] ਚਾਉ[80] ਉਪਜੈ[81] ਸਬਦੁ[82] ਗੁਰ ਕਾ	When the Guru's word[82] abides[83] in the heart, then Divine Light[79] and	ਜਦ ਗੁਰਾਂ ਦੀ ਬਾਣੀ[82] ਦਿਲ ਅੰਦਰ ਟਿੱਕ ਜਾਂਦੀ[83] ਹੈ, ਤਾਂ ਰੱਬੀ ਨੂਰ[79] ਅਤੇ ਖ਼ੁਸ਼ੀ[80] ਦਿਨ ਰਾਤ ਚਿੱਤ ਅੰਦਰ

ਮਨਿ ਵਸੈ[83] ॥	joy[80] day and night well up[81] in the mind.	ਉਤਪੰਨ ਹੁੰਦੇ[81] ਹਨ।
ਕਰ[84]ਜੋੜਿ[85]ਗੁਰ ਪਹਿ ਕਰਿ ਬਿਨੰਤੀ[86] ਰਾਹੁ[87] ਪਾਧਰੁ[88] ਗੁਰੁ ਦਸੈ[89] ॥੬॥	With joined[85] hands[84] supplicate[86] thou the Guru-guide[88] to show[89] thee the way[87].	ਦੋਨੋਂ ਹੱਥ[84] ਬੰਨ੍ਹ ਕੇ[85] ਤੂੰ ਗੁਰਦੇਵ ਆਗੂ[88] ਅੱਗੇ ਰਸਤਾ[87] ਵਿਖਾਲਣ ਲਈ[89] ਪ੍ਰਾਰਥਨਾ[86] ਕਰ।
ਮਨੁ[90] ਪਰਦੇਸੀ[91] ਜੇ[92] ਥੀਐ[93] ਸਭੁ ਦੇਸੁ[94] ਪਰਾਇਆ[95] ॥	If[92] man[90] becomes[93] a stranger[91] to the Lord, then the whole world[94] is estranged[95] with him.	ਜੇਕਰ[92] ਬੰਦਾ[90] ਸਾਂਈਂ ਵਲੋਂ ਓਪਰਾ[91] ਹੋ ਜਾਵੇ[93] ਤਾਂ ਸਾਰਾ ਸੰਸਾਰ[94] ਉਸ ਨਾਲ ਬਿਗਾਨਾ[95] ਹੋ ਜਾਂਦਾ ਹੈ।
ਕਿਸੁ[96] ਪਹਿ[97] ਖੋਲਉ ਗੰਠੜੀ[98] ਦੂਖੀ[99] ਭਰਿ[100] ਆਇਆ ॥	Before[97] whom[96] should I unite the bundle[98] of my pains, when all are brimful[100] with woes[99].	ਮੈਂ ਕੀਹਦੇ[96] ਅਗੇ[97] ਆਪਣੇ ਦੁੱਖਾਂ ਦੀ ਪੰਡ[98] ਖੋਲ੍ਹਾਂ ਜਦ ਸਾਰੇ ਹੀ ਦੁਖੜਿਆਂ[99] ਨਾਲ ਪਰੀਪੂਰਨ[100] ਹਨ।
ਦੂਖੀ[2] ਭਰਿ[3] ਆਇਆ ਜਗਤੁ[4] ਸਬਾਇਆ[5] ਕਉਣੁ ਜਾਣੈ ਬਿਧਿ[6] ਮੇਰੀਆ ॥	The whole[5] world[4] is filled[3] with miseries[2] who can then know my in-most state[6] ?	ਸਾਰਾ[5] ਸੰਸਾਰ[4] ਮੁਸੀਬਤਾਂ[2] ਨਾਲ ਭਰਿਆ ਹੋਇਆ[3] ਹੈ ਤਦ ਮੇਰੀ ਅੰਦਰਲੀ ਅਵਸਥਾ[6] ਨੂੰ ਕੌਣ ਜਾਣ ਸਕਦਾ ਹੈ?
ਆਵਣੇ ਜਾਵਣੇ ਖਰੇ[7] ਡਰਾਵਣੇ[8] ਤੋਟਿ[9] ਨ ਆਵੈ ਫੇਰੀਆ[10] ॥	Comings and goings are very[7] dreadful[8]. There is no end[9] to man's rounds[10].	ਆਉਣੇ ਅਤੇ ਜਾਣੇ ਬੜੇ[7] ਭਿਆਨਕ[8] ਹਨ। ਇਨਸਾਨ ਦੇ ਗੇੜਿਆਂ[10] ਦਾ ਕੋਈ ਹੱਦ-ਬੰਨਾ[9] ਨਹੀਂ।
ਨਾਮ ਵਿਹੂਣੇ[12]ਊਣੇ[13]ਝੂਣੇ[14] ਨਾ ਗੁਰਿ ਸਬਦੁ[15] ਸੁਣਾਇਆ ॥	Without[12] the Lord's Name, the mortal is vacant[13] and sad[14] and hears not the Word[15] of the Guru.	ਸਾਂਈਂ ਦੇ ਨਾਮ ਦੇ ਬਗੈਰ[12] ਪ੍ਰਾਣੀ ਸੱਖਣਾ[13] ਅਤੇ ਨਿਮੋਝੂਣਾ[14] ਹੈ ਤੇ ਗੁਰਬਾਣੀ[15] ਨੂੰ ਨਹੀਂ ਸੁਣਦਾ।
ਮਨੁ ਪਰਦੇਸੀ ਜੇ ਥੀਐ ਸਭੁ ਦੇਸੁ ਪਰਾਇਆ ॥੭॥	If man becomes a stranger to the Lord, then the whole world is estranged with him.	ਜੇਕਰ ਬੰਦਾ ਸਾਂਈਂ ਵਲੋਂ ਓਪਰਾ ਹੋ ਜਾਵੇ ਤਾਂ ਸਾਰਾ ਸੰਸਾਰ ਉਸ ਨਾਲ ਬਿਗਾਨਾ ਹੋ ਜਾਂਦਾ ਹੈ।
ਗੁਰ ਮਹਲੀ[16] ਘਰਿ[17] ਆਪਣੈ ਸੋ[18] ਭਰਪੁਰਿ[19] ਲੀਣਾ[20] ॥	He[18], who through Guru's house[16] searches the Lord within his heart-home[17], merges[20] in the All-pervading[19] one.	ਜੋ ਗੁਰੂ-ਘਰ[16] ਰਾਹੀਂ, ਸੁਆਮੀ ਨੂੰ ਆਪਣੇ ਦਿਲ ਦੇ ਗ੍ਰਹਿ[17] ਅੰਦਰ ਖੋਜਦਾ ਹੈ, ਉਹ[18] ਸਰਬ-ਵਿਆਪਕ[19] ਅੰਦਰ ਸਮਾ ਜਾਂਦਾ[20] ਹੈ।
ਸੇਵਕੁ[21] ਸੇਵਾ[22]ਤਾਂ[23] ਕਰੇ[24] ਸਚ ਸਬਦਿ[25] ਪਤੀਣਾ[26] ॥	If the slave[21] is pleased[26] with the True Name[25], then[23] alone performs[24] he the Guru's service[22].	ਜੇਕਰ ਗੋਲਾ[21] ਸੱਚੇ ਨਾਮ[25] ਨਾਲ ਪ੍ਰਸੰਨ[26] ਹੋ ਜਾਵੇ, ਕੇਵਲ ਤਦ[23] ਹੀ ਉਹ, ਗੁਰਾਂ ਦੀ ਘਾਲ[22] ਕਮਾਉਂਦਾ[24] ਹੈ।
ਸਬਦੇ[27] ਪਤੀਜੈ[28] ਅੰਕੁ[29] ਭੀਜੈ[30]ਸੁ[31]ਮਹਲੁ[32]ਮਹਲਾ[33] ਅੰਤਰੇ[34] ॥	The bride[32], who is propitiated[28] with the Name[27] and whose mind[29] is softened[30]; she[31] abides in[34] her Lord's mansion[33].	ਪਤਨੀ[32] ਜੋ ਨਾਮ[27] ਨਾਲ ਤ੍ਰਿਪਤ[28] ਹੋਈ ਹੈ ਅਤੇ ਜਿਸ ਦਾ ਹਿਰਦਾ[29] ਦ੍ਰਵਿਆ ਹੋਇਆ[30] ਹੈ; ਉਹ[31] ਆਪਣੇ ਸਿਰ ਦੇ ਸਾਂਈਂ ਦੇ ਮੰਦਰ[33] ਅੰਦਰ[34] ਵਸਦੀ ਹੈ।
ਆਪਿ ਕਰਤਾ[35]ਕਰੇ[36]ਸੋਈ[37]	He[37], the Creator[35], Himself	ਉਹ[37] ਰਚਨਹਾਰ[35] ਖ਼ੁਦ ਸ੍ਰਿਸ਼ਟੀ ਨੂੰ ਰਚਦਾ[36] ਹੈ ਅਤੇ ਖ਼ੁਦ ਹੀ

ਪ੍ਰਭੁ ਆਪਿ ਅੰਤਿ[38] ਨਿਰੰਤਰੇ[39] ॥	creates[36] the world and Himself the Lord regularly[39] puts an end[38] to it.	ਸੁਆਮੀ ਲਗਾਤਾਰ[39] ਇਸ ਦਾ ਖ਼ਾਤਮਾ[38] ਕਰ ਦਿੰਦਾ ਹੈ।
ਗੁਰ ਸਬਦਿ[40] ਮੇਲਾ[41] ਤਾ[42] ਸੁਹੇਲਾ[46] ਬਾਜੰਤ[43] ਅਨਹਦ[44] ਬੀਣਾ[45] ॥	Gurbani[40] unites[41] the mortal with God and then[42] is he embellished[46] and the unstruck[44] music[45] resounds[43] within him.	ਗੁਰਬਾਣੀ[40] ਪ੍ਰਾਨੀ ਨੂੰ ਵਾਹਿਗੁਰੂ ਨਾਲ ਮਿਲਾ ਦਿੰਦੀ[41] ਹੈ ਤੇ ਤਦ[42] ਉਹ ਸ਼ਸ਼ੋਭਤ[46] ਹੋ ਜਾਂਦਾ ਹੈ ਅਤੇ ਸੁਤੇਸਿਧ[44] ਕੀਰਤਨ[45] ਉਸ ਦੇ ਅੰਦਰ ਗੂੰਜਦਾ[43] ਹੈ।
ਗੁਰ ਮਹਲੀ ਘਰਿ ਆਪਣੈ ਸੋ ਭਰਿਪੁਰਿ ਲੀਣਾ ॥੮॥	He, who through Guru's house searches the Lord within his heart-home, merges in the All-pervading one.	ਜੋ ਗੁਰੂ-ਘਰ ਰਾਹੀਂ, ਸੁਆਮੀ ਨੂੰ ਆਪਣੇ ਦਿਲ ਦੇ ਘਰ ਅੰਦਰ ਖੋਜਦਾ ਹੈ, ਉਹ ਸਰਬ-ਵਿਆਪਕ ਪੁਰਖ ਅੰਦਰ ਸਮਾ ਜਾਂਦਾ ਹੈ।
ਕੀਤਾ[47] ਕਿਆ[48] ਸਾਲਾਹੀਐ[49] ਕਰਿ[50] ਵੇਖੈ[51] ਸੋਈ[52] ॥	Why[48] praiseth[49] thou the created[47] ? Praise thou Him[52], who createst[50] and watchest[51] all.	ਤੂੰ ਰਚੇ ਹੋਏ[47] ਦੀ ਸਿਫ਼ਤ[49] ਕਿਉਂ[48] ਕਰਦਾ ਹੈਂ ? ਤੂੰ ਉਸ ਦੀ[52] ਸਿਫ਼ਤ ਕਰ, ਜੋ ਸਾਰਿਆਂ ਨੂੰ ਰਚਦਾ[50] ਤੇ ਵੇਖਦਾ[51] ਹੈ।
ਤਾ ਕੀ[53] ਕੀਮਤਿ[54] ਨ ਪਵੈ ਜੇ ਲੋਚੈ[55] ਕੋਈ ॥	His[53] worth[54] can be ascertained not, however much one may desire[55].	ਉਸ ਦਾ[53] ਮੁੱਲ[54] ਪਾਇਆ ਨਹੀਂ ਜਾ ਸਕਦਾ ਜਿੰਨੀ ਮਰਜ਼ੀ ਭੀ ਇਨਸਾਨ ਖ਼ਾਹਿਸ਼[55] ਪਿਆ ਕਰੇ।
ਕੀਮਤਿ ਸੋ[56] ਪਾਵੈ ਆਪਿ[57] ਜਾਣਾਵੈ[58] ਆਪਿ ਅਭੁਲੁ[59] ਨ ਭੁਲਏ[60] ॥	He[56] alone can evaluate Him to whom He reveals[58] His ownself[57]. The Lord Himself is unerrable[59] and errs[60] not.	ਕੇਵਲ ਉਹ[56] ਹੀ ਉਸ ਦਾ ਮੁੱਲ ਪਾ ਸਕਦਾ ਹੈ, ਜਿਸ ਨੂੰ ਉਹ ਆਪਣਾ ਆਪ[57] ਦਰਸਾਉਂਦਾ[58] ਹੈ। ਸੁਆਮੀ ਖ਼ੁਦ ਅਚੂਕ[59] ਹੈ ਅਤੇ ਚੁੱਕਦਾ[60] ਨਹੀਂ।
ਜੈ ਜੈਕਾਰੁ[61] ਕਰਹਿ ਤੁਧੁ ਭਾਵਹਿ[62] ਗੁਰ ਕੈ ਸਬਦਿ[63] ਅਮੁਲਏ[64] ॥	O my Master, he alone, who is pleasing[62] to Thee, applauds[61] Thee, through the invaluable[64] Word[63] of the Guru.	ਹੇ ਮੇਰੇ ਮਾਲਕ ! ਕੇਵਲ ਉਹ ਹੀ, ਜੋ ਤੈਨੂੰ ਚੰਗਾ ਲੱਗਦਾ[62] ਹੈ, ਗੁਰਾਂ ਦੀ ਅਮੋਲਕ[64] ਬਾਣੀ[63] ਰਾਹੀਂ ਤੇਰੀ ਸਿਫ਼ਤ-ਸ਼ਲਾਘਾ ਕਰਦਾ[61] ਹੈ।
ਹੀਣਉ[65] ਨੀਚੁ[66] ਕਰਉ ਬੇਨੰਤੀ[67] ਸਾਚੁ[68] ਨ ਛੋਡਉ[69] ਭਾਈ[70] ॥	I, an abject[65] and grovelling[66] one, make a supplication[67] before the Lord, O brother[70], that I shall not ever forsake[69] the True Name[68].	ਮੈਂ, ਕਮੀਣਾ[65] ਤੇ ਅਧਮ[66], ਸੁਆਮੀ ਅੱਗੇ ਇਕ ਪ੍ਰਾਰਥਨਾ[67] ਕਰਦਾ ਹਾਂ, ਹੇ ਵੀਰ[70] ! ਕਿ ਮੈਂ ਸੱਚੇ ਨਾਮ[68] ਨੂੰ ਕਦੇ ਭੀ ਨਾ ਤਿਆਗਾਂਗਾ[69]।
ਨਾਨਕ ਜਿਨਿ ਕਰਿ[71] ਦੇਖਿਆ[72] ਦੇਵੈ[73] ਮਤਿ[74] ਸਾਈ[75] ॥੯॥੨॥੫॥	Nanak, He who has created[71] the creation watches[72] over it and He[75] alone imparts[73] real understanding[74].	ਨਾਨਕ, ਜਿਸ ਨੇ ਰਚਨਾ ਰਚੀ[71] ਹੈ, ਉਹ ਇਸ ਦੀ ਦੇਖ-ਭਾਲ[72] ਕਰਦਾ ਹੈ ਅਤੇ ਕੇਵਲ ਉਹ[75] ਹੀ ਅਸਲੀ ਸਮਝ[74] ਬਖ਼ਸ਼ਦਾ[73] ਹੈ।
ਰਾਗੁ ਸੂਹੀ ਛੰਤ ਮਹਲਾ ੩ ਘਰੁ ੨	Rag Suhi Chhant 3rd Guru	ਰਾਗ ਸੂਹੀ ਛੰਤ ਤੀਜੀ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇੱਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।

ਸੁਖ[76] ਸੋਹਿਲੜਾ[77] ਹਰਿ ਧਿਆਵਹੁ[78] ॥ ਗੁਰਮੁਖਿ[79] ਹਰਿ ਫਲੁ[80] ਪਾਵਹੁ[81] ॥	Meditate[78] thou on God, the Giver of peace[76] and pleasure[77] and through the Guru[79] obtain[81] the Lord's fruit[80].	ਤੂੰ ਆਰਾਮ[76] ਅਤੇ ਅਨੰਦ[77] ਦੇਣਹਾਰ ਵਾਹਿਗੁਰੂ ਦਾ ਸਿਮਰਨ[78] ਕਰ ਅਤੇ ਗੁਰਾਂ[79] ਦੇ ਰਾਹੀਂ ਪ੍ਰਭੂ ਦੇ ਫਲ[80] ਨੂੰ ਪਰਾਪਤ[81] ਕਰ ।
ਗੁਰਮੁਖਿ ਫਲੁ ਪਾਵਹੁ ਹਰਿ ਨਾਮੁ ਧਿਆਵਹੁ ਜਨਮ ਜਨਮ[82] ਕੇ ਦੂਖ[83] ਨਿਵਾਰੇ[84] ॥	Gathering the fruit through the Guru and remembering the Lord's Name thou shalt drive away[84] the afflictions[83] of many births[82].	ਗੁਰਾਂ ਦੁਆਰਾ ਮੇਵੇ ਨੂੰ ਪਰਾਪਤ ਕਰਨ ਅਤੇ ਸਾਂਈਂ ਦੇ ਨਾਮ ਦਾ ਆਰਾਧਨ ਕਰਨ ਦੁਆਰਾ ਤੂੰ ਅਨੇਕ ਜਨਮਾਂ[82] ਦਿਆਂ ਦੁਖੜਿਆਂ[83] ਨੂੰ ਦੂਰ ਕਰ[84] ਲਵੇਂਗਾ ।
ਬਲਿਹਾਰੀ[85] ਗੁਰ ਅਪਣੇ ਵਿਟਹੁ[86] ਜਿਨਿ ਕਾਰਜ[87] ਸਭਿ ਸਵਾਰੇ[88] ॥	A sacrifice[85] am I unto[86] my Guru, who has arranged[88] all mine affairs[87].	ਕੁਰਬਾਨ[85] ਹਾਂ, ਮੈਂ ਆਪਣੇ ਗੁਰਾਂ ਉਤੋਂ[86], ਜਿਨ੍ਹਾਂ ਨੇ ਮੇਰੇ ਕੰਮ-ਕਾਜ[87] ਰਾਸ ਕਰ ਦਿੱਤੇ[88] ਹਨ ।
ਹਰਿ ਪ੍ਰਭੁ ਕ੍ਰਿਪਾ[89] ਕਰੇ ਹਰਿ ਜਾਪਹੁ[90] ਸੁਖ[91] ਫਲ ਹਰਿ ਜਨ[92] ਪਾਵਹੁ[93] ॥	O God's man[92], if thou remember[90] God, the Lord God shall show mercy[89] unto thee and thou shalt obtain[93] the peace-giving[91] fruit.	ਹੇ ਰੱਬ ਦੇ ਬੰਦੇ[92] ! ਜੇਕਰ ਤੂੰ ਵਾਹਿਗੁਰੂ ਨੂੰ ਯਾਦ[90] ਕਰੇਂ ਸੁਆਮੀ ਵਾਹਿਗੁਰੂ ਤੇਰੇ ਤੇ ਤਰਸ[89] ਕਰੇਗਾ ਅਤੇ ਤੂੰ ਆਰਾਮ-ਬਖਸ਼ਣਹਾਰ[91] ਮੇਵੇ ਨੂੰ ਪਾ ਲਵੇਂਗਾ[93] ।
ਨਾਨਕੁ ਕਹੈ ਸੁਣਹੁ[94] ਜਨ[95] ਭਾਈ[96] ਸੁਖ ਸੋਹਿਲੜਾ ਹਰਿ ਧਿਆਵਹੁ ॥੧॥	Says Nanak, hearken[94] O man[95], my brother[96]. Contemplate thou the Lord to obtain peace and pleasure.	ਗੁਰੂ ਜੀ ਫੁਰਮਾਉਂਦੇ[94] ਹਨ ; ਹੇ ਬੰਦੇ[95] ! ਮੇਰੇ ਵੀਰ[96] ਤੂੰ ਕੰਨ ਕਰ । ਆਰਾਮ ਅਤੇ ਅਨੰਦ ਪਰਾਪਤ ਕਰਨ ਲਈ ਤੂੰ ਸੁਆਮੀ ਦਾ ਸਿਮਰਨ ਕਰ ।
ਸੁਣਿ[100] ਹਰਿ ਗੁਣ[97] ਭੀਨੇ[98] ਸਹਜਿ ਸੁਭਾਏ[99] ॥	Hearing[100] of the Lord's excellences[97], I am easily[99] drenched[98] with them.	ਪ੍ਰਭੂ ਦੀਆਂ ਚੰਗਿਆਈਆਂ[97] ਸ੍ਰਵਣ ਕਰਕੇ[100] ਮੈਂ ਸੁਖੈਨ[99] ਹੀ ਤਰੋ-ਤਰ[98] ਹੋ ਗਿਆ ਹਾਂ ।
ਗੁਰਮਤਿ[2] ਸਹਜੇ[3] ਨਾਮੁ ਧਿਆਏ[4] ॥	By the Guru' instruction[2], I have automatically[3] uttered[4] the Lord's Name.	ਗੁਰਾਂ ਦੇ ਉਪਦੇਸ਼[2] ਦੁਆਰਾ, ਮੈਂ ਸੁਤੇਸਿਧ[3] ਹੀ ਸਾਹਿਬ ਦੇ ਨਾਮ ਦਾ ਉਚਾਰਨ ਕੀਤਾ[4] ਹੈ ।
ਜਿਨ ਕਉ ਧੁਰਿ[5] ਲਿਖਿਆ[6] ਤਿਨ[7] ਗੁਰੁ ਮਿਲਿਆ ਤਿਨ ਜਨਮ ਮਰਣ ਭਉ[8] ਭਾਗਾ[9] ॥	They who are so [5]pre-destined[6], the Guru meets them[7] and their fear[8] of birth and death hastens away[9].	ਜਿਨ੍ਹਾਂ ਲਈ ਮੁੱਢ[5] ਤੋਂ ਇਸ ਤਰ੍ਹਾਂ ਦਾ ਲਿਖਿਆ ਹੋਇਆ[6] ਹੈ ਉਨ੍ਹਾਂ ਨੂੰ[7] ਗੁਰੂ ਜੀ ਮਿਲ ਪੈਂਦੇ ਹਨ ਅਤੇ ਉਨ੍ਹਾਂ ਦਾ ਜੰਮਣ ਅਤੇ ਮਰਣ ਦਾ ਡਰ[8] ਦੌੜ ਜਾਂਦਾ[9] ਹੈ ।
ਅੰਦਰਹੁ[10] [12]ਦੁਰਮਤਿ[13] ਦੂਜੀ[14] ਖੋਈ[15] ਸੋ[16] ਜਨੁ[17] ਹਰਿ ਲਿਵ[18] ਲਾਗਾ[19] ॥	He, who banishes[15] evil[12]-intellect[13] and duality[14] from within[10] himself; that[16] man[17] comes to embrace[19] love[18] for God	ਜੋ ਆਪਣੇ ਅੰਦਰੋਂ[10] ਮੰਦੀ[12] ਅਕਲ[13] ਅਤੇ ਦਵੈਤ-ਭਾਵ[14] ਨੂੰ ਕੱਢ ਦਿੰਦਾ[15] ਹੈ, ਉਸ[16] ਇਨਸਾਨ[17] ਦਾ ਵਾਹਿਗੁਰੂ ਨਾਲ ਪਿਆਰ[18] ਪੈ ਜਾਂਦਾ[19] ਹੈ ।
੭੬੮	**768**	**੭੬੮**
ਜਿਨ ਕਉ ਕ੍ਰਿਪਾ[20] ਕੀਨੀ[21] ਮੇਰੈ ਸੁਆਮੀ ਤਿਨ[22]	They, to whom my Lord shows[21] mercy[20] they sing ; night[23] and day,	ਜਿਨ੍ਹਾਂ ਉਤੇ ਮੇਰਾ ਮਾਲਕ ਰਹਿਮਤ[20] ਧਾਰਦਾ[21] ਹੈ, ਰਾਤ[23] ਦਿਨ ਉਹ[22] ਸਾਂਈਂ ਦਾ ਜੱਸ[24] ਗਾਇਨ[25] ਕਰਦੇ

ਅਨਦਿਨੁ[23] ਹਰਿ ਗੁਣ[24] ਗਾਏ[25] ॥	the Lord's praise[24].	ਹਨ ।
ਸੁਣਿ ਮਨ[30] ਭੀਨੇ[26] ਸਹਜਿ[27] [28]ਸੁਭਾਏ[29] ॥੨॥	Hearing of the Lord, my soul[30] is naturally[27] softened[26] with His sublime[28] love[29].	ਸਾਹਿਬ ਬਾਰੇ ਸੁਣ ਕੇ, ਮੇਰੀ ਜਿੰਦੜੀ[30] ਸੁਭਾਵਕ ਹੀ[27] ਉਸ ਦੀ ਸਰੇਸ਼ਟ[28] ਪ੍ਰੀਤ[29] ਨਾਲ ਮੋਮ ਹੋ ਗਈ[26] ਹੈ।
ਜੁਗ[31] ਮਹਿ[32] ਰਾਮ[33] ਨਾਮੁ ਨਿਸਤਾਰਾ[34] ॥	In[32] this age[31], emancipation[34] is obtained only through the Lord's Name[33].	ਇਸ ਯੁੱਗ[31] ਅੰਦਰ[32] ਕੇਵਲ ਪ੍ਰਭੂ ਦੇ ਨਾਮ[33]ਰਾਹੀਂ ਹੀ ਮੁਕਤੀ[34] ਪਰਾਪਤ ਹੁੰਦੀ ਹੈ ।
ਗੁਰ ਤੇ[35] ਉਪਜੈ[36] ਸਬਦੁ[37] ਵੀਚਾਰਾ[38] ॥	From[35] the Guru wells up[36] the Lord's[37] meditation[38].	ਗੁਰਾਂ ਤੋਂ[35] ਹੀ ਸੁਆਮੀ[37]ਦਾ ਸਿਮਰਨ[38]ਉਤਪੰਨ ਹੁੰਦਾ[36] ਹੈ ।
ਗੁਰ ਸਬਦੁ[39] ਵੀਚਾਰਾ[40] ਰਾਮ ਨਾਮੁ ਪਿਆਰਾ[44] ਜਿਸੁ ਕਿਰਪਾ[41] ਕਰੇ[42]ਸੁ[43] ਪਾਏ॥	Reflecting over[40] the Guru's Word[39], the love[44] for the Lord's Name is enshrined. He[43], unto whom the Lord shows[42] mercy[41], obtains it.	ਗੁਰਾਂ ਦੀ ਬਾਣੀ[39] ਦੀ ਵੀਚਾਰ[40] ਕਰਨ ਦੁਆਰਾ, ਪ੍ਰਭੂ ਦੇ ਨਾਮ ਨਾਲ ਪਿਰਹੜੀ[44] ਪੈ ਜਾਂਦੀ ਹੈ। ਜਿਸ ਉਤੇ ਸਾਂਈਂ ਮਿਹਰ[41] ਧਾਰਦਾ[42] ਹੈ, ਉਹ[43] ਹੀ ਇਸ ਨੂੰ ਪਰਾਪਤ ਕਰਦਾ ਹੈ ।
ਸਹਜੇ[45]ਗੁਣ[46]ਗਾਵੈ[47] ਦਿਨੁ ਰਾਤੀ ਕਿਲਵਿਖ[48] ਸਭਿ ਗਵਾਏ[49] ॥	In poise[45], sings[47] he the Lord's praise[46] day and night, and all his sins[48] are washed off[49].	ਅਡੋਲਤਾ[45] ਅੰਦਰ ਉਹ ਦਿਨ ਰਾਤ ਸਾਂਈਂ ਦਾ ਜੱਸ[46] ਗਾਉਂਦਾ[47] ਹੈ ਅਤੇ ਉਸ ਦੇ ਸਾਰੇ ਪਾਪ[48] ਧੋਤੇ ਜਾਂਦੇ[49] ਹਨ ।
ਸਭੁ ਕੋ ਤੇਰਾ ਤੂ ਸਭਨਾ ਕਾ ਹਉ ਤੇਰਾ ਤੂ ਹਮਾਰਾ[50] ॥	All are Thine and Thou art of all. I am Thine and Thou art mine[50], O Lord.	ਸਾਰੇ ਤੇਰੇ ਹਨ ਅਤੇ ਤੂੰ ਸਾਰਿਆਂ ਦਾ ਹੈਂ । ਮੈਂ ਤੇਰਾ ਹਾਂ ਅਤੇ ਤੂੰ ਮੇਰਾ[50] ਹੈਂ, ਹੇ ਠਾਕੁਰ !
ਜੁਗ ਮਹਿ ਰਾਮ ਨਾਮੁ ਨਿਸਤਾਰਾ ॥੩॥	In this age, the mortal is emancipated by contemplating the Lord's Name.	ਇਸ ਯੁੱਗ ਅੰਦਰ ਪ੍ਰਾਣੀ ਪ੍ਰਭੂ ਦੇ ਨਾਮ ਦਾ ਆਰਾਧਨ ਕਰਨ ਦੁਆਰਾ ਪਾਰ ਉਤਰ ਜਾਂਦਾ ਹੈ ।
ਸਾਜਨ[51] ਆਇ ਵੁਠੇ[52] ਘਰ[53] ਮਾਹੀ[54] ॥ ਹਰਿ ਗੁਣ[55]ਗਾਵਹਿ[58] ਤ੍ਰਿਪਤਿ[56] ਅਘਾਹੀ[57] ॥	They within[54] whose mind[53] the Friend[51] comes and abides[52]; singing[58] the praises[55] of God, they remain sated[56] and satiated[57].	ਜਿਨ੍ਹਾਂ ਦੇ ਹਿਰਦੇ[53] ਅੰਦਰ[54] ਮਿੱਤਰ[51] ਆ ਕੇ ਨਿਵਾਸ ਕਰ ਲੈਂਦਾ[52] ਹੈ, ਉਹ ਵਾਹਿਗੁਰੂ ਦਾ ਜੱਸ[55] ਗਾਇਨ ਕਰਨ[58] ਦੁਆਰਾ ਰੱਜੇ[56] ਅਤੇ ਧ੍ਰਾਪੇ[57] ਰਹਿੰਦੇ ਹਨ ।
ਹਰਿਗੁਣ ਗਾਇ ਸਦਾ[59] ਤ੍ਰਿਪਤਾਸੀ[60] ਫਿਰਿ[61] ਭੂਖ[62] ਨ ਲਾਗੈ ਆਏ ॥	Singing God's praises she is appeased[60] for aye[59] and feels not hunger[62] again[61].	ਵਾਹਿਗੁਰੂ ਦਾ ਜੱਸ ਗਾਇਨ ਕਰ ਕੇ, ਉਹ ਹਮੇਸ਼ਾ[59] ਲਈ ਸੰਤੁਸ਼ਟ ਹੋ ਜਾਂਦੀ[60] ਹੈ ਤੇ ਮੁੜ[61] ਉਸ ਨੂੰ ਭੁੱਖ[62] ਨਹੀਂ ਲੱਗਦੀ ।
[63]ਦਹਦਿਸਿ[64] ਪੂਜ[65] ਹੋਵੈ ਹਰਿਜਨ[66] ਕੀ ਜੋ ਹਰਿ ਹਰਿ[67] ਨਾਮੁ ਧਿਆਏ[68] ॥	The Lord's slave[66], who meditates[68] on the Lord God's Name[67], is adored[65] in ten[63] directions[64].	ਸਾਹਿਬ ਦਾ ਗੋਲਾ[66], ਜਿਹੜਾ ਸੁਆਮੀ, ਵਾਹਿਗੁਰੂ ਦੇ ਨਾਮ[67] ਨੂੰ ਆਰਾਧਦਾ[68] ਹੈ, ਉਸ ਦੀ ਦੱਸੀਂ[63] ਪਾਸੀਂ[64] ਉਪਾਸ਼ਨਾ[65] ਹੁੰਦੀ ਹੈ ।
ਨਾਨਕ ਹਰਿ ਆਪੇ[69]ਜੋੜਿ[70]	Nanak, God Himself[69] unites[70] and	ਨਾਨਕ, ਵਾਹਿਗੁਰੂ ਖ਼ੁਦ[69] ਹੀ ਮਿਲਾਉਂਦਾ[70] ਤੇ ਜੁਦਾ[71]

ਵਿਛੋੜੇ[71] ਹਰਿ ਬਿਨੁ[72] ਕੋ ਦੂਜਾ[73] ਨਾਹੀ ॥	separates[71]. Without[72] God, there is not another[73].	ਕਰਦਾ ਹੈ । ਵਾਹਿਗੁਰੂ ਦੇ ਬਗੈਰ[72] ਹੋਰ ਕੋਈ[73] ਹੈ ਹੀ ਨਹੀਂ ।
ਸਾਜਨ ਆਏ ਵੁਠੇ ਘਰ[74] ਮਾਹੀ ॥੪॥੧॥	The Friend has come to abide within my heart-home[74].	ਮਿੱਤਰ ਆ ਕੇ ਮੇਰੇ ਦਿਲ-ਗ੍ਰਿਹਿ[74] ਅੰਦਰ ਵੱਸ ਗਿਆ ਹੈ ।
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਰਾਗੁ ਸੂਹੀ ਮਹਲਾ ੩ ਘਰੁ ੩ ॥	Rag Suhi 3rd Guru.	ਰਾਗੁ ਸੂਹੀ ਤੀਜੀ ਪਾਤਿਸ਼ਾਹੀ ।
ਭਗਤ ਜਨਾ[75] ਕੀ ਹਰਿ ਜੀਉ[76] ਰਾਖੈ[77] ਜੁਗਿ ਜੁਗਿ[78] ਰਖਦਾ ਆਇਆ ਰਾਮ ॥	The sire Lord[76] protects[77] the honour of His devoted slaves[75]. All the ages through[78], He has been protecting it.	ਮਹਾਰਾਜ ਮਾਲਕ[76] ਆਪਣੇ ਜਾਂਨਿਸਾਰ[75] ਗੋਲਿਆਂ ਦੀ ਲੱਜਿਆ ਰੱਖਦਾ[77] ਹੈ । ਸਾਰਿਆਂ ਯੁਗਾਂ ਅੰਦਰ[78], ਉਹ ਇਸ ਨੂੰ ਰੱਖਦਾ ਰਿਹਾ ਹੈ ।
ਸੋ[79] ਭਗਤੁ[80] ਜੋ ਗੁਰਮੁਖਿ[81] ਹੋਵੈ ਹਉਮੈ[82] ਸਬਦਿ[83] ਜਲਾਇਆ[84] ਰਾਮ ॥	He[79] alone is the saint[80] who turns Guru-wards[81] and burns[84] his ego[82] with the Name[83].	ਕੇਵਲ ਓਹੀ[79] ਸਾਧੂ[80] ਹੈ, ਜੋ ਗੁਰੂ-ਅਨੁਸਾਰੀ[81] ਹੈ ਅਤੇ ਆਪਣੀ ਹੰਗਤਾ[82] ਨੂੰ ਨਾਮ[83] ਨਾਲ ਸਾੜ ਸੁੱਟਦਾ[84] ਹੈ।
ਹਉਮੈ ਸਬਦਿ ਜਲਾਇਆ ਮੇਰੇ ਹਰਿ ਭਾਇਆ[85] ਜਿਸ ਦੀ ਸਾਚੀ ਬਾਣੀ[86] ॥	He, who burns his self-conceit with the Name and whose speech[86] is true, is pleasing[85] to my Lord.	ਜੋ ਆਪਣੀ ਸਵੈ-ਹੰਗਤਾ ਨੂੰ ਨਾਮ ਨਾਲ ਸਾੜ ਸੁਟਦਾ ਹੈ ਅਤੇ ਜਿਸ ਦੀ ਬੋਲ-ਬਾਣੀ[86] ਸੱਚੀ ਹੈ, ਉਹ ਮੇਰੇ ਮਾਲਕ ਨੂੰ ਚੰਗਾ ਲੱਗਦਾ[85] ਹੈ ।
ਸਾਚੀ ਭਗਤਿ[87] ਕਰਹਿ[88] ਦਿਨੁ ਰਾਤੀ ਗੁਰਮੁਖਿ[89] ਆਖਿ[91] ਵਖਾਣੀ[92] ॥	Day and night, he performs[88] the Lord's true devotional service[87], which the Supreme Guru[89] has narrated[91] and enunciated[92].	ਦਿਨ ਰਾਤ ਉਹ ਸਾਹਿਬ ਦੀ ਸੱਚੀ ਪ੍ਰੇਮ-ਮਈ ਸੇਵਾ[87] ਕਮਾਉਂਦਾ[88] ਹੈ, ਜੋ ਮੁਖੀ ਗੁਰਾਂ[89] ਨੇ ਵਰਨਣ[91] ਅਤੇ ਬਿਆਨ ਕੀਤੀ[92] ਹੈ ।
ਭਗਤਾ[97] ਕੀ ਚਾਲ[93] ਸਚੀ ਅਤਿ[90] ਨਿਰਮਲ[94] ਨਾਮੁ ਸਚਾ ਮਨਿ[95] ਭਾਇਆ[96] ॥	True and exceedingly[90] immaculate[94] is the saints'[97] way of life[93] and the True Name is pleasing[96] to their mind[95].	ਸੱਚੀ ਅਤੇ ਪਰਮ[90] ਪਵਿੱਤਰ[94] ਹੈ ਸੰਤਾਂ[97] ਦੀ ਜੀਵਨ-ਰਹੁ-ਰੀਤੀ[93] ਅਤੇ ਸੱਚਾ ਨਾਮ ਉਨ੍ਹਾਂ ਦੇ ਚਿੱਤ[95] ਨੂੰ ਚੰਗਾ ਲੱਗਦਾ[96] ਹੈ ।
ਨਾਨਕ ਭਗਤ[98] ਸੋਹਹਿ[99] ਦਰਿ[100] ਸਾਚੈ ਜਿਨੀ[2] ਸਚੋ ਸਚੁ[3] ਕਮਾਇਆ[4] ॥ ੧ ॥	Nanak, the devotees[98], who[2] practise[4] nothing but Truth[3], look beauteous[99] in the True Court[100].	ਨਾਨਕ ਸ਼ਰਧਾਲੂ[98], ਜੋ[2] ਨਿਰੋਲ ਸੱਚ[3] ਦੀ ਕਿਰਤ ਕਰਦੇ[4] ਹਨ, ਸੱਚੇ ਦਰਬਾਰ[100] ਅੰਦਰ ਸੁਹਣੇ[99] ਲੱਗਦੇ ਹਨ ।
ਹਰਿ ਭਗਤਾ ਕੀ ਜਾਤਿ[5] ਪਤਿ[6] ਹੈ ਭਗਤ ਹਰਿ ਕੈ ਨਾਮਿ ਸਮਾਣੇ[7] ਰਾਮ ॥	God is the caste[5] and honour[6] of His saints and the saints are merged[7] in God's Name.	ਵਾਹਿਗੁਰੂ ਆਪਣੇ ਸੰਤਾਂ ਦੀ ਜਾਤੀ[5] ਅਤੇ ਇੱਜ਼ਤ ਆਬਰੂ[6] ਹੈ ਅਤੇ ਸੰਤ ਵਾਹਿਗੁਰੂ ਦੇ ਨਾਮ ਵਿਚ ਲੀਨ ਹੋਏ ਹੋਏ[7] ਹਨ ।
ਹਰਿ ਭਗਤਿ[15] ਕਰਹਿ	They perform God's worship[15],	ਉਹ ਰੱਬ ਦੀ ਉਪਾਸ਼ਨਾ[15] ਕਰਦੇ ਹਨ, ਆਪਣੇ ਅੰਦਰੋਂ[16]

ਵਿਚਹੁ[8] ਆਪੁ[9] ਗਵਾਵਹਿ[10] ਜਿਨ ਗੁਣ[12] ਅਵਗਣ[13] ਪਛਾਣੇ[14] ਰਾਮ ॥	banish[10] self-conceit[9] from within[8] and discriminate[14] between merits[12] and demerits[13].	ਸਵੈ-ਹੰਗਤਾ[9] ਨੂੰ ਦੂਰ ਕਰਦੇ[10] ਹਨ ਅਤੇ ਨੇਕੀਆਂ[12] ਤੇ ਬਦੀਆਂ[13] ਨੂੰ ਪਹਿਚਾਣਦੇ[14] ਹਨ।
ਗੁਣ ਅਉਗਣ ਪਛਾਣੈ[15] ਹਰਿ ਨਾਮੁ ਵਖਾਣੈ[16] ਭੈ[17] ਭਗਤਿ[18] ਮੀਠੀ[19] ਲਾਗੀ ॥	They discriminate[15] between good and evil, utter[16] God's Name and to them Lord's fear[17] and devotion[18] are sweet[19].	ਉਹ ਚੰਗੇ ਤੇ ਮੰਦੇ ਦੀ ਪਛਾਣ[15] ਕਰਦੇ ਹਨ, ਵਾਹਿਗੁਰੂ ਦੇ ਨਾਮ ਨੂੰ ਉਚਾਰਦੇ[16] ਹਨ ਅਤੇ ਸਾਂਈਂ ਦਾ ਡਰ[17] ਤੇ ਭਗਤੀ[18] ਉਨ੍ਹਾਂ ਨੂੰ ਮਿੱਠੇ[19] ਲੱਗਦੇ ਹਨ।
ਅਨਦਿਨੁ[20] ਭਗਤਿ ਕਰਹਿ ਦਿਨੁ ਰਾਤੀ[21] ਘਰ[22] ਹੀ ਮਹਿ[23] ਬੈਰਾਗੀ[24] ॥	Night and day[20] they ever[21] perform Lord's service and remain detached[24] in[23] their very home[22].	ਰਾਤ ਦਿਨ[20] ਉਹ ਹਮੇਸ਼ਾਂ[21] ਸੁਆਮੀ ਦੀ ਸੇਵਾ ਕਮਾਉਂਦੇ ਹਨ ਅਤੇ ਆਪਣੇ ਘਰ[22] ਅੰਦਰ[23] ਹੀ ਨਿਰਲੇਪ[24] ਰਹਿੰਦੇ ਹਨ।
ਭਗਤੀ ਰਾਤੇ[25] ਸਦਾ ਮਨੁ[26] ਨਿਰਮਲੁ[27] ਹਰਿ ਜੀਉ ਵੇਖਹਿ[28] ਸਦਾ[29] ਨਾਲੇ[30] ॥	Imbued[25] with His service their soul[26] is ever immaculate[27] and they ever[29] see[28] the Lord with[30] them.	ਉਸ ਦੀ ਸੇਵਾ ਵਿਚ ਰੰਗੀ ਹੋਈ[25] ਉਨ੍ਹਾਂ ਦੀ ਆਤਮਾ[26] ਸਦੀਵ ਹੀ ਪਵਿੱਤਰ[27] ਹੈ ਅਤੇ ਉਹ ਹਮੇਸ਼ਾਂ[29] ਸੁਆਮੀ ਨੂੰ ਆਪਣੇ ਅੰਗ ਸੰਗ[30] ਦੇਖਦੇ[28] ਹਨ।
ਨਾਨਕ ਸੇ[31] ਭਗਤਿ ਹਰਿ ਕੈ ਦਰਿ[32] ਸਾਚੇ ਅਨਦਿਨੁ[33] ਨਾਮੁ ਸਮਾਲੇ[34] ॥੨॥	Nanak those[31] saints are true in the Lord's court[32] and night[33] and day they remember[34] the Name.	ਨਾਨਕ ਉਹ[31] ਸਾਧੂ ਸਾਂਈਂ ਦੇ ਦਰਬਾਰ[32] ਅੰਦਰ ਸੱਚੇ ਹਨ ਅਤੇ ਉਹ ਰਾਤ[33] ਦਿਨ ਨਾਮ ਨੂੰ ਸਿਮਰਦੇ[34] ਹਨ।
ਮਨਮੁਖ[35] ਭਗਤਿ ਕਰਹਿ ਬਿਨੁ ਸਤਿਗੁਰ ਵਿਣੁ ਸਤਿਗੁਰ ਭਗਤਿ ਨ ਹੋਈ ਰਾਮ ॥	The perverse[35] worship the Lord without the True Guru, but how can the devotional service be performed without the Guru ?	ਪ੍ਰਤੀਕੂਲ ਪੁਰਸ਼[35] ਸੱਚੇ ਗੁਰਾਂ ਦੇ ਬਗ਼ੈਰ ਸੁਆਮੀ ਦੀ ਉਪਾਸ਼ਨਾ ਕਰਦੇ ਹਨ ਪ੍ਰੰਤੂ ਸੱਚੇ ਗੁਰਾਂ ਦੇ ਬਗ਼ੈਰ ਪ੍ਰੇਮ-ਮਈ ਸੇਵਾ ਕਿਸ ਤਰ੍ਹਾਂ ਕੀਤੀ ਜਾ ਸਕਦੀ ਹੈ ?
ਹਉਮੈ[36] ਮਾਇਆ[37] ਰੋਗਿ[38] ਵਿਆਪੇ[39] ਮਰਿ ਜਨਮਹਿ ਦੁਖੁ ਹੋਈ ਰਾਮ ॥	They are infected[39] with the ailments[38] of ego[36] and worldly attachment[37] and in death and birth they suffer pain.	ਉਨ੍ਹਾਂ ਨੂੰ ਹੰਗਤਾ[36] ਅਤੇ ਸੰਸਾਰੀ ਲਗਨ[37] ਦੀਆਂ ਬੀਮਾਰੀਆਂ[38] ਚਿਮੜੀਆਂ ਹੋਈਆਂ[39] ਹਨ ਅਤੇ ਮਰਨ ਤੇ ਜੰਮਣ ਅੰਦਰ ਉਹ ਕਸ਼ਟ ਉਠਾਉਂਦੇ ਹਨ।
ਮਰਿ[44] ਜਨਮਹਿ[45] ਦੁਖੁ ਹੋਈ ਦੂਜੈ ਭਾਇ[40] ਪਰਜਿ[41] ਵਿਗੋਈ[42] ਵਿਣੁ ਗੁਰ ਤਤੁ[43] ਨ ਜਾਨਿਆ ॥	In going[44] and coming[45], the world[41] suffers pain and is ruined[42] in duality[40]. Without the Guru, it obtains not the reality[43].	ਜਾਣ[44] ਅਤੇ ਆਉਣ[45] ਅੰਦਰ ਸੰਸਾਰ[41] ਤਕਲੀਫ਼ ਉਠਾਉਂਦਾ ਹੈ ਅਤੇ ਦਵੈਤ-ਭਾਵ[40] ਵਿਚ ਬਰਬਾਦ[42] ਹੋ ਜਾਂਦਾ ਹੈ। ਗੁਰਾਂ ਦੇ ਬਾਝੋਂ ਇਸ ਨੂੰ ਅਸਲੀਅਤ[43] ਪਰਾਪਤ ਨਹੀਂ ਹੁੰਦੀ।
ਭਗਤਿ ਵਿਹੂਣਾ[46] ਸਭੁ ਜਗੁ ਭਰਮਿਆ[47] ਅੰਤਿ[48] ਗਇਆ[49] ਪਛੁਤਾਨਿਆ[50] ॥	Without[46] the Lord's devotion the entire world is gone astray[47] and departs[49] regretfully[50] in the end[48].	ਪ੍ਰਭੂ ਦੇ ਅਨੁਰਾਗ ਦੇ ਬਾਝੋਂ[46] ਸਾਰਾ ਸੰਸਾਰ ਭਟਕਦਾ[47] ਫਿਰਦਾ ਹੈ ਅਤੇ ਅਖ਼ੀਰ[48] ਨੂੰ ਪਸਚਾਤਾਪ[50] ਕਰਦਾ ਹੋਇਆ ਟੁਰ ਜਾਂਦਾ[49] ਹੈ।
ਕੋਟਿ[51] ਮਧੇ[52] ਕਿਨੈ[53] ਪਛਾਣਿਆ[54] ਹਰਿ ਨਾਮਾ ਸਚੁ ਸੋਈ[55] ॥	Hardly any one[53] amongst[52] millions[51], realises[54] the True Name of that[55] Lord.	ਕ੍ਰੋੜਾਂ[51] ਵਿਚੋਂ[52] ਕੋਈ ਵਿਰਲਾ ਜਣਾ[53] ਹੀ ਉਸ[55] ਸੁਆਮੀ ਦੇ ਸੱਚੇ ਨਾਮ ਨੂੰ ਅਨੁਭਵ ਕਰਦਾ[54] ਹੈ।
ਨਾਨਕ ਨਾਮਿ ਮਿਲੈ[56]	Nanak, through the Name the	ਨਾਨਕ, ਨਾਮ ਦੇ ਰਾਹੀਂ ਪ੍ਰਾਣੀ ਨੂੰ ਪ੍ਰਭਤਾ[57] ਪਰਾਪਤ[56]

ਵਡਿਆਈ[57] ਦੂਜੈ[58]ਭਾਇ[59] ਪਤਿ[60] ਖੋਈ[61] ॥੩॥

mortal is blessed[56] with glory[57] and in the love[59] of another[58], he loses[61] his honour[60].

ਹੁੰਦੀ ਹੈ ਅਤੇ ਹੋਰਸ[58] ਦੇ ਪਿਆਰ[59]ਅੰਦਰ ਉਹ ਆਪਣੀ ਇਜ਼ਤ[60] ਗੁਆ ਲੈਂਦਾ[61] ਹੈ।

੭੬੯ 769 ੭੬੯

ਭਗਤਾ ਕੈ ਘਰਿ[65] ਕਾਰਜੁ[62] ਸਾਚਾ ਹਰਿ ਗੁਣ[63] ਸਦਾ ਵਖਾਣੇ[64] ਰਾਮ ॥

In the saints' home[65] is the joy of true union[62] and they ever utter[64] the Lord's praise[63].

ਸੰਤਾਂ ਦੇ ਧਾਮ[65] ਅੰਦਰ ਸੱਚੇ ਮਿਲਾਪ[62] ਦੀ ਖੁਸ਼ੀ ਹੈ ਅਤੇ ਉਹ ਹਮੇਸ਼ਾ ਸਾਂਈਂ ਦੀ ਕੀਰਤੀ[63] ਉਚਾਰਦੇ[64] ਹਨ।

ਭਗਤਿ[71] ਖਜਾਨਾ[65]* ਆਪੇ ਦੀਆ[70] ਕਾਲੁ[66] ਕੰਟਕੁ[67] ਮਾਰਿ[68] ਸਮਾਣੇ[69] ਰਾਮ ॥

The Lord Himself blesses[70] them with the treasure[65]* of His devotion[71] and overcoming[68] the thorny[67] death[66], they merge[69] in the Lord.

ਸਾਹਿਬ ਖੁਦ ਹੀ ਉਨ੍ਹਾਂ ਨੂੰ ਆਪਣੀ ਸ਼ਰਧਾ-ਪ੍ਰੇਮ[71] ਦਾ ਭੰਡਾਰਾ[65]* ਬਖ਼ਸ਼ ਦਿੰਦਾ[70] ਹੈ ਅਤੇ ਦੁਖਦਾਈ[67] ਮੌਤ[66] ਤੇ ਕਾਬੂ ਪਾ[68] ਉਹ ਸਾਂਈਂ ਵਿਚ ਲੀਨ[69] ਹੋ ਜਾਂਦੇ ਹਨ।

ਕਾਲੁ ਕੰਟਕੁ ਮਾਰਿ ਸਮਾਣੇ ਹਰਿ ਮਨਿ ਭਾਣੇ[72] ਨਾਮੁ ਨਿਧਾਨੁ[73] ਸਚੁ ਪਾਇਆ ॥

Overcoming the agonising death they blend with God, become pleasing[72] to his mind and obtain the true treasure[73] of the Name.

ਦੁਖਦਾਈ ਮੌਤ ਨੂੰ ਜਿੱਤ ਕੇ, ਉਹ ਵਾਹਿਗੁਰੂ ਨਾਲ ਅਭੇਦ ਹੋ ਜਾਂਦੇ ਹਨ, ਉਸ ਦੇ ਚਿੱਤ ਨੂੰ ਚੰਗੇ ਲੱਗਦੇ[72] ਹਨ ਅਤੇ ਨਾਮ ਦੇ ਸੱਚੇ ਖ਼ਜ਼ਾਨੇ[73] ਨੂੰ ਪਾ ਲੈਂਦੇ ਹਨ।

ਸਦਾ ਅਖੁਟੁ[74] ਕਦੇ[75] ਨ ਨਿਖੁਟੈ ਹਰਿ ਦੀਆ[75]* ਸਹਜਿ ਸੁਭਾਇਆ[76] ॥

This treasure is ever inexhaustible[74] and exhausts not ever[75]. The Lord has automatically[76] blessed[75]* His saints with it.

ਇਹ ਖ਼ਜ਼ਾਨਾ ਸਦੀਵ ਹੀ ਅਮੁਕ[74] ਹੈ ਅਤੇ ਕਦਾਚਿੱਤ[75] ਮੁਕਦਾ ਨਹੀਂ। ਠਾਕੁਰ ਨੇ ਖ਼ੁਦ-ਬ-ਖ਼ੁਦ[76] ਹੀ ਇਸ ਨੂੰ ਆਪਣੇ ਸਾਧੂਆਂ ਨੂੰ ਬਖ਼ਸ਼ਿਆ[75]* ਹੈ।

ਹਰਿ ਜਨ[77] ਊਚੇ[78] ਸਦ ਹੀ ਊਚੇ ਗੁਰ ਕੈ ਸਬਦਿ[79] ਸੁਹਾਇਆ[80] ॥

God's slaves[77] are high[78], ever high are they. With the Guru's Word[79], they look adorned[80].

ਰੱਬ ਦੇ ਗੋਲੇ[77] ਉਚੇ[78] ਹਨ, ਸਦੀਵ ਹੀ ਉਚੇ ਹਨ। ਗੁਰਾਂ ਦੀ ਬਾਣੀ[79] ਨਾਲ ਉਹ ਸੁਭਾਇਮਾਨ[80] ਲੱਗਦੇ ਹਨ।

ਨਾਨਕ ਆਪੇ[81] ਬਖਸਿ[82] ਮਿਲਾਏ[83] ਜੁਗਿ ਜੁਗਿ[84] ਸੋਭਾ[85]ਪਾਇਆ ॥੪॥੧॥੨॥

Granting pardon[82], the Lord unites[83] them with Himself[81] and all the ages through[84], they obtain glory[85].

ਮੁਆਫ਼ੀ ਬਖ਼ਸ਼[82] ਕੇ ਸੁਆਮੀ ਉਨ੍ਹਾਂ ਨੂੰ ਆਪਣੇ[81] ਨਾਲ ਮਿਲਾ ਲੈਂਦਾ[83] ਹੈ ਅਤੇ ਸਾਰਿਆਂ ਯੁਗਾਂ ਅੰਦਰ[84] ਉਹ ਪ੍ਰਭਤਾ[85] ਪਾਉਂਦੇ ਹਨ।

ਸੂਹੀ ਮਹਲਾ ੩ ॥ Suhi 3rd Guru. ਸੂਹੀ ਤੀਜੀ ਪਾਤਿਸ਼ਾਹੀ।

ਸਬਦਿ ਸਚੈ[86]ਸਚੁ ਸੋਹਿਲਾ[87] ਜਿਥੈ ਸਚੇ[88] ਕਾ ਹੋਇ ਵੀਚਾਰੋ[89] ਰਾਮ ॥

Through the True Name[86], the true happiness[87] prevails there, where the True Lord[88] is contemplated[89]

ਸੱਚੇ ਨਾਮ[86] ਦੀ ਰਾਹੀਂ ਸੱਚੀ ਖ਼ੁਸ਼ੀ[87] ਉਥੇ ਪਰਵਿਰਤ ਹੁੰਦੀ ਹੈ, ਜਿਥੇ ਸੱਚੇ ਸੁਆਮੀ[88] ਦਾ ਸਿਮਰਨ[89] ਹੁੰਦਾ ਹੈ।

ਹਉਮੈ[90] ਸਭਿ ਕਿਲਵਿਖ[91] ਕਾਟੇ[92] ਸਾਚੁ[93] ਰਖਿਆ [94]ਉਰਧਾਰੇ[95] ਰਾਮ ॥

Self-conceit[90] and all the sins[91] are dispelled[92] if one keeps clasped[95] to his heart[94] the True Name[93].

ਜੇਕਰ ਬੰਦਾ ਸੱਚੇ ਨਾਮ[93] ਨੂੰ ਆਪਣੇ ਦਿਲ[94] ਨਾਲ ਲਾਈ ਰਖੇ[95] ਤਾਂ ਸਵੈ-ਹੰਗਤਾ[90] ਤੇ ਸਾਰੇ ਪਾਪ[91] ਦੂਰ ਹੋ ਜਾਂਦੇ[92] ਹਨ।

ਸਚ ਰਖਿਆ ਉਰਧਾਰੇ ਦੁਤਰੁ[96] ਤਾਰੇ[97] ਫਿਰਿ[99]

He who enshrines the True Name in his mind crosses[97] the arduous[96] and

ਜੋ ਸੱਚੇ ਨਾਮ ਨੂੰ ਆਪਣੇ ਹਿਰਦੇ ਅੰਦਰ ਟਿਕਾਉਂਦਾ ਹੈ, ਉਹ ਕਠਨ[96] ਤੇ ਭਿਆਨਕ[100] ਸੰਸਾਰ ਸਮੁੰਦਰ[2] ਤੋਂ

[100]ਭਵਜਲੁ[2] ਤਰਣੁ ਨ ਹੋਈ ॥	dreadful[100] world-ocean[2] and then he crosses it not over again[99].	ਪਾਰ ਹੋ ਜਾਂਦਾ[97] ਹੈ ਅਤੇ ਉਸ ਨੂੰ ਮੁੜ ਕੇ[99] ਇਸ ਨੂੰ ਪਾਰ ਕਰਨਾ ਨਹੀਂ ਪੈਂਦਾ।
ਸਚਾ ਸਤਿਗੁਰੁ ਸਚੀ ਬਾਣੀ[3] ਜਿਨਿ ਸਚੁ ਵਿਖਾਲਿਆ[4] ਸੋਈ[5] ॥	True is the Satguru and True is his Word[3], by which He[5], the True Lord is seen[4].	ਸੱਚਾ ਹੈ ਸਤਿਗੁਰੂ ਅਤੇ ਸੱਚੀ ਹੈ ਉਸ ਦੀ ਗੁਰਬਾਣੀ[3] ਜਿਸ ਦੁਆਰਾ ਉਹ[5] ਸੱਚਾ ਸੁਆਮੀ ਵੇਖਿਆ[4] ਜਾਂਦਾ ਹੈ।
ਸਾਚੇ ਗੁਣ[6] ਗਾਵੈ ਸਚਿ ਸਮਾਵੈ[7] ਸਚੁ ਵੇਖੈ[8] ਸਭੁ ਸੋਈ[9] ॥	He who sings the True Lord's praise[6], merges[7] in the True Lord and he[9] sees[8] the True Lord pervading all.	ਜੋ ਸੱਚੇ ਸੁਆਮੀ ਦਾ ਜੱਸ[6] ਗਾਉਂਦਾ ਹੈ, ਉਹ ਸੱਚੇ ਸੁਆਮੀ ਅੰਦਰ ਲੀਨ ਹੋ ਜਾਂਦਾ[7] ਹੈ ਅਤੇ ਉਹ[9] ਸੱਚੇ ਸੁਆਮੀ ਨੂੰ ਸਮੂਹ ਅੰਦਰ ਵਿਆਪਕ ਵੇਖਦਾ[8] ਹੈ।
ਨਾਨਕ ਸਾਚਾ ਸਾਹਿਬੁ ਸਾਚੀ ਨਾਈ[10] ਸਚੁ[12] ਨਿਸਤਾਰਾ[13] ਹੋਈ ॥੧॥	Nanak, True is the Lord and True is His Name[10] and through the True Name[12], the man is emancipated[13].	ਨਾਨਕ ਸੱਚਾ ਹੈ ਸੁਆਮੀ ਅਤੇ ਸੱਚਾ ਹੈ ਉਸ ਦਾ ਨਾਮ[10] ਅਤੇ ਸੱਚੇ[12] ਦੇ ਰਾਹੀਂ ਹੀ ਬੰਦਾ ਬੰਦਖਲਾਸ[13]ਹੁੰਦਾ ਹੈ।
ਸਾਚੈ ਸਤਿਗੁਰਿ ਸਾਚੁ ਬੁਝਾਇਆ[14] ਪਤਿ[15] ਰਾਖੈ ਸਚੁ ਸੋਈ[16] ਰਾਮ ॥	The True Guru reveals[14] the True Name and He[16], the True Lord saves the mortal's honour[15].	ਸੱਚੇ ਗੁਰੂ ਜੀ ਸੱਚੇ ਨਾਮ ਨੂੰ ਦਰਸਾਉਂਦੇ[14] ਹਨ ਅਤੇ ਉਹ[16] ਸੱਚਾ ਸੁਆਮੀ ਪ੍ਰਾਣੀ ਦੀ ਲੱਜਿਆ[15] ਰੱਖਦਾ ਹੈ।
ਸਚਾ ਭੋਜਨੁ[17] ਭਾਉ[18] ਸਚਾ ਹੈ ਸਚੈ ਨਾਮਿ ਸੁਖੁ[19] ਹੋਈ ਰਾਮ ॥	The True viand[17] is the Lord's True love[18] and through the True Name peace[19] is obtained.	ਸੱਚੀ ਖੁਰਾਕ[17] ਪ੍ਰਭੂ ਦਾ ਸੱਚਾ ਪ੍ਰੇਮ[18] ਹੈ ਅਤੇ ਸੱਚੇ ਨਾਮ ਰਾਹੀਂ ਆਰਾਮ[19] ਪਰਾਪਤ ਹੁੰਦਾ ਹੈ।
ਸਾਚੈ ਨਾਮਿ ਸੁਖੁ ਹੋਈ ਮਰੈ[20] ਨ ਕੋਈ ਗਰਭਿ[21] ਨ ਜੂਨੀ[22] ਵਾਸਾ[23] ॥	Through the True Name, the mortal obtains peace and lives[20] eternally and he enters[23] not the womb[21] and existences[22] again.	ਸੱਚੇ ਨਾਮ ਦੇ ਰਾਹੀਂ ਪ੍ਰਾਣੀ ਆਰਾਮ ਪਾ ਲੈਂਦਾ ਹੈ,ਸਦਾ ਲਈ ਜੀਉਂਦਾ ਰਹਿੰਦਾ[20] ਹੈ ਅਤੇ ਮੁੜ ਕੇ ਬਚੇਦਾਨੀ[21] ਅਤੇ ਜੂਨੀਆਂ[22] ਵਿਚ ਨਹੀਂ ਪੈਂਦਾ[23]।
ਜੋਤੀ[24] ਜੋਤਿ[25] ਮਿਲਾਈ[26] ਸਚਿ[27] ਸਮਾਈ[28] ਸਚਿ ਨਾਇ[29] ਪਰਗਾਸਾ[30] ॥	The man's soul[25] meets[26] with and merges[28] in the supreme soul[24] of the True Lord[27] and with the True Name[29] his mind is illumined[30].	ਇਨਸਾਨ ਦੀ ਆਤਮਾ[25] ਸੱਚੇ ਸੁਆਮੀ[27] ਦੀ ਪਰਮ ਆਤਮਾ[24] ਨਾਲ ਮਿਲ ਕੇ[26] ਉਸ ਵਿਚ ਲੀਨ ਹੋ ਜਾਂਦੀ[28] ਹੈ ਅਤੇ ਸੱਚੇ ਨਾਮ[29] ਨਾਲ ਉਸ ਦਾ ਮਨ ਰੋਸ਼ਨ ਹੋ ਜਾਂਦਾ[30] ਹੈ।
ਜਿਨੀ ਸਚੁ ਜਾਤਾ[31] ਸੇ[32] ਸਚੇ[33] ਹੋਏ ਅਨਦਿਨੁ[34] ਸਚੁ[35] ਧਿਆਇਨਿ[36] ॥	They[32], who realise[31] the Truth, meditate[36] on the True Lord[35] night[34] and day and themselves become the True Lord[33].	ਜੋ ਸੱਚ ਨੂੰ ਅਨੁਭਵ[31] ਕਰਦੇ ਹਨ, ਉਹ[32] ਰਾਤ[34] ਦਿਨ ਸੱਚੇ ਸੁਆਮੀ[35] ਦਾ ਸਿਮਰਨ[36] ਕਰਦੇ ਹਨ ਅਤੇ ਖੁਦ ਸਚੇ ਸੁਆਮੀ[33] ਦਾ ਰੂਪ ਹੋ ਜਾਂਦੇ ਹਨ।
ਨਾਨਕ ਸਚੁ ਨਾਮੁ ਜਿਨ ਹਿਰਦੈ[37] ਵਸਿਆ[38] ਨਾ ਵੀਛੁੜਿ[39] ਦੁਖੁ[40]ਪਾਇਨਿ[41] ॥੨॥	Nanak, they within whose mind[37] the True Name abides[38], suffer[41] not pain[40], through separation[39].	ਨਾਨਕ ਜਿਨ੍ਹਾਂ ਦੇ ਅੰਤਰ-ਆਤਮੇ[37] ਸੱਚਾ ਨਾਮ ਵਸਦਾ[38] ਹੈ, ਉਹ ਵਿਛੋੜੇ[39] ਰਾਹੀਂ ਤਕਲੀਫ[40]ਨਹੀਂ ਉਠਾਉਂਦੇ[41]
ਸਚੀ ਬਾਣੀ ਸਚੇ ਗੁਣ[42]	Where through the True Gurbani is	ਜਿਥੇ ਸੱਚੀ ਗੁਰਬਾਣੀ ਰਾਹੀਂ ਸੱਚੇ ਮਾਲਕ ਦੀ ਕੀਰਤੀ[47]

ਗਾਵਹਿ ਤਿਤੁ[43] ਘਰਿ ਸੋਹਿਲਾ[44] ਹੋਈ ਰਾਮ ॥	sung the praise[42] of the True Master; in that[43] house resounds the songs of rejoicing[44].	ਗਾਇਨ ਕੀਤੀ ਜਾਂਦੀ ਹੈ, ਉਸ[43] ਗ੍ਰਹਿ ਅੰਦਰ ਖ਼ੁਸ਼ੀ ਦੇ ਗੀਤ[44] ਗੂੰਜਦੇ ਹਨ ।
ਨਿਰਮਲ[45] ਗੁਣ[46] ਸਾਚੇ[48] ਤਨੁ[47] ਮਨੁ ਸਾਚਾ ਵਿਚਿ[50] ਸਾਚਾ ਪੁਰਖੁ[49] ਪ੍ਰਭੁ ਸੋਈ[51] ਰਾਮ ॥	He, who imbibes the pure[45] and True[48] virtues[46] and is True in body[47] and mind; He[51], the True Lord Master[49] abides within[50] him.	ਜੋ ਪਵਿੱਤਰ[45] ਤੇ ਸੱਚੀਆਂ[48] ਨੇਕੀਆਂ[46] ਨੂੰ ਧਾਰਨ ਕਰਦਾ ਹੈ, ਅਤੇ ਜੋ ਦੇਹ[47] ਤੇ ਦਿਲ ਵਿਚ ਸੱਚਾ ਹੈ, ਉਹ[51] ਸੱਚਾ ਸੁਆਮੀ ਮਾਲਕ[49] ਉਸ ਦੇ ਅੰਦਰ[50] ਵਸਦਾ ਹੈ ।
ਸਭੁ ਸਚੁ[52] ਵਰਤੈ[53] ਸਚੋ ਬੋਲੈ ਜੋ ਸਚੁ[54] ਕਰੈ ਸੁ[55] ਹੋਈ[56] ॥	He practises[53] nothing but Truth[52], and tells the Truth and realises that whatever the True one[54] does, that[55] alone comes to pass[56].	ਉਹ ਨਿਰੋਲ ਸੱਚ[52] ਕਮਾਉਂਦਾ[53] ਹੈ, ਸੱਚ ਹੀ ਬੋਲਦਾ ਹੈ ਅਤੇ ਅਨੁਭਵ ਕਰਦਾ ਹੈ ਕਿ ਜਿਹੜਾ ਕੁਛ ਸਤਿਪੁਰਖ[54] ਕਰਦਾ ਹੈ, ਕੇਵਲ ਉਹ[55] ਹੀ ਹੁੰਦਾ[56] ਹੈ ।
ਜਹ[57] ਦੇਖਾ ਤਹਾ[58] ਸਚੁ[59] ਪਸਰਿਆ[60] ਅਵਰੁ[61] ਨ ਦੂਜਾ[62] ਕੋਈ ॥	Wherever[57] I behold, I find the True Lord[59] pervading[60] there[58]. There is not any other[61] second[62].	ਜਿਥੇ ਕਿਤੇ[57] ਮੈਂ ਵੇਖਦਾ ਹਾਂ ਉਥੇ[58] ਮੈਂ ਸੱਚੇ ਸਾਂਈਂ[59] ਨੂੰ ਵਿਆਪਕ[60] ਪਾਉਂਦਾ ਹਾਂ । ਹੋਰ[61] ਦੂਸਰਾ[62] ਕੋਈ ਹੈ ਹੀ ਨਹੀਂ ।
ਸਚੇ ਉਪਜੈ[63] ਸਚਿ ਸਮਾਵੈ[64] ਮਰਿ[65] ਜਨਮੈ[66] ਦੂਜਾ[67] ਹੋਈ ॥	Man springs[63] from the True Lord and ultimately merges[64] in Him. As long as there is duality[67] in him, he continues coming[66] and going[65].	ਇਨਸਾਨ ਸੱਚੇ ਸੁਆਮੀ ਤੋਂ ਉਤਪੰਨ ਹੁੰਦਾ[63] ਹੈ ਅਤੇ ਅੰਤ ਨੂੰ ਉਸ ਵਿਚ ਹੀ ਲੀਨ[64] ਹੋ ਜਾਂਦਾ ਹੈ । ਜਦ ਤਾਂਈਂ ਉਸ ਵਿਚ ਦਵੈਤ-ਭਾਵ[67] ਹੈ, ਉਹ ਆਉਂਦਾ[66] ਤੇ ਜਾਂਦਾ[65] ਰਹਿੰਦਾ ਹੈ ।
ਨਾਨਕ ਸਭੁ ਕਿਛੁ[68] ਆਪੇ[69] ਕਰਤਾ[70] ਆਪਿ ਕਰਾਵੈ ਸੋਈ[71] ॥੩॥	Nanak, the Lord Himself[69] does[70] everything[68] and He[71] Himself makes others do.	ਨਾਨਕ ਸਾਹਿਬ ਖ਼ੁਦ[69] ਸਭ ਕੁਝ[68] ਕਰਦਾ[70] ਹੈ ਅਤੇ ਉਹ[71] ਖ਼ੁਦ ਹੀ ਕਰਾਉਂਦਾ ਹੈ ।
ਸਚੇ ਭਗਤ[72] ਸੋਹਹਿ[73] ਦਰਵਾਰੇ[74] ਸਚੋ ਸਚੁ[75] ਵਖਾਣੇ[76] ਰਾਮ ॥	The true devotees[72] look beauteous[73] in the Lord's court[74] and they tell[76] nothing but the Truth[75].	ਸੱਚੇ ਅਨੁਰਾਗੀ[72] ਸੁਆਮੀ ਦੀ ਦਰਗਾਹ[74] ਅੰਦਰ ਸੁਹਣੇ[73] ਲੱਗਦੇ ਹਨ ਅਤੇ ਉਹ ਨਿਰੋਲ[75] ਸੱਚ ਹੀ ਬੋਲਦੇ[76] ਹਨ ।
ਘਟ[77] ਅੰਤਰੇ[78] ਸਾਚੀ ਬਾਣੀ ਸਾਚੋ[79] ਆਪਿ[80] ਪਛਾਣੇ[81] ਰਾਮ ॥	Within[78] their mind[77] is the True Gurbani and through Truth[79] they understand[81] themselves[80].	ਉਨ੍ਹਾਂ ਦੇ ਹਿਰਦੇ[77] ਅੰਦਰ[78] ਸੱਚੀ ਗੁਰਬਾਣੀ ਹੈ ਅਤੇ ਸੱਚ[79] ਦੇ ਰਾਹੀਂ ਉਹ ਆਪਣੇ ਆਪ[80] ਨੂੰ ਸਮਝ ਲੈਂਦੇ[81] ਹਨ ।
ਆਪੁ ਪਛਾਣਹਿ ਤਾ[82] ਸਚੁ ਜਾਣਹਿ ਸਾਚੇ ਸੋਝੀ[83] ਹੋਈ[84] ॥	When they understand themselves, then[82] know they the True Master. Through Truth wells up[84] intuition[83] within them.	ਜਦ ਉਹ ਆਪਣੇ ਆਪ ਨੂੰ ਸਮਝ ਲੈਂਦੇ ਹਨ ਤਦ[82] ਉਹ ਸੱਚੇ ਮਾਲਕ ਨੂੰ ਜਾਣ ਲੈਂਦੇ । ਹਨ ਸੱਚ ਦੇ ਰਾਹੀਂ ਉਨ੍ਹਾਂ ਦੇ ਅੰਦਰ ਗਿਆਤ[83] ਉਤਪੰਨ ਹੋ ਜਾਂਦੀ[84] ਹੈ ।
ਸਚਾ ਸਬਦੁ[85] ਸਚੀ ਹੈ ਸੋਭਾ[86] ਸਾਚੇ ਹੀ ਸੁਖੁ[87] ਹੋਈ ॥	True is the Name[85] and True its glory[86]. Through Truth alone wells up peace[87].	ਸੱਚਾ ਹੈ ਨਾਮ[85] ਅਤੇ ਸੱਚੀ ਹੈ ਇਸ ਦੀ ਪ੍ਰਭਤਾ[86] । ਕੇਵਲ ਨਾਮ ਦੇ ਰਾਹੀਂ ਹੀ ਆਰਾਮ[87] ਉਤਪੰਨ ਹੁੰਦਾ ਹੈ ।
ਸਾਚਿ ਰਤੇ[88] ਭਗਤ ਇਕ[89]	Imbued[88] with Truth, the saints	ਸੱਚ ਨਾਲ ਰੰਗੇ ਹੋਏ[88] ਸੰਤ ਅਦੁੱਤੀ ਪੁਰਖ[89] ਨੂੰ ਹੀ ਪਿਆਰ[90]

ਰੰਗੀ[90] ਦੂਜਾ[91] ਰੰਗੁ ਨ ਕੋਈ ॥

love[90] the Unique One[89] and love not any other[91].

ਕਰਦੇ ਹਨ ਤੇ ਹੋਰ ਕਿਸੇ[91] ਨੂੰ ਨਹੀਂ ਪਿਆਰਦੇ।

ਨਾਨਕ ਜਿਸ ਕਉ ਮਸਤਕਿ[92]ਲਿਖਿਆ ਤਿਸੁ[93] ਸਚੁ[94] ਪਰਾਪਤਿ[95] ਹੋਈ ॥੪॥੨॥੩॥

Nanak, he on whose forehead[92] it is so writ; He[93] alone obtains[95] the True Lord[94].

ਨਾਨਕ, ਜਿਸ ਦੀ ਪੇਸ਼ਾਨੀ[92] ਉਤੇ ਇਸ ਤਰ੍ਹਾਂ ਲਿਖਿਆ ਹੋਇਆ ਹੈ, ਕੇਵਲ ਉਹ[93] ਹੀ ਸੱਚੇ ਸੁਆਮੀ[94] ਨੂੰ ਪਾਉਂਦਾ[95] ਹੈ।

ਸੂਹੀ ਮਹਲਾ ੩ ॥

Suhi 3rd Guru.

ਸੂਹੀ ਤੀਜੀ ਪਾਤਿਸ਼ਾਹੀ।

ਜੁਗ ਚਾਰੇ ਧਨ[96]ਜੇ[97]ਭਵੈ[98] ਬਿਨੁ[100] ਸਤਿਗੁਰ ਸੋਹਾਗੁ[99] ਨ ਹੋਈ ਰਾਮ ॥

Even if[97] the bride[96] wanders[98] the four ages through, save[100] through the True Guru, she becomes not the happy bride[99] of her Spouse.

ਭਾਵੇਂ[97] ਪਤਨੀ[96] ਚਾਰੇ ਹੀ ਯੁਗ ਭਟਕਦੀ[98] ਫਿਰੇ ਸੱਚੇ ਗੁਰਾਂ ਦੇ ਬਗੈਰ[100] ਉਹ ਆਪਣੇ ਪਤੀ ਦੀ ਖੁਸ਼ਬਾਸ਼ ਪਤਨੀ[99] ਨਹੀਂ ਬਣਦੀ।

ਨਿਹਚਲੁ[2] ਰਾਜੁ[3] ਸਦਾ[4] ਹਰਿ ਕੇਰਾ[5] ਤਿਸੁ ਬਿਨੁ ਅਵਰੁ ਨ ਕੋਈ ਰਾਮ ॥

Ever[4] permanent[2] is the rule[3] of[5] God, without Him there is not another.

ਸਦੀਵੀ[4] ਮੁਸਤਕਿਲ[2] ਹੈ ਪ੍ਰਭੂ ਦੀ[5] ਪਾਤਿਸ਼ਾਹੀ[3] ਉਸ ਦੇ ਬਾਝੋਂ ਹੋਰ ਕੋਈ ਨਹੀਂ।

ਤਿਸੁ ਬਿਨੁ ਅਵਰੁ ਨ ਕੋਈ ਸਦਾ[6] ਸਚੁ[7] ਸੋਈ[8] ਗੁਰਮੁਖਿ[9] ਏਕੋ ਜਾਣਿਆ ॥

Without Him, there is not another. Ever[6] true[7] is He[8], the Lord. The Guru-wards[9] know of the One alone.

ਉਸ ਦੇ ਬਾਝੋਂ ਹੋਰ ਕੋਈ ਹੈ ਹੀ ਨਹੀਂ। ਸਦੀਵੀ[6]ਸੱਚਾ[7]ਹੈ ਉਹ[8] ਸੁਆਮੀ। ਗੁਰੂ-ਸਮਰਪਨ[9] ਕੇਵਲ ਇਕ ਨੂੰ ਹੀ ਜਾਣਦੇ ਹਨ।

੭੭੦ 770 ੭੭੦

ਧਨ[10] ਪਿਰ[12] ਮੇਲਾਵਾ[13] ਹੋਆ ਗੁਰਮਤੀ[14] ਮਨੁ[15] ਮਾਨਿਆ[16] ॥

The bride[10], whose soul[15] is propitiated[16] with the Guru's instruction[14] meets[13] with her Groom[12].

ਜਿਸ ਸਹੇਲੀ[10] ਦੀ ਆਤਮਾ[15] ਗੁਰਾਂ ਦੇ ਉਪਦੇਸ਼[14] ਦੁਆਰਾ ਸੰਤੁਸ਼ਟ[16] ਹੋ ਜਾਂਦੀ ਹੈ, ਉਹ ਆਪਣੇ ਮਾਲਕ[12] ਨੂੰ ਮਿਲ ਪੈਂਦੀ[13] ਹੈ।

ਸਤਿਗੁਰੁ ਮਿਲਿਆ ਤਾ[17] ਹਰਿ ਪਾਇਆ ਬਿਨੁ ਹਰਿ ਨਾਵੈ ਮੁਕਤਿ[18] ਨ ਹੋਈ ॥

When man meets with the True Guru, then[17] obtains he the Lord. Without the Lord's Name, he is emancipated[18] not.

ਜਦ ਇਨਸਾਨ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਤਦ[17] ਉਹ ਸੁਆਮੀ ਨੂੰ ਪਾ ਲੈਂਦਾ ਹੈ, ਸੁਆਮੀ ਦੇ ਨਾਮ ਦੇ ਬਾਝੋਂ ਉਹ ਮੁਕਤ[18] ਨਹੀਂ ਹੁੰਦਾ।

ਨਾਨਕ ਕਾਮਣਿ[19] ਕੰਤੈ[20] ਰਾਵੈ[21] ਮਨਿ ਮਾਨਿਐ[22] ਸੁਖੁ[23] ਹੋਈ[24] ॥੧॥

Nanak, the bride[19] enjoys[21] her Spouse[20]. Through the mind's appeasement[22] wells up[24] peace[23].

ਨਾਨਕ, ਪਤਨੀ[19] ਆਪਣੇ ਪਤੀ[20] ਨੂੰ ਮਾਣਦੀ[21] ਹੈ। ਮਨ ਦੀ ਸੰਤੁਸ਼ਟਤਾ[22] ਦੁਆਰਾ ਆਰਾਮ[23] ਉਤਪੰਨ ਹੁੰਦਾ[24] ਹੈ।

ਸਤਿਗੁਰੁ ਸੇਵਿ[25] ਧਨ[26] ਬਾਲੜੀਏ[27] ਹਰਿ ਵਰੁ[28] ਪਾਵਹਿ[30] ਸੋਈ[29] ਰਾਮ ॥

Serve[25] thou the True Guru, O young[27] bride[26]. Thus shalt thou obtain[30] the[29] Lord as thine Spouse[28].

ਤੂੰ ਆਪਣੇ ਸੱਚੇ ਗੁਰਾਂ ਦੀ ਟਹਿਲ ਕਮਾ[25], ਹੇ ਮੁਟਿਆਰ[27] ਪਤਨੀਏ[26]! ਇਸ ਤਰ੍ਹਾਂ ਤੂੰ ਉਸ[29] ਪ੍ਰਭੂ ਨੂੰ ਆਪਣੇ ਪਤੀ[28] ਵਜੋਂ ਪਰਾਪਤ[30] ਕਰ ਲਵੇਂਗੀ।

ਸਦਾ ਹੋਵਹਿ ਸੋਹਾਗਣੀ[31] ਫਿਰਿ[32] ਮੈਲਾ[33] ਵੇਸੁ[34] ਨ ਹੋਈ ਰਾਮ ॥

Thou shalt ever be the virtuous wife[31] of thy Groom and shalt not again[32] wear the soiled[33] raiment[34].

ਤੂੰ ਹਮੇਸ਼ਾ ਆਪਣੇ ਭਰਤੇ ਦੀ ਨੇਕ ਵਹੁਟੀ[31] ਬਣੀ ਰਹੇਂਗੀ ਅਤੇ ਮੁੜ[32] ਤੇਰੀ ਪੁਸ਼ਾਕ[34] ਮਲੀਨ[33] ਨਹੀਂ ਹੋਵੇਗੀ।

ਫਿਰਿ ਮੈਲਾ ਵੇਸੁ ਨ ਹੋਈ

Her dress goes not dirty again and

ਉਸ ਦੇ ਬਸਤਰ ਮੁੜ ਕੇ ਗੰਦੇ ਨਹੀਂ ਹੁੰਦੇ ਅਤੇ ਆਪਣੀ

ਗੁਰਮੁਖਿ[35] ਬੂਝੈ[36] ਕੋਈ[37] ਹਉਮੈ[38] ਮਾਰਿ[39] ਪਛਾਣਿਆ[40] ॥	stilling[39] her ego[38] she recognises[40] her Lord. By Guru's grace[35] a few[37] understand[36] this thing.	ਹੰਗਤ[38] ਨੂੰ ਮਾਰ ਕੇ[39] ਉਹ ਆਪਣੇ ਸਾਈਂ ਨੂੰ ਸਿਞਾਣ[40] ਲੈਂਦੀ ਹੈ। ਗੁਰਾਂ ਦੀ ਦਇਆ[35] ਦੁਆਰਾ ਕੋਈ ਵਿਰਲੀ[37] ਹੀ ਇਸ ਗੱਲ ਨੂੰ ਸਮਝਦੀ[36] ਹੈ।
ਕਰਣੀ[41] ਕਾਰ[42] ਕਮਾਵੈ[43] ਸਬਦਿ[44] ਸਮਾਵੈ[45] ਅੰਤਰਿ[46] ਏਕੋ[47] ਜਾਣਿਆ[48] ॥	She practises[43] the avocation[42] of good deeds[41], merges[45] in the Name[44] and within her mind[46] knows[48] but one[47] God.	ਉਹ ਨੇਕ ਅਮਲਾਂ[41] ਦਾ ਕਾਰ-ਵਿਹਾਰ[42] ਕਰਦੀ[43] ਹੈ। ਨਾਮ[44] ਅੰਦਰ ਲੀਨ ਹੁੰਦੀ[45] ਹੈ ਅਤੇ ਆਪਣੇ ਹਿਰਦੇ[46] ਅੰਦਰ ਕੇਵਲ ਇਕ[47] ਵਾਹਿਗੁਰੂ ਨੂੰ ਹੀ ਸਿੰਞਾਣਦੀ[48] ਹੈ।
ਗੁਰਮੁਖਿ[49] ਪ੍ਰਭੁ ਰਾਵੈ[50] ਦਿਨੁ ਰਾਤੀ ਆਪਣਾ ਸਾਚੀ ਸੋਭਾ[51] ਹੋਈ ॥	The virtuous bride[49] day and night enjoys[50] her Lord and obtains true glory[51].	ਨੇਕ ਪਤਨੀ[49] ਦਿਨ ਰਾਤ ਆਪਣੇ ਸੁਆਮੀ ਨੂੰ ਮਾਣਦੀ[50] ਹੈ ਅਤੇ ਸੱਚੀ ਪ੍ਰਭੁਤਾ[51] ਨੂੰ ਪਰਾਪਤ ਹੁੰਦੀ ਹੈ।
ਨਾਨਕ ਕਾਮਣਿ[52] ਪਿਰੁ[53] ਰਾਵੇ ਆਪਣਾ ਰਵਿ ਰਹਿਆ[54] ਪ੍ਰਭੁ ਸੋਈ[55] ॥੨॥	Nanak, the bride[52] enjoys her Beloved[53], the[55] Lord who is pervading[54] everywhere.	ਨਾਨਕ, ਸਹੇਲੀ[52] ਆਪਣੇ ਪ੍ਰੀਤਮ[53] ਨੂੰ ਮਾਣਦੀ ਹੈ, ਉਹ[55] ਸੁਆਮੀ ਜੋ ਹਰ ਥਾਂ ਵਿਆਪਕ[54] ਹੋ ਰਿਹਾ ਹੈ।
ਗੁਰ ਕੀ ਕਾਰ[56] ਕਰੇ ਧਨ[57] ਬਾਲੜੀਏ[58] ਹਰਿ ਵਰੁ[59] ਦੇਇ ਮਿਲਾਏ ਰਾਮ ॥	If thou servest[56] the Guru, O young[58] bride[57], he shall make thee meet with God, thy Groom[59].	ਜੇਕਰ ਤੂੰ ਗੁਰਾਂ ਦੀ ਸੇਵਾ ਕਮਾਵੇਂ[56] ਹੇ ਮੁਟਿਆਰ[58] ਪਤਨੀਏ[57]! ਉਹ ਤੈਨੂੰ ਤੇਰੇ ਪਤੀ[59], ਵਾਹਿਗੁਰੂ, ਨਾਲ ਮਿਲਾ ਦੇਣਗੇ।
ਹਰਿ[64] ਕੈ ਰੰਗਿ[60] ਰਤੀ[61] ਹੈ ਕਾਮਣਿ[62] ਮਿਲਿ ਪ੍ਰੀਤਮ[63] ਸੁਖੁ ਪਾਏ ਰਾਮ ॥	The wife[62] is imbued[61] with the love[60] of her Lord[64] and meeting her Beloved[63] obtains peace.	ਵਹੁਟੀ[62] ਆਪਣੇ ਸੁਆਮੀ[64] ਦੀ ਪ੍ਰੀਤ[60] ਨਾਲ ਰੰਗੀ ਹੋਈ[61] ਹੈ ਅਤੇ ਆਪਣੇ ਪਿਆਰੇ[63] ਨੂੰ ਮਿਲ ਕੇ ਆਰਾਮ ਪਾਉਂਦੀ ਹੈ।
ਮਿਲਿ ਪ੍ਰੀਤਮ ਸੁਖੁ ਪਾਏ ਸਚਿ[64*] ਸਮਾਏ[65] ਸਚੁ ਵਰਤੈ[66] ਸਭ ਥਾਈ[67] ॥	Meeting her love she obtains bliss, merges[65] in the True Lord[64*] and beholds the True Lord pervading[66] everywhere[67].	ਆਪਣੇ ਦਿਲਬਰ ਨੂੰ ਮਿਲ ਕੇ ਉਹ ਖੁਸ਼ੀ ਪਰਾਪਤ ਕਰਦੀ ਹੈ, ਸੱਚੇ ਸਾਹਿਬ[64*] ਅੰਦਰ ਲੀਨ ਹੋ ਜਾਂਦੀ[65] ਹੈ ਅਤੇ ਸੱਚੇ ਸਾਹਿਬ ਨੂੰ ਹਰ ਥਾਂ[67] ਵਿਆਪਕ[66] ਵੇਖਦੀ ਹੈ।
ਸਚਾ ਸੀਗਾਰੁ[68] ਕਰੇ ਦਿਨੁ ਰਾਤੀ ਕਾਮਣਿ ਸਚਿ ਸਮਾਈ ॥	Day and night the wife makes true decorations[68] and remains absorbed in the True One.	ਦਿਨ ਰਾਤ ਵਹੁਟੀ ਸੱਚੇ ਹਾਰਸ਼ਿੰਗਾਰ[68] ਲਾਉਂਦੀ ਹੈ ਅਤੇ ਸਤਿਪੁਰਖ ਅੰਦਰ ਲੀਨ ਹੋਈ ਰਹਿੰਦੀ ਹੈ।
ਹਰਿ ਸੁਖਦਾਤਾ[69] ਸਬਦਿ[70] ਪਛਾਤਾ[71] ਕਾਮਣਿ ਲਇਆ ਕੰਠਿ[72] ਲਾਇ।	The bride recognises[71] her peace-giving[69] Lord through the Name[70] and hugs Him to her bosom[72].	ਪਤਨੀ ਆਰਾਮ-ਦੇਣਹਾਰ[69] ਸੁਆਮੀ ਨੂੰ ਨਾਮ[70] ਦੇ ਰਾਹੀਂ ਸਿੰਞਾਣ ਲੈਂਦੀ[71] ਹੈ ਅਤੇ ਉਸ ਨੂੰ ਆਪਣੀ ਛਾਤੀ[72] ਨਾਲ ਲਾ ਲੈਂਦੀ ਹੈ।
ਨਾਨਕ ਮਹਲੀ[73] ਮਹਲੁ[74] ਪਛਾਣੈ[75] ਗੁਰਮਤੀ[76] ਹਰਿ ਪਾਏ ॥੩॥	Nanak, the house-wife[73] recognises[75] her Lord's mansion[74] through the Guru's instruction[76] obtains she her Lord.	ਨਾਨਕ, ਘਰ ਵਾਲੀ[73] ਆਪਣੇ ਸੁਆਮੀ ਦੇ ਮੰਦਰ[74] ਨੂੰ ਸਿੰਞਾਣ ਲੈਂਦੀ[75] ਹੈ ਅਤੇ ਗੁਰ-ਉਪਦੇਸ਼[76] ਰਾਹੀਂ ਉਹ ਆਪਣੇ ਸੁਆਮੀ ਨੂੰ ਪਰਾਪਤ ਹੋ ਜਾਂਦੀ ਹੈ।
ਸਾਧਨ[77] ਬਾਲੀ[78] ਧੁਰਿ[79]	My Primal Lord[79] has united, united	ਮੇਰੇ ਪ੍ਰਿਥਮ ਪ੍ਰਭੂ[79] ਨੇ ਆਪਣੀ ਮੁਟਿਆਰ[78] ਪਤਨੀ[77]

ਮੇਲੀ ਮੇਰੈ ਪ੍ਰਭਿ ਆਪਿ[80] ਮਿਲਾਈ ਰਾਮ ॥	with Himself[80] His young[78]bride[77].	ਨੂੰ ਆਪਣੇ[80] ਨਾਲ ਮਿਲਾ, ਮਿਲਾ ਲਿਆ ਹੈ।
ਗੁਰਮਤੀ[81]ਘਟਿ[82]ਚਾਨਣੁ[83] ਹੋਆ ਪ੍ਰਭੁ ਰਵਿ ਰਹਿਆ[84] ਸਭ ਥਾਈ[85] ਰਾਮ ॥	By Guru's instruction[81] her mind[82] is enlightened[83] and she sees the Lord contained[84]in all the places[85].	ਗੁਰਾਂ ਦੀ ਸਿਖਿਆ[81] ਦੁਆਰਾ ਉਸ ਦਾ ਮਨ[82] ਰੋਸ਼ਨ ਹੋ ਜਾਂਦਾ[83] ਹੈ ਅਤੇ ਉਹ ਸਾਈਂ ਨੂੰ ਸਾਰੀਆਂ ਥਾਵਾਂ[85] ਵਿਚ ਵਿਆਪਕ[84] ਵੇਖਦੀ ਹੈ।
ਪ੍ਰਭੁ ਰਵਿ ਰਹਿਆ ਸਭ ਥਾਈ ਮੰਨਿ ਵਸਾਈ[86] ਪੂਰਬਿ[87] ਲਿਖਿਆ[88] ਪਾਇਆ ॥	Within her mind, she enshrines[86]her Lord, who is pervading all the places and obtains what was [87]pre-ordained[88] for her.	ਆਪਣੇ ਚਿੱਤ ਅੰਦਰ ਉਹ ਆਪਣੇ ਸੁਆਮੀ ਨੂੰ ਟਿਕਾਉਂਦੀ[86] ਹੈ, ਜੋ ਸਾਰੀਆਂ ਥਾਵਾਂ ਵਿਚ ਵਿਆਪਕ ਹੋ ਰਿਹਾ ਹੈ ਅਤੇ ਜਿਹੜਾ ਕੁਛ ਉਸ ਲਈ ਮੁੱਢ[87] ਤੋਂ ਲਿਖਿਆ[88] ਸੀ ਉਸ ਨੂੰ ਪਾ ਲੈਂਦੀ ਹੈ।
ਸੇਜ[89] ਸੁਖਾਲੀ[90] ਮੇਰੇ ਪ੍ਰਭ ਭਾਣੀ[91] ਸਚੁ ਸੀਗਾਰੁ[92] ਬਣਾਇਆ ॥	She mounts to her Lord's comfortable[90] couch[89], makes decorations[92] of Truth and is pleasing[91] to her Lord.	ਉਹ ਆਪਣੇ ਸੁਆਮੀ ਦੇ ਸੁਖਦਾਈ[90] ਪਲੰਘ[89] ਤੇ ਬਿਰਾਜਦੀ ਹੈ, ਸੱਚ ਦਾ ਹਾਰਸ਼ਿੰਗਾਰ[92] ਲਾਉਂਦੀ ਹੈ ਅਤੇ ਆਪਣੇ ਸੁਆਮੀ ਨੂੰ ਚੰਗੀ[91] ਲੱਗਦੀ ਹੈ।
ਕਾਮਣਿ[93] ਨਿਰਮਲ[94] ਹਉਮੈ[95] ਮਲੁ[96] ਖੋਈ[97] ਗੁਰਮਤਿ[98] ਸਚਿ[99] ਸਮਾਈ[100] ॥	Washing off[97] the filth[96] of her self-conceit[95], the bride[93] becomes immaculate[94] and by Guru's instruction[98] merges[100] in the True Lord[99].	ਆਪਣੀ ਸਵੈ-ਹੰਗਤਾ[95] ਦੀ ਮੈਲ[96] ਨੂੰ ਧੋ ਕੇ[97],ਪਤਨੀ[93] ਪਵਿੱਤਰ[94] ਹੋ ਜਾਂਦੀ ਹੈ ਅਤੇ ਗੁਰਾਂ ਦੀ ਸਿੱਖਿਆ[98] ਦੁਆਰਾ ਸੱਚੇ ਸਾਂਈਂ[99] ਅੰਦਰ ਲੀਨ[100] ਹੋ ਜਾਂਦੀ ਹੈ।
ਨਾਨਕ ਆਪਿ[2] ਮਿਲਾਈ[3] ਕਰਤੈ[4] ਨਾਮੁ ਨਵੈ ਨਿਧਿ[5] ਪਾਈ ॥੪॥੩॥੪॥	Nanak, the Creator[4] blends[3] her with Himself[2] and she obtains the Name's nine treasures[5].	ਨਾਨਕ, ਕਰਤਾਰ[4] ਉਸ ਨੂੰ ਆਪਣੇ[2] ਨਾਲ ਮਿਲਾ ਲੈਂਦਾ[3] ਹੈ, ਅਤੇ ਉਹ ਨਾਮ ਦੇ ਨੌਂ ਖ਼ਜ਼ਾਨੇ[5] ਪਾ ਲੈਂਦੀ ਹੈ।
ਸੂਹੀ ਮਹਲਾ ੩ ॥	Suhi 3rd Guru.	ਸੂਹੀ ਤੀਜੀ ਪਾਤਿਸ਼ਾਹੀ।
ਹਰਿ ਹਰੇ ਹਰਿ[6] ਗੁਣ[7] ਗਾਵਹੁ ਹਰਿ ਗੁਰਮੁਖੇ[8] ਪਾਏ ਰਾਮ ॥	Sing thou the praise[7] of God, the Lord Master[6]. It is through the Guru[8], that the Lord is obtained.	ਤੂੰ ਵਾਹਿਗੁਰੂ ਸੁਆਮੀ ਮਾਲਕ[6] ਦੀ ਮਹਿਮਾ[7] ਗਾਇਨ ਕਰ। ਗੁਰਾਂ ਦੇ ਰਾਹੀਂ[8] ਹੀ ਪ੍ਰਭੂ ਪਾਇਆ ਜਾਂਦਾ ਹੈ।
ਅਨਦਿਨੋ[9]ਸਬਦਿ[10]ਰਵਹੁ[12] ਅਨਹਦ[13]ਸਬਦ[14]ਵਜਾਏ[15] ਰਾਮ ॥	Night[9] and day utter[12] thou the Name[10] and unstruck[13] music[14] shall play[15] for thee.	ਰਾਤ[9] ਦਿਨ ਤੂੰ ਨਾਮ[10] ਦਾ ਉਚਾਰਨ[12] ਕਰ ਅਤੇ ਤੇਰੇ ਲਈ ਸੁਤੇ ਸਿੱਧ[13] ਕੀਰਤਨ[14] ਹੋਵੇਗਾ[15]।
ਅਨਹਦ ਸਬਦ[16] ਵਜਾਏ[17] ਹਰਿ ਜੀਉ[18] ਘਰਿ[19] ਆਏ ਹਰਿ ਗੁਣ[20] ਗਾਵਹੁ ਨਾਰੀ[21] ॥	Celestial music[16] plays[17] and the ladies[21] sing the Lord's praises[20], when the sire[18] Master comes into my home[19].	ਜਦ ਮਹਾਰਾਜ[18], ਮਾਲਕ, ਮੇਰੇ ਧਾਮ[19] ਅੰਦਰ ਆਉਂਦਾ ਹੈ ਤਾਂ ਬੈਕੁੰਠੀ ਕੀਰਤਨ[16] ਹੁੰਦਾ[17] ਹੈ ਅਤੇ ਇਸਤਰੀਆਂ[21] ਸਾਂਈਂ ਦਾ ਜੱਸ[20] ਗਾਇਨ ਕਰਦੀਆਂ ਹਨ।
ਅਨਦਿਨੁ[22]ਭਗਤਿ[23]ਕਰਹਿ ਗੁਰ ਆਗੈ ਸਾਧਨ[24] ਕੰਤ[25]	The bride[24], who night[22] and day performs her Guru's service[23],	ਪਤਨੀ[24], ਜੋ ਰਾਤ[22] ਦਿਨ ਆਪਣੇ ਗੁਰਾਂ ਦੀ ਸੇਵਾ[23] ਕਮਾਉਂਦੀ ਹੈ, ਉਹ ਆਪਣੇ ਪਤੀ[25] ਦੀ ਲਾਡਲੀ[26] ਹੋ

ਪਿਆਰੀ[26] ॥	becomes the sweet-heart[26] of her Spouse[25].	ਜਾਂਦੀ ਹੈ ।
ਗੁਰ ਕਾ ਸਬਦੁ[27] ਵਸਿਆ[28] ਘਟ[29] ਅੰਤਰਿ[30]ਸੇ[31] ਜਨ[32] ਸਬਦਿ[33] ਸੁਹਾਏ[34] ॥	The[31] mortals[32] within[30] whose mind[29], the Gurbani[27] abides[28], look beauteous[34] with the Lord's Name[33].	ਜਿਨ੍ਹਾਂ[31] ਪ੍ਰਾਣੀਆਂ[32] ਦੇ ਹਿਰਦੇ[29] ਅੰਦਰ[30] ਗੁਰਾਂ ਦੀ ਬਾਣੀ[27] ਵਸਦੀ[28] ਹੈ, ਉਹ ਸਾਂਈ ਦੇ ਨਾਮ[33] ਨਾਲ ਸੁਹਣੇ[34] ਲੱਗਦੇ ਹਨ ।
ਨਾਨਕ ਤਿਨ[35] ਘਰਿ[36] ਸਦ[37] ਹੀ ਸੋਹਿਲਾ[38] ਹਰਿ ਕਰਿ ਕਿਰਪਾ[39]ਘਰਿ ਆਏ[40] ॥੧॥	Nanak, permanent[37] bliss[38] is within the home[36] of those[35], whose home the Master mercifully[39] visits[40].	ਨਾਨਕ, ਸਦੀਵੀ ਸਥਿਰ[37] ਖ਼ੁਸ਼ੀ[38] ਉਨ੍ਹਾਂ[35] ਦੇ ਧਾਮ[36] ਵਿਚ ਹੈ, ਜਿਨ੍ਹਾਂ ਦੇ ਘਰ ਵਿਚ ਮਾਲਕ ਮਿਹਰ ਧਾਰ[39] ਕੇ ਆਉਂਦਾ[40] ਹੈ ।
ਭਗਤਾ[41] ਮਨਿ ਆਨੰਦੁ[42] ਭਇਆ[43] ਹਰਿ ਨਾਮ ਰਹੇ ਲਿਵ[44] ਲਾਏ ਰਾਮ ॥	Bliss[42] wells up[43] in the mind of the saints[41]. They remain absorbed in the love[44] of God's Name.	ਸੰਤਾਂ[41] ਦੇ ਹਿਰਦੇ ਅੰਦਰ ਖ਼ੁਸ਼ੀ[42] ਉਤਪੰਨ ਹੁੰਦੀ[43] ਹੈ । ਉਹ ਵਾਹਿਗੁਰੂ ਦੇ ਨਾਮ ਦੇ ਪ੍ਰੇਮ[44] ਅੰਦਰ ਲੀਨ ਰਹਿੰਦੇ ਹਨ ।
ਗੁਰਮੁਖੇ[45] ਮਨੁ[46]ਨਿਰਮਲੁ[47] ਹੋਆ ਨਿਰਮਲ ਹਰਿ ਗੁਣ[48] ਗਾਏ ਰਾਮ ॥	By the Guru's grace[45], their mind[46] becomes pure[47] and they sing the Lord's immaculate praise[48].	ਗੁਰਾਂ ਦੀ ਦਇਆ ਦੁਆਰਾ[45] ਉਨ੍ਹਾਂ ਦਾ ਹਿਰਦਾ[46] ਸ਼ੁੱਧ[47] ਹੋ ਜਾਂਦਾ ਹੈ ਅਤੇ ਉਹ ਪਵਿੱਤਰ ਜੱਸ[48] ਗਾਉਂਦੇ ਹਨ ।
ਨਿਰਮਲ ਗੁਣ ਗਾਏ ਨਾਮ ਮੰਨਿ ਵਸਾਏ[49] ਹਰਿ ਕੀ ਅੰਮ੍ਰਿਤ ਬਾਣੀ[50] ॥	They sing Lord's pure praise and enshrine[49] the Name and God's Ambrosial Word[50] in their mind.	ਉਹ ਪ੍ਰਭੂ ਦਾ ਪਵਿੱਤਰ ਜੱਸ ਗਾਉਂਦੇ ਹਨ ਅਤੇ ਨਾਮ ਤੇ ਵਾਹਿਗੁਰੂ ਦੀ ਅੰਮ੍ਰਿਤ-ਮਈ[50] ਬਾਣੀ ਨੂੰ ਆਪਣੇ ਵਿਚ ਟਿਕਾਉਂਦੇ[49] ਹਨ ।
ਜਿਨ ਮਨਿ ਵਸਿਆ[51]ਸੇਈ[52] ਜਨ[53] ਨਿਸਤਰੇ[54] ਘਟਿ ਘਟਿ[55]ਸਬਦਿ[56]ਸਮਾਣੀ[57]॥	Guru's Word[56] can merge[57] in all the hearts[55], but only those[52] persons[43] are emancipated[54] in whose mind It abides[51].	ਗੁਰਾਂ ਦੀ ਬਾਣੀ[56] ਸਾਰਿਆਂ ਦਿਲਾਂ[55] ਅੰਦਰ ਸਮਾ ਸਕਦੀ[57] ਹੈ ਪ੍ਰੰਤੂ ਕੇਵਲ ਉਹ[52] ਪੁਰਸ਼[53] ਹੀ ਪਾਰ ਉਤਰਦੇ[54] ਹਨ ਜਿਨ੍ਹਾਂ ਦੇ ਚਿੱਤ ਵਿਚ ਇਹ ਟਿਕ ਜਾਂਦੀ[51] ਹੈ ।
ਤੇਰੇ ਗੁਣ[63] ਗਾਵਹਿ ਸਹਜਿ[58]ਸਮਾਵਹਿ[53]ਸਬਦੇ[60] ਮੇਲਿ[61] ਮਿਲਾਏ[62] ॥	Merging[59] in equipoise[58] they sing Thine praise[63], O Lord and through the Name[60] unite[62] in Thy union[61].	ਅਡੋਲਤਾ[58] ਅੰਦਰ ਲੀਨ[59] ਹੋ, ਉਹ ਤੇਰੀ ਕੀਰਤੀ[63] ਗਾਇਨ ਕਰਦੇ ਹਨ ਹੇ ਪ੍ਰਭੂ ! ਤੇ ਤੇਰੇ ਨਾਮ[60] ਦੇ ਰਾਹੀਂ ਤੇਰੇ ਮਿਲਾਪ[61] ਅੰਦਰ ਮਿਲ[62] ਜਾਂਦੇ ਹਨ ।
ਨਾਨਕ ਸਫਲ[64] ਜਨਮੁ[65] ਤਿਨ[66]ਕੇਰਾ[67]ਜਿ ਸਤਿਗੁਰਿ ਹਰਿ ਮਾਰਗਿ[68]ਪਾਏ[69]॥੨॥	Nanak, profitable[64] is the coming[65] of[67] those[66], whom the True Guru has put[69] on the way[68] to God.	ਨਾਨਕ, ਲਾਭਦਾਇਕ[64] ਹੈ ਆਉਣਾ[65] ਉਨ੍ਹਾਂ[66] ਦਾ[67] ਜਿਨ੍ਹਾਂ ਨੂੰ ਸੱਚੇ ਗੁਰਾਂ ਨੇ ਰੱਬ ਦੇ ਰਾਹੇ[68] ਪਾ ਦਿੱਤਾ[69] ਹੈ ।
੭੭੧	771	੭੭੧
ਸੰਤ ਸੰਗਤਿ[70] ਸਿਉ ਮੇਲੁ[71] ਭਇਆ ਹਰਿ ਹਰਿ[72] ਨਾਮਿ ਸਮਾਏ[73] ਰਾਮ ॥	They who join[71] the saints' society[70], are absorbed[73] in the Lord Master's[72] Name.	ਜੋ ਸਤਿ ਸੰਗਤ[70] ਨਾਲ ਜੁੜਦੇ[71] ਹਨ ਉਹ ਸੁਆਮੀ ਮਾਲਕ[72] ਦੇ ਨਾਮ ਅੰਦਰ ਲੀਨ ਹੋ ਜਾਂਦੇ[73] ਹਨ ।
ਗੁਰ ਕੈ ਸਬਦਿ[74] ਸਦ[45] ਜੀਵਨ ਮੁਕਤ[76] ਭਏ ਹਰਿ	By the Guru's instruction[74], they are eternally[75] emancipated in life[76] and	ਗੁਰਾਂ ਦੇ ਉਪਦੇਸ਼[74] ਦੁਆਰਾ ਉਹ ਸਦੀਵੀ ਕਾਲ[75] ਲਈ ਜੀਉਂਦੇ ਜੀ ਮੁਕਤ ਹੋ ਜਾਂਦੇ[76] ਹਨ ਅਤੇ ਉਨ੍ਹਾਂ ਦਾ ਰੱਬ ਦੇ

ਕੈ ਨਾਮਿ ਲਿਵ[77] ਲਾਏ[78] ਰਾਮ ॥	embrace[78] love[77] for God's Name.	ਨਾਮ ਨਾਲ ਪ੍ਰੇਮ[77] ਪੈ ਜਾਂਦਾ[78] ਹੈ ।
ਹਰਿ ਨਾਮਿ ਚਿਤੁ[79] ਲਾਏ[80] ਗੁਰਿ ਮੇਲਿ[81] ਮਿਲਾਏ[82] ਮਨੂਆ[83] ਰਤਾ[84] ਹਰਿ ਨਾਲੇ[85] ॥	They, whom the Guru unites[82] with the saints congregation[81], fix[80] their mind[79] on God and their soul[83] is imbued[84] with[85] the Lord's love	ਜਿਨ੍ਹਾਂ ਨੂੰ ਗੁਰੂ ਜੀ ਸਾਧ ਸੰਗਤ[81] ਨਾਲ ਜੋੜਦੇ[82] ਹਨ ਉਹ ਆਪਣਾ ਮਨ[79] ਵਾਹਿਗੁਰੂ ਨਾਲ ਜੋੜਦੇ[80] ਹਨ ਅਤੇ ਉਨ੍ਹਾਂ ਦੀ ਆਤਮਾ[83] ਪ੍ਰਭੂ ਦੇ ਪ੍ਰੇਮ ਨਾਲ[85] ਰੰਗੀ ਜਾਂਦੀ[84] ਹੈ ।
ਸੁਖਦਾਤਾ[86]ਪਾਇਆ ਮੋਹੁ[87] ਚੁਕਾਇਆ[88] ਅਨਦਿਨੁ[89] ਨਾਮੁ ਸਮਾਲੇ[90] ॥	They obtain the Peace-giving[86] Lord purge[88]themselves of worldly attachment[87] and night[89] and day contemplate[90] the Name.	ਉਹ ਆਰਾਮ-ਬਖ਼ਸ਼ਣਹਾਰ[86] ਸਾਂਈਂ ਨੂੰ ਪਾ ਲੈਂਦੇ ਹਨ, ਸੰਸਾਰੀ ਲਗਨ[87] ਨੂੰ ਤਿਆਗ ਦਿੰਦੇ[88] ਹਨ ਅਤੇ ਰਾਤ[89] ਦਿਨ ਨਾਮ ਦਾ ਆਰਾਧਨ ਕਰਦੇ[90] ਹਨ ।
ਗੁਰ ਸਬਦੇ[91] ਰਾਤਾ[92] ਸਹਜੇ[93] ਮਾਤਾ[94] ਨਾਮੁ ਮਨਿ ਵਸਾਏ[95] ॥	Imbued[92] with Gurbani[91] and inebriated[94] with gnosis[93], they enshrine[95] the Name in their mind.	ਗੁਰਬਾਣੀ[91] ਨਾਲ ਰੰਗੇ ਹੋਏ[92] ਤੇ ਗਿਆਨ-ਸਹਿਤ[93] ਮਤਵਾਲੇ[94] ਉਹ ਨਾਮ ਨੂੰ ਆਪਣੇ ਚਿੱਤ ਵਿਚ ਟਿਕਾਉਂਦੇ[95] ਹਨ ।
ਨਾਨਕ ਤਿਨ[96] ਘਰਿ ਸਦ[97] ਹੀ ਸੋਹਿਲਾ[98] ਜਿ ਸਤਿਗੁਰ ਸੇਵਿ[99] ਸਮਾਏ[100] ॥੩॥	Nanak, eternal[97] bliss[98] is in the home of those[96],who are absorbed[100] in the True Guru's service[99].	ਨਾਨਕ ਸਦੀਵੀ[97] ਖ਼ੁਸ਼ੀ[98] ਉਨ੍ਹਾਂ[96] ਦੇ ਘਰ ਵਿਚ ਹੈ, ਜੋ ਸੱਚੇ ਗੁਰਾਂ ਦੀ ਟਹਿਲ ਸੇਵਾ[99] ਅੰਦਰ ਲੀਨ[100] ਹਨ ।
ਬਿਨੁ ਸਤਿਗੁਰ ਜਗੁ[2] ਭਰਮਿ[3] ਭੁਲਾਇਆ[4] ਹਰਿ ਕਾ ਮਹਲੁ[5] ਨ ਪਾਇਆ ਰਾਮ ॥	Without the True Guru, the world[2] strays[4] in doubt[3] and attains not to the Lord's mansion[5].	ਸੱਚੇ ਗੁਰਾਂ ਦੇ ਬਾਝੋਂ ਸੰਸਾਰ[2] ਸੰਦੇਹ[3] ਅੰਦਰ ਭੁਲਿਆ ਫਿਰਦਾ[4] ਹੈ ਅਤੇ ਮਾਲਕ ਦੇ ਮੰਦਰ[5] ਨੂੰ ਪਰਾਪਤ ਨਹੀਂ ਹੁੰਦਾ ।
ਗੁਰਮੁਖੇ[6] ਇਕਿ[7] ਮੇਲਿ[8] ਮਿਲਾਇਆ[9] ਤਿਨ[10] ਕੇ ਦੂਖ[12] ਗਵਾਇਆ[13] ਰਾਮ॥	Through the Guru[6],some[7]are united[9] in the Lord's union[8], and their[10] pains[12] are dispelled[13].	ਗੁਰਾਂ ਦੇ ਰਾਹੀਂ[6] ਕਈ[7] ਸਾਂਈਂ ਦੇ ਮਿਲਾਪ[8] ਅੰਦਰ ਮਿਲਾ ਦਿੱਤੇ[9] ਜਾਂਦੇ ਹਨ, ਅਤੇ ਉਨ੍ਹਾਂ[10] ਦੇ ਦੁਖੜੇ[12] ਦੂਰ ਹੋ ਜਾਂਦੇ[13] ਹਨ ।
ਤਿਨ ਕੇ ਦੂਖ ਗਵਾਇਆ ਜਾ[14] ਹਰਿ ਮਨਿ[15] ਭਾਇਆ[16] ਸਦਾ[17] ਗਾਵਹਿ ਰੰਗਿ[18] ਰਾਤੇ[19] ॥	When[14] it so pleases[16] the Lord's mind[15],their distresses are dispelled and imbued[19] in love[18] they ever[17] sing Lord's praises.	ਜਦ[14] ਸਾਂਈਂ ਦੇ ਚਿੱਤ[15] ਨੂੰ ਇਸ ਤਰ੍ਹਾਂ ਚੰਗਾ ਲੱਗਦਾ[16] ਹੈ ਤਾਂ ਉਨ੍ਹਾਂ ਦੇ ਦੁਖੜੇ ਦੂਰ ਹੋ ਜਾਂਦੇ ਹਨ ਅਤੇ ਪ੍ਰੇਮ[18] ਅੰਦਰ ਰੰਗੇ ਹੋਏ[19] ਉਹ ਹਮੇਸ਼ਾ[17] ਸਾਂਈਂ ਦਾ ਜੱਸ ਗਾਉਂਦੇ ਹਨ ।
ਹਰਿ ਕੇ ਭਗਤ[20] ਸਦਾ[24] ਜਨ[21] ਨਿਰਮਲ[22] ਜੁਗਿ ਜੁਗਿ[23] ਸਦ ਹੀ ਜਾਤੇ[25] ॥	God's devotees[20] are ever[24]the pure[22] persons[21] and they are ever renowned[25] all the ages through[23].	ਵਾਹਿਗੁਰੂ ਦੇ ਅਨੁਰਾਗੀ[20] ਹਮੇਸ਼ਾ[24] ਪਵਿੱਤਰ[22] ਪੁਰਸ਼[21] ਹੁੰਦੇ ਹਨ ਅਤੇ ਸਾਰੇ ਹੀ[23] ਯੁਗਾਂ ਅੰਦਰ ਸਦਾ ਪਰਸਿੱਧ ਹੁੰਦੇ[25] ਹਨ ।
ਸਾਚੀ[26] ਭਗਤਿ[27] ਕਰਹਿ ਦਰਿ[28] ਜਾਪਹਿ[29] ਘਰਿ ਦਰਿ[30] ਸਾਚਾ ਸੋਈ[31] ॥	They perform hearty[26] service[27] and are honoured[29]in the Lord's Court[28]. He[31], the Lord, is their true hearth and home[30].	ਉਹ ਦਿਲੀ[26] ਸੇਵਾ[27] ਕਮਾਉਂਦੇ ਹਨ ਅਤੇ ਸਾਂਈਂ ਦੇ ਦਰਬਾਰ[28] ਅੰਦਰ ਇੱਜ਼ਤ ਪਾਉਂਦੇ[29] ਹਨ । ਉਹ[31] ਸਾਂਈਂ ਹੀ ਉਨ੍ਹਾਂ ਦਾ ਘਰਬਾਰ[30] ਹੈ ।
ਨਾਨਕ ਸਚਾ ਸੋਹਿਲਾ[32]	True is the Lord's bliss[32], absolutely	ਸੱਚੀ ਹੈ ਸੁਆਮੀ ਦੀ ਖ਼ੁਸ਼ੀ[32], ਨਿਰੋਲ ਸੱਚਾ[33] ਹੈ ਉਸਦਾ

ਸਚੀ ਸਚੁ[33] ਬਾਣੀ[34] ਸਬਦੇ[35] ਹੀ ਸੁਖੁ[36] ਹੋਈ[37]॥ ੪॥੪॥੫॥	true[33] His divine narration[34] and through His Name[35] wells up[37] peace[36].	ਈਸ਼ਵਰੀ ਵਰਨਣ[34]ਤੇ ਉਸ ਦੇ ਨਾਮ[35] ਰਾਹੀਂ ਆਰਾਮ[36] ਉਤਪੰਨ ਹੁੰਦਾ[37] ਹੈ।
ਸੂਹੀ ਮਹਲਾ ੩ ॥	Suhi 3rd Guru.	ਸੂਹੀ ਤੀਜੀ ਪਾਤਿਸ਼ਾਹੀ।
ਜੇ[38] ਲੋੜਹਿ[39] ਵਰੁ[40] ਬਾਲੜੀਏ[41] ਤਾ[43] ਗੁਰ ਚਰਣੀ[42] ਚਿਤੁ[44] ਲਾਏ[45] ਰਾਮ ॥	If[38] thou desirest[39] thy Groom[40], O young maiden[41] then[43] fix[45] thou thy mind[44] on the Guru's feet[42].	ਜੇਕਰ[38] ਤੂੰ ਆਪਣੇ ਕੰਤ[40] ਨੂੰ ਚਾਹੁੰਦੀ[39] ਹੈਂ, ਹੇ ਮੁਟਿਆਰ[41] ਕੰਨਿਆ! ਤਦ[43] ਤੂੰ ਆਪਣੇ ਮਨ[44] ਨੂੰ ਗੁਰਾਂ ਦੇ ਚਰਨਾਂ[42] ਨਾਲ ਜੋੜ[45]।
ਸਦਾ ਹੋਵਹਿ ਸੋਹਾਗਣੀ[46] ਹਰਿ ਜੀਉ[47] ਮਰੈ ਨ ਜਾਏ ਰਾਮ ॥	Thou shalt ever be the happy bride[46] of the Reverend[47] Lord who neither dies nor goes.	ਤੂੰ ਹਮੇਸ਼ਾ ਲਈ ਪੂਜਯ[47] ਪ੍ਰਭੂ ਦੀ ਖ਼ੁਸ਼ਬਾਸ਼ ਪਤਨੀ[46] ਹੋ ਜਾਵੇਂਗੀ, ਜੋ ਨਾ ਮਰਦਾ ਹੈ, ਨਾ ਹੀ ਜਾਂਦਾ ਹੈ।
ਹਰਿ ਜੀਉ ਮਰੈ ਨ ਜਾਏ ਗੁਰ ਕੈ ਸਹਜਿ ਸੁਭਾਏ[48] ਸਾ ਧਨ[49] ਕੰਤ[50] ਪਿਆਰੀ[51] ॥	The sire Lord dies not, nor goes He anywhere. By Guru's peace and poise[48], the bride[49] becomes the lover[51] of her Groom[50].	ਮਹਾਰਾਜ ਮਾਲਕ ਨਾ ਮਰਦਾ ਹੈ, ਨਾ ਹੀ ਕਿਧਰੇ ਜਾਂਦਾ ਹੈ। ਗੁਰਾਂ ਵੱਲੋਂ ਆਰਾਮ ਅਤੇ ਅਡੋਲਤਾ[48] ਦੁਆਰਾ, ਪਤਨੀ[49] ਆਪਣੇ ਪਤੀ[50] ਦੀ ਲਾਡਲੀ[51] ਹੋ ਜਾਂਦੀ ਹੈ।
ਸਚਿ ਸੰਜਮਿ[52] ਸਦਾ ਹੈ ਨਿਰਮਲੁ[53] ਗੁਰ ਕੈ ਸਬਦਿ[54] ਸੀਗਾਰੀ[55] ॥	Through truth and self-mortification[52] she becomes immaculate[53] for aye and is embellished[55] with Gurbani[54].	ਸੱਚ ਅਤੇ ਸਵੈ-ਰਿਆਜ਼ਤ[52] ਰਾਹੀਂ ਉਹ ਹਮੇਸ਼ਾ ਲਈ ਪਵਿੱਤਰ[53] ਹੋ ਜਾਂਦੀ ਹੈ ਅਤੇ ਗੁਰਬਾਣੀ[54] ਨਾਲ ਸ਼ਸ਼ੋਭਤ[55] ਹੋ ਜਾਂਦੀ ਹੈ।
ਮੇਰਾ ਪ੍ਰਭੁ ਸਾਚਾ ਸਦ[56] ਹੀ ਸਾਚਾ ਜਿਨਿ ਆਪੇ[57] ਆਪੁ[58] ਉਪਾਇਆ[59] ॥	True, ever[56] True is my Lord, who Himself[57] did create[59] His ownself[58].	ਸੱਚਾ, ਸਦੀਵ[56] ਸੱਚਾ ਹੈ ਮੇਰਾ ਸੁਆਮੀ, ਜਿਸ ਨੇ ਖ਼ੁਦ[57] ਹੀ ਆਪਣੇ ਆਪ[58] ਨੂੰ ਰਚਿਆ[59] ਹੈ।
ਨਾਨਕ ਸਦਾ ਪਿਰੁ[60] ਰਾਵੇ[61] ਆਪਣਾ ਜਿਨਿ ਗੁਰ ਚਰਣੀ[62] ਚਿਤੁ ਲਾਇਆ[63] ॥੧॥	Nanak, she who attaches[63] her mind to Guru's feet[62], ever enjoys[61] her Spouse[60].	ਨਾਨਕ, ਜੋ ਆਪਣੇ ਮਨ ਨੂੰ ਗੁਰਾਂ ਦੇ ਪੈਰਾਂ[62] ਨਾਲ ਜੋੜਦੀ[63] ਹੈ ਉਹ, ਸਦੀਵ ਹੀ ਆਪਣੇ ਪਿਆਰੇ ਪਤੀ[60] ਨੂੰ ਮਾਣਦੀ[61] ਹੈ।
ਪਿਰੁ[64] ਪਾਇਅੜਾ[65] ਬਾਲੜੀਏ[66] ਅਨਦਿਨੁ[67] ਸਹਜੇ[68] ਮਾਤੀ[69] ਰਾਮ ॥	When the youthful bride[66] obtains[65] her Beloved[64], night[67] and day she easily[68] remains intoxicated[69] with His love.	ਜਦ ਜਵਾਨ ਪਤਨੀ[66] ਆਪਣੇ ਪ੍ਰੀਤਮ[64] ਨੂੰ ਪਾ ਲੈਂਦੀ[65] ਹੈ, ਉਹ ਰਾਤ[67] ਦਿਨ ਸੁਖੈਨ[68] ਹੀ ਉਸ ਦੀ ਪ੍ਰੀਤ ਨਾਲ ਮਤਵਾਲੀ[69] ਰਹਿੰਦੀ ਹੈ।
ਗੁਰਮਤੀ[70] ਮਨਿ[74] ਅਨਦੁ[75] ਭਇਆ ਤਿਤੁ[71] ਤਨਿ[72] ਮੈਲੁ[76] ਨ ਰਾਤੀ[73] ਰਾਮ ॥	By Guru's instruction[70], her[71] soul[74] obtains bliss[75] and not even an iota[73] of filth[76] is left in her body[72].	ਗੁਰਾਂ ਦੇ ਉਪਦੇਸ਼[70] ਦੁਆਰਾ ਉਸ ਦੀ ਆਤਮਾ[74] ਨੂੰ ਖ਼ੁਸ਼ੀ[75] ਪਰਾਪਤ ਹੋ ਜਾਂਦੀ ਹੈ ਅਤੇ ਉਸ[71] ਦੀ ਦੇਹ[72] ਅੰਦਰ ਇਕ ਭੋਰਾ[73] ਭਰ ਭੀ ਮਲੀਨਤਾ[76] ਬਾਕੀ ਨਹੀਂ ਰਹਿੰਦੀ।
ਤਿਤੁ ਤਨਿ ਮੈਲੁ ਨ ਰਾਤੀ[80] ਹਰਿ ਪ੍ਰਭਿ ਰਾਤੀ[78] ਮੇਰਾ ਪ੍ਰਭੁ ਮੇਲਿ[77] ਮਿਲਾਏ[79] ॥	There is not even a trice[80] of pollution in her, she is imbued[78] with the Lord God and my Master unites[79] her in His union[77].	ਉਸ ਵਿਚ ਇਕ ਰਤਾ ਮਾਤ੍ਰ[80] ਭੀ ਅਪਵਿੱਤਰਤਾ ਨਹੀਂ, ਉਹ ਸੁਆਮੀ ਵਾਹਿਗੁਰੂ ਦੇ ਨਾਲ ਰੰਗੀ ਹੋਈ[78] ਹੈ ਅਤੇ ਮੇਰਾ ਮਾਲਕ ਉਸ ਨੂੰ ਆਪਣੇ ਮਿਲਾਪ[77] ਅੰਦਰ ਮਿਲਾ ਲੈਂਦਾ[79] ਹੈ।

ਅਨਦਿਨੁ[81] ਰਾਵੈ[82] ਹਰਿ ਪ੍ਰਭੁ ਅਪਣਾ ਵਿਚਹੁ[83] ਆਪੁ[84] ਗਵਾਏ[85] ॥	Night[81] and day she enjoys[82] her Lord Master and banishes[85] her[84] ego[84] from within[83] her.	ਰਾਤ[81] ਦਿਨ ਉਹ ਆਪਣੇ ਸੁਆਮੀ ਮਾਲਕ ਨੂੰ ਮਾਣਦੀ[82] ਹੈ ਅਤੇ ਆਪਣੀ ਹੰਗਤਾ[84] ਨੂੰ ਆਪਣੇ ਅੰਦਰੋਂ[83] ਗੁਆ ਦਿੰਦੀ[85] ਹੈ।
ਗੁਰਮਤਿ[86] ਪਾਇਆ[87] ਸਹਜਿ[88] ਮਿਲਾਇਆ[90] ਅਪਣੇ ਪ੍ਰੀਤਮ[91] ਰਾਤੀ[92] ॥	Obtaining[87] and meeting[90] her Beloved[91], through the Guru's instruction[86], she is easily[88] dyed[92] in His love.	ਗੁਰਾਂ ਦੇ ਉਪਦੇਸ਼[86] ਰਾਹੀਂ ਆਪਣੇ ਪਿਆਰੇ[91] ਨੂੰ ਪਰਾਪਤ ਕਰਕੇ[87] ਤੇ ਭੇਟ[90] ਕੇ ਉਹ ਸੁਖੈਨ ਹੀ[88] ਉਸਦੇ ਪ੍ਰੇਮ ਅੰਦਰ ਰੰਗੀ ਗਈ[92] ਹੈ।
ਨਾਨਕ ਨਾਮੁ ਮਿਲੈ[93] ਵਡਿਆਈ[94] ਪ੍ਰਭੁ ਰਾਵੈ[95] ਰੰਗਿ[96] ਰਾਤੀ[97] ॥੨॥	Nanak, imbued[97] with affection[96], she enjoys[95] her Lord and obtains[93] glory[94] through the Name.	ਨਾਨਕ, ਪ੍ਰੀਤ[96] ਨਾਲ ਰੰਗੀ ਹੋਈ[97] ਉਹ ਆਪਣੇ ਸੁਆਮੀ ਨੂੰ ਮਾਣਦੀ[95] ਹੈ ਅਤੇ ਨਾਮ ਦੇ ਰਾਹੀਂ ਪ੍ਰਭਤਾ[94] ਪਰਾਪਤ ਕਰਦੀ[93] ਹੈ।
ਪਿਰੁ[98] ਰਾਵੇ[99] ਰੰਗਿ ਰਾਤੜੀਏ[100] ਪਿਰ ਕਾ ਮਹਲੁ[2] ਤਿਨ ਪਾਇਆ[3] ਰਾਮ ॥	Imbued[100] with love, she who remembers[99] her Spouse[98], mounts[3] her Lord's mansion[2].	ਪਿਆਰ ਨਾਲ ਰੰਗੀਜੀ[100] ਹੋਈ, ਜੋ ਆਪਣੇ ਕੰਤ[98] ਨੂੰ ਯਾਦ ਕਰਦੀ[99] ਹੈ, ਉਹ ਆਪਣੇ ਕੰਤ ਦੇ ਮੰਦਰ[2] ਨੂੰ ਪਾ ਲੈਂਦੀ[3] ਹੈ।
ਸੋ[4] ਸਹੋ[5] ਅਤਿ[6] ਨਿਰਮਲੁ[7] ਦਾਤਾ[8] ਜਿਨਿ ਵਿਚਹੁ[9] ਆਪੁ[10]ਗਵਾਇਆ[12]ਰਾਮ ॥	Exceedingly[6] immaculate[7] is He[4],the Beneficent[8] Groom[5], who banishes[12] her self-conceit[10] from within[9] her.	ਪਰਮ[6] ਪਵਿੱਤਰ[7] ਹੈ ਉਹ[4] ਦਾਤਾਰ[8] ਭਰਤਾ[5] ਜੋ ਉਸ ਦੇ ਅੰਦਰੋਂ[9] ਉਸ ਦੀ ਸਵੈ-ਹੰਗਤਾ[10] ਨੂੰ ਬਾਹਰ ਕੱਢ ਦਿੰਦਾ[12] ਹੈ।
ਵਿਚਹੁ ਮੋਹੁ[13] ਚੁਕਾਇਆ[14] ਜਾ[15] ਹਰਿ ਭਾਇਆ[16] ਹਰਿ ਕਾਮਣਿ[17] ਮਨਿ ਭਾਣੀ[18] ॥	When[15] it pleases[16] God, He drives out[14] worldly love[13] from within the bride[17] and she becomes sweet[18] to God's mind.	ਜਦ[15] ਵਾਹਿਗੁਰੂ ਨੂੰ ਚੰਗਾ ਲੱਗਦਾ[16] ਹੈ, ਉਹ ਪਤਨੀ[17] ਦੇ ਅੰਦਰੋਂ ਸੰਸਾਰੀ ਮਮਤਾ[13] ਦੂਰ ਕਰ ਦਿੰਦਾ[14] ਹੈ ਅਤੇ ਉਹ ਵਾਹਿਗੁਰੂ ਦੇ ਚਿੱਤ ਨੂੰ ਮਿੱਠੀ[18] ਲੱਗਦੀ ਹੈ।
ਅਨਦਿਨੁ[19] ਗੁਣ ਗਾਵੈ ਨਿਤ[20] ਸਾਚੇ ਕਥੇ ਅਕਥ[21] ਕਹਾਣੀ[22] ॥	Night[19] and day she ever[20] sings the True Lord's praise and utters the unutterable[21] story[22].	ਰਾਤ[19] ਦਿਨ ਉਹ ਹਮੇਸ਼ਾ[20] ਸੱਚੇ ਸਾਂਈਂ ਦੇ ਜੱਸ ਨੂੰ ਗਾਇਨ ਕਰਦੀ ਹੈ ਅਤੇ ਅਕਹਿ[21] ਸਾਖੀ[22] ਨੂੰ ਕਹਿੰਦੀ ਹੈ।
ਜੁਗ ਚਾਰੇ ਸਾਚਾ ਏਕੋ ਵਰਤੈ[23] ਬਿਨੁ[24] ਗੁਰ ਕਿਨੈ ਨ ਪਾਇਆ[25] ॥	Through the four ages, the One True Lord pervades[23], but without[24] the Guru none ever attains[25] to Him.	ਚੌਹਾਂ ਯੁਗਾਂ ਅੰਦਰ ਇਕ ਸੱਚਾ ਸੁਆਮੀ ਵਿਆਪਕ[23] ਹੈ ਪ੍ਰੰਤੂ ਗੁਰਾਂ ਦੇ ਬਗੈਰ[24] ਕਦੇ ਕੋਈ ਉਸ ਨੂੰ ਨਹੀਂ ਪਾਉਂਦਾ[25]।
ਨਾਨਕ ਰੰਗਿ[26]ਰਵੈ[27]ਰੰਗਿ[28] ਰਾਤੀ[29] ਜਿਨਿ ਹਰਿ ਸੇਤੀ[30] ਚਿਤੁ ਲਾਇਆ[31] ॥੩॥	Nanak she, who fixes[31] her mind with God, is dyed[29] in His love[28]and revels[27] in joy[26].	ਨਾਨਕ ਜੋ ਆਪਣੇ ਮਨ ਨੂੰ ਵਾਹਿਗੁਰੂ ਨਾਲ[30] ਜੋੜਦੀ[31] ਹੈ, ਉਹ ਉਸ ਦੀ ਪ੍ਰੀਤ[28] ਵਿਚ ਰੰਗੀ ਜਾਂਦੀ[29] ਹੈ ਅਤੇ ਮੌਜਾਂ[26] ਮਾਣਦੀ[27] ਹੈ।
ਕਾਮਣਿ[32]ਮਨਿ ਸੋਹਿਲੜਾ[33] ਸਾਜਨ[34] ਮਿਲੇ ਪਿਆਰੇ[35] ਰਾਮ ॥	Bliss[33] wells up within the bride's[32] mind, when she meets with her loved[35] Friend[34].	ਵਹੁਟੀ[32] ਦੇ ਚਿੱਤ ਅੰਦਰ ਖ਼ੁਸ਼ੀ[33] ਉਤਪੰਨ ਹੋ ਜਾਂਦੀ ਹੈ, ਜਦ ਉਹ ਆਪਣੇ ਪ੍ਰੀਤਵਾਨ[35]ਮਿੱਤਰ[34]ਨੂੰ ਮਿਲ ਪੈਂਦੀ ਹੈ।
੭੭੨	772	੭੭੨
ਗੁਰਮਤੀ[36] ਮਨੁ ਨਿਰਮਲੁ[37]	By Guru's instruction[36] her mind is	ਗੁਰਾਂ ਦੇ ਉਪਦੇਸ਼ ਦੁਆਰਾ[36]ਉਸ ਦਾ ਹਿਰਦਾ ਪਵਿੱਤਰ[37]

ਹੋਆ ਹਰਿ ਰਾਖਿਆ [38]ਉਰਿਧਾਰੇ[39] ਰਾਮ ॥	rendered immaculate[37] and she keeps God, clasped[39] to her heart[38].	ਹੋ ਜਾਂਦਾ ਹੈ ਅਤੇ ਉਹ ਵਾਹਿਗੁਰੂ ਨੂੰ ਆਪਣੇ ਦਿਲ[38] ਨਾਲ ਲਾਈ ਰੱਖਦੀ[39] ਹੈ।
ਹਰਿ ਰਾਖਿਆ ਉਰਿਧਾਰੇ ਅਪਨਾ ਕਾਰਜੁ[40] ਸਵਾਰੇ[41] ਗੁਰਮਤੀ[42] ਹਰਿ ਜਾਤਾ[43] ॥	She keeps God, enshrined in her mind, arranges[41] her affairs[40] and by Guru's instruction[42] knows[43] her Lord.	ਉਹ ਆਪਣੇ ਮਨ ਅੰਦਰ ਵਾਹਿਗੁਰੂ ਨੂੰ ਟਿਕਾਈ ਰੱਖਦੀ ਹੈ, ਆਪਣੇ ਕੰਮਕਾਰ[40] ਸੁਆਰ ਲੈਂਦੀ[41] ਹੈ ਅਤੇ ਗੁਰਾਂ ਦੀ ਸਿਖ-ਮਤ[42] ਦੁਆਰਾ ਆਪਣੇ ਸਾਂਈਂ ਨੂੰ ਜਾਣ ਲੈਂਦੀ[43] ਹੈ।
ਪ੍ਰੀਤਮ[44] ਮੋਹਿ[45] ਲਇਆ ਮਨੁ[46] ਮੇਰਾ ਪਾਇਆ ਕਰਮ[47] ਬਿਧਾਤਾ[48] ॥	My Beloved[44] has fascinated[45] my Soul[46]and I have obtained Lord, the scribe[48] of destiny[47].	ਮੇਰੇ ਪਿਆਰੇ[44] ਨੇ ਮੇਰੀ ਜਿੰਦੜੀ[46] ਫਰੇਫਤਾ ਕਰ ਲਈ[45] ਹੈ ਅਤੇ ਮੈਂ ਕਿਸਮਤ[47] ਦੇ ਲਿਖਾਰੀ[48] ਪ੍ਰਭੂ ਨੂੰ ਪਾ ਲਿਆ ਹੈ।
ਸਤਿਗੁਰੁ ਸੇਵਿ[53] ਸਦਾ[49] ਸੁਖੁ ਪਾਇਆ ਹਰਿ ਵਸਿਆ[50] ਮੰਨਿ[51] ਮੁਰਾਰੇ[52]॥	Serving[53] the True Guru, she attains eternal[49]peace and God, the Enemy[52] of pride[51] abides[50] in her mind.	ਸੱਚੇ ਗੁਰਾਂ ਦੀ ਘਾਲ[53] ਕਮਾ, ਉਹ ਸਦੀਵੀ[49] ਆਰਾਮ ਪਾ ਲੈਂਦੀ ਹੈ ਅਤੇ ਹੰਕਾਰ[51] ਦਾ ਵੈਰੀ[52] ਵਾਹਿਗੁਰੂ ਉਸ ਦੇ ਹਿਰਦੇ ਅੰਦਰ ਟਿਕ ਜਾਂਦਾ[50] ਹੈ।
ਨਾਨਕ ਮੇਲਿ[54] ਲਈ ਗੁਰਿ ਅਪੁਨੈ[55] ਗੁਰ ਕੈ ਸਬਦਿ[56] ਸਵਾਰੇ[57] ॥੪॥੫॥੬॥	Nanak, when her[55] Guru, embellishes[57] her with Gurbani[56], the Lord unites[54] her with Himself.	ਨਾਨਕ, ਜਦ ਉਸ[55] ਦੇ ਗੁਰਦੇਵ ਉਸ ਨੂੰ ਗੁਰਬਾਣੀ[56] ਨਾਲ ਸੁਸ਼ੋਭਤ ਕਰ ਦਿੰਦੇ[57] ਹਨ ਤਾਂ ਸੁਆਮੀ ਉਸ ਨੂੰ ਆਪਣੇ ਨਾਲ ਮਿਲਾ ਲੈਂਦਾ[54] ਹੈ!
ਸੂਹੀ ਮਹਲਾ ੩ ॥	Suhi 3rd Guru.	ਸੂਹੀ ਤੀਜੀ ਪਾਤਿਸ਼ਾਹੀ।
ਸੋਹਿਲੜਾ[58] ਹਰਿ ਰਾਮ[59] ਨਾਮੁ ਗੁਰ ਸਬਦੀ[60] ਵੀਚਾਰੇ[61] ਰਾਮ ॥	The Lord Master's Name[59] is the song of joy[58].By Guru's instruction[60], the Name is contemplated[61].	ਸੁਆਮੀ ਮਾਲਕ[59] ਦਾ ਨਾਮ ਹੀ ਖ਼ੁਸ਼ੀ ਦਾ ਗੀਤ[58] ਹੈ। ਗੁਰਾਂ ਦੇ ਉਪਦੇਸ਼[60] ਦੁਆਰਾ ਨਾਮ ਸਿਮਰਿਆ ਜਾਂਦਾ[61] ਹੈ।
ਹਰਿ ਮਨੁ[62] ਤਨੋ[63] ਗੁਰਮੁਖਿ[64] ਭੀਜੈ[65] ਰਾਮ ਪਿਆਰੇ[66] ਰਾਮ ॥	By Guru's grace[64] soul[62] and body[63] are saturated[65] with the Lord and the Lord's Name seems sweet[66] unto the mortal.	ਗੁਰਾਂ ਦੀ ਦਇਆ[64] ਦੁਆਰਾ, ਆਤਮਾ[62] ਤੇ ਦੇਹ[63] ਪ੍ਰਭੂ ਨਾਲ ਤਰੋਤਰ ਹੋ ਜਾਂਦੇ[65] ਹਨ ਅਤੇ ਸੁਆਮੀ ਦਾ ਨਾਮ ਪ੍ਰਾਣੀ ਨੂੰ ਮਿੱਠਾ[66] ਲੱਗਦਾ ਹੈ।
ਰਾਮ ਨਾਮੁ ਪਿਆਰੇ ਸਭਿ[67] ਕੁਲ[68] ਉਧਾਰੇ[69] ਰਾਮ ਨਾਮੁ ਮੁਖਿ[70] ਬਾਣੀ[71] ॥	The Lord's Name seems sweet unto him, he redeems[69] all[67] his lineage[68] and with his mouth[70] utters[71] the Lord's Name.	ਪ੍ਰਭੂ ਦਾ ਨਾਮ ਉਸ ਨੂੰ ਮਿੱਠਾ ਲੱਗਦਾ ਹੈ, ਉਹ ਆਪਣੀ ਸਾਰੀ[67] ਵੰਸ਼[68] ਨੂੰ ਤਾਰ ਲੈਂਦਾ[69] ਹੈ ਅਤੇ ਆਪਣੇ ਮੂੰਹ ਨਾਲ ਪ੍ਰਭੂ ਦੇ ਨਾਮ ਨੂੰ ਉਚਾਰਦਾ[71] ਹੈ।
ਆਵਣ ਜਾਣ ਰਹੇ[72] ਸੁਖੁ[77] ਪਾਇਆ ਘਰਿ[73]ਅਨਹਦ[74] ਸੁਰਤਿ[75] ਸਮਾਣੀ[76] ॥	His comings and goings cease[72], obtains he the bliss[77] and his attention[75] remains absorbed[76] in the Home[73] of celestial strain[74].	ਉਸ ਦੇ ਆਉਣੇ ਅਤੇ ਜਾਣੇ ਮੁੱਕ ਜਾਂਦੇ[72] ਹਨ, ਉਹ ਅਨੰਦ[77] ਨੂੰ ਪਰਾਪਤ ਹੋ ਜਾਂਦਾ ਹੈ ਅਤੇ ਉਸ ਦੀ ਬਿਰਤੀ[75] ਬੈਕੁੰਠੀ ਕੀਰਤਨ[74] ਦੇ ਧਾਮ[73] ਅੰਦਰ ਲੀਨ ਰਹਿੰਦੀ[76] ਹੈ।
ਹਰਿ ਹਰਿ ਏਕੋ[81]ਪਾਇਆ[78] ਹਰਿ ਪ੍ਰਭੁ ਨਾਨਕ ਕਿਰਪਾ[79] ਧਾਰੇ[80] ॥	The Lord God has shown[80] mercy[79] unto Nanak and he has attained[78] to his unique[81] Lord God.	ਸੁਆਮੀ ਵਾਹਿਗੁਰੂ ਨੇ ਨਾਨਕ ਉਤੇ ਮਿਹਰ[79] ਕੀਤੀ[80] ਹੈ ਅਤੇ ਉਸ ਨੇ ਆਪਣੇ ਅਦੁੱਤੀ[81] ਸੁਆਮੀ ਵਾਹਿਗੁਰੂ ਨੂੰ ਪਾ ਲਿਆ[78] ਹੈ।
ਸੋਹਿਲੜਾ ਹਰਿ ਰਾਮ ਨਾਮੁ	The Lord Master's Name is the song	ਸੁਆਮੀ ਮਾਲਕ ਦਾ ਨਾਮ ਹੀ ਖ਼ੁਸ਼ੀ ਦਾ ਗੀਤ ਹੈ। ਗੁਰਾਂ

ਗੁਰ ਸਬਦੀ ਵੀਚਾਰੇ ॥੧॥	of joy. It is by Guru's instruction that the Name is contemplated.	ਦੇ ਉਪਦੇਸ਼ ਦੁਆਰਾ ਨਾਮ ਸਿਮਰਿਆ ਜਾਂਦਾ ਹੈ।
ਹਮ ਨੀਵੀ[82] ਪ੍ਰਭੁ ਅਤਿ[83] ਊਚਾ ਕਿਉ ਕਰਿ[84] ਮਿਲਿਆ ਜਾਏ ਰਾਮ ॥	I am low[82] and the Lord is very[83] high. How[84] can I then meet with Him ?	ਮੈਂ ਨੀਚ[82] ਹਾਂ ਅਤੇ ਸੁਆਮੀ ਪਰਮ[83] ਉੱਚਾ ਹੈ। ਮੈਂ ਕਿਸ ਤਰ੍ਹਾਂ[84] ਉਸ ਨਾਲ ਮਿਲ ਸਕਦੀ ਹਾਂ ?
ਗੁਰਿ ਮੇਲੀ ਬਹੁ[85] ਕਿਰਪਾ ਧਾਰੀ[86] ਹਰਿ[87] ਕੈ ਸਬਦਿ[88] ਸੁਭਾਏ[89] ਰਾਮ ॥	I am embellished[89] with the Divine[87] Word[88] and the Guru has very[85] mercifully[86] united me with my Lord.	ਮੈਂ ਈਸ਼ਵਰੀ[87] ਨਾਮ[88] ਨਾਲ ਸ਼ਸ਼ੋਭਤ ਹੋਈ[89] ਹਾਂ ਅਤੇ ਪਰਮ[85] ਮਿਹਰ ਕਰ ਕੇ[86] ਗੁਰਾਂ ਨੇ ਮੈਨੂੰ ਮੇਰੇ ਸੁਆਮੀ ਨਾਲ ਮਿਲਾ ਦਿੱਤਾ ਹੈ।
ਮਿਲੁ[90] ਸਬਦਿ[91] ਸੁਭਾਏ ਆਪੁ[92] ਗਵਾਏ[93] ਰੰਗ[94] ਸਿਉ[95] ਰਲੀਆ[96] ਮਾਣੇ[97] ॥	Obtaining[90] the Name[91], I am embellished. Shedding[93] my ego[92], I revel[97] in joy[96] with[95] love[94].	ਨਾਮ[91] ਨੂੰ ਪਾ ਕੇ[90] ਮੈਂ ਸ਼ਸ਼ੋਭਤ ਹੋ ਗਈ ਹਾਂ। ਆਪਣੀ ਹੰਗਤਾ[92] ਨੂੰ ਤਿਆਗ[93], ਮੈਂ ਪਿਆਰ[94] ਨਾਲ[95] ਅਨੰਦ[96] ਭੋਗਦੀ[97] ਹਾਂ।
ਸੇਜ[98] ਸੁਖਾਲੀ[99] ਜਾ[100] ਪ੍ਰਭੁ ਭਾਇਆ[2] ਹਰਿ ਹਰਿ ਨਾਮਿ ਸਮਾਣੇ[3] ॥	When[100] I become pleasing[2] to my Lord, my bed[98] is rendered comfortable[99] and I am absorbed[3] in the Lord God's Name.	ਜਦ[100] ਮੈਂ ਆਪਣੇ ਸਾਂਈਂ ਨੂੰ ਚੰਗੀ ਲੱਗਣ[2] ਲੱਗ ਜਾਂਦੀ ਹਾਂ, ਤਾਂ ਮੇਰਾ ਪਲੰਘ[98] ਸੁਖਦਾਈ[99] ਹੋ ਜਾਂਦਾ ਹੈ ਅਤੇ ਮੈਂ ਸੁਆਮੀ ਵਾਹਿਗੁਰੂ ਦੇ ਨਾਮ ਅੰਦਰ ਲੀਨ ਹੋ ਜਾਂਦੀ[3] ਹਾਂ।
ਨਾਨਕ ਸੋਹਾਗਣਿ[4] ਸਾ[5] ਵਡਭਾਗੀ[6] ਜਿ ਚਲੈ[7] ਸਤਿਗੁਰ ਭਾਏ[8] ॥	Nanak, true[4] and very fortunate[6] is the[5] bride, who walks[7] in the True Guru's Will[8].	ਨਾਨਕ, ਸੱਚੀ[4] ਅਤੇ ਭਾਰੇ ਕਰਮਾਂ ਵਾਲੀ[6] ਹੈ ਉਹ[5] ਪਤਨੀ ਜੋ ਆਪਣੇ ਸੱਚੇ ਗੁਰਾਂ ਦੀ ਰਜ਼ਾ[8] ਅੰਦਰ ਟੁਰਦੀ[7] ਹੈ।
ਹਮ ਨੀਵੀ ਪ੍ਰਭੁ ਅਤਿ ਊਚਾ ਕਿਉ ਕਰਿ ਮਿਲਿਆ ਜਾਏ ਰਾਮ ॥੨॥	I am low and my Lord is very lofty. How can I, then meet with Him ?	ਮੈਂ ਨੀਚ ਹਾਂ ਅਤੇ ਮੇਰਾ ਸੁਆਮੀ ਪਰਮ ਬੁਲੰਦ ਹੈ। ਮੈਂ ਕਿਸ ਤਰ੍ਹਾਂ ਉਸ ਨਾਲ ਮਿਲ ਸਕਦੀ ਹਾਂ ?
ਘਟਿ ਘਟੇ[9] ਸਭਨਾ[13] ਵਿਚਿ ਏਕੋ ਰਾਮੁ[10] ਭਤਾਰੋ[12] ਰਾਮ ॥	In every heart[9] and all[13] the beings, there is One Lord. The One Lord[10] is the Spouse[12] of all.	ਹਰ ਦਿਲ[9] ਅਤੇ ਸਾਰਿਆਂ[13] ਜੀਵਾਂ ਅੰਦਰ ਇਕ ਪ੍ਰਭੂ ਹੀ ਹੈ। ਇਕ ਪ੍ਰਭੂ[10] ਹੀ ਸਾਰਿਆਂ ਦਾ ਕੰਤ[12] ਹੈ।
ਇਕਨਾ[14] ਪ੍ਰਭੁ ਦੂਰਿ[15] ਵਸੈ[16] ਇਕਨਾ ਮਨਿ[17] ਆਧਾਰੋ[18] ਰਾਮ ॥	For some[14] the Lord abides[16] afar[15] and for some He is the support[18] of their soul[17].	ਕਈਆਂ[14] ਲਈ ਸਾਹਿਬ ਦੁਰੇਡੇ[15] ਵੱਸਦਾ[16] ਹੈ ਅਤੇ ਕਈਆਂ ਲਈ ਉਹ ਉਨ੍ਹਾਂ ਦੀ ਜਿੰਦ-ਜਾਨ[17] ਦਾ ਆਸਰਾ[18] ਹੈ।
ਇਕਨਾ ਮਨ ਆਧਾਰੋ ਸਿਰਜਣਹਾਰੋ[19] [20]ਵਡਭਾਗੀ[21] ਗੁਰੁ ਪਾਇਆ ॥	The support of the soul of some is the Creator[19], who is obtained through the Guru by the greatest[20] good luck[21].	ਕਈਆਂ ਦੀ ਜਿੰਦੜੀ ਦਾ ਆਸਰਾ ਕਰਤਾਰ[19] ਹੀ ਹੈ ਜੋ ਗੁਰਾਂ ਦੇ ਰਾਹੀਂ ਪਰਮ[20] ਚੰਗੇ ਨਸੀਬਾਂ[21] ਦੁਆਰਾ ਪਰਾਪਤ ਹੁੰਦਾ ਹੈ।
ਘਟਿ ਘਟਿ[22] ਹਰਿ ਪ੍ਰਭੁ ਏਕੋ[23] ਸੁਆਮੀ ਗੁਰਮੁਖਿ[24] ਅਲਖੁ[25] ਲਖਾਇਆ[26] ॥	Within every heart[22] is the Unique[23] Lord Master God. Through the Guru[24], is He the Invisible One[25] seen[26].	ਹਰ ਦਿਲ[22] ਅੰਦਰ ਅਦੁੱਤੀ[23] ਸੁਆਮੀ ਮਾਲਕ ਵਾਹਿਗੁਰੂ ਹੈ। ਗੁਰਾਂ ਦੇ ਰਾਹੀਂ[24] ਹੀ, ਉਹ ਅਦ੍ਰਿਸ਼ਟ ਪੁਰਖ[25] ਵੇਖਿਆ[26] ਜਾਂਦਾ ਹੈ।

ਸਹਜੇ[27] ਅਨਦੁ[28] ਹੋਆ ਮਨੁ[29] ਮਾਨਿਆ[30] ਨਾਨਕ ਬ੍ਰਹਮ[31] ਬੀਚਾਰੋ[32] ॥	The soul[29], that is propitiated[30] with the Lord's[31] meditation[32], O Nanak, easily[27] obtains peace[28].	ਜਿਹੜੀ ਆਤਮਾ[29], ਸਾਹਿਬ[31] ਦੇ ਸਿਮਰਣ[32] ਨਾਲ ਸੰਤੁਸ਼ਟ ਹੋ ਗਈ[30] ਹੈ, ਹੇ ਨਾਨਕ ! ਉਹ ਸੁਖੈਨ[27] ਹੀ ਖੁਸ਼ੀ[28] ਨੂੰ ਪਰਾਪਤ ਹੋ ਜਾਂਦੀ ਹੈ ।
ਘਟਿ ਘਟੇ ਸਭਨਾ ਵਿਚਿ ਏਕੋ ਏਕੋ ਰਾਮ ਭਤਾਰੋ ਰਾਮ ॥੩॥	In every heart and all the beings, there is One Lord. The One Lord is the Spouse of all.	ਹਰ ਦਿਲ ਅਤੇ ਸਾਰਿਆਂ ਜੀਵਾਂ ਅੰਦਰ ਇਕ ਪ੍ਰਭੂ ਹੀ ਹੈ । ਇਕ ਪ੍ਰਭੂ ਹੀ ਸਾਰਿਆਂ ਦਾ ਕੰਤ ਹੈ ।
ਗੁਰੁ ਸੇਵਨਿ[33] ਸਤਿਗੁਰੁ ਦਾਤਾ[34] ਹਰਿ ਹਰਿ ਨਾਮਿ ਸਮਾਇਆ[35] ਰਾਮ ॥	They who serve[33] the Guru, the Beneficent[34] True Guru merge[35] in the Lord God's Name,	ਜੋ ਗੁਰਾਂ, ਦਾਤਾਰ[34] ਸੱਚੇ ਗੁਰਾਂ ਦੀ ਸੇਵਾ ਕਰਦੇ[33] ਹਨ, ਉਹ ਸੁਆਮੀ ਵਾਹਿਗੁਰੂ ਦੇ ਨਾਮ ਅੰਦਰ ਲੀਨ ਹੋ ਜਾਂਦੇ[35] ਹਨ !
ਹਰਿ ਧੂੜਿ[36] ਦੇਵਹੁ[37] ਮੈ ਪੂਰੇ[38] ਗੁਰ ਕੀ ਹਮ[39] ਪਾਪੀ[40] ਮੁਕਤ[41] ਕਰਾਇਆ ਰਾਮ ॥	O God, bless[37] me with the dust[36] of the feet of the Perfect[38] Guru, that I[39], the sinner[40], may be emancipated[41].	ਹੇ ਵਾਹਿਗੁਰੂ ! ਮੈਨੂੰ ਪੂਰਨ[38] ਗੁਰਾਂ ਦੇ ਪੈਰਾਂ ਦੀ ਧੂੜ[36] ਪਰਦਾਨ ਕਰ[37] ਤਾਂ ਜੋ ਮੈਂ[39] ਅਪਰਾਧੀ[40] ਦੀ ਕਲਿਆਣ[41] ਹੋ ਜਾਵੇ ।
ਪਾਪੀ ਮੁਕਤੁ ਕਰਾਏ ਆਪੁ[42] ਗਵਾਏ[43] ਨਿਜ[44] ਘਰਿ ਪਾਇਆ ਵਾਸਾ[45] ॥	Stilling[43] their ego[42], the sinners are emancipated and obtain an abode[45] in their own[44] Home.	ਆਪਣੀ ਹੰਗਤਾ[42] ਨੂੰ ਗੁਆ ਕੇ[43] ਅਪਰਾਧੀ ਮੁਕਤ ਹੋ ਜਾਂਦੇ ਹਨ ਤੇ ਆਪਣੇ ਨਿੱਜ[44] ਦੇ ਘਰ ਅੰਦਰ ਨਿਵਾਸ[45] ਪਾ ਲੈਂਦੇ ਹਨ ।
ਬਿਬੇਕ[46] ਬੁਧੀ[47] ਸੁਖਿ ਰੈਣਿ[48] ਵਿਹਾਣੀ[49] ਗੁਰਮਤਿ[50] ਨਾਮਿ ਪਰਗਾਸਾ[51] ॥	Through the discerning[46] intellect[47], the life night[48] passes[49] in peace and by the Guru's instruction[50] the Name is revealed[51].	ਪਰਬੀਨ[46] ਅਕਲ[47] ਰਾਹੀਂ ਜੀਵਨ ਰਾਤ੍ਰੀ[48] ਆਰਾਮ ਵਿਚ ਬੀਤਦੀ[49] ਹੈ ਅਤੇ ਗੁਰਾਂ ਦੇ ਉਪਦੇਸ਼[50] ਦੁਆਰਾ ਨਾਮ ਦਾ ਪ੍ਰਕਾਸ਼ ਹੁੰਦਾ[51] ਹੈ ।
ਹਰਿ ਹਰਿ[52] ਅਨਦੁ[53] ਭਇਆ[54] ਦਿਨੁ ਰਾਤੀ ਨਾਨਕ ਹਰਿ ਮੀਠ[55] ਲਗਾਏ ॥	Contemplating the Lord's Name[52], joy[53] wells[54] up day and night, O Nanak, and God seems sweet[55] unto the mortal.	ਸੁਆਮੀ ਦੇ ਨਾਮ[52] ਦਾ ਸਿਮਰਨ ਕਰਨ ਦੁਆਰਾ ਦਿਨ ਰੈਣ ਖੁਸ਼ੀ[53] ਉਤਪੰਨ ਹੁੰਦੀ[54] ਹੈ, ਹੇ ਨਾਨਕ ! ਅਤੇ ਪ੍ਰਾਣੀ ਨੂੰ ਵਾਹਿਗੁਰੂ ਮਿੱਠੜਾ[55] ਮਲੂਮ ਹੁੰਦਾ ਹੈ ।
ਗੁਰੁ ਸੇਵਨਿ ਸਤਿਗੁਰੁ ਦਾਤਾ ਹਰਿ ਹਰਿ ਨਾਮਿ ਸਮਾਏ ॥੪॥੬॥੭॥੫॥੭॥੧੨॥	They who serve the Guru, the Beneficent True Guru, merge in the Name of the Lord Master.	ਜੋ ਗੁਰਾਂ, ਦਾਤਾਰ ਸੱਚੇ ਗੁਰਾਂ ਦੀ ਸੇਵਾ ਕਮਾਉਂਦੇ ਹਨ ਉਹ ਸੁਆਮੀ ਮਾਲਕ ਦੇ ਨਾਮ ਅੰਦਰ ਲੀਨ ਹੋ ਜਾਂਦੇ ਹਨ ।
ਰਾਗੁ ਸੂਹੀ ਮਹਲਾ ੪ ਛੰਤ ਘਰੁ ੧	Rag Suhi 4th Guru Chhant	ਰਾਗੁ ਸੂਹੀ ਚੌਥੀ ਪਾਤਿਸ਼ਾਹੀ ਛੰਤ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਸਤਿਗੁਰੁ ਪੁਰਖੁ[56] ਮਿਲਾਇ ਅਵਗਣ[57] ਵਿਕਣਾ[58] ਗੁਣ[59]	A sacrifice[61], I am unto Thee, O my Lord[62]. Make me meet the mighty[56]	ਕੁਰਬਾਨ[61] ਹਾਂ, ਮੈਂ ਤੇਰੇ ਉਤੋਂ, ਹੇ ਮੇਰੇ ਪ੍ਰਭੂ[62] ! ਮੈਨੂੰ ਬਲਵਾਨ[56] ਸੱਚੇ ਗੁਰਾਂ ਨਾਲ ਮਿਲਾ ਦੇ ਤਾਂ ਜੋ ਮੈਂ ਪਾਪਾਂ[57]

ਰਵਾ[60] [61]ਬਲਿਰਾਮ[62] ਜੀਉ ॥	True Guru so that shaking[58] off the sins[57] I may utter[60] Thine eulogies[59].	ਨੂੰ ਤਿਆਗ[58], ਤੇਰੀਆਂ ਸਿਫ਼ਤਾਂ[59] ਦਾ ਉਚਾਰਨ[60]ਕਰਾਂ ।
੭੭੩	773	੭੭੩
ਹਰਿ ਹਰਿ ਨਾਮੁ ਧਿਆਇ[63] ਗੁਰਬਾਣੀ ਨਿਤ ਨਿਤ[64] ਚਵਾ[65] ਬਲਿਰਾਮ[66]ਜੀਉ ॥	Meditate[63] I on the Lord God's Name and ever[64], ever utter[65] Gurbani. Unto the Lord I am a sacrifice[66].	ਸੁਆਮੀ ਵਾਹਿਗੁਰੂ ਦੇ ਨਾਮ ਦਾ ਮੈਂ ਸਿਮਰਨ ਕਰਦਾ[63] ਹਾਂ ਅਤੇ ਸਦਾ[64], ਸਦਾ ਹੀ ਗੁਰਬਾਣੀ ਉਚਾਰਦਾ[65] ਹਾਂ । ਸੁਆਮੀ ਉਤੋਂ ਮੈਂ ਸਦਕੇ[66] ਜਾਂਦਾ ਹਾਂ ।
ਗੁਰਬਾਣੀ ਸਦ[67] ਮੀਠੀ[68] ਲਾਗੀ ਪਾਪ[69] ਵਿਕਾਰ[70] ਗਵਾਇਆ[71] ॥	The Gurbani is ever[67] sweet[68] unto me and I have shaken off[71] my sins[69] and misdeeds[70].	ਗੁਰਾਂ ਦੀ ਬਾਣੀ ਮੈਨੂੰ ਹਮੇਸ਼ਾ[67] ਮਿੱਠੜੀ[68] ਲੱਗਦੀ ਹੈ ਤੇ ਮੈਂ ਆਪਣੇ ਗੁਨਾਹ[69] ਤੇ ਮੰਦੇ ਅਮਲ[70] ਤਿਆਗ ਦਿਤੇ[71] ਹਨ ।
ਹਉਮੈ[72] ਰੋਗੁ[73] ਗਇਆ[74] ਭਉ[75] ਭਾਗਾ[76] ਸਹਜੇ[77] ਸਹਜਿ[78] ਮਿਲਾਇਆ[79] ॥	My ailment[73] of ego[72] is eliminated[74]. My fear[75] has fled[76] and I have easily[77] merged[79] in celestial bliss[78].	ਮੇਰੀ ਹੰਕਾਰ[72] ਦੀ ਬੀਮਾਰੀ[73] ਦੂਰ ਹੋ ਗਈ[74] ਹੈ । ਮੇਰਾ ਡਰ[75] ਦੌੜ ਗਿਆ[76] ਹੈ ਅਤੇ ਮੈਂ ਸੁਖੈਨ ਹੀ[77] ਬੈਕੁੰਠੀ ਅਨੰਦ[78] ਅੰਦਰ ਲੀਨ ਹੋ ਗਿਆ[79] ਹਾਂ ।
ਕਾਇਆ[80] ਸੇਜ[81] ਗੁਰ ਸਬਦਿ[82] ਸੁਖਾਲੀ[83] ਗਿਆਨ[84] ਤਤਿ[85] ਕਰਿ ਭੋਗੋ[86] ॥	With the Guru's instruction[82], my body[80] bed[81] has become cosy[83] and I now enjoy[86] the quintessence[85] of Divine knowledge[84].	ਗੁਰਾਂ ਦੇ ਉਪਦੇਸ਼[82] ਨਾਲ ਮੇਰਾ ਸਰੀਰ[80] ਦਾ ਪਲੰਘ[81] ਸੁਖਦਾਈ[83] ਹੋ ਗਿਆ ਹੈ ਅਤੇ ਮੈਂ ਹੁਣ ਬ੍ਰਹਮ-ਵੀਚਾਰ[84] ਦੇ ਜੌਹਰ[85] ਨੂੰ ਮਾਣਦਾ[86] ਹਾਂ ।
ਅਨਦਿਨੁ[87] ਸੁਖਿ[88] ਮਾਣੇ[89] ਨਿਤ[90] ਰਲੀਆ[91] ਨਾਨਕ ਧੁਰਿ[92] ਸੰਜੋਗੋ[93] ॥੧॥	Night[87] and day I ever[90] enjoy[89] peace[88] and pleasure[91]. Such is the writ[93] of the Primal Lord[92] for me.	ਰਾਤ[87] ਦਿਨ ਮੈਂ ਹਮੇਸ਼ਾ[90] ਆਰਾਮ[88] ਅਤੇ ਅਨੰਦ[91] ਭੋਗਦਾ[89] ਹਾਂ । ਐਹੋ ਜਿਹੀ ਹੈ ਲਿਖਤਾਕਾਰ[93] ਮੇਰੇ ਲਈ ਮੇਰੇ ਆਦਿ ਪੁਰਖ[92] ਦੀ ।
ਸਤੁ[94] ਸੰਤੋਖੁ[95] ਕਰਿ[96] ਭਾਉ[97]ਕੁੜਮੁ[98] ਕੁੜਮਾਈ[99] ਆਇਆ[100] ਬਲਿਰਾਮ ਜੀਉ ॥	Embellishing[96] the girl with chastity[94], contentment[95] and love[97], her father[98], the Guru, has come[100] to betroth[99] her to her Lord. A sacrifice I am unto my Lord.	ਕੰਨਿਆਂ ਨੂੰ ਪਵਿੱਤਰਤਾ[94], ਸੰਤੁਸ਼ਟਤਾ[95] ਅਤੇ ਪ੍ਰੀਤ[97] ਨਾਲ ਆਰਾਸਤਾ ਕਰ ਕੇ[96], ਉਸ ਦਾ ਬਾਬਲ[98], ਗੁਰਦੇਵ ਪ੍ਰਭੂ ਨਾਲ ਉਸ ਦਾ ਨਾਤਾ ਕਰਨ[99] ਲਈ ਆਇਆ[100] ਹੈ । ਕੁਰਬਾਨ ਹਾਂ ਮੈਂ ਆਪਣੇ ਪ੍ਰਭੂ ਉਤੋਂ ।
ਸੰਤ ਜਨਾ[2] ਕਰਿ ਮੇਲੁ[3] ਗੁਰਬਾਣੀ ਗਾਵਾਈਆ[4] ਬਲਿਰਾਮ ਜੀਉ ॥	Joining together[3] the pious persons[2], sing[4] I the Guru's hymns. Devoted am I unto my Lord.	ਪਵਿੱਤਰ ਪੁਰਸ਼ਾਂ[2] ਨੂੰ ਇਕੱਤਰ ਕਰ ਕੇ[3] ਮੈਂ ਗੁਰਾਂ ਦੀ ਬਾਣੀ ਗਾਇਨ ਕਰਦਾ[4] ਹਾਂ । ਸਦਕੇ ਜਾਂਦਾ ਹਾਂ ਮੈਂ ਆਪਣੇ ਪ੍ਰਭੂ ਉਤੋਂ ।
ਬਾਣੀ ਗੁਰ ਗਾਈ ਪਰਮ[5] ਗਤਿ[6] ਪਾਈ ਪੰਚ[7] ਮਿਲੇ ਸੋਹਾਇਆ ॥	Singing the Guru's hymns I have attained the supreme[5] status[6] and meeting with the elect I am adorned[7].	ਗੁਰਾਂ ਦੀ ਬਾਣੀ ਗਾਇਨ ਕਰਨ ਦੁਆਰਾ ਮੈਂ ਮਹਾਨ[5] ਮਰਤਬਾ[6] ਪਾ ਲਿਆ ਹੈ ਅਤੇ ਮੁਖੀ ਜਨਾਂ ਨਾਲ ਮਿਲ ਕੇ ਮੈਂ ਸੁਸ਼ੋਭਤ[7] ਹੋ ਗਿਆ ਹਾਂ ।
ਗਇਆ[8] ਕਰੋਧੁ[9] ਮਮਤਾ[10] ਤਨਿ[12] ਨਾਠੀ[13] ਪਾਖੰਡੁ[14] ਭਰਮੁ[15] ਗਵਾਇਆ[16] ॥	I am rid of[8] wrath[9], worldly love[10] has fled[13] from my body[12] and I have eliminated[16] hypocrisy[14] and doubt[15].	ਮੇਰਾ ਗੁੱਸਾ[9] ਬਿਨਸ ਗਿਆ[8] ਹੈ ਸੰਸਾਰੀ ਮੋਹ[10] ਮੇਰੀ ਦੇਹ[12] ਪਾਸੋਂ ਦੌੜ ਗਿਆ[13] ਹੈ ਅਤੇ ਦੰਭ[14] ਤੇ ਸੰਦੇਹ[15] ਮੈਂ ਬੂਹਿਓਂ ਬਾਹਰ[16] ਕਰ ਦਿੱਤੇ ਹਨ ।

ਹਉਮੈ[17] ਪੀਰ[18] ਗਈ[19] ਸੁਖੁ[20] ਪਾਇਆ ਆਰੋਗਤ[21] ਭਏ[22] ਸਰੀਰਾ[23] ॥	The pain[18] of pride[17] is gone[19], I am in peace[20] and my body[23] has become[22] disease-free[21].	ਹੰਗਤਾ[17] ਦੀ ਪੀੜ[18] ਦੂਰ ਹੋ ਗਈ[19] ਹੈ, ਮੈਂ ਆਰਾਮ[20] ਵਿਚ ਹਾਂ ਅਤੇ ਮੇਰੀ ਦੇਹ[23] ਰੋਗ-ਰਹਿਤ[21] ਹੋ ਗਈ[22]ਹੈ।
ਗੁਰਪਰਸਾਦੀ[24] ਬ੍ਰਹਮੁ[25] ਪਛਾਤਾ[26] ਨਾਨਕ ਗੁਣੀ[27] ਗਹੀਰਾ[28] ॥੨॥	O Nanak, by Guru's grace[24] I have realised[26] my Lord[25], the ocean[28] of virtues[27].	ਹੇ ਨਾਨਕ ! ਗੁਰਾਂ ਦੀ ਰਹਿਮਤ[24]ਦੁਆਰਾ ਮੈਂ ਨੇਕੀਆਂ[27] ਦੇ ਸਮੁੰਦਰ[28], ਆਪਣੇ ਪ੍ਰਭੂ[25] ਨੂੰ ਅਨੁਭਵ ਕਰ ਲਿਆ[26] ਹੈ।
ਮਨਮੁਖਿ[29]ਵਿਛੁੜੀ[30]ਦੂਰਿ[31] ਮਹਲੁ[32] ਨ ਪਾਏ ਬਲਿ ਗਈ[33] ਬਲਿਰਾਮ ਜੀਉ ॥	The self-willed bride[29] remains afar[31] separated[30] from her Lord, obtains not His mansion[32] and is burnt away[33].	ਆਪ-ਹੁਦਰੀ ਸਹੇਲੀ[29] ਆਪਣੇ ਮਾਲਕ ਪਾਸੋਂ ਦੂਰ[31] ਜੁਦਾ ਹੋਈ ਰਹਿੰਦੀ[30] ਹੈ, ਉਸ ਦੇ ਮੰਦਰ[32] ਨੂੰ ਪਰਾਪਤ ਨਹੀਂ ਹੁੰਦੀ ਅਤੇ ਸੜ ਬਲ ਜਾਂਦੀ[33] ਹੈ।
ਅੰਤਰਿ[34] ਮਮਤਾ[35] ਕੂਰਿ[36] ਕੂੜੁ ਵਿਹਾਝੇ[37] ਕੂੜਿ ਲਈ[38] ਬਲਿਰਾਮ ਜੀਉ ॥	Within her mind[34] is egoism[35] and falsehood[36] and deluded[38] by falsehood, she deals in[37] falsehood.	ਉਸ ਦੇ ਹਿਰਦੇ[34] ਅੰਦਰ ਅਪਣੱਤ[35] ਤੇ ਝੂਠ[36] ਹੈ ਅਤੇ ਝੂਠ ਦੀ ਠੱਗੀ ਹੋਈ[38],ਉਹ ਝੂਠ ਦਾ ਹੀ ਵਣਜ ਕਰਦੀ[37] ਹੈ।
ਕੂੜੁ ਕਪਟੁ[39]ਕਮਾਵੈ ਮਹਾ[40] ਦੁਖੁ ਪਾਵੈ ਵਿਣੁ ਸਤਿਗੁਰ ਮਗੁ[41] ਨ ਪਾਇਆ[42] ॥	She practises falsehood and fraud[39], suffers supreme[40] sorrow and without the True Guru finds[42] not the way[41].	ਉਹ ਝੂਠ ਅਤੇ ਵਲ ਛਲ[39] ਕਮਾਉਂਦੀ ਹੈ, ਪਰਮ ਕਸ਼ਟ[40] ਉਠਾਉਂਦੀ ਹੈ ਅਤੇ ਸੱਚੇ ਗੁਰਾਂ ਦੇ ਬਗੈਰ ਉਸ ਨੂੰ ਰਸਤਾ[41] ਨਹੀਂ ਮਿਲਦਾ[42]।
ਉਝੜ[43] ਪੰਥਿ[44] ਭ੍ਰਮੈ[45] ਗਾਵਾਰੀ[46] ਖਿਨੁ ਖਿਨੁ[47] ਧਕੇ[48] ਖਾਇਆ[49] ॥	The ignorant bride[46] wanders[45] in dismal[43] paths[44] and suffers[49]buffets[48] every moment[47].	ਬੇਸਮਝ ਮੁੰਧ[46] ਸੁੰਨਸਾਨ[43] ਰਸਤਿਆਂ[44] ਅੰਦਰ ਭਟਕਦੀ ਫਿਰਦੀ[45]ਹੈ ਅਤੇ ਹਰ ਮੁਹਤ[47] ਉਹ ਧੱਕੇ ਹੀ ਖਾਂਦੀ[49]ਹੈ।
ਆਪੇ[50] ਦਇਆ[51] ਕਰੇ ਪ੍ਰਭੁ ਦਾਤਾ[52] ਸਤਿਗੁਰੁ ਪੁਰਖੁ[53] ਮਿਲਾਏ ॥	The Munificent[52] Master Himself[50] shows mercy[51] and makes her meet the Mighty[53] True Guru.	ਦਾਤਾਰ[52] ਸੁਆਮੀ ਖ਼ੁਦ[50] ਹੀ ਮਿਹਰ[51] ਧਾਰਦਾ ਹੈ ਅਤੇ ਉਸ ਨੂੰ ਬਲਵਾਨ[53] ਸੱਚੇ ਗੁਰਾਂ ਨਾਲ ਮਿਲਾ ਦਿੰਦਾ ਹੈ।
ਜਨਮ ਜਨਮ[54] ਕੇ ਵਿਛੁੜੇ[55] ਜਨ ਮੇਲੇ[56] ਨਾਨਕ ਸਹਜਿ ਸੁਭਾਏ[57] ॥੩॥	Nanak, with peace and poise[57] the Guru unites[56] with the Lord, the mortals, who are separated[55] from Him since many births[54].	ਨਾਨਕ ਜੋ ਪ੍ਰਾਣੀ[56] ਅਨੇਕਾਂ ਜਨਮਾਂ[54]ਤੋਂ ਵਿਛੁੰਨੇ ਹੋਏ[55] ਹਨ, ਉਨ੍ਹਾਂ ਨੂੰ ਆਰਾਮ ਅਤੇ ਅਡੋਲਤਾ[57] ਨਾਲ ਗੁਰੂ ਜੀ ਪ੍ਰਭੂ ਨਾਲ ਮਿਲਾ ਦਿੰਦੇ ਹਨ।
ਆਇਆ[58] ਲਗਨੁ[59] ਗਣਾਇ[60] ਹਿਰਦੈ[61] ਧਨ[62] ਓਮਾਹੀਆ[63] ਬਲਿਰਾਮ ਜੀਉ ॥	Calculating[60] the auspicious moment[59], the Groom comes[58] into the brides[62] home, and she is greatly pleased[63] in her mind[61].	ਸ਼ੁਭ ਮਹੂਰਤ[59] ਗਿਣ ਕੇ[60] ਪਤੀ ਪਤਨੀ[62] ਦੇ ਗ੍ਰਿਹ ਵਿਚ ਆ ਜਾਂਦਾ[58] ਹੈ ਅਤੇ ਆਪਨੇ ਮਨ[61] ਅੰਦਰ ਉਹ ਬੜੀ ਖ਼ੁਸ਼ ਹੁੰਦੀ[63] ਹੈ।
ਪੰਡਿਤੁ[64] ਪਾਧੇ[65] ਆਣਿ[66] ਪਤੀ[67]ਬਹਿ[68]ਵਾਚਾਈਆ[69] ਬਲਿਰਾਮ ਜੀਉ ॥	The learned[64] marriage-counsellor[65] came[66] and sat[68] down to read[69] the almanac[67].	ਵਿਦਵਾਨ[64] ਸਾਹਾ-ਸੋਧਣ ਵਾਲਾ[65] ਆ ਕੇ[66] ਪੱਤ੍ਰੀ[67] ਨੂੰ ਪੜ੍ਹਨ[69] ਲਈ ਬੈਠ[68] ਗਿਆ।
ਪਤੀ ਵਾਚਾਈ ਮਨਿ ਵਜੀ ਵਧਾਈ[70] ਜਬ[71] ਸਾਜਨ[72]	The almanac was looked into. The bride's mind was enraptured[70]when[71]	ਪੱਤ੍ਰੀ ਵਾਚ ਲਈ ਗਈ। ਪਤਨੀ ਦਾ ਚਿੱਤ ਪਰਮ ਪ੍ਰਸੰਨ ਹੋ ਗਿਆ[70] ਜਦ[71] ਆਪਣੇ ਮਿੱਤ੍ਰ[72] ਦਾ ਘਰ ਵਿਚ

ਸੁਣੇ[73] ਘਰਿ ਆਏ ॥	she heard[73] the coming home of her Friend[72].	ਆਉਣਾ ਉਸ ਦੇ ਕੰਨੀਂ ਪਿਆ[73] ।
ਗੁਣੀ[74] ਗਿਆਨੀ[75] ਬਹਿ[76] ਮਤਾ[77] ਪਕਾਇਆ ਫੇਰੇ[78] ਤਤੁ[79] ਦਿਵਾਏ ॥	The men of virtue[74] and wisdom[75] sat down[76] and resolved[77] to marry[78] her instantaneously[79] to the Lord.	ਨੇਕ[74] ਤੇ ਦਾਨੇ[75] ਬੰਦਿਆਂ ਨੇ ਬੈਠ ਕੇ[76] ਉਸ ਨੂੰ ਤੁਰਤ ਹੀ[79] ਪ੍ਰਭੂ ਨਾਲ ਵਿਆਹ[78] ਦੇਣ ਦਾ ਫੈਸਲਾ ਕਰ ਲਿਆ[77] ।
ਵਰੁ[80] ਪਾਇਆ[81] ਪੁਰਖੁ[82] ਅਗੰਮੁ[83] ਅਗੋਚਰੁ[84] ਸਦ[85] [86]ਨਵਤਨੁ[87] ਬਾਲ[88] ਸਖਾਈ[89] ॥	She has obtained[81] the Omnipotent[82], Unparalleled[83] and Incomprehensible[84] Lord as her Spouse[80], who is ever[85] of fresh[86] body[87] and the friend[89] from her childhood[88].	ਉਸਨੂੰ ਸਰਬ ਸ਼ਕਤੀਵਾਨ[82], ਬੇਮਿਸਾਲ[83] ਅਤੇ ਅਗਾਧ[84] ਸੁਆਮੀ ਆਪਣੇ ਭਰਤੇ[80] ਵਜੋਂ ਪਰਾਪਤ ਹੋ ਗਿਆ[81] ਹੈ, ਜੋ ਹਮੇਸ਼ਾ[85] ਨਵੇਨੁੱਕ[86] ਸ਼ਰੀਰ ਵਾਲਾ[87] ਅਤੇ ਉਸ ਦਾ ਬਚਪਨ[88] ਦਾ ਬੇਲੀ[89] ਹੈ ।
ਨਾਨਕ ਕਿਰਪਾ[90] ਕਰਿ ਕੈ ਮੇਲੇ ਵਿਛੁੜਿ[91] ਕਦੇ ਨ ਜਾਈ ॥੪॥੧॥	Nanak, the Lord has mercifully[90] united the bride with Him and she will never be separated[91] again.	ਨਾਨਕ, ਸੁਆਮੀ ਨੇ ਮਿਹਰ ਧਾਰ ਕੇ[90] ਸਹੇਲੀ ਨੂੰ ਆਪਣੇ ਨਾਲ ਮਿਲਾ ਲਿਆ ਹੈ ਅਤੇ ਉਸ ਦਾ ਮੁੜ ਕੇ ਕਦੇ ਭੀ ਵਿਛੋੜਾ[91] ਨਹੀਂ ਹੋਵੇਗਾ ।
ਸੂਹੀ ਮਹਲਾ ੪ ॥	Suhi 4th Guru.	ਸੂਹੀ ਚੌਥੀ ਪਾਤਿਸ਼ਾਹੀ ।
ਹਰਿ ਪਹਿਲੜੀ ਲਾਵ[92] ਪਰਵਿਰਤੀ[93] ਕਰਮ[94] ਦ੍ਰਿੜਾਇਆ[95] ਬਲਿਰਾਮ ਜੀਉ ॥	By the first round[92] the Lord has impressed[95] the duties[94] of wedded[93] life.	ਪਹਿਲੇ ਫੇਰੇ[92] ਦੁਆਰਾ ਸੁਆਮੀ ਨੇ ਗ੍ਰਿਹਸਥ[93] ਦੇ ਜੀਵਨ ਦੇ ਫਰਜ਼[94] ਪੱਕੇ ਕੀਤੇ[95] ਹਨ ।
ਬਾਣੀ[96] ਬ੍ਰਹਮਾ ਵੇਦੁ ਧਰਮੁ[97] ਦ੍ਰਿੜਹੁ[98] ਪਾਪ[99] ਤਜਾਇਆ[100] ਬਲਿਰਾਮ ਜੀਉ ॥	Utter thou the hymns[96] of the Guru instead of the Vedas of Brahma and hold fast[98] to this faith[97] to dispel[100] thine sins[99].	ਤੂੰ ਬ੍ਰਹਮਾ ਦੇ ਵੇਦਾਂ ਦੀ ਥਾਂ ਤੇ ਗੁਰਾਂ ਦੀ ਬਾਣੀ[96] ਦਾ ਉਚਾਰਨ ਕਰ ਅਤੇ ਆਪਣੇ ਕਸਮਲ[99] ਮਿਟਾਉਣ[100] ਲਈ ਇਸ ਈਮਾਨ[97] ਨੂੰ ਪੱਕਾ[98] ਕਰ ।
ਧਰਮੁ[2] ਦ੍ਰਿੜਹੁ ਹਰਿਨਾਮੁ ਧਿਆਵਹੁ[3] ਸਿਮ੍ਰਿਤਿ ਨਾਮੁ ਦ੍ਰਿੜਾਇਆ[4] ॥	Hold fast to righteousness[2] and contemplate[3] the Lord's Name. The Simirtis too inculcate[4] the Name.	ਸੱਚਾਈ[2] ਗ੍ਰਹਿਣ ਕਰ ਅਤੇ ਸਾਂਈਂ ਦੇ ਨਾਮ ਨੂੰ ਆਰਾਧ[3]। ਸਿਮਰਤੀਆਂ ਭੀ ਨਾਮ ਨੂੰ ਹੀ ਦਰਸਾਉਂਦੀਆਂ[4] ਹਨ ।
ਸਤਿਗੁਰੁ ਗੁਰੁ ਪੂਰਾ[5] ਆਰਾਧਹੁ[6] ਸਭਿ ਕਿਲ-ਵਿਖ[7] ਪਾਪ[8] ਗਵਾਇਆ[9] ॥	Dwell[6] thou upon the True Guru, thy Perfect Guru[5], and all thine sins[8] and misdeeds[7] shall depart[9].	ਤੂੰ ਸੱਚੇ ਗੁਰਾਂ, ਆਪਣੇ ਪੂਰਨ[5] ਗੁਰਾਂ, ਦਾ ਚਿੰਤਨ ਕਰ[6] ਅਤੇ ਤੇਰੇ ਸਾਰੇ ਪਾਪ[8] ਤੇ ਕੁਕਰਮ[7] ਕੱਟ ਜਾਣਗੇ[9] ।
ਸਹਜ ਅਨੰਦੁ[10] ਹੋਆ ਵਡਭਾਗੀ[12] ਮਨਿ ਹਰਿ ਹਰਿ[13] ਮੀਠਾ[14] ਲਾਇਆ ॥	Through the greatest good fortune[12]; celestial bliss[10] is obtained and the Lord God[13] seems sweet[14] unto the mind.	ਪਰਮ ਚੰਗੇ ਨਸੀਬਾਂ[12] ਰਾਹੀਂ ਬੈਕੁੰਠੀ ਖੁਸ਼ੀ[10] ਪਰਾਪਤ ਹੁੰਦੀ ਹੈ ਅਤੇ ਸੁਆਮੀ ਵਾਹਿਗੁਰੂ[13] ਚਿੱਤ ਨੂੰ ਮਿੱਠਾ[14] ਲੱਗਦਾ ਹੈ ।
ਜਨੁ[15] ਕਹੈ[16] ਨਾਨਕੁ ਲਾਵ ਪਹਿਲੀ ਆਰੰਭੁ[17] ਕਾਜੁ[18] ਰਚਾਇਆ ॥੧॥	Slave[15] Nanak proclaims[16] that by the first round the marriage rite[18] has begun[17].	ਗੋਲਾ[15] ਨਾਨਕ ਆਖਦਾ[16] ਹੈ ਕਿ ਪਹਿਲੇ ਫੇਰੇ ਦੁਆਰਾ ਅਨੰਦ ਕਾਰਜ[18] ਸ਼ੁਰੂ ਹੋ ਗਿਆ[17] ਹੈ ।

ਹਰਿ[19] ਦੂਜੜੀ ਲਾਵ ਸਤਿਗੁਰੁ ਪੁਰਖੁ[20] ਮਿਲਾਇਆ ਬਲਿਰਾਮ ਜੀਉ ॥	In the second round, the Lord[19] has made me meet the Divine[20] True Guru.	ਦੂਜੇ ਫੇਰੇ ਵਿਚ ਪ੍ਰਭੂ[19]ਨੇ ਮੈਨੂੰ ਰੱਬ-ਰੂਪ[20] ਸੱਚੇ ਗੁਰਾਂ ਦੇ ਨਾਲ ਮਿਲਾ ਦਿੱਤਾ ਹੈ।
ਨਿਰਭਉ[21] ਭੈ[22] ਮਨੁ ਹੋਇ ਹਉਮੈ[23]ਮੈਲੁ[24]ਗਵਾਇਆ[25] ਬਲਿਰਾਮ ਜੀਉ ॥	By God's fear[22] my mind has become fear-free[21] and the filth[24] of my self-conceit[23] is washed off[25].	ਰੱਬ ਦੇ ਡਰ[22] ਦੁਆਰਾ ਮੇਰਾ ਚਿਤ ਡਰ-ਰਹਿਤ[21] ਹੋ ਗਿਆ ਹੈ ਅਤੇ ਮੇਰੀ ਸਵੈ-ਹੰਗਤਾ[23] ਦੀ ਮਲੀਨਤਾ[24] ਧੋਤੀ ਗਈ[25] ਹੈ।
ਨਿਰਮਲੁ[26]ਭਉ[27]ਪਾਇਆ[28] ਹਰਿ ਗੁਣ[29] ਗਾਇਆ[31] ਹਰਿ ਵੇਖੈ ਰਾਮ ਹਦੂਰੇ[30] ॥	By having[28] the fear[27] of immaculate[26] God, the Lord Master and singing[31] His praise[29], I behold Him face to face[30].	ਪਵਿੱਤਰ[26] ਵਾਹਿਗੁਰੂ ਸੁਆਮੀ ਮਾਲਕ ਦਾ ਡਰ[27] ਧਾਰਨ[28] ਅਤੇ ਉਸ ਦੀ ਕੀਰਤੀ[29] ਗਾਇਨ ਕਰਨ[31] ਦੁਆਰਾ, ਮੈਂ ਉਸ ਨੂੰ ਹਾਜ਼ਰ ਨਾਜ਼ਰ[30] ਵੇਖਦਾ ਹਾਂ।
੭੭੪	**774**	**੭੭੪**
ਹਰਿ ਆਤਮ[32] ਰਾਮੁ ਪਸਾਰਿਆ[33]ਸੁਆਮੀ ਸਰਬ[34] ਰਹਿਆ ਭਰਪੂਰੇ[35] ॥	God Lord Master, the soul[32] of the world, is pervading[33] everywhere and filling[35] all[34] the places.	ਜਗਤ ਦੀ ਰੂਹ[32], ਵਾਹਿਗੁਰੂ ਸੁਆਮੀ ਮਾਲਕ, ਹਰ ਥਾਂ ਵਿਆਪਕ ਹੋ[33] ਅਤੇ ਸਾਰੀਆਂ[34] ਥਾਵਾਂ ਨੂੰ ਭਰ ਰਿਹਾ[35] ਹੈ।
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ ਹਰਿ ਜਨ[36] ਮੰਗਲ[37] ਗਾਏ ॥	Within and without is the One Lord Master. Meeting with the Lord's slaves[36] sing I the songs of joy[37].	ਅੰਦਰ ਅਤੇ ਬਾਹਰ ਇਕ ਸੁਆਮੀ ਮਾਲਕ ਹੀ ਹੈ। ਪ੍ਰਭੂ ਦੇ ਗੋਲਿਆਂ[36] ਨਾਲ ਮਿਲ ਕੇ ਮੈਂ ਖ਼ੁਸ਼ੀ ਦੇ ਗੀਤ[37] ਗਾਇਨ ਕਰਦਾ ਹਾਂ।
ਜਨ[38] ਨਾਨਕ ਦੂਜੀ ਲਾਵ ਚਲਾਈ[39] ਅਨਹਦ ਸਬਦ[40] ਵਜਾਏ[41] ॥੨॥	Proclaims slave[38] Nanak, the second round is finished[39] and the Divine melody[40] resounds[41].	ਗੋਲਾ[38] ਨਾਨਕ ਆਖਦਾ ਹੈ, ਦੂਜਾ ਫੇਰਾ ਖ਼ਤਮ ਹੋ ਗਿਆ[39] ਅਤੇ ਈਸ਼ਵਰੀ ਕੀਰਤਨ[40] ਗੂੰਜਦਾ[41] ਹੈ।
ਹਰਿ ਤੀਜੜੀ ਲਾਵ ਮਨਿ[45] ਚਾਉ[42] ਭਇਆ[43] ਬੈਰਾਗੀਆ[44] ਬਲਿਰਾਮ ਜੀਉ ॥	In the third round, the pleasure[42] of Lord's love[44] wells up[43] within my mind[45].	ਤੀਜੇ ਫੇਰੇ ਅੰਦਰ ਮੇਰੇ ਚਿੱਤ[45] ਅੰਦਰ ਸੁਆਮੀ ਦੇ ਪਿਆਰ[44] ਦੀ ਖ਼ੁਸ਼ੀ[42] ਉਤਪੰਨ ਹੋ ਜਾਂਦੀ[43] ਹੈ।
ਸੰਤ ਜਨਾ[46] ਹਰਿ ਮੇਲੁ[47] ਹਰਿ ਪਾਇਆ[48] ਵਡਭਾਗੀਆ[49]ਬਲਿਰਾਮ ਜੀਉ॥	Meeting[47] with the holy persons[46], I have found[48] the Lord God through the greatest good luck[49].	ਨੇਕ ਪੁਰਸ਼ਾਂ[46] ਨਾਲ ਮਿਲ ਕੇ[47], ਪਰਮ ਚੰਗੇ ਭਾਗਾਂ[49] ਰਾਹੀਂ, ਮੈਂ ਸੁਆਮੀ ਵਾਹਿਗੁਰੂ ਨੂੰ ਪਾ ਲਿਆ[48] ਹੈ।
ਨਿਰਮਲੁ[50] ਹਰਿ ਪਾਇਆ ਹਰਿ ਗੁਣ[51] ਗਾਇਆ[54] ਮੁਖਿ[52] ਬੋਲੀ[55] ਹਰਿ[53] ਬਾਣੀ ॥	Singing[54] God's praise[51] and uttering[55] the Divine[53] Gurbani with my mouth[52] I have obtained the immaculate[50] Lord.	ਵਾਹਿਗੁਰੂ ਦਾ ਜੱਸ[51] ਗਾਇਨ[54] ਅਤੇ ਈਸ਼ਵਰੀ[53] ਗੁਰਬਾਣੀ ਦਾ ਆਪਣੇ ਮੂੰਹ[52] ਨਾਲ ਉਚਾਰਨ ਕਰਨ[55] ਦੁਆਰਾ ਮੈਂ ਪਵਿੱਤਰ[50] ਪ੍ਰਭੂ ਨੂੰ ਪਰਾਪਤ ਕਰ ਲਿਆ ਹੈ।
ਸੰਤ ਜਨਾ[56] ਵਡਭਾਗੀ[60] ਪਾਇਆ ਹਰਿ ਕਥੀਐ[57] ਅਕਥ[58] ਕਹਾਣੀ[59] ॥	By great good fortune[60], the pious persons[56] attain to God and utter[57] His unutterable[58] story[59].	ਮਹਾਨ ਚੰਗੇ ਕਰਮਾਂ[60] ਦੁਆਰਾ ਪਵਿੱਤਰ ਪੁਰਸ਼[56] ਵਾਹਿਗੁਰੂ ਨੂੰ ਪਾ ਲੈਂਦੇ ਹਨ ਅਤੇ ਉਸ ਦੀ ਅਕਹਿ[58] ਵਾਰਤਾ[59] ਨੂੰ ਕਹਿੰਦੇ[57] ਹਨ।
ਹਿਰਦੈ[61] ਹਰਿ ਹਰਿ ਹਰਿ[62]	Within my mind[61] has welled up[64]	ਮੇਰੇ ਰਿਦੇ[61] ਅੰਦਰ ਵਾਹਿਗੁਰੂ ਸੁਆਮੀ ਮਾਲਕ[62] ਦਾ

ਧੁਨਿ[63] ਉਪਜੀ[64] ਹਰਿ ਜਪੀਐ[65]ਮਸਤਕਿ[66]ਭਾਗੁ[67] ਜੀਉ ॥	the music[63] of God, the Lord Master[62], and by the destiny[67] recorded on my brow[66], I contemplate[65] the Lord.	ਕੀਰਤਨ[63] ਉਤਪੰਨ ਹੋ ਗਿਆ[64] ਹੈ ਅਤੇ ਮੇਰੇ ਮੱਥੇ[66] ਉਤੇ ਲਿਖੀ ਹੋਈ ਪ੍ਰਾਲਬਧ[67] ਦੁਆਰਾ ਮੈਂ ਸੁਆਮੀ ਨੂੰ ਸਿਮਰਦਾ[65] ਹਾਂ।
ਜਨੁ ਨਾਨਕੁ ਬੋਲੇ ਤੀਜੀ ਲਾਵੈ ਹਰਿ ਉਪਜੈ[68] ਮਨਿ[69] ਬੈਰਾਗੁ[70] ਜੀਉ ॥੩॥	Says serf Nanak that in the third round God's love[70] is produced[68] in my mind[69].	ਨਫ਼ਰ ਨਾਨਕ ਆਖਦਾ ਹੈ, ਕਿ ਤੀਜੇ ਫੇਰੇ ਵਿਚ ਵਾਹਿਗੁਰੂ ਦਾ ਪ੍ਰੇਮ[70] ਮੇਰੇ ਹਿਰਦੇ[69] ਅੰਦਰ ਪੈਦਾ ਹੋ ਗਿਆ[68] ਹੈ।
ਹਰਿ ਚਉਥੜੀ[71]ਲਾਵ ਮਨਿ ਸਹਜੁ[72] ਭਇਆ[73] ਹਰਿ ਪਾਇਆ ਬਲਿਰਾਮ ਜੀਉ ॥	In the fourth[71] round Divine comprehension[72] has welled up[73] within my mind and I have obtained my Lord.	ਚੌਥੇ[71] ਫੇਰੇ ਅੰਦਰ ਮੇਰੇ ਚਿੱਤ ਅੰਦਰ ਬ੍ਰਹਮ ਗਿਆਨ[72] ਉਤਪੰਨ ਹੋ ਗਿਆ[73] ਹੈ ਅਤੇ ਮੈਂ ਆਪਣੇ ਸੁਆਮੀ ਨੂੰ ਪਰਾਪਤ ਕਰ ਲਿਆ ਹੈ।
ਗੁਰਮੁਖਿ[74] ਮਿਲਿਆ ਸੁਭਾਇ[75] ਹਰਿ ਮਨਿ[76] ਤਨਿ[77] ਮੀਠਾ[78] ਲਾਇਆ [79]ਬਲਿਰਾਮ[80] ਜੀਉ ॥	By Guru's grace[74], I have easily[75] met my Lord, who is sweet[78] unto my soul[76] and body[77]. Unto my Lord[80] I am a sacrifice[79].	ਗੁਰਾਂ ਦੀ ਰਹਿਮਤ[74] ਸਦਕਾ, ਮੈਂ ਸੁਖੈਨ ਹੀ[75] ਆਪਣੇ ਸੁਆਮੀ ਨੂੰ ਮਿਲ ਪਿਆ ਹਾਂ, ਜੋ ਮੇਰੀ ਜਿੰਦੜੀ[76] ਤੇ ਦੇਹ[77] ਨੂੰ ਮਿੱਠੜਾ ਲੱਗਦਾ[78] ਹੈ। ਆਪਣੇ ਸਾਂਈ[80] ਉਤੋਂ ਮੈਂ ਕੁਰਬਾਨ[79] ਜਾਂਦਾ ਹਾਂ।
ਹਰਿ ਮੀਠਾ ਲਾਇਆ ਮੇਰੇ ਪ੍ਰਭ ਭਾਇਆ[81] ਅਨਦਿਨੁ[82] ਹਰਿ ਲਿਵ[83] ਲਾਈ[84] ॥	God seems sweet unto me and I have become pleasing[81] to my Master. Night and day[82] I fix[84] my attention[83] on the Lord.	ਵਾਹਿਗੁਰੂ ਮੈਨੂੰ ਮਿਠਾ ਲੱਗਦਾ ਹੈ ਅਤੇ ਆਪਣੇ ਮਾਲਕ ਨੂੰ ਮੈਂ ਚੰਗਾ ਲੱਗਣ[81] ਲੱਗ ਗਿਆ ਹਾਂ। ਰਾਤ ਦਿਨ[82] ਮੈਂ ਆਪਣੀ ਬਿਰਤੀ[83] ਸਾਂਈਂ ਨਾਲ ਜੋੜਦਾ[84] ਹਾਂ।
ਮਨ ਚਿੰਦਿਆ[85] ਫਲੁ[86] ਪਾਇਆ ਸੁਆਮੀ ਹਰਿ ਨਾਮਿ ਵਜੀ ਵਾਧਾਈ[87] ॥	I have obtained my heart-desired[85] fruit[86], my Lord. By exalting God's Name I am congratulated[87].	ਮੈਂ ਆਪਣਾ ਚਿੱਤ-ਚਾਹੁੰਦਾ[85] ਮੇਵਾ[86], ਆਪਣਾ ਪ੍ਰਭੂ, ਪਰਾਪਤ ਕਰ ਲਿਆ ਹੈ। ਵਾਹਿਗੁਰੂ ਦੇ ਨਾਮ ਦੀ ਸਿਫ਼ਤ ਕਰਨ ਦੁਆਰਾ ਮੈਨੂੰ ਮੁਬਾਰਕਾਂ ਮਿਲਦੀਆਂ[87] ਹਨ।
ਹਰਿ ਪ੍ਰਭਿ ਠਾਕੁਰਿ ਕਾਜੁ[88] ਰਚਾਇਆ[89]ਧਨ[90] ਹਿਰਦੈ[91] ਨਾਮਿ ਵਿਗਾਸੀ[92] ॥	God, the Lord Master has brought about[89] the wedding ceremony[88] and the bride's[90] mind[91] has blossomed[92] with the Lord's Name.	ਵਾਹਿਗੁਰੂ ਸੁਆਮੀ ਮਾਲਕ ਨੇ ਆਨੰਦ ਕਾਰਜ[88] ਸੰਪੂਰਨ ਕਰ ਦਿੱਤਾ[89] ਹੈ ਅਤੇ ਮੁੰਧ[90] ਦਾ ਮਨ[91]ਸਾਹਿਬ ਦੇ ਨਾਮ ਨਾਲ ਪ੍ਰਫੁਲਤ ਹੋ ਗਿਆ[92] ਹੈ।
ਜਨੁ ਨਾਨਕੁ ਬੋਲੇ ਚਉਥੀ ਲਾਵੈ[93] ਹਰਿ ਪਾਇਆ ਪ੍ਰਭੁ ਅਵਿਨਾਸੀ[94] ॥੪॥੨॥	Says slave Nanak, in the fourth circling[93] I have attained to my imperishable[94] God Lord.	ਗੋਲਾ ਨਾਨਕ ਆਖਦਾ ਹੈ, ਚੌਥੇ ਫੇਰੇ[93] ਅੰਦਰ ਮੈਂ ਆਪਣੇ ਅਮਰ[94] ਵਾਹਿਗੁਰੂ ਸੁਆਮੀ ਨੂੰ ਪਰਾਪਤ ਕਰ ਲਿਆ ਹੈ।
੧ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਰਾਗੁ ਸੂਹੀ ਛੰਤ ਮਹਲਾ ੪ ਘਰੁ ੨ ॥	Rag Suhi 4th Guru.	ਰਾਗੁ ਸੂਹੀ ਚੌਥੀ ਪਾਤਿਸ਼ਾਹੀ।
ਗੁਰਮੁਖਿ[95] ਹਰਿ ਗੁਣ[96]	The Guru-wards[95] sing God's	ਗੁਰੂ-ਅਨੁਸਾਰੀ[95] ਵਾਹਿਗੁਰੂ ਦੀਆਂ ਸਿਫ਼ਤਾਂ[96]ਗਾਉਂਦੇ ਹਨ

ਗਾਏ ॥ ਹਿਰਦੈ[97] ਰਸਨ[98] ਰਸਾਏ[99] ॥	glories[96] and with their mind[97] and tongue[98] relish[99] Him.	ਅਤੇ ਆਪਣੇ ਮਨ[97] ਤੇ ਜੀਭ[98] ਨਾਲ ਉਸ ਦਾ ਰਸ ਮਾਣਦੇ[99] ਹਨ।
ਹਰਿ[100]ਰਮਨ[2] ਰਸਾਏ[3] ਮੇਰੇ ਪ੍ਰਭ ਭਾਏ[4] ਮਿਲਿਆ ਸਹਜਿ ਸੁਭਾਏ[5] ॥	They taste[3] the Divine[100] elixir[2] and are pleasing[4] to my Lord, who naturally[5] meets them.	ਉਹ ਈਸ਼ਵਰੀ[100] ਅੰਮ੍ਰਿਤ[2] ਨੂੰ ਚੱਖਦੇ[3] ਹਨ ਅਤੇ ਮੇਰੇ ਮਾਲਕ ਨੂੰ ਚੰਗੇ ਲਗਦੇ[4] ਹਨ, ਜੋ ਸੁਭਾਵਕ[5] ਹੀ ਉਨ੍ਹਾਂ ਨੂੰ ਮਿਲ ਪੈਂਦਾ ਹੈ।
ਅਨਦਿਨੁ[6] ਭੋਗ[7] ਭੋਗੇ[8] ਸੁਖਿ ਸੋਵੈ ਸਬਦਿ[10] ਰਹੈ ਲਿਵ[12] ਲਾਏ[13] ॥	Night and day[6] they enjoy[8] revelments[7], sleep in peace and remain enshrined[13] in God's[10] love[12].	ਰਾਤ ਦਿਨ[6] ਉਹ ਰੰਗ-ਰਲੀਆਂ[7] ਮਾਣਦੇ[8] ਹਨ, ਆਰਾਮ ਅੰਦਰ ਸੌਂਦੇ ਹਨ ਅਤੇ ਵਾਹਿਗੁਰੂ[10] ਦੇ ਪ੍ਰੇਮ[12] ਅੰਦਰ ਟਿਕੇ[13] ਰਹਿੰਦੇ ਹਨ।
ਵਡੈ ਭਾਗਿ[9]ਗੁਰੁ ਪੂਰਾ[13*] ਪਾਈਐ[14] ਅਨਦਿਨੁ[15]ਨਾਮੁ ਧਿਆਏ[16] ॥	By great good fortune[9], man obtains[14] the perfect[13*] Guru and night and day[15] meditates[16] on the Name.	ਭਾਰੇ ਚੰਗੇ ਨਸੀਬਾਂ[9] ਦੁਆਰਾ, ਇਨਸਾਨ ਪੂਰਨ[13*] ਗੁਰਾਂ ਨੂੰ ਪਾ ਲੈਂਦਾ[14] ਹੈ ਅਤੇ ਰਾਤ ਦਿਨ[15]ਨਾਮ ਦਾ ਆਰਾਧਨ ਕਰਦਾ[16] ਹੈ।
ਸਹਜੇ ਸਹਜਿ[17] ਮਿਲਿਆ ਜਗ ਜੀਵਨੁ[18]ਨਾਨਕ ਸੁੰਨਿ[19] ਸਮਾਏ[20] ॥੧॥	The Life[18] of the Universe[17], easily meets him and O Nanak, he merges[20] in the Absolute[19] Lord.	ਆਲਮ ਦੀ ਜਿੰਦ-ਜਾਨ[18] ਸੁਖੈਨ ਹੀ[17] ਉਸ ਨੂੰ ਮਿਲ ਪੈਂਦਾ ਹੈ ਅਤੇ ਹੇ ਨਾਨਕ! ਉਹ ਖ਼ੁਦ-ਮੁਖ਼ਤਿਆਰ[19] ਸੁਆਮੀ ਅੰਦਰ ਲੀਨ[20] ਹੋ ਜਾਂਦਾ ਹੈ।
ਸੰਗਤਿ ਸੰਤ ਮਿਲਾਏ ॥ ਹਰਿ ਸਰਿ[21] ਨਿਰਮਲਿ[22] ਨਾਏ[23] ॥	Meeting the society of saints, I have bathed[23] myself in the pure[22] pool[21] of God's Name.	ਸਾਧ ਸੰਗਤ ਨਾਲ ਮਿਲ ਕੇ ਮੈਂ ਵਾਹਿਗੁਰੂ ਦੇ ਨਾਮ ਦੇ ਪਵਿੱਤਰ[22] ਸਰੋਵਰ[21] ਵਿਚ ਇਸ਼ਨਾਨ ਕੀਤਾ[23] ਹੈ।
ਨਿਰਮਲਿ[29] ਜਲਿ[24] ਨਾਏ ਮੈਲੁ[25] ਗਵਾਏ[26] ਭਏ ਪਵਿਤੁ[27] ਸਰੀਰਾ[28] ॥	Bathing in the clean[29] water[24] of God's Name, my filth[25] is washed off[26] and my body[28] is rendered immaculate[27].	ਰੱਬ ਦੇ ਨਾਮ ਦੇ ਸ਼ੁੱਧ[29] ਪਾਣੀ[24] ਵਿਚ ਨ੍ਹਾਉਣ ਨਾਲ ਮੇਰਾ ਗੰਦ[25] ਧੋਤਾ ਗਿਆ[26]ਹੈ ਅਤੇ ਮੇਰੀ ਦੇਹ[28]ਪਾਵਨ[27] ਹੋ ਗਈ ਹੈ।
ਦੁਰਮਤਿ[30] ਮੈਲੁ ਗਈ[31] ਭ੍ਰਮੁ[32] ਭਾਗਾ[33] ਹਉਮੈ[34] ਬਿਨਠੀ[35] ਪੀਰਾ[36] ॥	The dirt of mal-intellect[30] is removed[31], doubt[32] has fled[33] and the pain[36] of ego[34] is dispelled[35].	ਖੋਟੀ ਬੁੱਧੀ[30] ਦੀ ਗਿਲਾਜ਼ਤ ਲਹਿ ਗਈ[31] ਹੈ, ਸੰਦੇਹ[32] ਦੌੜ ਗਿਆ[33] ਹੈ ਅਤੇ ਹੰਕਾਰ[34] ਦੀ ਪੀੜ[36] ਦੂਰ[35] ਹੋ ਗਈ ਹੈ।
ਨਦਰਿ[37] ਪ੍ਰਭੂ ਸਤਸੰਗਤਿ ਪਾਈ ਨਿਜ[38] ਘਰਿ[39] ਹੋਆ ਵਾਸਾ[40] ॥	By the Lord's grace[37], I have obtained the saints' society and gained an abode[40] in my own[38] home[39].	ਸਾਹਿਬ ਦੀ ਮਿਹਰ[37] ਦੁਆਰਾ ਮੈਨੂੰ ਸਾਧ ਸੰਗਤ ਪਰਾਪਤ ਹੋਈ ਹੈ ਅਤੇ ਮੈਨੂੰ ਆਪਣੇ ਨਿੱਜ[38] ਦੇ ਧਾਮ[39] ਅੰਦਰ ਵਸੇਬਾ[40] ਮਿਲ ਗਿਆ ਹੈ।
ਹਰਿ ਮੰਗਲ[41]ਰਸਿ[42]ਰਸਨ[43] ਰਸਾਏ[44] ਨਾਨਕ ਨਾਮੁ ਪ੍ਰਗਾਸਾ[45] ॥੨॥	O Nanak, my tongue[43] delightfully[42] enjoys[44] the Lord's praise[41] and the Name blazes forth[45] in me.	ਹੇ ਨਾਨਕ! ਮੇਰੀ ਜੀਭ[43] ਖੁਸ਼ੀ ਨਾਲ[42] ਸਾਂਈਂ ਦੇ ਜੱਸ[41] ਨੂੰ ਮਾਣਦੀ[44] ਹੈ ਅਤੇ ਨਾਮ ਮੇਰ ਅੰਦਰ ਪਰਕਾਸ਼ ਹੋ ਗਿਆ[45] ਹੈ।
ਅੰਤਰਿ[46] ਰਤਨੁ[47] ਬੀਚਾਰੇ[48] ॥ ਗੁਰਮੁਖਿ[49] ਨਾਮੁ ਪਿਆਰੇ[50] ॥	The Name seems sweet[50] to the Guru-ward[49], who in his mind[46] reflect[48] over the Lord's jewel[47].	ਉਸ ਗੁਰੂ-ਅਨੁਸਾਰੀ[49] ਨੂੰ ਨਾਮ ਮਿੱਠੜਾ[50] ਲੱਗਦਾ ਹੈ, ਜੋ ਆਪਣੇ ਚਿੱਤ[46] ਵਿਚ ਹੀਰੇ[47] ਰੂਪ ਸੁਆਮੀ ਨੂੰ ਚੇਤੇ ਕਰਦਾ[48] ਹੈ।

ਹਰਿਨਾਮੁ ਪਿਆਰੇ[51] ਸਬਦਿ[52] ਨਿਸਤਾਰੇ[53] ਅਗਿਆਨੁ[54] ਅਧੇਰੁ[55] ਗਵਾਇਆ[56] ॥	The lovers[51] of God's Name are emancipated[53], by the Name[52] and the darkness[55] of their spiritual ignorance[54] is dispelled[56].	ਰੱਬ ਦੇ ਨਾਮ ਦੇ ਪ੍ਰੀਤਵਾਨਾਂ[51] ਦਾ ਨਾਮ[52] ਪਾਰ ਉਤਾਰਾ ਕਰ ਦਿੰਦਾ[53] ਹੈ ਅਤੇ ਉਨ੍ਹਾਂ ਦੀ ਆਤਮਿਕ ਬੇਸਮਝੀ[54] ਦਾ ਅਨ੍ਹੇਰਾ[55] ਦੂਰ ਹੋ ਜਾਂਦਾ[56] ਹੈ ।
ਗਿਆਨੁ[57] ਪ੍ਰਚੰਡੁ[58] ਬਲਿਆ[59] ਘਟਿ[60] ਚਾਨਣੁ[61] ਘਰ ਮੰਦਰ[62] ਸੋਹਾਇਆ[63] ॥	The bright[58] light[61] of gnosis[57] burns[59] in their mind[60] and their home and mansion[62] are embellished[63].	ਬ੍ਰਹਮ ਵੀਚਾਰ[57] ਦੀ ਤੇਜ਼[58] ਰੌਸ਼ਨੀ[61] ਉਨ੍ਹਾਂ ਦੇ ਹਿਰਦੇ[60] ਅੰਦਰ ਜਗ ਪੈਂਦੀ[59] ਹੈ ਅਤੇ ਉਨ੍ਹਾਂ ਦਾ ਗ੍ਰਿਹ ਤੇ ਮਹਿਲ[62] ਸੁਸ਼ੋਭਤ[63] ਹੋ ਜਾਂਦੇ ਹਨ ।
੭੭੫	775	੭੭੫
ਤਨੁ[54] ਮਨੁ[55] ਅਰਪਿ[56] ਸੀਗਾਰ[57] ਬਣਾਏ ਹਰਿ ਪ੍ਰਭ ਸਾਚੇ ਭਾਇਆ[58] ॥	I have made the ornamentation[57] of surrendering[56] my body[54] and soul[55] and have thus become pleasing[58] to my True Lord God.	ਆਪਣੀ ਦੇਹ[54] ਤੇ ਜਿੰਦੜੀ[55] ਨੂੰ ਸਮਰਪਣ[56] ਕਰਨ ਦਾ ਮੈਂ ਹਾਰਸ਼ਿੰਗਾਰ[57] ਕੀਤਾ ਹੈ ਅਤੇ ਇਸ ਤਰ੍ਹਾਂ ਮੈਂ ਆਪਣੇ ਸੱਚੇ ਸੁਆਮੀ ਵਾਹਿਗੁਰੂ ਨੂੰ ਚੰਗੀ ਲੱਗਣ[58] ਲੱਗ ਗਈ ਹਾਂ ।
ਜੋ[59] ਪ੍ਰਭੁ ਕਹੈ ਸੋਈ[60] ਪਰੁ[61] ਕੀਜੈ ਨਾਨਕ ਅੰਕਿ[62] ਸਮਾਇਆ[63] ॥੩॥	Whatever[59] the Lord says, that[60] I joyfully[61] do. Thus, O Nanak I have merged[63] in His lap[62].	ਜਿਹੜਾ ਕੁਛ[59] ਸਾਂਈਂ ਆਖਦਾ ਹੈ, ਉਹ[60] ਮੈਂ ਖ਼ੁਸ਼ੀ ਨਾਲ[61] ਕਰਦੀ ਹਾਂ । ਇਸ ਤਰ੍ਹਾਂ, ਹੇ ਨਾਨਕ ! ਮੈਂ ਉਸ ਦੀ ਗੋਦੀ[62] ਅੰਦਰ ਲੀਨ ਹੋ ਗਈ[63] ਹਾਂ ।
ਹਰਿ ਪ੍ਰਭਿ ਕਾਜੁ[64] ਰਚਾਇਆ[65] ॥ ਗੁਰਮੁਖਿ[66] ਵੀਆਹਣਿ[67] ਆਇਆ ॥	The Lord Master has brought about[65] the marriage occasion[64] and He has come to wed[67] the pious bride[66].	ਪ੍ਰਭੂ ਪ੍ਰਮੇਸ਼ਰ ਨੇ ਵਿਵਾਹ ਦਾ ਸਮਾਗਮ[64] ਰਚਿਆ[65] ਹੈ ਅਤੇ ਉਹ ਪਵਿੱਤਰ ਪਤਨੀ[66] ਨੂੰ ਵਿਆਹੁਣ[67] ਲਈ ਆਇਆ ਹੈ ।
ਵੀਆਹਣਿ[68] ਆਇਆ ਗੁਰਮੁਖਿ ਹਰਿ ਪਾਇਆ ਸਾ[69] ਧਨ[70] ਕੰਤ[71] ਪਿਆਰੀ[72] ॥	He has come to wed[68] the holy bride, who has thus obtained God. That[69] bride[70] is dear[72] to her Bridegroom[71].	ਉਹ ਉਸ ਪਾਕ ਪਤਨੀ ਨੂੰ ਵਰਣ ਲਈ[68] ਆਇਆ ਹੈ, ਜਿਸ ਨੇ ਐਕੁਰ ਵਾਹਿਗੁਰੂ ਨੂੰ ਪਾ ਲਿਆ ਹੈ । ਉਹ[69] ਮਹੇਲੀ[70] ਆਪਣੇ ਭਰਤੇ[71] ਦੀ ਲਾਡਲੀ[72] ਹੈ ।
ਸੰਤ ਜਨਾ[73] ਮਿਲਿ[74] ਮੰਗਲ[75] ਗਾਏ ਹਰਿ ਜੀਉ[76] ਆਪਿ[77] ਸਵਾਰੀ[78] ॥	Meeting together[74], the holy men[73] sing the songs of rejoicing[75]. The sire Lord[76] has Himself[77] decorated[78] the bride.	ਇਕੱਤਰ[74] ਹੋ ਕੇ ਭਲੇ ਪੁਰਸ਼[73] ਖ਼ੁਸ਼ੀ ਦੇ ਗੀਤ[75] ਗਾਉਂਦੇ ਹਨ । ਮਹਾਰਾਜ[76] ਮਾਲਕ ਨੇ ਖ਼ੁਦ[77] ਮਹੇਲੀ ਨੂੰ ਸ਼ਸ਼ੋਭਤ ਕੀਤਾ[78] ਹੈ ।
ਸੁਰਿ[79] ਨਰ[80] [81]ਗਣ-ਗੰਧਰਬ[82] ਮਿਲਿ[83] ਆਏ ਅਪੂਰਬ[84] ਜੰਞ[85] ਬਣਾਈ[86] ॥	The deities[79], men[80], heavenly heralds[81] and celestial singers[82] have come in a body[83] and formed[86] the wondrous[84] wedding party[85].	ਦੇਵਤੇ[79], ਇਨਸਾਨ[80], ਇਲਾਹੀ ਏਲਚੀ[81] ਅਤੇ ਸਵਰਗੀ ਗਵੱਈਆਂ[82] ਨੇ ਰਲ[83] ਕੇ ਅਦਭੁਤ[84] ਜਨੇਤ[85] ਬਣਾ ਦਿੱਤੀ[86] ਹੈ ।
ਨਾਨਕ ਪ੍ਰਭੁ ਪਾਇਆ ਮੈ ਸਾਚਾ ਨਾ ਕਦੇ ਮਰੈ ਨ ਜਾਈ[87] ॥੪॥੧॥੩॥	Nanak, I have obtained my True Lord, who never dies nor is born[87].	ਨਾਨਕ, ਮੈਂ ਆਪਣਾ ਸੱਚਾ ਸੁਆਮੀ ਪਰਾਪਤ ਕਰ ਲਿਆ ਹੈ, ਜੋ ਕਦਾਚਿੱਤ ਮਰਦਾ ਨਹੀਂ ਤੇ ਨਾ ਹੀ ਜੰਮਦਾ[87] ਹੈ ।

ਰਾਗੁ ਸੂਹੀ ਛੰਤ ਮਹਲਾ ੪ ਘਰੁ ੩	Rag Suhi Chhant 4th Guru	ਰਾਗੁ ਸੂਹੀ ਛੰਤ ਚੌਥੀ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਆਵਹੋ ਸੰਤ[88]ਜਨਹੁ ਗੁਣ[89] ਗਾਵਹ[93] [90]ਗੋਵਿੰਦ[91] ਕੇਰੇ[92] ਰਾਮ ॥	Come holymen[88], let us sing[93] the glories[89] of[92] the World[90] Lord[91].	ਨੇਕ ਪੁਰਸ਼ੋ[88]! ਆਓ ਆਪਾਂ ਸ੍ਰਿਸ਼ਟੀ[90] ਦੇ ਸੁਆਮੀ[91] ਦੀਆਂ[92] ਸਿਫ਼ਤਾਂ[89] ਗਾਇਨ ਕਰੀਏ[93]।
ਗੁਰਮੁਖਿ[94] ਮਿਲਿ ਰਹੀਐ ਘਰਿ[98] ਵਾਜਹਿ[95] ਸਬਦ[96] ਘਨੇਰੇ[97] ਰਾਮ ॥	By Guru's grace[94], we meet with the Lord and in our home[98] resound[95] several[97] strains[96] of ecstasy.	ਗੁਰਾਂ ਦੀ ਦਇਆ[94] ਦੁਆਰਾ, ਆਪਾਂ ਸੁਆਮੀ ਨਾਲ ਮਿਲਦੇ ਹਾਂ ਅਤੇ ਸਾਡੇ ਘਰ[98] ਅੰਦਰ ਪਰਮ ਅਨੰਦ ਦੇ ਅਨੇਕਾਂ[97] ਰਾਗ[96] ਗੂੰਜਦੇ[95] ਹਨ।
ਸਬਦ ਘਨੇਰੇ ਹਰਿ ਪ੍ਰਭ ਤੇਰੇ ਤੂ ਕਰਤਾ[98*] ਸਭ[99] ਥਾਈ[100] ॥	Good many celestial strains are Thine, O my Lord God. Thou, O Creator[98*] art contained in all[99] the places[100].	ਅਨੇਕਾਂ ਹਨ ਤੇਰੇ ਬੈਕੁੰਠੀ ਕੀਰਤਨ, ਹੇ ਮੇਰੇ ਵਾਹਿਗੁਰੂ ਸੁਆਮੀ! ਤੂੰ, ਹੇ ਸਿਰਜਣਹਾਰ[98*]! ਸਾਰੇ[99] ਥਾਵਾਂ[100] ਅੰਦਰ ਵਿਆਪਕ ਹੋ ਰਿਹਾ ਹੈਂ।
[2]ਅਹਿਨਿਸਿ[3] ਜਪੀ[4] ਸਦਾ[5] ਸਾਲਾਹੀ[6] ਸਾਚ ਸਬਦਿ[7] ਲਿਵ[8] ਲਾਈ[9] ॥	Day[2] and night[3] I ever[5] contemplate[4] and praise[6] the Lord and enshrine[9] love[8] for the True Name[7].	ਦਿਨ[2] ਤੇ ਰਾਤ[3] ਮੈਂ ਸਦੀਵ[5] ਹੀ ਸੁਆਮੀ ਦੀ ਬੰਦਗੀ[4] ਅਤੇ ਸਿਫ਼ਤ ਕਰਦਾ[6] ਹਾਂ ਅਤੇ ਸੱਚੇ ਨਾਮ[7] ਨਾਲ ਪ੍ਰੇਮ[8] ਪਾਉਂਦਾ[9] ਹਾਂ।
ਅਨਦਿਨੁ[10] ਸਹਜਿ[12] ਰਹੈ ਰੰਗਿ[13] ਰਾਤਾ[14] ਰਾਮ ਨਾਮੁ ਰਿਦ[15] ਪੂਜਾ[16] ॥	Day and night[10] I naturally[12] remain imbued[14] with the Lord's love[13] and within my mind[15] I worship[16] the Lord's Name.	ਦਿਨ[10] ਤੇ ਰਾਤ ਮੈਂ ਸੁਭਾਵਕ ਹੀ[12] ਪ੍ਰਭੂ ਦੀ ਪ੍ਰੀਤ[13] ਨਾਲ ਰੰਗਿਆ[14] ਰਹਿੰਦਾ ਹਾਂ ਅਤੇ ਆਪਣੇ ਹਿਰਦੇ[15] ਅੰਦਰ ਮੈਂ ਪ੍ਰਭੂ ਦੇ ਨਾਮ ਦੀ ਉਪਾਸ਼ਨਾ ਕਰਦਾ[16] ਹਾਂ।
ਨਾਨਕ ਗੁਰਮੁਖਿ[17] ਏਕੁ ਪਛਾਣੈ[18] ਅਵਰੁ[19] ਨ ਜਾਣੈ ਦੂਜਾ[20] ॥੧॥	Nanak, by the Guru's grace[17], I know[18] but One God and know not another[19] second[20].	ਨਾਨਕ ਗੁਰਾਂ ਦੀ ਰਹਿਮਤ[17] ਸਦਕਾ ਮੈਂ ਕੇਵਲ ਇਕ ਹਰੀ ਨੂੰ ਹੀ ਜਾਣਦਾ[18] ਹਾਂ ਅਤੇ ਕਿਸੇ ਹੋਰਸ[19] ਦੂਸਰੇ[20] ਨੂੰ ਨਹੀਂ ਜਾਣਦਾ।
ਸਭ ਮਹਿ[21] ਰਵਿ ਰਹਿਆ[22] ਸੋ[24] ਪ੍ਰਭੁ ਅੰਤਰਜਾਮੀ[23] ਰਾਮ ॥	The Lord Master is contained[22] amongst[21] all. He[24] is the searcher of hearts[23].	ਸੁਆਮੀ ਮਾਲਕ ਸਾਰਿਆਂ ਅੰਦਰ[21] ਵਿਆਪਕ ਹੋ ਰਿਹਾ[32] ਹੈ। ਉਹ[24] ਦਿਲਾਂ ਦੀਆਂ ਜਾਨਣਹਾਰ[23] ਹੈ।
ਗੁਰ ਸਬਦਿ[25] ਰਵੈ[26] ਰਵਿ ਰਹਿਆ[27] ਸੋ[28] ਪ੍ਰਭੁ ਮੇਰਾ ਸੁਆਮੀ ਰਾਮ ॥	He, who by Guru's instruction[25] meditates[26] on the Lord beholds that[28] Lord Master of mine pervading[27] all.	ਜੋ ਗੁਰਾਂ ਦੇ ਉਪਦੇਸ਼[25] ਦੁਆਰਾ ਸਾਹਿਬ ਦਾ ਸਿਮਰਨ ਕਰਦਾ[26] ਹੈ, ਉਹ ਉਸ[28] ਮੇਰੇ ਸੁਆਮੀ ਮਾਲਕ ਨੂੰ ਸਾਰੇ ਵਿਆਪਕ[27] ਵੇਖਦਾ ਹੈ।
ਪ੍ਰਭੁ ਮੇਰਾ ਸੁਆਮੀ ਅੰਤਰਜਾਮੀ[29] ਘਟਿ ਘਟਿ[30] ਰਵਿਆ[31] ਸੋਈ[32] ॥	He[32], my Lord Master, the Inner-koower[29] is contained[31] within every heart[30].	ਉਹ[32], ਅੰਦਰਲੀਆਂ ਜਾਨਣਹਾਰ[29], ਮੇਰਾ ਪ੍ਰਭੂ ਪਰਮੇਸ਼ਰ ਹਰ ਦਿਲ[30] ਅੰਦਰ ਰਮਿਆ ਹੋਇਆ[31] ਹੈ।

ਗੁਰਮਤਿ[33] ਸਚੁ ਪਾਈਐ ਸਹਜਿ[34] ਸਮਾਈਐ[35] ਤਿਸੁ[36] ਬਿਨੁ ਅਵਰੁ[37] ਨ ਕੋਈ ॥	By Guru's instruction[33], the mortal obtains Truth and merges[35] in the Lord[34] and without Him[36] knows not another[37].	ਗੁਰਾਂ ਦੇ ਉਪਦੇਸ਼[33] ਦੁਆਰਾ, ਪ੍ਰਾਣੀ ਸੱਚ ਨੂੰ ਪਾ ਸੁਆਮੀ[34] ਅੰਦਰ ਲੀਨ ਹੋ ਜਾਂਦਾ[35] ਹੈ ਅਤੇ ਉਸ[36] ਦੇ ਬਾਝੋਂ ਹੋਰ[37] ਕਿਸੇ ਨੂੰ ਨਹੀਂ ਜਾਣਦਾ।
ਸਹਜੇ[38] ਗੁਣ[39] ਗਾਵਾ ਜੇ[40] ਪ੍ਰਭ ਭਾਵਾ[41] ਆਪੇ[42] ਲਏ ਮਿਲਾਏ[43] ॥	If[40]I become pleasing[41] to my Lord, then I would naturally[38] sing His praise[39] and he would unite[43] me with Himself[42].	ਜੇਕਰ[40] ਮੈਂ ਆਪਣੇ ਸੁਆਮੀ ਨੂੰ ਚੰਗਾ ਲਗਣ[41] ਲੱਗ ਜਾਵਾਂ, ਤਦ ਮੈਂ ਸੁਭਾਵਕ ਹੀ[38] ਉਸ ਦਾ ਜੱਸ[39] ਗਾਇਨ ਕਰਾਂਗਾ ਅਤੇ ਉਹ ਮੈਨੂੰ ਆਪਣੇ[42] ਨਾਲ ਮਿਲਾ ਲਵੇਗਾ[43]।
ਨਾਨਕ ਸੋ[46] ਪ੍ਰਭੁ ਸਬਦੇ[44] ਜਾਪੈ[45] [47]ਅਹਿਨਿਸਿ[48] ਨਾਮੁ ਧਿਆਏ[49] ॥੨॥	Nanak, by the Guru's instruction[44], He[46]the Lord is realised[45] and day[47] and night[48],the mortal contemplates[49] the Name.	ਨਾਨਕ, ਗੁਰਾਂ ਦੀ ਸਿਖ-ਮਤ[44] ਦੁਆਰਾ, ਉਹ[46] ਸਾਹਿਬ ਅਨੁਭਵ ਕੀਤਾ ਜਾਂਦਾ[45] ਹੈ ਅਤੇ ਦਿਨ[47] ਰਾਤ[48] ਜੀਵ ਨਾਮ ਦਾ ਆਰਾਧਨ ਕਰਦਾ[49] ਹੈ।
ਇਹੁ ਜਗੋ[50] ਦੁਤਰੁ[51] ਮਨਮੁਖੁ[52] ਪਾਰਿ[53] ਨ ਪਾਈ ਰਾਮ ॥	This world[50] is an untraversable[51] ocean. The egocentric[52] can cross[53] it not.	ਇਹ ਸੰਸਾਰ[50] ਇਕ ਨਾ-ਤਰਿਆ ਜਾਣ ਵਾਲਾ[51]ਸਮੁੰਦਰ ਹੈ। ਆਪ-ਹੁਦਰਾ[52] ਇਸ ਨੂੰ ਪਾਰ[53]ਨਹੀਂ ਕਰ ਸਕਦਾ।
ਅੰਤਰੇ[54] ਹਉਮੈ[55] ਮਮਤਾ[56] ਕਾਮੁ[57] ਕ੍ਰੋਧੁ[58] ਚਤੁਰਾਈ[59] ਰਾਮ ॥	Within[54] him is self-conceit[55], egoism[56], lust[57], wrath[58] and cleverness[59].	ਉਸ ਦੇ ਅੰਦਰ[54]ਸਵੈ-ਹੰਗਤਾ[55] ਅਪਣੱਤ[56],ਵਿਸ਼ੇ-ਭੋਗ[57], ਗੁੱਸਾ[58] ਅਤੇ ਚਲਾਕੀ[59] ਹੈ।
ਅੰਤਰਿ ਚਤੁਰਾਈ ਥਾਇ[60] ਨ ਪਾਈ ਬਿਰਥਾ[61] ਜਨਮੁ[62] ਗਵਾਇਆ[63] ॥	Within him is cleverness, he is approved[60] not, and loses[63] his life[62] in vain[61].	ਉਸ ਦੇ ਅੰਦਰ ਚਲਾਕੀ ਹੈ, ਉਹ ਪਰਵਾਨ ਨਹੀਂ ਹੁੰਦਾ[60] ਅਤੇ ਆਪਣਾ ਜੀਵਨ[62] ਬੇ-ਫ਼ਾਇਦਾ[61] ਗੁਆ ਲੈਂਦਾ[63] ਹੈ।
ਜਮ ਮਗਿ[64] ਦੁਖੁ ਪਾਵੈ ਚੋਟਾ[65] ਖਾਵੈ ਅੰਤਿ[66] ਗਇਆ ਪਛੁਤਾਇਆ[67] ॥	In the Yama's way[64],he suffers pain, bears blows[65], and in the end[66] departs regretfully[67].	ਯਮ ਦੇ ਰਾਹ[64] ਅੰਦਰ ਉਹ ਕਸ਼ਟ ਉਠਾਉਂਦਾ ਹੈ, ਸੱਟਾਂ[65] ਸਹਾਰਦਾ ਹੈ ਅਤੇ ਅਖੀਰ[66] ਨੂੰ ਅਫ਼ਸੋਸ ਕਰਦਾ ਹੋਇਆ[67] ਟੁਰ ਜਾਂਦਾ ਹੈ।
ਬਿਨੁ ਨਾਵੈ ਕੋ ਬੇਲੀ[68] ਨਾਹੀ ਪੁਤੁ[69] ਕੁਟੰਬੁ[70] ਸੁਤੁ[71] ਭਾਈ[72] ॥	Without the Name, there is none to befriend[68] him, neither sons[69], nor family[70], nor brother's[72] sons[71].	ਨਾਮ ਦੇ ਬਗ਼ੈਰ ਉਸ ਦਾ ਕੋਈ ਮਿੱਤਰ[68] ਨਹੀਂ, ਨਾ ਪੁਤ੍ਰ[69], ਨਾ ਟੱਬਰ ਕਬੀਲਾ[70], ਨਾ ਹੀ ਭਰਾ[72] ਦੇ ਲੜਕੇ[71]।
ਨਾਨਕ ਮਾਇਆ[73] ਮੋਹੁ[74] ਪਸਾਰਾ[75] ਆਗੈ[76] ਸਾਥਿ[77] ਨ ਜਾਈ ॥੩॥	Nanak, wealth[73], worldly love[74] and ostentation[75] go not with[77] him hereafter[76].	ਨਾਨਕ, ਦੌਲਤ[73], ਸੰਸਾਰੀ ਮਮਤਾ[74] ਤੇ ਅਡੰਬਰ[75] ਏਦੂੰ ਮਗਰੋਂ[76] ਉਸ ਦੇ ਨਾਲ[77] ਨਹੀਂ ਜਾਂਦੇ।
ਹਉ ਪੂਛਉ[78] ਅਪਨਾ ਸਤਿਗੁਰੁ ਦਾਤਾ[79] ਕਿਨ ਬਿਧਿ[80] ਦੁਤਰੁ[81] ਤਰੀਐ[82] ਰਾਮ ॥	From my Beneficent[79] True Guru, I ask[78] the way[80] by which I can cross[82] the arduous[81] world ocean.	ਆਪਣੇ ਦਾਤਾਰ[79] ਸੱਚੇ ਗੁਰਾਂ ਪਾਸੋਂ ਮੈਂ ਉਹ ਤਰੀਕਾ[80] ਪਤਾ ਕਰਦਾ[78] ਹਾਂ, ਜਿਸ ਦੁਆਰਾ ਮੈਂ ਕਠਨ[81] ਸੰਸਾਰ ਸਮੁੰਦਰ ਤੋਂ ਪਾਰ ਹੋ ਸਕਦਾ[82] ਹਾਂ।
ਸਤਿਗੁਰ ਭਾਇ[83] ਚਲਹੁ[84]	Walk[84] thou in the True Guru's	ਤੂੰ ਸੱਚੇ ਗੁਰਾਂ ਦੀ ਰਜ਼ਾ[83] ਅੰਦਰ ਟੁਰ[84]ਅਤੇ ਇਸ ਤਰ੍ਹਾਂ[85]

ਜੀਵਤਿਆ ਇਵ[85] ਮਰੀਐ ਰਾਮ ॥

will[83] and thus[85] remain dead in life.

ਜੀਊਂਦੇ ਜੀ ਮਰਿਆ ਰਹੁ ।

ਜੀਵਤਿਆ ਮਰੀਐ [86]ਭਉਜਲੁ[90] ਤਰੀਐ[87] ਗੁਰਮੁਖਿ[88] ਨਾਮਿ ਸਮਾਵੈ[89] ॥

By remaining dead in life man ferries across[87] the dreadful[86] world-ocean[90] and through Guru's grace[88] merges[89] in the Name.

ਜੀਊਂਦੇ ਜੀ ਮਰ ਰਹਿਣ ਦੁਆਰਾ, ਬੰਦਾ ਭਿਆਨਕ[86] ਸੰਸਾਰ ਸਮੁੰਦਰ[90] ਤੋਂ ਪਾਰ ਹੋ ਜਾਂਦਾ[87] ਹੈ ਅਤੇ ਗੁਰਾਂ ਦੀ ਮਿਹਰ[88] ਰਾਹੀਂ ਨਾਮ ਵਿਚ ਲੀਨ ਹੋ ਜਾਂਦਾ[89] ਹੈ ।

ਪੂਰਾ[91] ਪੁਰਖੁ[92] ਪਾਇਆ ਵਡਭਾਗੀ[93] ਸਚਿ ਨਾਮਿ ਲਿਵ[94] ਲਾਵੈ[95] ॥

By great good fortune[93], the mortal obtains the Perfect[91] Lord[92] and fixes[95] his attention[94] on the True Name.

ਬੜੇ ਚੰਗੇ ਭਾਗਾਂ[93] ਦੁਆਰਾ ਪ੍ਰਾਣੀ ਪੂਰਨ[91] ਪ੍ਰਭੂ[92] ਨੂੰ ਪਰਾਪਤ ਹੁੰਦਾ ਹੈ ਅਤੇ ਆਪਣੀ ਬਿਰਤੀ[94] ਸੱਚੇ ਨਾਮ ਨਾਲ ਜੋੜਦਾ[95] ਹੈ ।

ਮਤਿ[96] ਪਰਗਾਸੁ[97] ਭਈ ਮਨੁ ਮਾਨਿਆ[98] ਰਾਮ[99] ਨਾਮਿ ਵਡਿਆਈ[100] ॥

His intellect[96] is enlightened[97], the mind is propitiated[98] and he obtains the glory[100] of the Lord's[99] Name.

ਉਸ ਦੀ ਬੁਧ[96] ਪਰਕਾਸ਼ ਹੋ ਜਾਂਦੀ[97] ਹੈ,ਮਨੂਆ ਸੰਤੁਸ਼ਟ ਹੋ ਜਾਂਦਾ[98] ਹੈ ਅਤੇ ਉਹ ਪ੍ਰਭੂ[99] ਦੇ ਨਾਮ ਦੀ ਪ੍ਰਭੁਤਾ[100] ਨੂੰ ਪਰਾਪਤ ਕਰ ਲੈਂਦਾ ਹੈ ।

ਨਾਨਕ ਪ੍ਰਭੁ ਪਾਇਆ ਸਬਦਿ[2] ਮਿਲਾਇਆ[3] ਜੋਤੀ[4] ਜੋਤਿ[5] ਮਿਲਾਈ[6] ॥੪॥੧॥੪॥

Nanak, he who merges[3] in the Name[2], attains to his Lord and his light[5] blends with[6] the Supreme Light[4].

ਨਾਨਕ, ਜੋ ਨਾਮ[2] ਅੰਦਰ ਲੀਨ ਹੁੰਦਾ[3] ਹੈ, ਉਹ ਆਪਣੇ ਸੁਆਮੀ ਨੂੰ ਪਾ ਲੈਂਦਾ ਹੈ ਅਤੇ ਉਸ ਦਾ ਨੂਰ[5] ਪਰਮ ਨੂਰ[4] ਨਾਲ ਅਭੇਦ ਹੋ ਜਾਂਦਾ[6] ਹੈ ।

੭੭੬ 776 ੭੭੬

ਸੂਹੀ ਮਹਲਾ ੪ ਘਰੁ ੫

Suhi 4th Guru

ਸੂਹੀ ਚੌਥੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।

ਗੁਰੁ ਸੰਤ ਜਨੋ[7] ਪਿਆਰਾ[8] ਮੈ ਮਿਲਿਆ ਮੇਰੀ ਤ੍ਰਿਸਨਾ[9] ਬੁਝਿ[10] ਗਈ ਆਸੇ ॥

O saintly persons[7]; I have met my loved[8] Guru and my desire[9] is quenched[10].

ਹੇ ਸਾਧ ਸਰੂਪ ਪੁਰਸ਼ੋ[7]! ਮੈਂ ਆਪਣੇ ਪ੍ਰੀਤਵਾਨ[8] ਗੁਰਾਂ ਨੂੰ ਮਿਲ ਪਿਆ ਹਾਂ ਅਤੇ ਮੇਰੀ ਖ਼ਾਹਿਸ਼[9] ਪੂਰੀ ਹੋ ਗਈ[10] ਹੈ ।

ਹਉ ਮਨੁ ਤਨੁ ਦੇਵਾ[12] ਸਤਿਗੁਰੈ ਮੈ ਮੇਲੇ ਪ੍ਰਭ ਗੁਣ ਤਾਸੇ[13] ॥

I surrender[12] my soul and body unto the True Guru, that he may unite me with my Lord, the Treasure of excellences[13].

ਮੈਂ ਆਪਣੀ ਆਤਮਾ ਤੇ ਦੇਹ ਸੱਚੇ ਗੁਰਾਂ ਨੂੰ ਅਰਪਨ ਕਰਦਾ[12] ਹਾਂ, ਤਾਂ ਜੋ ਉਹ ਮੈਨੂੰ ਚੰਗਿਆਈਆਂ ਦੇ ਖ਼ਜ਼ਾਨੇ[13] ਸਾਹਿਬ ਨਾਲ ਮਿਲਾ ਦੇਣ ।

ਧਨੁ[14] ਧੰਨੁ ਗੁਰੂ ਵਡਪੁਰਖੁ[15] ਹੈ ਮੈ ਦਸੇ[16] ਹਰਿ ਸਾਬਾਸੇ[17] ॥

Blessed[14], blessed is Guru, the great man[15] who apprises[16] me of the praise worthy[17] Lord.

ਮੁਬਾਰਕ[14], ਮੁਬਾਰਕ ਹਨ, ਮਹਾਂ ਪੁਰਸ਼[15] ਗੁਰੂ ਜੀ, ਜੋ ਮੈਨੂੰ ਉਪਮਾਯੋਗ[17] ਪ੍ਰਭੂ ਬਾਰੇ ਦਰਸਾਉਂਦੇ[16] ਹਨ ।

ਵਡਭਾਗੀ[18] ਹਰਿ ਪਾਇਆ ਜਨ[19] ਨਾਨਕ ਨਾਮਿ

By great good fortune[18], slave[19] Nanak has attained to his God and

ਪਰਮ ਚੰਗੇ ਨਸੀਬਾਂ[18]ਦੁਆਰਾ ਗੋਲੇ[19] ਨਾਨਕ ਨੇ ਆਪਣੇ ਵਾਹਿਗੁਰੂ ਨੂੰ ਪਾ ਲਿਆ ਹੈ ਅਤੇ ਨਾਮ ਦੇ ਰਾਹੀਂ ਉਹ

ਵਿਗਾਸੇ[20] ॥੧॥	through the Name he has blossomed[20] forth.	ਪਰਫੁਲਤ ਹੋ ਗਿਆ[20] ਹੈ ।
ਗੁਰੁ ਸਜਣੁ[21] ਪਿਆਰਾ[22] ਮੈ ਮਿਲਿਆ ਹਰਿ ਮਾਰਗੁ[23] ਪੰਥੁ[24] ਦਸਾਹਾ[25] ॥	I have met the Guru, my beloved[22] friend[21], and he has shown[25] me the way[23] and path[24] to the Lord.	ਮੇਰੇ ਪ੍ਰੀਤਵਾਨ[22] ਮਿੱਤਰ[21] ਗੁਰੂ ਜੀ ਮੈਨੂੰ ਮਿਲ ਪਏ ਹਨ ਅਤੇ ਉਨ੍ਹਾਂ ਨੇ ਮੈਨੂੰ ਪ੍ਰਭੂ ਦਾ ਰਾਹ[23] ਅਤੇ ਰਸਤਾ[24] ਵਿਖਾਲ ਦਿੱਤਾ[25] ਹੈ ।
ਘਰਿ ਆਵਹੁ[26] ਚਿਰੀ[27] ਵਿਛੁੰਨਿਆ[28] ਮਿਲੁ[29] ਸਬਦਿ[30] ਗੁਰੂ ਪ੍ਰਭ ਨਾਹਾ[31] ॥	O my loved[31] Lord, return[26] Thou home. I am separated[28] from Thee since long[27]. Meet[29] Thou me through the Guru's word[30].	ਹੇ ਮੇਰੇ ਪਿਆਰੇ[31] ਪ੍ਰਭੂ ! ਤੂੰ ਘਰ ਨੂੰ ਮੋੜਾ ਪਾ[26] । ਮੈਂ ਤੇਰੇ ਨਾਲੋਂ ਦੇਰ ਤੋਂ[27] ਵਿਛੜੀ ਹੋਈ[28] ਹਾਂ । ਗੁਰਾਂ ਦੀ ਬਾਣੀ[30] ਰਾਹੀਂ ਤੂੰ ਮੈਨੂੰ ਆਪਣਾ ਦੀਦਾਰ[29] ਬਖ਼ਸ਼ ।
ਹਉ[32] ਤੁਝੁ ਬਾਝਹੁ ਖਰੀ[33] ਉਡੀਣੀਆ[34] ਜਿਉ[35] ਜਲ[36] ਬਿਨੁ ਮੀਨੁ[37] ਮਰਾਹਾ[38] ॥	Without Thee I[32] am very[33] sad[34] and die[38] like[35] the fish[37] without water[36].	ਤੇਰੇ ਬਾਝੋਂ ਮੈਂ[32] ਬਹੁਤ[33] ਹੀ ਉਦਾਸ[34] ਹਾਂ ਅਤੇ ਪਾਣੀ[36] ਦੇ ਬਗ਼ੈਰ ਮੱਛੀ[37] ਦੀ ਤਰ੍ਹਾਂ[35] ਮਰ[38] ਜਾਂਦੀ ਹਾਂ ।
ਵਡਭਾਗੀ[39] ਹਰਿ ਧਿਆਇਆ[40] ਜਨ[41] ਨਾਨਕ ਨਾਮਿ ਸਮਾਹਾ[42] ॥੨॥	O serf[41] Nanak, the very lucky ones[39] contemplate[40] the Lord and merge[42] in His Name.	ਹੇ ਨਫ਼ਰ[41] ਨਾਨਕ ! ਪਰਮ ਚੰਗੇ ਭਾਗਾਂ ਵਾਲੇ[39] ਸਾਂਈਂ ਦਾ ਸਿਮਰਨ[40] ਕਰ ਕੇ ਅਤੇ ਉਸ ਦੇ ਅੰਦਰ ਲੀਨ[42] ਹੁੰਦੇ ਹਨ ।
ਮਨੁ[42*] ਦਹ[43] ਦਿਸਿ[44] ਚਲਿ[45] ਚਲਿ[46] ਭਰਮਿਆ[47] ਮਨਮੁਖੁ[48] ਭਰਮਿ[49] ਭੁਲਾਇਆ[50] ॥	Circling[45] like a spinner[46], the mind[42*] of an egocentric[48] wanders[47] in ten[43] directions[44] and is gone astray[50] in scepticism[49].	ਭੰਬੀਰੀ[46] ਦੀ ਤਰ੍ਹਾਂ ਘੁੰਮਦਾ ਹੋਇਆ[45], ਆਪ-ਹੁਦਰੇ[48] ਦਾ ਮਨੂਆ[42*] ਦਸੀਂ[43] ਪਾਸੀਂ[44] ਭਟਕਦਾ[47] ਹੈ ਅਤੇ ਸੰਦੇਹਿ[49] ਅੰਦਰ ਭੁਲਿਆ ਹੋਇਆ[50] ਹੈ ।
ਨਿਤ[51] ਆਸਾ[52] ਮਨਿ ਚਿਤਵੈ[53] ਮਨ ਤ੍ਰਿਸਨਾ[54] ਭੁਖ[56] ਲਗਾਇਆ[55] ॥	In his mind, he ever[51] entertains[53] hopes[52] and his soul feels[55] thirst[54] and hunger[56].	ਆਪਣੇ ਚਿੱਤ ਅੰਦਰ ਉਹ ਸਦਾ[51] ਉਮੈਦਾਂ[52] ਧਾਰਦਾ[53] ਹੈ ਅਤੇ ਉਸ ਦੀ ਆਤਮਾ ਨੂੰ ਪਿਆਸ[54] ਤੇ ਭੁਖ[56] ਲੱਗੀ ਹੋਈ[55] ਹੈ ।
ਅਨਤਾ[57] ਧਨੁ[58] ਧਰਿ[59] ਦਬਿਆ[63] ਫਿਰਿ[60] ਬਿਖੁ[61] ਭਾਲਣ[62] ਗਇਆ ॥	Infinite[57] is the wealth[58], burried[63] in the mind ground[59] but even then[60], he goes out in search[62] of poison[61].	ਬੇਅੰਤ[57] ਦੌਲਤ[58] ਰਿਦੇ ਦੀ ਧਰਤੀ[59] ਵਿਚ ਦੱਬੀ ਹੋਈ[63] ਹੈ, ਪਰ ਫਿਰ ਭੀ[60] ਉਹ ਜ਼ਹਿਰ[61] ਲੱਭਣ[62] ਲਈ ਜਾਂਦਾ ਹੈ ।
ਜਨ[64] ਨਾਨਕ ਨਾਮੁ ਸਲਾਹਿ[65] ਤੂ ਬਿਨੁ ਨਾਵੈ ਪਚਿ ਪਚਿ[66] ਮੁਇਆ[67] ॥ ੩ ॥	Praise[65] thou the Name, O slave[64] Nanak. Without the Name, man putrefies and burns[66] to death[67].	ਤੂੰ ਨਾਮ ਦੀ ਸਿਫ਼ਤ[65] ਕਰ, ਹੇ ਗੋਲੇ[64] ਨਾਨਕ ! ਨਾਮ ਦੇ ਬਾਝੋਂ ਇਨਸਾਨ ਗਲ ਸੜ[66] ਕੇ ਮਰ ਜਾਂਦਾ[67] ਹੈ ।
ਗੁਰੁ ਸੁੰਦਰੁ[68] ਮੋਹਨੁ[69] ਪਾਇ[70] ਕਰੇ ਹਰਿ ਪ੍ਰੇਮ[71] ਬਾਣੀ[72] ਮਨੁ ਮਾਰਿਆ[73] ॥	Attaining[70] to the beauteous[68] and enamouring[69] Guru I have overwhelmed[73] my mind with the Lord's love-inspiring[71] Gurbani[72].	ਸੁਹਣੇ[68] ਅਤੇ ਮਨ-ਮੋਹਣੇ[69] ਗੁਰਾਂ ਨੂੰ ਪਰਾਪਤ[70] ਕਰਕੇ, ਮੈਂ ਪ੍ਰਭੂ ਦੇ ਪਿਆਰ ਨੂੰ ਰਮਾਉਣ ਵਾਲੀ[71] ਗੁਰਬਾਣੀ[72] ਦੇ ਨਾਲ ਆਪਣੇ ਮਨੂਏ ਨੂੰ ਵਸ ਵਿਚ ਕੀਤਾ[73] ਹੈ ।
ਮੇਰੈ ਹਿਰਦੈ[74] ਸੁਧਿ[75] ਬੁਧਿ[76] ਵਿਸਰਿ[77] ਗਈ ਮਨ[78]	My mind's[74] worldly sense[75] and wit[76] are lost[77] and my soul[78] has	ਮੇਰੇ ਮਨ[74] ਦੀ ਸੰਸਾਰੀ ਸੂਝ[75] ਅਤੇ ਸਿਆਣਪ[76] ਜਾਂਦੀ ਰਹੀ[77] ਹੈ ਅਤੇ ਮੇਰੀ ਆਤਮਾ[78] ਉਮੈਦਾਂ[79] ਅਤੇ

ਆਸਾ[79] ਚਿੰਤ[80] ਵਿਸਾਰਿਆ[81] ॥	forgotton[81] hopes[79] and anxieties[80].	ਅੰਦੇਸਿਆਂ[80] ਨੂੰ ਭੁਲ[81] ਗਈ ਹੈ ।
ਮੈ ਅੰਤਰਿ[82] ਵੇਦਨ[83] ਪ੍ਰੇਮ[84] ਕੀ ਗੁਰ ਦੇਖਤ ਮਨੁ ਸਾਧਾਰਿਆ[85] ॥	Within my mind[82] is the pain[83] of Divine love[84] and seeing the Guru, my soul has secured support[85].	ਮੇਰੇ ਰਿਦੇ[82] ਅੰਦਰ ਰੱਬੀ ਪ੍ਰੀਤ[84] ਦੀ ਪੀੜ[83] ਹੈ ਅਤੇ ਗੁਰਾਂ ਨੂੰ ਵੇਖ ਕੇ ਮੇਰੀ ਜਿੰਦੜੀ ਦਾ ਆਸਰਾ[85] ਬੱਝ ਗਿਆ ਹੈ ।
ਵਡਭਾਗੀ[86] ਪ੍ਰਭ ਆਇ ਮਿਲੁ ਜਨੁ[87] ਨਾਨਕ ਖਿਨੁ ਖਿਨੁ[88] ਵਾਰਿਆ[89] ॥੪॥੧॥੫॥	By great good destiny[86] come Thou, O Lord and meet me. Every moment[88] slave[87] Nanak is a sacrifice[89] unto Thee.	ਪਰਮ ਚੰਗੀ ਪ੍ਰਾਲਬਧ[86] ਦੁਆਰਾ ਤੂੰ ਹੇ ਸੁਆਮੀ ! ਆ ਕੇ ਮੈਨੂੰ ਮਿਲ । ਹਰ ਮੁਹਤ[88] ਗੋਲਾ[87] ਨਾਨਕ ਤੇਰੇ ਉਤੋਂ ਕੁਰਬਾਨ[89] ਜਾਂਦਾ ਹੈ ।
ਸੂਹੀ ਛੰਤ ਮਹਲਾ ੪ ॥	Suhi Chhant 4th Guru.	ਸੂਹੀ ਛੰਤ ਚੌਥੀ ਪਾਤਿਸ਼ਾਹੀ ।
ਮਾਰੇ ਹਿਸੁ[90] ਵੇ[91] ਜਨ[92] ਹਉਮੈ[93] ਬਿਖਿਆ[94] ਜਿਨਿ ਹਰਿ ਪ੍ਰਭੁ ਮਿਲਣ ਨ ਦਿਤੀਆ ॥	Destroy[90] thou, O[91] man[92], the poison[94] of self-conceit[93] which makes thee meet not thy God Lord.	ਨਾਸ ਕਰ[90] ਦੇ ਤੂੰ ਹੇ[91] ਬੰਦੇ[92] ! ਸਵੈ-ਹੰਗਤਾ[93] ਦੀ ਜ਼ਹਿਰ[94] ਨੂੰ, ਜੋ ਤੈਨੂੰ ਵਾਹਿਗੁਰੂ ਸੁਆਮੀ ਨਾਲ ਮਿਲਣ ਨਹੀਂ ਦਿੰਦੀ ।
ਦੇਹ[95] ਕੰਚਨ[96] ਵੇ[97] ਵੰਨੀਆ[98] ਇਨਿ[2] ਹਉਮੈ ਮਾਰਿ[99] ਵਿਗੁਤੀਆ[100] ॥	Ah[97], this[2] gold[96] coloured[98] body[95], the pride has ruined[99] and disfigured[100].	ਆਹ[97]; ਇਸ[2] ਸੋਨੇ[96] ਰੰਗੇ[98] ਸਰੀਰ[95] ਦਾ ਹੰਕਾਰ ਨੇ ਸਤਿਆਨਾਸ[99] ਕਰ ਕੇ ਕਰੂਪ[100] ਕਰ ਦਿੱਤਾ ਹੈ ।
ਮੋਹੁ[3] ਮਾਇਆ[4] ਵੇ[5] ਸਭ ਕਾਲਖਾ[6] ਇਨਿ ਮਨਮੁਖਿ[7] ਮੂੜਿ[8] ਸਜੁਤੀਆ[9] ॥	Alas[5], the love[3] of worldly valuables[4] is all blackness[6]. This foolish[8] apostate[7] is attached[9] to it.	ਸ਼ੋਕ[5], ਸੰਸਾਰੀ ਪਦਾਰਥਾਂ[4] ਦੀ ਲਗਨ[3] ਸਮੂਹ ਕਾਲਖ[6] ਹੈ। ਇਹ ਮੂਰਖ[8] ਅਧਰਮੀ[7] ਇਸ ਨਾਲ ਜੁੜਿਆ[9] ਹੋਇਆ ਹੈ।
ਜਨ[10] ਨਾਨਕ ਗੁਰਮੁਖਿ[12] ਉਬਰੇ[13] ਗੁਰ ਸਬਦੀ[14] ਹਉਮੈ[15] ਛੁਟੀਆ[16] ॥੧॥	O serf[10] Nanak, the mortal is emancipated[13] through the Guru[12] and through the Guru's instruction[14] is he released[16] from ego[15].	ਹੇ ਨਫਰ[10] ਨਾਨਕ ! ਗੁਰਾਂ ਦੇ ਰਾਹੀਂ[12] ਪ੍ਰਾਨੀ ਦਾ ਪਾਰ ਉਤਾਰਾ[13] ਹੋ ਜਾਂਦਾ ਹੈ ਤੇ ਗੁਰਾਂ ਦੇ ਉਪਦੇਸ਼[14] ਰਾਹੀਂ ਹੀ ਉਹ ਹੰਗਤਾ[15] ਤੋਂ ਖਲਾਸੀ[16] ਪਾਉਂਦਾ ਹੈ ।
ਵਸਿ ਆਣਿਹੁ[17] ਵੇ ਜਨ ਇਸੁ ਮਨ ਕਉ ਮਨੁ ਬਾਸੇ[18] ਜਿਉ[19] ਨਿਤ[20] ਭਉਦਿਆ[21] ॥	Overwhelm[17] thou, O man, this mind of thine. Thy mind ever[20] wanders[21] like[19] the falcon[18].	ਕਾਬੂ ਕਰ[17], ਹੇ ਬੰਦੇ ! ਤੂੰ ਆਪਣੇ ਇਸ ਮਨੂਏ ਨੂੰ। ਤੇਰਾ ਮਨੂਆ ਹਮੇਸ਼ਾ[20] ਹੀ ਸ਼ਿਕਰੇ[18] ਦੀ ਮਾਨਿੰਦ[19] ਭਟਕਦਾ[21] ਫਿਰਦਾ ਹੈ ।
ਦੁਖਿ[25] ਰੈਣਿ[21]* ਵੇ ਵਿਹਾਣੀਆ[22] ਨਿਤ[23] ਆਸਾ ਆਸ[24] ਕਰੇਦਿਆ ॥	Alas, ever[23] hoping and desiring[24] the life night[21]* of the mortal passes away[22] in anguish[25].	ਅਫਸੋਸ ! ਸਦਾ[23] ਹੀ ਉਮੀਦ ਤੇ ਅਭਿਲਾਸ਼ਾ[24] ਕਰਦਿਆਂ ਪ੍ਰਾਨੀ ਦੀ ਜੀਵਨ ਰਾਤ੍ਰੀ[21]* ਦੁਖ-ਦਰਦ[25] ਅੰਦਰ ਹੀ ਬੀਤ ਜਾਂਦੀ[22] ਹੈ ।
ਗੁਰੁ ਪਾਇਆ ਵੇ ਸੰਤ ਜਨੋ[26] ਮਨਿ ਆਸ[27] ਪੂਰੀ[28] ਹਰਿ ਚਉਦਿਆ[29] ॥	O holymen[26], I have found my Guru and my desire[27] is fulfilled[28], uttering[29] the Lord's Name.	ਹੇ ਨੇਕ ਬੰਦਿਓ[26] ! ਮੈਨੂੰ ਆਪਣਾ ਗੁਰੂ ਮਿਲ ਪਿਆ ਹੈ ਅਤੇ ਸਾਈਂ ਦੇ ਨਾਮ ਦਾ ਉਚਾਰਨ[29] ਕਰਨ ਦੁਆਰਾ ਮੇਰੀ ਖਾਹਿਸ਼[27] ਪੂਰੀ ਹੋ ਗਈ[28] ਹੈ ।
ਜਨ[30] ਨਾਨਕ ਪ੍ਰਭ ਦੇਹੁ[31]	O Lord, bless[31] slave[30] Nanak with	ਹੇ ਸਾਹਿਬ ! ਗੋਲੇ[30] ਨਾਨਕ ਨੂੰ ਇਹ ਸਮਝ[32] ਪਰਦਾਨ[31]

ਮਤੀ[32] ਛਡਿ[33] ਆਸਾ[34] ਨਿਤ[35] ਸੁਖਿ[36] ਸਉਦਿਆ[37] ॥੨॥

this understanding[32], that abandoning[33] hopes[34] he may ever[35] sleep[37] in peace[36].

ਕਰ ਕਿ ਉਮੀਦਾਂ[34] ਲਾਹ ਕੇ[33] ਉਹ ਹਮੇਸ਼ਾ[35] ਹੀ ਆਰਾਮ[36] ਅੰਦਰ ਸਵੇਂ[37] ।

ਸਾਧਨ[38] ਆਸਾ[39] ਚਿਤਿ ਕਰੇ[40] ਰਾਮ[41] ਰਾਜਿਆ[42] ਹਰਿ ਪ੍ਰਭ[43] ਸੇਜੜੀਐ[44] ਆਈ ॥

O Sovereign[42] Lord[41], the bride[38] hopes[39] and desires[40], that her Lord Master[43] may come to her couch[44].

ਹੇ ਪਾਤਿਸ਼ਾਹ[42] ਪਰਮੇਸ਼ਰ[41], ਪਤਨੀ[38] ਖ਼ਾਹਿਸ਼[39] ਅਤੇ ਅਭਿਲਾਸ਼ਾ[40] ਕਰਦੀ ਹੈ ਕਿ ਉਸ ਦਾ ਸੁਆਮੀ ਮਾਲਕ[43] ਉਸ ਦੀ ਸੇਜ[44] ਤੇ ਆਵੇ ।

ਮੇਰਾ ਠਾਕੁਰੁ[45] ਅਗਮ[46] ਦਇਆਲੁ[47] ਹੈ ਰਾਮ ਰਾਜਿਆ ਕਰਿ ਕਿਰਪਾ[48] ਲੇਹੁ ਮਿਲਾਈ[49] ॥

O Sovereign Lord, my Master[45] is infinitely[46] compassionate[47]. He has mercifully[48] united[49] me with Himself.

ਹੇ ਪਾਤਿਸ਼ਾਹ ਪਰਮੇਸ਼ਰ ! ਮੇਰਾ ਮਾਲਕ[45] ਅਨੰਤ[46] ਮਿਹਰਬਾਨ[47] ਹੈ । ਦਇਆ ਧਾਰ ਕੇ[48] ਉਸ ਨੇ ਮੈਨੂੰ ਆਪਣੇ ਨਾਲ ਮਿਲਾ ਲਿਆ[49] ਹੈ ।

ਮੇਰੈ ਮਨਿ[50] ਤਨਿ[51] ਲੋਚਾ[52] ਗੁਰਮੁਖੇ[53] ਰਾਮ ਰਾਜਿਆ[54] ਹਰਿ ਸਰਧਾ[55] ਸੇਜ[56] ਵਿਛਾਈ[57] ॥

Within my mind[50] and body[51] is the aspiration[52] to see the Guru's face[53] and so I have spread[57] the bedding[56] of lovable faith[55], O my Sovereign Lord God[54].

ਮੇਰੇ ਦਿਲ[50] ਤੇ ਦੇਹ[51] ਅੰਦਰ ਗੁਰਾਂ ਦਾ ਮੁਖਾਰਬਿੰਦ[53] ਵੇਖਣ ਦੀ ਅਭਿਲਾਸ਼ਾ[52] ਹੈ ਤੇ ਇਸ ਲਈ ਮੈਂ ਪਿਆਰ ਭਰੇ ਭਰੋਸੇ[55] ਦਾ ਬਿਸਤਰਾ[56] ਵਿਛਾਇਆ[57] ਹੈ, ਹੇ ਮੇਰੇ ਪਾਤਿਸ਼ਾਹ, ਪਰਮੇਸ਼ਰ[54], ਵਾਹਿਗੁਰੂ !

ਜਨ[58] ਨਾਨਕ ਹਰਿ ਪ੍ਰਭ[59] ਭਾਣੀਆ[60] ਰਾਮ[61] ਰਾਜਿਆ[62] ਮਿਲਿਆ[63] ਸਹਜਿ ਸੁਭਾਈ[64] ॥੩॥

When, O slave[58] Nanak, the bride becomes pleasing[60] to her Lord Master[59], the Sovereign[62] Lord[61], He does naturally[64] come to meet[63] her.

ਜਦ, ਹੇ ਗੋਲੇ[58] ਨਾਨਕ ! ਪਤਨੀ ਆਪਣੇ ਸੁਆਮੀ ਮਾਲਕ[59] ਪਾਤਿਸ਼ਾਹ[62] ਪਰਮੇਸ਼ਰ[61] ਨੂੰ ਚੰਗੀ[60] ਲੱਗਣ ਲੱਗ ਜਾਂਦੀ ਹੈ, ਉਹ ਸੁਭਾਵਕ[64] ਹੀ ਉਸ ਨੂੰ ਆ ਕੇ ਮਿਲ ਪੈਂਦਾ[63] ਹੈ ।

ਇਕਤੁ[65] ਸੇਜੈ[66] ਹਰਿ ਪ੍ਰਭੋ ਰਾਮ ਰਾਜਿਆ ਗੁਰੁ ਦਸੇ[67] ਹਰਿ[68] ਮੇਲੇਈ[69] ॥

On the same one[65] bed[66] is my Lord Master, the Sovereign Lord. Instructed[67] by the Guru, I would meet[69] with my God[68].

ਉਸ ਇਕੋ[65] ਹੀ ਸੇਜ[66] ਉਤੇ ਮੇਰਾ ਸੁਆਮੀ ਮਾਲਕ ਪਾਤਿਸ਼ਾਹ ਪਰਮੇਸ਼ਰ ਹੈ । ਗੁਰਾਂ ਦੀ ਦਰਸਾਈ[67] ਹੋਈ ਮੈਂ ਆਪਣੇ ਵਾਹਿਗੁਰੂ[68] ਨਾਲ ਮਿਲ ਪਵਾਂਗੀ[69] ।

ਮੈ ਮਨਿ[70] ਤਨਿ[71] ਪ੍ਰੇਮੁ[72] ਬੈਰਾਗੁ[73] ਹੈ ਰਾਮ ਰਾਜਿਆ[74] ਗੁਰ ਮੇਲੇ[75] ਕਿਰਪਾ[76] ਕਰੇਈ[77] ॥

Within my soul[70] and body[71] is the love[72] and affection[73] of the Sovereign Lord[74]. Taking[77] pity[76] on me the Guru has united[75] me with Him.

ਮੇਰੀ ਆਤਮਾ[70] ਅਤੇ ਦੇਹ[71] ਅੰਦਰ ਪਾਤਿਸ਼ਾਹ ਪਰਮੇਸ਼ਰ[74] ਦੀ ਪ੍ਰੀਤ[72] ਤੇ ਪਿਰਹੜੀ[73] ਹੈ । ਮੇਰੇ ਤੇ ਤਰਸ[76] ਖਾ ਕੇ[77] ਗੁਰਾਂ ਨੇ ਮੈਨੂੰ ਉਸ ਨਾਲ ਮਿਲਾ ਦਿੱਤਾ[75] ਹੈ ।

੭੭੭ 777 ੭੭੭

ਹਉ[78] ਗੁਰ ਵਿਟਹੁ[79] ਘੋਲਿ ਘੁਮਾਇਆ[80] ਰਾਮ ਰਾਜਿਆ ਜੀਉ[81] ਸਤਿਗੁਰ ਆਗੈ[82] ਦੇਈ[83] ॥

I[78] am a sacrifice[80] unto[79] my Guru, O Sovereign Lord. My soul[81], I surrender[83] to[82] the True Guru.

ਮੈਂ[78] ਬਲਿਹਾਰ[80] ਜਾਂਦਾ ਹਾਂ ਆਪਣੇ ਗੁਰਦੇਵ ਜੀ ਉਤੋਂ[79] ਹੇ ਪਾਤਿਸ਼ਾਹ ਪਰਮੇਸ਼ਰ ! ਆਪਣੀ ਜਿੰਦੜੀ[81] ਮੈਂ ਸੱਚੇ ਗੁਰਾਂ ਮੂਹਰੇ[82] ਸਮਰਪਨ[83] ਕਰਦਾ ਹਾਂ ।

ਗੁਰੁ ਤੁਠਾ[84] ਜੀਉ[85] ਰਾਮ ਰਾਜਿਆ ਜਨ[86] ਨਾਨਕ

O serf[86] Nanak, when the Guru is mightily pleased[84], he unites[87] the

ਹੇ ਨਫ਼ਰ[86] ਨਾਨਕ ! ਜਦ ਗੁਰੂ ਜੀ ਪਰਮ ਪਰਸੰਨ[84] ਹੋ ਜਾਂਦੇ ਹਨ, ਤਾਂ ਉਹ ਪ੍ਰਾਨੀ[85] ਨੂੰ ਪਾਤਿਸ਼ਾਹ

ਹਰਿ ਮੇਲੇਈ[87]॥੪॥੨॥੬॥ ੧੮ ॥	mortal[85] with the Sovereign Lord God.	ਪਰਮੇਸ਼ਰ ਵਾਹਿਗੁਰੂ ਨਾਲ ਮਿਲਾ ਦਿੰਦੇ[87] ਹਨ।
ਰਾਗੁ ਸੂਹੀ ਛੰਤ ਮਹਲਾ ੫ ਘਰੁ ੧	Rag Suhi Chhant 5th Guru	ਰਾਗੁ ਸੂਹੀ ਛੰਤ ਪੰਜਵੀਂ ਪਾਤਿਸ਼ਾਹੀ
ਕਰਿ ਕਿਰਪਾ[54] ਨਾਮੁ ਦੇਵਸੀ[55] ਫਿਰਿ[56] ਲੇਖਿ ਨ ਲਿਖਿਆ ॥	In His Mercy[54], the Lord blesses[55] man with His Name and then[56] no writ of weal and woe is written.	ਆਪਣੀ ਰਹਿਮਤ[54] ਦੁਆਰਾ ਸੁਆਮੀ ਆਪਣਾ ਨਾਮ ਬਖ਼ਸ਼ਦਾ[55] ਹੈ, ਅਤੇ ਤਦ[56] ਖ਼ੁਸ਼ੀ ਤੇ ਗ਼ਮੀ ਦੀ ਕੋਈ ਲਿਖਤ ਲਿਖੀ ਨਹੀਂ ਜਾਂਦੀ ।
ਸੇਵਕ[57] ਭਾਇ[58]ਸੇ [59]ਜਨ[60] ਮਿਲੇ ਹਰਿ ਜਪੁ[61]ਜਪਿਆ[62] ॥੬॥	They who embrace[62] God's meditation[61]; those[59], slaves[60] meet Him through the slave's[57] sentiment[58].	ਜੋ ਵਾਹਿਗੁਰੂ ਦਾ ਸਿਮਰਨ[61] ਧਾਰਨ ਕਰਦੇ[62]ਹਨ,ਉਹ[59] ਗੋਲੇ[60], ਗੋਲੇ ਦੀ[57] ਭਾਵਨਾ[58] ਰਾਹੀਂ ਉਸ ਨੂੰ ਮਿਲ ਪੈਂਦੇ ਹਨ ।
ਸਲੋਕੁ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ ।
ਜਿਨੀ ਚਲਣੁ[63] ਜਾਣਿਆ[64] ਸੇ ਕਿਉ ਕਰਹਿ ਵਿਥਾਰ[65]॥	Why do those, who realise[64] that they must depart[63] make ostentations[65] ?	ਜੋ ਅਨੁਭਵ[64] ਕਰ ਲੈਂਦੇ ਹਨ, ਕਿ ਉਨ੍ਹਾਂ ਟੁਰ ਜਾਣਾ[63] ਹੈ ਉਹ ਕਿਉਂ ਅਡੰਬਰ[65] ਰਚਦੇ ਹਨ ?
ਚਲਣ ਸਾਰ[66] ਨ ਜਾਣਨੀ ਕਾਜ[67]ਸਵਾਰਣਹਾਰ[68]॥੧॥	They who have no idea[66] of departure, continue to arrange[68] their worldly affairs[67].	ਜਿਨ੍ਹਾਂ ਨੂੰ ਟੁਰ ਜਾਣ ਦਾ ਕੋਈ ਖ਼ਿਆਲ[66] ਨਹੀਂ, ਉਹ ਆਪਣੇ ਸੰਸਾਰੀ ਵਿਹਾਰ[67] ਨੂੰ ਰਾਸ[68] ਕਰਨ ਵਿਚ ਲੱਗੇ ਰਹਿੰਦੇ ਹਨ ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਰਾਤਿ[73] ਕਾਰਣਿ[69] ਧਨੁ[70]	Man amasses[71] wealth[70] for[69] a	ਇਕ ਰਾਤਰੀ[73] ਲਈ[69] ਇਨਸਾਨ ਦੌਲਤ[70] ਇਕੱਤਰ

ਸੰਚੀਐ[71] ਭਲਕੇ[72]ਚਲਣੁ[74] ਹੋਇ ॥	night[73] and in the morning[72] he must depart[74].	ਕਰਦਾ[71] ਹੈ, ਅਤੇ ਸਵੇਰ ਸਾਰ[72] ਹੀ ਉਸ ਨੂੰ ਟੁਰਨਾ[74] ਪੈਂਦਾ ਹੈ।
ਨਾਨਕ ਨਾਲਿ ਨ ਚਲਈ ਫਿਰਿ[75] ਪਛੁਤਾਵਾ[76] ਹੋਇ॥	Nanak, wealth goes not with him and then[75] does he regret[76].	ਨਾਨਕ, ਦੌਲਤ ਉਸ ਦੇ ਨਾਲ ਨਹੀਂ ਜਾਂਦੀ ਅਤੇ ਤਦ[75] ਉਹ ਪਸਚਾਤਾਪ ਕਰਦਾ[76] ਹੈ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਬਧਾ[77] ਚਟੀ[78] ਜੋ ਭਰੇ[79] ਨਾ ਗੁਣੁ[80] ਨਾ ਉਪਕਾਰੁ[81] ॥	In the fine[78], the prisoner[77] pays[79] there is neither merit[80] nor any goodness[81].	ਜੋ ਜੁਰਮਾਨਾ[78] ਕੈਦੀ[77] ਤਾਰਦਾ[79] ਹੈ, ਉਸ ਵਿਚ ਨਾ ਕੋਈ ਨੇਕੀ[80] ਹੈ, ਤੇ ਨਾ ਹੀ ਕੋਈ ਭਲਿਆਈ[81]।
ਸੇਤੀ[82] ਖੁਸੀ[83] ਸਵਾਰੀਐ[84] ਨਾਨਕ ਕਾਰਜੁ[85] ਸਾਰੁ[86] ॥੩॥	Nanak, the act[85], which the mortal performs[84] with[82] his sweet will[83], is the best[86].	ਨਾਨਕ, ਜਿਹੜਾ ਕੰਮ[85] ਪ੍ਰਾਣੀ ਆਪਣੀ ਖੁਸ਼ੀ[83] ਨਾਲ[82] ਕਰਦਾ[84] ਹੈ, ਉਹ ਹੀ ਸਰੇਸ਼ਟ[86] ਹੈ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਮਨ[87] ਹਠਿ[88] ਤਰਫ[89] ਨ ਜਿਪਈ[90] ਜੇ ਬਹੁਤਾ[91] ਘਾਲੇ[92] ॥	Man's[87] obstinacy[88], however much[91] he may practise[92], can win[90] not the Lord to his side[89].	ਬੰਦੇ ਦੀ[87] ਜ਼ਿੱਦ[88], ਜਿੰਨੀ ਜ਼ਿਆਦਾ[91] ਉਹ ਪਿਆ ਕਰੇ[92], ਪ੍ਰਭੂ ਨੂੰ ਉਸ ਦੇ ਪੱਖ[89] ਵਿਚ ਨਹੀਂ ਜਿੱਤ[90] ਸਕਦੀ।
ਤਰਫ[99] ਜਿਣੈ[100] ਸਤ[93] ਭਾਉ[94] ਦੇ[95] ਜਨ[96] ਨਾਨਕ ਸਬਦੁ[97] ਵੀਚਾਰੇ[98] ॥੪॥	O serf[96] Nanak, he who offers[95] the Lord true[93] love[94], and meditates[98] on the Name[97] wins[100] Him to his side[99].	ਹੇ ਨਫ਼ਰ[96] ਨਾਨਕ! ਜੋ ਸਾਈਂ ਨੂੰ ਸੱਚੀ[93] ਪ੍ਰੀਤ[94] ਭੇਟਾ[95] ਕਰਦਾ ਹੈ ਅਤੇ ਨਾਮ[97] ਨੂੰ ਸਿਮਰਦਾ[98] ਹੈ, ਉਹ ਉਸ ਨੂੰ ਆਪਣੇ ਪੱਖ[99] ਵਿਚ ਜਿੱਤ ਲੈਂਦਾ[100] ਹੈ।
ਪਉੜੀ ॥	Pauri.	ਪਉੜੀ।
ਕਰਤੈ[2] ਕਾਰਣੁ[3] ਜਿਨਿ ਕੀਆ ਸੋ[4] ਜਾਣੈ[5] ਸੋਈ[6] ॥	The Creator[2], who created the world[3], He[4] alone understands[5] that[6].	ਸਿਰਜਣਹਾਰ[2] ਜਿਸ ਨੇ ਸ੍ਰਿਸ਼ਟੀ[3] ਸਾਜੀ ਹੈ, ਕੇਵਲ ਉਹ[4] ਹੀ ਉਸ[6] ਨੂੰ ਜਾਣਦਾ[5] ਹੈ।
੭੮੮	788	੭੮੮
ਆਪੇ[7] ਸ੍ਰਿਸਟਿ[8] ਉਪਾਇਦਨੁ[9] ਆਪੇ ਫੁਨਿ[10] ਗੋਈ[12] ॥	He Himself[7] created[9] the universe[8] and Himself shall destroy[12] it afterwards[10].	ਉਸ ਨੇ ਖ਼ੁਦ[7] ਹੀ ਆਲਮ[8] ਸਾਜਿਆ[9] ਹੈ ਅਤੇ ਖ਼ੁਦ ਹੀ ਮਗਰੋਂ[10] ਇਸ ਨੂੰ ਨਾਸ[12] ਕਰ ਦੇਵੇਗਾ।
ਜੁਗ ਚਾਰੇ ਸਭ[13] ਭਵਿ[14] ਥਕੀ[15] ਕਿਨਿ ਕੀਮਤਿ[16] ਹੋਈ ॥	The whole[13] world has grown weary[15] of wandering[14] through the four ages, but none knows the Lord's worth[16].	ਸਾਰੀ[13] ਦੁਨੀਆਂ ਚੌਹਾਂ ਹੀ ਯੁੱਗਾਂ ਅੰਦਰ ਫਿਰਦੀ[14] ਹਾਰ ਹੁਟ ਗਈ[15] ਹੈ ਪ੍ਰੰਤੂ ਕੋਈ ਭੀ ਉਸ ਦੇ ਮੁੱਲ[16] ਨੂੰ ਨਹੀਂ ਜਾਣਦਾ।
ਸਤਿਗੁਰਿ ਏਕੁ ਵਿਖਾਲਿਆ[17] ਮਨਿ[18] ਤਨਿ[19] ਸੁਖੁ[20] ਹੋਈ ॥	The True Guru has shown[17] me the One Lord and my soul[18] and body[19] are comforted[20].	ਸੱਚੇ ਗੁਰਾਂ ਨੇ ਮੈਨੂੰ ਇਕ ਸੁਆਮੀ ਵਿਖਾਲ ਦਿੱਤਾ[17] ਹੈ ਅਤੇ ਮੇਰੀ ਆਤਮਾ[18] ਤੇ ਦੇਹ[19] ਸੁਖੀ ਹੋ ਗਏ[20] ਹਨ।
ਗੁਰਮੁਖਿ[21] ਸਦਾ[22]	By Guru's grace[21], ever[22] praise[23]	ਗੁਰਾਂ ਦੀ ਦਇਆ[21] ਦੁਆਰਾ, ਤੂੰ ਹਮੇਸ਼ਾ[22] ਸੁਆਮੀ ਦੀ

ਸਲਾਹੀਐ[23] ਕਰਤਾ[24] ਕਰੇ ਸੁ[25] ਹੋਈ ॥੭॥

thou the Lord. That[25] alone happens, what the Creator[24] does.

ਸਿਫ਼ਤ[23] ਕਰ । ਕੇਵਲ ਉਹ[25] ਹੀ ਹੁੰਦਾ ਹੈ, ਜੋ ਕਰਤਾਰ[24] ਕਰਦਾ ਹੈ ।

ਸਲੋਕ ਮਹਲਾ ੨ ॥

Slok 2nd Guru.

ਸਲੋਕ ਦੂਜੀ ਪਾਤਿਸ਼ਾਹੀ ।

ਜਿਨਾ ਭਉ[26] ਤਿਨ ਨਾਹਿ ਭਉ ਮੁਚੁ[27] ਭਉ ਨਿਭਵਿਆਹ[28] ॥
ਨਾਨਕ ਏਹੁ ਪਟੰਤਰਾ[28*] ਤਿਤੁ[29] ਦੀਬਾਣਿ[30] ਗਇਆਹ[31] ॥੧॥

They who fear[26] the Lord, have no other fear. They who fear not[28] the Lord have much[27] fear.
Nanak this mystery[28*] is reveald when man is ushered[31] into that[29] Lord's court[30].

ਜੋ ਸਾਂਈਂ ਤੋਂ ਡਰਦੇ[26] ਹਨ ਉਨ੍ਹਾਂ ਨੂੰ ਹੋਰ ਕੋਈ ਡਰ ਨਹੀਂ । ਜੋ ਸੁਆਮੀ ਤੋਂ ਨਹੀਂ ਡਰਦੇ[28] ਉਨ੍ਹਾਂ ਨੂੰ ਬਹੁਤ[27] ਡਰ ਵਾਪਰਦਾ ਹੈ ।
ਨਾਨਕ ਇਸ ਭੇਤ[28*] ਦਾ ਉਸ[29] ਪ੍ਰਭੂ ਦੇ ਦਰਬਾਰ[30] ਪੁੱਜਿਆਂ[31] ਪਤਾ ਲੱਗਦਾ ਹੈ ।

ਮਹਲਾ ੨ ॥

2nd Guru.

ਦੂਜੀ ਪਾਤਿਸ਼ਾਹੀ ।

ਤੁਰਦੇ[32] ਕਉ ਤੁਰਦਾ ਮਿਲੈ[33] ਉਡਤੇ[34] ਕਉ ਉਡਤਾ ॥
ਜੀਵਤੇ[35] ਕਉ ਜੀਵਤਾ ਮਿਲੈ ਮੂਏ ਕਉ ਮੂਆ ॥
ਨਾਨਕ ਸੋ[36] ਸਾਲਾਹੀਐ[37] ਜਿਨਿ ਕਾਰਣੁ[38] ਕੀਆ[39] ॥੨॥

The walking ones[32] associate[33] with the walking and the flying[34] ones with the flying.
The living[35] ones associate with the living, and the dead with the dead.
Nanak, do thou praise[37] Him[36] who has established[39] the creation[38].

ਟੁਰਨ ਫਿਰਨ ਵਾਲੇ[32], ਟੁਰਨ ਫਿਰਨ ਵਾਲਿਆਂ ਨਾਲ ਮੇਲ-ਜੋਲ[33] ਕਰਦੇ ਹਨ ਅਤੇ ਉੱਡਣ ਵਾਲੇ[34] ਉੱਡਣ ਵਾਲਿਆਂ ਨਾਲ ।
ਜੀਉਂਦੇ[35] ਜੀਉਂਦਿਆਂ ਨਾਲ ਮੇਲ-ਮਿਲਾਪ ਕਰਦੇ ਹਨ ਅਤੇ ਮਰੇ ਹੋਏ ਮਰਿਆਂ ਹੋਇਆਂ ਨਾਲ ।
ਨਾਨਕ, ਤੂੰ ਉਸ[36] ਦੀ ਸਿਫ਼ਤ ਸ਼ਲਾਘਾ[37] ਕਰ, ਜਿਸ ਨੇ ਰਚਨਾ[38] ਰਚੀ[39] ਹੈ ।

ਪਉੜੀ ॥

Pauri.

ਪਉੜੀ ।

ਸਚੁ[40] ਧਿਆਇਨਿ[41] ਸੇ[42] ਸਚੇ ਗੁਰ ਸਬਦਿ[43] ਵੀਚਾਰੀ[44] ॥
ਹਉਮੈ[45] ਮਾਰਿ[46] ਮਨੁ[47] ਨਿਰਮਲਾ[48] ਹਰਿ ਨਾਮੁ[49] ਉਰਿਧਾਰੀ[50] ॥
ਕੋਠੇ[51] ਮੰਡਪ[52] ਮਾੜੀਆ[53] ਲਗਿ[54] ਪਏ ਗਾਵਾਰੀ[55] ॥
ਜਿਨਿ ਕੀਏ ਤਿਸਹਿ[56] ਨ ਜਾਣਨੀ ਮਨਮੁਖਿ[57] ਗੁਬਾਰੀ[58] ॥
ਜਿਸੁ ਬੁਝਾਇਹਿ[59] ਸੋ[60] ਬੁਝਸੀ[61] ਸਚਿਆ[62] ਕਿਆ[63] ਜੰਤ[64] ਵਿਚਾਰੀ[65] ॥੮॥

They[42], who contemplate[41] the True Lord[40] and reflect over[44] the Guru's hymns[43], are true.
They still[46] their ego[45], purify[48] their soul[47] and clasp[50] the Lord's Name to their heart[49].
The fools[55] are attached[54] to their homes[51], mansions[52] and balconies[53].
The apostates[57] are enveloped by darkness[58] and know not Him[56] who created them.
He[60] alone understands[61] Thee, O True Lord[62], whom Thou instructest[59]. What[63] can an helpless[65] mortal[64] do ?

ਜੋ[42] ਸੱਚੇ ਸਾਂਈਂ[40] ਦਾ ਸਿਮਰਨ[41] ਅਤੇ ਗੁਰਾਂ ਦੀ ਬਾਣੀ[43] ਦੀ ਵੀਚਾਰ ਕਰਦੇ[44] ਹਨ, ਉਹ[42] ਸੱਚੇ ਹਨ ।
ਉਹ ਆਪਣੀ ਹੰਗਤਾ[45] ਨੂੰ ਨਾਸ[46] ਤੇ ਆਤਮਾ[47] ਨੂੰ ਪਵਿੱਤਰ ਕਰਦੇ[48] ਹਨ ਅਤੇ ਸੁਆਮੀ ਦੇ ਨਾਮ ਨੂੰ ਆਪਣੇ ਦਿਲ[49] ਨਾਲ ਲਾਉਂਦੇ[50] ਹਨ ।
ਮੂਰਖ[55] ਆਪਣੇ ਘਰਾਂ[51], ਮੰਦਰਾਂ[52] ਅਤੇ ਅਟਾਰੀਆਂ[53] ਨਾਲ ਜੁੜੇ[54] ਹੋਏ ਹਨ ।
ਅਧਰਮੀਆਂ[57] ਨੂੰ ਅਨ੍ਹੇਰੇ[58] ਨੇ ਘੇਰਿਆ ਹੋਇਆ ਹੈ ਉਹ ਉਸ[56] ਨੂੰ ਨਹੀਂ ਜਾਣਦੇ, ਜਿਸ ਨੇ ਉਨ੍ਹਾਂ ਨੂੰ ਸਾਜਿਆ ਹੈ ।
ਕੇਵਲ ਉਹ[60] ਹੀ ਤੈਨੂੰ ਸਮਝਦਾ[61] ਹੈ, ਹੇ ਸੱਚੇ ਸੁਆਮੀ[62]! ਜਿਸ ਨੂੰ ਤੂੰ ਦਰਸਾਉਂਦਾ[59] ਹੈਂ । ਨਿਹੱਥਲ[65] ਜੀਵ[64] ਕੀ[63] ਕਰ ਸਕਦਾ ਹੈ ?

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਕਾਮਣਿ[66] ਤਉ[67] ਸੀਗਾਰੁ[72] ਕਰਿ ਜਾ[68] ਪਹਿਲਾਂ[69] ਕੰਤੁ[71] ਮਨਾਇ[70] ॥	O bride[66], then[67] alone decorate[72] thou Thyself, when[68] thou first conciliatest[70] thy Spouse[71].	ਹੇ ਸਹੇਲੀਏ[66] ! ਤੂੰ ਕੇਵਲ ਤਾਂ[67]ਹੀ ਹਾਰ ਸ਼ਿੰਗਾਰ ਲਾ[72] ਜਦ[68] ਤੂੰ ਪਹਿਲਾਂ[69] ਆਪਣੇ ਭਰਤੇ[71]ਨੂੰ ਰਿਝਾ ਲਵੇਂ[70] ।
ਮਤੁ[73] ਸੇਜੈ[74] ਕੰਤੁ ਨ ਆਵਈ ਏਵੈ ਬਿਰਥਾ[75] ਜਾਇ ॥	Lest[73] thy Groom comes not to thy couch[74] and thine decorations go in vain[75].	ਮਤੇ[73] ਤੇਰਾ ਭਰਤਾ ਤੇਰੇ ਪਲੰਘ[74] ਤੇ ਆਵੇ ਹੀ ਨਾ ਅਤੇ ਤੇਰੇ ਹਾਰ-ਸ਼ਿੰਗਾਰ ਬੇਫ਼ਾਇਦਾ[75] ਹੀ ਚਲੇ ਜਾਣ ।
ਕਾਮਣਿ[76] ਪਿਰ[77] ਮਨੁ[78] ਮਾਨਿਆ[79] ਤਉ[80] ਬਨਿਆ[81] ਸੀਗਾਰੁ[82] ॥	When the mind[78] of bride's[76] Groom[77] is pleased[79], then[80] alone the decorations[82] become[81] her.	ਜਦ ਪਤਨੀ[76] ਦੇ ਪਤੀ[77]ਦਾ ਚਿਤ[78] ਪ੍ਰਸੰਨ ਹੋ ਜਾਂਦਾ[79] ਹੈ, ਕੇਵਲ ਤਦ[80] ਹੀ ਉਸ ਨੂੰ ਹਾਰ-ਸ਼ਿੰਗਾਰ[82] ਫਬਦੇ[81] ਹਨ ।
ਕੀਆ[83] ਤਉ[84] ਪਰਵਾਣੁ[85] ਹੈ ਜਾ[86] ਸਹੁ[87] ਧਰੇ ਪਿਆਰੁ[88] ॥	When[86] the Groom[87] loves[88] His bride, then[84] does the making[83] of her decorations become acceptable[85].	ਜਦ[86] ਕੰਤ[87] ਆਪਣੀ ਵਹੁਟੀ ਨੂੰ ਪਿਆਰ ਕਰਦਾ[88] ਹੈ ਤਦ[84] ਉਸ ਦੇ ਹਾਰ-ਸ਼ਿੰਗਾਰ ਕਰਨੇ[83] ਕਬੂਲ[85] ਹੋ ਜਾਂਦੇ ਹਨ ।
ਭਉ[89] ਸੀਗਾਰੁ[90] ਤਬੋਲ[91] ਰਸੁ[92] ਭੋਜਨੁ[93] ਭਾਉ[94] ਕਰੇਇ[95] ॥ ਤਨੁ[96] ਮਨੁ[97] ਸਉਪੇ[98] ਕੰਤ[99] ਕਉ ਤਉ[100] ਨਾਨਕ ਭੋਗੁ[2] ਕਰੇਇ ॥੧॥	O bride, make[95] thou Lord's fear thy ornaments[90], the Name-Nectar[92] thy betel[91] and the Lord's love[94] thy food[93]. Surrender[98] thou thy body[96] and soul[97] to thy Spouse[99] and then[100] shall He enjoy[2] thee.	ਹੇ ਪਤਨੀਏ ! ਤੂੰ ਸੁਆਮੀ ਦੇ ਡਰ[89] ਨੂੰ ਆਪਣਾ ਗਹਿਣਾ ਗੱਟਾ[90], ਨਾਮ-ਅੰਮ੍ਰਿਤ[92] ਨੂੰ ਆਪਣਾ ਪਾਨ[91] ਅਤੇ ਪ੍ਰਭੂ ਦੀ ਪ੍ਰੀਤ[94] ਨੂੰ ਆਪਣਾ ਆਹਾਰ[93] ਬਣਾ[95] । ਤੂੰ ਆਪਣੀ ਦੇਹ[96] ਤੇ ਜਿੰਦੜੀ[97] ਆਪਣੇ ਪਤੀ[99] ਨੂੰ ਅਰਪਨ ਕਰ[98] ਦੇ ਅਤੇ ਤਦ ਹੀ[100] ਉਹ ਤੈਨੂੰ ਮਾਣੇਗਾ[2] ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ ।
ਕਾਜਲ[3] ਫੂਲ[4] ਤੰਬੋਲ[5] ਰਸੁ[6] ਲੇ[7] ਧਨ[8] ਕੀਆ ਸੀਗਾਰੁ[9] ॥	The wife[8] takes[7] collyrium[3], flowers[4], betel[5] and otto[6] of roses and decorates[9] herself.	ਵਹੁਟੀ[8] ਸੁਰਮਾ[3], ਫੁੱਲ[4], ਪਾਨ[5] ਅਤੇ ਗੁਲਾਬ ਦੇ ਅਤਰ[6] ਨੂੰ ਲੈ ਕੇ[7] ਆਪਣੇ ਆਪ ਨੂੰ ਸਜਾਉਂਦੀ[9] ਹੈ ।
ਸੇਜੈ[10] ਕੰਤੁ[12] ਨ ਆਇਓ ਏਵੈ ਭਇਆ ਵਿਕਾਰੁ[13] ॥੨॥	But if her husband[12] comes not to her bed[10], it all goes in vain[13].	ਪਰ ਜੇਕਰ ਉਸ ਦਾ ਖ਼ਸਮ[12] ਉਸ ਦੇ ਬਿਸਤਰੇ[10] ਤੇ ਨਹੀਂ ਆਉਂਦਾ ਤਾਂ ਇਹ ਸਭ ਵਿਅਰਥ[13] ਜਾਂਦਾ ਹੈ ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ ।
ਧਨ[14] ਪਿਰੁ[15] ਏਹਿ ਨ ਆਖੀਅਨਿ[16] ਬਹਨਿ[17] ਇਕਠੇ[18] ਹੋਇ ॥	They are not said[16] to be husband[15] and wife[14], who merely sit[17] together[18].	ਉਹ ਪਤੀ[15] ਤੇ ਪਤਨੀ[14] ਨਹੀਂ ਕਹੇ ਜਾਂਦੇ[16] ਜੋ ਕੇਵਲ ਮਿਲ[18] ਕੇ ਬੈਠਦੇ[17] ਹਨ ।
ਏਕ ਜੋਤਿ[19] ਦੁਇ ਮੂਰਤੀ[20] ਧਨ ਪਿਰੁ ਕਹੀਐ ਸੋਇ[21] ॥੩॥	Rather they[21] alone are called husband and wife, who have one soul[19] in two bodies[20].	ਸਗੋਂ ਕੇਵਲ ਉਹ[21] ਹੀ ਪਤੀ ਤੇ ਪਤਨੀ ਕਹੇ ਜਾਂਦੇ ਹਨ ਜਿਨ੍ਹਾਂ ਦੇ ਦੋ ਸਰੀਰਾਂ[20] ਵਿਚ ਆਤਮਾ[19] ਇਕ ਹੈ ।
ਪਉੜੀ ॥	Pauri.	ਪਉੜੀ ।
ਭੈ[22] ਬਿਨੁ ਭਗਤਿ[23] ਨ ਹੋਵਈ[24] ਨਾਮਿ ਨ ਲਗੈ ਪਿਆਰੁ[25] ॥	Without the Lord's fear[22] man can perform[24] not His service[23], nor can he love[25] the Name.	ਪ੍ਰਭੂ ਦੇ ਡਰ[22] ਦੇ ਬਾਝੋਂ ਬੰਦਾ ਉਸ ਦੀ ਘਾਲ[23] ਕਮਾ[24] ਨਹੀਂ ਸਕਦਾ ਅਤੇ ਨਾ ਹੀ ਉਸ ਦਾ ਨਾਮ ਨਾਲ ਪ੍ਰੇਮ[25] ਪੈਂਦਾ ਹੈ ।

ਸਤਿਗੁਰਿ ਮਿਲਿਐ ਭਉ ਊਪਜੈ[26] ਭੈ ਭਾਇ[27] ਰੰਗਿ[28] ਸਵਾਰਿ[29] ॥	Meeting with the True Guru, Lord's fear wells up[26] and with the Lord's fear and love[27] man's form[28] is embellished[29].	ਸੱਚੇ ਗੁਰਾਂ ਨਾਲ ਮਿਲ ਕੇ ਪ੍ਰਭੂ ਦਾ ਡਰ ਉਤਪੰਨ ਹੋ ਜਾਂਦਾ[26] ਹੈ ਅਤੇ ਪ੍ਰਭੂ ਦੇ ਡਰ ਤੇ ਪ੍ਰੇਮ[27] ਨਾਲ ਬੰਦੇ ਦਾ ਸਰੂਪ[28] ਸੁਸ਼ੋਭਤ[29] ਹੋ ਜਾਂਦਾ ਹੈ।
ਤਨੁ[30] ਮਨੁ[31] ਰਤਾ[32] ਰੰਗ[32*] ਸਿਉ[36] ਹਉਮੈ[33] ਤ੍ਰਿਸਨਾ[34] ਮਾਰਿ[35] ॥	He whose body[30] and soul[31] are dyed[32] with[36] the Lord's love[32*], still[35] his ego[33] and desire[34].	ਜਿਸ ਦੀ ਦੇਹ[30] ਅਤੇ ਆਤਮਾ[31] ਪ੍ਰਭੂ ਦੀ ਪ੍ਰੀਤ[32*] ਨਾਲ[36] ਰੰਗੀਜੇ[32] ਹਨ ਉਹ ਆਪਣੇ ਹੰਕਾਰ[33] ਤੇ ਖ਼ਾਹਿਸ਼[34] ਦਾ ਮਲੀਆਮੇਟ ਕਰ ਦਿੰਦਾ[35] ਹੈ।
ਮਨੁ[37] ਤਨੁ[38] ਨਿਰਮਲੁ[39] ਅਤਿ[40] ਸੋਹਣਾ[41] ਭੇਟਿਆ[42] ਕ੍ਰਿਸਨ[43] [44]ਮੁਰਾਰਿ[45] ॥	The soul[37] and body[38] of him, whom Lord[43], the Enemy[45] of ego[44] meets[42], become pure[39] and very[40] beauteous[41].	ਜਿਸ ਨੂੰ ਹੰਕਾਰ[44] ਦਾ ਵੈਰੀ[45] ਸਾਹਿਬ[43] ਮਿਲ ਪੈਂਦਾ[42] ਹੈ, ਉਸ ਦੀ ਜਿੰਦੜੀ[37] ਅਤੇ ਦੇਹ[38] ਪਵਿੱਤਰ[39] ਅਤੇ ਪਰਮ[40] ਸੁੰਦਰ[41] ਹੋ ਜਾਂਦੇ ਹਨ।
ਭਉ ਭਾਉ ਸਭੁ ਤਿਸਦਾ[46] ਸੋ[47] ਸਚੁ[48] ਵਰਤੈ[49] ਸੰਸਾਰਿ[50] ॥੯॥	Fear and love all belong to Him[46]. He[47], the True Lord[48] is pervading[49] the Universe[50].	ਡਰ ਅਤੇ ਪ੍ਰੇਮ ਸਭ ਉਸ[46]ਦੀ ਮਲਕੀਅਤ ਹਨ। ਉਹ[47] ਸੱਚਾ ਸਾਹਿਬ[48] ਆਲਮ[50] ਅੰਦਰ ਵਿਆਪਕ ਹੋ ਰਿਹਾ[49] ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਵਾਹੁ[51] ਖਸਮ[52] ਤੂ ਵਾਹੁ ਜਿਨਿ ਰਚਿ[53] ਰਚਨਾ[54] ਹਮ[55] ਕੀਏ[56] ॥	Hail[51], hail unto Thee, O Lord[52], who having created[53] the world[54], hast made[56] us[55].	ਸੁਬਹਾਨ[51]! ਸੁਬਹਾਨ ਹੈਂ ਤੂੰ ਹੇ ਸੁਆਮੀ[52]! ਜਿਸ ਨੇ ਸ੍ਰਿਸ਼ਟੀ[54] ਨੂੰ ਸਾਜ ਕੇ[53] ਸਾਨੂੰ[55] ਬਣਾਇਆ[56] ਹੈ।
ਸਾਗਰ[57] ਲਹਰਿ[58] ਸਮੁੰਦ[59] ਸਰ[60] ਵੇਲਿ[61] ਵਰਸ[62] ਵਰਾਹੁ[63] ॥	Thus hast Thou made the ocean[57] currents[58], the ocean[59], water pools[60], vegetation[61], clouds[62] and the mountains[63].	ਤੂੰ ਹੀ ਸਮੁੰਦਰ[57] ਦੇ ਤਰੰਗ[58], ਸਮੁੰਦਰ[59], ਪਾਣੀ ਦੇ ਛੰਭ[60], ਬਨਾਸਪਤੀ[61], ਬੱਦਲ[62] ਅਤੇ ਪਹਾੜ[63]ਰਚੇ ਹਨ।
ਆਪਿ ਖੜੋਵਹਿ[64] ਆਪਿ[67] ਕਰਿ[65]ਆਪੀਣੈ ਆਪਾਹੁ[66]॥	Creating[65] the creation Thyself[67], Thou Thyself standest[64] midst it, O Lord Thou art all in all[66].	ਖ਼ੁਦ[67] ਰਚਨਾ ਨੂੰ ਰਚ ਕੇ[65], ਤੂੰ ਖ਼ੁਦ ਹੀ ਇਸ ਵਿਚ ਖਲੋਤਾ ਹੋਇਆ[64] ਹੈਂ, ਹੇ ਸੁਆਮੀ! ਸਾਰਾ ਕੁਛ[66] ਤੂੰ ਆਪੇ ਹੀ ਹੈਂ।
ਗੁਰਮੁਖਿ[73] ਸੇਵਾ[68] ਥਾਇ[69] ਪਵੈ ਉਨਮਨਿ[70] ਤਤੁ[71] ਕਮਾਹੁ[72] ॥	The service[68] of the Guru-wards[73] is approved[69] and in celestial beatitude[70] they practise[72] the Name's quintessence[71].	ਗੁਰੂ-ਸਮਰਪਣਾਂ[73] ਦੀ ਘਾਲ[68]ਕਬੂਲ ਪੈ ਜਾਂਦੀ[69] ਹੈ ਅਤੇ ਬੈਕੁੰਠੀ ਪ੍ਰਸੰਨਤਾ[70] ਅੰਦਰ, ਉਹ ਨਾਮ ਦੇ ਜੌਹਰ[71] ਦੀ ਕਮਾਈ[72] ਕਰਦੇ ਹਨ।
ਮਸਕਤਿ[80] ਲਹਹੁ[74] ਮਜੂਰੀਆ[75] ਮੰਗਿ ਮੰਗਿ[77] ਖਸਮ[78] ਦਰਾਹੁ[79] ॥	They obtain[74] the wages[75] of their labour[80] and continually ask for[77] alms at the Lord's[78] door[79].	ਉਨ੍ਹਾਂ ਨੂੰ ਆਪਣੀ ਮਿਹਨਤ[80] ਦੀ ਮਜ਼ਦੂਰੀ[75] ਮਿਲ[74] ਜਾਂਦੀ ਹੈ ਅਤੇ ਉਹ ਸੁਆਮੀ[78] ਦੇ ਬੂਹੇ[79] ਤੇ ਹਰ ਘੜੀ ਖ਼ੈਰ ਮੰਗਦੇ[77] ਹਨ।
ਨਾਨਕ ਪੁਰ[80*] ਦਰ ਵੇਪਰਵਾਹ[82] ਤਉ[83] ਦਰਿ	Nanak, brimful[80*] is the care-free[82] Lord's court[81]. O my True care-free	ਨਾਨਕ, ਪਰੀਪੂਰਨ[80*] ਹੈ ਬੇ-ਮੁਹਤਾਜ[82] ਸੁਆਮੀ ਦਾ ਦਰਬਾਰ[81], ਹੇ ਮੇਰੇ ਸੱਚੇ ਬੇ-ਮੁਹਤਾਜ ਸੁਆਮੀ! ਕੋਈ ਭੀ

ਉਣਾ[85] ਨਾਹਿ ਕੋ ਸਚਾ ਵੇਪਰਵਾਹੁ ॥੧॥	Lord, none returns empty[85] from Thy[83] court.	ਤੇਰੇ[83] ਦਰਬਾਰ ਤੋਂ ਖ਼ਾਲੀ[85] ਨਹੀਂ ਮੁੜਦਾ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਉਜਲ[86] ਮੋਤੀ[87] ਸੋਹਣੇ[88] ਰਤਨਾ[89] ਨਾਲਿ[90] ਜੁੜੰਨਿ[91] ॥	The bright[86] beauteous[88] pearl[87]-like teeth are studded[91] with[90] the jewels[89] of the eyes.	ਚਮਕੀਲੇ[86] ਸੁੰਦਰ[88] ਮੋਤੀਆਂ[87] ਵਰਗੇ ਦੰਦ, ਨੇਤ੍ਰਾਂ ਦੇ ਹੀਰਿਆਂ[89] ਨਾਲ[90] ਜੜੇ ਹੋਏ[91] ਹਨ ।
ਤਿਨ[92] ਜਰੁ[93] ਵੈਰੀ[94] ਨਾਨਕਾ ਜਿ[95] ਬੁਢੇ[96] ਥੀਇ[97] ਮਰੰਨਿ[98] ॥੨॥	Nanak, old age[93] is their[92] enemy[94]. They waste away[98] when[95] they grow[97] old[96].	ਨਾਨਕ, ਬੁਢੇਪਾ[93] ਉਨ੍ਹਾਂ[92] ਦਾ ਦੁਸ਼ਮਨ[94] ਹੈ । ਜਦ[95] ਬਿਰਧ[96] ਹੋ ਜਾਂਦੇ[97] ਹਨ, ਤਦ ਉਹ ਨਸ਼ਟ[98] ਹੋ ਜਾਂਦੇ ਹਨ ।
੭੮੯	**789**	**੭੮੯**
ਪਉੜੀ ॥	Pauri.	ਪਉੜੀ ।
ਹਰਿ ਸਾਲਾਹੀ[99] ਸਦਾ ਸਦਾ ਤਨੁ ਮਨੁ ਸਉਪਿ[100] ਸਰੀਰੁ ॥	Ever, ever praise[99] I my God and surrender[100] unto Him my body,soul and this frame.	ਹਮੇਸ਼ਾ, ਹਮੇਸ਼ਾ ਮੈਂ ਆਪਣੇ ਵਾਹਿਗੁਰੂ ਦੀ ਸਿਫ਼ਤ ਕਰਦਾ[99] ਅਤੇ ਆਪਣੀ ਦੇਹ, ਆਤਮਾ ਤੇ ਇਸ ਜਿਸਮ ਨੂੰ ਉਨ੍ਹਾਂ ਦੀ ਭੇਟਾ ਧਰਦਾ[100] ਹਾਂ ।
ਗੁਰ ਸਬਦੀ[2] ਸਚੁ[3] ਪਾਇਆ ਸਚਾ ਗਹਿਰ[4] ਗੰਭੀਰੁ[5] ॥	Through the Guru's Word[2], I have obtained the True[3], Profound[4] and Unfathomable[5] Lord.	ਗੁਰਬਾਣੀ[2] ਰਾਹੀਂ, ਮੈਂ ਸੱਚੇ[3] ਡੂੰਘੇ[4] ਅਤੇ ਅਥਾਹ[5] ਸਾਹਿਬ ਨੂੰ ਪਰਾਪਤ ਕਰ ਲਿਆ ਹੈ ।
ਮਨਿ[9] ਤਨਿ ਹਿਰਦੈ[6] ਰਵਿ ਰਹਿਆ[7] ਹਰਿ ਹੀਰਾ[8] ਹੀਰੁ ॥	My God, the Gem of gems[8] is permeating[7] my soul[9], body and heart[6].	ਰਤਨਾਂ ਦਾ ਰਤਨ[8] ਮੇਰਾ ਵਾਹਿਗੁਰੂ, ਮੇਰੀ ਆਤਮਾ[9], ਦੇਹ ਅਤੇ ਦਿਲ[6] ਅੰਦਰ ਵਿਆਪਕ ਹੋ ਰਿਹਾ[7] ਹੈ ।
ਜਨਮ ਮਰਣ ਕਾ ਦੂਖੁ[10] ਗਇਆ[12] ਫਿਰਿ[13] ਪਵੈ[14] ਨ ਫੀਰੁ[15] ॥	My pain[10] of birth and death is eradicated[12] and I shall not again[13] go round[14] this circuit[15].	ਮੇਰੀ ਜੰਮਣ ਤੇ ਮਰਣ ਦੀ ਪੀੜ[10] ਨਵਿਰਤ ਹੋ ਗਈ[12] ਹੈ ਅਤੇ ਮੈਂ ਮੁੜ[13] ਕੇ ਇਸ ਫੇਰੇ[15] ਵਿਚ ਨਹੀਂ ਪਵਾਂਗਾ[14] ।
ਨਾਨਕ ਨਾਮੁ ਸਲਾਹਿ[16] ਤੂ ਹਰਿ ਗੁਣੀ[17] ਗਹੀਰੁ[18] ॥੧੦॥	O Nanak, praise[16] thou the Lord's Name. He is ocean[18] of excellences[17].	ਹੇ ਨਾਨਕ ! ਤੂੰ ਪ੍ਰਭੂ ਦੇ ਨਾਮ ਦੀ ਪਰਸੰਸਾ[16] ਕਰ । ਉਹ ਚੰਗਿਆਈਆਂ[17] ਦਾ ਸਮੁੰਦਰ[18] ਹੈ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸਾਹੀ ।
ਨਾਨਕ ਇਹੁ ਤਨੁ[19] ਜਾਲਿ[20] ਜਿਨਿ[30] ਜਲਿਐ[21] ਨਾਮੁ ਵਿਸਾਰਿਆ[22] ॥	O Nanak, burn[20] thou thine this body[19], which[30] burnt one[21], has forgotton[22] the Lord's Name.	ਹੇ ਨਾਨਕ ! ਤੂੰ ਇਸ ਆਪਣੀ ਦੇਹ[19] ਨੂੰ ਸਾੜ[20] ਸੁੱਟ ਜਿਸ[30] ਸੜੀ[21] ਹੋਈ ਨੇ ਪ੍ਰਭੂ ਦੇ ਨਾਮ ਨੂੰ ਭੁਲਾ ਦਿੱਤਾ[22] ਹੈ ।
ਪਉਦੀ[23] ਜਾਇ ਪਰਾਲਿ[24] ਪਿਛੈ[25] ਹਥੁ ਨ ਅੰਬੜੈ[26] ਤਿਤੁ[27] ਨਿਵੰਧੈ[28] ਤਾਲਿ[29] ॥੧॥	The refuse[24] of sins is accumulating[23] in the[27] low-lying[28] tank[29] of thy soul. Hereafter[25] the hand shall not be able to reach[26] there to cleanse it.	ਪਾਪਾਂ ਦੀ ਗੰਦਗੀ[24] ਤੇਰੀ ਉਸ[27] ਆਤਮਾ ਦੇ ਨੀਵੇਂ[28] ਤਾਲਾਬ[29] ਅੰਦਰ ਜਮ੍ਹਾਂ[23] ਹੁੰਦੀ ਜਾ ਰਹੀ ਹੈ । ਏਦੂੰ ਮਗਰੋਂ[25] ਇਸਨੂੰ ਸਾਫ਼ ਕਰਨ ਲਈ ਤੇਰਾ ਹਥ ਓਥ ਪੁਜ[26] ਨਹੀਂ ਸਕਣਾ ।

ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਨਾਨਕ ਮਨ[31] ਕੇ ਕੰਮ[32] ਫਿਟਿਆ[33] ਗਣਤ[34] ਨ ਆਵਹੀ ॥	Nanak, wicked[33] are the mind's[31] deeds[32]. They can be counted[34]not.	ਨਾਨਕ ਨੀਚ[33] ਹਨ ਮਨੂਏ[31] ਦੇ ਅਮਲ[32]। ਉਹ ਗਿਣੇ[34] ਨਹੀਂ ਜਾ ਸਕਦੇ ।
ਕਿਤੀ[35] ਲਹਾ[36] ਸਹੰਮ[37] ਜਾ[38] ਬਖਸੇ[39] ਤਾ[40] ਧਕਾ[41] ਨਹੀ ॥੨॥	Much[35] torture[37] shall I have to suffer[36] for these misdeeds. But if[38] the Lord forgives[39], then[40] I shall be buffetted[41] not.	ਇਨ੍ਹਾਂ ਕੁਕਰਮਾਂ ਲਈ ਮੈਨੂੰ ਘਣੇਰਾ[35] ਤਸੀਹਾ[37] ਕਟਣਾ ਪਵੇਗਾ[36] । ਪ੍ਰੰਤੂ ਜੇਕਰ[38] ਮਾਲਕ ਮੁਆਫ਼ ਕਰ ਦੇਵੇ[39], ਤਦ[40] ਮੈਨੂੰ ਧੌਲ-ਧੱਪਾ[41] ਨਹੀਂ ਹੋਵੇਗਾ ।
ਪਉੜੀ ॥	Pauri.	ਪਉੜੀ ।
ਸਚਾ ਅਮਰੁ[42]ਚਲਾਇਓਨੁ[43] ਕਰਿ[44] ਸਚੁ ਫੁਰਮਾਣੁ[45] ॥	True is the command[42], that the Lord sends forth[43] and true the order[45] that He issues[44].	ਸੱਚਾ ਹੈ ਹੁਕਮ[42], ਜੋ ਸੁਆਮੀ ਭੇਜਦਾ[43] ਹੈ ਅਤੇ ਸੱਚੀ ਹੈ ਆਗਿਆ[45] ਜੋ ਉਹ ਕਰਦਾ[44] ਹੈ ।
ਸਦਾ[46] ਨਿਹਚਲੁ[47] ਰਵਿ ਰਹਿਆ[48] ਸੋ[49] ਪੁਰਖੁ[50] ਸੁਜਾਣੁ[51] ॥	He[49], the ever[46] Immovable[47] and Wise[51] Lord[50] is pervading[48] everywhere.	ਉਹ[49] ਸਦੀਵੀ[46] ਸਥਿਰ[47] ਅਤੇ ਸਿਆਣਾ[51] ਸੁਆਮੀ[50] ਸਾਰੇ ਵਿਆਪਕ[48] ਹੋ ਰਿਹਾ ਹੈ ।
ਗੁਰ ਪਰਸਾਦੀ[52] ਸੇਵੀਐ[53] ਸਚੁ ਸਬਦਿ[54] ਨੀਸਾਣੁ[55] ॥	By Guru's grace[52], serve[53] thou the resplendent[55] True Lord[54].	ਗੁਰਾਂ ਦੀ ਰਹਿਮਤ[52] ਦੁਆਰਾ, ਤੂੰ ਨੂਰਾਨੀ[55] ਸੱਚੇ ਸੁਆਮੀ[54] ਦੀ ਚਾਕਰੀ ਕਮਾ[53] ।
ਪੂਰਾ[56] ਥਾਟੁ[57] ਬਣਾਇਆ ਰੰਗੁ[58] ਗੁਰਮਤਿ[59] ਮਾਣੁ[60]॥	Through Guru's instruction[59]enjoy[60] thou the love[58] of Him, who has made the perfect[56] make[57].	ਗੁਰਾਂ ਦੀ ਸਿਖਿਆ[59] ਰਾਹੀਂ ਤੂੰ ਉਸ ਦੀ ਪ੍ਰੀਤ[58] ਦਾ ਰਸ ਲੈ[60] ਜਿਸ ਨੇ ਪੂਰਨ[56] ਬਨਾਵਟ[57] ਬਣਾਈ ਹੈ ।
ਅਗਮ[61]ਅਗੋਚਰੁ[62]ਅਲਖੁ[63] ਹੈ ਗੁਰਮੁਖਿ[64] ਹਰਿ ਜਾਣੁ[65] ॥੧੧॥	The Lord is Inaccessible[61], Incomprehensible[62]and Invisible[63]. Realise[65] thou Him, through the Guru's grace[64].	ਪ੍ਰਭੂ ਪਹੁੰਚ ਤੋਂ ਪਰੇ[61], ਸੋਚ ਸਮਝ ਤੋਂ ਉਚੇਰਾ[62] ਅਤੇ ਅਦ੍ਰਿਸ਼ਟ[63] ਹੈ । ਗੁਰਾਂ ਦੀ ਮਿਹਰ[64] ਰਾਹੀਂ, ਤੂੰ ਉਸ ਨੂੰ ਅਨੁਭਵ[65] ਕਰ ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ ।
ਨਾਨਕ ਬਦਰਾ[66] ਮਾਲ[67]ਕਾ ਭੀਤਰਿ[68]ਧਰਿਆ[69]ਆਨਿ[70]। ਖੋਟੇ[71] ਖਰੇ[74] ਪਰਖੀਅਨਿ[72] ਸਾਹਿਬ ਕੈ ਦੀਬਾਣਿ[73]॥੧॥	The bag[66] of rupees[67]is brought[70]and placed[69] in[68] the Lord's court[73], O Nanak and there the counterfeit[71] and the genuine[74] are assayed[72].	ਰੁਪਿਆਂ[67] ਦੀ ਥੈਲੀ[66]ਲਿਆਂ ਕੇ[70]ਸੁਆਮੀ ਦੇ ਦਰਬਾਰ[73] ਵਿਚ[68] ਰੱਖੀ ਜਾਂਦੀ[69] ਹੈ, ਹੇ ਨਾਨਕ ! ਅਤੇ ਉਥੇ ਖੋਟਿਆਂ[71] ਤੇ ਖਰਿਆਂ[74] ਦੀ ਪਰਖ ਕੀਤੀ ਜਾਂਦੀ[72] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਨਾਵਣ[75] ਚਲੇ ਤੀਰਥੀ[76] ਮਨਿ[77]ਖੋਟੇ[78]ਤਨਿ[79]ਚੋਰ[80]॥	Men of evil[78] minds[77] and thievish[80] bodies[79], go to bathe[75]at the pilgrim stations[76].	ਕਪਟੀ[78] ਹਿਰਦਿਆਂ[77] ਅਤੇ ਚੋਰਟੇ[80] ਸਰੀਰਾਂ[79] ਵਾਲੇ ਬੰਦੇ ਧਰਮ-ਅਸਥਾਨਾਂ[76] ਤੇ ਇਸ਼ਨਾਨ[75] ਕਰਨ ਲਈ ਜਾਂਦੇ ਹਨ ।
ਇਕੁ ਭਾਉ[81] ਲਥੀ[82] ਨਾਤਿਆ[83] ਦੁਇ[84] ਭਾ[85]	The one part[81] of their bodily filth is washed off[82]by bathing[83],but they	ਉਨ੍ਹਾਂ ਦੀ ਸਰੀਰਕ ਮੈਲ ਦਾ ਇਕ ਹਿੱਸਾ[81]ਨ੍ਹਾਉਣ[83]ਨਾਲ ਲਹਿ ਜਾਂਦਾ[82]ਹੈ, ਪਰ ਉਨ੍ਹਾਂ ਨੂੰ ਦੋ[84]ਹੋਰ ਵਧੇਰੇ[87] ਹਿੱਸੇ[85]

ਚੜੀਅਸੁ[86] ਹੋਰ[87] ॥	contract[86] two[84] more[87] parts[85] of mental filth.	ਮਾਨਸਕ ਮੈਲ ਲੱਗ ਜਾਂਦੀ[86] ਹੈ।
ਬਾਹਰਿ[88] ਧੋਤੀ[89] ਤੂਮੜੀ[90] ਅੰਦਰਿ[91] ਵਿਸੁ[92] ਨਿਕੋਰ[93] ॥	A gourd[90] is externally[88] washed[89], but within[91] it is the pure[93] poison[92].	ਤੂੰਬੀ[90] ਬਾਹਰਵਾਰੋਂ[88] ਧੋ ਦਿੱਤੀ ਜਾਂਦੀ[89] ਹੈ ਪ੍ਰੰਤੂ ਇਸ ਦੇ ਅੰਦਰਵਾਰ[91] ਨਿਰੋਲ[93] ਜ਼ਹਿਰ[92] ਹੈ।
ਸਾਧ ਭਲੇ[94] ਅਣਨਾਤਿਆ[95] ਚੋਰ[96] ਸਿ ਚੋਰਾ ਚੋਰ ॥੨॥	The saint is well-off[94] without bathing[95]. A thief[96] is always a thief whether he bathes or not.	ਸੰਤ ਬਿਨਾ ਨ੍ਹਾਤਿਆਂ[95] ਹੀ ਚੰਗਾ[94] ਹੈ। ਚੋਰ[96] ਹਮੇਸ਼ਾ ਚੋਰ ਹੀ ਹੁੰਦਾ ਹੈ ਭਾਵੇਂ ਉਹ ਨ੍ਹਾਵੇ ਜਾਂ ਨਾ।
ਪਉੜੀ ॥	Pauri.	ਪਉੜੀ।
ਆਪੇ[97] ਹੁਕਮੁ[98] ਚਲਾਇਦਾ[99] ਜਗੁ[100] ਧੰਧੇ[2] ਲਾਇਆ[3] ॥	The Lord Himself[97] issues[99] commands[98] and yokes[3] the mortals[100] to their task[2].	ਸਾਹਿਬ ਆਪ[97] ਹੀ ਫ਼ੁਰਮਾਨ[98] ਜਾਰੀ ਕਰਦਾ[99] ਹੈ ਅਤੇ ਪ੍ਰਾਣੀਆਂ[100] ਨੂੰ ਉਨ੍ਹਾਂ ਦੇ ਕੰਮੀ[2] ਜੋੜਦਾ[3] ਹੈ।
ਇਕਿ[4] ਆਪੇ ਹੀ ਆਪਿ[5] ਲਾਇਅਨੁ[6] ਗੁਰ ਤੇ[7] ਸੁਖੁ ਪਾਇਆ ॥	Some[4], He, of Himself attaches[6] to Himself[5] and they obtain peace from[7] the Guru.	ਕਈਆਂ[4] ਨੂੰ, ਉਹ ਖ਼ੁਦ ਆਪਣੇ[5] ਨਾਲ ਜੋੜ ਲੈਂਦਾ[6] ਹੈ ਅਤੇ ਉਹ ਗੁਰਾਂ ਪਾਸੋਂ[7] ਆਰਾਮ ਪਰਾਪਤ ਕਰਦੇ ਹਨ।
ਦਹ[9] ਦਿਸ[8] ਇਹੁ ਮਨੁ ਧਾਵਦਾ[10] ਗੁਰਿ ਠਾਕਿ ਰਹਾਇਆ[12] ॥	This mind hastens[10] in ten[9] directions[8]. The Guru stops and holds[12] it.	ਇਹ ਮਨੂਆ ਦਸੀਂ[9] ਪਾਸੀਂ[8] ਭੱਜਿਆ ਫਿਰਦਾ[10] ਹੈ। ਗੁਰੂ ਜੀ ਇਸ ਨੂੰ ਹੋੜ ਕੇ ਰੋਕ[12] ਰਖਦੇ ਹਨ।
ਨਾਵੈ ਨੋ ਸਭ[13] ਲੋਚਦੀ[14] ਗੁਰਮਤੀ[15] ਪਾਇਆ[16] ॥	Everyone[13] longs for[14] the Name, but one is blessed with[16] it by the Guru's instruction[15].	ਹਰ ਕੋਈ[13] ਨਾਮ ਦੀ ਚਾਹਨਾ[14] ਕਰਦਾ ਹੈ ਪਰ ਗੁਰਾਂ ਦੇ ਉਪਦੇਸ਼[15] ਰਾਹੀਂ ਇਨਸਾਨ ਨੂੰ ਇਸ ਦੀ ਦਾਤ ਮਿਲਦੀ[16] ਹੈ।
ਧੁਰਿ[17] ਲਿਖਿਆ[18] ਮੇਟਿ[19] ਨ ਸਕੀਐ ਜੋ ਹਰਿ ਲਿਖਿ ਪਾਇਆ[20] ॥੧੨॥	None can obliterate[19] what God has writ[20] in his destiny[18] in the beginning[17].	ਕੋਈ ਜਣਾ ਭੀ ਉਹ ਪ੍ਰਾਲਬਧ[18] ਨੂੰ ਮੇਸ[19] ਨਹੀਂ ਸਕਦਾ ਜਿਹੜੀ ਵਾਹਿਗੁਰੂ ਨੇ ਉਸ ਲਈ ਆਰੰਭ[17] ਤੋਂ ਲਿਖ ਛੱਡੀ[20] ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਦੁਇ[21] ਦੀਵੇ[22] ਚਉਦਹ[23] ਹਟ ਨਾਲੇ[24] ॥	The sun and the moon are the two[21] lamps[22] which light the fourteen[23] bazars[24] (worlds).	ਸੂਰਜ ਤੇ ਚੰਦ ਦੋ[21] ਲੈਂਪ[22] ਹਨ ਜੋ ਚੋਦਾਂ[23] ਬਾਜ਼ਾਰਾਂ[24] (ਜਹਾਨਾਂ) ਨੂੰ ਰੋਸ਼ਨ ਕਰਦੇ ਹਨ।
ਜੇਤੇ[25] ਜੀਅ[26] ਤੇਤੇ[27] ਵਣਜਾਰੇ[28] ॥	As many as[25] the mortals[26], so many[27] are traders[28].	ਜਿੰਨੇ[25] ਭੀ ਪ੍ਰਾਣੀ[26] ਹਨ, ਉਨੇ[27] ਹੀ ਵਾਪਾਰੀ[28] ਹਨ।
ਖੁਲੇ ਹਟ[29] ਹੋਆ ਵਾਪਾਰੁ[30] ॥ ਜੋ[31] ਪਹੁਚੈ[32] ਸੋ[33] ਚਲਣਹਾਰੁ[34] ॥	The shops[29] are open and the trade[30] goes on. Who-so-ever[31] arrives[32], he[33] is bound to depart[34].	ਦੁਕਾਨਾਂ[29] ਖੁਲ੍ਹੀਆਂ ਹਨ ਅਤੇ ਵਣਜ[30] ਹੁੰਦਾ ਹੈ। ਜੋ ਕੋਈ[31] ਭੀ ਆਉਂਦਾ[32] ਹੈ, ਉਹ[33] ਟੁਰ ਜਾਣ ਵਾਲਾ[34] ਹੈ।
ਧਰਮੁ[35] ਦਲਾਲੁ[36] ਪਾਏ[37] ਨੀਸਾਣੁ[38] ॥ ਨਾਨਕ ਨਾਮੁ	The Righteous Judge[35] is the broker[36] who puts[37] the mark[38].	ਧਰਮ ਰਾਜਾ[35] ਆੜ੍ਹਤੀ[36] ਹੈ ਜੋ ਨਿਸ਼ਾਨ[38] ਲਾਉਂਦਾ[37] ਹੈ। ਨਾਨਕ ਜੋ ਨਾਮ ਦਾ ਮੁਨਾਫ਼ਾ[39] ਕਮਾਉਂਦੇ ਹਨ, ਉਹ

ਲਾਹਾ[39] ਪਰਵਾਣੁ[40] ॥	Nanak, they who earn the Name profit[39] become acceptable[40].	ਕਬੂਲ[40] ਪੈ ਜਾਂਦੇ ਹਨ ।
ਘਰਿ[41] ਆਏ ਵਜੀ[42] ਵਾਧਾਈ[43] ॥ ਸਚ ਨਾਮ ਕੀ ਮਿਲੀ[44] ਵਡਿਆਈ[45] ॥੧॥	Congratulation[43] pour[42] in when they arrive at their own home[41] and they obtain[44] the greatness[45] of the True Name.	ਜਦ ਉਹ ਆਪਣੇ ਨਿਜ ਦੇ ਧਾਮ[41] ਵਿਚ ਆਉਂਦੇ ਹਨ, ਉਨ੍ਹਾਂ ਨੂੰ ਮੁਬਾਰਕਾਂ[43] ਮਿਲਦੀਆਂ[42] ਹਨ ਅਤੇ ਉਨ੍ਹਾਂ ਨੂੰ ਸਚੇ ਨਾਮ ਦੀ ਪ੍ਰਭਤਾ[45] ਪ੍ਰਾਪਤ ਹੁੰਦੀ[44] ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਰਾਤੀ[46] ਹੋਵਨਿ ਕਾਲੀਆ[47] ਸੁਪੇਦਾ[48] ਸੇ[50] ਵੰਨ[49] ॥	Even when the nights[46] are dark[47], the white[48] retain their same[50] white colour[49].	ਜਦ ਰਾਤ੍ਰੀਆਂ[46] ਅਨ੍ਹੇਰੀਆਂ[47] ਭੀ ਹੁੰਦੀਆਂ ਹਨ, ਚਿੱਟੇ[48] ਆਪਣਾ ਉਹੀ[50] ਚਿੱਟਾ ਰੰਗ[49] ਰਖਦੇ ਹਨ ।
ਦਿਹੁ[51] ਬਗਾ[52] ਤਪੈ[53] ਘਣਾ[54] ਕਾਲਿਆ[55] ਕਾਲੇ ਵੰਨ[56] ॥	Even if the day[51] be heated[53] very[54] white[52], the black[55] maintain their black dye[56].	ਭਾਵੇਂ ਦਿਨ[51] ਗਰਮ[53] ਹੋ ਬਹੁਤਾ[54] ਹੀ ਚਿੱਟਾ[52] ਕਿਉਂ ਨਾ ਹੋ ਜਾਵੇ, ਸਿਆਹ[55] ਆਪਣਾ ਸਿਆਹ ਰੰਗ[56] ਹੀ ਇਖ਼ਤਿਆਰ ਕਰੀ ਰਖਦੇ ਹਨ ।
ਅੰਧੇ[57] ਅਕਲੀ[58] ਬਾਹਰੇ[59] ਮੂਰਖ[60] ਅੰਧ ਗਿਆਨੁ[61] ॥	The blind[57] fools[60] are without[59] wisdom[58] and blind is their understanding[61].	ਅੰਨ੍ਹੇ[57] ਮੂੜ[60], ਸਿਆਣਪ[58] ਤੋਂ ਸੱਖਣੇ[59] ਹਨ ਅਤੇ ਅੰਨ੍ਹੀ ਹੈ ਉਨ੍ਹਾਂ ਦੀ ਸਮਝ[61] ।
ਨਾਨਕ ਨਦਰੀ[62] ਬਾਹਰੇ[63] ਕਬਹਿ[64] ਨ ਪਾਵਹਿ ਮਾਨੁ[65] ॥੨॥	Nanak, they who are bereft[63] of the Lord's grace[62], obtain not honour[65] ever[64].	ਨਾਨਕ, ਜੋ ਮਾਲਕ ਦੀ ਮਿਹਰ[62] ਤੋਂ ਵਾਂਝੇ ਹੋਏ[63] ਹਨ, ਉਹ ਕਦਾਚਿਤ[64] ਆਬਰੂ[65] ਨਹੀਂ ਪਾਉਂਦੇ ।
ਪਉੜੀ ॥	Pauri.	ਪਉੜੀ ।
ਕਾਇਆ[66] ਕੋਟੁ[67] ਰਚਾਇਆ[68] ਹਰਿ ਸਚੈ[69] ਆਪੇ[70] ॥	The True Lord[69] of Himself[70], has made[68] the body[66] fortress[67].	ਸੱਚੇ ਸੁਆਮੀ[69] ਨੇ ਖ਼ੁਦ[70] ਹੀ ਸਰੀਰ[66] ਦਾ ਕਿਲ੍ਹਾ[67] ਬਣਾਇਆ[68] ਹੈ ।
ਇਕਿ[77] ਦੂਜੈ[71] ਭਾਇ[72] ਖੁਆਇਅਨੁ[73] ਹਉਮੈ[74] ਵਿਚਿ[75] ਵਿਆਪੇ[76] ॥	Some[77] are ruined[73] in the love[72] of another[71] and they are engrossed[76] in[75] self-conceit[74].	ਕਈ[77] ਹੋਰਸ[71] ਦੀ ਪ੍ਰੀਤ[72] ਅੰਦਰ ਬਰਬਾਦ ਹੋ ਗਏ[73] ਹਨ ਅਤੇ ਸਵੈ-ਹੰਗਤਾ[74] ਅੰਦਰ[75] ਖਚਤ ਹੋਏ ਹੋਏ[76] ਹਨ ।
ਇਹੁ ਮਾਨਸ[77]* ਜਨਮੁ ਦੁਲੰਭੁ[78] ਸਾ ਮਨਮੁਖ[79] ਸੰਤਾਪੇ[80] ॥	Difficult to obtain[78] is this human life[77]*, but the apostates[79] are in great agony[80].	ਮੁਸ਼ਕਲ ਨਾਲ[78] ਮਿਲਣ ਵਾਲਾ ਹੈ ਇਹ ਮਨੁੱਖਾ-ਜੀਵਨ*[77] ਪ੍ਰੰਤੂ ਅਧਰਮੀ[79] ਬੜੀ ਤਕਲੀਫ਼[80] ਅੰਦਰ ਹਨ ।
ਜਿਸੁ ਆਪਿ[85] ਬੁਝਾਏ[81] ਸੁ[82] ਬੁਝਸੀ[83] ਜਿਸੁ ਸਤਿਗੁਰੁ ਥਾਪੇ[84] ॥	He[82], whom the Lord Himself[85] instructs[81] and whom the True Guru blesses[84], realises[83] the Lord.	ਜਿਸ ਨੂੰ ਸਾਂਈਂ ਖ਼ੁਦ[85] ਦਰਸਾਉਂਦਾ[81] ਹੈ ਅਤੇ ਜਿਸਨੂੰ ਸੱਚੇ ਗੁਰਦੇਵ ਜੀ ਬਰਕਤ ਬਖ਼ਸ਼ਦੇ[84] ਹਨ, ਉਹ[82] ਹੀ ਸਾਂਈਂ ਨੂੰ ਅਨੁਭਵ ਕਰਦਾ[83] ਹੈ ।
੭੯੦	790	੭੯੦
ਸਭੁ ਜਗੁ ਖੇਲੁ[86] ਰਚਾਇਓਨੁ	The entire world the Lord has made	ਸਾਰਾ ਸੰਸਾਰ ਉਸ ਨੇ ਆਪਣੀ ਖੇਡ[86] ਰਚੀ ਹੋਈ ਹੈ ਅਤੇ

ਸਭ ਵਰਤੈ[87] ਆਪੇ ॥੧੩॥	His play[86] and amongst all He is contained[87].	ਸਾਰਿਆਂ ਅੰਦਰ ਉਹ ਰਵ ਰਿਹਾ[87] ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਚੋਰਾ[88] ਜਾਰਾ[89] ਰੰਡੀਆ[90] ਕੁਟਣੀਆ[91] ਦੀਬਾਣੁ[92] ॥ ਵੇਦੀਨਾ[93] ਕੀ ਦੋਸਤੀ[94] ਵੇਦੀਨਾ ਕਾ ਖਾਣੁ[95] ॥	It is the habit[92] of thieves[88], adulterers[89], prostitutes[90] and pimps[91] that they contract friendship[94] with the irreligious[93] and dine with[95] the irreligious.	ਤਸਕਰਾਂ[88], ਵਿਭਚਾਰੀਆਂ[89], ਕੰਜਰੀਆਂ[90] ਅਤੇ ਦੱਲੀਆਂ[91] ਦੀ ਇਹ ਆਦਤ[92] ਹੈ ਕਿ ਉਹ ਅਧਰਮੀਆਂ[93] ਨਾਲ ਯਾਰੀ[94] ਲਾਉਂਦੀਆਂ ਹਨ ਅਤੇ ਅਧਰਮੀਆਂ ਨਾਲ ਹੀ ਖਾਂਦੇ ਪੀਂਦੇ[95] ਹਨ।
ਸਿਫਤੀ[96] ਸਾਰ[97] ਨ ਜਾਣਨੀ ਸਦਾ[98] ਵਸੈ[99] ਸੈਤਾਨੁ[100] ॥	They know not the worth[97] of God's praise[96] and Satan[100] ever[98] abides[99] within them.	ਉਹ ਵਾਹਿਗੁਰੂ ਦੀ ਕੀਰਤੀ[96] ਦੀ ਕਦਰ[97] ਨੂੰ ਨਹੀਂ ਜਾਣਦੀਆਂ ਅਤੇ ਉਨ੍ਹਾਂ ਦੇ ਅੰਦਰ ਹਮੇਸ਼ਾ[98] ਸੈਤਾਨ[100] ਵਸਦਾ[99] ਹੈ।
ਗਦਹੁ[2] ਚੰਦਨਿ[3] ਖਉਲੀਐ[4] ਭੀ[5] ਸਾਹੂ[6] ਸਿਉ[7] ਪਾਣੁ[8] ॥	If a donkey[2] be plastered[4] with sandal[3] paste, he will still[5] role[8] with[7] (in) dust[6].	ਜੇਕਰ ਖੋਤੇ[2] ਨੂੰ ਚੰਨਣ[3] ਦਾ ਲੇਪ ਕਰ ਦਿੱਤਾ[4] ਜਾਵੇ ਉਹ ਫਿਰ ਭੀ[5] ਘੱਟੇ[6] ਨਾਲ[7] (ਵਿਚ) ਹੀ ਲੇਟੇਗਾ[8]।
ਨਾਨਕ ਕੂੜੈ[9] ਕਤਿਐ[10] ਕੂੜਾ ਤਣੀਐ[12] ਤਾਣੁ[13] ॥	Nanak, by spinning[10] falsehood[9], the web[13] of falsehood is woven[12].	ਨਾਨਕ ਝੂਠ[9] ਦਾ ਸੂਤ ਕੱਤਣ[10] ਦੁਆਰਾ ਝੂਠ ਦੀ ਤਾਣੀ[13] ਹੀ ਤਣੀ ਜਾਂਦੀ[12] ਹੈ।
ਕੂੜਾ ਕਪੜੁ[14] ਕਛੀਐ[15] ਕੂੜਾ ਪੈਨਣੁ[16] ਮਾਣੁ[17] ॥੧॥	False is the cloth[14] and its measurement[15]. False is the raiment[16] and the pride[17] thereof.	ਝੂਠਾ ਹੈ ਕਪੜਾ[14] ਅਤੇ ਇਸ ਦਾ ਮਾਪਣਾ[15]। ਝੂਠੀ ਹੈ ਪੁਸ਼ਾਕ[16] ਅਤੇ ਉਸ ਦਾ ਹੰਕਾਰ[17]।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਬਾਂਗਾ[18] ਬੁਰਗੂ[19] ਸਿੰਙੀਆ[20] ਨਾਲੇ ਮਿਲੀ[21] ਕਲਾਣ[22] ॥	The criers[18], the flute-players[19], the horn-blowers[20] and as also[21] the eulogists[22], live on the public charity.	ਨਮਾਜ਼ ਦਾ ਸੱਦਾ ਦੇਣ ਵਾਲੇ[18], ਬੰਸਰੀ ਵਜਾਉਣ ਵਾਲੇ[19], ਸਿੰਙ ਵਜਾਉਣ ਵਾਲੇ[20] ਤੇ ਨਾਲੇ[21] ਮਿਰਾਸੀ[22], ਲੋਕਾਂ ਦੀ ਖ਼ੈਰਾਤ ਉਤੇ ਪੇਟ-ਪਾਲਣਾ ਕਰਦੇ ਹਨ।
ਇਕਿ[23] ਦਾਤੇ[24] ਇਕਿ ਮੰਗਤੇ[25] ਨਾਮੁ ਤੇਰਾ ਪਰਵਾਣੁ[26] ॥	Some[23] are bestowers[24] and some the mumpers[25]. Only the contemplators of the Name become acceptable[26].	ਕਈ[23] ਦਾਨੀ[24] ਹਨ ਅਤੇ ਕਈ ਭਿਖਾਰੀ[25]। ਕੇਵਲ ਤੇਰੇ ਨਾਮ ਦਾ ਸਿਮਰਨ ਕਰਨ ਵਾਲੇ ਹੀ ਕਬੂਲ ਪੈਂਦੇ[26] ਹਨ।
ਨਾਨਕ ਜਿਨੀ ਸੁਣਿ ਕੈ ਮੰਨਿਆ[27] ਹਉ ਤਿਨਾ[28] ਵਿਟਹੁ[29] ਕੁਰਬਾਣੁ[30] ॥੨॥	They who hear and accept[27] the Lord's Name, O Nanak, I am a sacrifice[30] unto[29] them[28].	ਜੋ ਸਾਂਈਂ ਦੇ ਨਾਮ ਨੂੰ ਸੁਣਦੇ ਅਤੇ ਸਵੀਕਾਰ ਕਰਦੇ[27] ਹਨ ਹੇ ਨਾਨਕ ! ਮੈਂ ਉਨ੍ਹਾਂ[28] ਉਤੋਂ[29] ਵਾਰਨੇ ਜਾਂਦਾ[30] ਹਾਂ।
ਪਉੜੀ ॥	Pauri.	ਪਉੜੀ।
ਮਾਇਆ[31] ਮੋਹੁ[32] ਸਭੁ[34] ਕੂੜੁ[33] ਹੈ ਕੂੜੋ ਹੋਇ ਗਇਆ[34]* ॥	The love[32] of mammon[31] is all[34] false[33] and false becomes[34]* he, who loves it.	ਧਨ-ਦੌਲਤ[31] ਦਾ ਪਿਆਰ[32] ਸਮੂਹ[34] ਝੂਠਾ[33] ਹੈ ਅਤੇ ਝੂਠਾ ਹੋ ਜਾਂਦਾ[34]* ਹੈ ਉਹ ਜੋ ਇਸਨੂੰ ਪਿਆਰ ਕਰਦਾ ਹੈ।
ਹਉਮੈ[35] ਝਗੜਾ[36] ਪਾਇਓਨੁ[38]	Through pride[35] man[37] is involved[38]	ਹੰਕਾਰ[35] ਦੇ ਰਾਹੀਂ ਬੰਦਾ[37] ਬਖੇੜੇ[36] ਵਿਚ ਫਸ ਜਾਂਦਾ[38]

ਝਗੜੈ ਜਗੁ[37] ਮੁਇਆ[39] ॥	in strife[36] and in strifes, he perishes[39].	ਹੈ ਅਤੇ ਬਖੇੜੇ ਵਿਚ ਹੀ, ਉਹ ਮਰ ਮੁਕਦਾ[39] ਹੈ ।
ਗੁਰਮੁਖਿ[40] ਝਗੜੁ ਚੁਕਾਇਓਨੁ[41] ਇਕੋ[42] ਰਵਿ ਰਹਿਆ[43] ॥	By Guru's grace[40], the strifes are ended[41] and man sees the one Lord[42] pervading[43] all.	ਗੁਰਾਂ ਦੀ ਦਇਆ ਦੁਆਰਾ[40] ਬਖੇੜੇ ਮੁਕ ਜਾਂਦੇ[41] ਹਨ ਅਤੇ ਬੰਦਾ ਇਕ ਸੁਆਮੀ[42] ਨੂੰ ਸਾਰੇ ਵਿਆਪਕ[43] ਵੇਖਦਾ ਹੈ !
ਸਭੁ[44] ਆਤਮ ਰਾਮੁ[45] ਪਛਾਣਿਆ[46] ਭਉ[47] ਜਲੁ[48] ਤਰਿ ਗਇਆ[49] ॥	Recognising[46] the Pervading soul[45] contained everywhere[44] one crosses[49] the dreadful[47] world-ocean[48].	ਵਿਆਪਕ ਰੂਹ[45] ਨੂੰ ਹਰ ਥਾਂ[44] ਰਮੀ ਹੋਈ ਸਿਞਾਣ ਕੇ[46], ਇਨਸਾਨ ਭਿਆਨਕ[47] ਸੰਸਾਰ ਸਮੁੰਦਰ[48] ਤੋਂ ਪਾਰ ਹੋ ਜਾਂਦਾ[49] ਹੈ ।
ਜੋਤਿ[50] ਸਮਾਣੀ[51] ਜੋਤਿ[52] ਵਿਚਿ ਹਰ ਨਾਮਿ ਸਮਾਇਆ[53] ॥੧੪॥	His light[50] merges[51] in the Supreme Light[52], and he is absorbed[53] in God's Name.	ਉਸਦਾ ਨੂਰ[50] ਪਰਮ ਨੂਰ[52] ਅੰਦਰ ਅਭੇਦ ਹੋ ਜਾਂਦਾ[51] ਹੈ ਅਤੇ ਉਹ ਵਾਹਿਗੁਰੂ ਦੇ ਨਾਮ ਵਿਚ ਲੀਨ[53] ਹੋ ਜਾਂਦਾ ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਸਤਿਗੁਰ ਭੀਖਿਆ[54] ਦੇਹਿ[55] ਮੈ ਤੂੰ ਸੰਮ੍ਰਥੁ[56] ਦਾਤਾਰੁ[57] ॥	O True Guru, bless[55] me thou with alms[54], as thou art the Omnipotent[56] Beneficient[57] Lord.	ਹੇ ਸੱਚੇ ਗੁਰਦੇਵ ! ਤੂੰ ਮੈਨੂੰ ਖੈਰ[54] ਪਾ[55] ਕਿਉਂ ਜੋ ਤੂੰ ਸਰਬ-ਸ਼ਕਤੀਵਾਨ[56] ਦਾਨੀ[57] ਸੁਆਮੀ ਹੈਂ ।
ਹਉਮੈ[59] ਗਰਬੁ[60] ਨਿਵਾਰੀਐ[61] ਕਾਮੁ[62] ਕ੍ਰੋਧੁ[63] ਅਹੰਕਾਰੁ[64] ॥	Bless me that I may still[61] my ego[59], self-conceit[60], lust[62], wrath[63] and I-am-ness[64].	ਮੈਨੂੰ ਬਰਕਤ ਬਖ਼ਸ਼ ਕਿ ਮੈਂ ਆਪਣੇ ਹੰਕਾਰ[59], ਸਵੈ-ਹੰਗਤਾ[60] ਵਿਸ਼ੇਭੋਗ[62], ਗੁਸੇ[63] ਅਤੇ ਆਕੜ ਮੜਕ[64] ਨੂੰ ਦੂਰ[61] ਕਰ ਦਿਆਂ ।
ਲਬੁ[65] ਲੋਭੁ[66] [67]ਪਰਜਾਲੀਐ[68] ਨਾਮੁ ਮਿਲੈ[69] ਆਧਾਰੁ[70] ॥	Completely[67] burn[68] thou my greed[65] and avarice[66] and grant[69] me the prop[70] of the Lord's Name.	ਤੂੰ ਮੇਰੀ ਤਮ੍ਹਾਂ[65] ਅਤੇ ਲਾਲਚ[66] ਨੂੰ ਪੂਰੀ ਤਰ੍ਹਾਂ[67] ਸਾੜ ਸੁੱਟ[68] ਅਤੇ ਮੈਨੂੰ ਸੁਆਮੀ ਦੇ ਨਾਮ ਦਾ ਆਸਰਾ[70] ਪਰਦਾਨ[69] ਕਰ ।
[71]ਅਹਿਨਿਸਿ[72] ਨਵਤਨ[73] ਨਿਰਮਲਾ[74] ਮੈਲਾ[74*] ਕਬਹੂੰ[75] ਨ ਹੋਇ ॥	Day[71] and night[72] keep thou me fresh[73] and immaculate[74] and allow me not ever[75] to be soiled[74*] with sins.	ਦਿਨ[71] ਰੈਣ[72] ਤੂੰ ਮੈਨੂੰ ਤਰੋ-ਤਾਜ਼ਾ[73] ਅਤੇ ਪਵਿੱਤਰ[74] ਰੱਖ ਅਤੇ ਕਦੇ ਭੀ[75] ਮੈਨੂੰ ਪਾਪਾਂ ਨਾਲ ਪਲੀਤ[74*] ਨਾ ਹੋਣ ਦੇ ।
ਨਾਨਕ ਇਹ ਬਿਧਿ[76] ਛੁਟੀਐ[77] ਨਦਰਿ[78] ਤੇਰੀ ਸੁਖੁ[79] ਹੋਇ[80] ॥੧॥	O Nanak, in this way[76] am I released[77]. Through thy grace[78], O my Guru, I am blessed[80] with peace[79].	ਹੇ ਨਾਨਕ ! ਇਸ ਤਰੀਕੇ[76] ਨਾਲ ਮੇਰਾ ਛੁਟਕਾਰਾ[77] ਹੋ ਗਿਆ ਹੈ । ਤੇਰੀ ਦਇਆ[78] ਦੁਆਰਾ, ਹੇ ਮੇਰੇ ਗੁਰਦੇਵ ! ਮੈਨੂੰ ਆਰਾਮ[79] ਪਰਾਪਤ[80] ਹੋਇਆ ਹੈ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।
ਇਕੋ[86] ਕੰਤੁ[81] ਸਬਾਈਆ[82] ਜਿਤੀ[83] ਦਰਿ[84] ਖੜੀਆਹ[85] ॥	There is but one[86] Spouse[81] of all[82] the women, who[83] stand[85] at the Lord's door[84].	ਸਾਰੀਆਂ[82] ਇਸਤਰੀਆਂ ਦਾ, ਜੋ[83] ਸੁਆਮੀ ਦੇ ਬੂਹੇ[84] ਤੇ ਖਲੋਤੀਆਂ[85] ਹਨ, ਕੇਵਲ[86] ਇਕੋ ਹੀ ਪਤੀ[81] ਹੈ ।
ਨਾਨਕ ਕੰਤੈ[86*] ਰਤੀਆ[87] ਪੁਛਹਿ[88] ਬਾਤੜੀਆਹ[89] ॥੨॥	Nanak, they ask[88] about their Spouse's[86*] news[89], from those who are imbued[87] with His love.	ਨਾਨਕ, ਉਹ ਉਨ੍ਹਾਂ ਪਾਸੋਂ ਆਪਣੇ ਭਰਤੇ ਦੀਆਂ[86*] ਗੱਲਾਂ[89] ਪੁਛਦੀਆਂ[88] ਹਨ, ਜੋ ਉਸ ਦੇ ਪ੍ਰੇਮ ਨਾਲ ਰੰਗੀਆਂ ਹੋਈਆਂ[87] ਹਨ ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ ।

ਸਭੇ ਕੰਤੈ ਰਤੀਆ ਮੈ ਦੋਹਾਗਣਿ[90] ਕਿਤੁ[91] ॥

All are imbued with the love of their Groom. Of what[91] account am I, a discarded one[90] ?

ਸਾਰੀਆਂ ਆਪਣੇ ਪਤੀ ਦੇ ਪਿਆਰ ਨਾਲ ਰੰਗੀਜੀਆਂ ਹੋਈਆਂ ਹਨ। ਮੈਂ ਛੁੱਟੜ[90] ਕਿਹੜੇ[91] ਲੇਖੇ ਵਿਚ ਹਾਂ ?

ਮੈ ਤਨਿ[92] ਅਵਗਣ[93] ਏਤੜੇ[94] ਖਸਮੁ[95] ਨ ਫੇਰੇ[96] ਚਿਤੁ[97] ॥੩॥

Within my body[92] there are so many[94] demerits[93]. My Husband[95] turns[96] not His mind[97] towards me.

ਮੇਰੀ ਦੇਹ[92] ਅੰਦਰ ਐਨੀਆਂ[94] ਬਦੀਆਂ[93] ਹਨ। ਮੇਰਾ ਪਤੀ[95] ਮੇਰੇ ਵੱਲ ਆਪਣਾ ਮਨ[97] ਨਹੀਂ ਮੋੜਦਾ[96]।

ਮਹਲਾ ੧ ॥

Ist Guru.

ਪਹਿਲੀ ਪਾਤਿਸ਼ਾਹੀ।

ਹਉ ਬਲਿਹਾਰੀ[98] ਤਿਨ ਕਉ ਸਿਫਤਿ[99] ਜਿਨਾ ਦੈ ਵਾਤਿ[100] ॥

I am a sacrifice[98] unto those, within whose mouth[100] is the Lord's praise[99].

ਮੈਂ ਉਨ੍ਹਾਂ ਉਤੋਂ ਘੋਲੀ ਜਾਂਦਾ[98] ਹਾਂ ਜਿਨ੍ਹਾਂ ਦੇ ਮੂੰਹ[100] ਵਿਚ ਸੁਆਮੀ ਦੀ ਸਿਫ਼ਤ ਸ਼ਲਾਘਾ[99] ਹੈ।

ਸਭਿ ਰਾਤੀ[2] ਸੋਹਾਗਣੀ[3] ਇਕ ਮੈ ਦੋਹਾਗਣਿ[4] ਰਾਤਿ ॥੪॥

All the nights[2] are for the chaste bride[3]. Let me, who is separated[4] from Thee, O Lord, have even one night.

ਸਾਰੀਆਂ ਰਾਤਰੀਆਂ[2] ਪਾਕ ਦਾਮਨ ਪਤਨੀ[3] ਲਈ ਹਨ। ਹੇ ਸੁਆਮੀ ! ਮੈਂ ਤੇਰੇ ਨਾਲੋਂ[4] ਵਿਛੜੀ ਹੋਈ[4] ਨੂੰ ਇਕ ਰਾਤਰੀ ਹੀ ਪਰਦਾਨ ਕਰ।

ਪਉੜੀ ॥

Pauri.

ਪਉੜੀ।

ਦਰਿ[5] ਮੰਗਤੁ[6] ਜਾਚੈ[7] ਦਾਨੁ[8] ਹਰਿ ਦੀਜੈ[9] ਕ੍ਰਿਪਾ ਕਰਿ[10] ॥

I, a mumper[6] of Thine door[5], O God, pray[7] for alms[8]. In Thy mercy[10], bless[9] Thou me with it.

ਹੇ ਵਾਹਿਗੁਰੂ ! ਮੈਂ ਤੇਰੇ ਬੂਹੇ[5] ਦਾ ਭਿਖਾਰੀ[6], ਤੇਰੇ ਕੋਲੋਂ ਇਕ ਖੈਰ[8] ਮੰਗਦਾ[7] ਹਾਂ। ਮਿਹਰ[10] ਧਾਰ ਕੇ ਤੂੰ ਮੈਨੂੰ ਇਹ ਪਰਦਾਨ ਕਰ[9]।

ਗੁਰਮੁਖਿ[12] ਲੇਹੁ ਮਿਲਾਇ[13] ਜਨੁ[14] ਪਾਵੈ[15] ਨਾਮੁ ਹਰਿ ॥

Unite[13] me, Thy slave[14], with the supreme Guru[12], that I may obtain[15] Thine Name, O God.

ਮੈਂ, ਆਪਣੇ ਗੋਲੇ[14] ਨੂੰ ਸ਼ਰੋਮਣੀ ਗੁਰਾਂ[12] ਨਾਲ ਮਿਲਾ ਦੇ[13] ਤਾਂ ਜੋ ਮੈਂ ਤੇਰੇ ਨਾਮ ਨੂੰ ਪਰਾਪਤ[15] ਕਰ ਲਵਾਂ, ਹੇ ਵਾਹਿਗੁਰੂ !

ਅਨਹਦ ਸਬਦੁ[16] ਵਜਾਇ[17] ਜੋਤੀ[18] ਜੋਤਿ[19] ਧਰਿ[20] ॥

Blend[20] Thou my light[19] with Thy Supreme Light[18], that the celestial strain[16] may resound[17] within me.

ਮੇਰੇ ਨੂਰ[19] ਨੂੰ ਤੂੰ ਆਪਣੇ ਪਰਮ ਨੂਰ[18] ਨਾਲ ਅਭੇਦ[20] ਕਰ ਲੈ ਤਾਂ ਜੋ ਮੇਰੇ ਅੰਦਰ ਬੈਕੁੰਠੀ ਕੀਰਤਨ[16] ਦੀ ਧਨੀ ਗੂੰਜੇ[17]।

ਹਿਰਦੈ[21] ਹਰਿਗੁਣ[22] ਗਾਇ[23] ਜੈ ਜੈ[24] ਸਬਦੁ[25] ਹਰਿ ॥

Within my mind[21] I sing[23] the Lord's praise[22] and eulogise[24] the Lord's Name[25].

ਆਪਣੇ ਮਨ[21] ਅੰਦਰ ਮੈਂ ਸਾਈਂ ਦੀ ਕੀਰਤੀ[22] ਗਾਉਂਦਾ[23] ਅਤੇ ਸਾਈਂ ਦੇ ਨਾਮ[25] ਦੀ ਪਰਸੰਸਾ[24] ਕਰਦਾ ਹਾਂ।

ਜਗ[26] ਮਹਿ[27] ਵਰਤੈ[28] ਆਪਿ[31] ਹਰਿ ਸੇਤੀ[29] ਪ੍ਰੀਤਿ[30] ਕਰਿ ॥੧੫॥

The Lord Himself[31] is contained[28] in[27] the world[26]. O man, bear thou love[30] with[29] Him.

ਸੁਆਮੀ ਖ਼ੁਦ[31] ਸੰਸਾਰ[26] ਅੰਦਰ[27] ਰਮਿਆ ਹੋਇਆ[28] ਹੈ। ਹੇ ਬੰਦੇ ! ਤੂੰ ਉਸ ਨਾਲ[29] ਮੁਹੱਬਤ[30] ਕਰ।

ਸਲੋਕ ਮਹਲਾ ੧ ॥

Slok Ist Guru.

ਸਲੋਕ ਪਹਿਲੀ ਪਾਤਿਸ਼ਾਹੀ।

ਜਿਨੀ ਨ ਪਾਇਓ ਪ੍ਰੇਮ[32] ਰਸੁ[33] ਕੰਤ[34] ਨ ਪਾਇਓ ਸਾਉ[35] ॥ ਸੁੰਞੇ[36] ਘਰ[37] ਕਾ

They who obtain not the elixir[33] of love[32] and the delight[35] of their Groom[34], are like the guest[38] of an

ਜੋ ਪਿਆਰ[32] ਦੇ ਅੰਮ੍ਰਿਤ[33] ਅਤੇ ਆਪਣੇ ਪਤੀ[34] ਦੀ ਖ਼ੁਸ਼ੀ[35] ਨੂੰ ਪਰਾਪਤ ਨਹੀਂ ਕਰਦੀਆਂ, ਉਹ ਸੁੰਨੇ[36] ਘਰ[37] ਦੇ ਪ੍ਰਾਹੁਣੇ[38] ਦੀ ਮਾਨੰਦ ਹਨ ਜੋ ਜਿਸ ਤਰ੍ਹਾਂ[39]

ਪਾਹੁਣਾ[38] ਜਿਉ[39] ਆਇਆ ਤਿਉ[40] ਜਾਉ ॥੧॥	empty[36] house[37], who goes as[40] empty-handed, as[39] he comes.	ਖਾਲੀ ਹੱਥੀਂ ਆਉਂਦਾ ਹੈ, ਉਸੇ ਤਰ੍ਹਾਂ[40] ਹੀ ਮੁੜ ਜਾਂਦਾ ਹੈ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਸਉ[41] ਓਲਾਮੇ[42] ਦਿਨੈ ਕੇ ਰਾਤੀ[43] ਮਿਲਨਿ ਸਹੰਸ[44] ॥ ਸਿਫਤਿ[45] ਸਲਾਹਣੁ[46] ਛਡਿ[47] ਕੈ ਕਰੰਗੀ[48] ਲਗਾ[49] ਹੰਸੁ[50] ॥	Forsaking[47] the Lord's praise[45] and eulogy[46], the swan[50] is attached[49] to the skeletons[48], wherefore he receives hundreds[41] of reproaches[42] in a day and thousands[44] in a night[43].	ਪ੍ਰਭੂ ਦਾ ਜੱਸ[45] ਅਤੇ ਕੀਰਤੀ[46] ਤਿਆਗ ਕੇ[47], ਰਾਜਹੰਸ[50] ਹੱਡੀਆਂ ਦੇ ਪਿੰਜਰਾਂ[48] ਨੂੰ ਚਿਮੜਿਆ ਹੋਇਆ[49] ਹੈ, ਇਸ ਲਈ ਇਸਨੂੰ ਸੈਂਕੜੇ[41] ਧ੍ਰਿਕਾਰਾਂ[42] ਦਿਨ ਨੂੰ ਅਤੇ ਹਜ਼ਾਰਾਂ[44] ਰੈਣ[43] ਨੂੰ ਮਿਲਦੀਆਂ ਹਨ।
ਫਿਟੁ[51] ਇਵੇਹਾ[52] ਜੀਵਿਆ[53] ਜਿਤੁ ਖਾਇ[54] ਵਧਾਇਆ[55] ਪੇਟੁ[56] ॥	Accursed[51] is such[52] a life[53], wherein man distends[55] his belly[56] by eating[54].	ਲਾਹਨਤ[51] ਮਾਰਿਆ ਹੈ ਇਹੋ ਜਿਹਾ[52] ਜੀਵਨ[53], ਜਿਸ ਅੰਦਰ ਖਾ ਖਾ ਕੇ[54], ਇਨਸਾਨ ਆਪਣਾ ਢਿੱਡ[56] ਫੁਲਾਈ[55] ਜਾਂਦਾ ਹੈ।
ਨਾਨਕ ਸਚੇ ਨਾਮ ਵਿਣੁ[57] ਸਭੋ[58] ਦੁਸਮਨੁ[59] ਹੇਤੁ[60] ॥੨॥	Nanak, without[57] the True Name, all[58] the friends[60] turn into enemies[59].	ਨਾਨਕ, ਸੱਚੇ ਨਾਮ ਦੇ ਬਾਝੋਂ[57] ਸਾਰੇ[58] ਮਿੱਤਰ[60] ਵੈਰੀ[59] ਬਣ ਜਾਂਦੇ ਹਨ।
ਪਉੜੀ ॥	Pauri.	ਪਉੜੀ।
ਢਾਢੀ[61] ਗੁਣ[62] ਗਾਵੈ[66] ਨਿਤ[63] ਜਨਮੁ[64] ਸਵਾਰਿਆ[65]।	The bard[61] ever[63] sings[66] God's praises[62] to embellish[65] his life[64].	ਆਪਣਾ ਜੀਵਨ[64] ਸੁਸ਼ੋਭਤ[65] ਕਰਨ ਲਈ, ਭੱਟ[61] ਸਦਾ[63] ਵਾਹਿਗੁਰੂ ਦੀਆਂ ਸਿਫ਼ਤਾਂ[62] ਗਾਇਨ ਕਰਦਾ[66] ਹੈ।
੭੯੧	791	੭੯੧
ਗੁਰਮੁਖਿ[67] ਸੇਵਿ[68] ਸਲਾਹਿ[69] ਸਚਾ[70] [71]ਉਰਧਾਰਿਆ[72] ॥	The Guru-ward[67] serves[68] and praises[69] the True Lord[70] and enshrines[72] Him in his heart[71].	ਗੁਰੂ-ਅਨੁਸਾਰੀ[67] ਸੱਚੇ ਸੁਆਮੀ[70] ਦੀ ਸੇਵਾ ਟਹਿਲ[68] ਤੇ ਸਿਫ਼ਤ[69] ਕਰਦਾ ਹੈ ਅਤੇ ਉਸ ਨੂੰ ਆਪਣੇ ਦਿਲ[71] ਅੰਦਰ ਟਿਕਾਉਂਦਾ[72] ਹੈ।
ਘਰੁ ਦਰੁ[73] ਪਾਵੈ ਮਹਲੁ[74] ਨਾਮੁ ਪਿਆਰਿਆ[75] ॥	By loving[75], Thy Name, he obtains his own home[73] and mansion[74].	ਤੇਰੇ ਨਾਮ ਨਾਲ ਨੇਹੁੰ[75] ਕਰਨ ਦੁਆਰਾ ਉਹ ਆਪਣੇ ਨਿਜ ਦੇ ਧਾਮ[73] ਅਤੇ ਮੰਦਰ[74] ਨੂੰ ਪਾ ਲੈਂਦਾ ਹੈ।
ਗੁਰਮੁਖਿ[76] ਪਾਇਆ ਨਾਮੁ ਹਉ ਗੁਰ ਕਉ ਵਾਰਿਆ[77] ॥	Through the Guru[76], I have obtained the Name and I am a sacrifice[77] unto the Guru	ਗੁਰਾਂ ਦੇ ਰਾਹੀਂ[76] ਮੈਂ ਨਾਮ ਨੂੰ ਪਰਾਪਤ ਕਰ ਲਿਆ ਹੈ ਅਤੇ ਮੈਂ ਗੁਰਾਂ ਉਤੋਂ ਘੋਲੀ ਜਾਂਦਾ[77] ਹਾਂ।
ਤੂ ਆਪਿ ਸਵਾਰਹਿ[78] ਆਪਿ ਸਿਰਜਨ ਹਾਰਿਆ[79] ॥੧੬॥	O my Creator[79] Lord, Thou Thyself embellishest[78] the mortals.	ਹੇ ਮੇਰੇ ਰਚਨਹਾਰ[79] ਸੁਆਮੀ! ਤੂੰ ਆਪੇ ਹੀ ਪ੍ਰਾਣੀਆਂ ਨੂੰ ਸੁਸ਼ੋਭਤ[78] ਕਰਦਾ ਹੈਂ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਦੀਵਾ[80] ਬਲੈ[81] ਅੰਧੇਰਾ[82] ਜਾਇ[83] ॥ ਬੇਦ[84] ਪਾਠ[85] ਮਤਿ[86] ਪਾਪਾ[87] ਖਾਇ[88] ॥	When the lamp[80] is lit[81], darkness[82] is dispelled[83], similarly by reading[85] the religious books[84], the sinful[87] intellect[86] is destroyed[88].	ਜਦ ਦੀਪਕ[80] ਜਗ ਪੈਂਦਾ[81] ਹੈ, ਅਨ੍ਹੇਰਾ[82] ਦੂਰ ਹੋ ਜਾਂਦਾ[83] ਹੈ, ਇਸੇ ਤਰ੍ਹਾਂ ਧਾਰਮਕ ਗ੍ਰੰਥ[84] ਵਾਚਣ[85] ਦੁਆਰਾ ਗੁਨਾਹ-ਭਰੀ[87] ਅਕਲ[86] ਨਾਸ ਹੋ ਜਾਂਦੀ[88] ਹੈ।
ਉਗਵੈ[89] ਸੂਰੁ[90] ਨ ਜਾਪੈ[91] ਚੰਦੁ[92] ॥	When the sun[90] rises[89], the moon[92] is seen[91] not.	ਜਦ ਸੂਰਜ[90] ਚੜ੍ਹ ਪੈਂਦਾ[89] ਹੈ, ਚੰਦਰਮਾ[92] ਦਿਸਦਾ[91] ਹੀ ਨਹੀਂ।

ਜਹ[93] ਗਿਆਨ[94] ਪ੍ਰਗਾਸੁ[95] ਅਗਿਆਨੁ[96] ਮਿਟੰਤੁ[97] ॥	Where[93] divine knowledge[94] appears[95], ignorance[96] is dispelled[97].	ਜਿਥੇ[93] ਬ੍ਰਹਮ ਗਿਆਤ[94] ਪਰਗਟ ਹੋ ਜਾਂਦੀ[95] ਹੈ ਬੇਸਮਝੀ[96] ਦੂਰ ਹੋ ਜਾਂਦੀ[97] ਹੈ।
ਬੇਦ ਪਾਠ[4] ਸੰਸਾਰ[98] ਕੀ ਕਾਰ[99] ॥ ਪੜਿ ਪੜਿ[100] ਪੰਡਿਤ[2] ਕਰਹਿ ਬੀਚਾਰ[3] ॥	The reading[4] of the Vedas is the world's[98] occupation[99] The learned men[2], read, study[100] and deliberate[3] over them.	ਵੇਦਾਂ ਦਾ ਪੜ੍ਹਨਾ[4], ਦੁਨੀਆਂ[98] ਦਾ ਇਕ ਵਿਹਾਰ[99] ਹੈ। ਵਿਦਵਾਨ ਪੁਰਸ਼[2] ਉਨ੍ਹਾਂ ਨੂੰ ਪੜ੍ਹਦੇ, ਵਾਚਦੇ[100] ਅਤੇ ਸੋਚਦੇ ਸਮਝਦੇ[3] ਹਨ।
ਬਿਨੁ[5] ਬੂਝੇ[6] ਸਭ[7] ਹੋਇ ਖੁਆਰ[8] ॥ ਨਾਨਕ ਗੁਰਮੁਖਿ[9] ਉਤਰਸਿ[10] ਪਾਰਿ ॥੧॥	Without[5] understanding[6] the Lord, everyone[7] is ruined[8]. Nanak, by Guru's grace[9], the mortal is ferried across[10].	ਸਾਹਿਬ ਨੂੰ ਸਮਝਣ[6] ਦੇ ਬਗ਼ੈਰ[5] ਹਰ ਕੋਈ[7] ਬਰਬਾਦ[8] ਹੋ ਜਾਂਦਾ ਹੈ। ਨਾਨਕ, ਗੁਰਾਂ ਦੀ ਦਇਆ[9] ਦੁਆਰਾ ਪ੍ਰਾਣੀ ਦਾ ਪਾਰ ਉਤਾਰਾ ਹੋ ਜਾਂਦਾ[10] ਹੈ।
ਮਹਲਾ ੧ ॥	Ist Guru.	ਪਹਿਲੀ ਪਾਤਿਸ਼ਾਹੀ।
ਸਬਦੈ[12] ਸਾਦੁ[13] ਨ ਆਇਓ ਨਾਮਿ ਨ ਲਗੋ ਪਿਆਰੁ[14] ॥ ਰਸਨਾ[15] ਫਿਕਾ[16] ਬੋਲਣਾ ਨਿਤ[17] ਨਿਤ ਹੋਇ ਖੁਆਰੁ[18] ॥	They who relish[13] not the Word[12], love[14] not the Lord's Name and speak insipidly[16] with their tongue[15] are ever[17], ever disgraced[18].	ਜੋ ਸ਼ਬਦ[12] ਦਾ ਰਸ[13] ਨਹੀਂ ਮਾਣਦੇ, ਸੁਆਮੀ ਦੇ ਨਾਮ ਨਾਲ ਪ੍ਰੇਮ[14] ਨਹੀਂ ਕਰਦੇ ਅਤੇ ਆਪਣੀ ਜੀਭ[15] ਨਾਲ ਰੁੱਖਾ[16] ਬੋਲਦੇ ਹਨ, ਉਹ ਸਦੀਵ[17], ਸਦੀਵ ਹੀ ਬੇਇੱਜ਼ਤ[18] ਹੁੰਦੇ ਹਨ।
ਨਾਨਕ ਪਇਐ[19] ਕਿਰਤਿ[20] ਕਮਾਵਣਾ[21] ਕੋਇ ਨ ਮੇਟਣਹਾਰੁ[22] ॥੨॥	Nanak, they act[21] according to their wrought[19] deeds[20], which none can erase[22].	ਨਾਨਕ, ਉਹ ਆਪਣੇ ਕੀਤੇ ਹੋਏ[19] ਕਰਮਾਂ[20] ਦੇ ਅਨੁਸਾਰ ਕੰਮ ਕਰਦੇ[21] ਹਨ, ਜਿਨ੍ਹਾਂ ਨੂੰ ਕੋਈ ਭੀ ਮੇਸ[22] ਨਹੀਂ ਸਕਦਾ।
ਪਉੜੀ ॥	Pauri.	ਪਉੜੀ।
ਜਿ ਪ੍ਰਭੁ ਸਾਲਾਹੇ[23] ਆਪਣਾ ਸੁ[24] ਸੋਭਾ[25] ਪਾਏ ॥	He[24] who praises[23] his Lord, obtains glory[25].	ਜੋ ਆਪਣੇ ਪ੍ਰਭੂ ਦੀ ਪ੍ਰਸੰਸਾ[23] ਕਰਦਾ ਹੈ, ਉਹ[24] ਪ੍ਰਭਤਾ[25] ਨੂੰ ਪਾ ਲੈਂਦਾ ਹੈ।
ਹਉਮੈ[26] ਵਿਚਹੁ[27] ਦੂਰਿ ਕਰਿ[28] ਸਚੁ[29] ਮੰਨਿ[30] ਵਸਾਏ[31] ॥	He drives away[28] his self-conceit[26] from within[27] himself and enshrines[31] the True Name[29] in his mind[30].	ਉਹ ਆਪਣੇ ਅੰਦਰੋਂ[27] ਆਪਣੀ ਸਵੈ-ਹੰਗਤਾ[26] ਨੂੰ ਬਾਹਰ ਕੱਢ ਦਿੰਦਾ[28] ਹੈ ਅਤੇ ਸੱਚੇ ਨਾਮ[29] ਨੂੰ ਆਪਣੇ ਹਿਰਦੇ[30] ਵਿਚ ਟਿਕਾਉਂਦਾ[31] ਹੈ।
ਸਚੁ ਬਾਣੀ[32] ਗੁਣ[33] ਉਚਰੈ[34] ਸਚਾ ਸੁਖੁ[35] ਪਾਏ[36] ॥	Through the True Gurbani[32], he utters[34] God's praises[33] and is blessed[36] with true peace[35].	ਸੱਚੀ ਗੁਰਬਾਣੀ[32] ਰਾਹੀਂ, ਉਹ ਵਾਹਿਗੁਰੂ ਦੀਆਂ ਸਿਫ਼ਤਾਂ[33] ਉਚਾਰਨ ਕਰਦਾ[34] ਹੈ ਅਤੇ ਸੱਚੇ ਆਰਾਮ[35] ਨੂੰ ਪਾਉਂਦਾ[36] ਹੈ।
ਮੇਲੁ ਭਇਆ ਚਿਰੀ[37] ਵਿਛੁੰਨਿਆ[38] ਗੁਰ ਪੁਰਖਿ[39] ਮਿਲਾਏ ॥	He is united with the Lord after a long[37] separation[38]. The Omnipotent[39] Guru, makes him meet the Lord.	ਚੇਰ[37] ਤੋਂ ਵਿਛੜੇ ਹੋਏ[38] ਦਾ, ਆਪਣੇ ਸਾਹਿਬ ਨਾਲ ਮਿਲਾਪ ਪੈਂਦਾ ਹੈ। ਸਰਬ-ਸ਼ਕਤੀਵਾਨ[39] ਗੁਰੂ ਜੀ ਉਸ ਨੂੰ ਸਾਹਿਬ ਨਾਲ ਮਿਲਾ ਦਿੰਦੇ ਹਨ।
ਮਨੁ[40] ਮੈਲਾ[41] ਇਵ[42] ਸੁਧੁ[43] ਹੈ ਹਰਿ ਨਾਮੁ ਧਿਆਏ[44] ॥੭॥	Like this[42], the filthy[41] soul[40] is cleansed[43] and he contemplates[44] the Lord's Name.	ਇਸ ਤਰ੍ਹਾਂ[42] ਮਲੀਨ[41] ਆਤਮਾ[40] ਸਾਫ਼ ਸੁਥਰੀ[43] ਹੋ ਜਾਂਦੀ ਹੈ ਅਤੇ ਉਹ ਸਾਹਿਬ ਦੇ ਨਾਮ ਦਾ ਸਿਮਰਨ[44] ਕਰਦਾ ਹੈ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।

ਕਾਇਆ[45] ਕੂਮਲ[46] ਫੁਲ[47] ਗੁਣ[48] ਨਾਨਕ ਗੁਪਸਿ[49] ਮਾਲ[50] ॥	With the fresh leaves[46] of the body[45] and the flowers[47] of virtues[48], Nanak weaves[49] a garland[50].	ਦੇਹ[45] ਦੇ ਤਾਜ਼ੇ ਪਾਤਿਆਂ[46] ਅਤੇ ਨੇਕੀਆਂ[48] ਦੇ ਫੁੱਲਾਂ[47] ਨਾਲ ਨਾਨਕ ਫੁਲ-ਮਾਲਾ[50] ਗੁੰਦਦਾ[49] ਹੈ।
ਏਨੀ[51] ਫੁਲੀ[52] ਰਉ ਕਰੇ[53] ਅਵਰ[54] ਕਿ[57] ਚੁਣੀਅਹਿ[55] ਡਾਲ[56] ॥੧॥	The Lord desires[53] such[51] garlands[52] why[57] then selectest[55] thou other[54] branches[56] ?	ਪ੍ਰਭੂ ਇਹੋ ਜਿਹੀ[51] ਫੁਲ-ਮਾਲਾ[52] ਨੂੰ ਚਾਹੁੰਦਾ[53] ਹੈ ਤਦ ਤੂੰ ਹੋਰ[54] ਟਹਿਣੀਆਂ[56] ਕਿਉਂ[57] ਚੁਗਦਾ[55] ਹੈਂ ?
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਨਾਨਕ ਤਿਨਾ[57]* ਬਸੰਤੁ[58] ਹੈ ਜਿਨ ਘਰਿ[61] ਵਸਿਆ[59] ਕੰਤੁ[60] ॥	Nanak they[57]*, in whose home[61] their Spouse[60] abides[59], enjoy the spring season[58].	ਨਾਨਕ, ਜਿਨ੍ਹਾਂ ਦੇ ਗ੍ਰਿਹ[61] ਅੰਦਰ ਉਨ੍ਹਾਂ ਦਾ ਭਰਤਾ[60] ਵਸਦਾ[59] ਹੈ, ਉਹ[57]* ਹੀ ਬਹਾਰ[58] ਦੀ ਰੁੱਤ ਨੂੰ ਮਾਣਦੀਆਂ ਹਨ।
ਜਿਨ ਕੇ ਕੰਤ ਦਿਸਾਪੁਰੀ[62] ਸੇ[63] [64]ਅਹਿਨਿਸਿ[65] ਫਿਰਹਿ ਜਲੰਤੁ[66] ॥੨॥	They[63], whose spouse is in distant land[62], continue burning[66] day[64] and night[65].	ਜਿਨ੍ਹਾਂ ਦਾ ਭਰਤਾ ਪਰਦੇਸ[62] ਵਿਚ ਹੈ, ਉਹ[63] ਦਿਨ[64] ਰੈਣ[65] ਬਲਦੀਆਂ[66] ਰਹਿੰਦੀਆਂ ਹਨ।
ਪਉੜੀ ॥	Pauri.	ਪਉੜੀ।
ਆਪੇ[67] ਬਖਸੇ[68] ਦਇਆ[69] ਕਰਿ ਗੁਰ[70] ਸਤਿਗੁਰ ਬਚਨੀ[71] ॥	If the mortal dwells on the great[70] True Guru's Word[71], the Lord Himself[67] mercifully[69] pardons[68] him.	ਜੇਕਰ ਪ੍ਰਾਣੀ ਵਿਸ਼ਾਲ[70] ਸੱਚੇ ਗੁਰਾਂ ਦੀ ਬਾਣੀ[71] ਦੀ ਵੀਚਾਰ ਕਰੇ ਤਾਂ ਮਾਲਕ ਖੁਦ[67] ਹੀ ਮਿਹਰ[69] ਧਾਰ ਕੇ ਉਸ ਨੂੰ ਮਾਫ਼ ਕਰ ਦਿੰਦਾ[68] ਹੈ।
ਅਨਦਿਨੁ[72] ਸੇਵੀ[73] ਗੁਣ[74] ਰਵਾ[75] ਮਨੁ[77] ਸਚੇ[76] ਰਚਨੀ[78] ॥	Night and day[72] I serve[73] the True Lord[76], utter[75] His praises[74] and merge[78] my soul[77] in Him.	ਰਾਤ ਦਿਨ[72] ਮੈਂ ਸੱਚੇ ਸਾਈਂ[76] ਦੀ ਘਾਲ ਕਮਾਉਂਦਾ[73] ਤੇ ਉਸ ਦੀਆਂ ਸਿਫ਼ਤਾਂ[74] ਉਚਾਰਦਾ[75] ਹਾਂ ਅਤੇ ਆਪਣੀ ਆਤਮਾ[77] ਨੂੰ ਉਸ ਅੰਦਰ ਲੀਨ ਕਰਦਾ[78] ਹਾਂ।
ਪ੍ਰਭੁ ਮੇਰਾ ਬੇਅੰਤੁ[79] ਹੈ ਅੰਤੁ[80] ਕਿਨੈ ਨ ਲਖਨੀ[81] ॥	Infinite[79] is my Lord. None knows[81] His limit[80].	ਅਨੰਤ[79] ਹੈ ਮੇਰਾ ਸੁਆਮੀ। ਉਸ ਦੇ ਓੜਕ[80] ਨੂੰ ਕੋਈ ਨਹੀਂ ਜਾਣਦਾ[81]।
ਸਤਿਗੁਰ ਚਰਣੀ[82] ਲਗਿਆ[83] ਹਰਿ ਨਾਮੁ ਨਿਤ[84] ਜਪਣਾ[85] ॥	Clinging[83] to the True Guru's feet[82], man ever[84] contemplates[85] the Lord's Name.	ਗੁਰਾਂ ਦੇ ਪੈਰਾਂ[82] ਨਾਲ ਜੁੜ ਕੇ[83], ਇਨਸਾਨ ਸਦਾ[84] ਹੀ ਸੁਆਮੀ ਦੇ ਨਾਮ ਦਾ ਸਿਮਰਨ[85] ਕਰਦਾ ਹੈ।
ਜੋ[86] ਇਛੈ[87] ਸੋ[88] ਫਲੁ[89] ਪਾਇਸੀ[90] ਸਭਿ[93] ਘਰੈ[91] ਵਿਚਿ ਜਚਨੀ[92] ॥੧੮॥	He obtains[90] the[88] fruit[89], which[86] he desires[87] and all[93] his wishes[92] are fulfilled in his very home[91].	ਉਹ ਉਸ[88] ਮੇਵੇ[89] ਨੂੰ ਪਾ ਲੈਂਦਾ[90] ਹੈ, ਜਿਸ[86] ਨੂੰ ਉਹ ਚਾਹੁੰਦਾ[87] ਹੈ ਅਤੇ ਉਸ ਦੀਆਂ ਸਮੂਹ[93] ਯਾਚਨਾਵਾਂ[92] ਉਸ ਦੇ ਧਾਮ[91] ਅੰਦਰ ਹੀ ਪੂਰੀਆਂ ਹੋ ਜਾਂਦੀਆਂ ਹਨ।
ਸਲੋਕ ਮਹਲਾ ੧ ॥	Slok Ist Guru.	ਸਲੋਕ ਪਹਿਲੀ ਪਾਤਿਸ਼ਾਹੀ।
ਪਹਿਲ[93]* ਬਸੰਤੈ[94] ਆਗਮਨਿ[95] ਪਹਿਲਾ[96] ਮਉਲਿਓ[97] ਸੋਇ[98] ॥	The spring[94] brings bloom[95] first[93]* but He[98], the Lord blooms[97] earlier[96] still.	ਬਹਾਰ[94] ਪਹਿਲਾਂ[93]* ਖੇੜਾ ਲਿਆਉਂਦੀ[95] ਹੈ ਪ੍ਰੰਤੂ ਉਹ[98] ਸੁਆਮੀ ਉਸ ਤੋਂ ਭੀ ਪਹਿਲਾਂ[96] ਖਿੜਦਾ[97] ਹੈ।
ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ[99] ਕੋਇ ॥੧॥	By his blooming, everything blooms, but He needs none else to blossom[99].	ਉਸ ਦੇ ਖਿੜਨ ਦੁਆਰਾ ਹਰ ਸ਼ੈ ਖਿੜ ਜਾਂਦੀ ਹੈ ਪ੍ਰੰਤੂ ਉਸ ਨੂੰ ਪ੍ਰਫੁਲਤ[99] ਹੋਣ ਲਈ ਕਿਸੇ ਦੀ ਲੋੜ ਨਹੀਂ।

ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਪਹਿਲ[100] ਬਸੰਤੈ[2] ਆਗਮਨਿ[3] ਤਿਸ[4] ਕਾ ਕਰਹੁ ਬੀਚਾਰੁ[5] ॥	Meditate[5] thou on Him[4], who comes[3] earlier[100] than the spring season[2].	ਤੂੰ ਉਸ ਦਾ[4] ਆਰਾਧਨ[5] ਕਰ, ਜੋ ਮੌਸਮ[2] ਬਹਾਰ ਤੋਂ ਪਹਿਲਾਂ[100] ਆਉਂਦਾ[3] ਹੈ।
ਨਾਨਕ ਸੋ[6] ਸਾਲਾਹੀਐ[7] ਜਿ ਸਭਸੈ[8] ਦੇ[9] ਆਧਾਰੁ[10] ॥੨॥	Nanak, praise[7] thou Him[6] who gives[9] support[10] to all[8].	ਨਾਨਕ, ਉਸ[6] ਦੀ ਤੂੰ ਸਿਫ਼ਤ[7] ਕਰ ਜੋ ਸਾਰਿਆਂ[8] ਨੂੰ ਆਸਰਾ[10] ਦਿੰਦਾ[9] ਹੈ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ।
ਮਿਲਿਐ[12] ਮਿਲਿਆ[13] ਨਾ ਮਿਲੈ[14] ਮਿਲੈ[14*] ਮਿਲਿਆ[15] ਜੇ[16] ਹੋਇ ॥	By uniting[12] outwardly, the united[13] one unites[14] not. He meets[14*], if[16] he meets[15] inwardly.	ਬਾਹਰਵਾਰੋਂ ਜੋੜਨ ਦੁਆਰਾ[12], ਜੁੜਨ ਵਾਲਾ[13] ਜੁੜਦਾ[14] ਨਹੀਂ। ਉਹ ਮਿਲ ਪੈਂਦਾ[14*] ਹੈ ਜੇਕਰ[16] ਉਹ ਅੰਦਰਵਾਰੋਂ ਮਿਲ ਜਾਏ[15]।
ਅੰਤਰ[17] ਆਤਮੈ[18] ਜੋ ਮਿਲੈ ਮਿਲਿਆ ਕਹੀਐ[19] ਸੋਇ[20] ॥੩॥	He[20] who meets in[17] spirit[18], is said[19] to have really met.	ਜੋ ਆਪਣੇ ਹਿਰਦੇ[18] ਅੰਦਰੋਂ[17] ਮਿਲਦਾ ਹੈ, ਉਹ[20] ਹੀ ਅਸਲ ਵਿਚ ਮਿਲਿਆ ਆਖਿਆ ਜਾਂਦਾ[19] ਹੈ।
ਪਉੜੀ ॥	Pauri.	ਪਉੜੀ।
ਹਰਿ ਹਰਿ ਨਾਮੁ ਸਲਾਹੀਐ[21] ਸਚੁ ਕਾਰ[22] ਕਮਾਵੈ ॥	Praise[21] thou the Lord God's Name and do the true deeds[22].	ਤੂੰ ਸੁਆਮੀ ਵਾਹਿਗੁਰੂ ਦੇ ਨਾਮ ਦੀ ਸਿਫ਼ਤ[21] ਕਰ ਅਤੇ ਸੱਚੇ ਕਰਮ[22] ਕਮਾ।
ਦੂਜੀ[23] ਕਾਰੈ[24] ਲਗਿਆ[25] ਫਿਰਿ[26] ਜੋਨੀ[27] ਪਾਵੈ[28] ॥	Attaching[25] to other[23] tasks[24], the mortal is cast[28] again[26] in existences[27].	ਹੋਰਨਾਂ[23] ਕੰਮਾਂ[24] ਨਾਲ ਜੁੜਨ ਦੁਆਰਾ[25], ਪ੍ਰਾਨੀ ਮੁੜ[26] ਕੇ ਜੂਨੀਆਂ[27] ਵਿਚ ਪਾਇਆ ਜਾਂਦਾ[28] ਹੈ।
ਨਾਮਿ ਰਤਿਆ[29] ਨਾਮੁ[30] ਪਾਈਐ ਨਾਮੇ[31] ਗੁਣ[32] ਗਾਵੈ ॥	Imbued[29] with the Name, man attains to the Lord[30] and through the Name[31] sings His praises[32].	ਨਾਮ ਨਾਲ ਰੰਗੀਜਣ ਦੁਆਰਾ[29], ਬੰਦਾ ਪ੍ਰਭੂ[30] ਨੂੰ ਪਰਾਪਤ ਹੋ ਜਾਂਦਾ ਹੈ ਅਤੇ ਨਾਮ ਦੇ ਰਾਹੀਂ[31] ਉਸ ਦੀਆਂ ਸਿਫ਼ਤਾਂ[32] ਗਾਇਨ ਕਰਦਾ ਹੈ।
ਗੁਰ ਕੈ ਸਬਦਿ[33] ਸਲਾਹੀਐ[34] ਹਰਿ ਨਾਮਿ ਸਮਾਵੈ[35] ॥	Eulogising[34] the Lord through Guru's Word[33], the mortal merges[35] in the Lord's Name.	ਗੁਰਾਂ ਦੇ ਸ਼ਬਦ[33] ਤਾਬੇ ਪ੍ਰਭੂ ਦੀ ਪ੍ਰਸੰਸਾ[34] ਕਰਨ ਦੁਆਰਾ ਜੀਵ ਪ੍ਰਭੂ ਦੇ ਨਾਮ ਅੰਦਰ ਲੀਨ[35] ਹੋ ਜਾਂਦਾ ਹੈ।
ਸਤਿਗੁਰ ਸੇਵਾ[36] ਸਫਲ[37] ਹੈ ਸੇਵਿਐ ਫਲ[38] ਪਾਵੈ ॥੧੯॥	Fruitful[37] is the service[36] of the True Guru Serving him, man obtains the fruit[38].	ਫਲਦਾਇਕ[37] ਹੈ ਘਾਲ[36] ਸੱਚੇ ਗੁਰਾਂ ਦੀ। ਉਨ੍ਹਾਂ ਦੀ ਘਾਲ ਕਮਾਉਣ ਦੁਆਰਾ ਬੰਦਾ ਮੇਵਾ[38] ਪਰਾਪਤ ਕਰ ਲੈਂਦਾ ਹੈ।
ਸਲੋਕ ਮਹਲਾ ੨ ॥	Slok 2nd Guru.	ਸਲੋਕ ਦੂਜੀ ਪਾਤਿਸ਼ਾਹੀ।
ਕਿਸ[39] ਹੀ ਕੋਈ ਕੋਇ[40] ਮੰਞੁ[41] ਨਿਮਾਣੀ[43] ਇਕੁ[42] ਤੂ ॥	Some[39] have some others[40] as their friends. I[41], unhonoured[43], have only[42] Thee, O Lord,	ਕਈਆਂ[39] ਦੇ ਕਈ ਹੋਰ[40] ਮਿੱਤ੍ਰ ਹਨ। ਮੈਂ[41] ਬੇਇਜ਼ਤੀ[43] ਦਾ ਕੇਵਲ[42] ਤੂੰ ਹੀ ਹੈਂ, ਹੇ ਸੁਆਮੀ!
੭੯੨	792	੭੯੨
ਕਿਉ ਨ ਮਰੀਜੈ[44] ਰੋਇ	Why should I not die[44] of weeping,	ਜਦ ਤਾਈਂ[45] ਤੂੰ ਮੇਰੇ ਮਨ[46] ਵਿਚ ਨਹੀਂ ਆਉਂਦਾ, ਮੈਂ

ਜਾ ਲਗੁ[45] ਚਿਤਿ[46] ਨ ਆਵਹੀ ॥੧॥	until[45] Thou comest into my mind[46]	ਰੋ ਰੋ ਕੇ ਕਿਉਂ ਨ ਮਰ[44] ਜਾਵਾਂ ।
ਮਹਲਾ ੨ ॥	2nd Guru.	ਦੂਜੀ ਪਾਤਿਸ਼ਾਹੀ ।
ਜਾਂ[47] ਸੁਖੁ[48] ਤਾਂ[49] ਸਹੁ[50] ਰਾਵਿਓ[51] ਦੁਖਿ[52] ਭੀ ਸੰਮਾਲਿਓਇ[53] ॥	When[47] there is weal[48], then[49] contemplate[51] thou thy Spouse[50]. In woe[52] too, remember[53] thou Him.	ਜਦ[47] ਖ਼ੁਸ਼ੀ[48] ਹੈ ਤਦ[49] ਤੂੰ ਆਪਣੇ ਕੰਤ[50] ਨੂੰ ਯਾਦ ਕਰ[51] । ਗ਼ਮੀ[52] ਵਿਚ ਭੀ ਤੂੰ ਉਸ ਦਾ ਹੀ ਧਿਆਨ ਧਾਰ[53] ।
ਨਾਨਕੁ ਕਹੈ ਸਿਆਣੀਏ[54] ਇਉ[55] ਕੰਤ[56] ਮਿਲਾਵਾ[57] ਹੋਇ ॥੨॥	Says Nanak, O wise[54] bride, like this[55] shalt thou meet[57] thy Groom[56].	ਗੁਰੂ ਜੀ ਆਖਦੇ ਹਨ, ਹੇ ਬੁਧਵਾਨ[54] ਪਤਨੀਏ ! ਇਸ ਤਰੀਕੇ[55] ਨਾਲ ਤੂੰ ਆਪਣੇ ਪਤੀ[56] ਨੂੰ ਮਿਲ ਪਵੇਂਗੀ[57] ।
ਪਉੜੀ ॥	Pauri.	ਪਉੜੀ ।
ਹਉ[58] ਕਿਆ[59] ਸਾਲਾਹੀ[60] ਕਿਰਮ[61] ਜੰਤੁ[62] ਵਡੀ[63] ਤੇਰੀ ਵਡਿਆਈ ॥	How[59] can I[58], a worm[61] like being[62], praise[60] Thee, O Lord. Great[63] is Thine greatness.	ਮੈਂ[58] ਕੀੜੇ[61] ਵਰਗਾ ਜੀਵ[62] ਤੇਰੀ ਕਿਸ ਤਰ੍ਹਾਂ[59] ਸਿਫ਼ਤ[60] ਕਰ ਸਕਦਾ ਹਾਂ ? ਵਿਸ਼ਾਲ[63] ਹੈ ਤੇਰੀ ਵਿਸ਼ਾਲਤਾ, ਹੇ ਸਾਂਈਂ !
ਤੂ ਅਗਮ[64] ਦਇਆਲੁ[65] ਅਗੰਮੁ[66] ਹੈ ਆਪਿ[67] ਲੈਹਿ ਮਿਲਾਈ[68] ॥	Thou art Unapproachable[64], Compassionate[65] and Unfathomable[66]. Of Thyself[67], Thou unitest[68] man with Thee.	ਤੂੰ ਪਹੁੰਚ ਤੋਂ ਪਰੇ[64], ਮਿਹਰਬਾਨ[65] ਅਤੇ ਅਥਾਹ[66] ਹੈਂ । ਖ਼ੁਦ[67] ਹੀ ਤੂੰ ਇਨਸਾਨ ਨੂੰ ਆਪਣੇ ਨਾਲ ਮਿਲਾ ਲੈਂਦਾ[68] ਹੈਂ ।
ਮੈ ਤੁਝ ਬਿਨੁ ਬੇਲੀ[69] ਕੋ ਨਹੀ ਤੂ ਅੰਤਿ[70] ਸਖਾਈ[71] ॥	Without Thee, I have no other friend[69]. In the end[70] Thou alone shalt be my succourer[71].	ਤੇਰੇ ਬਾਝੋਂ ਮੇਰਾ ਹੋਰ ਕੋਈ ਮਿੱਤਰ[69] ਨਹੀਂ । ਅਖ਼ੀਰ[70] ਵਿਚ ਕੇਵਲ ਤੂੰ ਹੀ ਮੇਰਾ ਸਹਾਇਕ[71] ਹੋਵੇਂਗਾ ।
ਜੋ ਤੇਰੀ ਸਰਣਾਗਤੀ[72] ਤਿਨ[73] ਲੈਹਿ ਛਡਾਈ[74] ॥	They, who enter Thy sanctuary[72]; Them[73] redeemest[74] Thou.	ਜਿਹੜੇ ਤੇਰੀ ਛਤ੍ਰ-ਛਾਇਆ[72] ਹੇਠ ਆਉਂਦੇ ਹਨ, ਉਨ੍ਹਾਂ[73] ਨੂੰ ਤੂੰ ਬੰਦ-ਖਲਾਸ ਕਰਾ ਦਿੰਦਾ[74] ਹੈਂ ।
ਨਾਨਕ ਵੇਪਰਵਾਹੁ[75] ਹੈ ਤਿਸੁ[76] ਤਿਲੁ[77] ਨ ਤਮਾਈ[78] ॥੨੦॥	Nanak, care-free[75] is my Lord. He[76] has not even an iota[77] of avarice[78].	ਨਾਨਕ, ਮੁਛੰਦਗੀ-ਰਹਿਤ[75] ਹੈ ਮੇਰਾ ਮਾਲਕ । ਉਸ[76] ਨੂੰ ਇਕ ਭੋਰਾ[77] ਭਰ ਭੀ ਤਮ੍ਹਾ[78] ਨਹੀਂ ।
ਰਾਗੁ ਸੂਹੀ ॥	Rag Suhi.	ਰਾਗ ਸੂਹੀ ।
ਬਾਣੀ[78]* ਸ੍ਰੀ[79] ਕਬੀਰ ਜੀਉ[80] ਤਥਾ[81] ਸਭਨਾ[82] ਭਗਤਾ[83] ਕੀ ॥	Hymns[78]* of reverend[80] Sire[79] Kabir and[81] of all[82] the Saints[83].	ਬਾਣੀ[78]* ਪੂਜਯ[80] ਮਹਾਰਾਜ[79] ਕਬੀਰ ਅਤੇ[81] ਸਮੂਹ[82] ਸੰਤਾਂ[83] ਦੀ ।
ਕਬੀਰ ਕੇ[84]	Of[84] Kabir	ਕਬੀਰ ਦੇ[84]
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, is He obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪਾਇਆ ਜਾਂਦਾ ਹੈ ।
ਅਵਤਰਿ[85] ਆਇ[86] ਕਹਾ[87] ਤੁਮ ਕੀਨਾ[88] ॥	Taking[86] thy birth[85], what[87] has thou done[88] ?	ਜਨਮ[85] ਧਾਰ[86] ਕੇ, ਤੂੰ ਕੀ[87] ਕੀਤਾ[88] ਹੈ ?

ਰਾਮ[89] ਕੋ ਨਾਮੁ ਨ ਕਬਹੂ[90] ਲੀਨਾ[91] ॥੧॥	The Lord's[89] Name, Thou hast not uttered[91] ever[90].	ਸੁਆਮੀ[89] ਦਾ ਨਾਮ, ਤੂੰ ਕਦੇ[90] ਭੀ ਉਚਾਰਨ[91] ਨਹੀਂ ਕੀਤਾ।
ਰਾਮ ਨ ਜਪਹੁ[92] ਕਵਨ[93] ਮਤਿ[94] ਲਾਗੇ[95] ॥	Thou rememberest[92] not the Lord. To what[93] mal-inclinations[94] art thou attached[95] ?	ਤੂੰ ਸਾਹਿਬ ਦਾ ਸਿਮਰਨ[92] ਨਹੀਂ ਕਰਦਾ। ਤੂੰ ਕਿਹੜੀਆਂ[93] ਮੰਦ ਰੁਚੀਆਂ[94] ਨਾਲ ਜੁੜਿਆ ਹੋਇਆ[95] ਹੈਂ ?
ਮਰਿ[96] ਜਾਇਬੇ ਕਉ[96]* ਕਿਆ[98] ਕਰਹੁ ਅਭਾਗੇ[97] ॥੧॥ਰਹਾਉ॥	What[98] preparation art thou making for[96]* thy death[96], O luckless[97] man ? Pause.	ਤੂੰ ਆਪਣੀ ਮੌਤ[96] ਲਈ[96]* ਕੀ[98] ਤਿਆਰੀ ਕਰ ਰਿਹਾ ਹੈਂ, ਹੇ ਨਿਕਰਮਣ[97] ਬੰਦੇ ? ਠਹਿਰਾਉ !
ਦੁਖ[99] ਸੁਖ[100] ਕਰਿ ਕੈ ਕੁਟੰਬੁ[2] ਜੀਵਾਇਆ[3] ॥	Through pain[99] and pleasure[100] thou hast cherished[3] thy family[2].	ਤਕਲੀਫ[99] ਅਤੇ ਖੁਸ਼ੀ[100] ਰਾਹੀਂ ਤੂੰ ਆਪਣੇ ਟੱਬਰ-ਕਬੀਲੇ[2] ਦਾ ਪਾਲਣ-ਪੋਸਣ[3] ਕੀਤਾ ਹੈ।
ਮਰਤੀ[4] ਬਾਰ[5] ਇਕ ਸਰ[6] ਦੁਖੁ[7] ਪਾਇਆ[8] ॥੨॥	At the time[5] of death[4], thou shalt bear[8] thy agony[7] all alone[6].	ਮਰਨ[4] ਵੇਲੇ[5] ਤੂੰ ਆਪਣਾ ਕਸ਼ਟ[7] ਕੱਲਮਕੱਲਾ[6] ਹੀ ਸਹਾਰੇਂਗਾ[8]।
ਕੰਠ[9] ਗਹਨ[10] ਤਬ[12] ਕਰਨ ਪੁਕਾਰਾ[13] ॥	When death's myrmidon seizes[10] thee by the neck[9], then[12] shalt thou shriek[13] aloud.	ਜਦ ਮੌਤ ਦੇ ਫ਼ਰੇਸ਼ਤੇ ਨੇ ਤੈਨੂੰ ਗਿੱਚੀਓਂ[9] ਆ ਫੜਿਆ[10] ਤਦ[12] ਤੂੰ, ਚੀਕ-ਚਿਹਾੜਾ[13] ਪਾਵੇਂਗਾ !
ਕਹਿ ਕਬੀਰ ਆਗੇ[14] ਤੇ ਨ ਸੰਮਾਰਾ[15] ॥੩॥੧॥	Says Kabir, why didst thou not remember[15] thy Lord before hand[14]?	ਕਬੀਰ ਜੀ ਆਖਦੇ ਹਨ, ਤੂੰ ਪਹਿਲੋਂ[14] ਹੀ ਕਿਉਂ ਸਾਹਿਬ ਦਾ ਸਿਮਰਨ[15] ਨਾ ਕੀਤਾ ?
ਸੂਹੀ ਕਬੀਰ ਜੀ ॥	Suhi Kabir ji.	ਸੂਹੀ ਕਬੀਰ ਜੀ।
ਥਰਹਰ[16] ਕੰਪੈ[17] ਬਾਲਾ[18] ਜੀਉ[19] ॥ ਨਾ ਜਾਨਉ ਕਿਆ[20] ਕਰਸੀ[21] ਪੀਉ[22] ॥੧॥	My childish[18] soul[19] palpitates[16] and trembles[17] I know not, how[20] my Spouse[22] will deal with[21] me ?	ਮੇਰੀ ਇਞਾਣੀ[18] ਜਿੰਦੜੀ[19] ਧੜਕਦੀ[16] ਅਤੇ ਕੰਬਦੀ[17] ਹੈ। ਮੈਂ ਨਹੀਂ ਜਾਣਦੀ ਕਿ ਮੇਰਾ ਖ਼ਸਮ[22] ਮੇਰੇ ਨਾਲ ਕੀ[20] ਸਲੂਕ ਕਰੇਗਾ[21] ?
ਰੈਨਿ[23] ਗਈ[24] ਮਤ[25] ਦਿਨੁ[26] ਭੀ ਜਾਇ ॥	Thy night[23] of youth has passed away[24]. Let not[25] thy day[26] of old age pass too in vain.	ਤੇਰੀ ਜੁਆਨੀ ਦੀ ਰਾਤ੍ਰੀ[23] ਬੀਤ ਗਈ[24] ਹੈ। ਆਪਣੀ ਬਿਰਧ ਅਵਸਥਾ ਦਾ ਦਿਹਾੜਾ[26] ਭੀ ਤੂੰ ਵਿਅਰਥ ਬੀਤਣ ਨਾ[25] ਦੇਈਂ।
ਭਵਰ[27] ਗਏ[28] ਬਗ[29] ਬੈਠੇ[30] ਆਇ ॥੧॥ਰਹਾਉ॥	The black bees[27] have gone[28] and the white cranes[29] have come and settled[30]. Pause.	ਕਾਲੇ ਭਉਰ[27] ਚਲੇ ਗਏ[28] ਹਨ ਅਤੇ ਚਿੱਟੇ ਬਗਲੇ[29] ਆ ਕੇ ਬਹਿ ਗਏ[30] ਹਨ। ਠਹਿਰਾਉ।
ਕਾਚੈ[31] ਕਰਵੈ[32] ਰਹੈ ਨ ਪਾਨੀ[33] ॥ ਹੰਸੁ[34] ਚਲਿਆ[35] ਕਾਇਆ[36] ਕੁਮਲਾਨੀ[37] ॥੨॥	In the unbaked[31] earthern pot[32], the water[33] remains not. When the soul swan[34] departs[35], the body[36] withers away[37].	ਅਣਪੱਕੇ[31] ਮਿੱਟੀ ਦੇ ਲੋਟੇ[32] ਵਿਚ ਜਲ[33] ਨਹੀਂ ਰਹਿੰਦਾ। ਜਦ ਰੂਹ ਦਾ ਰਾਜ-ਹੰਸ[34] ਟੁਰ ਜਾਂਦਾ[35] ਹੈ ਤਾਂ ਦੇਹ[36] ਮੁਰਝਾ[37] ਜਾਂਦੀ ਹੈ।
ਕੁਆਰ[38] ਕੰਨਿਆ[39] ਜੈਸੇ[40] ਕਰਤ ਸੀਗਾਰਾ[41] ॥ ਕਿਉ[41]* ਰਲੀਆ[42] ਮਾਨੈ[43] ਬਾਝੁ[44] ਭਤਾਰਾ[45] ॥੩॥	I bedeck[41] myself like[40] a virgin[38] young girl[39], but how[41]* can I enjoy[43] dalliance[42] without[44] my Spouse[45] ?	ਮੈਂ ਅਣਵਿਆਹੀ[38] ਜੁਆਨ ਕੁੜੀ[39] ਦੀ ਤਰ੍ਹਾਂ[40] ਹਾਰ-ਸ਼ਿੰਗਾਰ ਲਾਉਂਦੀ[41] ਹਾਂ ਪਰ ਆਪਣੇ ਕੰਤ[45] ਦੇ ਬਿਨਾ[44] ਮੈਂ ਕਿਸ ਤਰ੍ਹਾਂ[41]* ਰੰਗ ਰਲੀਆਂ[42] ਮਾਣ ਸਕਦੀ[43] ਹਾਂ ?

ਕਾਗ[46] ਉਡਾਵਤ[47] ਭੁਜਾ[48] ਪਿਰਾਨੀ[49] ॥	My arm[48] is pained[49] by driving away[47] the crows[46].	ਕਾਂ[46] ਉਡਾਉਂਦੀ[47] ਦੀ ਮੇਰੀ ਬਾਂਹ[48] ਪੀੜ ਕਰਨ ਲੱਗ ਗਈ[49] ਹੈ ।
ਕਹਿ[50] ਕਬੀਰ ਇਹ[51] ਕਥਾ[52] ਸਿਰਾਨੀ[53]॥੪॥੨॥	Says[50] Kabir, like this[51] is ended[53] the life tale[52].	ਕਬੀਰ ਜੀ ਆਖਦੇ[50] ਹਨ, ਇਸ ਤਰ੍ਹਾਂ[51] ਜੀਵਨ ਦੀ ਕਹਾਣੀ[52] ਮੁੱਕ ਜਾਂਦੀ[53] ਹੈ ।
ਸੂਹੀ ਕਬੀਰ ਜੀਉ ॥	Suhi Kabir Ji.	ਸੂਹੀ ਕਬੀਰ ਜੀ ।
ਅਮਲੁ[54] ਸਿਰਾਨੋ[55] ਲੇਖਾ[56] ਦੇਨਾ[57] ॥	Thy rule[54] has ended[55], thou shalt have to render[57] thy account[56].	ਤੇਰੀ ਅਮਲਦਾਰੀ[54], ਮੁੱਕ ਗਈ[55] ਹੈ। ਤੈਨੂੰ ਹੁਣ ਆਪਣਾ ਹਿਸਾਬ-ਕਿਤਾਬ[56] ਦੇਣਾ ਪਏਗਾ[57] ।
ਆਏ ਕਠਿਨ[58] ਦੂਤ[59] ਜਮ[60] ਲੇਨਾ[61] ॥	The hard-hearted[58] death's[60] ministers[59] have come to take[61] Thee.	ਮੌਤ[60] ਦੇ ਸਖ਼ਤ ਦਿਲ[58] ਫ਼ਰੇਸ਼ਤੇ[59] ਤੈਨੂੰ ਲੈਣ[61] ਲਈ ਆਏ ਹਨ ।
ਕਿਆ ਤੈ ਖਟਿਆ[62] ਕਹਾ[63] ਗਵਾਇਆ[64] ॥	What hast thou earned[62] and where[63] hast thou lost[64] ?	ਤੂੰ ਕੀ ਕਮਾਇਆ[62] ਹੈ ਅਤੇ ਤੈਨੂੰ ਕਿਥੇ[63] ਘਾਟਾ[64] ਪਿਆ ਹੈ ।
ਚਲਹੁ[65]ਸਿਤਾਬ[66]ਦੀਬਾਨਿ[67] ਬੁਲਾਇਆ[68] ॥੧॥	Come[65] quickly[66]. Thou art summoned[68] to the court[67].	ਛੇਤੀ[66] ਤੁਰ[65] । ਤੈਨੂੰ ਕਚਹਿਰੀ[67] ਵਿਚ ਸੱਦਿਆ ਗਿਆ[68] ਹੈ।
ਚਲੁ[69]ਦਰਹਾਲੁ[70]ਦੀਵਾਨਿ[71] ਬੁਲਾਇਆ ॥	Get up[69], in this very condition[70]. The Righteous Judge[71] has called thee.	ਏਸੇ ਹਾਲਤ[70] ਵਿਚ ਹੀ ਟੁਰ ਪਉ[69] । ਧਰਮਰਾਜ[71] ਨੇ ਤੈਨੂੰ ਸੱਦਿਆ ਹੈ ।
ਹਰਿ ਫੁਰਮਾਨੁ[72] ਦਰਗਹ[73] ਕਾ ਆਇਆ ॥੧॥ਰਹਾਉ॥	The warrant[72] of God's court[73] has come for thee. Pause.	ਵਾਹਿਗੁਰੂ ਦੀ ਕਚਹਿਰੀ[73] ਦਾ ਹੁਕਮ-ਨਾਮਾ[72] ਤੇਰੇ ਲਈ ਆਇਆ ਹੈ ।
ਕਰਉ ਅਰਦਾਸਿ[74] ਗਾਵ[75] ਕਿਛੁ[79] ਬਾਕੀ[76] ॥ ਲੇਉ ਨਿਬੇਰਿ[77]ਆਜੁ ਕੀ ਰਾਤੀ[78]॥ ਕਿਛੁ[80] ਭੀ ਖਰਚੁ[81] ਤੁਮਾਰਾ ਸਾਰਉ[82]॥ਸੁਬਹ[83]ਨਿਵਾਜ[84] ਸਰਾਇ[85] ਗੁਜਾਰਉ[86]॥੨॥	He says to Yamas : "Pray[74], I have yet to collect some[79] outstanding[76] in the village[75] and I shall adjust[77] them to-night[78]. I shall also pay[82] you something[80] for your expenses[81] and the morn[83] prayer[84] I shall say[86] with you on the way in[85]".	ਉਹ ਜਮਾਂ ਨੂੰ ਆਖਦਾ ਹੈ : "ਮੈਂ ਬੇਨਤੀ ਕਰਦਾ[74] ਹਾਂ, ਮੈਂ ਪਿੰਡ[75] ਵਿਚੋਂ ਅਜੇ ਕੁਝ[79] ਉਗਰਾਹੀ[76] ਕਰਨੀ ਹੈ, ਅਤੇ ਅੱਜ ਰਾਤ[78] ਨੂੰ ਮੈਂ ਉਸ ਨੂੰ ਨਿਬੇੜ[77] ਲਵਾਂਗਾ । ਮੈਂ ਤੁਹਾਨੂੰ ਭੀ ਕੁਝ ਨਾ ਕੁਝ[80] ਖ਼ਰਚ ਵਜੋਂ[81] ਦੇਵਾਂਗਾ[82] ਅਤੇ ਸਵੇਰ[83] ਦੀ ਨਮਾਜ਼[84] ਮੈਂ ਤੁਹਾਡੇ ਨਾਲ ਰਸਤੇ ਦੀ ਸਰਾਂ[85] ਵਿਚ ਪੜ੍ਹਾਂਗਾ[86]" ।
ਸਾਧ[87] ਸੰਗਿ ਜਾਕਉ ਹਰਿ ਰੰਗੁ[88] ਲਾਗਾ[89]॥ਧਨੁ[90]ਧਨੁ ਸੋ[91] ਜਨੁ[92] ਪੁਰਖੁ[93] ਸਭਾਗਾ[94] ॥	Blest[90], blest and very lucky[94] is he[91], the Lord's[93] slave[92] who is imbued[89] with the Lord's love[88] in the society of the saints[87].	ਸੁਲੱਖਣਾ[90], ਸੁਲੱਖਣਾ ਅਤੇ ਭਾਰੇ ਨਸੀਬਾਂ[94] ਵਾਲਾ ਹੈ, ਉਹ[91] ਸਾਹਿਬ[93] ਦਾ ਗੋਲਾ[92] ਜੋ ਸਤਿ ਸੰਗਤ[87] ਅੰਦਰ ਪ੍ਰਭੂ ਦੇ ਪ੍ਰੇਮ[88] ਨਾਲ ਰੰਗਿਆ ਹੋਇਆ[89] ਹੈ ।
ਈਤ[95] ਊਤ[98] ਜਨ ਸਦਾ[96] ਸੁਹੇਲੇ[97] ॥	Here[95] and there[98] the Lord's slaves are ever[96] happy[97].	ਏਥੇ[95] ਅਤੇ ਉਥੇ[98] ਸਾਂਈ ਦੇ ਗੋਲੇ ਹਮੇਸ਼ਾ[96] ਹੀ ਖ਼ੁਸ਼[97] ਹਨ ।
ਜਨਮੁ[99] ਪਦਾਰਥੁ[100]ਜੀਤਿ[2] ਅਮੋਲੇ[3] ॥੩॥	They win[2] the invaluable[3] wealth[100] of the human life[99].	ਉਹ ਮਨੁੱਖਾ-ਜੀਵਨ[99] ਦੀ ਅਣਮੁੱਲੀ[3] ਦੌਲਤ[100] ਨੂੰ ਜਿੱਤ ਲੈਂਦੇ[2] ਹਨ ।
ਜਾਗਤੁ[4] ਸੋਇਆ[5] ਜਨਮੁ ਗਵਾਇਆ[6] ॥	Though waking[4], the man is in sleep[5]. Thus loses he his life[6].	ਜਾਗਦਿਆਂ[4] ਹੋਇਆਂ ਵੀ ਇਨਸਾਨ ਸੁੱਤਾ ਪਿਆ[5] ਹੈ । ਇੰਜ ਉਹ ਆਪਣਾ ਜੀਵਨ[6] ਗੁਆ ਲੈਂਦਾ ਹੈ ।

ਮਾਲੁ[7] ਧਨੁ[8] ਜੋਰਿਆ[9] ਭਇਆ ਪਰਾਇਆ[10] ॥	The property[7] and wealth[8], he has amassed[9] becomes another's[10].	ਜਾਇਦਾਦ[7] ਤੇ ਦੌਲਤ[8], ਜੋ ਉਸ ਨੇ ਇਕੱਤਰ ਕੀਤੀ[9] ਹੈ, ਹੋਰਸ ਦੀ[10] ਹੋ ਜਾਂਦੀ ਹੈ।
ਕਹੁ ਕਬੀਰ ਤੇਈ[12] ਨਰ[13] ਭੂਲੇ[14]॥ ਖਸਮੁ[15] ਬਿਸਾਰਿ[16] ਮਾਟੀ[17] ਸੰਗਿ[18] ਰੂਲੇ[19] ॥੪॥੩॥	Says Kabir, only those[12] persons[13] go astray[14], who forgetting[16] their Groom[15], play[19] with[18] dust[17].	ਕਬੀਰ ਜੀ ਆਖਦੇ ਹਨ, ਕੇਵਲ ਉਹ[12] ਪੁਰਸ਼[13] ਹੀ ਗੁਮਰਾਹ[14] ਹੁੰਦੇ ਹਨ ਜੋ ਆਪਣੇ ਕੰਤ[15] ਨੂੰ ਭੁਲਾ ਕੇ[16] ਮਿੱਟੀ[17] ਨਾਲ[18] ਖੇਡਦੇ[19] ਹਨ।
੭੯੩	**793**	**੭੯੩**
ਸੂਹੀ ਕਬੀਰੁ ਜੀਉ ਲਲਿਤ॥	Suhi Kabir Ji, Lalit.	ਸੂਹੀ ਕਬੀਰ ਜੀ, ਲਲਿਤ।
ਥਾਕੇ[20] ਨੈਨ[21] ਸ੍ਰਵਨ[22] ਸੁਨਿ[23]ਥਾਕੇ ਥਾਕੀ ਸੁੰਦਰਿ[24] ਕਾਇਆ[25] ॥	Tired[20] are the eyes[21], tired are the ears[22] of hearing[23], and tired too is the beauteous[24] body[25].	ਹਾਰ ਗਈਆ[20] ਹਨ ਅੱਖਾਂ[21], ਹਾਰ ਗਏ ਹਨ ਕੰਨ[22] ਸੁਣ[23] ਕੇ ਅਤੇ ਹਾਰ ਗਈ ਹੈ ਸੋਹਣੀ[24] ਦੇਹ[25] ਭੀ।
ਜਰਾ[26] ਹਾਕਦੀ[27] ਸਭ ਮਤਿ[28] ਥਾਕੀ[29] ਏਕ[30] ਨ ਥਾਕਸਿ ਮਾਇਆ[31] ॥੧॥	Driven forward[27] by old age[26], all the senses[28] are worn out[29], but the love of wealth[31] alone[30] grows not weary.	ਬੁਢੇਪੇ[26] ਦੇ ਹਕੇ ਹੋਏ[27] ਸਾਰੇ ਹੋਸ਼-ਹਵਾਸ[28] ਮਾਰੇ ਗਏ[29] ਹਨ। ਪ੍ਰੰਤੂ ਕੇਵਲ[30] ਧਨ-ਦੌਲਤ[31] ਦਾ ਪਿਆਰ ਹਾਰਦਾ ਹੁਟਦਾ ਨਹੀਂ।
ਬਾਵਰੇ[32] ਤੈ ਗਿਆਨ[33] ਬੀਚਾਰੁ[34] ਨ ਪਾਇਆ[35] ॥	O mad[32] man, thou hast gained[35] not the Lord's gnosis[33] and meditation[34].	ਹੇ ਪਗਲੇ ਪ੍ਰਾਨੀ[32] ! ਤੂੰ ਪ੍ਰਭੂ ਦੀ ਗਿਆਤ[33] ਅਤੇ ਬੰਦਗੀ[34] ਪਰਾਪਤ[35] ਨਹੀਂ ਕੀਤੀ।
ਬਿਰਥਾ[36] ਜਨਮੁ[37] ਗਵਾਇਆ[38] ॥੧॥ਰਹਾਉ॥	Thou hast lost[38] thy human life[37] in vain[36]. Pause.	ਤੂੰ ਆਪਣਾ ਮਨੁੱਖੀ ਜੀਵਨ[37] ਵਿਅਰਥ[36] ਗੁਆ ਲਿਆ[38] ਹੈ। ਠਹਿਰਾਉ।
ਤਬ ਲਗੁ[39] ਪ੍ਰਾਨੀ[40] ਤਿਸੈ[41] ਸਰੇਵਹੁ[42]ਜਬ ਲਗੁ[43]ਘਟ[44] ਮਹਿ[45] ਸਾਸਾ[46] ॥	O mortal[40], so long as[43] there is breath[46] in[45] the body[44], till then[39] serve[42] thou that[41] Lord of thine.	ਹੇ ਜੀਵ[40] ! ਜਦ ਤਾਂਈ[43] ਤੇਰੀ ਦੇਹ[44] ਵਿਚ[45] ਸੁਆਸ[46] ਹਨ, ਓਦੋਂ ਤਾਂਈ[39] ਤੂੰ ਉਸ[41] ਆਪਣੇ ਸੁਆਮੀ ਦੀ ਸੇਵਾ ਕਰ[42]।
ਜੇ[47] ਘਟੁ ਜਾਇ[48] ਤ[49] ਭਾਉ[50] ਨ ਜਾਸੀ ਹਰਿ ਕੇ ਚਰਨ[51] ਨਿਵਾਸਾ[52] ॥੨॥	When[47] thy body perishes[48], even then[49] thy love[50] for the Lord, shall perish not and thou shalt abide[52] in the Lord's feet[51].	ਜਦ[47] ਤੇਰੀ ਦੇਹ ਬਿਨਸੇਗੀ[48], ਤਦ[49] ਭੀ ਤੇਰਾ ਪ੍ਰਭੂ ਲਈ ਪ੍ਰੇਮ[50] ਟੁਟੇਗਾ ਨਹੀਂ ਅਤੇ ਤੂੰ ਪ੍ਰਭੂ ਦੇ ਪੈਰਾਂ[51] ਵਿਚ ਵਾਸਾ[52] ਪਾ ਲਵੇਂਗਾ।
ਜਿਸ ਕਉ ਸਬਦੁ[53]ਬਸਾਵੈ[54] ਅੰਤਰਿ[55] ਚੂਕੈ[56] ਤਿਸਹਿ[57] ਪਿਆਸਾ[58] ॥	He within whose mind[55] God enshrines[54] His Name[53], his[57] thirst[58] is quenched[56].	ਜਿਸ ਦੇ ਹਿਰਦੇ[55] ਅੰਦਰ ਵਾਹਿਗੁਰੂ ਆਪਣਾ ਨਾਮ[53] ਟਿਕਾਉਂਦਾ[54] ਹੈ, ਉਸ ਦੀ[57] ਤ੍ਰੇਹ[58] ਬੁਝ ਜਾਂਦੀ[56] ਹੈ।
ਹੁਕਮੈ[59] ਬੂਝੈ[60] ਚਉਪੜਿ[61] ਖੇਲੈ[62] ਮਨੁ[63] ਜਿਣਿ[64]ਢਾਲੇ ਪਾਸਾ[65] ॥੩॥	He realises[60] the Will[59] of his Lord, plays[62] the game of chess[61] and throws the dice[65] of the conquest[64] of his mind[63].	ਉਹ ਆਪਣੇ ਸਾਹਿਬ ਦੀ ਰਜ਼ਾ[59] ਨੂੰ ਅਨੁਭਵ ਕਰਦਾ[60] ਹੈ, ਸ਼ਤਰੰਜ[61] ਦੀ ਖੇਡ ਖੇਡਦਾ[62] ਹੈ ਅਤੇ ਆਪਣੇ ਮਨੂਏ[63] ਨੂੰ ਜਿੱਤਣ ਦੀਆਂ[64] ਨਰਦਾ ਸੁਟਦਾ[65] ਹੈ।
ਜੋ[66]ਜਨ[67]ਜਾਨਿ[68]ਭਜਹਿ[69]	The[66] persons[67], who know[68] and	ਜਿਹੜੇ[66] ਪੁਰਸ਼[67] ਅਬਿਨਾਸੀ[70] ਪ੍ਰਭੂ ਨੂੰ ਜਾਣਦੇ[68] ਅਤੇ

ਅਬਿਗਤ[70] ਕਉ ਤਿਨ[73]ਕਾ ਕਛੂ[71] ਨ ਨਾਸਾ[72] ॥	contemplate[69] the Imperishable[70] Lord, they[73] are not destroyed[72] at all[71].	ਸਿਮਰਦੇ[69] ਹਨ, ਉਹ[73] ਬਿਲਕੁਲ[71] ਹੀ ਬਰਬਾਦ[72] ਨਹੀਂ ਹੁੰਦੇ ।
ਕਹੁ[73]* ਕਬੀਰ ਤੇ[74] ਜਨ[75] ਕਬਹੁ[76]ਨ ਹਾਰਹਿ[77]ਢਾਲਿ[78] ਜੁ ਜਾਨਹਿ[79] ਪਾਸਾ[80] ॥੪॥੪॥	Says[73]* Kabir, the[74] men[75], who know[79] to throw[78] the dice[80], lose[77] not their game ever[76].	ਕਬੀਰ ਜੀ ਫੁਰਮਾਉਂਦੇ[73]* ਹਨ ਜੋ[74] ਇਨਸਾਨ[75] ਨਰਦਾਂ[80] ਸੁਟਣੀਆਂ[78] ਜਾਣਦੇ[79] ਹਨ; ਉਹ ਕਦੇ ਭੀ[76] ਆਪਣੀ ਖੇਡ ਨੂੰ ਨਹੀਂ ਹਾਰਦੇ[77] ।
ਸੂਹੀ ਲਲਿਤ ਕਬੀਰ ਜੀਉ॥	Suhi Lalit Kabir ji.	ਸੂਹੀ ਲਲਿਤ ਕਬੀਰ ਜੀ ।
ਏਕੁ ਕੋਟੁ[81] ਪੰਚ[82] ਸਿਕਦਾਰਾ[83] ਪੰਚੇ ਮਾਗਹਿ[84] ਹਾਲਾ[85] ॥	Of the one body fortress[81], are the five[82] rulers[83] and all the five demand[84] revenue[85].	ਸਰੀਰ ਦੇ ਇਕ ਕਿਲ੍ਹੇ[81] ਦੇ ਪੰਜ[82] ਹਾਕਮ[83] ਹਨ ਅਤੇ ਪੰਜੇ ਹੀ ਮਾਮਲਾ[85] ਮੰਗਦੇ[84] ਹਨ ।
ਜਿਮੀ[86] ਨਾਹੀ ਮੈ ਕਿਸੀ ਕੀ ਬੋਈ[87] ਐਸਾ[88] ਦੇਨੁ[89] ਦੁਖਾਲਾ[90] ॥੧॥	I have cultivated[87] no one's land[86]. To make such[88] a payment[89] is indeed painful[90].	ਮੈਂ ਕਿਸੇ ਦੀ ਭੀ ਭੁਇੰ[86] ਕਾਸ਼ਤ[87] ਨਹੀਂ ਕੀਤੀ । ਇਹੋ ਜਿਹੀ[88] ਅਦਾਇਗੀ[89] ਕਰਨੀ ਦੁਖਦਾਈ[90] ਹੈ ।
ਹਰਿ ਕੇ ਲੋਗਾ[91] ਮੋਕਉ[92] ਨੀਤਿ[93]ਡਸੈ[94]ਪਟਵਾਰੀ[95]॥	O God's people[91], the village accountant[95] ever[93] tortures[94] me[92].	ਹੇ ਰੱਬ ਦੇ ਬੰਦਿਓ[91] ! ਪਿੰਡ ਦਾ ਪਟਵਾਰੀ[95], ਮੈਨੂੰ[92] ਸਦਾ[93] ਹੀ ਦੁੱਖ ਦਿੰਦਾ[94] ਹੈ ।
ਊਪਰਿ[96] ਭੁਜਾ[97] ਕਰਿ ਮੈ ਗੁਰ ਪਹਿ[98] ਪੁਕਾਰਿਆ[99] ਤਿਨਿ ਹਉ ਲੀਆ ਉਬਾਰੀ[100] ॥੧॥ਰਹਾਉ॥	Raising my arms[97] aloft[96], I complained[99] to[98] my Guru and he did save[100] me. Pause.	ਉਚੀਆਂ[96] ਬਾਹਾਂ[97] ਕਰ ਕੇ, ਮੈਂ ਆਪਣੇ ਗੁਰਾਂ ਕੋਲ[98] ਫਰਿਆਦ[99] ਕੀਤੀ ਅਤੇ ਉਨ੍ਹਾਂ ਨੇ ਮੈਨੂੰ ਬਚਾ ਲਿਆ[100] । ਠਹਿਰਾਉ ।
ਨਉ ਡਾਡੀ[2] ਦਸ ਮੁੰਸਫ[3] ਧਾਵਹਿ[4] ਰਈਅਤਿ[5] ਬਸਨ[6] ਨ ਦੇਹੀ ॥	The nine surveyors[2] and the ten judges[3] go[4] on tour and allow not the subjects[5] to live[6] in peace.	ਨੌ ਜਰੀਬ ਖਿੱਚਣ ਵਾਲੇ[2] ਅਤੇ ਦਸ ਜੱਜ[3] ਦੌਰੇ ਤੇ ਜਾਂਦੇ[4] ਹਨ ਅਤੇ ਪਰਜਾ[5] ਨੂੰ ਆਰਾਮ ਅੰਦਰ ਰਹਿਣ[6] ਨਹੀਂ ਦਿੰਦੇ ।
ਡੋਰੀ[7] ਪੂਰੀ[8] ਮਾਪਹਿ[9] ਨਾਹੀ ਬਹੁ[10] ਬਿਸਟਾਲਾ[12] ਲੇਹੀ[13] ॥੨॥	They measure[9] not with a full[8] tape[7] and take[13] much[10] bribe[12].	ਉਹ ਪੂਰੇ[8] ਫੀਤੇ[7] ਨਾਲ ਨਹੀਂ ਮਿਣਦੇ[9] ਅਤੇ ਬਹੁਤੀ[10] ਵੱਢੀ[12] ਲੈਂਦੇ[13] ਹਨ ।
ਬਹਤਰਿ ਘਰ[14] ਇਕੁ ਪੁਰਖੁ[15]ਸਮਾਇਆ[16]ਉਨਿ[19] ਦੀਆ ਨਾਮੁ[17] ਲਿਖਾਈ[18]॥	The One Lord[15] contained[16] in the seventy two chambers[14] of the body and He[19] has written off[18] my account[17].	ਇਕ ਪ੍ਰਭੂ[15] ਸਰੀਰ ਦੀਆਂ ਬਹੱਤਰ ਕੋਠੜੀਆਂ[14] ਅੰਦਰ ਰਮਿਆ ਹੋਇਆ[16] ਹੈ ਅਤੇ ਉਸ[19] ਨੇ ਮੇਰਾ ਨਾਮਾ[17] ਚੁਕਤਾ ਕਰ ਦਿਤਾ[18] ਹੈ ।
ਧਰਮਰਾਇ[23]ਕਾ ਦਫਤਰੁ[19]* ਸੋਧਿਆ[20] ਬਾਕੀ[21] ਰਿਜਮ[22] ਨ ਕਾਈ ॥੩॥	I have searched[20] the Righteous Judge's[23] office[19]* and I owe[21] him not even an iota[22].	ਮੈਂ ਧਰਮ ਰਾਜੇ[23] ਦੇ ਕਰਮ ਸਥਾਨ[19]* ਦੀ ਪੜਤਾਲ[20] ਕਰ ਲਈ ਹੈ ਅਤੇ ਮੇਰੇ ਜ਼ਿਮੇਂ ਇਕ ਭੋਰਾ ਭਰ[22] ਭੀ ਕਰਜ਼ਾ[21] ਨਹੀਂ ।
ਸੰਤਾ ਕਉ ਮਤਿ[24] ਕੋਈ	Let no one[24] slander[25] the saints.	ਕੋਈ ਜਣਾ ਸਾਧੂਆਂ ਦੀ ਬਦਖੋਈ[25] ਨਾ[24] ਕਰੇ । ਸਾਹਿਬ[26]

ਨਿੰਦਹੁ[25] ਸੰਤ ਰਾਮੁ[26] ਹੈ ਏਕੋ[27] ॥	The Lord[26] and the saint are one[27].	ਅਤੇ ਸਾਧੂ ਇਕੋ[27] ਹੀ ਹਨ।
ਕਹੁ ਕਬੀਰ ਮੈ ਸੋ[28] ਗੁਰੁ ਪਾਇਆ[29] ਜਾਕਾ ਨਾਉ ਬਿਬੇਕੋ[30] ॥੪॥੫॥	Says Kabir, I have obtained[29] that[28] Guru, whose Name is True gnosis[30].	ਮੈਂ ਉਹ[28] ਗੁਰੂ ਪਰਾਪਤ[29] ਕੀਤਾ ਹੈ, ਜਿਸ ਦਾ ਨਾਮ ਸੱਚਾ ਗਿਆਨ[30] ਹੈ।
ਰਾਗੁ ਸੂਹੀ ਬਾਣੀ ਸ੍ਰੀ ਰਵਿਦਾਸ ਜੀਉ ਕੀ	Rag Suhi The Hymns Siri Ravi Dass Ji.	ਰਾਗੁ ਸੂਹੀ ਸ਼ਬਦ ਸ੍ਰੀ ਰਵਿਦਾਸ ਜੀ।
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਸਹ[31] ਕੀ ਸਾਰ[32] ਸੁਹਾਗਨਿ[33] ਜਾਨੈ ॥	The chaste wife[33] knows her Spouse's[31] worth[32].	ਪਾਕ ਪਤਨੀ[33] ਆਪਣੇ ਪਤੀ[31] ਦੀ ਕਦਰ[32] ਨੂੰ ਜਾਣਦੀ ਹੈ।
ਤਜਿ[34] ਅਭਿਮਾਨੁ[35] ਸੁਖ[36] ਰਲੀਆ[37] ਮਾਨੈ[38] ॥	Shedding[34] her ego[35], she enjoys[38] peace[36] and pleasure[37].	ਆਪਣੀ ਹੰਗਤਾ[35] ਛੱਡ ਕੇ[34], ਉਹ ਆਰਾਮ[36] ਤੇ ਅਨੰਦ[37] ਭੋਗਦੀ[38] ਹੈ।
ਤਨੁ[39] ਮਨੁ[40] ਦੇਇ[41] ਨ ਅੰਤਰੁ[42] ਰਾਖੈ ॥	She surrenders[41] her body[39] and mind[40] to her Spouse and remains not distinct[42] from Him.	ਉਹ ਆਪਣੀ ਦੇਹ[39] ਤੇ ਜਿੰਦੜੀ[40] ਆਪਣੇ ਪਤੀ ਦੇ ਅਰਪਨ ਕਰ ਦਿੰਦੀ[41] ਹੈ ਅਤੇ ਉਸ ਨਾਲੋਂ ਭਿੰਨ[42] ਨਹੀਂ ਰਹਿੰਦੀ।
ਅਵਰਾ[43] ਦੇਖਿ ਨ ਸੁਨੈ[44] ਅਭਾਖੈ[45] ॥੧॥	She sees and hears not another[43], nor[44] speaks[45] she to another.	ਉਹ ਕਿਸੇ ਹੋਰਸ[43] ਨੂੰ ਵੇਖਦੀ ਤੇ ਸੁਣਦੀ ਨਹੀਂ, ਨਾ[44] ਹੀ ਉਹ ਕਿਸੇ ਹੋਰਸ ਨਾਲ ਬੋਲਦੀ[45] ਹੈ।
ਸੋ ਕਤ[46] ਜਾਨੈ ਪੀਰ[47] ਪਰਾਈ[48] ॥ ਜਾ ਕੈ ਅੰਤਰਿ[49] ਦਰਦੁ[50] ਨ ਪਾਈ ॥੧॥ ਰਹਾਉ॥	How[46] can he know the pain[47] of another[48] within whose mind[49] there is no sympathy[50] ? Pause.	ਜਿਸ ਦੇ ਹਿਰਦੇ[49] ਅੰਦਰ ਹਮਦਰਦੀ[50] ਨਹੀਂ, ਉਹ ਹੋਰਸ[48] ਦੀ ਪੀੜ[47] ਨੂੰ ਕਿਸ ਤਰ੍ਹਾਂ[46] ਜਾਣ ਸਕਦੀ ਹੈ ? ਠਹਿਰਾਉ।
ਦੁਖੀ[51] ਦੁਹਾਗਨਿ[52] ਦੁਇ[53] ਪਖ[54] ਹੀਨੀ[55] ॥ ਜਿਨਿ[56] ਨਾਹ[57] ਨਿਰੰਤਰਿ[58] ਭਗਤਿ[59] ਨ ਕੀਨੀ[60] ॥	The discarded bride[52], who[56] performs[60] not her Spouse's[57] service[59] continually[58], is miserable[51] and loses[55] both[53] sides[54] (worlds).	ਛੁੱਟੜ ਪਤਨੀ[52], ਜੋ[56] ਆਪਣੇ ਪਤੀ[57] ਦੀ ਸੇਵਾ[59] ਇਕਰਸ[58] ਨਹੀਂ ਕਰਦੀ[60], ਦੁਖਾਂਤ੍ਰ[51] ਹੁੰਦੀ ਹੈ ਅਤੇ ਦੋਨੋਂ[53] ਪਾਸੇ[54] (ਜਹਾਨ) ਗੁਆ ਲੈਂਦੀ[55] ਹੈ।
ਪੁਰਸਲਾਤ[61] ਕਾ ਪੰਥੁ[62] ਦੁਹੇਲਾ[63] ॥	Agonising[63] is the way[62] by the bridge over the fire of hell[61].	ਦੁਖਦਾਈ[63] ਹੈ ਨਰਕ ਦੀ ਅੱਗ[61] ਉਪਰਲੇ ਪੁਲ ਦਾ ਮਾਰਗ[62]।
ਸੰਗਿ[64] ਨ ਸਾਥੀ[65] ਗਵਨੁ[66] ਇਕੇਲਾ[67] ॥੨॥	With[64] her, there will be no comrade[65] and she will have to go[66] alone[67].	ਉਸ ਦੇ ਨਾਲ[64] ਕੋਈ ਸੰਗੀ[65] ਨਹੀਂ ਹੋਣਾ ਅਤੇ ਉਸ ਨੂੰ ਕੱਲਮਕੱਲੀ[67] ਨੂੰ ਹੀ ਜਾਣਾ[66] ਪਏਗਾ।
ਦੁਖੀਆ[68] ਦਰਦ[69] ਵੰਦੁ ਦਰਿ[70] ਆਇਆ ॥	Stricken by pain[68], I have come to Thy door[70] O Merciful Master[69].	ਦੁਖ ਦਾ ਮਰਿਆ ਹੋਇਆ[68] ਮੈਂ ਤੇਰੇ ਬੂਹੇ[70] ਤੇ ਆਇਆ ਹਾਂ ਹੇ ਮਿਹਰਬਾਨ ਮਾਲਕ[69] !
ਬਹੁਤੁ[71] ਪਿਆਸ[72] ਜਬਾਬੁ[73]	I greatly[71] thirst[72] for meeting Thee, O	ਮੈਨੂੰ ਤੇਰੇ ਮਿਲਣ ਦੀ ਬੜੀ[71] ਪਿਆਸ[72] ਲੱਗੀ ਹੋਈ ਹੈ, ਹੇ

ਨ ਪਾਇਆ ॥	Lord but Thou answerest[73] not.	ਸੁਆਮੀ ! ਪਰ ਤੂੰ ਕੋਈ ਉਤਰ[73] ਨਹੀਂ ਦਿੰਦਾ ।
ਕਹਿ ਰਵਿਦਾਸ ਸਰਨਿ[74] ਪ੍ਰਭ ਤੇਰੀ॥ਜਿਉ[75]ਜਾਨਹੁ[76] ਤਿਉ[77] ਕਰੁ ਗਤਿ[78] ਮੇਰੀ[79] ॥੩॥੧॥	Says Ravi Dass, I have sought Thy protection[74], O Lord, as[75] Thou willest[76], so[77] effect Thou my[79] salvation[78].	ਰਵਿਦਾਸ ਜੀ ਆਖਦੇ ਹਨ, ਹੇ ਸੁਆਮੀ ! ਮੈਂ ਤੇਰੀ ਪਨਾਹ[74] ਲਈ ਹੈ, ਜਿਸ ਤਰ੍ਹਾਂ[75] ਤੈਨੂੰ ਚੰਗਾ ਲਗਦਾ[76] ਹੈ, ਉਸੇ ਤਰ੍ਹਾਂ[77] ਹੀ ਤੂੰ ਮੇਰੀ[79] ਮੁਕਤੀ[78] ਕਰ ।
ਸੂਹੀ ॥	Subi.	ਸੂਹੀ ।
ਜੋ ਦਿਨ ਆਵਹਿ ਸੋ[80] ਦਿਨ ਜਾਹੀ[81] ॥	The day which comes, that[80] day shall pass off[81].	ਜਿਹੜਾ ਦਿਨ ਆਇਆ ਹੈ ਉਹ[80] ਦਿਨ ਬੀਤ ਜਾਇਗਾ[81] ।
ਕਰਨਾ ਕੂਚੁ[82]ਰਹਨੁ ਥਿਰੁ[83] ਨਾਹੀ ॥	Man must march on[82], nothing remains stable[83].	ਬੰਦੇ ਨੇ ਜ਼ਰੂਰ ਹੀ ਟੁਰ ਜਾਣਾ[82] ਹੈ, ਕੋਈ ਭੀ ਸਥਿਰ[83] ਨਹੀਂ ਰਹਿੰਦਾ ।
ਸੰਗੁ[84] ਚਲਤ[85] ਹੈ ਹਮ ਭੀ ਚਲਨਾ ॥	Our comrades[84] are going[85], I too must go.	ਮੇਰੇ ਸਾਥੀ[84] ਜਾ ਰਹੇ ਹਨ, ਮੈਂ ਭੀ ਨਿਸਚਿਤ ਹੀ ਤੁਰ ਜਾਣਾ[85] ਹੈ ।
ਦੂਰਿ[86] ਗਵਨੁ[87] ਸਿਰ[88] ਊਪਰਿ ਮਰਨਾ[89] ॥੧॥	Thou hast to go[87] far off[86]. Death[89] is hovering over thy head[88].	ਤੂੰ ਦੁਰੇਡੇ[86] ਜਾਣਾ[87] ਹੈ । ਤੇਰੇ ਸਿਰ[88] ਉਤੇ ਮੌਤ[89] ਮੰਡਲਾ ਰਹੀ ਹੈ ।
੭੯੪	794	੭੯੪
ਕਿਆ[90] ਤੂ ਸੋਇਆ[91] ਜਾਗੁ ਇਆਨਾ[92] ॥	Awake thou, O silly[92] man, why[90] art thou asleep[91] ?	ਤੂੰ ਜਾਗ ਪਉ ਹੇ ਨਦਾਨ[92] ਬੰਦੇ ! ਤੂੰ ਕਿਉਂ[90] ਸੁੱਤਾ ਪਿਆ[91] ਹੈਂ ?
ਤੈ ਜੀਵਨੁ[93] ਜਗਿ[94] ਸਚੁ ਕਰਿ ਜਾਨਾ[95]॥੧॥ਰਹਾਉ॥	Thou deemest[95] the worldly[94] life[93] to be true. Pause.	ਤੂੰ ਸੰਸਾਰੀ[94] ਜ਼ਿੰਦਗੀ[93]ਨੂੰ ਸੱਚੀ ਕਰ ਕੇ ਜਾਣਦਾ[95] ਹੈਂ। ਠਹਿਰਾਉ ।
ਜਿਨਿ ਜੀਉ[96] ਦੀਆ[97] ਸੁ[98]ਰਿਜਕੁ[99] ਅੰਬਰਾਵੈ[100]॥	He[98], who has blessed[97] thee with life[96] shall reach[100]thee sustenance[99].	ਜਿਸ ਨੇ ਤੈਨੂੰ ਜਿੰਦ-ਜਾਨ[96] ਬਖਸ਼ੀ[97] ਹੈ, ਉਹ[98] ਹੀ ਤੈਨੂੰ ਰੋਜ਼ੀ[99] ਪੁਚਾਵੇਗਾ[100] ।
ਸਭ ਘਟ[2] ਭੀਤਰਿ[3] ਹਾਟੁ[4] ਚਲਾਵੈ[5] ॥	In[3] every heart[2] runs[5] He a shop[4].	ਹਰ ਦਿਲ[2] ਅੰਦਰ[3] ਉਹ ਦੁਕਾਨ[4] ਚਲਾ ਰਿਹਾ[5] ਹੈ ।
ਕਰਿ[10] ਬੰਦਗੀ[6] ਛਾਡਿ[7] ਮੈ[8] ਮੇਰਾ[9] ॥	Embrace[10] thou Lord's meditation[6] and lay aside[7] thy egotism[8] and egoism[9].	ਤੂੰ ਸਾਹਿਬ ਦਾ ਸਿਮਰਨ[6] ਧਾਰਨ ਕਰ[10] ਅਤੇ ਆਪਣੀ ਹੰਗਤਾ[8] ਅਤੇ ਅਪਣੱਤ[9] ਤਿਆਗ[7] ਕੇ ।
ਹਿਰਦੈ[12] ਨਾਮੁ ਸਮਾਰਿ[13] ਸਵੇਰਾ[14] ॥੨॥	Within thy mind[12], remember[13] thou the Lord's Name betimes[14].	ਆਪਣੇ ਮਨ[12] ਅੰਦਰ ਤੂੰ ਪ੍ਰਭੂ ਦੇ ਨਾਮ ਦਾ ਵੇਲੇ ਸਿਰ[14] ਆਰਾਧਨ[13] ਕਰ ।
ਜਨਮੁ[15] ਸਿਰਾਨੋ[16] ਪੰਥੁ[17]ਨ ਸਵਾਰਾ[18] ॥	Thy life[15] has passed away[16], but thou hast not set aright[18] thy path[17].	ਤੇਰੀ ਅਉਧ[15] ਵਿਹਾ ਗਈ[16]ਹੈ ਪਰ ਤੂੰ ਆਪਣੇ ਮਾਰਗ[17] ਨੂੰ ਦਰੁਸਤ[18] ਨਹੀਂ ਕੀਤਾ ।
ਸਾਝ[19]ਪਰੀ[20] [21]ਦਹਦਿਸ[22] ਅੰਧਿਆਰਾ[23] ॥	Evening[19] has set in[20] and soon there shall be darkness[23] on all the ten[21] sides[22].	ਸ਼ਾਮ[19] ਹੋ ਗਈ[20] ਹੈ ਅਤੇ ਛੇਤੀ ਹੀ ਦਸੀਂ[21] ਪਾਸੀਂ[22] ਅਨ੍ਹੇਰਾ[23] ਪੈ ਜਾਏਗਾ ।
ਕਹਿ ਰਵਿਦਾਸ ਨਿਦਾਨਿ[24] ਦਿਵਾਨੇ[25]॥ ਚੇਤਸ[26] ਨਾਹੀ	Says Ravi Dass, O ignorant[24] mad-man[25], thinkest[26] thou not that	ਰਵਿਦਾਸ ਜੀ ਫ਼ਰਮਾਉਂਦੇ ਹਨ, ਹੇ ਬੇਸਮਝ[24] ਪਗਲੇ ਪੁਰਸ਼[25] ! ਤੂੰ ਖ਼ਿਆਲ[26] ਨਹੀਂ ਕਰਦਾ ਕਿ ਇਹ ਜਹਾਨ

ਦੁਨੀਆ[27] ਫਨ[28] ਖਾਨੇ[29] ॥੩॥੨॥	this world[27] is the house[29] of death[28].	ਮੌਤ[28] ਦਾ ਘਰ[29] ਹੈ।
ਸੂਹੀ ॥	Suhi	ਸੂਹੀ।
ਊਚੇ[30] ਮੰਦਰ[31] ਸਾਲ[32] ਰਸੋਈ[33] ॥	Man has lofty[30] mansions[31], halls[32] and kitchens[33].	ਇਨਸਾਨ ਪਾਸ ਉਚੇ[30] ਮਹਿਲ[31], ਦਾਲਾਨ[32] ਅਤੇ ਲੰਗਰਖਾਨੇ[33] ਹਨ।
ਏਕ ਘਰੀ[34] ਫੁਨਿ[35] ਰਹਨੁ ਨ ਹੋਈ ॥੧॥	After[35] death, he can remain not in them, even for a moment[34].	ਮੌਤ ਦੇ ਮਗਰੋ[35] ਉਹ ਉਨ੍ਹਾਂ ਵਿਚ ਇਕ ਮੁਹਤ ਭਰ[34] ਲਈ ਭੀ ਰਹਿ ਨਹੀਂ ਸਕਦਾ।
ਇਹੁ ਤਨੁ[39] ਐਸਾ[36] ਜੈਸੇ ਘਾਸ[37] ਕੀ ਟਾਟੀ[38] ॥	This body[39] is like[36] the tenement[38] of straw[37].	ਇਹ ਦੇਹ[39] ਕੱਖਾਂ[37] ਦੀ ਕੁਲੀ[38] ਦੀ ਤਰ੍ਹਾਂ[36] ਹੈ।
ਜਲਿ[40] ਗਇਓ ਘਾਸੁ ਰਲਿ[41] ਗਇਓ ਮਾਟੀ[42] ॥੧॥ਰਹਾਉ॥	When the grass is burnt[40], it is blended[41] with the dust[42]. Pause.	ਜਦ ਘਾਅ ਸੜ ਜਾਂਦਾ[40] ਹੈ ਤਾਂ ਇਹ ਮਿੱਟੀ[42] ਨਾਲ ਮਿਲ ਜਾਂਦੀ[41] ਹੈ। ਠਹਿਰਾਉ।
ਭਾਈ ਬੰਧ[43] ਕੁਟੰਬ[44] ਸਹੇਰਾ[45]॥ ਓਇ ਭੀ ਲਾਗੇ[46] ਕਾਢੁ[47] ਸਵੇਰਾ[48] ॥੨॥	His relations[43], family[44] and friends[45], even they begin to say[46], "Take him out[47] quickly[48]."	ਉਸ ਦੇ ਸਨਬੰਧੀ[43], ਵਹੁਟੀ[44] ਅਤੇ ਮਿੱਤਰ[45], ਉਹ ਭੀ ਕਹਿਣ ਲਗ ਜਾਂਦੇ[46] ਹਨ, "ਇਸ ਨੂੰ ਛੇਤੀ[48] ਬਾਹਰ[47] ਲੈ ਜਾਓ"।
ਘਰ[49] ਕੀ ਨਾਰਿ[50] ਉਰਹਿ[51] ਤਨ[52] ਲਾਗੀ[53] ॥ ਉਹ ਤਉ ਭੂਤੁ[56] ਭੂਤੁ ਕਰਿ[54] ਭਾਗੀ[55] ॥੩॥	The wife[50] of his house[49], who remained clasped[53] to his body[52] and heart[51]; she cries[54] out "Ghost[56], ghost" and runs away[55] from him.	ਉਸ ਦੇ ਗ੍ਰਿਹ[49] ਦੀ ਵਹੁਟੀ[50] ਜੋ ਉਸ ਦੇ ਸਰੀਰ[52] ਤੇ ਦਿਲ[51] ਨਾਲ ਲੱਗੀ ਰਹਿੰਦੀ[53] ਸੀ, ਉਹ ਤਾਂ "ਪ੍ਰੇਤ[56] ਪ੍ਰੇਤ" ਪੁਕਾਰਦੀ[54] ਹੋਈ ਉਸ ਕੋਲੋਂ ਦੂਰ ਭੱਜ ਜਾਂਦੀ[55] ਹੈ।
ਕਹਿ ਰਵਿਦਾਸ ਸਭੈ ਜਗੁ[57] ਲੂਟਿਆ[58] ॥ ਹਮ[59] ਤਉ ਏਕ ਰਾਮ[60] ਕਹਿ[61] ਛੂਟਿਆ[62] ॥੪॥੩॥	Says Ravi Dass, death has plundered[58] the whole world[57], but I[59] have escaped[62] by uttering[61] the Name of the One Lord[60].	ਰਵਿਦਾਸ ਜੀ ਆਖਦੇ ਹਨ, ਮੌਤ ਨੇ ਸਾਰੇ ਜਹਾਨ[57] ਨੂੰ ਲੁੱਟ ਲਿਆ[58] ਹੈ ਪ੍ਰੰਤੂ ਮੈਂ[59] ਇਕ ਸੁਆਮੀ[60] ਦੇ ਨਾਮ ਦਾ ਉਚਾਰਨ[61] ਕਰਨ ਦੁਆਰਾ ਬਚ ਗਿਆ[62] ਹਾਂ।
ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ	Rag Suhi Hymns of Sheikh Farid Ji	ਰਾਗੁ ਸੂਹੀ ਸ਼ਬਦ ਸ਼ੇਖ਼ ਫ਼ਰੀਦ ਜੀ ਦੇ
੧ ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ, ਉਹ ਪ੍ਰਾਪਤ ਹੁੰਦਾ ਹੈ।
ਤਪਿ[64] ਤਪਿ ਲੁਹਿ[65] ਲੁਹਿ ਹਾਥ ਮਰੋਰਉ[66] ॥	Ceaselessly burning[64] and inflaming[65], I wring[66] my hands.	ਲਗਾਤਾਰ ਸੜਦੀ[64] ਤੇ ਮਚਦੀ[65] ਹੋਈ, ਮੈਂ ਆਪਣੇ ਹਥ ਮਰੋੜਦੀ[66] ਹਾਂ।
ਬਾਵਲਿ[67] ਹੋਈ ਸੋ[68] ਸਹੁ[69] ਲੋਰਉ[70] ॥	Seeking[70] out that[68] Spouse[69] of mine I am gone crazy[67].	ਉਸ[68] ਆਪਣੇ ਕੰਤ[69] ਨੂੰ ਭਾਲਦੀ[70] ਹੋਈ ਮੈਂ ਕਮਲੀ[67] ਹੋ ਗਈ ਹਾਂ।
ਤੈ[71] ਸਹਿ ਮਨ ਮਹਿ ਕੀਆ ਰੋਸੁ[72] ॥	Thou[71], O Spouse art angry[72] with me in Thy mind.	ਤੂੰ[71], ਹੇ ਕੰਤ! ਆਪਣੇ ਚਿੱਤ ਵਿਚ ਮੇਰੇ ਨਾਲ ਗੁੱਸੇ[72] ਹੈਂ।
ਮੁਝੁ[73] ਅਵਗਨ[74] ਸਹ	In me[73] are demerits[74]. The fault[75]	ਮੇਰੇ[73] ਵਿਚ ਬਦੀਆਂ[74] ਹਨ। ਮੇਰੇ ਕੰਤ ਦਾ ਕੋਈ

ਨਾਹੀ ਦੋਸੁ[75] ॥੧॥	lies not with my Spouse.	ਕਸੂਰ[75] ਨਹੀਂ।
ਤੈ ਸਾਹਿਬ ਕੀ ਮੈ ਸਾਰ[76] ਨ ਜਾਨੀ ॥ ਜੋਬਨੁ[77] ਖੋਇ[78] ਪਾਛੈ[79] ਪਛੁਤਾਨੀ[80] ॥੧॥ ਰਹਾਉ॥	My Lord, I know not Thy worth[76]. Losing[78] my youth[77], I repent[80] afterwards[79]. Pause.	ਮੇਰੇ ਸੁਆਮੀ ਮੈਂ ਤੇਰੀ ਕਦਰ[76] ਨਹੀਂ ਜਾਣਦੀ। ਆਪਣੀ ਜੁਆਨੀ[77] ਗੁਆ ਕੇ[78], ਮੈਂ ਮਗਰੋਂ[79] ਪਸਚਾਤਾਪ[80] ਕਰਦੀ ਹਾਂ। ਠਹਿਰਾਉ।
ਕਾਲੀ[81] ਕੋਇਲ[82] ਤੂ ਕਿਤ[83] ਗੁਨ[84] ਕਾਲੀ ॥	O black[81] cuckoo[82], what[83] qualities[84] have rendered thee black ?	ਹੇ ਕਾਲੀ[81] ਕੋਕਲੇ[82] ! ਕਿਹੜਿਆਂ[83] ਲੱਛਣਾਂ[84] ਨੇ ਤੈਨੂੰ ਸਿਆਹ ਕਰ ਦਿੱਤਾ ਹੈ।
ਅਪਨੇ ਪ੍ਰੀਤਮ[85] ਕੇ ਹਉ[87] ਬਿਰਹੈ[86] ਜਾਲੀ[88] ॥	I[87] have been burnt[88] by separation[86] from my Beloved[85].	ਮੈਨੂੰ[87] ਮੇਰੇ ਪਿਆਰੇ[85] ਦੇ ਵਿਛੋੜੇ[86] ਨੇ ਸਾੜ ਸੁਟਿਆ[88] ਹੈ।
ਪਿਰਹਿ[89] ਬਿਹੂਨ[90] ਕਤਹਿ[91] ਸੁਖੁ ਪਾਏ ॥	Without[90] her Groom[89], how[91] can she ever obtain peace ?	ਆਪਣੇ ਭਰਤੇ[89] ਦੇ ਬਿਨਾ[90], ਉਹ ਕਦੇ ਕਿਸ ਤਰ੍ਹਾਂ[91] ਆਰਾਮ ਪਾ ਸਕਦੀ ਹੈ ?
ਜਾ[92] ਹੋਇ ਕ੍ਰਿਪਾਲੁ[93] ਤਾ[94] ਪ੍ਰਭੂ ਮਿਲਾਏ[95] ॥੨॥	When[92] the Lord becomes merciful[93], then[94] He unites[95] me with Himself.	ਜਦ[92] ਸਾਹਿਬ ਮਿਹਰਬਾਨ[93] ਹੋ ਜਾਂਦਾ ਹੈ ਤਦ[94] ਉਹ ਮੈਨੂੰ ਆਪਣੇ ਨਾਲ ਮਿਲਾ ਲੈਂਦਾ[95] ਹੈ।
ਵਿਧਣ[96] ਖੂਹੀ[97] ਮੁੰਧ[98] ਇਕੇਲੀ[99] ॥	The lonesome[99] bride[98] writhes[96] in the world well[97].	ਸੰਸਾਰ ਦੇ ਖੂਹ[97] ਵਿਚ ਕੱਲਮਕੱਲੀ[99] ਪਤਨੀ[98] ਦੁਖ[96] ਭੋਗ ਰਹੀ ਹੈ।
ਨਾ ਕੋ ਸਾਥੀ[100] ਨਾ ਕੋ ਬੇਲੀ[2] ॥	She has neither a mate[100], nor a friend[2].	ਉਸ ਦੀ ਨਾ ਕੋਈ ਸਾਥਣ[100] ਹੈ, ਨਾ ਹੀ ਸੱਜਣੀ[2]।
ਕਰਿ ਕਿਰਪਾ[3] ਪ੍ਰਭਿ ਸਾਧ ਸੰਗਿ[4] ਮੇਲੀ[5] ॥	In His mercy[3] the Lord has united[5] me with the society of the saints[4].	ਆਪਣੀ ਮਿਹਰ[3] ਧਾਰ ਕੇ, ਸੁਆਮੀ ਨੇ ਮੈਨੂੰ ਸਤਿ ਸੰਗਤ[4] ਨਾਲ ਮਿਲਾ ਦਿਤਾ[5] ਹੈ।
ਜਾ[6] ਫਿਰਿ[7] ਦੇਖਾ ਤਾ[8] ਮੇਰਾ ਅਲਹੁ[9] ਬੇਲੀ[10] ॥੩॥	When[6] I look again[7], then[8] I find God[9] as my Helper[10].	ਜਦ[6] ਮੈਂ ਮੁੜ ਕੇ[7] ਵੇਖਦਾ ਹਾਂ, ਤਦ[8] ਮੈਂ ਵਾਹਿਗੁਰੂ[9] ਨੂੰ ਆਪਣਾ ਮਦਦਗਾਰ[10] ਪਾਉਂਦਾ ਹਾਂ।
ਵਾਟ[12] ਹਮਾਰੀ ਖਰੀ[13] ਉਡੀਣੀ[14] ॥	Very[13] saddening[14] is the path[12], that I am to tread.	ਬੜਾ[13] ਉਦਾਸ[14] ਕਰਨ ਵਾਲਾ ਹੈ ਮਾਰਗ[12], ਜਿਸ ਤੇ ਮੈਂ ਟੁਰਨਾ ਹੈ।
ਖਨਿਅਹੁ[15] ਤਿਖੀ[16] ਬਹੁਤੁ[17] ਪਿਈਣੀ[18] ॥	It is sharper[16] than the two-edged sword[15], and exceedingly[17] narrow[18].	ਇਹ ਖੰਡੇ[15] ਨਾਲੋਂ ਤੇਜ਼[16] ਹੈ ਅਤੇ ਨਿਹਾਇਤ[17] ਹੀ ਤੰਗ[18] ਹੈ।
ਉਸੁ ਊਪਰਿ ਹੈ ਮਾਰਗੁ[19] ਮੇਰਾ ॥	On that lies my path[19].	ਉਸ ਦੇ ਉਪਰ ਹੈ ਮੇਰਾ ਰਸਤਾ[19]।
ਸੇਖ ਫਰੀਦਾ ਪੰਥੁ[20] ਸਮ੍ਹਾਰਿ[21] ਸਵੇਰਾ[22] ॥੪॥੧॥	O Sheikh Farid, think[21] of that path[20] as early as possible[22].	ਹੇ ਸ਼ੇਖ਼ ਫ਼ਰੀਦ ! ਜਿੰਨੀ ਛੇਤੀ ਹੋ ਸਕੇ[22] ਤੂੰ ਉਸ ਰਸਤੇ[20] ਦਾ ਖਿਆਲ[21] ਕਰ।
ਸੂਹੀ ਲਲਿਤ ॥	Suhi Lalit.	ਸੂਹੀ ਲਲਿਤ।
ਬੇੜਾ[23] ਬੰਧਿ[24] ਨ ਸਕਿਓ ਬੰਧਨ ਕੀ ਵੇਲਾ[25] ॥	Thou couldest not make[24] the raft[23] at the time[25], when thou oughtest to have made it.	ਤੂੰ ਉਸ ਵਕਤ[25] ਤੁਲਹੜਾ[23] ਨਹੀਂ ਬਣਾ[24] ਸਕਿਆ ਜਦੋਂ ਤੈਨੂੰ ਬਣਾਉਣਾ ਚਾਹੀਦਾ ਸੀ।
ਭਰਿ[26] ਸਰਵਰੁ[27] ਜਬ[28]	When[28] the sea[27] is full[26] and over-	ਜਦ[28] ਸਮੁੰਦਰ[27] ਪਰੀਪੂਰਨ[26] ਹੋ ਉਛਲਦਾ[29] ਹੈ, ਤਦ[30]

ਉਛਲੈ[29] ਤਬ[30] ਤਰਣੁ[31] ਦੁਹੇਲਾ[32] ॥੧॥

flowing[29], then[30] it is difficult[32] to cross over[31].

ਇਸ ਨੂੰ ਪਾਰ ਕਰਨਾ[31] ਕਠਨ[32] ਹੈ।

ਹਥੁ ਨ ਲਾਇ ਕਸੁੰਭੜੈ[33] ਜਲਿ[34] ਜਾਸੀ ਢੋਲਾ[35]॥੧॥ ਰਹਾਉ॥

Touch thou not the saf-flower[33] with thy hand, its colour shall fade[34] away, my dear[35]. Pause.

ਤੂੰ ਕਸੁੰਭੇ ਦੇ ਫੁੱਲ[33] ਨੂੰ ਆਪਣਾ ਹੱਥ ਨਾ ਲਾ, ਇਸ ਦਾ ਰੰਗ ਨਾਸ ਹੋ ਜਾਏਗਾ[34], ਮੇਰਿਆ ਪ੍ਰੀਤਮਾ[35] ! ਠਹਿਰਾਉ।

ਇਕ[36] ਆਪੀਨੈ[37]ਪਤਲੀ[38] ਸਹ[39] ਕੇਰੇ[40] ਬੋਲਾ[41] ॥

Firstly[36], the bride herself[37] is weak[38] and over and above this, her [39]Spouse's[40] order[41] is hard to bear.

ਇਕ ਤਾਂ[36] ਪਤਨੀ ਖੁਦ[37] ਹੀ ਕਮਜ਼ੋਰ[38] ਹੈ ਅਤੇ ਇਸ ਤੋਂ ਉਪਰ ਉਸ ਦੇ ਪਤੀ[39] ਦਾ[40] ਹੁਕਮ[41] ਸਹਾਰਨਾ ਕਠਨ ਹੈ।

ਦੁਧਾ[42] ਥਣੀ[43] ਨ ਆਵਈ ਫਿਰਿ[44] ਹੋਇ ਨ ਮੇਲਾ[45] ॥੨॥

As the milk[42] returns not to the teats[43], so the soul meets[45] not with the same body again[44]

ਜਿਸ ਤਰ੍ਹਾਂ ਦੁੱਧ[42] ਥਣਾਂ[43] ਵਿਚ ਵਾਪਸ ਨਹੀਂ ਆਉਂਦਾ ਇਸੇ ਤਰ੍ਹਾਂ ਹੀ ਰੂਹ ਮੁੜ[44] ਕੇ ਉਸੇ ਦੇਹ ਦੇ ਨਾਲ ਨਹੀਂ ਮਿਲਦੀ[45]।

ਕਹੈ ਫਰੀਦੁ ਸਹੇਲੀਹੋ[46] ਸਹੁ[47] ਅਲਾਏਸੀ[48]॥ ਹੰਸੁ[49] ਚਲਸੀ[50] ਡੁੰਮਣਾ[51] ਅਹਿ[52] ਤਨੁ[53] ਢੇਰੀ[54]ਥੀਸੀ[55]॥੩॥੨॥

Says Farid, O my mates[46], when the Spouse[47] calls[48], the soul[49] departs[50] crest-fallen[51] and this[52] body[53] becomes[55] a heap of ashes[54].

ਫਰੀਦ ਜੀ ਆਖਦੇ ਹਨ, ਹੇ ਮੇਰੀਓ ਸਖੀਓ[46] ! ਜਦ ਭਰਤਾ[47] ਬੁਲਾਉਂਦਾ[48] ਹੈ, ਆਤਮਾ[49] ਨਿਮੋਝੂਣੀ[51] ਹੋ ਟੁਰ ਪੈਂਦੀ[50] ਹੈ ਅਤੇ ਇਹ[52] ਸਰੀਰ[53] ਸੁਆਹ ਦੀ ਢੇਰੀ[54] ਹੋ ਜਾਂਦਾ[55] ਹੈ।

੭੯੫ 795 ੭੯੫

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

There is but One God. True is His Name, creative His personality and Immortal His form. He is without fear, sans enmity, unborn and self-illumined and is obtained by the Guru's grace.

ਵਾਹਿਗੁਰੂ ਕੇਵਲ ਇਕ ਹੈ। ਸੱਚਾ ਹੈ ਉਸ ਦਾ ਨਾਮ, ਰਚਣਹਾਰ ਉਸ ਦੀ ਵਿਅਕਤੀ ਅਤੇ ਅਮਰ ਹੈ ਉਸ ਦਾ ਸਰੂਪ। ਉਹ ਨਿਡੱਰ, ਦੁਸ਼ਮਨੀ-ਰਹਿਤ, ਅਜਨਮਾ ਅਤੇ ਸਵੈ-ਪ੍ਰਕਾਸ਼ਵਾਨ ਹੈ ਅਤੇ ਗੁਰਾਂ ਦੀ ਦਇਆ ਦੁਆਰਾ ਪਰਾਪਤ ਹੁੰਦਾ ਹੈ।

ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥

Rag Bilawal Ist Guru Chaupadas.

ਰਾਗੁ ਬਿਲਾਵਲੁ ਪਹਿਲੀ ਪਾਤਿਸ਼ਾਹੀ ਚਉਪਦੇ।

ਤੂ ਸੁਲਤਾਨੁ[56] ਕਹਾ ਹਉ ਮੀਆ[57] ਤੇਰੀ ਕਵਨ[58] ਵਡਾਈ[59] ॥

Thou art a sovereign[56] and I call Thee a chieftain[57]. How[58] is it to Thy greatness[59] ?

ਤੂੰ ਸ਼ਹਿਨਸ਼ਾਹ[56] ਹੈਂ ਅਤੇ ਮੈਂ ਤੈਨੂੰ ਚੌਧਰੀ[57] ਆਖਦਾ ਹਾਂ। ਇਸ ਵਿਚ ਤੇਰੀ ਕਿਹੜੀ[58] ਪ੍ਰਭਤਾ[59] ਹੈ ?

ਜੋ[60] ਤੂ ਦੇਹਿ[61] ਸੁ[62] ਕਹਾ[63] ਸੁਆਮੀ ਮੈ ਮੂਰਖ[64] ਕਹਣੁ ਨ ਜਾਈ ॥੧॥

As[60] Thou inspirest[61] me, so[62] do I praise[63] Thee, O Lord. Myself, I am ignorant[64] and can say not Thine praises.

ਜਿਸ ਤਰ੍ਹਾਂ[60] ਤੂੰ ਮੈਨੂੰ ਦਰਸਾਉਂਦਾ[61] ਹੈਂ, ਉਸੇ ਤਰ੍ਹਾਂ[62] ਹੀ ਮੈਂ ਤੇਰੀ ਪ੍ਰਸੰਸਾ ਕਰਦਾ[63] ਹਾਂ, ਹੇ ਸਾਹਿਬ ! ਖੁਦ ਮੈਂ ਬੇਸਮਝ[64] ਹਾਂ ਅਤੇ ਤੇਰੀਆਂ ਸਿਫ਼ਤਾਂ ਆਖ ਨਹੀਂ ਸਕਦਾ।

ਤੇਰੇ ਗੁਣ[65] ਗਾਵਾ[66] ਦੇਹਿ[67] ਬੁਝਾਈ[68] ॥

Bless[67] Thou me with understanding[68] to sing[66] Thine excellences[65].

ਆਪਣੀਆਂ ਸਿਫ਼ਤਾਂ[65] ਗਾਇਨ ਕਰਨ[66] ਦੀ ਤੂੰ ਮੈਨੂੰ ਸਮਝ[68] ਪਰਦਾਨ ਕਰ[67]।

ਜੈਸੇ[69] ਸਚ ਮਹਿ[70] ਰਹਉ[71] ਰਜਾਈ[72] ॥੧॥ਰਹਾਉ॥	So that[69] I may abide[71] in[70] Truth, according to Thy Will[72], O Lord. Pause.	ਤਾਂ ਜੋ[69] ਮੈਂ ਤੇਰੀ ਰਜ਼ਾ[72] ਅਨੁਸਾਰ ਸੱਚ ਅੰਦਰ[70] ਵੱਸਾਂ[71], ਹੇ ਸੁਆਮੀ ! ਠਹਿਰਾਉ ।
ਜੋ ਕਿਛੁ[73] ਹੋਆ ਸਭੁ ਕਿਛੁ[74] ਤੁਝ ਤੇ ਤੇਰੀ ਸਭ ਅਸਨਾਈ[75] ॥	Whatever[73] has happened, all that[74] has come from Thee. Thou hast friendship[75] with all.	ਜਿਹੜਾ ਕੁਝ[73] ਹੋਇਆ ਹੈ ਉਹ ਸਾਰਾ[74] ਤੇਰੇ ਕੋਲੋਂ ਆਇਆ ਹੈ । ਸਾਰਿਆਂ ਨਾਲ ਹੀ ਤੇਰੀ ਦੋਸਤੀ[75] ਹੈ ।
ਤੇਰਾ ਅੰਤੁ ਨ[76] ਜਾਣਾ ਮੇਰੇ ਸਾਹਿਬ ਮੈ ਅੰਧੁਲੇ[77]ਕਿਆ[78] ਚਤੁਰਾਈ[79] ॥੨॥	I know not Thy limit[76], O my Lord. What[78] wisdom[79] have I, a blind man[77] ?	ਮੈਂ ਤੇਰੇ ਪਾਰਾਵਾਰ[76] ਨੂੰ ਨਹੀਂ ਜਾਣਦਾ, ਹੇ ਮੇਰੇ ਸੁਆਮੀ ! ਮੈਂ ਅੰਨ੍ਹੇ ਇਨਸਾਨ[77] ਵਿਚ ਕਿਹੜੀ[78] ਸਿਆਣਪ[79] ਹੈ ?
ਕਿਆ ਹਉ ਕਥੀ[80] ਕਥੇ ਕਥਿ[81] ਦੇਖਾ[82] ਮੈ ਅਕਥੁ[83] ਨ ਕਥਨਾ[84] ਜਾਈ ॥	What should I say[80] ? Whilst talking[81] of Thee I see[82]that I cannot describe[84] the Indescribable[83] Lord.	ਮੈਂ ਕੀ ਆਖਾਂ[80] ? ਤੈਨੂੰ ਵਰਨਣ[81] ਕਰਦਾ ਹੋਇਆ ਮੈਂ ਵੇਖਦਾ[82] ਹਾਂ ਕਿ ਮੈਂ ਅਕਹਿ ਸੁਆਮੀ[83] ਨੂੰ ਬਿਆਨ[84] ਨਹੀਂ ਕਰ ਸਕਦਾ ।
ਜੋ[85] ਤੁਧੁ[86] ਭਾਵੈ[87] ਸੋਈ[87*] ਆਖਾ ਤਿਲੁ[88] ਤੇਰੀ ਵਡਿਆਈ[89] ॥੩॥	Whatever[85] pleases[87] Thee[86], that[87*] alone speak I and that is but an iota[88] of Thy greatness[89].	ਜੋ ਕੁਛ[85] ਤੈਨੂੰ[86] ਚੰਗਾ ਲੱਗਦਾ[87] ਹੈ, ਮੈਂ ਕੇਵਲ ਉਹ[87*] ਹੀ ਕਹਿੰਦਾ ਹਾਂ ਅਤੇ ਉਹ ਤੇਰੀ ਬਜ਼ੁਰਗੀ[89] ਦਾ ਇਕ ਕਿਣਕਾ[88] ਹੀ ਹੈ ।
ਏਤੇ[90] ਕੂਕਰ[91] ਹਉ ਬੇਗਾਨਾ[92] ਭਉਕਾ ਇਸੁ[93] ਤਨ[94] ਤਾਈ[95] ॥	Amongst so many[90] dogs[91], I am a stranger[92] dog and bark for[95] this[93] body's[94] belly of mine.	ਐਨਿਆਂ[90] ਕੁੱਤਿਆਂ[91] ਵਿਚੋਂ ਮੈਂ ਇਕ ਓਪਰਾ[92] ਕੁੱਤਾ ਹਾਂ ਅਤੇ ਆਪਣੀ ਇਸ[93] ਦੇਹ[94] ਦੇ ਢਿੱਡ ਦੀ ਖ਼ਾਤਰ[95] ਭੌਂਕਦਾ ਹਾਂ ।
ਭਗਤਿ[96] ਹੀਣ[99] ਨਾਨਕੁ ਜੇ ਹੋਇਗਾ ਤਾ[97] ਖਸਮੈ[98] ਨਾਉ ਨ ਜਾਈ[100] ॥੪॥੧॥	Though Nanak be bereft[99] of Lord's meditation[96], even then[97] he will bear[100] the Name of his Master[98].	ਭਾਵੇਂ ਨਾਨਕ ਸਾਹਿਬ ਦੇ ਸਿਮਰਨ[96] ਤੋਂ ਸੱਖਣਾ[99] ਭੀ ਹੋਵੇ, ਤਦ ਭੀ[97] ਉਹ ਆਪਣੇ ਮਾਲਕ[98] ਦੇ ਨਾਮ ਨਾਲ ਹੀ ਸੰਬੰਧਤ ਰਹੇਗਾ[100] ।
ਬਿਲਾਵਲੁ ਮਹਲਾ ੧ ॥	Bilawal Ist Guru.	ਬਿਲਾਵਲ ਪਹਿਲੀ ਪਾਤਿਸ਼ਾਹੀ ।
ਮਨੁ[2] ਮੰਦਰੁ[3] ਤਨੁ[4] ਵੇਸ[5] ਕਲੰਦਰੁ[6] ਘਟ[7] ਹੀ ਤੀਰਥਿ[8] ਨਾਵਾ[9] ॥	My body[4] is clothed with the medicants'[6] dress[5], my mind[2] is the temple[3] and I bathe[9] in my heart's[7] pilgrim's place[8].	ਆਪਣੇ ਸਰੀਰ[4] ਨੂੰ ਮੈਂ ਫ਼ਕੀਰਾਂ[6] ਵਾਲੇ ਕਪੜੇ[5] ਪਾਏ ਹੋਏ ਹਨ, ਮੇਰਾ ਹਿਰਦਾ[2] ਠਾਕੁਰ-ਦੁਆਰਾ[3] ਹੈ ਅਤੇ ਮੈਂ ਆਪਣੇ ਦਿਲ[7] ਦੇ ਧਰਮ ਅਸਥਾਨ[8] ਅੰਦਰ ਇਸ਼ਨਾਨ ਕਰਦਾ[9] ਹਾਂ ।
ਏਕੁ[10]ਸਬਦੁ[12] ਮੇਰੈ ਪ੍ਰਾਨਿ[13] ਬਸਤੁ[14]ਹੈ ਬਾਹੁੜਿ[15] ਜਨਮਿ ਨ ਆਵਾ ॥੧॥	The One Lord's[10] Name[12] abides[14] in my mind[13] and I shall not be born again[15].	ਇਕ ਸੁਆਮੀ[10] ਦਾ ਨਾਮ[12] ਮੇਰੇ ਮਨ[13] ਅੰਦਰ ਵੱਸਦਾ[14] ਹੈ ਅਤੇ ਮੈਂ ਮੁੜ ਕੇ[15] ਜਨਮ ਨਹੀਂ ਧਾਰਾਂਗਾ ।
ਮਨੁ[16]ਬੇਧਿਆ[17]ਦਇਆਲ[18] ਸੇਤੀ ਮੇਰੀ ਮਾਈ[19] ॥	My soul[16] is pierced[17] by the Merciful Master[18], O my mother[19].	ਮੇਰੀ ਆਤਮਾ[16] ਮਿਹਰਬਾਨ ਮਾਲਕ[18] ਨੇ ਵਿੰਨ੍ਹ ਲਈ[17] ਹੈ, ਹੇ ਮੇਰੀ ਅੰਮੜੀਏ[19] !
ਕਉਣੁ ਜਾਣੈ ਪੀਰ[20] ਪਰਾਈ[21] ॥	Who knows the pain[20] of another[21] ?	ਹੋਰਸ[21] ਦੀ ਪੀੜ[20] ਨੂੰ ਕੌਣ ਜਾਣਦਾ ਹੈ ?
ਹਮ[22] ਨਾਹੀ ਚਿੰਤ[23] ਪਰਾਈ[24] ॥੧॥ਰਹਾਉ॥	Without the Lord, I[22] think[23] not of another[24]. Pause.	ਸਾਈਂ ਦੇ ਬਗ਼ੈਰ, ਮੈਂ[22] ਹੋਰ ਕਿਸੇ[24] ਦਾ ਖ਼ਿਆਲ[23] ਨਹੀਂ ਕਰਦਾ । ਠਹਿਰਾਉ ।

ਅਗਮ[25]ਅਗੋਚਰ[26]ਅਲਖ[27] ਅਪਾਰਾ[28] ਚਿੰਤਾ[29] ਕਰਹੁ ਹਮਾਰੀ ॥

O my Inaccessible[25], Incomprehensible[26], Invisible[27] and Infinite[28] Lord, take care[29] of me.

ਹੇ ਮੇਰੇ ਅਪੁੱਜ[25], ਅਗਾਧ[26], ਅਦ੍ਰਿਸ਼ਟ[27] ਅਤੇ ਅਨੰਤ[28] ਸੁਆਮੀ ! ਤੂੰ ਮੇਰਾ ਫ਼ਿਕਰ ਕਰ[29] ।

ਜਲਿ[30]ਥਲਿ[31] ਮਹੀਅਲਿ[33] ਭਰਿਪੁਰਿ[34] ਲੀਣਾ[35] ਘਟਿ ਘਟਿ[36] ਜੋਤਿ[37] ਤੁਮਾਰੀ ॥੨॥

Thou art completely[34] contained[35] in sea[30], land[31], lower and upper[33] regions and in every heart[36] is Thine light[37].

ਤੂੰ ਸਮੁੰਦਰ[30], ਧਰਤੀ[31], ਪਾਤਾਲ ਅਤੇ ਆਕਾਸ਼[33] ਅੰਦਰ ਪੂਰੀ ਤਰ੍ਹਾਂ[34] ਲੀਨ ਹੋਇਆ ਹੋਇਆ[35] ਹੈਂ ਅਤੇ ਹਰ ਦਿਲ[36] ਅੰਦਰ ਤੇਰਾ ਪ੍ਰਕਾਸ਼[37] ਹੈ ।

ਸਿਖ ਮਤਿ[38] ਸਭ[39] ਬੁਧਿ[40] ਤੁਮਾਰੀ ਮੰਦਿਰ[40]*ਛਾਵਾ[41] ਤੇਰੇ ॥

My instruction[38] and understanding[40] are all[39] Thine. My mansions[40]* and sanctuaries[41] belong to Thee.

ਮੇਰੀ ਸਿੱਖਿਆ[38] ਅਤੇ ਸਮਝ[39] ਸਮੂਹ[40] ਤੇਰੀਆਂ ਹੀ ਹਨ । ਮੇਰੇ ਮਹਿਲ[40]* ਤੇ ਪਨਾਹਾਂ[41] ਤੇਰੀ ਹੀ ਮਲਕੀਅਤ ਹਨ ।

ਤੁਝ ਬਿਨੁ ਅਵਰੁ[42] ਨ ਜਾਣਾ ਮੇਰੇ ਸਾਹਿਬਾ ਗੁਣ[43] ਗਾਵਾ[44] ਨਿਤ[45] ਤੇਰੇ ॥੩॥

Without Thee, O my Lord, I know not any other[42]. I ever[45] sing[44] Thine praises[43].

ਤੇਰੇ ਬਗੈਰ, ਹੇ ਮੇਰੇ ਸੁਆਮੀ ! ਮੈਂ ਹੋਰਸ ਕਿਸੇ[42] ਨੂੰ ਨਹੀਂ ਜਾਣਦਾ । ਮੈਂ ਸਦੀਵ[45] ਹੀ ਤੇਰੀਆਂ ਸਿਫ਼ਤਾਂ[43] ਗਾਇਨ ਕਰਦਾ[44] ਹਾਂ ।

ਜੀਅ[46]ਜੰਤ[47]ਸਭਿ ਸਰਣਿ[48] ਤੁਮਾਰੀ ਸਰਬ[49] ਚਿੰਤ[50] ਤੁਧੁ ਪਾਸੇ ॥

Men[46] and other beings[47] all seek Thy protection[48]. All[49] anxiety[50] for them rests with Thee.

ਇਨਸਾਨ[46] ਅਤੇ ਹੋਰ ਪ੍ਰਾਣਧਾਰੀ[47] ਸਮੂਹ ਤੇਰੀ ਪਨਾਹ[48] ਲੋੜਦੇ ਹਨ । ਉਨ੍ਹਾਂ ਸਾਰਿਆਂ[49] ਦਾ ਫ਼ਿਕਰ[50] ਤੈਨੂੰ ਹੀ ਹੈ ।

ਜੋ[51] ਤੁਧੁ ਭਾਵੈ[52] ਸੋਈ[53] ਚੰਗਾ[54] ਇਕ[55] ਨਾਨਕ ਕੀ ਅਰਦਾਸੇ[56] ॥੪॥੨॥

Whatever[51] pleases[52] Thee, O Lord that[53] is good[54]. This alone[55] is Nanak's supplication[56].

ਜਿਹੜਾ ਕੁਛ[51] ਤੈਨੂੰ ਚੰਗਾ ਲੱਗਦਾ[52] ਹੈ, ਹੇ ਸੁਆਮੀ ! ਉਹ[53] ਹੀ ਭਲਾ[54] ਹੈ । ਕੇਵਲ[55] ਇਹ ਹੀ ਨਾਨਕ ਦੀ ਪ੍ਰਾਰਥਨਾ[56] ਹੈ ।

ਬਿਲਾਵਲੁ ਮਹਲਾ ੧ ॥

Bilawal Ist Guru.

ਬਿਲਾਵਲ ਪਹਿਲੀ ਪਾਤਿਸ਼ਾਹੀ ।

ਆਪੇ ਸਬਦੁ[57] ਆਪੇ ਨੀਸਾਨੁ[58] ॥

The Lord Himself is the Divine Word[57] and Himself the insignia[58] of approval.

ਪ੍ਰਭੂ ਆਪ ਰੱਬੀ ਕਲਾਮ[57] ਹੈ ਅਤੇ ਆਪ ਹੀ ਪਰਵਾਨਗੀ ਦਾ ਚਿੰਨ੍ਹ[58] ।

ਆਪੇ ਸੁਰਤਾ[59] ਆਪੇ ਜਾਨੁ[60] ॥

He Himself is the Hearer[59] and Himself the Knower[60].

ਉਹ ਆਪ ਸੁਣਨ ਵਾਲਾ[59] ਅਤੇ ਆਪ ਹੀ ਜਾਨਣ ਵਾਲਾ[60] ਹੈ ।

ਆਪੇ ਕਰਿ[61] ਕਰਿ[62] ਵੇਖੈ ਤਾਣੁ[63] ॥

Making[61] the universe[62] Himself; the Lord beholds His might[63].

ਆਪ ਹੀ ਸ੍ਰਿਸ਼ਟੀ[62] ਨੂੰ ਸਾਜ ਕੇ[61] ਸਾਹਿਬ ਆਪਣੀ ਸ਼ਕਤੀ[63] ਨੂੰ ਦੇਖਦਾ ਹੈ ।

ਤੂ ਦਾਤਾ[64]ਨਾਮੁ ਪਰਵਾਣੁ[65] ॥੧॥

Thou art the Beneficient Lord[64] and at Thy door, the Name alone is accepted[65].

ਤੂੰ ਦਰਿਆਦਿਲ ਸੁਆਮੀ[64] ਹੈਂ ਅਤੇ ਤੇਰੇ ਦਰ ਤੇ ਕੇਵਲ ਨਾਮ ਹੀ ਕਬੂਲ ਪੈਂਦਾ[65] ਹੈ ।

ਐਸਾ[66] ਨਾਮੁ ਨਿਰੰਜਨ[67] ਦੇਉ[68] ॥

Such[66] is the Name of the Immaculate[67] Luminous Lord[68].

ਇਹੋ ਜਿਹਾ[66] ਹੈ ਨਾਮ ਪਵਿੱਤਰ[67] ਪ੍ਰਕਾਸ਼ਵਾਨ ਪ੍ਰਭੂ[68] ਦਾ ।

ਹਉ ਜਾਚਿਕੁ[69] ਤੂ ਅਲਖ[70]

I am Thine beggar[69] and Thou art

ਮੈਂ ਤੇਰਾ ਮੰਗਤਾ[69] ਹਾਂ ਅਤੇ ਤੂੰ ਮੇਰਾ ਅਦ੍ਰਿਸ਼ਟ[70] ਅਤੇ

ਅਭੇਉ[71] ॥੧॥ਰਹਾਉ॥	the Invisible[70] and Inscrutable[71] Lord of mine. Pause.	ਸਾਹਿਬ ਹੈਂ ਜਿਸ ਦਾ ਭੇਦ ਨਹੀਂ ਜਾਣਿਆ ਜਾ ਸਕਦਾ[71] । ਠਹਿਰਾਉ ।
ਮਾਇਆ[72] ਮੋਹੁ[73] ਧਰਕਟੀ[74] ਨਾਰਿ[75] ॥ ਭੂੰਡੀ[76] ਕਾਮਣਿ[77] ਕਾਮਣਿਆਰਿ[78] ॥	The love[73] of worldly valuables[72] is like the love of an accursed[74], ugly[76], unchaste[77] she[75]-sorcerer[78].	ਸੰਸਾਰੀ ਪਦਾਰਥਾਂ[72] ਦਾ ਪਿਆਰ[73] ਇਕ ਭ੍ਰਿਸ਼ਟੀ ਹੋਈ[74] ਕੋਝੀ[76], ਪਲੀਤ[77] ਅਤੇ ਟੂਣੇਹਾਰ[78] ਤ੍ਰੀਮਤ[75] ਦੇ ਪਿਆਰ ਦੀ ਤਰ੍ਹਾਂ ਹੈ ।
ਰਾਜੁ[79] ਰੂਪੁ[80] ਝੂਠਾ ਦਿਨ ਚਾਰਿ ॥	Sovereignty[79] and beauty[80] are false and last but for four days.	ਪਾਤਿਸ਼ਾਹੀ[79] ਅਤੇ ਸੁੰਦਰਤਾ[80] ਕੂੜੇ ਹਨ ਅਤੇ ਕੇਵਲ ਚਾਰ ਦਿਹਾੜੇ ਹੀ ਰਹਿੰਦੇ ਹਨ ।
ਨਾਮੁ ਮਿਲੈ[81] ਚਾਨਣੁ[82] ਅੰਧਿਆਰਿ[83] ॥੨॥	If man is blessed with[81] the Name, his inner darkness[83] changes into illumination[82].	ਜੇਕਰ ਬੰਦੇ ਨੂੰ ਨਾਮ ਪਰਾਪਤ ਹੋ ਜਾਵੇ[81] ਤਾਂ ਉਸ ਦਾ ਅੰਦਰਲਾ ਅਨ੍ਹੇਰਾ[83] ਰੋਸ਼ਨ ਹੋ ਜਾਂਦਾ[82] ਹੈ ।
ਚਖਿ[84] ਛੋਡੀ[85] ਸਹਸਾ[86] ਨਹੀ ਕੋਇ ॥	I have tasted[84] and then renounced[85] mammon, so no doubt[86] is left within my mind.	ਮੈਂ ਅਜ਼ਮਾ ਕੇ[84] ਮਾਇਆ ਨੂੰ ਤਿਆਗਿਆ[85] ਹੈ, ਇਸ ਲਈ ਮੇਰੇ ਚਿੱਤ ਵਿਚ ਕੋਈ ਸੰਦੇਹ[86] ਨਹੀਂ ਰਿਹਾ ।
ਬਾਪੁ[87] ਦਿਸੈ[88] ਵੇਜਾਤਿ[89] ਨ ਹੋਇ ॥	He whose father[87] is manifest[88] cannot be illegitimate[89].	ਜਿਸ ਦਾ ਪਿਉ[87] ਪਰਗਟ[88] ਹੈ, ਉਹ ਦੋਗਲਾ[89] ਨਹੀਂ ਹੋ ਸਕਦਾ ।
ਏਕੇ ਕਉ ਨਾਹੀ ਭਉ[90] ਕੋਇ ॥	To the One Lord, has no fear[90]	ਇਕ ਸੁਆਮੀ ਨੂੰ ਕੋਈ ਡਰ[90] ਨਹੀਂ ।
ਕਰਤਾ[91] ਕਰੇ ਕਰਾਵੈ ਸੋਇ[92] ॥	He[92], the Creator[91], does and makes others do everything.	ਉਹ[92] ਸਿਰਜਣਹਾਰ[91] ਸਾਰਾ ਕੁਛ ਕਰਦਾ ਅਤੇ ਹੋਰਨਾਂ ਤੋਂ ਕਰਾਉਂਦਾ ਹੈ ।
ਸਬਦਿ[93] ਮੁਏ ਮਨੁ ਮਨ ਤੇ[94] ਮਾਰਿਆ[95] ॥	He, who dies by the Name[93], conquers[95] his mind through[94] the mind.	ਜੋ ਨਾਮ[93] ਦੁਆਰਾ ਮਰ ਜਾਂਦਾ ਹੈ, ਉਹ ਮਨੂਏ ਰਾਹੀਂ[94] ਹੀ ਆਪਣੇ ਮਨੂਏ ਨੂੰ ਜਿੱਤ ਲੈਂਦਾ[95] ਹੈ ।
ਠਾਕਿ[96] ਰਹੇ ਮਨੁ ਸਾਚੈ[97] ਧਾਰਿਆ[98] ॥	Restraining[96] his mind thus,he keeps it enshrined[98] in the True Lord[97].	ਇਸ ਤਰ੍ਹਾਂ ਆਪਣੇ ਮਨ ਨੂੰ ਹੋੜ ਕੇ[96] ਉਹ ਇਸ ਨੂੰ ਸੱਚੇ ਸਾਹਿਬ[97] ਅੰਦਰ ਟਿਕਾਈ ਰੱਖਦਾ[98] ਹੈ ।
ਅਵਰੁ[99] ਨ ਸੂਝੈ ਗੁਰ ਕਉ ਵਾਰਿਆ[100] ॥	He knows not another[99] and is a sacrifice[100] unto his Guru.	ਉਹ ਹੋਰਸ ਕਿਸੇ[99] ਨੂੰ ਨਹੀਂ ਜਾਣਦਾ ਅਤੇ ਆਪਣੇ ਗੁਰਾਂ ਉਤੋਂ ਘੋਲੀ ਜਾਂਦਾ[100] ਹੈ ।
ਨਾਨਕ ਨਾਮਿ ਰਤੇ[2] ਨਿਸਤਾਰਿਆ[3] ॥੪॥੩॥	Imbued[2] with the Name, O Nanak he is emancipated[3].	ਨਾਮ ਨਾਲ ਰੰਗੀਜਣ[2] ਦੁਆਰਾ, ਹੇ ਨਾਨਕ ! ਉਹ ਪਾਰ ਉਤਰ ਜਾਂਦਾ[3] ਹੈ ।
ਬਿਲਾਵਲੁ ਮਹਲਾ ੧ ॥	Bilawal Ist Guru.	ਬਿਲਾਵਲ ਪਹਿਲੀ ਪਾਤਿਸ਼ਾਹੀ ।
ਗੁਰ ਬਚਨੀ[4] ਮਨੁ[5] ਸਹਜ[6] ਧਿਆਨੇ[7] ॥	By Guru's instruction[4], man[5] obtains the Lord's[6] meditation[7].	ਗੁਰਾਂ ਦੇ ਉਪਦੇਸ਼[4] ਦੁਆਰਾ, ਇਨਸਾਨ[5] ਸੁਆਮੀ[6] ਦੇ ਸਿਮਰਨ[7] ਨੂੰ ਪਰਾਪਤ ਕਰ ਲੈਂਦਾ ਹੈ ।
ਹਰਿ ਕੈ ਰੰਗਿ[8] ਰਤਾ[9] ਮਨੁ[10] ਮਾਨੇ[12] ॥	Imbued[9] with the Lord's love[8], man[10] is satiated[12].	ਪ੍ਰਭੂ ਦੇ ਪ੍ਰੇਮ[8] ਨਾਲ ਰੰਗੀਜ[9], ਇਨਸਾਨ[10] ਰੱਜ ਜਾਂਦਾ[12] ਹੈ ।
ਮਨਮੁਖ[13] ਭਰਮਿ[14] ਭੂਲੇ[15] ਬਉਰਾਨੇ[16] ॥	The crazy[13] egocentrics[14] go astray[15] in doubt[16].	ਝੱਲੇ[13], ਆਪ-ਹੁਦਰੇ[14] ਸੰਦੇਹ[16] ਅੰਦਰ ਭਟਕਦੇ[15] ਹਨ ।
ਹਰਿ ਬਿਨੁ[17] ਕਿਉ[18] ਰਹੀਐ[19]	How[18] can one do[19] without[17] God ?	ਰੱਬ ਦੇ ਬਗ਼ੈਰ[17] ਆਦਮੀ ਕਿਸ ਤਰ੍ਹਾਂ[18] ਰਹਿ ਸਕਦਾ

ਗੁਰ ਸਬਦਿ[20] ਪਛਾਨੇ[21] ॥ ੧ ॥	He is realised[21] through the Guru's instruction[20].	ਹੈ ? ਉਹ ਗੁਰਾਂ ਦੇ ਉਪਦੇਸ਼[20] ਰਾਹੀਂ ਅਨੁਭਵ ਕੀਤਾ[21] ਜਾਂਦਾ ਹੈ।
ਬਿਨੁ[26] ਦਰਸਨ[22] ਕੈਸੈ[23] ਜੀਵਉ[24] ਮੇਰੀ ਮਾਈ[25] ॥	Without[26] having the Lord's sight[22], how[23] can I sustain life[24], O my mother[25] ?	ਪ੍ਰਭੂ ਦੇ ਦੀਦਾਰ[22] ਬਾਝੋਂ[26], ਮੈਂ ਕਿਸ ਤਰ੍ਹਾਂ[23] ਜੀਊਂਦਾ[24] ਰਹਿ ਸਕਦਾ ਹਾਂ, ਹੇ ਮੇਰੀ ਮਾਤਾ[25] ?
ਹਰਿ ਬਿਨੁ ਜੀਅਰਾ[27] ਰਹਿ[28] ਨ ਸਕੈ ਖਿਨੁ[29] ਸਤਿਗੁਰਿ ਬੂਝ[30] ਬੁਝਾਈ[31] ॥ ੧ ॥ ਰਹਾਉ ॥	Without God, my soul[27] can live[28] not even for a moment[29]. The True Guru has imparted[31] to me this true understanding[30]. Pause.	ਵਾਹਿਗੁਰੂ ਦੇ ਬਾਝੋਂ ਮੇਰੀ ਜਿੰਦੜੀ[27] ਇਕ ਮੁਹਤ ਭਰ[29] ਲਈ ਭੀ ਬਚ[28] ਨਹੀਂ ਸਕਦੀ। ਸੱਚੇ ਗੁਰਾਂ ਨੇ ਮੈਨੂੰ ਇਹ ਸੱਚੀ ਸਮਝ[30] ਦਰਸਾ ਦਿਤੀ[31] ਹੈ। ਠਹਿਰਾਉ।
ਮੇਰਾ ਪ੍ਰਭੁ ਬਿਸਰੈ[32] ਹਉ ਮਰਉ ਦੁਖਾਲੀ[33] ॥	Forgetting[32] my Lord, I die in pain[33].	ਆਪਣੇ ਸੁਆਮੀ ਨੂੰ ਭੁਲਾ ਕੇ[32] ਮੈਂ ਤਕਲੀਫ ਅੰਦਰ[33] ਮਰਦੀ ਹਾਂ।
ਸਾਸਿ[34] ਗਿਰਾਸਿ[35] ਜਪਉ[36] ਅਪੁਨੇ ਹਰਿ ਭਾਲੀ[37] ॥	With every breath[34] and morsel[35] of mine, I contemplate[36] and seek[37] my God.	ਆਪਣੇ ਹਰ ਇਕ ਸੁਆਸ[34] ਅਤੇ ਬੁਰਕੀ[35] ਨਾਲ ਮੈਂ ਆਪਣੇ ਵਾਹਿਗੁਰੂ ਨੂੰ ਸਿਮਰਦੀ[36] ਅਤੇ ਭਾਲਦੀ[37] ਹਾਂ।
ਸਦ[38] ਬੈਰਾਗਨਿ[39] ਹਰਿ ਨਾਮੁ ਨਿਹਾਲੀ[40] ॥	I ever[38] remain detached[39] and am gladdened[40] with God's Name.	ਮੈਂ ਸਦੀਵ[38] ਹੀ ਨਿਰਲੇਪ[39] ਰਹਿੰਦੀ ਹਾਂ ਅਤੇ ਵਾਹਿਗੁਰੂ ਦੇ ਨਾਮ ਨਾਲ ਪ੍ਰਸੰਨ ਹੁੰਦੀ[40] ਹਾਂ।
ਅਬ[41] ਜਾਨੇ[42] ਗੁਰਮੁਖਿ[43] ਹਰਿ ਨਾਲੀ[44] ॥੨॥	By the Guru's grace[43], I have now[41] realised[42] God to be with[44] me.	ਗੁਰਾਂ ਦੀ ਦਇਆ[43] ਦੁਆਰਾ ਹੁਣ[41] ਮੈਂ ਵਾਹਿਗੁਰੂ ਨੂੰ ਆਪਣੇ ਅੰਗ ਸੰਗ[44] ਅਨੁਭਵ ਕਰ ਲਿਆ[42] ਹੈ।
ਅਕਥ[45] ਕਥਾ[46] ਕਹੀਐ[47] ਗੁਰ ਭਾਇ[48] ॥	By abiding in the Guru's will[48], the Lord's ineffable[45] discourse[46] is described[47].	ਗੁਰਾਂ ਦੀ ਰਜ਼ਾ[48] ਅੰਦਰ ਵਸਣ ਦੁਆਰਾ ਪ੍ਰਭੂ ਦੀ ਅਕਹਿ[45] ਵਾਰਤਾ[46] ਵਰਨਣ ਕੀਤੀ ਜਾਂਦੀ[47] ਹੈ।
ਪ੍ਰਭੁ ਅਗਮ[49] ਅਗੋਚਰੁ[50] ਦੇਇ ਦਿਖਾਇ[51] ॥	The Guru shows[51] the Unfathomable[49] and Unapprehensible[50] Lord.	ਗੁਰੂ ਜੀ ਅਥਾਹ[49] ਅਤੇ ਅਗਾਧ[50] ਸੁਆਮੀ ਨੂੰ ਵਿਖਾਲ ਦਿੰਦੇ[51] ਹਨ।
ਬਿਨੁ[55] ਗੁਰ ਕਰਣੀ[56] ਕਿਆ[52] ਕਾਰ[53] ਕਮਾਇ[54] ॥	Without[55] the Guru, what[52] way of life[56] and service[53] can be practised[54] ?	ਗੁਰਾਂ ਦੇ ਬਗੈਰ[55], ਜੀਵਨ ਦੀ ਕਿਹੜੀ[52] ਰਹਿਣੀ-ਬਹਿਣੀ[56] ਅਤੇ ਸੇਵਾ[53] ਕਮਾਈ ਜਾ ਸਕਦੀ[54] ਹੈ ?
ਹਉਮੈ[57] ਮੇਟਿ[58] ਚਲੈ[59] ਗੁਰ[60] ਸਬਦਿ[61] ਸਮਾਇ[62] ॥ ੩ ॥	Stilling[58] my ego[57] and walking[59] in the Guru's way[60] I am absorbed[62] in the Name[61].	ਆਪਣੀ ਹੰਗਤਾ[57] ਮਾਰ[58] ਕੇ ਅਤੇ ਗੁਰਾਂ ਦੇ ਮਾਰਗ[60] ਤੇ ਟੁਰ ਕੇ[59] ਮੈਂ ਨਾਮ[61] ਅੰਦਰ ਲੀਨ ਹੋ ਗਿਆ[62] ਹਾਂ।
ਮਨਮੁਖੁ[63] ਵਿਛੁੜੇ[64] ਖੋਟੀ[65] ਰਾਸਿ[66] ॥	The apostates[63] are separated[64] from the Lord and amass false[65] capital[66]	ਅਧਰਮੀ[63] ਪ੍ਰਭੂ ਨਾਲੋਂ ਵਿਛੜ ਗਏ[64] ਹਨ ਅਤੇ ਕੂੜੀ[65] ਪੂੰਜੀ[66] ਇਕੱਤਰ ਕਰਦੇ ਹਨ।
ਗੁਰਮੁਖਿ[67] ਨਾਮਿ ਮਿਲੈ[68] ਸਾਬਾਸਿ[69] ॥	The Guru-wards[67] are blessed[68] with the glory[69] of the Lord's Name.	ਗੁਰੂ-ਸਮਰਪਣਾਂ[67] ਨੂੰ ਪ੍ਰਭੂ ਦੇ ਨਾਮ ਦੀ ਪ੍ਰਭਤਾ[69] ਪਰਾਪਤ[68] ਹੁੰਦੀ ਹੈ।
ਹਰਿ ਕਿਰਪਾ[70] ਧਾਰੀ[71]	God has shown[71] mercy[70] unto me	ਵਾਹਿਗੁਰੂ ਨੇ ਮੇਰੇ ਉਤੇ ਮਿਹਰ[70] ਕੀਤੀ[71] ਹੈ ਅਤੇ ਮੈਨੂੰ

ਦਾਸਨਿ ਦਾਸ[72] ॥	and has made me the slave[72] of His slaves.	ਆਪਣਿਆਂ ਗੋਲਿਆਂ ਦਾ ਗੋਲਾ[72] ਬਣਾ ਲਿਆ ਹੈ।
ਜਨ[74] ਨਾਨਕ ਹਰਿ ਨਾਮ ਧਨੁ[73] ਰਾਸਿ[75] ॥੪॥੪॥	The Lord's Name is the wealth[73] and capital[75] of serf[74] Nanak,	ਸੁਆਮੀ ਦਾ ਨਾਮ ਨਫ਼ਰ[74] ਨਾਨਕ ਦੀ ਦੌਲਤ[73] ਅਤੇ ਪੂੰਜੀ[75] ਹੈ।
ਬਿਲਾਵਲੁ ਮਹਲਾ ੩ ਘਰੁ ੧	Bilawal 3rd Guru	ਬਿਲਾਵਲ ਤੀਜੀ ਪਾਤਿਸ਼ਾਹੀ
੧ਓ ਸਤਿਗੁਰ ਪ੍ਰਸਾਦਿ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਧ੍ਰਿਗੁ[76] ਧ੍ਰਿਗੁ ਖਾਇਆ[77] ਧ੍ਰਿਗੁ ਧ੍ਰਿਗੁ ਸੋਇਆ[78] ਧ੍ਰਿਗੁ ਧ੍ਰਿਗੁ ਕਾਪੜੁ[79] ਅੰਗਿ[80] ਚੜਾਇਆ[81] ॥	Cursed[76], cursed is the food[77], cursed cursed the sleep[78] and cursed, cursed the robe[79] which one wears[81] on the body[80].	ਲਾਨ੍ਹਤ[76], ਲਾਨ੍ਹਤ ਹੈ ਖਾਧ ਖੁਰਾਕ[77] ਨੂੰ, ਲਾਨ੍ਹਤ, ਲਾਨ੍ਹਤ ਨੀਂਦਰ[78] ਨੂੰ ਅਤੇ ਲਾਨ੍ਹਤ ਲਾਨ੍ਹਤ ਪੁਸ਼ਾਕ[79] ਨੂੰ, ਜੋ ਆਦਮੀ ਸਰੀਰ[80] ਉਤੇ ਪਾਉਂਦਾ[81] ਹੈ।
ਧ੍ਰਿਗੁ ਸਰੀਰੁ[82] ਕੁਟੰਬ[83] ਸਹਤਿ[84] ਸਿਉ[85] ਜਿਤੁ[86] ਹੁਣਿ[87] ਖਸਮੁ[88] ਨ ਪਾਇਆ[89]।	Accursed is the body[82] along with[85] family[83] and friends[84], when[86] one attains[89] not to his Master[88] now[87].	ਧ੍ਰਿਕਾਰ ਹੈ ਟੱਬਰ ਕਬੀਲੇ[83] ਅਤੇ ਮਿੱਤਰਤਾ[84] ਸਮੇਤ[85] ਦੇਹ[82] ਨੂੰ, ਜਦ[86] ਕਿ ਇਨਸਾਨ, ਹੁਣ[87] ਆਪਣੇ ਸੁਆਮੀ[88] ਨੂੰ ਪਰਾਪਤ[89] ਨਹੀਂ ਕਰਦਾ।
ਪਉੜੀ[90] ਛੁੜਕੀ[91] ਫਿਰਿ[92] ਹਾਥਿ ਨ ਆਵੈ ਅਹਿਲਾ[93] ਜਨਮੁ[94] ਗਵਾਇਆ[95]॥੧॥	The opportunity[90] lost[91] comes not to man's hand again[92] and he loses[95] his life[94] in vain[93].	ਮੌਕਾ[90] ਗੁਆਚਿਆ ਹੋਇਆ[91], ਮੁੜ ਕੇ[92] ਹੱਥ ਨਹੀਂ ਲੱਗਦਾ ਅਤੇ ਆਦਮੀ ਆਪਣਾ ਜੀਵਨ[94] ਵਿਅਰਥ[93] ਗੁਆ ਲੈਂਦਾ[95] ਹੈ।
ਦੂਜਾ ਭਾਉ[96]* ਨ ਦੇਈ ਲਿਵ[96] ਲਾਗਣਿ[97] ਜਿਨਿ[98] ਹਰਿ ਕੇ ਚਰਣ[99] ਵਿਸਾਰੇ[100]॥	He, who[98] forgets[100] the Lord's feet[99]; him duality[96]* allows not to embrace[97] Lord's love[96].	ਜਿਸ[98] ਨੇ ਸਾਂਈਂ ਦੇ ਚਰਨ[99] ਭੁਲਾ ਦਿੱਤੇ[100] ਹਨ; ਦਵੈਤ-ਭਾਵ[96]* ਉਸ ਦਾ ਪ੍ਰੇਮ[96] ਪ੍ਰਭੂ ਨਾਲ ਨਹੀਂ ਪੈਣ ਦਿੰਦਾ[97]।
ਜਗ[2] ਜੀਵਨ[3] ਦਾਤਾ[4] ਜਨ[5] ਸੇਵਕ[6] ਤੇਰੇ ਤਿਨ[7] ਕੇ ਤੈ ਦੂਖ[8] ਨਿਵਾਰੇ[9] ॥੧॥ ਰਹਾਉ ॥	O the Life[3]-Giver[4] Lord of the world[2], thou hast numberless slaves[5] and serfs[6]. Their[7] sorrows[8], thou sheddest[9] all. Pause	ਹੇ ਜਗਤ[2] ਨੂੰ ਜਿੰਦ-ਜਾਨ[3] ਬਖ਼ਸ਼ਣਹਾਰ[4] ਸੁਆਮੀ! ਤੇਰੇ ਅਣਗਿਣਤ ਨੌਕਰ[5] ਅਤੇ ਨਫ਼ਰ[6] ਹਨ। ਤੂੰ ਉਨ੍ਹਾਂ[7] ਦੇ ਸਾਰੇ ਦੁਖੜੇ[8] ਦੂਰ ਕਰਦਾ[9] ਹੈਂ। ਠਹਿਰਾਉ।
ਤੂ ਦਇਆਲੁ[10] ਦਇਆ[12] ਪਤਿ[13] ਦਾਤਾ[14] ਕਿਆ ਏਹਿ ਜੰਤ[15] ਵਿਚਾਰੇ[16] ॥	My Beneficient[14] Master, Thou art my compassionate[10] Lord[13] of mercy[12]. What are these poor[16] beings[15] before Thee ?	ਮੇਰੇ ਦਾਤਾਰ[14] ਮਾਲਕ ! ਤੂੰ ਮੇਰਾ ਮਿਹਰਬਾਨ[10] ਰਹਿਮਤ[12] ਦਾ ਸੁਆਮੀ[13] ਹੈਂ। ਇਹ ਗ਼ਰੀਬ[16] ਜੀਵ[15] ਤੇਰੇ ਅੱਗੇ ਕੀ ਹਨ ?
ਮੁਕਤ[17] ਬੰਧ[18] ਸਭਿ ਤੁਝ ਤੇ ਹੋਏ ਐਸਾ[19] ਆਖਿ[20] ਵਖਾਣੇ[21] ॥	Emancipated[17] and bound[18] are all from Thee. It is proper to say[20] and speak[21] thus[19].	ਬੰਦਖ਼ਲਾਸ[17] ਅਤੇ ਬੱਝੇ ਹੋਏ[18] ਸਮੂਹ ਤੇਰੇ ਤੋਂ ਹੀ ਹਨ। ਇੰਜ[19] ਹੀ ਕਹਿਣਾ[20] ਅਤੇ ਆਖਣਾ[21] ਮੁਨਾਸਬ ਹੈ।
ਗੁਰਮੁਖਿ[22] ਹੋਵੈ ਸੋ ਮੁਕਤਿ ਕਹੀਐ[23] ਮਨਮੁਖ ਬੰਧ[25]	He who turns Guru-wards[22] is termed[23] as emancipated and the	ਜੋ ਗੁਰੂ-ਅਨੁਸਾਰੀ[22] ਹੋ ਜਾਂਦਾ ਹੈ, ਉਹ ਬੰਦਖ਼ਲਾਸ ਆਖਿਆ ਜਾਂਦਾ[23] ਹੈ ਅਤੇ ਨਿਹੱਥਲ[24] ਆਪ ਹੁਦਰੇ

ਵਿਚਾਰੇ[24] ॥੨॥	helpless[24] egocentric are bound[25] down.	ਨਰਕ ਲਏ ਜਾਂਦੇ[25] ਹਨ ।
ਸੋ ਜਨੁ[26] ਮੁਕਤੁ ਜਿਸੁ ਏਕ ਲਿਵ[27] ਲਾਗੀ ਸਦਾ[29] ਰਹੈ[28] ਹਰਿ ਨਾਲੇ[30] ॥	**That man[26] alone is emancipated** who enshrines affections[27] for the **One Lord and ever[29] abides[28] with[30]** the Lord.	ਕੇਵਲ ਉਹ ਜਣਾ[26] ਹੀ ਬੰਦ-ਖ਼ਲਾਸ ਹੈ, ਜਿਸ ਦੀ ਪ੍ਰੀਤ[27] ਇਕ ਸਾਹਿਬ ਨਾਲ ਲੱਗੀ ਹੋਈ ਹੈ ਅਤੇ ਜੋ ਹਮੇਸ਼ਾ[29] ਸਾਹਿਬ ਨਾਲ[30] ਵਸਦਾ[28] ਹੈ ।
੭੯੭	797	੭੯੭
ਤਿਨ[31] ਕੀ ਗਹਣ[32] ਗਤਿ[33] ਕਹੀ[34] ਨ ਜਾਈ ਸਚੈ[35] ਆਪਿ[36] ਸਵਾਰੇ[37] ॥	His[31] depth[32] and loftiness[33] can be described[34] not. The True Lord[35] Himself[36] embellishes[37] them.	ਉਸ ਦੀ[31] ਡੂੰਘਾਈ[32] ਅਤੇ ਉਚਾਈ[33] ਵਰਨਣ ਕੀਤੀ[34] ਨਹੀਂ ਜਾ ਸਕਦੀ । ਸੱਚਾ ਸੁਆਮੀ[35] ਖ਼ੁਦ[36] ਉਸ ਨੂੰ ਸਸ਼ੋਭਤ ਕਰਦਾ[37] ਹੈ ।
ਭਰਮਿ[38] ਭੁਲਾਣੇ[40] ਸਿ[41] ਮਨਮੁਖ[45] ਕਹੀਅਹਿ[42] ਨਾ [43]ਉਰਵਾਰਿ[44] ਨ ਪਾਰੇ[46] ॥੩॥	They[41], who stray[40] in doubt[38], are termed[42] as apostates[45]. They are neither on this[43] side[44] nor on the yonder[46] one.	ਜੋ ਵਹਿਮ[38] ਅੰਦਰ ਭਟਕਦੇ[40] ਹਨ; ਉਹ[41] ਅਧਰਮੀ[45] ਆਖੇ ਜਾਂਦੇ[42] ਹਨ । ਉਹ ਨਾ ਉਰਲੇ[43] ਕਿਨਾਰੇ[44] ਤੇ ਹਨ ਅਤੇ ਨਾ ਹੀ ਪਰਲੇ[46] ਤੇ ।
ਜਿਸ ਨੋ ਨਦਰਿ[39] ਕਰੇ ਸੋਈ ਜਨੁ[47] ਪਾਏ ਗੁਰ ਕਾ[48] ਸਬਦੁ ਸਮ੍ਹਾਲੇ[49] ॥	He, to whom the Lord shows mercy[39]; that man[47] obtains Him and reflects[49] over the Guru's hymns[48].	ਜਿਸ ਤੇ ਸੁਆਮੀ ਮਿਹਰ[39] ਧਾਰਦਾ ਹੈ, ਉਹ ਪੁਰਸ਼[47] ਨੂੰ ਪਾ ਲੈਂਦਾ ਹੈ ਅਤੇ ਗੁਰਾਂ ਦੀ ਬਾਣੀ[48] ਦਾ ਧਿਆਨ ਧਾਰਦਾ[49] ਹੈ ।
ਹਰਿ ਜਨ[50] ਮਾਇਆ[51] ਮਾਹਿ[52] ਨਿਸਤਾਰੇ[53] ॥	Living in the midst[52] of mammon[51], the Lord's slave[50] is redeemed[53].	ਮੋਹਨੀ[51] ਅੰਦਰ[52] ਰਹਿੰਦਾ ਹੋਇਆ ਸੁਆਮੀ ਦਾ ਗੋਲਾ[50] ਪਾਰ ਉਤੱਰ ਜਾਂਦਾ[53] ਹੈ ।
ਨਾਨਕ ਭਾਗੁ[54] ਹੋਵੈ ਜਿਸੁ ਮਸਤਕਿ[55] ਕਾਲਹਿ[56] ਮਾਰਿ ਬਿਦਾਰੇ[57] ॥੪॥੧॥	Nanak, he on whose forehead[55] it is so writ[54], annihilates and destroys[57] death[56].	ਨਾਨਕ ਜਿਸ ਦੇ ਮੱਥੇ[55] ਉਤੇ ਇਸ ਤਰ੍ਹਾਂ ਲਿਖਿਆ[54] ਹੋਇਆ ਹੈ ਉਹ ਮੌਤ[56] ਨੂੰ ਤਬਾਹ ਅਤੇ ਬਰਬਾਦ ਕਰ ਦਿੰਦਾ[57] ਹੈ ।
ਬਿਲਾਵਲੁ ਮਹਲਾ ੩ ॥	Bilawal 3rd Guru.	ਬਿਲਾਵਲ ਤੀਜੀ ਪਾਤਿਸ਼ਾਹੀ ।
ਅਤੁਲੁ[58] ਕਿਉ[59] ਤੋਲਿਆ[60] ਜਾਇ ॥	How[59] can the Unweighable[58] Lord be weighed[60] ?	ਅਜੋਖ[58] ਸੁਆਮੀ ਕਿਸ ਤਰ੍ਹਾਂ[59] ਜੋਖਿਆ[60] ਜਾ ਸਕਦਾ ਹੈ ।
ਦੂਜਾ[61] ਹੋਇ ਤ[62] ਸੋਝੀ[63] ਪਾਇ ॥	If anyone else[61] be as great as He, then[62] alone can he understand[63] Him.	ਜੇਕਰ ਕੋਈ ਹੋਰ[61] ਉਸ ਜਿੱਡਾ ਵੱਡਾ ਹੋਵੇ, ਕੇਵਲ ਤਦ[62] ਹੀ ਉਹ ਉਸ ਨੂੰ ਸਮਝ[63] ਸਕਦਾ ਹੈ ।
ਤਿਸ[64] ਤੇ ਦੂਜਾ[65] ਨਾਹੀ ਕੋਇ ॥	Without Him[64], there is not another[65].	ਉਸ[64] ਦੇ ਬਗ਼ੈਰ ਹੋਰ ਕੋਈ[65] ਨਹੀਂ ।
ਤਿਸ ਦੀ ਕੀਮਤਿ[66] ਕਿਕੂ[67] ਹੋਇ ॥੧॥	How[67] can His worth[66] be ascertained ?	ਉਸ ਦਾ ਮੁੱਲ[66] ਕਿਸ ਤਰ੍ਹਾਂ[67] ਪਾਇਆ ਜਾ ਸਕਦਾ ਹੈ ?
ਗੁਰ ਪਰਸਾਦਿ[68] ਵਸੈ[69] ਮਨਿ ਆਇ ॥	By Guru's grace[68], the Lord comes to abide[69] in the mind.	ਗੁਰਾਂ ਦੀ ਦਇਆ[68] ਦੁਆਰਾ ਸਾਈਂ ਆ ਕੇ ਚਿੱਤ ਵਿਚ ਟਿੱਕ ਜਾਂਦਾ[69] ਹੈ ।
ਤਾ[70] ਕੋ ਜਾਣੈ[71] ਦੁਬਿਧਾ[72]	If man's love of duality[72] goes[73],	ਜੇਕਰ ਬੰਦੇ ਦਾ ਦਵੈਤ-ਭਾਵ[72] ਦੂਰ ਹੋ ਜਾਵੇ[73], ਕੇਵਲ

ਜਾਇ[73] ॥੧॥ਰਹਾਉ॥	then[70] alone understands[71] he the Lord. Pause.	ਤਦ[70] ਹੀ ਉਹ ਸਾਹਿਬ ਨੂੰ ਸਮਝਦਾ[71] ਹੈ । ਠਹਿਰਾਉ ।
ਆਪਿ[74]ਸਰਾਫੁ[75]ਕਸਵਟੀ[76] ਲਾਏ ॥	The Lord Himself[74] is the Assayer[75] and applies the touch-stone[76].	ਸਾਹਿਬ ਖ਼ੁਦ[74] ਹੀ ਪਾਰਖੂ[75] ਹੈ ਅਤੇ ਘਸਵਟੀ[76] ਉਤੇ ਲਾਉਂਦਾ ਹੈ ।
ਆਪੇ ਪਰਖੇ[77] ਆਪਿ ਚਲਾਏ[78] ॥	He Himself assays[77] the coin and Himself gives it currency[78].	ਉਹ ਆਪ ਹੀ ਰੁਪਏ ਦੀ ਜਾਂਚ ਪੜਤਾਲ[77] ਕਰ ਕੇ ਆਪ ਹੀ ਇਸ ਨੂੰ ਚਲਾਉਂਦਾ[78] ਹੈ ।
ਆਪੇ ਤੋਲੇ[79] ਪੂਰਾ[80] ਹੋਇ॥	Becoming a perfect[80] Weigher, the Lord Himself weighs[79].	ਪੂਰਨ[80] ਤੋਲਾ ਬਣ ਕੇ, ਸੁਆਮੀ ਖ਼ੁਦ ਹੀ ਤੋਲਦਾ[79] ਹੈ ।
ਆਪੇ ਜਾਣੈ ਏਕੋ[81] ਸੋਇ[82] ॥੨॥	He[82], the Unique[81] Lord Himself knows everything.	ਉਹ[82] ਅਦੁੱਤੀ[81] ਸੁਆਮੀ ਆਪ ਹੀ ਹਰ ਸ਼ੈ ਜਾਣਦਾ ਹੈ ।
ਮਾਇਆ[83] ਕਾ ਰੂਪੁ[84] ਸਭੁ ਤਿਸ[85] ਤੇ ਹੋਇ[86] ॥	All manifestations[84] of mammon[83] emanate[86] from Him[85].	ਮੋਹਨੀ[83] ਦੇ ਸਾਰੇ ਸਰੂਪ[84] ਉਸ[85] ਤੋਂ ਹੀ ਉਤਪੰਨ ਹੁੰਦੇ[86] ਹਨ ।
ਜਿਸ ਨੋ ਮੇਲੇ ਸੁ[87]ਨਿਰਮਲੁ[88] ਹੋਇ ॥	He[87] alone is rendered pure[88], whom He unites with Himself.	ਕੇਵਲ ਉਹ[87] ਹੀ ਪਵਿੱਤਰ[88] ਹੁੰਦਾ ਹੈ ਜਿਸ ਨੂੰ ਉਹ ਆਪਣੇ ਨਾਲ ਮਿਲਾ ਲੈਂਦਾ ਹੈ ।
ਜਿਸ ਨੋ ਲਾਏ ਲਗੈ[89] ਤਿਸੁ[90] ਆਇ ॥	Mammon attaches[89] to him[90], with whom the Lord attaches[89] it	ਮਾਇਆ ਉਸ ਨੂੰ[90] ਚਿਮੜਦੀ[89] ਹੈ ਜਿਸ ਨਾਲ ਪ੍ਰਭੂ ਇਸ ਨੂੰ ਚਮੋੜਦਾ ਹੈ ।
ਸਭੁ ਸਚੁ ਦਿਖਾਲੇ[91] ਤਾ[92] ਸਚਿ[93] ਸਮਾਇ[94] ॥੩॥	When He reveals[91] His entire Truth unto the man, then[92] merges[94] he in the True Lord[93].	ਜਦ ਉਹ ਆਪਣਾ ਸਮੂਹ ਸੱਚ ਇਨਸਾਨ ਨੂੰ ਵਿਖਾਲ ਦਿੰਦਾ[91] ਹੈ ਤਦ[92] ਉਹ ਸੱਚੇ ਸਾਂਈ[93] ਵਿਚ ਲੀਨ ਹੋ ਜਾਂਦਾ[94] ਹੈ ।
ਆਪੇ ਲਿਵ[95] ਧਾਤੁ[96] ਹੈ ਆਪੇ ॥	The Lord Himself is the spiritualism[95] and Himself the materialism[96].	ਸਾਹਿਬ ਆਪ ਪਰਮਾਰਥ[95] ਹੈ ਅਤੇ ਆਪੇ ਹੀ ਮਾਦਾ-ਪ੍ਰਸਤੀ[96] ।
ਆਪਿ ਬੁਝਾਏ[97] ਆਪੇ ਜਾਪੇ[98] ॥	He Himself instructs[97] and Himself becomes manifest[98].	ਉਹ ਆਪੇ ਦਰਸਾਉਂਦਾ[97] ਹੈ ਤੇ ਆਪ ਹੀ ਪ੍ਰਗਟ ਹੋ ਜਾਂਦਾ[98] ਹੈ ।
ਆਪੇ ਸਤਿਗੁਰੁ ਸਬਦੁ[99] ਹੈ ਆਪੇ ॥	The Lord Himself is the True Guru and Himself the Guru's Word[99].	ਪ੍ਰਭੂ ਆਪ ਸੱਚਾ ਗੁਰੂ ਹੈ ਅਤੇ ਆਪ ਹੀ ਗੁਰਬਾਣੀ[99] ।
ਨਾਨਕ ਆਖਿ[100] ਸੁਣਾਏ[2] ਆਪੇ ॥੪॥੨॥	Nanak, the Lord Himself utters[100] and preaches[2] the Guru's Word.	ਨਾਨਕ, ਪ੍ਰਭੂ ਆਪ ਹੀ ਗੁਰਬਾਣੀ ਨੂੰ ਉਚਾਰਦਾ[100] ਅਤੇ ਪ੍ਰਚਾਰਦਾ[2] ਹੈ ।
ਬਿਲਾਵਲੁ ਮਹਲਾ ੩ ॥	Bilawal 3rd Guru.	ਬਿਲਾਵਲ ਤੀਜੀ ਪਾਤਿਸ਼ਾਹੀ ।
ਸਾਹਿਬ[3] ਤੇ ਸੇਵਕੁ[4] ਸੇਵ[5] ਸਾਹਿਬ ਤੇ ਕਿਆ[6] ਕੋ ਕਹੈ[7] ਬਹਾਨਾ[8] ॥	My Lord[3] has made me His slave[4] and the Lord alone has blessed me with His service[5]. What[6] other arguments[8] can one advance[7] ?	ਮੇਰੇ ਸੁਆਮੀ[3] ਨੇ ਮੈਨੂੰ ਆਪਣਾ ਗੋਲਾ[4] ਬਣਾ ਲਿਆ ਹੈ ਅਤੇ ਸੁਆਮੀ ਨੇ ਹੀ ਮੈਨੂੰ ਆਪਣੀ ਸੇਵਾ[5] ਬਖ਼ਸ਼ੀ ਹੈ । ਹੋਰ ਕਿਹੜੀ[6] ਦਲੀਲ[8] ਕੋਈ ਦੇ ਸਕਦਾ[7] ਹੈ ?
ਐਸਾ[9] ਇਕੁ ਤੇਰਾ ਖੇਲੁ[10]	Such[9] is Thy play[10], O my Unique	ਤੇਰੀ ਇਹੋ ਜਿਹੀ[9] ਖੇਡ[10] ਹੈ ਹੇ ਮੇਰੇ ਅਦੁੱਤੀ ਪ੍ਰਭੂ[13] ! ਕਿ

ਬਨਿਆ ਸਭ[15]ਮਹਿ[12]ਏਕ[13] ਸਮਾਨਾ[14] ॥੧॥	Lord[13], that Thou art contained[14] amongst[12] all[15].	ਤੂੰ ਸਾਰਿਆਂ[15] ਅੰਦਰ[12] ਰਮਿਆ ਹੋਇਆ[14] ਹੈਂ ।
ਸਤਿਗੁਰਿ ਪਰਚੈ[16] ਹਰਿ ਨਾਮਿ ਸਮਾਨਾ[17] ॥	When the True Guru is reconciled[16], then is the man absorbed[17] in the Lord's Name.	ਜਦ ਸੱਚੇ ਗੁਰੂ ਜੀ ਰੀਝ ਜਾਂਦੇ[16] ਹਨ ਤਾਂ ਇਨਸਾਨ ਪ੍ਰਭੂ ਦੇ ਨਾਮ ਅੰਦਰ ਲੀਨ ਹੋ ਜਾਂਦਾ[17] ਹੈ ।
ਜਿਸੁ ਕਰਮੁ[18] ਹੋਵੈ ਸੋ ਸਤਿਗੁਰੁ ਪਾਏ ਅਨਦਿਨੁ[19] ਲਾਗੈ ਸਹਜ[20] ਧਿਆਨਾ[21]॥੧॥ਰਹਾਉ॥	He, on whom is God's mercy[18], attains to the True Guru and night[19] and day easily[20] remains absorbed in the Lord's meditation[21]. Pause.	ਜਿਸ ਉਤੇ ਵਾਹਿਗੁਰੂ ਦੀ ਰਹਿਮਤ[18] ਹੈ, ਉਹ ਸੱਚੇ ਗੁਰਾਂ ਨੂੰ ਪਾ ਲੈਂਦਾ ਹੈ ਅਤੇ ਰਾਤ[19] ਦਿਨ ਉਹ ਸੁਖੈਨ[20] ਹੀ ਸਿਮਰਨ[21] ਵਿਚ ਲੀਨ ਰਹਿੰਦਾ ਹੈ । ਠਹਿਰਾਉ ।
ਕਿਆ[24] ਕੋਈ ਤੇਰੀ ਸੇਵਾ[22] ਕਰੇ ਕਿਆ ਕੋ ਕਰੇ ਅਭਿਮਾਨਾ[23] ॥	How[24] can man perform Thy service[22], O Lord ? How can he take pride[23] on his effort ?	ਆਦਮੀ ਕਿਸ ਤਰ੍ਹਾਂ[24] ਤੇਰੀ ਟਹਿਲ[22] ਕਮਾ ਸਕਦਾ ਹੈ, ਹੇ ਸਾਂਈਂ ? ਕਿਸ ਤਰ੍ਹਾਂ ਉਹ ਆਪਣੇ ਉਦਮ ਤੇ ਹੰਕਾਰ[23] ਕਰ ਸਕਦਾ ਹੈ ?
ਜਬ ਅਪੁਨੀ ਜੋਤਿ[25] ਖਿੰਚਹਿ[26] ਤੂ ਸੁਆਮੀ ਤਬ[27] ਕੋਈ ਕਰਉ ਦਿਖਾ[28] ਵਖਿਆਨਾ[29] ॥੨॥	When Thou pullest[26] back Thine power[25], then[27] can any one demonstrate[28] by discoursing[29], O Lord ?	ਜਦ ਤੂੰ ਆਪਣੀ ਸੱਤਿਆ[25] ਖਿੱਚ ਲੈਂਦਾ[26] ਹੈਂ ਤਦ[27] ਕੀ ਕੋਈ ਬੋਲ ਕੇ[28] ਵਿਖਾਲ[29] ਸਕਦਾ ਹੈ, ਹੇ ਪ੍ਰਭੂ !
ਆਪੇ ਗੁਰੁ ਚੇਲਾ[30] ਹੈ ਆਪੇ ਆਪੇ ਗੁਣੀ[31] ਨਿਧਾਨਾ[32] ॥	O Master, Thou Thyself are the Guru, Thyself the Disciple[30] and Thyself the Treasure[32] of virtues[31].	ਹੇ ਮਾਲਕ ! ਤੂੰ ਆਪ ਗੁਰੂ ਹੈਂ ਆਪ ਹੀ ਮੁਰੀਦ[30] ਅਤੇ ਆਪ ਹੀ ਨੇਕੀਆਂ[31] ਦਾ ਖ਼ਜ਼ਾਨਾ[32] ਹੈਂ ।
ਜਿਉ[34] ਆਪਿ[35] ਚਲਾਏ[36] ਤਿਵੈ[37] ਕੋਈ ਚਾਲੈ[38] ਜਿਉ ਹਰਿ ਭਾਵੈ[39] ਭਗਵਾਨਾ[40] ॥੩॥	As[34] Thou[35] movest[36] and as it pleases[39] Thee, O Illustrious[40] Lord, so[37] does any one move[38].	ਜਿਸ ਤਰ੍ਹਾਂ[34] ਤੂੰ[35] ਟੋਰਦਾ[36] ਹੈਂ ਅਤੇ ਜਿਸ ਤਰ੍ਹਾਂ ਤੈਨੂੰ ਚੰਗਾ ਲੱਗਦਾ[39] ਹੈ ਹੇ ਭਾਗਾਂ ਵਾਲੇ[40] ਪ੍ਰਭੂ ! ਉਸੇ ਤਰ੍ਹਾਂ ਹੀ ਕੋਈ ਟੁਰਦਾ[88] ਹੈ ।
ਕਹਤ[41] ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ[42] ॥	Says[41] Nanak, Thou art the True Lord, who is it that knows Thine deeds[42] ?	ਗੁਰੂ ਜੀ ਫੁਰਮਾਉਂਦੇ[41] ਹਨ ਤੂੰ ਸੱਚਾ ਸੁਆਮੀ ਹੈਂ ਤੇਰੇ ਕੰਮਾਂ-ਕਾਜਾਂ[42] ਨੂੰ ਕੌਣ ਜਾਣਦਾ ਹੈ ?
ਇਕਨਾ[43] ਘਰ[44] ਮਹਿ[45] ਦੇ[46] ਵਡਿਆਈ[47] ਇਕਿ ਭਰਮਿ[48] ਭਵਹਿ[49] ਅਭਿ-ਮਾਨਾ[50] ॥੪॥੩॥	Some[43] Thou blesseth[46] with glory[47] in[45] their own home[44] and some wander[49] in doubt[48] and pride[50].	ਕਈਆਂ[43] ਨੂੰ ਤੂੰ ਉਨ੍ਹਾਂ ਦੇ ਘਰ[44] ਅੰਦਰ[45] ਹੀ ਪ੍ਰਭਤਾ[47] ਬਖ਼ਸ਼ਦਾ[46] ਹੈਂ ਅਤੇ ਕਈ ਵਹਿਮ[48] ਅਤੇ ਹੰਕਾਰ[50] ਅੰਦਰ ਭਟਕਦੇ[49] ਹਨ ।
ਬਿਲਾਵਲੁ ਮਹਲਾ ੩ ॥	Bilawal 3rd Guru	ਬਿਲਾਵਲ ਤੀਜੀ ਪਾਤਿਸ਼ਾਹੀ ।
ਪੂਰਾ[51] ਥਾਟੁ[52] ਬਣਾਇਆ ਪੂਰੈ[53] ਵੇਖਹੁ[56] ਏਕ[54] ਸਮਾਨਾ[55] ॥	The Perfect Lord[53] has made the Perfect[51] make[52]. See[56] Thou the One Lord[54] contained[55] all over.	ਪੂਰਨ ਪ੍ਰਭੂ[53] ਨੇ ਪੂਰੀ[51] ਬਣਾਵਟ[52] ਬਣਾਈ ਹੈ । ਤੂੰ ਇਕ ਪ੍ਰਭੂ[54] ਨੂੰ ਹੀ ਸਾਰੇ ਰਮਿਆ ਹੋਇਆ[55] ਵੇਖ[56] ।
ਇਸੁ ਪਰਪੰਚ[57] ਮਹਿ ਸਾਚੇ	In this play[57] (world), the glory[58] is	ਇਸ ਖੇਡ[57] (ਜਹਾਨ) ਅੰਦਰ ਪ੍ਰਭਤਾ[58] ਸੱਚੇ ਨਾਮ ਦੀ

ਨਾਮ ਕੀ ਵਡਿਆਈ[58]ਮਤੁ[59] ਕੋ ਧਰਹੁ[60] ਗੁਮਾਨਾ[61] ॥੧॥	of the True Name. So no[59] one should take[60] pride[61] on himself.	ਹੈ । ਇਸ ਲਈ ਕੋਈ ਜਣਾ ਆਪਣੇ ਆਪ ਤੇ ਹੰਕਾਰ[61] ਨਾ[59] ਕਰੇ[60] ।
ਸਤਿਗੁਰ ਕੀ ਜਿਸ ਨੋ ਮਤਿ[62]ਆਵੈ[63] ਸੋ[64]ਸਤਿਗੁਰ ਮਾਹਿ[65] ਸਮਾਨਾ[66] ॥	He, who imbibes[63] the wisdom[62] of the True Guru, he[64] merges[66] in[65] the True Guru.	ਜੋ ਸੱਚੇ ਗੁਰਾਂ ਦੀ ਸਿਆਣਪ[62] ਨੂੰ ਧਾਰਨ ਕਰ ਲੈਂਦਾ[63] ਹੈ, ਉਹ[64] ਸੱਚੇ ਗੁਰਾਂ ਅੰਦਰ[65] ਲੀਨ ਹੋ ਜਾਂਦਾ[66] ਹੈ ।
ਇਹ ਬਾਣੀ[67] ਜੋ ਜੀਅਹੁ[68] ਜਾਣੈ[69] ਤਿਸੁ[70] ਅੰਤਰਿ[71] ਰਵੈ[72] ਹਰਿ ਨਾਮਾ ॥੧॥ ਰਹਾਉ॥	He who heartily[68] realises[69] this Gurbani[67], within his[70] mind[71] abides[72] the Lord's Name. Pause.	ਜੋ ਇਸ ਗੁਰਬਾਣੀ[67] ਨੂੰ ਦਿਲੋਂ[68] ਅਨੁਭਵ ਕਰਦਾ[69] ਹੈ ਉਸ ਦੇ[70] ਹਿਰਦੇ[71] ਅੰਦਰ ਸੁਆਮੀ ਦਾ ਨਾਮ ਵਸ ਜਾਂਦਾ[72] ਹੈ । ਠਹਿਰਾਉ ।
ਚਹੁ ਜੁਗਾ[73] ਕਾ ਹੁਣਿ[74] ਨਿਬੇੜਾ[75] ਨਰ ਮਨੁਖਾ[76] ਨੋ ਏਕੁ[77] ਨਿਧਾਨਾ[78] ॥	Now[74] the quintessence[75] of the experience of the four ages[73] is this; that for the human race[76], the one Lord's[77]Name alone is the treasure[78] of blessings.	ਹੁਣ[74] ਚਾਰਾਂ ਹੀ ਯੁਗਾਂ[73] ਦੇ ਤਜਰਬੇ ਦਾ ਸਾਰ ਤੱਤ[75] ਇਹ ਹੈ ਕਿ ਇਨਸਾਨ ਜਾਤੀ[76] ਲਈ ਕੇਵਲ ਇਕ ਪ੍ਰਭੂ ਦਾ[77] ਨਾਮ ਹੀ ਬਰਕਤਾਂ ਦਾ ਖ਼ਜ਼ਾਨਾ[78] ਹੈ ।
ਜਤੁ[79] ਸੰਜਮ[80] ਤੀਰਥ[81] ਓਨਾ ਜੁਗਾ ਕਾ ਧਰਮੁ[82] ਹੈ ਕਲਿ[83] ਮਹਿ[84] ਕੀਰਤਿ[85] ਹਰਿਨਾਮਾ ॥੨॥	Celibacy[79], self-discipline[80] and pilgrimages[81] are the faith[82] of those ages. In[84] the Darkage[83] the glorification[85] of Lord's Name is the only righteous deed.	ਪਾਕ ਦਾਮਨੀ[79], ਸਵੈ-ਜ਼ਬਤ[80] ਅਤੇ ਧਰਮ ਅਸਥਾਨਾਂ[81] ਦੀ ਯਾਤ੍ਰਾ ਉਨ੍ਹਾਂ ਯੁੱਗਾਂ ਦਾ ਈਮਾਨ[82] ਹੈ । ਕਲਜੁਗ[83] ਅੰਦਰ[84] ਕੇਵਲ ਇਕ ਪ੍ਰਭੂ ਦੇ ਨਾਮ ਦੀ ਮਹਿਮਾ[85] ਹੀ ਸੱਚਾ ਸੁੱਚਾ ਕਰਮ ਹੈ ।
ਜੁਗਿ ਜੁਗਿ ਆਪੋ ਆਪਣਾ[86] ਧਰਮੁ ਹੈ ਸੋਧਿ[87] ਦੇਖਹੁ[88] ਬੇਦ ਪੁਰਾਨਾ ॥	Every age has its own[86] faith. Examine[87] and see[88] thou the Vedas and Puranas.	ਹਰ ਇਕ ਯੁੱਗ ਦਾ ਆਪਣਾ ਨਿੱਜ ਦਾ[86] ਈਮਾਨ ਹੈ । ਤੂੰ ਵੇਦਾਂ ਅਤੇ ਪੁਰਾਣਾਂ ਨੂੰ ਨਿਰਣਜ ਕਰ[87] ਕੇ ਵੇਖ[88] ਲੈ ।
ਗੁਰਮੁਖਿ[89] ਜਿਨੀ ਧਿਆਇਆ[90] ਹਰਿ ਹਰਿ ਜਗਿ[91] ਤੇ[92] ਪੂਰੇ[93] ਪਰਵਾਨਾ[94] ॥	In this world[91], perfect[93] and approved[94] are they alone[92], who through the Guru[89], meditate[90] on the Lord God.	ਇਸ ਸੰਸਾਰ[91] ਵਿਚ ਪੂਰਨ[93] ਅਤੇ ਪਰਵਾਣਿਤ[94] ਕੇਵਲ ਉਹ[92] ਹਨ ਜੋ ਗੁਰਾਂ[89] ਦੇ ਰਾਹੀਂ ਸੁਆਮੀ ਵਾਹਿਗੁਰੂ ਦਾ ਸਿਮਰਨ[90] ਕਰਦੇ ਹਨ ।
੭੯੮	798	੭੯੮
ਕਹਤ ਨਾਨਕੁ ਸਚੇ[95] ਸਿਉ ਪ੍ਰੀਤਿ[96] ਲਾਏ[97] ਚੂਕੈ[98] ਮਨਿ[99] ਅਭਿਮਾਨਾ[100] ॥	Says Nanak, by embracing[97] affection[96] for the True Lord[95], mind's[99] ego[100] is stilled[98].	ਗੁਰੂ ਜੀ ਫੁਰਮਾਉਂਦੇ ਹਨ,ਸੱਚੇ[95] ਸੁਆਮੀ ਨਾਲ ਪ੍ਰੇਮ[96] ਪਾਉਣ ਦੁਆਰਾ[97] ਚਿੱਤ[99] ਦਾ ਹੰਕਾਰ[100] ਨਵਿਰਤ ਹੋ ਜਾਂਦਾ[98] ਹੈ ।
ਕਹਤ[2] ਸੁਣਤ[3] ਸਭੇ ਸੁਖ ਪਾਵਹਿ ਮਾਨਤ[4] ਪਾਹਿ ਨਿਧਾਨਾ[5]॥੪॥੪॥	All they who utter[2] and hear[3] the Name obtain peace and they who believe[4] in it, attain the whole treasure[5].	ਜੋ ਨਾਮ ਨੂੰ ਉਚਾਰਦੇ[2] ਅਤੇ ਸੁਣਦੇ[3] ਹਨ, ਉਹ ਆਰਾਮ ਪਾਉਂਦੇ ਹਨ ਅਤੇ ਜੋ ਇਸ ਵਿਚ ਨਿਸਚਾ[4] ਧਾਰਨ ਕਰਦੇ ਹਨ ਉਹ ਸਮੂਹ ਖ਼ਜ਼ਾਨੇ[5] ਨੂੰ ਪਰਾਪਤ ਕਰ ਲੈਂਦੇ ਹਨ ।
ਬਿਲਾਵਲੁ ਮਹਲਾ ੩ ॥	Bilawal 3rd Guru.	ਬਿਲਾਵਲ ਤੀਜੀ ਪਾਤਿਸ਼ਾਹੀ ।

ਗੁਰਮੁਖਿ[6] ਪ੍ਰੀਤਿ[7] ਜਿਸਨੋ ਆਪੇ[8] ਲਾਏ[9] ॥ ਤਿਤੁ[10] ਘਰਿ[12] ਬਿਲਾਵਲੁ[13] ਗੁਰ ਸਬਦਿ[14] ਸੁਹਾਏ[15] ॥	He, whom the Supreme Guru[6] himself[8] imbues with[9] the Lord's love[7]; in his[10] home[12] is all joy[13] and he is embellished[15] with the Guru's Word[14].	ਜਿਸ ਨੂੰ ਮੁਖੀ-ਗੁਰੂ[6] ਜੀ ਖ਼ੁਦ[8] ਪ੍ਰਭੂ ਦੇ ਪ੍ਰੇਮ[7] ਨਾਲ ਰੰਗਦੇ[9] ਹਨ; ਉਸ ਦੇ[10] ਧਾਮ[12] ਅੰਦਰ ਸਮੂਹ ਖ਼ੁਸ਼ੀ[13] ਹੈ ਅਤੇ ਉਹ ਗੁਰਾਂ ਦੀ ਬਾਣੀ[14] ਨਾਲ ਸਸ਼ੋਭਤ ਹੋ ਜਾਂਦਾ[15] ਹੈ।
ਮੰਗਲੁ[16] ਨਾਰੀ[17] ਗਾਵਹਿ[18] ਆਏ[19] ॥	The women[17] come[19] and sing[18] the Lord's praise[16].	ਇਸਤ੍ਰੀਆਂ[17] ਆ ਕੇ[19] ਸੁਆਮੀ ਦੀ ਉਸਤਤੀ[16] ਗਾਇਨ[18] ਕਰਦੀਆਂ ਹਨ।
ਮਿਲਿ ਪ੍ਰੀਤਮ[20] ਸਦਾ[21] ਸੁਖੁ ਪਾਏ ॥੧॥	Meeting with the Beloved[20], eternal[21] peace is obtained.	ਪਿਆਰੇ[20] ਨਾਲ ਮਿਲਣ ਦੁਆਰਾ ਸਦੀਵੀ[21] ਸ਼ਾਂਤੀ ਪਰਾਪਤ ਹੁੰਦੀ ਹੈ।
ਹਉ ਤਿਨ[22] ਬਲਿਹਾਰੈ[23] ਜਿਨ ਹਰਿ ਮੰਨਿ[24] ਵਸਾਏ[25] ॥	I am a sacrifice[23] unto those[22], who enshrine[25] the Lord in their mind[24].	ਮੈਂ ਉਨ੍ਹਾਂ[22] ਉਤੋਂ ਵਾਰਨੇ[23] ਜਾਂਦਾ ਹਾਂ ਜੋ ਪ੍ਰਭੂ ਨੂੰ ਆਪਣੇ ਹਿਰਦੇ[24] ਅੰਦਰ ਟਿਕਾਉਂਦੇ[25] ਹਨ।
ਹਰਿ ਜਨ[26] ਕਉ ਮਿਲਿਆ ਸੁਖੁ[29] ਪਾਈਐ ਹਰਿ ਗੁਣ[27] ਗਾਵੈ ਸਹਜਿ ਸੁਭਾਏ[28] ॥੧॥ ਰਹਾਉ ॥	Meeting with the Lord's slave[26], peace[29] is attained and the mortal automatically[28] sings God's praise[27]. Pause.	ਸਾਂਈਂ ਦੇ ਗੋਲੇ[26] ਨੂੰ ਮਿਲ ਕੇ ਠੰਢ-ਚੈਨ[29] ਪਰਾਪਤ ਹੁੰਦੀ ਹੈ ਅਤੇ ਪ੍ਰਾਨੀ ਸੁਤੇਸਿਧ[28] ਹੀ ਹਰੀ ਦਾ ਜੱਸ[27] ਗਾਇਨ ਕਰਦਾ ਹੈ। ਠਹਿਰਾਉ।
ਸਦਾ[36] ਰੰਗਿ[30] ਰਾਤੇ[31] ਤੇਰੈ ਚਾਏ[32] ॥ ਹਰਿ ਜੀਉ[35] ਆਪਿ[37] ਵਸੈ[33] ਮਨਿ[34] ਆਏ ॥	They, who ever[36] remain imbued[31] in Thine love[30] and joy[32], O Reverend[35] Lord; Thou Thyself[37] comest to abide[33] in their mind[34].	ਜੋ ਸਦੀਵ[36] ਹੀ ਤੇਰੀ ਪ੍ਰੀਤ[30] ਅਤੇ ਖ਼ੁਸ਼ੀ[32] ਅੰਦਰ ਰੰਗੇ[31] ਰਹਿੰਦੇ ਹਨ, ਹੇ ਪੂਜਯ[35] ਪ੍ਰਭੂ! ਤੂੰ ਖ਼ੁਦ[37] ਹੀ ਆ ਕੇ ਉਨ੍ਹਾਂ ਦੇ ਹਿਰਦੇ[34] ਅੰਦਰ ਨਿਵਾਸ ਕਰ ਲੈਂਦਾ[33] ਹੈਂ।
ਆਪੇ[38] ਸੋਭਾ[39] ਸਦ[40] ਹੀ ਪਾਏ ॥	They, of themselves[38] attain eternal[40] glory[39].	ਉਹ ਖ਼ੁਦ[38] ਹੀ ਸਦੀਵੀ[40] ਕੀਰਤੀ[39] ਨੂੰ ਪਰਾਪਤ ਹੋ ਜਾਂਦੇ ਹਨ।
ਗੁਰਮੁਖਿ[41] ਮੇਲੈ[42] ਮੇਲਿ[43] ਮਿਲਾਏ[44] ॥੨॥	The exalted Guru[41] makes them meet[42] with the Master and unites[44] them in His union[43].	ਮੁਖੀ ਗੁਰਦੇਵ[41] ਜੀ ਉਨ੍ਹਾਂ ਨੂੰ ਮਾਲਕ ਨਾਲ ਜੋੜ[42] ਅਤੇ ਉਸ ਦੇ ਮਿਲਾਪ[43] ਅੰਦਰ ਮਿਲਾ ਦਿੰਦੇ[44] ਹਨ।
ਗੁਰਮੁਖਿ[45] ਰਾਤੇ[46] ਸਬਦਿ[47] ਰੰਗਾਏ[48] ॥	By Guru's grace[45], they are imbued[46], imbued[48] with the Lord's Name[47].	ਗੁਰਾਂ ਦੀ ਦਇਆ[45] ਦੁਆਰਾ ਉਹ ਸਾਹਿਬ ਦੇ ਨਾਮ[47] ਨਾਲ ਰੰਗੀਜ[46], ਰੰਗੀਜ ਜਾਂਦੇ[48] ਹਨ।
ਨਿਜ[49] ਘਰਿ[50] ਵਾਸਾ[51] ਹਰਿ ਗੁਣ[52] ਗਾਏ ॥	They dwell[51] in their own[49] Home[50] and sing God's praise[52].	ਉਹ ਆਪਣੇ ਨਿੱਜ[49] ਦੇ ਧਾਮ[50] ਅੰਦਰ ਵਸਦੇ[51] ਹਨ ਅਤੇ ਵਾਹਿਗੁਰੂ ਦੀ ਮਹਿਮਾ[52] ਗਾਇਨ ਕਰਦੇ ਹਨ।
ਰੰਗ[53] ਚਲੂਲੈ[54] ਹਰਿ ਰਸਿ[55] ਭਾਏ[56] ॥	With the deep red[54] dye[53] of the Lord's love[55] they look beauteous[56].	ਪ੍ਰਭੂ ਦੇ ਪ੍ਰੇਮ[55] ਦੇ ਗੂੜ੍ਹੀ ਗੁਲਾਨਾਰੀ[54] ਰੰਗਤ[53] ਨਾਲ ਉਹ ਸੁਹਣੇ[56] ਲੱਗਦੇ ਹਨ।
ਇਹੁ ਰੰਗੁ ਕਦੇ[57] ਨ ਉਤਰੈ[58] ਸਾਚਿ[59] ਸਮਾਏ[60] ॥੩॥	This dye wears[58] not off ever[57] and they are absorbed[60] in the True Lord[59].	ਇਹ ਰੰਗਤ ਕਦਾਚਿੱਤ[57] ਲਹਿੰਦੀ[58] ਨਹੀਂ ਅਤੇ ਉਹ ਸੱਚੇ ਸੁਆਮੀ[59] ਅੰਦਰ ਲੀਨ ਹੋ ਜਾਂਦੇ[60] ਹਨ।
ਅੰਤਰਿ[61] ਸਬਦੁ[62] ਮਿਟਿਆ[63]	When the Lord's Name[62] abides in	ਜਦ ਪ੍ਰਭੂ ਦਾ ਨਾਮ[62] ਹਿਰਦੇ[61] ਅੰਦਰ ਵਸ ਜਾਂਦਾ ਹੈ, ਤਾਂ

ਅਗਿਆਨੁ[64] ਅੰਧੇਰਾ[65] ॥	the mind[61], the darkness[65] of ignorance[64] is dispelled[63].	ਬੇਸਮਝੀ[64] ਦਾ ਅਨ੍ਹੇਰਾ[65] ਦੂਰ ਹੋ ਜਾਂਦਾ[63] ਹੈ ।
ਸਤਿਗੁਰ ਗਿਆਨੁ[66] ਮਿਲਿਆ ਪ੍ਰੀਤਮੁ[67] ਮੇਰਾ ॥	Meeting with my friend[67] the True Guru, I have obtained the Divine knowledge[66].	ਆਪਣੇ ਮਿਤ੍ਰ[67], ਸੱਚੇ ਗੁਰਾਂ, ਨਾਲ ਮਿਲ ਕੇ ਮੈਨੂੰ ਬ੍ਰਹਿਮ ਬੋਧ[66] ਪਰਾਪਤ ਹੋ ਗਿਆ ਹੈ ।
ਜੋ ਸਚਿ[68] ਰਾਤੇ[69] ਤਿਨ[70] ਬਹੁੜਿ[71] ਨ ਫੇਰਾ[72] ॥	They[70] who are imbued[69] with the True Name[68], go not in the circuit[72] of transmigration, again[71].	ਜੋ ਸੱਚੇ ਨਾਮ[68] ਨਾਲ ਰੰਗੇ[69] ਹਨ, ਉਹ[70] ਮੁੜ ਕੇ[71] ਆਵਾਗਉਣ ਦੇ ਚੱਕਰ[72] ਵਿਚ ਨਹੀਂ ਪੈਂਦੇ ।
ਨਾਨਕ ਨਾਮੁ ਦ੍ਰਿੜਾਏ[73] ਪੂਰਾ[74] ਗੁਰੁ ਮੇਰਾ ॥੪॥੫॥	Nanak, my Perfect[74] Guru implants[73] the Name within the mortal.	ਨਾਨਕ, ਮੇਰੇ ਪੂਰਨ[74] ਗੁਰਦੇਵ ਜੀ ਪ੍ਰਾਣੀ ਦੇ ਅੰਦਰ ਨਾਮ ਨੂੰ ਪੱਕਾ ਕਰਦੇ[73] ਹਨ ।
ਬਿਲਾਵਲੁ ਮਹਲਾ ੩ ॥	Bilawal 3rd Guru.	ਬਿਲਾਵਲ ਤੀਜੀ ਪਾਤਿਸ਼ਾਹੀ ।
ਪੂਰੇ[77] ਗੁਰ ਤੇ[78] ਵਡਿਆਈ[75] ਪਾਈ[76] ॥	From[78] the Perfect[77] Guru I have obtained[76] glory[75].	ਪੂਰਨ[77] ਗੁਰਾਂ ਪਾਸੋਂ[78] ਮੈਂ ਪ੍ਰਭਤਾ[75] ਪਰਾਪਤ ਕੀਤੀ[76] ਹੈ ।
ਅਚਿੰਤ[79] ਨਾਮੁ ਵਸਿਆ[80] ਮਨਿ ਆਈ ॥	All-too-spontaneously[79] the Name has come to abide[80] within my mind.	ਖ਼ੁਦ-ਬ-ਖ਼ੁਦ[79] ਹੀ ਨਾਮ ਆ ਕੇ ਮੇਰੇ ਚਿੱਤ ਅੰਦਰ ਟਿਕ ਗਿਆ[80] ਹੈ ।
ਹਉਮੈ[81] ਮਾਇਆ[82] ਸਬਦਿ[83] ਜਲਾਈ[84] ॥	Ego[81] and mammon[82] I have burnt[84] with the Name[83].	ਹੰਕਾਰ[81] ਅਤੇ ਮੋਹਨੀ[82] ਮੈਂ ਨਾਮ[83] ਨਾਲ ਸਾੜ ਸੁੱਟੇ[84] ਹਨ ।
ਦਰਿ[85] ਸਾਚੈ ਗੁਰ[86] ਤੇ ਸੋਭਾ[87] ਪਾਈ ॥੧॥	Through Guru[86], I have obtained honour[87] in the True Court[85].	ਗੁਰਾਂ ਦੇ ਰਾਹੀਂ[86], ਮੈਨੂੰ ਸੱਚੇ ਦਰਬਾਰ[85] ਅੰਦਰ ਆਬਰੂ[87] ਪਰਾਪਤ ਹੋਈ ਹੈ ।
[88]ਜਗਦੀਸ[89] ਸੇਵਉ[90] ਮੈ ਅਵਰੁ[91] ਨ ਕਾਜਾ[92] ॥	I now serve[90] the Lord[89] of the universe[88]. I have no other[91] work[92] to do.	ਹੁਣ ਮੈਂ ਸ੍ਰਿਸ਼ਟੀ[88] ਦੇ ਸੁਆਮੀ[89] ਦੀ ਟਹਿਲ ਕਮਾਉਂਦਾ[90] ਹਾਂ । ਮੈਨੂੰ ਹੋਰ[91] ਕੋਈ ਕੰਮ[92] ਨਹੀਂ ।
ਅਨਦਿਨੁ[93] ਅਨਦੁ[94] ਹੋਵੈ[95] ਮਨਿ ਮੇਰੈ ਗੁਰਮੁਖਿ[96] ਮਾਗਉ[97] ਤੇਰਾ ਨਾਮੁ ਨਿਵਾਜਾ[98] ॥੧॥ ਰਹਾਉ ॥	Night[93] and day, joy[94] wells up[95] within my mind and through the Guru[96], pray[97] I for the bounty of the bliss-giving[98] Name of Thine. Pause.	ਰੈਣ[93] ਦਿਹੁੰ ਮੇਰੇ ਚਿੱਤ ਅੰਦਰ ਖ਼ੁਸ਼ੀ[94] ਉਤਪੰਨ ਹੁੰਦੀ ਹੈ ਅਤੇ ਗੁਰਾਂ ਦੇ ਰਾਹੀਂ[96] ਮੈਂ ਤੇਰੇ ਖ਼ੁਸ਼ੀ ਦੇਣਹਾਰ[98] ਨਾਮ ਦੀ ਦਾਤ ਦੀ ਯਾਚਨਾ ਕਰਦਾ[97] ਹਾਂ । ਠਹਿਰਾਉ ।
ਮਨ[99] ਕੀ ਪਰਤੀਤਿ[100] ਮਨ ਤੇ ਪਾਈ ॥	The mind's[99] faith[100], I have obtained from the mind itself.	ਚਿੱਤ[99] ਦਾ ਭਰੋਸਾ[100] ਮੈਂ ਆਪਣੇ ਚਿੱਤ ਤੋਂ ਹੀ ਪਰਾਪਤ ਕੀਤਾ ਹੈ ।
ਪੂਰੇ[2] ਗੁਰ ਤੇ[3] ਸਬਦਿ[4] ਬੁਝਾਈ[5] ॥	Through[3] the Perfect[2] Guru, I have realised[5] the Name[4].	ਪੂਰਨ[2] ਗੁਰਾਂ ਦੇ ਰਾਹੀਂ[3] ਮੈਂ ਨਾਮ[4] ਨੂੰ ਅਨੁਭਵ ਕਰ ਲਿਆ[5] ਹੈ ।
ਜੀਵਣ[6] ਮਰਣੁ[7] ਕੋ[8] ਸਮਸਰਿ[10] ਵੇਖੈ[12] ॥	Some rare one[8] looks[12] upon life[6] and death[7] alike[10].	ਕੋਈ ਵਿਰਲਾ ਜਣਾ[8] ਹੀ ਜ਼ਿੰਦਗੀ[6] ਤੇ ਮੌਤ[7] ਨੂੰ ਇਕ ਸਮਾਨ[10] ਵੇਖਦਾ[12] ਹੈ ।
ਬਹੁੜਿ[13] ਨ ਮਰੈ ਨ ਜਮੁ[14] ਪੇਖੈ[15] ॥੨॥	He dies not again[13], nor sees[15] he the death's myrmidon[14].	ਉਹ ਨਾ ਮੁੜ[13] ਮਰਦਾ ਹੈ ਅਤੇ ਨਾ ਹੀ ਮੌਤ ਦੇ ਫ਼ਰੇਸ਼ਤੇ[14] ਨੂੰ ਵੇਖਦਾ[15] ਹੈ ।
ਘਰ[16] ਹੀ ਮਹਿ[17] ਸਭਿ	In[17] the mind[16] itself are the fort-	ਅੰਤਹਕਰਣ[16] ਅੰਦਰ[17] ਹੀ ਸਾਰਿਆਂ ਖ਼ਜ਼ਾਨਿਆਂ[19]

ਕੋਟ[18] ਨਿਧਾਨ[19] ॥

resses[18] of all the treasures[19].

ਦੇ ਕਿਲ੍ਹੇ[18] ਹਨ ।

ਸਤਿਗੁਰਿ ਦਿਖਾਏ[20] ਗਇਆ[21] ਅਭਿਮਾਨੁ[22] ॥

The True Guru has shown[20] them to me and my ego[22] is stilled[21].

ਸੱਚੇ ਗੁਰਾਂ ਨੇ ਉਹ ਮੈਨੂੰ ਵਿਖਾਲ ਦਿੱਤੇ[20] ਹਨ ਅਤੇ ਮੇਰਾ ਹੰਕਾਰ[22] ਨਵਿਰਤ ਹੋ ਗਿਆ[21] ਹੈ ।

ਸਦ[23] ਹੀ ਲਾਗਾ[24] ਸਹਜਿ[25] ਧਿਆਨ[26] ॥
ਅਨਦਿਨੁ[27] ਗਾਵੈ[28] ਏਕੋ[29] ਨਾਮ ॥੩॥

So my attention[26] ever[23] remains fixed[24] on the Supreme Lord[25] and night[27] and day sing[28] I the Name alone[29].

ਇਸ ਲਈ ਮੇਰੀ ਬਿਰਤੀ[26] ਹਮੇਸ਼ਾਂ[23] ਸਰੋਮਣੀ ਸੁਆਮੀ[25] ਨਾਲ ਜੁੜੀ ਰਹਿੰਦੀ[24] ਹੈ ਅਤੇ ਰਾਤ[27] ਦਿਨ ਮੈਂ ਕੇਵਲ[29] ਨਾਮ ਨੂੰ ਹੀ ਗਾਉਂਦਾ[28] ਹਾਂ ।

ਇਸੁ ਜੁਗ[30] ਮਹਿ[31] ਵਡਿਆਈ[32] ਪਾਈ॥ ਪੂਰੇ[33] ਗੁਰ ਤੇ[34] ਨਾਮੁ ਧਿਆਈ[35]॥

Contemplating[35] the Name, through[34] the Perfect[33] Guru I have obtained magnificence[32] in[31] this age[30].

ਪੂਰਨ[33] ਗੁਰਾਂ ਦੇ ਰਾਹੀਂ[34] ਨਾਮ ਦਾ ਸਿਮਰਨ ਕਰਨ[35] ਦੁਆਰਾ ਮੈਂ ਇਸ ਯੁਗ[30] ਅੰਦਰ[31] ਮਹਾਨਤਾ[32] ਪ੍ਰਾਪਤ ਕਰ ਲਈ ਹੈ ।

ਜਹ[36] ਦੇਖਾ[39] ਤਹ[37] ਰਹਿਆ ਸਮਾਈ[38] ॥

Wherever[36] I see[39], I find the Lord pervading[38] there[37].

ਜਿਥੇ ਕਿਤੇ[36] ਮੈਂ ਵੇਖਦਾ[39] ਹਾਂ, ਉਥੇ[37] ਹੀ ਮੈਂ ਸੁਆਮੀ ਨੂੰ ਵਿਆਪਕ[38] ਪਾਉਂਦਾ ਹਾਂ ।

ਸਦਾ ਸੁਖਦਾਤਾ[40] ਕੀਮਤਿ[41] ਨਹੀ ਪਾਈ ॥੪॥

He is ever the Peace-Giver[40]. His worth[41] can be evaluated not.

ਉਹ ਹਮੇਸ਼ਾ ਆਰਾਮ-ਬਖਸ਼ਣਹਾਰ[40] ਹੈ । ਉਸ ਦਾ ਮੁੱਲ[41] ਪਾਇਆ ਨਹੀਂ ਜਾ ਸਕਦਾ ।

ਪੂਰੈ[42] ਭਾਗਿ[43] ਗੁਰੁ ਪੂਰਾ ਪਾਇਆ ॥ ਅੰਤਰਿ[44] ਨਾਮੁ ਨਿਧਾਨੁ[45] ਦਿਖਾਇਆ[46] ॥

By perfect[42] good fortune[43], I have obtained the Guru and within my mind[44] he has shown[46] me the Name treasure[45].

ਪੂਰਨ[42] ਚੰਗੇ ਨਸੀਬਾਂ[43] ਦੁਆਰਾ ਮੈਨੂੰ ਪੂਰਨ ਗੁਰਦੇਵ ਜੀ ਪਰਾਪਤ ਹੋਏ ਹਨ ਅਤੇ ਉਨ੍ਹਾਂ ਨੇ ਮੈਨੂੰ ਮੇਰੇ ਹਿਰਦੇ[44] ਅੰਦਰ ਹੀ ਨਾਮ ਦਾ ਖ਼ਜ਼ਾਨਾ[45] ਵਿਖਾਲ ਦਿੱਤਾ[46] ਹੈ ।

ਗੁਰ ਕਾ ਸਬਦੁ[47] ਅਤਿ[48] ਮੀਠਾ[49] ਲਾਇਆ ॥

The Guru's word[47] is very[48] sweet[49] unto me.

ਗੁਰਾਂ ਦੀ ਬਾਣੀ[47] ਮੈਨੂੰ ਪਰਮ[48] ਮਿੱਠੀ[49] ਲੱਗਦੀ ਹੈ ।

ਨਾਨਕ ਤ੍ਰਿਸਨ[50] ਬੁਝੀ[51] ਮਨਿ[52] ਤਨਿ[53] ਸੁਖੁ[54] ਪਾਇਆ ॥੫॥੬॥੪॥੬॥੧੦॥

Nanak, my desire[50] is quenched[51] and my soul[52] and body[53] are comforted[54].

ਨਾਨਕ, ਮੇਰੀ ਖ਼ਾਹਿਸ਼[50] ਬੁਝ ਗਈ[51] ਹੈ ਅਤੇ ਮੇਰੀ ਜਿੰਦੜੀ[52] ਤੇ ਜਿਸਮ[53] ਨੂੰ ਠੰਢ-ਚੈਨ[54] ਪਰਾਪਤ ਹੋ ਗਈ ਹੈ ।

ਰਾਗੁ ਬਿਲਾਵਲੁ
ਮਹਲਾ ੪ ਘਰੁ ੩

Rag Bilawal
4th Guru

ਰਾਗੁ ਬਿਲਾਵਲ
ਚੌਥੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।

ਉਦਮ[55] ਮਤਿ[56] ਪ੍ਰਭ ਅੰਤਰਜਾਮੀ[57] ਜਿਉ[58] ਪ੍ਰੇਰੇ[59] ਤਿਉ[60] ਕਰਨਾ[61] ॥

Endeavour[55] and intelligence[56] are the bounties of the Lord, the Knower of hearts[57]. As[58] He implies[59] so[60] do the men do[61].

ਉਪਰਾਲਾ[55] ਅਤੇ ਅਕਲ[56], ਦਿਲਾਂ ਦੀਆਂ ਜਾਨਣਹਾਰ[57] ਸੁਆਮੀ ਦੀਆਂ ਦਾਤਾਂ ਹਨ । ਜਿਸ ਤਰ੍ਹਾਂ[58] ਉਹ ਉਨ੍ਹਾਂ ਦੇ ਚਿੱਤ ਵਿਚ ਪਾਉਂਦਾ[59] ਹੈ, ਉਸੇ ਤਰ੍ਹਾਂ[60] ਹੀ ਬੰਦੇ ਕਰਦੇ[61] ਹਨ ।

ਜਿਉ[62] ਨਟੂਆ[63] ਤੰਤੁ[64]

As[62] the violin-player[63] plays upon[65]

ਜਿਸ ਤਰ੍ਹਾਂ[62] ਸਤਾਰ ਦਾ ਬਜੰਤਰੀ[63] ਸਤਾਰ[66] ਦੀਆਂ ਤਾਰਾਂ[64]

ਵਜਾਏ[65] ਤੰਤੀ[66] ਤਿਉ[67] ਵਾਜਹਿ[70] ਜੰਤ[68] ਜਨਾ[69] ॥ ੧ ॥

the strings[64] of the violin[66], so[67] do the men[69] instruments[68] play[70] in the Lord's hand.

ਨੂੰ ਵਜਾਉਂਦਾ[65] ਹੈ ਉਸੇ ਤਰ੍ਹਾਂ[67] ਹੀ ਮਨੁਖ[69]-ਵਾਜੇ[68] ਸੁਆਮੀ ਦੇ ਹੱਥਾਂ ਵਿਚ ਵੱਜਦੇ[70] ਹਨ ।

੭੯੯ | 799 | ੭੯੯

ਜਪਿ[71] ਮਨ[72] ਰਾਮ[73] ਨਾਮੁ ਰਸਨਾ[74] ॥

O man[72], utter[71] thou the Lord's[73] Name with thy tongue[74].

ਹੇ ਬੰਦੇ[72] ! ਤੂੰ ਆਪਣੀ ਜੀਭ੍ਹਾ[74] ਨਾਲ ਸੁਆਮੀ[73] ਦੇ ਨਾਮ ਦਾ ਉਚਾਰਨ ਕਰ[71] ।

ਮਸਤਕਿ[75]ਲਿਖਤ[76]ਲਿਖੇ[77] ਗੁਰੁ ਪਾਇਆ ਹਰਿ ਹਿਰਦੈ[78] ਹਰਿ ਬਸਨਾ[79] ॥ ਰਹਾਉ ॥

By virtue of the writ[76] inscribed[77] on my forehead[75], I have attained to my Guru and the Lord God is enshrined[79] in my mind[78]. Pause.

ਆਪਣੇ ਮੱਥੇ[75] ਉਤੇ ਉਕਰੀ ਹੋਈ[77] ਲਿਖਤਾਕਾਰ[76] ਦੀ ਬਰਕਤ ਦੁਆਰਾ, ਮੈਂ ਆਪਣੇ ਗੁਰਾਂ ਨੂੰ ਪਰਾਪਤ ਕਰ ਲਿਆ ਹੈ ਅਤੇ ਸੁਆਮੀ ਵਾਹਿਗੁਰੂ ਮੇਰੇ ਰਿਦੇ[78] ਅੰਦਰ ਟਿਕ ਗਿਆ[79] ਹੈ । ਠਹਿਰਾਉ ।

ਮਾਇਆ[80] ਗਿਰਸਤਿ[81] ਭ੍ਰਮਤੁ[82] ਹੈ ਪ੍ਰਾਨੀ[83] ਰਖਿ[84] ਲੇਵਹੁ ਜਨੁ[85] ਅਪਨਾ ॥

Involved[81] in worldly valuables[80], the mortal[83] wanders[82] about. O Lord God, save[84] Thou him as he is Thy servant[85].

ਸੰਸਾਰੀ ਪਦਾਰਥਾਂ[80] ਅੰਦਰ ਉਲਝਿਆ ਹੋਇਆ[81] ਜੀਵ[83] ਭਟਕਦਾ ਫਿਰਦਾ[82] ਹੈ । ਹੇ ਸੁਆਮੀ ਵਾਹਿਗੁਰੂ ! ਤੂੰ ਉਸ ਦੀ ਰੱਖਿਆ ਕਰ[84] ਕਿਉਂਜੋ ਉਹ ਤੇਰਾ ਹੀ ਨੌਕਰ[85] ਹੈ ।

ਜਿਉ[86] ਪ੍ਰਹਿਲਾਦੁ ਹਰਣਾ-ਖਸਿ ਗ੍ਰਸਿਓ[87] ਹਰਿ ਰਾਖਿਓ[88]ਹਰਿਸਰਨਾ[89]॥੨॥

As[86] Thou saved Prahlad from the clutches[87] of Harnakhsha and ushered[88] him into Thine refuge[89].

ਜਿਸ ਤਰ੍ਹਾਂ[86] ਤੂੰ ਪ੍ਰਹਿਲਾਦ ਨੂੰ ਹਰਨਾਖ਼ਸ਼ ਦੇ ਪੰਜੇ[87] ਤੋਂ ਬਚਾਇਆ ਸੀ ਅਤੇ ਉਸ ਨੂੰ ਆਪਣੀ ਪਨਾਹ[89] ਦਿੱਤੀ[88] ਸੀ ।

ਕਵਨ ਕਵਨ[90] ਕੀ ਗਤਿ[91] ਮਿਤਿ[92] ਕਹੀਐ[93] ਹਰਿ ਕੀਏ ਪਤਿਤ[94] ਪਵੰਨਾ[95] ॥

The state[91] and life's department[92] of how many[90] sinners[94] should I narrate[93] whom, Thou O Lord, hast purified[95] ?

ਕਿੰਨਿਆਂ ਕੁ[90] ਪਾਪੀਆਂ[94] ਦੀ ਅਵਸਥਾ[91] ਅਤੇ ਜੀਵਨ-ਮਰਯਾਦਾ[92] ਮੈਂ ਵਰਨਣ[93] ਕਰਾਂ, ਜਿਨ੍ਹਾਂ ਨੂੰ ਤੂੰ, ਹੇ ਸੁਆਮੀ ! ਪਵਿੱਤਰ ਕੀਤਾ[95] ਹੈ ।

ਓਹੁ ਢੋਵੈ[96] ਢੋਰ[97] ਹਾਥਿ[98] ਚਮੁ[99] ਚਮਰੇ[100] ਹਰਿ ਉਧਰਿਓ[2] ਪਰਿਓ[3] ਸਰਨਾ[4] ॥੩॥

(Ravi Dass) the tanner[100], who handled[98] leather[99] and carried[96] dead beasts[97], entered[3] God's sanctuary[4] and was saved[2].

(ਰਵਿਦਾਸ) ਚੁਮਾਰ[100], ਜਿਸ ਦੇ ਹੱਥ[98] ਵਿਚ ਚਮੜਾ[99] ਰਹਿੰਦਾ ਸੀ ਅਤੇ ਜੋ ਮਰੇ ਹੋਏ ਡੰਗਰ[97] ਢੋਂਦਾ[96] ਸੀ ਨੇ ਵਾਹਿਗੁਰੂ ਦੀ ਪਨਾਹ[4] ਲੈ ਲਈ[3] ਅਤੇ ਪਾਰ ਉਤਰ ਗਿਆ[2] ।

ਪ੍ਰਭ ਦੀਨ[5] ਦਇਆਲ[6] ਭਗਤ[7]ਭਵ[8] ਤਾਰਨ[9] ਹਮ[10] ਪਾਪੀ[12] ਰਾਖੁ[13] ਪਪਨਾ[14] ॥

O Lord Merciful[6] to the meek[5], Thou ferriest[9] Thine devotees[7] across the world[8]-ocean. Save[13] Thou me[10], the sinner[12], from the sins[14].

ਹੇ ਮਸਕੀਨਾਂ[5] ਤੇ ਮਿਹਰਬਾਨ[6] ਸੁਆਮੀ ! ਤੂੰ ਆਪਣੇ ਅਨੁਰਾਗੀਆਂ[7] ਨੂੰ ਜਗਤ[8] ਸਮੁੰਦਰ ਤੋਂ ਪਾਰ ਕਰ ਦਿੰਦਾ[9] ਹੈਂ । ਤੂੰ, ਮੈਂ[10] ਗੁਨਾਹਗਾਰ[12] ਨੂੰ, ਗੁਨਾਹਾਂ[14] ਤੋਂ ਬਚਾ[13] ।

ਹਰਿ ਦਾਸਨ ਦਾਸ ਦਾਸ[15] ਹਮ[16] ਕਰੀਅਹੁ[17] ਜਨ[18] ਨਾਨਕ ਦਾਸ[19] ਦਾਸੰਨਾ[20]॥ ੪॥੧॥

My God, make[17] me[16] the slave[15] of the slave of Thine slaves. Serf[18] Nanak is called[20] an attendant[19] of Thine.

ਮੇਰੇ ਵਾਹਿਗੁਰੂ, ਮੈਨੂੰ[16] ਆਪਣੇ ਗੋਲਿਆ ਦੇ ਗੋਲੇ ਦਾ ਗੋਲਾ[15] ਬਣਾ[17] ਲੈ । ਨਫ਼ਰ[18] ਨਾਨਕ ਤੇਰਾ ਸੇਵਕ[19] ਦੱਸਿਆ ਜਾਂਦਾ[20] ਹੈ ।

ਬਿਲਾਵਲੁ ਮਹਲਾ ੪ ।

Bilawal 4th Guru.

ਬਿਲਾਵਲੁ ਚੌਥੀ ਪਾਤਿਸ਼ਾਹੀ ।

ਹਮ[21] ਮੂਰਖ[22] ਮੁਗਧ[23]

I[21] am foolish[22], unwise[23] and of

ਮੈਂ[21] ਮੂੜ੍ਹ[22], ਬੇਵਕੂਫ਼[23] ਅਤੇ ਨਾਦਾਨ[24] ਸਮਝ ਵਾਲਾ[25]

ਅਗਿਆਨ[24] ਮਤੀ[25] ਸਰਣਾਗਤਿ[26] ਪੁਰਖ[27] ਅਜਨਮਾ[28] ॥	ignorant[24] understanding[25]. I seek Thine shelter[26], O my Unborn[28] Lord[27].	ਹਾਂ । ਮੈਂ ਤੇਰੀ ਪਨਾਹ[26] ਲੋੜਦਾ ਹਾਂ, ਹੇ ਮੇਰੇ ਅਜੂਨੀ[28] ਸਾਹਿਬ[27] !
ਕਰਿ ਕਿਰਪਾ[29] ਰਖਿ[30] ਲੇਵਹੁ ਮੇਰੇ ਠਾਕੁਰ ਹਮ ਪਾਥਰ[31] ਹੀਨ[32] ਅਕਰਮਾ[33] ॥੧॥	Have mercy[29] on me, O my Master and save[30] Thou me, I am unfortunate[33], low[32] and a mere stone[31].	ਮੇਰੇ ਉਤੇ ਤਰਸ ਕਰ[29], ਹੇ ਮੇਰੇ ਮਾਲਕ ! ਅਤੇ ਤੂੰ ਮੈਨੂੰ ਬਚਾ[30] ਲੈ । ਮੈਂ ਨਿਕਰਮਣ[33], ਨੀਵਾਂ[32] ਅਤੇ ਨਿਰਾਪੁਰਾ ਪੱਥਰ[31] ਹੀ ਹਾਂ ।
ਮੇਰੇ ਮਨ[34] ਭਜੁ[35] ਰਾਮ ਨਾਮੈ ਰਾਮਾ ॥	O my soul[34], contemplate[35] thou the Lord Master's Name.	ਹੇ ਮੇਰੀ ਜਿੰਦੜੀਏ[34] ! ਤੂੰ ਸੁਆਮੀ ਮਾਲਕ ਦੇ ਨਾਮ ਦਾ ਸਿਮਰਨ[35] ਕਰ ।
ਗੁਰਮਤਿ[36] ਹਰਿ ਰਸੁ[37] ਪਾਈਐ ਹੋਰਿ[38] ਤਿਆਗਹੁ[39] ਨਿਹਫਲ[40] ਕਾਮਾ[41] ॥੧॥ ਰਹਾਉ ॥	By Guru's instruction[36], the Lord's Nectar[37] is obtained. Forsake[39] thou other[38] fruitless[40] deeds[41]. Pause.	ਗੁਰਾਂ ਦੇ ਉਪਦੇਸ਼[36] ਦੁਆਰਾ ਪ੍ਰਭੂ ਦਾ ਅੰਮ੍ਰਿਤ[37] ਪਰਾਪਤ ਹੁੰਦਾ ਹੈ । ਤੂੰ ਹੋਰਸ[38] ਨਿਸਫਲ[40] ਕੰਮਾਂ-ਕਾਜਾਂ[41] ਨੂੰ ਛੱਡ ਦੇ[39] । ਠਹਿਰਾਉ ।
ਹਰਿ ਜਨ[47] ਸੇਵਕ[42] ਸੇ[43] ਹਰਿ ਤਾਰੇ[44] ਹਮ ਨਿਰਗੁਨ[45] ਰਾਖੁ ਉਪਮਾ[46] ॥	The Lord's slaves[47] and serfs[42], them[43] the Lord savest[44]. To save me, the virtueless[45] one, O Lord, is to Thy glory[46]	ਸਾਹਿਬ ਦੇ ਗੋਲਿਆਂ[47] ਅਤੇ ਨਫ਼ਰਾਂ[42], ਉਨ੍ਹਾਂ ਦੀ[43] ਸਾਹਿਬ ਰੱਖਿਆ ਕਰਦਾ[44] ਹੈ । ਮੈਂ, ਨੇਕੀ-ਵਿਹੂਣ[45] ਦੀ ਰੱਖਿਆ ਕਰਨ ਵਿਚ, ਹੇ ਸੁਆਮੀ ! ਤੇਰੀ ਸ਼ੋਭਾ[46] ਹੈ ।
ਤੁਝ ਬਿਨੁ ਅਵਰੁ[49] ਨ ਕੋਈ ਮੇਰੇ ਠਾਕੁਰ ਹਰਿ ਜਪੀਐ[50] ਵਡੇ[51] ਕਰੰਮਾ[52] ॥੨॥	Without Thee I have not another[49], O Lord. By great[51] good fortune[52], God is meditated[50] upon.	ਤੇਰੇ ਬਗੈਰ ਮੇਰਾ ਹੋਰ ਕੋਈ[49] ਨਹੀਂ, ਹੇ ਸਾਹਿਬ ! ਭਾਰੇ[51] ਚੰਗੇ ਨਸੀਬਾਂ ਦੁਆਰਾ[52] ਵਾਹਿਗੁਰੂ ਦਾ ਸਿਮਰਨ[50] ਕੀਤਾ ਜਾਂਦਾ ਹੈ ।
ਨਾਮ ਹੀਨ[53] ਧ੍ਰਿਗੁ[54] ਜੀਵਤੇ[55] ਤਿਨ ਵਡ[56] ਦੂਖ[57] ਸਹੰਮਾ[58] ॥	Accursed[54] is the life[55] of those, who cherish not[53] the Name. They endure[58] great[56] hardship[57].	ਲਾਨ੍ਹਤ[54] ਹੈ ਉਨ੍ਹਾਂ ਦੇ ਜੀਉਣ[55] ਨੂੰ ਜੋ ਨਾਮ ਤੋਂ ਸੱਖਣੇ[53] ਹਨ । ਉਹ ਭਾਰਾ[56] ਕਸ਼ਟ[57] ਸਹਾਰਦੇ[58] ਹਨ ।
ਓਇ ਫਿਰਿ[59] ਫਿਰਿ ਜੋਨਿ[60] ਭਵਾਈਅਹਿ[61] ਮੰਦਭਾਗੀ[62] ਮੂੜ[63] ਅਕਰਮਾ[64] ॥੩॥	They are goaded[61] into existences[60] over and over again[59], as they are unfortunate[62] fools[63] bereft of God's grace[64].	ਉਹ ਮੁੜ ਮੁੜ ਕੇ[59] ਜੂਨੀਆਂ[60] ਅੰਦਰ ਧੱਕੇ ਜਾਂਦੇ[61] ਹਨ ਕਿਉਂ ਜੋ ਉਹ ਨਿਕਰਮਣ[62] ਮੂਰਖ[63] ਰਬ ਦੀ ਮਿਹਰ[64] ਤੋਂ ਸੱਖਣੇ ਹਨ ।
ਹਰਿ ਜਨ[65] ਨਾਮੁ ਅਧਾਰੁ[66] ਹੈ ਧੁਰਿ[67] ਪੂਰਬਿ[68] ਲਿਖੇ[71] ਵਡ[69] ਕਰਮਾ[70] ॥	The Name is the support[66] of the Lord's slave[65]. For them good[69] fortune[70] is pre[68]-ordained[71] by God[67].	ਸਾਹਿਬ ਦੇ ਗੁਮਾਸ਼ਤਿਆਂ[65] ਦਾ ਨਾਮ ਆਸਰਾ[66] ਹੈ । ਉਨ੍ਹਾਂ ਲਈ ਵਾਹਿਗੁਰੂ[67] ਨੇ ਮੁਢ[68] ਤੋਂ ਹੀ ਚੰਗੇ[69] ਭਾਗ[70] ਲਿਖੇ[71] ਹੋਏ ਹਨ ।
ਗੁਰਿ[72] ਸਤਿਗੁਰਿ ਨਾਮੁ ਦ੍ਰਿੜਾਇਆ[73] ਜਨ[74] ਨਾਨਕ ਸਫਲੁ[75] ਜਨੰਮਾ[76] ॥੪॥੨॥	Fruitful[75] is the birth[76] of those, O slave[74] Nanak, within whom the great[72] True Guru has implanted[73] the Lord's Name.	ਫਲਦਾਇਕ[75] ਹੈ ਉਨ੍ਹਾਂ ਦਾ ਜੀਵਨ[76], ਹੇ ਗੋਲੇ[74] ਨਾਨਕ ! ਜਿਨ੍ਹਾਂ ਦੇ ਅੰਦਰ ਵਡੇ[72] ਸੱਚੇ ਗੁਰਾਂ ਨੇ ਸੁਆਮੀ ਦਾ ਨਾਮ ਪੱਕਾ ਕੀਤਾ[73] ਹੈ ।

ਬਿਲਾਵਲੁ ਮਹਲਾ ੪ ॥	Bilawal 4th Guru.	ਬਿਲਾਵਲ ਚੌਥੀ ਪਾਤਿਸ਼ਾਹੀ।
ਹਮਰਾ ਚਿਤੁ[77] ਲੁਭਤ[78] ਮੋਹਿ[79] ਬਿਖਿਆ[80] ਬਹੁ[81] ਦੁਰਮਤਿ[82] ਮੈਲੁ[83] ਭਰਾ[84]॥	My mind[77] is tempted[78] by worldly love[79] and sin[80]. It is greatly[81] filled[84] with the filth[83] of evil intellect[82].	ਮੇਰੇ ਮਨੂਏ[77] ਨੂੰ ਸੰਸਾਰੀ ਮਮਤਾ[79] ਤੇ ਪਾਪ[80] ਨੇ ਲੁਭਾਇਮਾਨ ਕੀਤਾ[78] ਹੋਇਆ ਹੈ। ਇਹ ਮੰਦੀ ਅਕਲ[82] ਦੀ ਗੰਦਗੀ[83] ਨਾਲ [81]ਪਰੀਪੂਰਨ[84] ਹੈ।
ਤੁਮਰੀ ਸੇਵਾ[85] ਕਰਿ ਨ ਸਕਹ ਪ੍ਰਭ ਹਮ ਕਿਉਕਰਿ[86] ਮੁਗਧ[87] ਤਰਾ[88] ॥੧॥	Thine service[85] I can perform not, O Lord. How[86] can I ignorant one[87], cross over[88] ?	ਤੇਰੀ ਘਾਲ[85] ਮੈਂ ਕਮਾ ਨਹੀਂ ਸਕਦਾ, ਹੇ ਸੁਆਮੀ! ਮੈਂ ਬੇਸਮਝ ਬੰਦਾ[87], ਕਿਸ ਤਰ੍ਹਾਂ[86] ਪਾਰ ਉਤਰ ਸਕਦਾ[88] ਹਾਂ?
ਮੇਰੇ ਮਨ[89] ਜਪਿ[90] ਨਰਹਰ ਨਾਮੁ ਨਰਹਰਾ[91] ॥	O my soul[89] contemplate[90] thou on thy Lord, the Lord of men[91].	ਹੇ ਮੇਰੀ ਜਿੰਦੜੀਏ[89]! ਤੂੰ ਆਪਣੇ ਸੁਆਮੀ, ਇਨਸਾਨਾਂ ਦੇ[91] ਸੁਆਮੀ ਦੇ ਨਾਮ ਦਾ ਸਿਮਰਨ ਕਰ[90]।
ਜਨ[92] ਊਪਰਿ ਕਿਰਪਾ[93] ਪ੍ਰਭਿ ਧਾਰੀ[94] ਮਿਲਿ ਸਤਿਗੁਰ ਪਾਰਿ ਪਰਾ[95] ॥੧॥ ਰਹਾਉ ॥	The Lord has shown[94] mercy[93] unto His slave[92] and meeting with the True Guru, he is ferried[95] across the world-ocean. Pause.	ਸੁਆਮੀ ਨੇ ਆਪਣੇ ਗੋਲੇ[92] ਉਤੇ ਰਹਿਮਤ[93] ਕੀਤੀ[94] ਹੈ ਅਤੇ ਸੱਚੇ ਗੁਰਾਂ ਨਾਲ ਮਿਲ ਕੇ ਉਹ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ[95] ਹੈ। ਠਹਿਰਾਉ।
ਹਮਰੇ ਪਿਤਾ[96] ਠਾਕੁਰ ਪ੍ਰਭ ਸੁਆਮੀ ਹਰਿ ਦੇਹੁ[97] ਮਤੀ[98] ਜਸੁ[99] ਕਰਾ[100] ॥	My Lord God, my father[96] and my formless Master, bless[97] me Thou with such understanding[98] that I may sing[100] Thy praise[99].	ਮੇਰੇ ਸੁਆਮੀ ਵਾਹਿਗੁਰੂ! ਮੇਰੇ ਬਾਬਲ[96] ਅਤੇ ਮੇਰੇ ਨਿਰੰਕਾਰ ਮਾਲਕ, ਤੂੰ ਮੈਨੂੰ ਐਸੀ ਸਮਝ[98] ਬਖ਼ਸ਼[97] ਕਿ ਮੈਂ ਤੇਰੀ ਕੀਰਤੀ[99] ਗਾਇਨ[100] ਕਰਾਂ।
ਤੁਮਰੈ ਸੰਗਿ ਲਗੇ[2] ਸੇ ਉਧਰੇ[3] ਜਿਉ[4] ਸੰਗਿ[8] ਕਾਸਟ[5] ਲੋਹ[6] ਤਰਾ[7] ॥੨॥	They who are attached[2] with Thee, O Lord, are saved[3], as[4] does iron[6] swim across[7], along with[8] wood[5].	ਜੋ ਤੇਰੇ ਨਾਲ ਜੁੜੇ[2] ਹਨ, ਹੇ ਸੁਆਮੀ! ਉਹ ਬਚ ਜਾਂਦੇ[3] ਹਨ ਜਿਸ ਤਰ੍ਹਾਂ[4] ਲੱਕੜ[5] ਨਾਲ[8] ਜੁੜ ਕੇ ਲੋਹਾ[6] ਪਾਰ ਉਤਰ ਜਾਂਦਾ[7] ਹੈ।
ਸਾਕਤ ਨਰ[9] ਹੋਛੀ[10] ਮਤਿ[12] ਮਧਿਮ[13] ਜਿਨ ਹਰਿ ਹਰਿ ਸੇਵ[14] ਨ ਕਰਾ ॥	Paltry[10] and low[13] is the understanding[12] of the perverse persons[9]. They serve[14] not the Lord Master.	ਤੁੱਛ[10] ਅਤੇ ਨੀਵੀਂ[13] ਹੈ ਸਮਝ[12] ਪ੍ਰਤੀਕੂਲ ਪੁਰਸ਼ਾਂ[9] ਦੀ। ਉਹ ਸੁਆਮੀ ਮਾਲਕ ਦੀ ਟਹਿਲ[14] ਨਹੀਂ ਕਮਾਉਂਦੇ।
ਤੇ[15] ਨਰ[16] ਭਾਗਹੀਨ[17] ਦੁਹਚਾਰੀ[18] ਓਇ[22] ਜਨਮਿ ਮੁਏ[19] ਫਿਰਿ[20] ਮਰਾ[21] ॥੩॥	Unfortunate[17] and vicious[18] are those[15] persons[16]. They[22] die[21] and suffer transmigration[19] again[20] and again.	ਨਿਕਰਮਣ[17] ਅਤੇ ਦੁਰਾਚਾਰੀ[18] ਹਨ ਉਹ[15] ਪੁਰਸ਼[16]। ਉਹ[22] ਮਰ ਜਾਂਦੇ[21] ਹਨ ਅਤੇ ਮੁੜ[20] ਮੁੜ ਕੇ ਆਵਾਗਉਣ[19] ਵਿਚ ਪੈਂਦੇ ਹਨ।
ਜਿਨ ਕਉ ਤੁਮ ਹਰਿ ਮੇਲਹੁ ਸੁਆਮੀ ਤੇ[23] ਨ੍ਹਾਏ[24] ਸੰਤੋਖ[25] ਗੁਰ ਸਰਾ[26] ॥	They, whom Thou, O Lord unitest with Thyself, they[23] bathe[24] in the Guru's tank[26] of contentment[25].	ਜਿਨ੍ਹਾਂ ਨੂੰ, ਹੇ ਸਾਹਿਬ! ਤੂੰ ਆਪਣੇ ਨਾਲ ਮਿਲਾ ਲੈਂਦਾ ਹੈਂ, ਉਹ[23] ਗੁਰਾਂ ਦੇ ਸਬਰ ਸਿਦਕ[25] ਦੇ ਸਰੋਵਰ[26] ਅੰਦਰ ਇਸ਼ਨਾਨ ਕਰਦੇ[24] ਹਨ।
[27]ਦੁਰਮਤਿ[28] ਮੈਲੁ[29] ਗਈ[30] ਹਰਿ ਭਜਿਆ[31] ਜਨ[32] ਨਾਨਕ ਪਾਰਿ ਪਰਾ[33] ॥੪॥੩॥	By God's meditation[31], the filth[29] of evil[27]-understanding[28] is washed off[30], and slave[32] Nanak is ferried across[33].	ਵਾਹਿਗੁਰੂ ਦੇ ਸਿਮਰਨ ਦੁਆਰਾ[31] ਮੰਦੀ[27] ਸਮਝ[28] ਦੀ ਗੰਦਗੀ[29] ਧੋਤੀ ਜਾਂਦੀ[30] ਹੈ ਅਤੇ ਗੋਲਾ[32] ਨਾਨਕ ਪਾਰ ਉਤਰ ਜਾਂਦਾ[33] ਹੈ।

ਬਿਲਾਵਲੁ ਮਹਲਾ ੪ ॥

Bilawal 4th Guru.

ਬਿਲਾਵਲ ਚੌਥੀ ਪਾਤਿਸ਼ਾਹੀ।

ਆਵਹੁ ਸੰਤ ਮਿਲਹੁ ਮੇਰੇ ਭਾਈ[34] ਮਿਲਿ ਹਰਿ ਹਰਿ ਕਥਾ[35] ਕਰਹੁ ॥

Come, ye saints, my brothers[34], meeting together, let us recite the Lord God's discourses[35].

ਆਓ ਸਾਧੂਓ ! ਮੇਰੇ ਭਰਾਓ[34], ਆਪਾਂ ਮਿਲ ਕੇ ਸੁਆਮੀ ਵਾਹਿਗੁਰੂ ਦੀ ਕਥਾ-ਵਾਰਤਾ[35] ਕਰੀਏ।

ਹਰਿ ਹਰਿ ਨਾਮੁ ਬੋਹਿਥੁ[36] ਹੈ ਕਲਜੁਗਿ[37] ਖੇਵਟੁ[38] ਗੁਰ ਸਬਦਿ[39] ਤਰਹੁ[40] ॥੧॥

In the Darkage[37], the Lord God's Name is the boat[36] and Guru the boatman[38]. Through the Guru's Word[39], thou swim[40] across, the world-ocean.

ਕਲਜੁਗ[37] ਅੰਦਰ ਸੁਆਮੀ ਵਾਹਿਗੁਰੂ ਦਾ ਨਾਮ ਜਹਾਜ਼[36] ਹੈ ਅਤੇ ਗੁਰੂ ਜੀ ਮਲਾਹ[38]। ਗੁਰਾਂ ਦੀ ਬਾਣੀ[39] ਰਾਹੀਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਹੋ ਜਾ[40]।

ਮੇਰੇ ਮਨ[41] ਹਰਿ ਗੁਣ[42] ਹਰਿ ਉਚਰਹੁ[43] ॥

O my soul[41], utter[43] thou the praise[42] of the Lord Master.

ਹੇ ਮੇਰੀ ਜਿੰਦੜੀਏ[41] ! ਤੂੰ ਸੁਆਮੀ ਮਾਲਕ ਦਾ ਜੱਸ[42] ਉਚਾਰਨ ਕਰ[43]।

੮੦੦ 800 ੮੦੦

ਮਸਤਕਿ[44] ਲਿਖਤ[45] ਲਿਖੇ ਗੁਨ[46] ਗਾਏ ਮਿਲਿ ਸੰਗਤਿ[47] ਪਾਰਿ[48] ਪਰਹੁ ॥ ੧ ॥ ਰਹਾਉ ॥

By virtue of the scribed writ[45] on the forehead[44], cross[48] thou over the world-ocean, through singing God's praise[46], in the saints guild[47]. Pause.

ਮੱਥੇ[44] ਉਤੇ ਲਿਖੀ ਹੋਈ ਲਿਖਤਾਕਾਰ[45] ਦੀ ਬਦੌਲਤ, ਸਾਧ ਸਭਾ[47] ਅੰਦਰ, ਵਾਹਿਗੁਰੂ ਦਾ ਜੱਸ[46] ਗਾਇਨ ਕਰਨ ਰਾਹੀਂ ਤੂੰ ਸੰਸਾਰ ਸਮੁੰਦਰ ਤੋਂ ਪਾਰ ਉਤਰ[48] ਜਾ। ਠਹਿਰਾਉ।

ਕਾਇਆ[49] ਨਗਰ[50] ਮਹਿ[51] ਰਾਮ ਰਸੁ[52] ਊਤਮੁ[53] ਕਿਉ[54] ਪਾਈਐ ਉਪਦੇਸੁ[55] ਜਨ[56] ਕਰਹੁ ॥

Within[51] the city[50] of body[49] abides the Lord's sublime[53] Nectar[52]. Instruct[55] me, O saints[56], how[54] am I to obtain it ?

ਦੇਹ[49] ਦੇ ਸ਼ਹਿਰ[50] ਅੰਦਰ[51] ਸੁਆਮੀ ਦਾ ਸਰੇਸ਼ਟ[53] ਅੰਮ੍ਰਿਤ[52] ਹੈ, ਹੇ ਸਾਧੂਓ[56] ! ਮੈਨੂੰ ਸਿਖ-ਮਤ ਦਿਓ[55], ਮੈਂ ਕਿਸ ਤਰ੍ਹਾਂ[54] ਇਸ ਨੂੰ ਪਰਾਪਤ ਕਰਾਂ ?

ਸਤਿਗੁਰੁ ਸੇਵਿ[57] ਸਫਲ[58] ਹਰਿ ਦਰਸਨੁ[59] ਮਿਲਿ ਅੰਮ੍ਰਿਤੁ[60] ਹਰਿ ਰਸੁ[61] ਪੀਅਹੁ[62] ॥੨॥

Serving[57] the True Guru, obtain thou the fruitful[58] vision[59] of God and meeting him quaff[62] thou immortalising[60] Lord's elixir[61].

ਸੱਚੇ ਗੁਰਾਂ ਦੀ ਚਾਕਰੀ ਕਮਾ[57] ਕੇ ਤੂੰ ਹਰੀ ਦੇ ਫਲਦਾਇਕ[58] ਦੀਦਾਰ[59] ਨੂੰ ਪਰਾਪਤ ਕਰ ਅਤੇ ਉਨ੍ਹਾਂ ਨੂੰ ਮਿਲ ਕੇ ਤੂੰ ਸੁਰਜੀਤ[60] ਕਰਨਹਾਰ ਸਾਂਈਂ ਦੇ ਆਬਿ-ਹਿਯਾਤ[61] ਨੂੰ ਪਾਨ[62] ਕਰ।

ਹਰਿ ਹਰਿ ਨਾਮੁ ਅੰਮ੍ਰਿਤੁ[63] ਹਰਿ ਮੀਠਾ[64] ਹਰਿ ਸੰਤਹੁ ਚਾਖਿ ਦਿਖਹੁ[65] ॥

The Lord Master God's Name is the sweet[64] Nectar[63]. O saints of God, taste it and see[65].

ਸੁਆਮੀ ਮਾਲਕ ਵਾਹਿਗੁਰੂ ਦਾ ਨਾਮ ਮਿੱਠਾ[64] ਆਬਿ-ਹਿਯਾਤ[63] ਹੈ, ਹੇ ਵਾਹਿਗੁਰੂ ਦੇ ਸਾਧੂਓ ! ਇਸ ਨੂੰ ਚੱਖ ਕੇ ਵੇਖੋ[65]।

ਗੁਰਮਤਿ[66] ਹਰਿ ਰਸੁ[67] ਮੀਠਾ ਲਾਗਾ[72] ਤਿਨ[68] ਬਿਸਰੇ[69] ਸਭਿ ਬਿਖ[70] ਰਸਹੁ[71] ॥੩॥

By Guru's instruction[66] the Lord's Nectar[67] seems[72] sweet. With it[68] are forgotten[69] all the sensuous[70] pleasures[71].

ਗੁਰਾਂ ਦੇ ਉਪਦੇਸ਼[66] ਦੁਆਰਾ ਸਾਂਈਂ ਦਾ ਅੰਮ੍ਰਿਤ[67] ਮਿੱਠਾ ਲੱਗਦਾ[72] ਹੈ। ਇਸ[68] ਨਾਲ ਸਾਰੇ ਸ਼ਹਿਵਤੀ[70] ਸੁਆਦ[71] ਭੁੱਲ ਜਾਂਦੇ[69] ਹਨ।

ਰਾਮ ਨਾਮੁ ਰਸੁ[73] ਰਾਮ ਰਸਾਇਣੁ[74] ਹਰਿ ਸੇਵਹੁ[75] ਸੰਤ ਜਨਹੁ[76] ॥

The elixir[73] of the Lord Master's Name is panacea[74] of all the ills. Wait upon[75] the Lord, O ye saints[76].

ਸੁਆਮੀ ਮਾਲਕ ਦੇ ਨਾਮ ਦਾ ਅੰਮ੍ਰਿਤ[73] ਸਾਰਿਆਂ ਰੋਗਾਂ ਦੀ ਦਵਾਈ[74] ਹੈ। ਪ੍ਰਭੂ ਦੀ ਟਹਿਲ ਕਮਾਓ[75], ਤੁਸੀਂ ਹੇ ਸਾਧੂਓ[76] !

ਚਾਰਿ ਪਦਾਰਥ[77] ਚਾਰੇ

There are four cardinal boons[77].

ਚਾਰ ਉਤਮ ਦਾਤਾਂ[77] ਹਨ, ਗੁਰਾਂ ਦੇ ਉਪਦੇਸ਼[78] ਦੁਆਰਾ

ਪਾਏ ਗੁਰਮਤਿ[78] ਨਾਨਕ ਹਰਿ ਭਜਹੁ[79] ॥੪॥੪॥	Meditating[79] on God by Guru's instruction[78], all the four are attained to.	ਵਾਹਿਗੁਰੂ ਦਾ ਸਿਮਰਨ[79] ਕਰਨ ਨਾਲ ਚਾਰੇ ਹੀ ਪਰਾਪਤ ਹੋ ਜਾਂਦੀਆਂ ਹਨ ।
ਬਿਲਾਵਲੁ ਮਹਲਾ ੪ ॥	Bilawal 4th Guru.	ਬਿਲਾਵਲ ਚੌਥੀ ਪਾਤਿਸ਼ਾਹੀ ।
ਖਤ੍ਰੀ[80] ਬ੍ਰਾਹਮਣੁ[81] ਸੂਦੁ[82] ਵੈਸੁ[83] ਕੋ[84] ਜਾਪੈ[85] ਹਰਿ ਮੰਤ੍ਰੁ[86] ਜਪੈਨੀ[87] ॥	Any one[84] of the militarists[80], literates[81], agriculturists[83] and menials[82] has the right to contemplate[85] the Lord's Name[86], the Name, that is worthy of contemplation[87].	ਖਤ੍ਰੀਆਂ[80], ਵਿਦਵਾਨਾਂ[81], ਕਿਸਾਨਾਂ[83] ਅਤੇ ਸੂਦਰਾਂ[82] ਵਿਚੋਂ ਕੋਈ ਜਣਾ ਭੀ[84] ਸੁਆਮੀ ਦੇ ਨਾਮ ਦਾ ਸਿਮਰਨ[85] ਕਰਨ ਦਾ ਅਧਿਕਾਰੀ ਹੈ, ਜੋ ਨਾਮ[86] ਸਿਮਰਨ[87] ਦੇ ਯੋਗ ਹੈ ।
ਗੁਰੁ[88]ਸਤਿਗੁਰੁ ਪਾਰਬ੍ਰਹਮੁ[89] ਕਰਿ[90] ਪੂਜਹੁ[91] ਨਿਤ[92] ਸੇਵਹੁ[93] ਦਿਨਸੁ[94] ਸਭ[95] ਰੈਨੀ[96] ॥੧॥	Deeming[90] the great[88] True Guru, as the Supreme Lord[89], worship[91] thou Him and the whole[95] day[94] and night[96] ever[92] perform His service[93].	ਵਿਸ਼ਾਲ[88] ਸੱਚੇ ਗੁਰਾਂ ਨੂੰ ਸ਼ਰੋਮਣੀ ਸੁਆਮੀ[89] ਜਾਣ ਕੇ[90] ਤੂੰ ਉਨ੍ਹਾਂ ਦੀ ਉਪਾਸ਼ਨਾ[91] ਕਰ ਅਤੇ ਸਮੂਹ[95] ਦਿਨ[94] ਰਾਤ[96] ਹਮੇਸ਼ਾਂ[92] ਹੀ ਉਨ੍ਹਾਂ ਦੀ ਘਾਲ[93] ਕਮਾ ।
ਹਰਿ ਜਨ[97] ਦੇਖਹੁ ਸਤਿਗੁਰੁ ਨੈਨੀ[98] ॥	O God's people[97] see the True Guru with your eyes[98].	ਹੇ ਰੱਬ ਦੇ ਬੰਦਿਓ[97] ! ਤੁਸੀਂ ਆਪਣੀਆਂ ਅੱਖਾਂ[98] ਨਾਲ ਸੱਚੇ ਗੁਰਾਂ ਨੂੰ ਵੇਖੋ ।
ਜੋ[99]ਇਛਹੁ[100] ਸੋਈ[2] ਫਲੁ[3] ਪਾਵਹੁ ਹਰਿ[7] ਬੋਲਹੁ[4] ਗੁਰਮਤਿ[5] ਬੈਨੀ[6] ॥ ੧ ॥ ਰਹਾਉ ॥	Uttering[4] the Guru's Divine[7] Word[6] through the Guru's instruction[5] ye shalt obtain the[2] fruit[3] that[99], ye desirest[100]. Pause.	ਗੁਰਾਂ ਦੇ ਉਪਦੇਸ਼[5] ਰਾਹੀਂ ਗੁਰਾਂ ਦੀ ਰੱਬੀ[7] ਬਾਣੀ[6] ਦਾ ਉਚਾਰਨ[4] ਕਰਨ ਦੁਆਰਾ ਤੁਸੀਂ ਉਹ[2] ਮੇਵੇ[3] ਪਾ ਲਵੋਗੇ ਜਿਹੜੇ[99] ਤੁਸੀਂ ਲੋੜਦੇ[100] ਹੋ । ਠਹਿਰਾਉ ।
ਅਨਿਕ[8] ਉਪਾਵ[9] ਚਿਤਵੀਅਹਿ[10] ਬਹੁਤੇਰੇ[12]ਸਾ[13] ਹੋਵੈ ਜਿ ਬਾਤ ਹੋਵੈਨੀ[14] ॥	The mortal thinks[10] of various[8] and many[12] efforts[9], but that[13] alone happens which is to happen[14].	ਪ੍ਰਾਣੀ ਅਨੇਕਾਂ[8] ਅਤੇ ਘਣੇਰੇ[12] ਉਪਰਾਲੇ[9] ਸੋਚਦਾ[10] ਹੈ ਪ੍ਰੰਤੂ ਕੇਵਲ ਉਹ[13] ਹੀ ਹੁੰਦਾ ਹੈ ਜੋ ਕਿ ਹੋਣਾ[14] ਹੈ ।
ਅਪਨਾ ਭਲਾ[15] ਸਭੁ ਕੋਈ ਬਾਛੈ[16] ਸੋ[17] ਕਰੇ ਜਿ ਮੇਰੈ[18] ਚਿਤਿ[19] ਨ ਚਿਤੈਨੀ[20] ॥੨॥	All the men seek[16] their own good[15]. But the Lord does that[17] what[18] is not in my mind[19] and thought[20].	ਸਾਰੇ ਇਨਸਾਨ ਆਪਣੀ ਭਲਿਆਈ[15] ਲੋੜਦੇ[16] ਹਨ । ਪ੍ਰੰਤੂ ਸੁਆਮੀ ਉਹ[17] ਕੁਛ ਕਰਦਾ ਹੈ ਜਿਹੜੀ[18] ਮੇਰੇ ਚਿਤ[19] ਚੇਤੇ[20] ਭੀ ਨਹੀਂ ।
ਮਨ[21] ਕੀ ਮਤਿ[22] ਤਿਆਗਹੁ[23] ਹਰਿ ਜਨ[24] ਏਹਾ ਬਾਤ[25] ਕਠੈਨੀ[26] ॥	O man[24], renounce[23] thou thy mind's[21] cleverness[22],however hard[26] this task[25] might be.	ਹੇ ਬੰਦੇ[24] ! ਤੂੰ ਆਪਣੇ ਚਿਤ ਦੀ[21] ਚਾਲਾਕੀ[22] ਛੱਡ ਦੇ[23] ਭਾਵੇਂ ਇਹ ਕਿੰਨਾ ਹੀ ਔਖਾ[26] ਕੰਮ[25] ਕਿਉਂ ਨਾ ਹੋਵੇ ।
ਅਨਦਿਨੁ[27] ਹਰਿ ਹਰਿ ਨਾਮੁ ਧਿਆਵਹੁ[28] ਗੁਰ[30] ਸਤਿਗੁਰ ਕੀ ਮਤਿ[29] ਲੈਨੀ[31] ॥੩॥	Receiving[31] instruction[29] from the great[30] True Guru, reflect[28] thou upon the Lord God's name, night and day[27].	ਵੱਡੇ[30] ਸੱਚੇ ਗੁਰਾਂ ਪਾਸੋਂ ਸਿੱਖ-ਮਤ[29] ਲੈ[31] ਕੇ ਤੂੰ ਰੈਣ ਦਿਹੁੰ[27] ਸੁਆਮੀ ਵਾਹਿਗੁਰੂ ਦੇ ਨਾਮ ਦਾ ਸਿਮਰਨ[28] ਕਰ ।
ਮਤਿ[32]ਸੁਮਤਿ[33]ਤੇਰੈ ਵਸਿ[34] ਸੁਆਮੀ ਹਮ ਜੰਤ[35] ਤੂ ਪੁਰਖੁ[37] ਜੰਤੈਨੀ[36] ॥	Wisdom and sublime[32] wisdom[33] are in Thy power[34], O Lord[37]. I am the instrument[35]and Thou art the Player[36].	ਸਿਆਣਪ ਤੇ ਸਰੇਸ਼ਟ[32] ਸਿਆਣਪ[33] ਤੇਰੇ ਇਖ਼ਤਿਆਰ[34] ਵਿਚ ਹਨ ਹੇ ਸਾਹਿਬ[37] ! ਮੈਂ ਇਕ ਵਾਜਾ[35] ਹਾਂ ਅਤੇ ਤੂੰ ਵਜਾਉਣ ਵਾਲਾ[36] ਹੈਂ ।

ਜਨ[38] ਨਾਨਕ ਕੇ ਪ੍ਰਭ ਕਰਤੇ[39] ਸੁਆਮੀ ਜਿਉ[40] ਭਾਵੈ[41] ਤਿਵੈ[42] ਬੁਲੈਨੀ[43] ॥ ੪॥੫॥	O the Creator[39] Lord Master of slave[38] Nanak, as[40] Thou willest[41], so[42] do speak[43] I.	ਹੇ ਗੋਲੇ[38] ਨਾਨਕ ਦੇ ਸਿਰਜਣਹਾਰ[39] ਸੁਆਮੀ ਮਾਲਕ ! ਜਿਸ ਤਰ੍ਹਾਂ[40] ਤੈਨੂੰ ਚੰਗਾ ਲੱਗਦਾ[41] ਹੈ, ਉਸੇ ਤਰ੍ਹਾਂ[42] ਹੀ ਮੈਂ ਬੋਲਦਾ[43] ਹਾਂ।
ਬਿਲਾਵਲੁ ਮਹਲਾ ੪ ॥	Bilawal 4th Guru.	ਬਿਲਾਵਲ ਚੌਥੀ ਪਾਤਿਸ਼ਾਹੀ।
ਅਨਦ[44]ਮੂਲੁ[45]ਧਿਆਇਓ[46] ਪੁਰਖੋਤਮੁ[47] ਅਨਦਿਨੁ[48] ਅਨਦ ਅਨੰਦੇ[49] ॥	I reflect over[46] the sublime person[47], the source[45] of bliss[44] and am ever[48] happy and gay[49].	ਮੈਂ ਖੁਸ਼ੀ[44] ਦੇ ਸੋਮੇ[45], ਸ੍ਰੇਸ਼ਟ ਪੁਰਸ਼[47] ਦਾ ਸਿਮਰਨ ਕਰਦਾ[46] ਹਾਂ, ਅਤੇ ਹਮੇਸ਼ਾਂ[48] ਖ਼ੁਸ਼ ਤੇ ਪਰਸੰਨ[49] ਹਾਂ।
ਧਰਮਰਾਇ[50] ਕੀ ਕਾਣਿ[51] ਚੁਕਾਈ[52] ਸਭਿ ਚੂਕੇ[53] ਜਮ[54] ਕੇ ਛੰਦੇ[55] ॥੧॥	No more[52] is the sway[51] of the Righteous King[50] over me and I have cast off[53] all subservience[55] of Death's Courier[54].	ਧਰਮ ਰਾਜੇ[50] ਦੀ ਹਕੂਮਤ[51] ਮੇਰੇ ਉਤੇ ਨਹੀਂ[52] ਰਹੀ ਅਤੇ ਮੌਤ ਦੇ ਦੂਤ[54] ਦੀ ਸਾਰੀ ਮੁਛੰਦਗੀ[55] ਮੈਂ ਲਾਹ ਸੁੱਟੀ[53] ਹੈ।
ਜਪਿ[56] ਮਨ[57] ਹਰਿ ਹਰਿ ਨਾਮੁ ਗੋਬਿੰਦੇ ॥	O my soul[57], utter[56] thou the Name of Lord Master God.	ਹੇ ਮੇਰੀ ਜਿੰਦੜੀਏ[57] ! ਤੂੰ ਸੁਆਮੀ ਮਾਲਕ ਵਾਹਿਗੁਰੂ ਦੇ ਨਾਮ ਦਾ ਉਚਾਰਨ[56] ਕਰ।
[58]ਵਡਭਾਗੀ[59] ਗੁਰੁ[60] ਸਤਿਗੁਰੁ ਪਾਇਆ ਗੁਣ[61] ਗਾਏ ਪਰਮਾਨੰਦੇ[62] ॥ ੧ ॥ ਰਹਾਉ ॥	Obtaining the Exalted[60] True Guru, by the great[58] good fortune[59], I sing the praise[61] of the Lord of supreme bliss[62]. Pause.	ਭਾਰੇ[58] ਚੰਗੇ ਨਸੀਬਾਂ[59] ਦੁਆਰਾ ਉਤਕ੍ਰਿਸ਼ਟ[60] ਸਚੇ ਗੁਰਾਂ ਨੂੰ ਪਰਾਪਤ ਕਰ ਕੇ ਮੈਂ ਪਰਮ-ਅਨੰਦ[62] ਦੇ ਸੁਆਮੀ ਦੀ ਕੀਰਤੀ[61] ਗਾਇਨ ਕਰਦਾ ਹਾਂ। ਠਹਿਰਾਉ।
ਸਾਕਤ[63] ਮੂੜ[64] ਮਾਇਆ[65] ਕੇ ਬਧਿਕ[66] ਵਿਚਿ ਮਾਇਆ ਫਿਰਹਿ ਫਿਰੰਦੇ[67] ॥	The unwise[64] apostates[63] are the captives[66] of mammon[65] and continue roaming about[67] in mammon.	ਮੂਰਖ[64] ਮਨਮੁਖ[63] ਮੋਹਨੀ[65] ਦੇ ਕੈਦੀ[66] ਹਨ ਅਤੇ ਮੋਹਨੀ ਅੰਦਰ ਹੀ ਭਟਕਦੇ[67] ਰਹਿੰਦੇ ਹਨ।
ਤ੍ਰਿਸਨਾ[68] ਜਲਤ[69] ਕਿਰਤ[70] ਕ ਬਾਧੇ[71] ਜਿਉ[72] ਤੇਲੀ ਬਲਦ[73] ਭਵੰਦੇ[74] ॥੨॥	Burnt[69] by desire[68] and bound[71] by their past deeds[70] they go round[74] like[72] the oilman's ox[73].	ਖ਼ਾਹਿਸ਼[68] ਨਾਲ ਸੜੇ ਹੋਏ[69] ਅਤੇ ਆਪਣੇ ਪੂਰਬਲੇ ਕਰਮਾਂ[70] ਨਾਲ ਜਕੜੇ ਹੋਏ[71], ਉਹ ਤੇਲੀ ਦੇ ਢੱਗੇ[73] ਦੀ ਤਰ੍ਹਾਂ[72] ਚੱਕਰ ਕਟਦੇ[74] ਹਨ।
ਗੁਰਮੁਖਿ[75] ਸੇਵ ਲਗੇ ਸੇ ਉਧਰੇ[76] ਵਡਭਾਗੀ[78] ਸੇਵ[77] ਕਰੰਦੇ ॥	The Guru-wards[75], who are attuned to the Guru's service swim across[76]. The very fortunate ones[76] perform Guru's service[77].	ਗੁਰੂ-ਸਮਰਪਨ[75], ਜੋ ਗੁਰਾਂ ਦੀ ਚਾਕਰੀ ਕਰਦੇ ਹਨ, ਪਾਰ ਉਤਰ ਜਾਂਦੇ[76] ਹਨ। ਪਰਮ ਚੰਗੇ ਕਰਮਾਂ ਵਾਲੇ[78] ਗੁਰਾਂ ਦੀ ਟਹਿਲ ਸੇਵਾ[77] ਕਮਾਉਂਦੇ ਹਨ।
ਜਿਨ ਹਰਿ ਜਪਿਆ[78]* ਤਿਨ ਫਲੁ[79] ਪਾਇਆ ਸਭਿ ਤੂਟੇ[80] ਮਾਇਆ[81] ਫੰਦੇ[82] ॥ ੩ ॥	They, who meditate[78]* on God, obtain the fruit[79] and all their bonds[82] of mammon[81] are broken[80].	ਜੋ ਵਾਹਿਗੁਰੂ ਦਾ ਸਿਮਰਨ ਕਰਦੇ[78]* ਹਨ, ਉਹ ਮੇਵੇ[79] ਨੂੰ ਪਾ ਲੈਂਦੇ ਹਨ ਅਤੇ ਉਨ੍ਹਾਂ ਦੇ ਮਾਇਆ[81] ਦੇ ਸਾਰੇ ਬੰਧਨ[82] ਕਟੇ ਜਾਂਦੇ[80] ਹਨ।
ਆਪੇ ਠਾਕੁਰੁ[83] ਆਪੇ ਸੇਵਕੁ[84] ਸਭੁ ਆਪੇ ਆਪਿ [85]ਗੋਵਿੰਦੇ[86] ॥	God Himself is the Master[83] and Himself the servant[84]. The World[85]-Lord[86] is all by Himself.	ਵਾਹਿਗੁਰੂ ਖ਼ੁਦ ਮਾਲਕ[83] ਹੈ ਅਤੇ ਖ਼ੁਦ ਹੀ ਟਹਿਲੂਆ[84]। ਸ੍ਰਿਸ਼ਟੀ[85] ਦਾ ਸੁਆਮੀ[86] ਸਾਰਾ ਕੁਛ ਆਪਣੇ ਆਪ ਤੋਂ ਹੀ ਹੈ।

ਜਨ[87] ਨਾਨਕ ਆਪੇ ਆਪਿ ਸਭੁ ਵਰਤੈ[88] ਜਿਉ[89] ਰਾਖੈ ਤਿਵੈ[90] ਰਹੰਦੇ ॥੪॥੬॥	O slave[87] Nanak, by Himself the Lord is pervading[88] everywhere. As[89] He keeps us, so[90] live we.	ਹੇ ਗੋਲੇ[87] ਨਾਨਕ ! ਖ਼ੁਦ-ਬ-ਖ਼ੁਦ ਹੀ ਸਾਈਂ ਸਾਰੇ ਵਿਆਪਕ[88] ਹੋ ਰਿਹਾ ਹੈ । ਜਿਸ ਤਰ੍ਹਾਂ[89] ਉਹ ਸਾਨੂੰ ਰਖਦਾ ਹੈ, ਉਸ ਤਰ੍ਹਾਂ[90] ਹੀ ਅਸੀਂ ਰਹਿੰਦੇ ਹਾਂ ।
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਰਾਗੁ ਬਿਲਾਵਲੁ	Rag Bilawal	ਰਾਗੁ ਬਿਲਾਵਲੁ
ਮਹਲਾ ੪	4th Guru	ਚੋਥੀ ਪਾਤਿਸਾਹੀ
ਪੜਤਾਲ ਘਰੁ ੧੩ ॥	Partal.	ਪੜਤਾਲ ।
ਬੋਲਹੁ[91] ਭਈਆ[92] ਰਾਮ ਨਾਮੁ ਪਤਿਤ[93] ਪਾਵਨੋ[94] ॥	O brother[92], utter[91] thou the Lord's Name, which purifies[94] the sinners[93].	ਹੇ ਵੀਰ[92] ! ਤੂੰ ਸੁਆਮੀ ਦੇ ਨਾਮ ਦਾ ਉਚਾਰਨ[91] ਕਰ ਜੋ ਪਾਪੀਆਂ[93] ਨੂੰ ਪਵਿੱਤਰ[94] ਕਰਨ ਵਾਲਾ ਹੈ ।
੮੦੧	801	੮੦੧
ਹਰਿ ਸੰਤ ਭਗਤ[95] ਤਾਰਨੋ[96] ॥	God emancipates[96] His saints and devotees[95].	ਵਾਹਿਗੁਰੂ ਆਪਣੇ ਸਾਧੂਆਂ ਅਤੇ ਸ਼ਰਧਾਲੂਆਂ[95] ਦਾ ਪਾਰ ਉਤਾਰਾ ਕਰ ਦਿੰਦਾ[96] ਹੈ ।
ਹਰਿ ਭਰਿਪੁਰੇ[97] ਰਹਿਆ ਜਲਿ[98] ਥਲੇ[99] ਰਾਮੁ[100] ਨਾਮੁ ॥	The Lord is fully pervading[97] every where. The Lord's[100] Name is contained in sea[98] and land[99].	ਸੁਆਮੀ ਸਾਰੇ ਪਰੀਪੂਰਨ[97] ਹੋ ਰਿਹਾ ਹੈ । ਸਾਈਂ[100] ਦਾ ਨਾਮ ਸਮੁੰਦਰ[98] ਅਤੇ ਧਰਤੀ[99] ਅੰਦਰ ਵਿਆਪਕ ਹੈ ।
ਨਿਤ[2] ਗਾਈਐ[3] ਹਰਿ ਦੂਖ[4] ਬਿਸਾਰਨੋ[5] ॥ ੧ ॥ ਰਹਾਉ ॥	Ever[2] sing[3] thou, O man, the praise of God, the Dispeller[5] of woes[4]. Pause.	ਹੇ ਬੰਦੇ ! ਤੂੰ ਸਦਾ[2] ਹੀ ਵਾਹਿਗੁਰੂ ਦਾ ਜੱਸ ਗਾਇਨ[3] ਕਰ, ਜੋ ਦੁਖੜੇ[4] ਦੂਰ ਕਰਨ ਵਾਲਾ[5] ਹੈ । ਠਹਿਰਾਉ ।
ਹਰਿ ਕੀਆ ਹੈ ਸਫਲ[6] ਜਨਮੁ[7] ਹਮਾਰਾ[8] ॥	The Lord has made my[8] life[7] fruitful[6].	ਪ੍ਰਭੂ ਨੇ ਮੇਰਾ[8] ਜੀਵਨ[7] ਫਲਦਾਇਕ[6] ਬਣਾ ਦਿਤਾ ਹੈ ।
ਹਰਿ ਜਪਿਆ[9] ਹਰਿ ਦੂਖ ਬਿਸਾਰਨਹਾਰਾ[10] ॥	I ponder over[9] the Lord God, the Eradicator of anguish[10].	ਮੈਂ ਦਰਦ ਦੂਰ ਕਰਨਹਾਰ[10] ਸੁਆਮੀ ਵਾਹਿਗੁਰੂ ਦਾ ਆਰਾਧਨ ਕਰਦਾ[9] ਹਾਂ ।
ਗੁਰੁ ਭੇਟਿਆ[12] ਹੈ ਮੁਕਤਿ[13] ਦਾਤਾ[14] ॥	I have met[12] the Guru, the Bestower[14] of salvation[13].	ਮੈਂ ਮੋਖਸ਼[13] ਦੇਣਹਾਰ[14] ਗੁਰੋ ਨੂੰ ਮਿਲ ਪਿਆ[12] ਹਾਂ ।
ਹਰਿ ਕੀਈ ਹਮਾਰੀ ਸਫਲ[15] ਜਾਤਾ[16] ॥	The Lord has made fruitful[15] my pilgrimage[16].	ਸਾਈਂ ਨੇ ਮੇਰੀ ਯਾਤ੍ਰਾ[16] ਲਾਭਦਾਇਕ[15] ਬਣਾ ਦਿੱਤੀ ਹੈ ।
ਮਿਲਿ ਸੰਗਤੀ[18] ਗੁਨ[17] ਗਾਵਨੋ ॥੧॥	Meeting the saints' society[18] I sing God's praise[17].	ਸਤਿ ਸੰਗਤ[18] ਨਾਲ ਮਿਲ ਕੇ ਮੈਂ ਹਰੀ ਦੀ ਮਹਿਮਾ[17] ਗਾਉਂਦਾ ਹਾਂ ।
ਮਨ ਰਾਮ ਨਾਮ ਕਰਿ ਆਸਾ[19] ॥ ਭਾਉ[20] ਦੂਜਾ[21] ਬਿਨਸਿ ਬਿਨਾਸਾ[22] ॥	O my soul, rest thy hope[19] on the Lord's Name, that thy love[20] of another[21] may perish[22].	ਹੇ ਮੇਰੀ ਜਿੰਦੇ ! ਤੂੰ ਆਪਣੀ ਉਮੈਦ[19] ਸੁਆਮੀ ਦੇ ਨਾਮ ਤੇ ਬੰਨ੍ਹ ਤਾਂ ਜੋ ਤੇਰਾ ਹੋਰਸ[21] ਦਾ ਪਿਆਰ[20] ਨਾਸ[22] ਹੋ ਜਾਵੇ ।
ਵਿਚਿ ਆਸਾ[23] ਹੋਇ	He, who in hope[23], remains without	ਜੋ ਉਮੈਦ[23] ਅੰਦਰ ਬੇ-ਉਮੈਦ[24] ਵਿਚਰਦਾ ਹੈ; ਉਹ[25]

ਨਿਰਾਸੀ[24] ॥ ਸੋ[25] ਜਨੁ[26] ਮਿਲਿਆ ਹਰਿ ਪਾਸੀ[27] ॥	hope[24]; that[25] person[26] meets with[27] his God.	ਪੁਰਸ਼[26] ਆਪਣੇ ਵਾਹਿਗੁਰੂ ਨਾਲ ਮਿਲ[27] ਜਾਂਦਾ ਹੈ।
ਕੋਈ ਰਾਮ ਨਾਮ ਗੁਨ[28] ਗਾਵਨੋ ॥ ਜਨੁ[29] ਨਾਨਕੁ ਤਿਸੁ[30] ਪਗਿ[31] ਲਾਵਨੋ[32] ॥ ੨॥੧॥੭॥੪॥੬॥੭॥੧੭॥	He, who sings the glories[28] of the Lord's Name; slave[29] Nanak repairs[32] to his[30] feet[31].	ਜੋ ਕੋਈ ਸਾਹਿਬ ਦੇ ਨਾਮ ਦੀਆਂ ਸਿਫ਼ਤਾਂ[28] ਗਾਇਨ ਕਰਦਾ ਹੈ, ਗੋਲਾ[29] ਨਾਨਕ ਉਸ ਦੇ[30] ਪੈਰੀਂ[31] ਪੈਂਦਾ[32] ਹੈ।
ਰਾਗੁ ਬਿਲਾਵਲੁ ਮਹਲਾ ੫ ਚਉਪਦੇ ਘਰੁ ੧	Rag Bilawal 5th Guru Chaupadas	ਰਾਗੁ ਬਿਲਾਵਲ ਪੰਜਵੀਂ ਪਾਤਿਸ਼ਾਹੀ ਚਉਪਦੇ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਨਦਰੀ[33]ਆਵੈ ਤਿਸੁ ਸਿਉ[35] ਮੋਹੁ[36] ॥	The mortal contracts love[36] with[35] what he sees[33].	ਪ੍ਰਾਣੀ ਉਸ ਨਾਲ[35] ਪਿਆਰ ਪਾਉਂਦਾ[36] ਹੈ, ਜੋ ਉਸਨੂੰ ਦ੍ਰਿਸ਼ਟੀ ਆਉਂਦਾ[33] ਹੈ।
ਕਿਉ[34] ਮਿਲੀਐ ਪ੍ਰਭ ਅਬਿਨਾਸੀ[37] ਤੋਹਿ[38] ॥	How[34] can I meet Thee[38], whom I see not, O my Imperishable[37] Lord ?	ਹੇ ਮੇਰੇ ਸਦੀਵੀ ਸਥਿਰ[37] ਸੁਆਮੀ! ਮੈਂ ਤੈਨੂੰ[38] ਕਿਸਤਰ੍ਹਾਂ[34] ਮਿਲ ਸਕਦਾ ਹਾਂ ਜਦ ਕਿ ਤੂੰ ਮੈਨੂੰ ਦਿਸਦਾ ਹੀ ਨਹੀਂ ?
ਕਰਿ[39] ਕਿਰਪਾ[40] ਮੋਹਿ[41] ਮਾਰਗਿ[42] ਪਾਵਹੁ[43] ॥ ਸਾਧ ਸੰਗਤਿ ਕੈ ਅੰਚਲਿ[44] ਲਾਵਹੁ[45] ॥੧॥	Show[39] mercy[40] unto me and put[43] me[41] on Thy path[42] and attach[45] me to the skirt[44] of the saints' guild, O Lord.	ਮੇਰੇ ਉਤੇ ਰਹਿਮਤ[40] ਧਾਰ[39] ਅਤੇ ਮੈਨੂੰ[41] ਆਪਣੇ ਰਸਤੇ[42] ਤੇ ਪਾ[43] ਅਤੇ ਮੈਨੂੰ ਸਤਿ ਸੰਗਤ ਦੇ ਪੱਲੇ[44] ਨਾਲ ਜੋੜ ਦੇ[45]।
ਕਿਉ[46] ਤਰੀਐ[47] ਬਿਖਿਆ[48] ਸੰਸਾਰੁ[49] ॥	How[46] can the world[49]-ocean of poison[48] be crossed[47] ?	ਜ਼ਹਿਰ[48] ਦਾ ਜਗਤ[49] ਸਮੁੰਦਰ ਕਿਸ ਤਰ੍ਹਾਂ[46] ਪਾਰ ਕੀਤਾ[47] ਜਾ ਸਕਦਾ ਹੈ ?
ਸਤਿਗੁਰੁ ਬੋਹਿਥੁ[50] ਪਾਵੈ ਪਾਰਿ[51] ॥੧॥ਰਹਾਉ ॥	The True Guru's ship[50], ferries[51] the mortal across. Pause.	ਸੱਚੇ ਗੁਰਾਂ ਦਾ ਜਹਾਜ਼[50] ਪ੍ਰਾਣੀ ਦਾ ਪਾਰ ਉਤਾਰਾ[51] ਕਰ ਦਿੰਦਾ ਹੈ। ਠਹਿਰਾਉ।
ਪਵਨ[52]ਝੁਲਾਰੇ[53]ਮਾਇਆ[54] ਦੇਇ ॥ ਹਰਿ ਕੇ ਭਗਤ[55] ਸਦਾ[56] ਥਿਰੁ[58] ਸੇਇ[57] ॥	The worldly valuables[54] shake[53] one like the wind[52]. God's saints[55]; they[57] ever[56] remain stable[58].	ਸੰਸਾਰੀ ਪਦਾਰਥ[54] ਬੰਦੇ ਨੂੰ ਹਵਾ[52] ਦੀ ਤਰ੍ਹਾਂ ਹਲੂਣੇ[53] ਦਿੰਦੇ ਹਨ। ਵਾਹਿਗੁਰੂ ਦੇ ਸੰਤ[55], ਉਹ[57] ਸਦੀਵੀ[56] ਸਥਿਰ[58] ਰਹਿੰਦੇ ਹਨ।
ਹਰਖ[59] ਸੋਗ[60] ਤੇ ਰਹਹਿ ਨਿਰਾਰਾ[61] ॥	In weal[59] and woe[60] they remain unaffected[61].	ਖ਼ੁਸ਼ੀ[59] ਤੇ ਗ਼ਮੀ[60] ਵਿਚ ਉਹ ਨਿਰਲੇਪ[61] ਵਿਚਰਦੇ ਹਨ।
ਸਿਰ[62]ਊਪਰਿ ਆਪਿ ਗੁਰੂ ਰਖਵਾਰਾ[63] ॥੨॥	The Guru, Himself is their protector[63] over their head[62].	ਉਨ੍ਹਾਂ ਦੇ ਸੀਸ[62] ਉਤੇ ਗੁਰੂ ਜੀ ਖ਼ੁਦ ਉਨ੍ਹਾਂ ਦੇ ਰਖਵਾਲੇ[63] ਹਨ।
ਪਾਇਆ[64]ਵੇੜੁ[65]ਮਾਇਆ[66] ਸਰਬ[67] ਭੁਇਅੰਗਾ[68] ॥	The serpent[68] of mammon[66] is holding[64] all[67] in its girdle[65].	ਮਾਇਆ[66] ਰੂਪੀ ਸਰਪਣੀ[68] ਨੇ ਸਾਰਿਆਂ[67] ਨੂੰ ਆਪਣੇ ਲਪੇਟ[65] ਵਿਚ ਲਿਆ ਹੋਇਆ[64] ਹੈ।
ਹਉਮੈ[69] ਪਚੇ[70] ਦੀਪਕ[71]	Like the burning of a moth[73],	ਦੀਵੇ[71] ਨੂੰ ਵੇਖ ਕੇ[72], ਪਰਵਾਨੇ[73] ਦੇ ਸੜ ਜਾਣ ਦੀ

ਦੇਖਿ[72] ਪਤੰਗਾ[73] ॥	seeing[72] the lamp[71], people burn to death[70] in ego[69].	ਵਾਂਗ ਲੋਕ ਹੰਕਾਰ[69] ਅੰਦਰ ਸੜ ਮਰਦੇ[70] ਹਨ।
ਸਗਲ[74] ਸੀਗਾਰ[75] ਕਰੇ ਨਹੀ ਪਾਵੈ ॥	Though man may make all[74] decorations[75] yet he attains not to his Lord.	ਭਾਵੇਂ ਆਦਮੀ ਸਾਰੇ[74] ਹਾਰ-ਸ਼ਿੰਗਾਰ[75] ਲਾ ਲਵੇ ਤਾਂ ਭੀ ਉਹ ਆਪਣੇ ਪ੍ਰਭੂ ਨੂੰ ਪਰਾਪਤ ਨਹੀਂ ਹੁੰਦਾ।
ਜਾ ਹੋਇ ਕ੍ਰਿਪਾਲੁ[76] ਤਾ[77] ਗੁਰੂ ਮਿਲਾਵੈ[78] ॥੩॥	When the Guru becomes merciful[76], then[77] he make him meet[78] the Lord.	ਜਦ ਗੁਰੂ ਜੀ ਮਿਹਰਬਾਨ[76] ਹੋ ਜਾਂਦੇ ਹਨ, ਤਦ[77] ਉਹ ਉਸ ਨੂੰ ਪ੍ਰਭੂ ਨਾਲ ਮਿਲਾ ਦਿੰਦੇ[78] ਹਨ।
ਹਉ ਫਿਰਉ[79] ਉਦਾਸੀ[80] ਮੈ ਇਕੁ ਰਤਨੁ[81] ਦਸਾਇਆ[82] ॥	Sad[80] at heart, I go[79] about inquiring[82] about my Lord's jewel[81].	ਦਿਲੋਂ ਗ਼ਮਗੀਨ[80] ਹੋ ਮੈਂ ਆਪਣੇ ਸੁਆਮੀ ਦੇ ਜਵੇਹਰ[81] ਬਾਰੇ ਪੁਛਦੀ[82] ਫਿਰਦੀ[79] ਹਾਂ।
ਨਿਰਮੋਲਕੁ[83] ਹੀਰਾ ਮਿਲੈ[85] ਨ ਉਪਾਇਆ[84] ॥	The invaluable[83] jewel is obtained[85] not by any effort[84].	ਅਣਮੁੱਲਾ[83] ਜਵੇਹਰ ਕਿਸੇ ਉਪਰਾਲੇ[84] ਨਾਲ ਪਰਾਪਤ[85] ਨਹੀਂ ਹੁੰਦਾ।
ਹਰਿ ਕਾ ਮੰਦਰੁ[86] ਤਿਸੁ[87] ਮਹਿ[88] ਲਾਲੁ[89] ॥	The body is the Lord's mansion[86]; within[88] that[87] abides Lord, the jewel[89].	ਦੇਹ ਸੁਆਮੀ ਦਾ ਮਹਿਲ[86] ਹੈ, ਉਸ[87] ਦੇ ਅੰਦਰ[88] ਸੁਆਮੀ, ਜਵੇਹਰ[89] ਵਸਦਾ ਹੈ।
ਗੁਰਿ ਖੋਲਿਆ[90] ਪੜਦਾ[91] ਦੇਖਿ ਭਈ ਨਿਹਾਲੁ[92] ॥੪॥	The Guru has removed[90] the veil[91] and I am delighted[92] seeing the jewel.	ਗੁਰਾਂ ਨੇ ਪਰਦਾ[91] ਦੂਰ ਕਰ ਦਿਤਾ[90] ਹੈ ਅਤੇ ਮੈਂ ਜਵੇਹਰ ਨੂੰ ਵੇਖ ਕੇ ਪ੍ਰਸੰਨ[92] ਹੋ ਗਈ ਹਾਂ।
ਜਿਨਿ ਚਾਖਿਆ[93] ਤਿਸੁ ਆਇਆ ਸਾਦੁ[94] ॥ ਜਿਉ[95] ਗੂੰਗਾ[96] ਮਨਮਹਿ[97] ਬਿਸਮਾਦੁ[98] ॥	He who tastes[93] it, knows its relish[94], like[95] the dumb man[96], in[97] his mind's wonder[98].	ਜੋ ਇਸ ਨੂੰ ਚਖਦਾ[93] ਹੈ, ਉਹ ਇਸ ਦੇ ਸੁਆਦ[94] ਨੂੰ ਜਾਣਦਾ ਹੈ, ਗੂੰਗੇ ਆਦਮੀ[96] ਦੇ ਆਪਣੇ ਚਿਤ ਵਿਚ[97] ਹੈਰਾਨੀ[98] ਦੀ ਨਿਆਈਂ[95]।
ਆਨਦ[99] ਰੂਪੁ[100] ਸਭੁ[2] ਨਦਰੀ[3] ਆਇਆ ॥	God, the Embodiment[100] of bliss[99] I see[3] everywhere[2].	ਪ੍ਰਸੰਨਤਾ[99] ਸਰੂਪ[100] ਵਾਹਿਗੁਰੂ ਨੂੰ ਮੈਂ ਹਰ ਜਗ੍ਹਾ[2] ਵੇਖਦਾ[3] ਹਾਂ।
ਜਨ[4] ਨਾਨਕ ਹਰਿ ਗੁਣ[5] ਆਖਿ[6] ਸਮਾਇਆ[7] ॥੫॥੧॥	Uttering[6] God's praise[5], slave[4] Nanak has merged[7] in Him.	ਵਾਹਿਗੁਰੂ ਦਾ ਜਸ[5] ਉਚਾਰ[6], ਗੋਲਾ[4] ਨਾਨਕ ਉਸ ਵਿਚ ਲੀਨ ਹੋ ਗਿਆ[7] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਸਰਬ[8] ਕਲਿਆਣ[9] ਕੀਏ[10] ਗੁਰਦੇਵ[12] ॥	The Bright[12] Guru has blessed[10] me with all[8] bliss[9].	ਪ੍ਰਕਾਸ਼ਵਾਨ[12] ਗੁਰਾਂ ਨੇ ਮੈਨੂੰ ਸਮੂਹ[8]-ਖ਼ੁਸ਼ੀ[9] ਪਰਦਾਨ ਕੀਤੀ[10] ਹੈ।
ਸੇਵਕੁ[13] ਅਪਨੀ ਲਾਇਓ ਸੇਵ[14] ॥	His servant[13], he has yoked to his service[14].	ਆਪਣੇ ਟਹਿਲੂਏ[13] ਨੂੰ ਉਸ ਨੇ ਆਪਣੀ ਟਹਿਲ[14] ਸੇਵਾ ਤੇ ਲਾ ਲਿਆ ਹੈ।
ਬਿਘਨੁ[15] ਨ ਲਾਗੈ ਜਪਿ[16] ਅਲਖ[17] ਅਭੇਵ[18] ॥੧॥	Contemplating[16] the Incomprehensible[17] and Inscrutable[18] Lord, no obstacle[15] befalls the man.	ਅਗਾਧ[17] ਅਤੇ ਭੇਦ-ਰਹਿਤ[18] ਸਾਹਿਬ ਦਾ ਸਿਮਰਨ ਕਰਨ[16] ਦੁਆਰਾ ਇਨਸਾਨ ਨੂੰ ਕੋਈ ਮੁਸ਼ਕਲ[15] ਪੇਸ਼ ਨਹੀਂ ਆਉਂਦੀ।

ਧਰਤਿ[19] ਪੁਨੀਤ[20] ਭਈ ਗੁਨ[21] ਗਾਏ ॥	Singing the Lord's praise[21], the soil[19] (of my soul) is sanctified[20].	ਪ੍ਰਭੂ ਦੀ ਉਸਤਤੀ[21] ਗਾਇਨ ਕਰਨ ਦੁਆਰਾ, (ਜਿੰਦੜੀ ਦੀ) ਜਿਮੀਂ[19] ਪਵਿੱਤਰ[20] ਹੋ ਜਾਂਦੀ ਹੈ ।
ਦੂਰਤੁ[22] ਗਇਆ[23] ਹਰਿ ਨਾਮੁ ਧਿਆਏ[24] ॥ ੧ ॥ ਰਹਾਉ ॥	Uttering[24] the Name of God, the sins[22] are obliterated[23]. Pause.	ਵਾਹਿਗੁਰੂ ਦੇ ਨਾਮ ਦਾ ਉਚਾਰਨ[24] ਕਰਨ ਦੁਆਰਾ ਪਾਪ[22] ਮਿਟ ਜਾਂਦੇ[23] ਹਨ । ਠਹਿਰਾਉ ।
ਸਭਨੀ ਥਾਂਈ[25] ਰਵਿਆ[26] ਆਪਿ ॥ ਆਦਿ[27]ਜੁਗਾਦਿ[28] ਜਾ ਕਾ[29] ਵਡ[30] ਪਰਤਾਪੁ[31] ॥	The Lord Himself is pervading[26] all places[25], whose[29] immense[30] glory[31] is manifest, since the prime[27] and beginning of ages[28].	ਸਾਈਂ ਖੁਦ ਸਾਰੀਆਂ ਥਾਵਾਂ[25] ਅੰਦਰ ਵਿਆਪਕ[26] ਹੋ ਰਿਹਾ ਹੈ, ਜਿਸ ਦਾ[29] ਅਨੰਤ[30] ਤਪਤੇਜ[31] ਐਨ ਆਰੰਭ[27] ਅਤੇ ਯੁਗਾਂ[28] ਦੇ ਸ਼ੁਰੂ ਤੋਂ ਪਰਗਟ ਹੈ ।
ਗੁਰ ਪਰਸਾਦਿ[32] ਨ ਹੋਇ ਸੰਤਾਪੁ[33] ॥੨॥	By Guru's grace[32], sorrow[33] overtakes not the mortal.	ਗੁਰਾਂ ਦੀ ਰਹਿਮਤ[32] ਸਦਕਾ ਪ੍ਰਾਨੀ ਨੂੰ ਗ਼ਮ[33] ਨਹੀਂ ਵਾਪਰਦਾ ।
ਗੁਰ ਕੇ ਚਰਨ[34] ਲਗੇ ਮਨਿ ਮੀਠੇ[35] ॥	The Guru's feet[34] seem sweet[35] unto my mind.	ਗੁਰਾਂ ਦੇ ਚਰਨ[34] ਮੇਰੇ ਚਿਤ ਨੂੰ ਮਿੱਠੜੇ[35] ਲੱਗਦੇ ਹਨ ।
[36]ਨਿਰਬਿਘਨ[38] ਹੋਇ ਸਭ ਥਾਂਈ ਵੂਠੇ[37] ॥	Without[36] any hitch[38] the Lord abides[37] in all the places.	ਬਿਨਾਂ[36] ਕਿਸੇ ਰੋਕ ਟੋਕ[38] ਦੇ ਸੁਆਮੀ ਸਾਰਿਆਂ ਥਾਵਾਂ ਅੰਦਰ ਵਸਦਾ[37] ਹੈ ।
ਸਭ ਸੁਖ ਪਾਏ ਸਤਿਗੁਰ ਤੂਠੇ[39] ॥੩॥	When the True Guru is greatly pleased[39] I obtain all the comforts.	ਜਦ ਸੱਚੇ ਗੁਰੂ ਜੀ ਪਰਮ ਪਰਸੰਨ[39] ਹੋ ਜਾਂਦੇ ਹਨ, ਮੈਨੂੰ ਸਾਰੇ ਆਰਾਮ ਪਰਾਪਤ ਹੋ ਜਾਂਦੇ ਹਨ ।
ਪਾਰਬ੍ਰਹਮ[40] ਪ੍ਰਭ ਭਏ ਰਖਵਾਲੇ[41] ॥	The Transcendent[40] Lord has become my Protector[41].	ਪਰਮ ਪ੍ਰਭੂ[40] ਮੇਰਾ ਰਖਵਾਲਾ[41] ਹੋ ਗਿਆ ਹੈ ।
ਜਿਥੈ[42] ਕਿਥੈ ਦੀਸਹਿ[43] ਨਾਲੇ[44] ॥	Wherever[42] I see, I see[43] Him along with[44] me.	ਜਿਥੇ ਕਿਤੇ[42] ਭੀ ਮੈਂ ਵੇਖਦਾ ਹਾਂ, ਮੈਂ ਉਸ ਨੂੰ ਆਪਣੇ ਨਾਲ[44] ਵੇਖਦਾ[43] ਹਾਂ ।
ਨਾਨਕ ਦਾਸ[45] ਖਸਮਿ[46] ਪ੍ਰਤਿਪਾਲੇ[47] ॥੪॥੨॥	Says Nanak, His serfs[45], the Lord[46] sustains[47].	ਗੁਰੂ ਜੀ ਆਖਦੇ ਹਨ, ਆਪਣੇ ਨਫ਼ਰਾਂ[45] ਦੀ ਪ੍ਰਭੂ[46] ਪਾਲਨਾ-ਪੋਸਣਾ[47] ਕਰਦਾ ਹੈ ।
੮੦੨	802	੮੦੨
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਸੁਖ ਨਿਧਾਨ[48] ਪ੍ਰੀਤਮ[49] ਪ੍ਰਭ ਮੇਰੇ ॥ ਅਗਨਤ[50] ਗੁਣ[51] ਠਾਕੁਰ ਪ੍ਰਭ[52] ਤੇਰੇ ॥	O my loved[49] Lord, Thou art the Treasure[48] of bliss. Infinite[50] are Thine excellences[51], O my Lord Master[52].	ਹੇ ਮੇਰੇ ਪਿਆਰੇ[49] ਪ੍ਰਭੂ ! ਤੂੰ ਖ਼ੁਸ਼ੀ ਦਾ ਖ਼ਜ਼ਾਨਾ[48] ਹੈਂ । ਬੇਅੰਤ[50] ਹਨ ਤੇਰੀਆਂ ਚੰਗਿਆਈਆਂ[51], ਹੇ ਮੇਰੇ ਸੁਆਮੀ ਮਾਲਕ[52] !
ਮੋਹਿ[53] ਅਨਾਥ[54] ਤੁਮਰੀ ਸਰਣਾਈ[55] ॥	I[53], an orphan[54], have entered Thine sanctuary[55].	ਮੈਂ[53], ਯਤੀਮ[54] ਨੇ ਤੇਰੀ ਪਨਾਹ[55] ਲਈ ਹੈ ।
ਕਰਿ ਕਿਰਪਾ[56] ਹਰਿ ਚਰਨ[57] ਧਿਆਈ[58] ॥੧॥	O Lord, have mercy[56] on me, that I may meditate[58] on Thy feet[57].	ਹੇ ਪ੍ਰਭੂ ! ਮੇਰੇ ਉਤੇ ਮਿਹਰ ਧਾਰ[56], ਤਾਂ ਜੋ ਮੈਂ ਤੇਰੇ ਚਰਨਾਂ[57] ਦਾ ਆਰਾਧਨ[58] ਕਰਾਂ ।
ਦਇਆ[59] ਕਰਹੁ ਬਸਹੁ[60] ਮਨਿ ਆਇ ॥ ਮੋਹਿ	My Master, take pity[59] on me and abide[60] Thou within my mind and	ਮੇਰੇ ਮਾਲਕ, ਮੇਰੇ ਉਤੇ ਤਰਸ[59] ਕਰ ਅਤੇ ਤੂੰ ਮੇਰੇ ਹਿਰਦੇ ਅੰਦਰ ਆ ਕੇ ਟਿਕ ਜਾ[60] ਅਤੇ ਮੈਂ ਗੁਣ ਵਿਹੂਣ[61] ਨੂੰ

ਨਿਰਗੁਨ[61] ਲੀਜੈ ਲੜਿ[62] ਲਾਇ ॥੧॥ ਰਹਾਉ ॥	let me, the meritless one[61], hold on to Thy skirt[62]. Pause.	ਆਪਣੇ ਪੱਲੇ[62] ਨਾਲ ਜੋੜ ਲੈ । ਠਹਿਰਾਉ ।
ਪ੍ਰਭੁ ਚਿਤਿ[63] ਆਵੈ ਤਾ[64] ਕੈਸੀ[65] ਭੀੜ[66] ॥	If I remember[63] the Lord, what[65] calamity[66], can then[64] befall me ?	ਜੇਕਰ ਮੈਂ ਪ੍ਰਭੂ ਦਾ ਆਰਾਧਨ[63] ਕਰਾਂ ਤਦ[64] ਮੈਨੂੰ ਕਿਹੜੀ[65] ਬਿਪਤਾ[66] ਵਾਪਰ ਸਕਦੀ ਹੈ ?
ਹਰਿ ਸੇਵਕ[67] ਨਾਹੀ ਜਮ[68] ਪੀੜ[69] ॥	God's slave[67] suffers not Yama's[68] pain[69].	ਰੱਬ ਦਾ ਗੋਲਾ[67] ਯਮ[68] ਦਾ ਦੁੱਖ[69] ਨਹੀਂ ਉਠਾਉਂਦਾ ।
ਸਰਬ[70] ਦੂਖ[71] ਹਰਿ ਸਿਮਰਤ[72] ਨਸੇ[73] ॥ ਜਾ ਕੈ ਸੰਗਿ[74] ਸਦਾ ਪ੍ਰਭੁ ਬਸੈ[75] ॥੨॥	All[70] the troubles[71] of him, who remembers[72] God, and with[74] whom the Lord ever abides[75], hasten[73] away.	ਜੋ ਵਾਹਿਗੁਰੂ ਦਾ ਭਜਨ ਕਰਦਾ[72] ਹੈ ਅਤੇ ਜਿਸ ਦੇ ਨਾਲ[74] ਸੁਆਮੀ ਸਦੀਵ ਹੀ ਨਿਵਾਸ ਰਖਦਾ[75] ਹੈ, ਉਸ ਦੀਆਂ ਸਾਰੀਆਂ[70] ਤਕਲੀਫ਼ਾਂ[71] ਦੌੜ ਜਾਂਦੀਆਂ[73] ਹਨ ।
ਪ੍ਰਭ ਕਾ ਨਾਮੁ ਮਨਿ[76] ਤਨਿ[77] ਆਧਾਰੁ[78] ॥ ਬਿਸਰਤ[79] ਨਾਮੁ ਹੋਵਤ ਤਨੁ ਛਾਰੁ[80] ॥	The Lord's Name is the support[78] of my soul[76] and body[77] and forgetting[79] the Name the body is reduced to ashes[80].	ਸਾਹਿਬ ਦਾ ਨਾਮ ਮੇਰੀ ਜਿੰਦੜੀ[76] ਅਤੇ ਦੇਹ[77] ਦਾ ਆਸਰਾ[78] ਹੈ ਅਤੇ ਨਾਮ ਨੂੰ ਭੁਲਾ ਕੇ[79] ਦੇਹ ਸੁਆਹ[80] ਹੋ ਜਾਂਦੀ ਹੈ ।
ਪ੍ਰਭ ਚਿਤਿ[81] ਆਏ ਪੂਰਨ[82] ਸਭ ਕਾਜ[83] ॥	Contemplating[81] the Lord, all the affairs[83] are adjusted[82].	ਸਾਈਂ ਦਾ ਸਿਮਰਨ[81] ਕਰਨ ਦੁਆਰਾ ਸਾਰੇ ਕਾਰਜ[83] ਰਾਸ ਹੋ ਜਾਂਦੇ[82] ਹਨ ।
ਹਰਿ ਬਿਸਰਤ[84] ਸਭ ਕਾ ਮੁਹਤਾਜ[85] ॥੩॥	Forsaking[84] his Lord, the mortal becomes subservient[85] to all.	ਆਪਣੇ ਪ੍ਰਭੂ ਨੂੰ ਭੁੱਲਾ[84], ਪ੍ਰਾਣੀ ਸਾਰਿਆਂ ਦੇ ਅਧੀਨ[85] ਹੋ ਜਾਂਦਾ ਹੈ ।
ਚਰਨ[86] ਕਮਲ[87] ਸੰਗਿ ਲਾਗੀ[88] ਪ੍ਰੀਤਿ[89] ॥ ਬਿਸਰਿ[90] ਗਈ ਸਭ [91]ਦੁਰਮਤਿ[92] ਰੀਤਿ[93] ॥	By enshrining[88] love[89] for the Lord's lotus[87] feet[86], I am rid[90] of all the evil[91] thoughts[92] and ways[93].	ਪ੍ਰਭੂ ਦੇ ਕੰਵਲ[87] ਰੂਪੀ ਪੈਰਾਂ[86] ਨਾਲ ਪ੍ਰੇਮ[89] ਪਾਉਣ[88] ਦੁਆਰਾ ਮੈਂ ਮੰਦੇ[91] ਖ਼ਿਆਲਾਂ[92] ਅਤੇ ਰਹੁ-ਰੀਤੀਆਂ[93] ਤੋਂ ਖ਼ਲਾਸੀ[90] ਪਾ ਗਿਆ ਹਾਂ ।
ਮਨ[94] ਤਨ[95] ਅੰਤਰਿ[96] ਹਰਿ ਹਰਿ[97] ਮੰਤ[98] ॥	Within[96] my mind[94] and body[95] is the Name[98] of the Lord God[97].	ਮੇਰੇ ਹਿਰਦੇ[94] ਅਤੇ ਸਰੀਰ[95] ਦੇ ਅੰਦਰ[96] ਸੁਆਮੀ ਵਾਹਿਗੁਰੂ[97] ਦਾ ਨਾਮ[98] ਹੈ ।
ਨਾਨਕ ਭਗਤਨ[99] ਕੈ ਘਰਿ[100] ਸਦਾ[2] ਅਨੰਦ[3] ॥੪॥੩॥	Nanak, within the home[100] of the Lord's serfs[99], abides the eternal[2] bliss[3].	ਨਾਨਕ, ਸਾਹਿਬ ਦੇ ਗੋਲਿਆਂ[99] ਦੇ ਗ੍ਰਿਹਿ[100] ਅੰਦਰ ਕਾਲ-ਸਥਾਈ[2] ਪ੍ਰਸੰਨਤਾ[3] ਵਸਦੀ ਹੈ ।
ਰਾਗੁ ਬਿਲਾਵਲੁ ਮਹਲਾ ੫ ਘਰੁ ੨ ਯਾਨੜੀਏ ਕੈ ਘਰਿ ਗਾਵਣਾ	Rag Bilawal 5th Guru	ਰਾਗੁ ਬਿਲਾਵਲ ਪੰਜਵੀਂ ਪਾਤਿਸ਼ਾਹੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਮੈ ਮਨਿ[6] ਤੇਰੀ ਟੇਕ[4] ਮੇਰੇ	In my mind[6] is Thine Prop[4], O my	ਮੇਰੇ ਚਿਤ[6] ਅੰਦਰ ਤੇਰਾ ਆਸਰਾ[4] ਹੈ, ਹੇ ਮੇਰੇ ਪ੍ਰੀਤਮ[5] !

ਪਿਆਰੇ[5] ਮੈ ਮਨਿ ਤੇਰੀ ਟੇਕ ॥	Beloved[5], in my mind is Thine prop.	ਮੇਰੇ ਚਿਤ ਅੰਦਰ ਤੇਰਾ ਹੀ ਆਸਰਾ ਹੈ ।
ਅਵਰ[7] ਸਿਆਣਪਾ[8] ਬਿਰਥੀਆ[9] ਪਿਆਰੇ[13] ਰਾਖਨ[10] ਕਉ ਤੁਮ ਏਕ[12]॥ ੧ ॥ ਰਹਾਉ ॥	Useless[9] are other[7] ingenuities[8], O my Love[13]. Thou alone[12] art my Protector[10]. Pause.	ਬੇ-ਫਾਇਦਾ[9] ਹਨ ਹੋਰ[7] ਅਕਲਮੰਦੀਆਂ[8], ਹੇ ਮੇਰੇ ਪ੍ਰੀਤਮ[13]! ਕੇਵਲ[12] ਤੂੰ ਹੀ ਮੇਰਾ ਰਖਵਾਲਾ[10] ਹੈਂ । ਠਹਿਰਾਉ ।
ਸਤਿਗੁਰੁ ਪੂਰਾ[14] ਜੇ[15]ਮਿਲੈ ਪਿਆਰੇ ਸੋ[16] ਜਨੁ[17] ਹੋਤ[19] ਨਿਹਾਲਾ[18] ॥	He, whom[15] the Perfect[14] True Guru meets, O my dear; that[16] person[17] is rendered[19] blissful[18].	ਜਿਸ[15] ਨੂੰ ਪੂਰਨ[14] ਸਚੇ ਗੁਰੂ ਜੀ ਮਿਲ ਪੈਂਦੇ ਹਨ, ਹੇ ਮੇਰੇ ਪਿਆਰਿਆ ! ਉਹ[16] ਪੁਰਸ਼[17] ਪ੍ਰਸੰਨ[18] ਹੋ ਜਾਂਦਾ[19] ਹੈ ।
ਗੁਰ ਕੀ ਸੇਵਾ[20] ਸੋ ਕਰੇ ਪਿਆਰੇ ਜਿਸ ਨੋ ਹੋਇ ਦਇਆਲਾ[21] ॥	He alone performs the Guru's service[20], O dear, unto whom the Lord becomes merciful[21].	ਕੇਵਲ ਉਹ ਹੀ ਗੁਰਾਂ ਦੀ ਘਾਲ[20] ਕਮਾਉਂਦਾ ਹੈ, ਹੇ ਪਿਆਰਿਆ ! ਜਿਸ ਉਤੇ ਮਾਲਕ ਮਿਹਰਬਾਨ[21] ਹੋ ਜਾਂਦਾ ਹੈ ।
ਸਫਲ[22]ਮੂਰਤਿ[24]ਗੁਰਦੇਉ[23] ਸੁਆਮੀ[25] ਸਰਬ[26] ਕਲਾ[27] ਭਰਪੂਰੇ[28] ॥	Accredited[22] is the personality[24] of the Bright[23] Guru God[25], who is brimful[28] with all[26] the mights[27].	ਅਮੋਘ[22] ਹੈ ਵਿਅਕਤੀ[24] ਪ੍ਰਕਾਸ਼ਵਾਨ[23] ਗੁਰੂ-ਪਰਮੇਸ਼ਰ[25] ਦੀ, ਜੋ ਸਾਰੀਆਂ[26] ਸ਼ਕਤੀਆਂ[27] ਨਾਲ ਪਰੀਪੂਰਨ[28] ਹੈ।
ਨਾਨਕ ਗੁਰੁ ਪਾਰਬ੍ਰਹਮੁ[29] ਪਰਮੇਸਰੁ[30] ਸਦਾ[31] ਸਦਾ ਹਜੂਰੇ[32] ॥੧॥	Nanak, the Guru Himself is the Transcendent Lord[29] Master[30]. Ever[31], ever-present[32] is he, the Guru.	ਨਾਨਕ ਗੁਰੂ ਜੀ ਖ਼ੁਦ ਹੀ ਸ਼ਰੋਮਣੀ ਸਾਹਿਬ[29] ਮਾਲਕ[30] ਹਨ । ਸਦੀਵੀ[31], ਸਦੀਵੀ-ਅੰਗ ਸੰਗ[32] ਹਨ, ਉਹ ਗੁਰਦੇਵ ਜੀ ।
ਸੁਣਿ ਸੁਣਿ[33]ਜੀਵਾ[36] ਸੋਇ[34] ਤਿਨਾ ਕੀ ਜਿਨ ਅਪੁਨਾ ਪ੍ਰਭੁ ਜਾਤਾ[35] ॥	I live[36] by continually hearing[33] the glory[34] of those, who know[35] their Lord.	ਮੈਂ ਉਨ੍ਹਾਂ ਦੀ ਸੋਭਾ[34] ਇਕ-ਰਸ ਸੁਣ ਕੇ[33] ਜੀਉਂਦਾ[36] ਹਾਂ ਜੋ ਆਪਣੇ ਸੁਆਮੀ ਨੂੰ ਜਾਣਦੇ[35] ਹਨ ।
ਹਰਿ ਨਾਮੁ ਅਰਾਧਹਿ[27] ਨਾਮੁ ਵਖਾਣਹਿ[38] ਹਰਿ ਨਾਮੇ ਹੀ ਮਨੁ[39] ਰਾਤਾ[40] ॥	God's Name they contemplate[37], God's Name they utter[38] and with God's Name their soul[39] is imbued[40].	ਵਾਹਿਗੁਰੂ ਦੇ ਨਾਮ ਨੂੰ ਉਹ ਸਿਮਰਦੇ[37] ਹਨ, ਵਾਹਿਗੁਰੂ ਦੇ ਨਾਮ ਨੂੰ ਉਹ ਉਚਾਰਦੇ[38] ਹਨ ਅਤੇ ਵਾਹਿਗੁਰੂ ਦੇ ਨਾਮ ਨਾਲ ਹੀ ਉਨ੍ਹਾਂ ਦੀ ਆਤਮਾ[39] ਰੰਗੀ ਹੋਈ[40] ਹੈ ।
ਸੇਵਕੁ[41] ਜਨ[42] ਕੀ ਸੇਵਾ[43] ਮਾਗੈ[44] ਪੂਰੈ[45] ਕਰਮਿ[46] ਕਮਾਵਾ[47] ॥	I, Thy slave[41], pray for[44] the service[43] of Thine saints[42]. Through Thine perfect[45] grace[46], such a service is performed[47].	ਮੈਂ ਤੇਰਾ ਗੋਲਾ[41], ਤੇਰੇ ਸਾਧੂਆਂ[42] ਦੀ ਟਹਿਲ ਸੇਵਾ[43] ਦੀ ਯਾਚਨਾ ਕਰਦਾ[44] ਹਾਂ । ਤੇਰੀ ਪੂਰਨ[45] ਰਹਿਮਤ[46] ਰਾਹੀਂ ਹੀ ਐਸੀ ਘਾਲ ਕਮਾਈ ਜਾਂਦੀ[47] ਹੈ ।
ਨਾਨਕ ਕੀ ਬੇਨੰਤੀ[48] ਸੁਆਮੀ ਤੇਰੇ ਜਨ[49]ਦੇਖਣੁ[50] ਪਾਵਾ ॥੨॥	This is the prayer[48] of Nanak "O Lord, may I see[50] the vision of Thine saints[49]".	ਇਹ ਹੈ ਨਾਨਕ ਦੀ ਪ੍ਰਾਰਥਨਾ[48] "ਹੇ ਸੁਆਮੀ ! ਮੈਨੂੰ ਤੇਰੇ ਸਾਧੂਆਂ[49] ਦਾ ਦਰਸ਼ਨ[50] ਵੇਖਣਾ ਨਸੀਬ ਹੋਵੇ" ।
ਵਡਭਾਗੀ[51] ਸੇ[53] ਕਾਢੀਅਹਿ[54] ਪਿਆਰੇ ਸੰਤ ਸੰਗਤਿ[52] ਜਿਨਾ ਵਾਸੋ[55] ॥	They[53] are said to be[54] very fortunate[51], O dear, who abide[55] in the saints' society[52].	ਚੰਗੀ ਕਿਸਮਤ ਵਾਲੇ[51] ਆਖੇ ਜਾਂਦੇ[54] ਹਨ, ਹੇ ਪਿਆਰਿਆ ! ਉਹ[53], ਜੋ ਸਾਧ ਸੰਗਤ[52] ਅੰਦਰ ਵਸਦੇ[55] ਹਨ ।
ਅੰਮ੍ਰਿਤ[56]ਨਾਮੁ ਅਰਾਧੀਐ[57]	Reflecting over[57] the ambrosial[56]	ਅੰਮ੍ਰਿਤਮਈ[56] ਅਤੇ ਪਵਿੱਤਰ[58] ਨਾਮ ਦਾ ਚਿੰਤਨ

ਨਿਰਮਲੁ[58] ਮਨੈ ਹੋਵੈ ਪਰਗਾਸੋ[59] ॥	and Immaculate[58] Name, the soul is illumined[59].	ਕਰਨ[57] ਦੁਆਰਾ ਆਤਮਾ ਪ੍ਰਕਾਸ਼ਵਾਨ ਹੋ ਜਾਂਦੀ[59] ਹੈ !
ਜਨਮ ਮਰਣ ਦੂਖੁ[60] ਕਾਟੀਐ[61] ਪਿਆਰੇ ਚੂਕੈ[62] ਜਮ ਕੀ ਕਾਣੇ[63] ॥	The pain[60] of birth and death is removed[61] and the fear[63] of Yama is ended[62], O dear.	ਜੰਮਣ ਤੇ ਮਰਨ ਦੀ ਪੀੜ[60] ਦੂਰ ਹੋ ਜਾਂਦੀ[61] ਹੈ ਅਤੇ ਯਮ ਦਾ ਡਰ[63] ਮਿਟ ਜਾਂਦਾ ਹੈ[62], ਹੇ ਪ੍ਰੀਤਮਾ !
ਤਿਨਾ[67] ਪਰਾਪਤਿ[64] ਦਰਸਨੁ[65] ਨਾਨਕ ਜੋ ਪ੍ਰਭ ਅਪਣੇ ਭਾਣੇ[66] ॥੩॥	They[67] alone are blessed with[64] His vision[65], O Nanak, who are pleasing[66] to their Lord.	ਕੇਵਲ ਉਹ[67] ਹੀ ਉਸ ਦੇ ਦੀਦਾਰ[65] ਨੂੰ ਪਾਉਂਦੇ[64] ਹਨ, ਹੇ ਨਾਨਕ ! ਜਿਹੜੇ ਆਪਣੇ ਸੁਆਮੀ ਨੂੰ ਚੰਗੇ ਲਗਦੇ[66] ਹਨ ।
ਊਚ[68] ਅਪਾਰ[69] ਬੇਅੰਤ[70] ਸੁਆਮੀ ਕਉਣੁ ਜਾਣੈ ਗੁਣ[71] ਤੇਰੇ ॥	O my Lofty[68], Peerless[69] and Endless Lord, who can know Thine virtues[71] ?	ਹੇ ਮੇਰੇ ਬੁਲੰਦ[68], ਲਾਸਾਨੀ[69] ਅਤੇ ਅਨੰਤ[70] ਸਾਹਿਬ ! ਤੇਰੀਆਂ ਨੇਕੀਆਂ[71] ਨੂੰ ਕੌਣ ਜਾਣ ਸਕਦਾ ਹੈ ?
ਗਾਵਤੇ[72] ਉਧਰਹਿ[73] ਸੁਣਤੇ ਉਧਰਹਿ ਬਿਨਸਹਿ[74] ਪਾਪ[75] ਘਨੇਰੇ[76] ॥	They who sing[72] Thine excellences are saved[73], saved are they who hear them and all[76] their sins[75] are effaced[74].	ਜੋ ਤੇਰੀਆਂ ਵਡਿਆਈਆਂ ਗਾਇਨ ਕਰਦੇ[72] ਹਨ ਉਹ ਬਚ ਜਾਂਦੇ[73] ਹਨ, ਬਚ ਜਾਂਦੇ ਉਹ ਜੋ ਉਨ੍ਹਾਂ ਨੂੰ ਸੁਣਦੇ ਹਨ ਅਤੇ ਉਨ੍ਹਾਂ ਦੇ ਸਾਰੇ[76] ਪਾਪ[75] ਕਟੇ ਜਾਂਦੇ[74] ਹਨ ।
ਪਸੂ[77] ਪਰੇਤ[78] ਮੁਗਧ[79] ਕਉ ਤਾਰੇ[82] ਪਾਹਨ[80] ਪਾਰਿ[81] ਉਤਾਰੇ ॥	O Lord, Thou savest[82] the beasts[77], goblins[78] and the fools[79] and ferriest[81] Thou across[81] even the stones[80].	ਹੇ ਪ੍ਰਭੂ ! ਤੂੰ ਡੰਗਰਾਂ[77], ਭੂਤਾਂ[78] ਅਤੇ ਮੂਰਖਾਂ[79] ਨੂੰ ਤਾਰ ਦਿੰਦਾ[82] ਹੈਂ ਅਤੇ ਤੂੰ ਪੱਥਰਾਂ[80] ਨੂੰ ਭੀ ਪਾਰ ਕਰ ਦਿੰਦਾ[81] ਹੈਂ ।
ਨਾਨਕ ਦਾਸ[82*] ਤੇਰੀ ਸਰਣਾਈ[83] ਸਦਾ[84] ਸਦਾ ਬਲਿਹਾਰੈ[85] ॥੪॥੧॥੪॥	Slave[82*] Nanak, seeks Thy refuge[83], O Lord and is ever[84], ever a sacrifice[85] unto Thee.	ਗੋਲਾ[82*] ਨਾਨਕ ਤੇਰੀ ਸ਼ਰਣਾਗਤ[83] ਲੋੜਦਾ ਹੈ, ਹੇ ਸੁਆਮੀ ! ਅਤੇ ਹਮੇਸ਼ਾਂ[84], ਹਮੇਸ਼ਾਂ ਤੇਰੇ ਉਤੋਂ ਘੋਲੀ ਜਾਂਦਾ[85] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਬਿਖੈ[86] ਬਨੁ[87] ਫੀਕਾ[98] ਤਿਆਗਿ[89] ਰੀ[94] ਸਖੀਏ[90] ਨਾਮੁ[91] ਮਹਾਰਸੁ[92] ਪੀਓ[93] ॥	Forsake[89] thou the insipid[88] water[87] of sin[86], O[94] my mate[90] and quaff[93] thou the supreme[91] Nectar[92] of the Lord's Name.	ਤੂੰ ਪਾਪ[86] ਦੇ ਫਿਕਲੇ[88] ਪਾਣੀ[87] ਨੂੰ ਛੱਡ ਦੇ[89], ਨੀ[94] ਮੇਰੀ ਸਹੇਲੀਏ[90] ! ਅਤੇ ਤੂੰ ਪ੍ਰਭੂ ਦੇ ਨਾਮ ਦੇ ਪਰਮ[91] ਅੰਮ੍ਰਿਤ[92] ਨੂੰ ਪਾਨ ਕਰ[93] ।
ਬਿਨੁ[100] ਰਸ ਚਾਖੇ[95] ਬੁਡਿ[96] ਗਈ ਸਗਲੀ[97] ਸੁਖੀ[98] ਨ ਹੋਵਤ ਜੀਉ[99] ॥	Without[100] tasting[95] the Name Nectar, all[97] have been drowned[96] and their soul[99] becomes not happy[98].	ਨਾਮ ਦੇ ਅੰਮ੍ਰਿਤ ਨੂੰ ਚੱਖਣ[95] ਦੇ ਬਗ਼ੈਰ[100] ਸਾਰੀਆਂ[97] ਹੀ ਡੁਬ ਗਈਆਂ[96] ਹਨ ਅਤੇ ਉਨ੍ਹਾਂ ਦੀ ਆਤਮਾ[99] ਪ੍ਰਸੰਨ[98] ਨਹੀਂ ਹੁੰਦੀ ।
੮੦੩	**803**	**੮੦੩**
ਮਾਨੁ[2] ਮਹਤੁ[3] ਨ ਸਕਤਿ[4] ਹੀ ਕਾਈ ਸਾਧਾ ਦਾਸੀ[5] ਥੀਉ[6] ॥	Thou hast no honour[2], glory[3] and might[4], so be[6] thou the handmaiden[5] of the saints.	ਤੇਰੀ ਕੋਈ ਇੱਜ਼ਤ ਆਬਰੂ[2], ਪ੍ਰਭਤਾ[3] ਅਤੇ ਤਾਕਤ[4] ਨਹੀਂ, ਇਸ ਲਈ ਤੂੰ ਸੰਤਾਂ ਦੀ ਬਾਂਦੀ[5] ਬਣ[6] ਜਾ ।
ਨਾਨਕ ਸੇ[7] ਦਰਿ[8]	Nanak they[7], whom the Lord makes	ਨਾਨਕ, ਜਿਨ੍ਹਾਂ ਨੂੰ ਪ੍ਰਭੂ ਆਪਣੇ ਨਿਜ[10] ਦੇ ਬਣਾ ਲੈਂਦਾ

ਸੋਭਾਵੰਤੇ[9] ਜੋ ਪ੍ਰਭਿ ਅਪੁਨੈ[10] ਕੀਓ ॥੧॥	His own[10], look graceful[9] at His court[8].	ਹੈ, ਉਹ[7] ਉਸ ਦੇ ਦਰਬਾਰ[8] ਅੰਦਰ ਸੁੰਦਰ[9] ਲਗਦੇ ਹਨ ।
ਹਰਿ ਚੰਦਉਰੀ[12] ਚਿਤ[12*] ਭ੍ਰਮੁ[17] ਸਖੀਏ[13] ਮ੍ਰਿਗ ਤ੍ਰਿਸਨਾ[14] ਦ੍ਰੁਮ[15] ਛਾਇਆ[16]॥	The optical illusion[12], deer's craze[14] and shade[16] of a tree[15], have misled[17] man's mind[12*], O my comrade[13].	ਦ੍ਰਿਸ਼ਅਕ ਮੁਗ਼ਾਲਤਾ[12], ਹਰਨ ਦਾ ਝੱਲਾਪਣ[14] ਅਤੇ ਰੁਖ[15] ਦੀ ਛਾਂ[16] ਨੇ ਬੰਦੇ ਦੇ ਮਨ[12*] ਨੂੰ ਗੁਮਰਾਹ[17] ਕਰ ਲਿਆ ਹੈ, ਨੀ ਮੇਰੀ ਸਹੇਲੀਏ[13] !
ਚੰਚਲਿ[18] ਸੰਗਿ[19] ਨ ਚਾਲਤੀ[20] ਸਖੀਏ ਅੰਤਿ[21] ਤਜਿ[22] ਜਾਵਤ ਮਾਇਆ[23]॥	O mate, the mercurial[18] mammon[23] goes[20] not with[19] the man, and ultimately[21] leaves[22] him.	ਨੀ ਸਹੇਲੀਏ ! ਚੁਲਬਲੀ[18] ਦੌਲਤ[23] ਬੰਦੇ ਦੇ ਨਾਲ[19] ਨਹੀਂ ਜਾਂਦੀ[20] ਅਤੇ ਓੜਕ ਨੂੰ[21] ਉਸ ਨੂੰ ਛੱਡ ਜਾਂਦੀ[22] ਹੈ ।
ਰਸਿ[24] ਭੋਗਣ[25] ਅਤਿ[26] ਰੂਪ[27] ਰਸ ਮਾਤੇ[28] ਇਨ ਸੰਗਿ[29] ਸੂਖੁ ਨ ਪਾਇਆ ॥	Enjoying[25] pleasures[24] and fornicating[28] with the supremely[26] beautiful[27] damsels, in their company[29] none ever obtains peace.	ਮੌਜ ਬਹਾਰਾਂ[24] ਮਾਨਣ[25] ਅਤੇ ਪਰਮ[26] ਸੁੰਦਰ[27] ਮੁਟਿਆਰਾਂ ਨਾਲ ਭੋਗ-ਬਿਲਾਸ[28] ਕਰਨ, ਇਨ੍ਹਾਂ ਦੀ ਸੰਗਤ[29] ਅੰਦਰ ਕਦੇ ਕੋਈ ਆਰਾਮ ਨੂੰ ਪਰਾਪਤ ਨਹੀਂ ਹੁੰਦਾ ।
ਧੰਨਿ[30] ਧੰਨਿ ਹਰਿ ਸਾਧ[31] ਜਨ[32] ਸਖੀਏ ਨਾਨਕ ਜਿਨੀ ਨਾਮੁ ਧਿਆਇਆ[33] ॥੨॥	Says Nanak, blest[30], blest, O mate are the Lord's saintly[31] men[32], who contemplate[33] the Name.	ਗੁਰੂ ਜੀ ਫੁਰਮਾਉਂਦੇ ਹਨ, ਸੁਲੱਖਣੇ[30], ਸੁਲੱਖਣੇ ਹਨ, ਨੀ ਮੇਰੀ ਸਹੇਲੀਏ ! ਸਾਈਂ ਦੇ ਸੰਤ ਸਰੂਪ[31] ਬੰਦੇ[32] ਜੋ ਨਾਮ ਦਾ ਸਿਮਰਨ[33] ਕਰਦੇ ਹਨ ।
ਜਾਇ[34] ਬਸਹੁ[35] ਵਡਭਾਗਣੀ[36] ਸਖੀਏ ਸੰਤਾ ਸੰਗਿ[37] ਸਮਾਈਐ[38] ॥	O my very fortunate[36] mate, to merge[38] in thy Lord, go[34] thou to abide[35] with[37] the saints.	ਹੇ ਮੇਰੀ ਭਾਰੇ ਭਾਗਾਂ ਵਾਲੀ[36] ਸਹੇਲੀਏ ! ਆਪਣੇ ਸੁਆਮੀ ਵਿਚ ਲੀਨ[38] ਹੋਣ ਲਈ ਤੂੰ ਸਾਧੂਆਂ ਦੇ ਨਾਲ[37] ਜਾ[34] ਕੇ ਵਸ ਪਉ[35] ।
ਤਹ[39] ਦੂਖ[40] ਨ ਭੂਖ[41] ਨ ਰੋਗੁ[42] ਬਿਆਪੈ[43] ਚਰਨ[44] ਕਮਲ[45] ਲਿਵ[46] ਲਾਈਐ[47] ॥	Neither pain[40], nor hunger[41] nor disease[42] afflicts[43] man there[39] and he comes to enshrine[47] love[46] for the Lord's lotus[45] feet[44].	ਨਾ ਪੀੜ[40] ਨਾ ਭੁੱਖ[41], ਨਾ ਹੀ ਬੀਮਾਰੀ[42] ਬੰਦੇ ਨੂੰ ਉਥੇ[39] ਵਾਪਰਦੀ[43] ਹੈ ਅਤੇ ਉਸ ਦਾ ਪ੍ਰਭੂ ਦੇ ਕੰਵਲ[45] ਰੂਪੀ ਪੈਰਾਂ[44] ਨਾਲ ਪ੍ਰੇਮ[46] ਪੈ ਜਾਂਦਾ[47] ਹੈ ।
ਤਹ ਜਨਮ[48] ਨ ਮਰਣੁ[49] ਨ ਆਵਣ ਜਾਣਾ ਨਿਹਚਲੁ[50] ਸਰਣੀ[51] ਪਾਈਐ[52] ॥	There is no birth[48] and death[49] nor coming and going there and one enters[52] the Lord's eternal[50] sanctuary[51].	ਉਥੇ ਨਾ ਪੈਦਾਇਸ਼[48] ਅਤੇ ਮੌਤ[49], ਨਾ ਹੀ ਆਉਣਾ ਅਤੇ ਜਾਣਾ ਹੈ ਅਤੇ ਇਨਸਾਨ ਪ੍ਰਭੂ ਦੀ ਕਾਲ-ਸਥਾਈ[50] ਪਨਾਹ[51] ਅੰਦਰ ਪ੍ਰਵੇਸ਼[52] ਕਰ ਜਾਂਦਾ ਹੈ ।
ਪ੍ਰੇਮ[53] ਬਿਛੋਹੁ[54] ਨ ਮੋਹੁ[55] ਬਿਆਪੈ[56] ਨਾਨਕ ਹਰਿ ਏਕੁ ਧਿਆਈਐ[57] ॥੩॥	By remembering[57] One God, man's love[53] sunders[54] not, nor the worldly love[55] afflicts[56] him.	ਇਕ ਵਾਹਿਗੁਰੂ ਦਾ ਆਰਾਧਨ[57] ਕਰਨ ਦੁਆਰਾ ਮਨੁੱਖ ਦੀ ਪ੍ਰੀਤ[53] ਟੁਟਦੀ[54] ਨਹੀਂ, ਨਾ ਹੀ ਸੰਸਾਰੀ ਲਗਨ[55] ਉਸ ਨੂੰ ਸਤਾਉਂਦੀ[56] ਹੈ ।
ਦ੍ਰਿਸਟਿ[58] ਧਾਰਿ[59] ਮਨੁ[60] ਬੇਧਿਆ[61] ਪਿਆਰੇ[62] ਰਤੜੇ[63] ਸਹਜਿ ਸੁਭਾਏ[64] ॥	Casting[59] His glance of grace[58] the Beloved[62] has pierced[61] my soul[60] and I am now easily[64] imbued[63] with His love.	ਆਪਣੀ ਮਿਹਰ ਦੀ ਨਿਗ੍ਹਾ[58] ਕਰ ਕੇ[59] ਪ੍ਰੀਤਮ[62] ਨੇ ਮੇਰੀ ਆਤਮਾ[60] ਨੂੰ ਵਿੰਨ੍ਹ ਸੁਟਿਆ[61] ਹੈ ਅਤੇ ਮੈਂ ਹੁਣ ਸੁਭਾਵਕ[64] ਹੀ ਉਸ ਦੇ ਪ੍ਰੇਮ ਨਾਲ ਰੰਗੀ ਗਈ[63] ਹਾਂ ।
ਸੇਜ[65] ਸੁਹਾਵੀ[66] ਸੰਗਿ[67]	Meeting[68] with[67] my Love[69], my	ਆਪਣੇ ਪਿਆਰੇ[69] ਦੇ ਨਾਲ[67] ਮਿਲ ਕੇ[68] ਮੇਰਾ ਪਲੰਘ[65]

ਮਿਲਿ[68] ਪ੍ਰੀਤਮ[69] ਅਨਦ[70] ਮੰਗਲ[71] ਗੁਣ[72] ਗਾਏ ॥	couch[65] is embellished[66] and I now sing His praise[72] with gladness[70] and glee[71].	ਸੁਹਾਵਣਾ[66] ਹੋ ਗਿਆ ਹੈ ਅਤੇ ਮੈਂ ਹੁਣ ਉਸ ਦੀ ਮਹਿਮਾ[72] ਖ਼ੁਸ਼ੀ[70] ਤੇ ਉਮਾਹ[71] ਨਾਲ ਗਾਉਂਦੀ ਹਾਂ।
ਸਖੀ[73] ਸਹੇਲੀ[74] ਰਾਮ[75] ਰੰਗਿ[76] ਰਾਤੀ[77] ਮਨ[78] ਤਨ[79] ਇਛ[80] ਪੁਜਾਏ[81] ॥	My friends[73] and companions[74], I am imbued[77] with my Lord's[75] love[76] and the desire[80] of my mind[78] and body[79] is fulfilled[81].	ਮੇਰੀਓ ਸਜਣੀਓ[73]! ਅਤੇ ਹਮਜੋਲਣੋ[74], ਮੈਂ ਆਪਣੇ ਪ੍ਰਭੂ ਦੇ[75] ਪਿਆਰ[76] ਨਾਲ ਰੰਗੀ ਗਈ[77] ਹਾਂ ਅਤੇ ਮੇਰੇ ਚਿਤ[78] ਤੇ ਸਰੀਰ[79] ਦੀ ਸੱਧਰ[80] ਪੂਰੀ ਹੋ ਗਈ[81] ਹੈ।
ਨਾਨਕ ਅਚਰਜੁ[82] ਅਚਰਜ[86] ਸਿਉ[83] ਮਿਲਿਆ[84] ਕਹਣਾ[85] ਕਛੂ ਨ ਜਾਏ ॥੪॥੨॥੫॥	Nanak, the wondrous soul[82], has blended[84] with[83] the wondrous Lord[86] and that state can in no way be narrated[85].	ਨਾਨਕ ਅਦਭੁਤ ਆਤਮਾ[82], ਅਦਭੁਤ ਪ੍ਰਭੂ[86] ਦੇ ਨਾਲ[83] ਅਭੇਦ ਹੋ ਗਈ[84] ਹੈ ਅਤੇ ਉਹ ਅਵਸਥਾ ਕਿਸੇ ਤਰ੍ਹਾਂ ਭੀ ਵਰਨਣ[85] ਕੀਤੀ ਨਹੀਂ ਜਾ ਸਕਦੀ।
ਰਾਗੁ ਬਿਲਾਵਲੁ ਮਹਲਾ ੫ ਘਰੁ ੪	Rag Bilawal 5th Guru	ਰਾਗ ਬਿਲਾਵਲ ਪੰਜਵੀਂ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪ੍ਰਾਪਤ ਹੁੰਦਾ ਹੈ।
ਏਕ ਰੂਪ[87] ਸਗਲੋ ਪਾਸਾਰਾ[88] ॥	The entire universe[88] is the manifestation[87] of One God.	ਸਾਰਾ ਆਲਮ[88] ਇਕ ਵਾਹਿਗੁਰੂ ਦਾ ਸਰੂਪ[87] ਹੈ।
ਆਪੇ ਬਨਜੁ[89] ਆਪਿ ਬਿਉਹਾਰਾ[90] ॥੧॥	The Lord Himself is the trade[89] and Himself the Trader[90].	ਪ੍ਰਭੂ ਆਪ ਵਪਾਰ[89] ਹੈ ਅਤੇ ਆਪੇ ਹੀ ਵਪਾਰੀ[90]।
ਐਸੋ[91] ਗਿਆਨੁ[92] ਬਿਰਲੋ[93] ਈ ਪਾਏ[94] ॥ ਜਤ ਜਤ[95] ਜਾਈਐ[96] ਤਤ[97] ਦ੍ਰਿਸਟਾਏ[98] ॥੧॥ ਰਹਾਉ ॥	Some rare one[93] is blessed[94] with such[91] an understanding[92]. Whithersoever[95] I go[96], thither[97] I see[98] Him. Pause.	ਇਹੋ ਜੇਹੀ[91] ਸਮਝ[92] ਕਿਸੇ ਵਿਰਲੇ ਪੁਰਸ਼[93] ਨੂੰ ਹੀ ਪਰਾਪਤ[94] ਹੁੰਦੀ ਹੈ। ਜਿਥੇ ਕਿਤੇ[95] ਭੀ ਮੈਂ ਜਾਂਦਾ[96] ਹਾਂ ਉਥੇ[97] ਹੀ ਮੈਂ ਉਸ ਨੂੰ ਵੇਖਦਾ[98] ਹਾਂ। ਠਹਿਰਾਉ।
ਅਨਿਕ[99] ਰੰਗ[100] ਨਿਰਗੁਨ[2] ਇਕ ਰੰਗਾ[3] ॥	The Unqualitative Lord[2] of one form[3] assumes many[99] forms[100] in the qualitative state.	ਇਕ ਸਰੂਪ ਵਾਲਾ[3] ਲੱਛਣਾਂ-ਰਹਿਤ ਸੁਆਮੀ[2] ਲਛਣਾਂ-ਸੰਯੁਕਤ ਅਵਸਥਾ ਅੰਦਰ ਬੇਅੰਤ[99] ਸਰੂਪ[100] ਧਾਰਨ ਕਰ ਲੈਂਦਾ ਹੈ।
ਆਪੇ ਜਲੁ[4] ਆਪ ਹੀ ਤਰੰਗਾ[5] ॥੨॥	He Himself is the water[4] and Himself the waves[5].	ਉਹ ਖ਼ੁਦ ਪਾਣੀ[4] ਹੈ ਅਤੇ ਖ਼ੁਦ ਹੀ ਲਹਿਰਾਂ[5]।
ਆਪਿ ਹੀ ਮੰਦਰੁ[6] ਆਪਹਿ ਸੇਵਾ[7] ॥	He Himself is the temple[6] and Himself the worship[7].	ਉਹ ਖ਼ੁਦ ਦੇਹੁਰਾ[6] ਹੈ ਅਤੇ ਖ਼ੁਦ ਹੀ ਪੂਜਾ[7]।
ਆਪ ਹੀ ਪੂਜਾਰੀ[8] ਆਪ ਹੀ ਦੇਵਾ[9] ॥੩॥	Himself He is the worshipper[8] and Himself the idol[9].	ਉਹ ਖ਼ੁਦ ਉਪਾਸਨਾ ਕਰਨ ਵਾਲਾ[8] ਹੈ ਅਤੇ ਖ਼ੁਦ ਹੀ ਪੱਥਰ ਦਾ ਦੇਵਤਾ[9]।
ਆਪਹਿ ਜੋਗ[10] ਆਪ ਹੀ	The Lord Himself is the science of	ਪ੍ਰਭੂ ਆਪੇ ਮਿਲਾਪ ਦੀ ਵਿਦਿਆ[10] ਹੈ ਅਤੇ ਆਪੇ ਹੀ

ਜੁਗਤਾ[12] ॥	union[10], and Himself the way of union[12].	ਮਿਲਾਪ ਦਾ ਮਾਰਗ[12]।
ਨਾਨਕ ਕੇ ਪ੍ਰਭ ਸਦ[13] ਹੀ ਮੁਕਤਾ[14] ॥੪॥੧॥੬॥	Ever[13] detached[14] is the Lord of Nanak.	ਸਦੀਵ[13] ਹੀ ਨਿਰਲੇਪ[14] ਹੈ, ਨਾਨਕ ਦਾ ਸੁਆਮੀ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਆਪਿ ਉਪਾਵਨ[15] ਆਪਿ ਸਧਰਨਾ[16] ॥	Himself the Lord creates[15] and Himself He supports[16].	ਖੁਦ ਪ੍ਰਭੂ ਪੈਦਾ[15] ਕਰਦਾ ਹੈ ਅਤੇ ਉਹ ਖੁਦ ਹੀ ਆਸਰਾ ਦਿੰਦਾ[16] ਹੈ।
ਆਪਿ ਕਰਾਵਨ[17] ਦੋਸੁ[18] ਨ ਲੈਨਾ ॥੧॥	Himself the Lord makes men do[17] the deeds and takes not blame[18] on Himself.	ਆਪੇ ਹੀ ਪ੍ਰਭੂ ਇਨਸਾਨਾਂ ਕੋਲੋਂ ਕੰਮ ਕਰਵਾਉਂਦਾ[17] ਹੈ ਅਤੇ ਆਪਣੇ ਉਤੇ ਕੋਈ ਇਲਜ਼ਾਮ[18] ਨਹੀਂ ਲੈਂਦਾ।
ਆਪਨ ਬਚਨੁ[19] ਆਪ ਹੀ ਕਰਨਾ[20] ॥	He Himself is the instruction[19] and Himself the Instructor[20].	ਉਹ ਆਪੇ ਸਿਖਿਆ[19] ਹੈ ਅਤੇ ਆਪੇ ਹੀ ਸਿਖਿਆ ਦੇਣ ਵਾਲਾ[20]।
ਆਪਨ ਬਿਭਉ[21] ਆਪ ਹੀ ਜਰਨਾ[22] ॥੧॥ ਰਹਾਉ ॥	He Himself is the splendour[21] and Himself the Endurer[22] thereof. Pause.	ਉਹ ਆਪ ਤੇਜ ਪਰਤਾਪ[21] ਹੈ ਅਤੇ ਆਪ ਹੀ ਉਸ ਨੂੰ ਸਹਾਰਨ ਵਾਲਾ[22]। ਠਹਿਰਾਉ।
ਆਪ ਹੀ ਮਸਟਿ[23] ਆਪ ਹੀ ਬੁਲਨਾ[24] ॥	Himself He is Mute[23] and Himself the Utterer[24].	ਖੁਦ ਉਹ ਚੁਪ ਕੀਤਾ[23] ਹੈ ਅਤੇ ਖੁਦ ਹੀ ਬੋਲਣ ਵਾਲਾ[24]।
ਆਪ ਹੀ ਅਛਲੁ[25] ਨ ਜਾਈ ਛਲਨਾ[26] ॥੨॥	Himself is He Undeceivable[25] and cannot be deceived[26].	ਆਪੇ ਉਹ ਨਾ-ਠੱਗਿਆ ਜਾਣ ਵਾਲਾ[25] ਹੈ ਅਤੇ ਠਗਿਆ[26] ਨਹੀਂ ਜਾ ਸਕਦਾ।
ਆਪ ਹੀ ਗੁਪਤ[27] ਆਪਿ ਪਰਗਟਨਾ[28] ॥	Himself is He Unmanifest[27] and Himself Manifest[28].	ਖੁਦ ਉਹ ਅਲੋਪ[27] ਹੈ ਅਤੇ ਖੁਦ ਹੀ ਸਪਸ਼ਟ[28]।
ਆਪ ਹੀ ਘਟਿ ਘਟਿ[29] ਆਪਿ ਅਲਿਪਨਾ[30] ॥੩॥	Himself He pervades all the hearts[29] and Himself remains detached[30].	ਆਪੇ ਉਹ ਸਾਰਿਆਂ ਦਿਲਾਂ[29] ਅੰਦਰ ਵਿਆਪਕ ਹੈ ਅਤੇ ਆਪੇ ਹੀ ਅਟੰਕ[30] ਵਿਚਰਦਾ ਹੈ।
ਹੋਹੁ ਕ੍ਰਿਪਾਲ[13] ਦਇਆਲ[14] ਪ੍ਰਭ ਨਾਨਕੁ ਗੁਣ[15]ਗਾਵੈ[16]॥ ॥੪॥੫॥੩੫॥	Be Thou compassionate[13], O Merciful[14] Master, that Nanak may ever hymn[16] Thy praise[15].	ਤੂੰ ਦਇਆਵਾਨ[13] ਹੋ, ਹੇ ਮਿਹਰਬਾਨ[14] ਮਾਲਕ! ਤਾਂ ਜੋ ਨਾਨਕ ਸਦਾ ਹੀ ਤੇਰੀ ਸਿਫ਼ਤ-ਸ਼ਲਾਘਾ[15] ਗਾਇਨ[16] ਕਰੇ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਮਿਰਤੁ[17] ਹਸੈ ਸਿਰ[18] ਊਪਰੇ ਪਸੂਆ[19] ਨਹੀ ਬੂਝੈ[20] ॥	Death[17] laughs over man's head[18], but the beast[19] understands[20] it not.	ਮੌਤ[17] ਬੰਦੇ ਦੇ ਮੂੰਡ[18] ਉਤੇ ਹੱਸਦੀ ਹੈ, ਪ੍ਰੰਤੂ ਡੰਗਰ[19] ਇਸ ਨੂੰ ਨਹੀਂ ਸਮਝਦਾ[20]।
ਬਾਦ[21] ਸਾਦ[22] ਅਹੰਕਾਰ[23] ਮਹਿ[24] ਮਰਣਾ[25] ਨਹੀ ਸੂਝੈ[26] ॥੧॥	Involved in[24] strifes[21], pleasures[22] and pride[23], he thinks[26] not of death[25].	ਬਖੇੜਿਆਂ[21], ਸੁਆਦਾਂ[22] ਅਤੇ ਹੰਗਤਾ[23] ਅੰਦਰ[24] ਫਾਬਾ ਹੋਇਆ ਉਹ ਮੌਤ[25] ਦਾ ਖ਼ਿਆਲ[26] ਹੀ ਨਹੀਂ ਕਰਦਾ।
ਸਤਿਗੁਰੁ ਸੇਵਹੁ[27] ਆਪਨਾ ਕਾਹੇ[28] ਫਿਰਹੁ[29] ਅਭਾਗੇ[30]॥	Serve[27] thy True Guru. Why[28] wander[29], O luckless[30] mortal?	ਆਪਣੇ ਸੱਚੇ ਗੁਰਾਂ ਦੀ ਟਹਿਲ ਸੇਵਾ[27] ਕਮਾ। ਤੂੰ ਐਵੇਂ ਕਿਉਂ[28] ਭਟਕਦਾ[29] ਫਿਰਦਾ ਹੈਂ, ਹੇ ਨਿਕਰਮਣ[30]ਜੀਵ?
ਦੇਖਿ ਕਸੁੰਭਾ[31] ਰੰਗੁਲਾ[32] ਕਾਹੇ[33] ਭੂਲਿ[34] ਲਾਗੇ[35] ॥ ੧॥ ਰਹਾਉ॥	Seeing the beauteous[32] saf-flower[31], why[33] makest thou the mistake[34] of attaching[35] thyself to it? Pause.	ਸੁਹਣੇ[32] ਕਸੁੰਭੇ ਦੇ ਫੁੱਲ[31] ਨੂੰ ਵੇਖ ਕੇ, ਤੂੰ ਇਸ ਨਾਲ ਜੁੜਨ[35]ਦੀ ਕਿਉਂ[33] ਗਲਤੀ[34]ਕਰਦਾ ਹੈਂ? ਠਹਿਰਾਉ!
ਕਰਿ ਕਰਿ[36]ਪਾਪ[37] ਦਰਬੁ[38] ਕੀਆ[39] ਵਰਤਣ[40] ਕੈ ਤਾਈ[41] ॥	Constantly committing[36] sins[37], thou hast amassed[39] wealth[38] for[41] expending[40].	ਪਾਪ[37] ਕਮਾ ਕਮਾ ਕੇ[36] ਤੂੰ ਖਰਚਣ[40] ਲਈ[41] ਮਾਲ ਧਨ[38] ਇਕੱਤਰ ਕੀਤਾ[39] ਹੈ।
ਮਾਟੀ ਸਿਉ[42] ਮਾਟੀ[43] ਰਲੀ[44] ਨਾਗਾ[45] ਉਠਿ ਜਾਈ ॥੨॥	Thy dust[43] shall mix[44] with[42] dust and thou shalt depart[46] naked[45].	ਤੇਰੀ ਮਿੱਟੀ[43], ਮਿੱਟੀ ਨਾਲ[32] ਮਿਲ ਜਾਏਗੀ[44] ਅਤੇ ਤੂੰ ਨੰਗ-ਧੜੰਗਾ[45] ਟੁਰ ਜਾਏਂਗਾ[46]।
ਜਾ[47] ਕੈ ਕੀਐ[48] ਸ੍ਰਮੁ[49] ਕਰੇ ਤੇ[50] ਬੈਰ[51] ਬਿਰੋਧੀ[52] ॥	They for[48] whom[47] thou toilest[49], they[50] are at variance[51] and enmity[52] with thee.	ਜਿਨ੍ਹਾਂ[47] ਦੀ ਖ਼ਾਤਰ[48] ਤੂੰ ਮਿਹਨਤ ਮੁਸ਼ੱਕਤ ਕਰਦਾ[49] ਹੈਂ, ਉਨ੍ਹਾਂ[50]ਦੀ ਤੇਰੇ ਨਾਲ ਅਣਬਣ[51] ਅਤੇ ਦੁਸ਼ਮਨੀ[52] ਹੈ।
ਅੰਤ[53] ਕਾਲਿ[54] ਭਜਿ[55] ਜਾਹਿਗੇ ਕਾਹੇ[56] ਜਲਹੁ[57] ਕਰੋਧੀ[58] ॥੩॥	At the last[53] hour[54], they shall flee[55] from thee. Why[56] burnest[27] thou for them, O wrathful[58] man?	ਅਖੀਰ[53] ਦੇ ਵੇਲੇ[54] ਉਹ ਤੇਰੇ ਕੋਲੋਂ ਦੌੜ ਜਾਣਗੇ[55]। ਤੂੰ ਉਨ੍ਹਾਂ ਦੇ ਲਈ ਕਿਉਂ[56] ਸੜਦਾ-ਬਲਦਾ[57] ਹੈਂ, ਹੇ ਇਨਸਾਨ ?
ਦਾਸੁ[59] ਰੇਣੁ[60] ਸੋਈ[61] ਹੋਆ	He[61] alone becomes the dust[60] of the	ਕੇਵਲ ਉਹ[61] ਹੀ ਸਾਹਿਬ ਦੇ ਗੋਲੇ[59] ਦੇ ਪੈਰਾਂ ਦੀ ਧੂੜ[60]

ਜਿਸੁ ਮਸਤਕ[62] ਕਰਮਾ[63] ॥	feet of the Lord's slave[59], on whose brow[62] such destiny[63] is writ.	ਹੋਂਦਾ ਹੈ, ਜਿਸ ਦੇ ਮੱਥੇ[62] ਉਤੇ ਐਸੀ ਪ੍ਰਾਲਬਧ[63] ਲਿਖੀ ਹੋਈ ਹੈ ।
ਕਹੁ ਨਾਨਕ ਬੰਧਨ[64] ਛੂਟੇ[65] ਸਤਿਗੁਰ ਕੀ ਸਰਨਾ[66] ॥ ੪॥੬॥੩੬॥	Says Nanak, in the sanctuary[66] of the True Guru, the mortal is released[65] from his bonds[64].	ਗੁਰੂ ਜੀ ਫੁਰਮਾਉਂਦੇ ਹਨ, ਸੱਚੇ ਗੁਰਾਂ ਦੀ ਸ਼ਰਣਾਗਤ[66] ਵਿਚ ਪ੍ਰਾਨੀ ਬੇੜੀਆਂ[64] ਤੋਂ ਖ਼ਲਾਸੀ[65] ਪਾ ਜਾਂਦਾ ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਪਿੰਗੁਲ[67] ਪਰਬਤ[68] ਪਾਰਿ ਪਰੇ[69] ਖਲ[70] ਚਤੁਰ-ਬਕੀਤਾ[71] ॥ ਅੰਧੁਲੇ[70*] [71*]ਤ੍ਰਿਭਵਣ[72] ਸੂਝਿਆ[73] ਗੁਰ ਭੇਟਿ[74] ਪੁਨੀਤਾ[75] ॥੧॥	The cripple[67] crosses over[69] the mountain[68], the block head[70] becomes a man of wisdom[71] and the blind man[70*] sees[73] the three[71*] worlds[72], by meeting[74] with the pure[75] Guru.	ਲੰਗੜਾ[67] ਪਹਾੜ[68] ਤੋਂ ਪਾਰ ਹੋ ਜਾਂਦਾ[69] ਹੈ, ਬੁੱਧੂ[70] ਸਿਆਣਾ ਪੁਰਸ਼[71] ਹੋ ਜਾਂਦਾ ਹੈ ਅਤੇ ਅੰਨ੍ਹਾ ਆਦਮੀ[70*] ਤਿੰਨਾਂ[71*] ਹੀ ਜਹਾਨਾਂ[72] ਨੂੰ ਵੇਖ[73] ਲੈਂਦਾ ਹੈ, ਪਵਿੱਤਰ[75] ਗੁਰਾਂ ਨਾਲ ਮਿਲ ਪੈਣ[74] ਦੁਆਰਾ ।
ਮਹਿਮਾ[76] ਸਾਧੂ ਸੰਗ[77] ਕੀ ਸੁਨਹੁ[78] ਮੇਰੇ ਮੀਤਾ[79] ॥	Hear[78] ye the glory[76] of the society of the saints[77], O my friends[79].	ਤੁਸੀਂ ਸਤਿ-ਸੰਗਤ[77] ਦੀ ਵਡਿਆਈ[76] ਸ੍ਰਵਣ[78] ਕਰੋ, ਹੇ ਮੇਰੇ ਮਿੱਤਰੋ[79] !
ਮੈਲੁ[80] ਖੋਈ[81] ਕੋਟਿ[82] ਅਘ[83] ਹਰੇ[84] ਨਿਰਮਲ[85] ਭਏ ਚੀਤਾ[86] ॥੧॥ ਰਹਾਉ॥	The filth[80] is washed away[81], millions[82] of sins[83] are dispelled[84] and the soul[86] becomes pure[85]. Pause.	ਗੰਦਗੀ[80] ਧੋਤੀ ਜਾਂਦੀ[81] ਹੈ, ਕ੍ਰੋੜਾਂ[82] ਹੀ ਪਾਪ[83] ਦੂਰ ਹੋ ਜਾਂਦੇ[84] ਹਨ ਅਤੇ ਆਤਮਾ[86] ਪਵਿੱਤਰ[85] ਹੋ ਜਾਂਦੀ ਹੈ । ਠਹਿਰਾਉ ।
ਐਸੀ[93] ਭਗਤਿ[87] [88]ਗੋਵਿੰਦ[89] ਕੀ ਕੀਟਿ[90] ਹਸਤੀ[91] ਜੀਤਾ[92] ॥	Such[93] is the devotional service[87] of the World[88]-Lord[89], that an ant[90] over-powers[92] an elephant[91].	ਇਹੋ ਜਿਹੀ[93] ਹੈ ਪ੍ਰੇਮਮਈ ਸੇਵਾ[87] ਸ੍ਰਿਸ਼ਟੀ[88] ਦੇ ਸੁਆਮੀ[89] ਦੀ ਕਿ ਕੀੜੀ[90] ਹਾਥੀ[91] ਉਤੇ ਜਿੱਤ ਪਰਾਪਤ ਕਰ ਲੈਂਦੀ[92] ਹੈ ।
ਜੋ ਜੋ[94] ਕੀਨੋ ਆਪਨੋ[95] ਤਿਸੁ[96] ਅਭੈ[97] ਦਾਨੁ[98] ਦੀਤਾ[99] ॥੨॥	Whom-so-ever[94] the Lord makes His own[95], He blesses[99] him[96] with the gift[98] of fearlessness[97]	ਜਿਸ ਕਿਸੇ ਨੂੰ[94] ਪ੍ਰਭੂ ਆਪਣਾ ਨਿੱਜ ਦਾ[95] ਬਣਾ ਲੈਂਦਾ ਹੈ; ਉਸ ਨੂੰ[96] ਉਹ ਨਿਰਭੈਤਾ[97] ਦੀ ਦਾਤ[98] ਬਖ਼ਸ਼ ਦਿੰਦਾ[99] ਹੈ ।
੮੧੦	810	੮੧੦
ਸਿੰਘੁ[100] ਬਿਲਾਈ[2] ਹੋਇ ਗਇਓ ਤ੍ਰਿਣੁ[3] ਮੇਰੁ[4] ਦਿਖੀਤਾ[5] ॥	For him a lion[100] becomes a cat[2] and a mountain[4] appears[5] to be a blade of grass[3].	ਉਸ ਲਈ ਸ਼ੇਰ[100] ਇਕ ਬਿੱਲੀ[2] ਬਣ ਜਾਂਦਾ ਹੈ ਅਤੇ ਪਹਾੜ[4] ਇਕ ਘਾਸ ਦੀ ਤਿੜ[3] ਦਿੱਸਦਾ[5] ਹੈ ।
ਸ੍ਰਮੁ[6] ਕਰਤੇ ਦਮ[7] ਆਢ[8] ਕਉ ਤੇ[9] ਗਨੀ[10] ਧਨੀਤਾ[12] ॥੩॥	They[9], who toiled[6] for half[8] a shell[7], are accounted[10] very wealthy[12].	ਜੋ ਇਕ ਅੱਧੀ[8] ਕਉਡੀ[7] ਦੇ ਲਈ ਭੀ ਮੁਸ਼ੱਕਤ[6] ਕਰਦੇ ਸਨ, ਉਹ[9] ਦੌਲਤਮੰਦ[12] ਗਿਣੇ ਜਾਂਦੇ[10] ਹਨ ।
ਕਵਨ[13] ਵਡਾਈ[14] ਕਹਿ[15] ਸਕਉ ਬੇਅੰਤ[16] ਗੁਨੀਤਾ[17] ॥	What[13] praises[14] of Thine can utter[15] I, O Thou of endless[16] excellences[17]?	ਮੈਂ ਤੇਰੀਆਂ ਕਿਹੜੀਆਂ[13] ਸਿਫ਼ਤਾਂ[14] ਵਰਣਨ[15] ਕਰ ਸਕਦਾ ਹਾਂ, ਹੇ ਤੂੰ ਅਨੰਤ[16] ਬਜ਼ੁਰਗੀਆਂ[17] ਵਾਲੇ !
ਕਰਿ ਕਿਰਪਾ[18] ਮੁਹਿ[19] ਨਾਮੁ ਦੇਹੁ[20] ਨਾਨਕ ਦਰਸ[21] ਰੀਤਾ[22] ॥੪॥੭॥੩੭॥	O Nanak, mercifully[18] bless[20] me[19] with Thine Name, I am bereft[22] of Thy vision[21].	ਹੇ ਨਾਨਕ ! ਮਿਹਰ[18] ਧਾਰ ਕੇ ਮੈਨੂੰ[19] ਆਪਣਾ ਨਾਮ ਬਖ਼ਸ਼[20], ਮੈਂ ਜੋ ਤੇਰੇ ਦਰਸ਼ਨ[21] ਤੋਂ ਵਾਂਝਿਆ ਹੋਇਆ[22] ਹਾਂ ।

ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਅਹੰਬੁਧਿ[23] ਪਰਬਾਦ[24] ਨੀਤ[25] ਲੋਭੁ[26] ਰਸਨਾ[27] ਸਾਦਿ[28] ॥	The mortal ever[25] remains engrossed in pride[23], strife[24], greed[26] and the tongue's[27] relishes[28].	ਪ੍ਰਾਣੀ ਹਮੇਸ਼ਾ[25] ਹੰਕਾਰ[23], ਝਗੜੇ[24], ਲਾਲਚ[26] ਅਤੇ ਜੀਭ ਦੇ[27] ਸੁਆਦਾਂ[28] ਅੰਦਰ ਗ਼ਲਤਾਨ ਰਹਿੰਦਾ ਹੈ।
ਲਪਟਿ[29] ਕਪਟਿ[30] ਗ੍ਰਿਹਿ[31] ਬੇਧਿਆ[32] ਮਿਥਿਆ[33] [34]ਬਿਖਿਆਦਿ[35] ॥੧॥	From the beginning[35], he is involved[32] in deception[29], guile[30], house-hold[31] and false[33] sins[34].	ਮੁੱਢ ਤੋਂ[35] ਹੀ ਉਹ ਠੱਗੀ-ਬੱਗੀ[29], ਵਲਛਲ[30], ਕਬੀਲਦਾਰੀ[31] ਅਤੇ ਕੂੜੇ[33] ਪਾਪਾਂ[34] ਅੰਦਰ ਫਾਥਾ ਹੋਇਆ[32] ਹੈ।
ਐਸੀ[36] ਪੇਖੀ[37] ਨੇਤ੍ਰ[38] ਮਹਿ ਪੂਰੇ[39] ਗੁਰ ਪਰਸਾਦਿ[40] ॥ ਰਾਜ[41] ਮਿਲਖ[42] ਧਨ[43] ਜੋਬਨਾ[44] ਨਾਮੈ ਬਿਨੁ[46] ਬਾਦਿ[45] ॥੧॥ ਰਹਾਉ ॥	By perfect[39] Guru's grace[40], mine eyes[38] have seen[37] like this[36] that without[46] the Name, dominions[41], property[42], riches[43] and youth[44] are all vain[45]. Pause.	ਪੂਰਨ[39] ਗੁਰਾਂ ਦੀ ਦਇਆ[40] ਦੁਆਰਾ ਮੇਰੀਆਂ ਅੱਖਾਂ[38] ਨੇ ਇਸ ਤਰ੍ਹਾਂ[36] ਵੇਖ ਲਿਆ[37] ਹੈ ਕਿ ਨਾਮ ਦੇ ਬਗੈਰ[46] ਪਾਤਿਸ਼ਾਹੀ[41], ਜਾਇਦਾਦ[42], ਮਾਲ-ਦੌਲਤ[43] ਅਤੇ ਜੁਆਨੀ[44] ਸਭ ਫ਼ਜ਼ੂਲ[45] ਹਨ। ਠਹਿਰਾਉ।
ਰੂਪ[47] ਧੂਪ[48] ਸੋਗੰਧਤਾ[49] ਕਾਪਰ[50] ਭੋਗਾਦਿ[51] ॥ ਮਿਲਤ ਸੰਗਿ[52] ਪਾਪਿਸਟ[53] ਤਨ[54] ਹੋਏ ਦੁਰਗਾਦਿ[55] ॥੨॥	Beauteous thing[47], otto[48], perfume[49] clothes[50] and victuals[51], meeting with[52] the body[54] of the great sinner[53] become foul-smelling[55].	ਸੁੰਦਰ ਵਸਤੂਆਂ[47], ਅਤਰ[48], ਖ਼ੁਸ਼ਬੂਆਂ[49] ਬਸਤਰ[50] ਅਤੇ ਭੋਜਨ[51], ਮਹਾਨ ਪਾਪੀ[53] ਦੇ ਸਰੀਰ[54] ਨਾਲ[52] ਮਿਲ ਕੇ ਬਦਬੂਦਾਰ[55] ਹੋ ਜਾਂਦੇ ਹਨ।
ਫਿਰਤ ਫਿਰਤ[56] ਮਾਨੁਖੁ[57] ਭਇਆ ਖਿਨ ਭੰਗਨ[58] ਦੇਹਾਦਿ[59] ॥	Rambling and roaming[56], one becomes a man[57] and short-lived[58] is this body[59] of his.	ਭਟਕਦਾ ਤੇ ਭਰਮਦਾ ਹੋਇਆ[56], ਉਹ ਇਨਸਾਨ[57] ਬਣ ਜਾਂਦਾ ਹੈ ਅਤੇ ਨਿਮਖ ਵਿਚ ਨਾਸ ਹੋਣ ਵਾਲੀ[58] ਹੈ ਉਸ ਦੀ ਇਹ ਦੇਹ[59]।
ਇਹ ਅਉਸਰ[60] ਤੇ ਚੂਕਿਆ[61] ਬਹੁ[62] ਜੋਨਿ[63] ਭ੍ਰਮਾਦਿ[64] ॥੩॥	Losing[61] this opportunity[60], he wanders[64] through many[62] existences[63].	ਇਸ ਮੌਕੇ[60] ਨੂੰ ਗੁਆ ਕੇ[61], ਉਹ ਅਨੇਕਾਂ[62] ਜੂਨੀਆਂ[63] ਅੰਦਰ ਚੱਕਰ ਕੱਟਦਾ[64] ਹੈ।
ਪ੍ਰਭ ਕਿਰਪਾ[65] ਤੇ ਗੁਰ ਮਿਲੇ ਹਰਿ ਹਰਿ[66] ਬਿਸਮਾਦ[67] ॥	Meeting the Guru, by Lord's grace[65], the mortal contemplates the Lord God[66], and enters the wondrous state[67].	ਸੁਆਮੀ ਦੀ ਦਇਆ[65] ਦੁਆਰਾ ਗੁਰਾਂ ਨੂੰ ਮਿਲ ਕੇ ਪ੍ਰਾਣੀ ਸੁਆਮੀ ਵਾਹਿਗੁਰੂ[66] ਦਾ ਸਿਮਰਨ ਕਰਦਾ ਹੈ ਅਤੇ ਅਦਭੁਤ ਅਵਸਥਾ[67] ਅੰਦਰ ਪ੍ਰਵੇਸ਼ ਕਰ ਜਾਂਦਾ ਹੈ।
ਸੂਖ[68] ਸਹਜ[69] ਨਾਨਕ ਆਨੰਦ[70] ਤਾਕੈ[71] ਪੂਰਨ[72] ਨਾਦ[73] ॥੪॥੮॥੩੮॥	He[71] is blessed with peace[68], poise[69] and bliss[70] and bears the exquisite[72] celestial strain[73].	ਉਸ[71] ਨੂੰ ਆਰਾਮ[68], ਅਡੋਲਤਾ[69] ਅਤੇ ਖ਼ੁਸ਼ੀ[70] ਦੀ ਦਾਤ ਮਿਲਦੀ ਹੈ ਅਤੇ ਉਹ ਉਤਕ੍ਰਿਸ਼ਟ[72] ਬੈਕੁੰਠੀ ਕੀਰਤਨ[73] ਸੁਣਦਾ ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਚਰਨ[74] ਭਏ ਸੰਤ ਬੋਹਿਥਾ[75] ਤਰੇ[76] ਸਾਗਰੁ[77] ਜੇਤ[78] ॥	The saints feet[74] are the ship[75], wherein[78] the world ocean[77] is crossed[76].	ਸਾਧੂਆਂ ਦੇ ਪੈਰ[74] ਜਹਾਜ਼[75] ਹਨ, ਜਿਨ੍ਹਾਂ ਦੇ ਨਾਲ[78] ਸੰਸਾਰ ਸਮੁੰਦਰ[77] ਪਾਰ ਕੀਤਾ ਜਾਂਦਾ[76] ਹੈ।
ਮਾਰਗ[79] ਪਾਏ ਉਦਿਆਨ[80]	The Guru puts man on the Lord's	ਗੁਰੂ ਬੀਆਬਾਨ[80] ਵਿਚ[81], ਬੰਦੇ ਨੂੰ ਪ੍ਰਭੂ ਦੇ ਰਸਤੇ[79]

ਮਹਿ[81] ਗੁਰਿ ਦਸੈ[82] ਭੇਤੁ[83] ॥੧॥

path[79] in[81] wilderness[80] and reveals[82] to him the Lord's mystery[83].

ਪਾਉਂਦੇ ਅਤੇ ਉਸ ਨੂੰ ਪ੍ਰਭੂ ਦੇ ਰਾਜ਼[83] ਤੋਂ ਜਾਣੂ ਕਰਦੇ[82] ਹਨ ।

ਹਰਿ[84] ਹਰਿ ਹਰਿ ਹਰਿ ਹਰਿ ਹਰੇ ਹਰਿ ਹਰਿ ਹਰਿ ਹੇਤੁ[85] ॥

God[84], God, God, God, God, God, God, God, for God, O man, enshrine thou love[85].

ਹਰੀ[84], ਹਰੀ, ਹਰੀ, ਹਰੀ, ਹਰੀ, ਹਰੀ, ਹਰੀ, ਹਰੀ, ਹਰੀ ਨਾਲ, ਹੇ ਬੰਦੇ ! ਤੂੰ ਪਿਰਹੜੀ[85] ਪਾ ।

ਊਠਤ[86] ਬੈਠਤ[87] ਸੋਵਤੇ[88] ਹਰਿ ਹਰਿ[89] ਹਰਿ ਚੇਤੁ[90] ॥੧॥ ਰਹਾਉ॥

Standing[86] sitting[87] and sleeping[88], remember[90] thou thy Lord God the Creator[89]. Pause.

ਖਲੋਤਿਆਂ[86], ਬਹਿੰਦਿਆਂ[87] ਅਤੇ ਸੁੱਤਿਆਂ[88] ਤੂੰ ਆਪਣੇ ਸੁਆਮੀ ਵਾਹਿਗੁਰੂ ਸਿਰਜਣਹਾਰ[89] ਦਾ ਸਿਮਰਨ[90] ਕਰ । ਠਹਿਰਾਉ ।

ਪੰਚ ਚੋਰ[91] ਆਗੈ ਭਗੇ[92] ਜਬ[93] ਸਾਧ ਸੰਗੇਤ[94] ॥

The five thieves[91] take to their heels[92], when[93] the mortal repairs to the society of saints[94].

ਪੰਜ ਚੋਰ[91] ਭੱਜ ਜਾਂਦੇ[92] ਹਨ, ਜਦ[93] ਪ੍ਰਾਨੀ ਸਤਿਸੰਗਤ[94] ਅੰਦਰ ਜੁੜ ਜਾਂਦਾ ਹੈ ।

ਪੂੰਜੀ[95] ਸਾਬਤੁ[96] ਘਣੋ[97] ਲਾਭੁ[98] ਗ੍ਰਿਹਿ[99] ਸੋਭਾ[100] ਸੇਤ[2] ॥੨॥

His capital[95] remains whole[96], he earns good[97] profit[98] and goes to his house[99] with[2] honour[100].

ਉਸ ਦੀ ਰਾਸ[95] ਸਹੀ ਸਲਾਮਤ[96] ਰਹਿੰਦੀ ਹੈ ਉਹ ਬਹੁਤ[97] ਨਫ਼ਾ ਖੱਟਦਾ[98] ਹੈ ਅਤੇ ਇੱਜ਼ਤ-ਆਬਰੂ[100] ਨਾਲ[2] ਆਪਣੇ ਘਰ[99] ਨੂੰ ਜਾਂਦਾ ਹੈ ।

ਨਿਹਚਲ[3] ਆਸਣੁ[4] ਮਿਟੀ[5] ਚਿੰਤ[6] ਨਾਹੀ ਡੋਲੇਤ[7] ॥

Immovable[3] becomes his seat[4], his anxiety[6] is ended[5], and he wavers[7] not.

ਅਹਿੱਲ[3] ਹੋ ਜਾਂਦਾ ਹੈ ਉਸ ਦਾ ਟਿਕਾਣਾ[4], ਉਸ ਦਾ ਫ਼ਿਕਰ[6] ਮਿਟ ਜਾਂਦਾ[5] ਹੈ ਅਤੇ ਉਹ ਡਿਕਡੋਲੇ[7] ਨਹੀਂ ਖਾਂਦਾ ।

ਭਰਮੁ[8] ਭੁਲਾਵਾ[9] ਮਿਟਿ[10] ਗਇਆ ਪ੍ਰਭ ਪੇਖਤ[12] ਨੇਤ[13] ॥੩॥

His doubt[8] and misgiving[9] are shattered[10] and he ever[13] sees[12] the Lord.

ਉਸ ਦਾ ਸੰਦੇਹ[8] ਅਤੇ ਭੁਲੇਖਾ[9] ਦੂਰ ਹੋ ਜਾਂਦੇ[10] ਹਨ ਅਤੇ ਉਹ ਸਦਾ[13] ਹੀ ਸੁਆਮੀ ਨੂੰ ਵੇਖਦਾ[12] ਹੈ ।

ਗੁਣ ਗੰਭੀਰ[14] ਗੁਨ ਨਾਇਕਾ[15] ਗੁਣ[16] ਕਹੀਅਹਿ[17] ਕੇਤੁ[18] ॥

Thou art the fortitudinous[14] Lord[15] of virtues and merits. How many[18] excellences[16] of Thine should I narrate[17] ?

ਤੂੰ ਨੇਕੀਆਂ ਅਤੇ ਖ਼ੂਬੀਆਂ ਦਾ ਧੀਰਜਵਾਨ[14] ਸੁਆਮੀ[15] ਹੈਂ । ਮੈਂ ਤੇਰੀਆਂ ਕਿੰਨੀਆਂ ਕੁ[18] ਵਡਿਆਈਆਂ[16] ਵਰਣਨ[17] ਕਰਾਂ ?

ਨਾਨਕ ਪਾਇਆ ਸਾਧ ਸੰਗਿ ਹਰਿ ਹਰਿ[19] ਅੰਮ੍ਰਿਤੁ[20] ॥੪॥੯॥੩੯॥

In thy galaxy of the saints, Nanak has obtained the Nectar[20] of God's Name[19].

ਸਤਿ ਸੰਗਤ ਅੰਦਰ ਨਾਨਕ ਨੇ ਵਾਹਿਗੁਰੂ ਦੇ ਨਾਮ[19] ਦਾ ਆਬਿ-ਹਿਯਾਤ[20] ਪਰਾਪਤ ਕਰ ਲਿਆ ਹੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਬਿਨੁ[21] ਸਾਧੂ ਜੋ ਜੀਵਨਾ[22] ਤੇਤੋ ਬਿਰਥਾਰੀ[24] ॥ ਮਿਲਤ ਸੰਗਿ[23] ਸਭਿ ਭ੍ਰਮ[25] ਮਿਟੇ[26] ਗਤਿ[27] ਭਈ ਹਮਾਰੀ[28] ॥੧॥

Vain[24] is the life[22], that is led without[21] the saints' association. Meeting with their society[23], all the doubts[25] are dispelled[26] and I[28] am emancipated[27].

ਵਿਅਰਥ[24] ਹੈ ਜ਼ਿੰਦਗੀ[22], ਜੋ ਸਤਿ ਸੰਗਤ ਦੇ ਬਾਝੋਂ[21] ਬਤੀਤ ਕੀਤੀ ਜਾਂਦੀ ਹੈ । ਉਨ੍ਹਾਂ ਦੀ ਸੰਗਤ[23] ਨਾਲ ਮਿਲ ਕੇ ਸਾਰੇ ਸੰਦੇਹ[25] ਦੂਰ ਹੋ ਜਾਂਦੇ[26] ਹਨ ਤੇ ਮੈਂ[28] ਮੁਕਤ ਹੋ ਜਾਂਦਾ[27] ਹਾਂ ।

ਜਾ ਦਿਨ ਭੇਟੇ[29] ਸਾਧ ਮੋਹਿ

The day, when I meet[29] with the

ਜਿਸ ਦਿਹਾੜੇ ਮੈਂ ਸੰਤਾਂ ਨਾਲ ਮਿਲਦਾ[29] ਹਾਂ ਉਸ

ਉਆ ਦਿਨ ਬਲਿਹਾਰੀ[30] ॥	saints; unto that day I am a sacrifice[30].	ਦਿਹਾੜੇ ਉਤੋਂ ਮੈਂ ਕੁਰਬਾਨ[30] ਜਾਂਦਾ ਹਾਂ ।
ਤਨੁ[31] ਮਨੁ[32] ਅਪਨੋ ਜੀਅਰਾ[33] ਫਿਰਿ ਫਿਰਿ[34] ਹਉ ਵਾਰੀ[35]॥੧॥ਰਹਾਉ॥	Again and again[34] sacrifice[35] I, my body[31], mind[32] and soul[33] unto them. Pause	ਮੁੜ ਮੁੜ ਕੇ[34] ਮੈਂ ਆਪਣਾ ਸਰੀਰ[31], ਚਿਤ[32] ਅਤੇ ਜਿੰਦੜੀ[33] ਉਨ੍ਹਾਂ ਉਤੋਂ ਘੋਲ ਘੁਮਾਉਂਦਾ[35] ਹਾਂ । ਠਹਿਰਾਉ ।
ਏਤ[36] ਛਡਾਈ[37] ਮੋਹਿ[38] ਤੇ ਇਤਨੀ[39] ਦ੍ਰਿੜਤਾਰੀ[40] ॥	This ego[36], Guru has made me[38] shed[37] and this much[39] humbleness, he has implanted[40] in me.	ਇਹ ਹੰਗਤਾ[36], ਗੁਰਾਂ ਨੇ ਮੇਰੇ[38] ਵਿਚੋਂ ਕੱਢ ਛੱਡੀ[37] ਅਤੇ ਐਨੀ ਕੁ[39] ਨਿਮਰਤਾ ਮੇਰੇ ਅੰਦਰ ਪੱਕੀ ਕਰ ਦਿੱਤੀ[40] ਹੈ ।
ਸਗਲ[41]ਰੇਨ[42] ਇਹੁ ਮਨੁ[43] ਭਇਆ[44] ਬਿਨਸੀ[45] ਅਪ-ਧਾਰੀ[46] ॥੨॥	This mind[43] has become[44] the dust[42] of all men's[41] feet and my self-conceit[46] is stilled[45].	ਇਹ ਮਨੂਆ[43] ਸਮੂਹ ਜੀਵਾਂ[41] ਦੇ ਪੈਰਾਂ ਦੀ ਧੂੜ[42] ਹੋ ਗਿਆ[44] ਹੈ ਅਤੇ ਮੇਰੀ ਸਵੈ-ਹੰਗਤਾ[46] ਨਵਿਰਤ ਹੋ ਗਈ[45] ਹੈ ।
ਨਿੰਦ[47] ਚਿੰਦ[48] [49]ਪਰ-ਦੂਖਨਾ[50] ਏ ਖਿਨ[51] ਮਹਿ[52] ਜਾਰੀ[53] ॥	The idea[48] of slander[47] and ill[50] of others[49]; These I have burnt[53] in[52] an instant[51].	ਬਦਖ਼ੋਈ[47] ਦਾ ਖ਼ਿਆਲ[48] ਅਤੇ ਹੋਰਨਾ[49] ਦਾ ਬੁਰਾ[50], ਇਹ ਮੈਂ ਇਕ ਛਿਨ[51] ਵਿਚ[52] ਸਾੜ ਸੁਟੇ[53] ਹਨ ।
ਦਇਆ[54] ਮਇਆ[55]ਅਰੁ[56] ਨਿਕਟਿ[57] ਪੇਖੁ[58] ਨਾਹੀ ਦੂਰਾਰੀ[59] ॥੩॥	I see[58] very near[57] the Lord of kindness[54] and[56] compassion[55]. He is not far[59].	ਦਇਆਲਤਾ[54] ਅਤੇ[56] ਕਿਰਪਾਲਤਾ[55] ਦੇ ਸੁਆਮੀ ਨੂੰ ਮੈਂ ਬੜਾ ਹੀ ਨੇੜੇ[57] ਵੇਖਦਾ[58] ਹਾਂ । ਉਹ ਦੂਰ[59] ਨਹੀਂ ।
ਤਨ[60] ਮਨ[61] ਸੀਤਲ[62]ਭਏ ਅਬ[63] ਮੁਕਤੇ[64]ਸੰਸਾਰੀ[65]॥	My body[60] and soul[61] are cooled down[62] and I have now[63] found deliverance[64] from the world[65].	ਮੇਰੀ ਦੇਹ[60] ਤੇ ਆਤਮਾ[61] ਠੰਢੇ ਠਾਰ ਹੋ ਗਏ[62] ਹਨ ਅਤੇ ਹੁਣ[63] ਮੈਂ ਦੁਨੀਆਂ[65] ਤੋਂ ਖ਼ਲਾਸੀ[64] ਪਾ ਗਿਆ ਹਾਂ ।
ਹੀਤ[66]ਚੀਤ[67] ਸਭ[68]ਪ੍ਰਾਨ[69] ਧਨ[70]ਨਾਨਕ ਦਰਸਾਰੀ[71]॥ ੪॥੧੦॥੪੦॥	The Lord's vision[71] is Nanak's love[66], soul[67], life[69], wealth[70] and everything[68].	ਸੁਆਮੀ ਦਾ ਦਰਸ਼ਨ[71] ਹੀ ਨਾਨਕ ਦੀ ਪ੍ਰੀਤ[66], ਆਤਮਾ[67] ਜਿੰਦ ਜਾਨ[69], ਦੌਲਤ[70] ਅਤੇ ਸਾਰਾ ਕੁਛ[68] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਟਹਲ[72] ਕਰਉ ਤੇਰੇ ਦਾਸ[73] ਕੀ ਪਗ[74] ਝਾਰਉ[75] ਬਾਲ[76] ॥	I perform service[72] for Thy slave[73], O Lord, and wipe[75] his feet[74] with my hair[76].	ਮੈਂ ਤੇਰੇ ਗੋਲੇ[73] ਦੀ ਸੇਵਾ[72] ਕਮਾਉਂਦਾ ਹਾਂ, ਹੇ ਸੁਆਮੀ ! ਅਤੇ ਆਪਣੇ ਕੇਸਾਂ[76] ਨਾਲ ਉਸ ਦੇ ਪੈਰ[74] ਝਾੜਦਾ[75] ਹਾਂ ।
ਮਸਤਕੁ[77] ਅਪਨਾ ਭੇਟ[78] ਦੇਉ ਗੁਨ[79] ਸੁਨਉ [80]ਰਸਾਲ[81] ॥੧॥	I surrender[78] my head[77] to him and hear from him the praises[79] of the Home[81] of Bliss[80].	ਮੈਂ ਉਸ ਨੂੰ ਆਪਣਾ ਸਿਰ[77] ਸਮਰਪਨ ਕਰਦਾ[78] ਹਾਂ ਅਤੇ ਉਸ ਪਾਸੋਂ ਖ਼ੁਸ਼ੀ[80] ਦੇ ਘਰ[81] ਦੀਆਂ ਸਿਫ਼ਤਾਂ[79] ਸੁਣਦਾ ਹਾਂ ।
ਤੁਮ੍ ਮਿਲਤੇ[82] ਮੇਰਾ ਮਨੁ[83] ਜੀਉ[84] ਤੁਮ੍ ਮਿਲਹੁ ਦਇਆਲ[85] ॥	On meeting[82] Thee, my soul[83] revives[84], so meet me Thou, O Merciful[85] Master.	ਤੈਨੂੰ ਭੇਟ ਕੇ[82] ਮੇਰੀ ਆਤਮਾ[83] ਸੁਰਜੀਤ ਹੋ ਜਾਂਦੀ[84] ਹੈ । ਇਸ ਲਈ ਤੂੰ ਮੈਨੂੰ ਮਿਲ ਪਉ, ਹੇ ਮਿਹਰਬਾਨ[85] ਮਾਲਕ !
੮੧੧	811	੮੧੧
ਨਿਸਿ[86] ਬਾਸੁਰ[87] ਮਨਿ	Contemplating[90] the Compassionate[91]	ਦਇਆਲੂ[91] ਸੁਆਮੀ ਦਾ ਸਿਮਰਨ ਕਰਨ[90] ਦੁਆਰਾ,

ਅਨਦੁ[88]ਹੋਤ[89] ਚਿਤਵਤ[90] ਕਿਰਪਾਲ[91] ॥੧॥ਰਹਾਉ॥	Lord, night[86] and day[87] my mind enjoys[89] bliss[88]. Pause.	ਮੇਰਾ ਚਿਤ ਰਾਤ[86] ਦਿਨ[87] ਮੌਜਾਂ[88] ਮਾਣਦਾ[89] ਹੈ। ਠਹਿਰਾਉ।
ਜਗਤ[92] ਉਧਾਰਨ[93] ਸਾਧ ਪ੍ਰਭ ਤਿਨ[94] ਲਾਗਹੁ[95] ਪਾਲ[96] ॥	Thine saints, O Lord, are the saviours[93] of the world[92], wherefore I attach[95] myself to their[94] skirt[96].	ਤੇਰੇ ਸੰਤ, ਹੇ ਸਾਂਈਂ! ਸੰਸਾਰ[92] ਦਾ ਪਾਰ ਉਤਾਰਾ ਕਰਨ ਵਾਲੇ[93] ਹਨ, ਇਸ ਲਈ ਮੈਂ ਉਨ੍ਹਾਂ[94] ਦੇ ਪੱਲੇ[96] ਨਾਲ ਜੁੜਦਾ[95] ਹਾਂ।
ਮੋਕਉ[97] ਦੀਜੈ[98] ਦਾਨੁ[99] ਪ੍ਰਭ ਸੰਤਨ ਪਗ[100] ਰਾਲ[2]॥੨॥	My Master, bless[98] me[97] with gift[99] of the dust[2] of Thine saints' feet[100].	ਮੇਰੇ ਮਾਲਕ, ਮੈਨੂੰ[97] ਆਪਣੇ ਸਾਧੂਆਂ ਦੇ ਪੈਰਾਂ[100] ਦੀ ਧੂੜ[2] ਦੀ ਦਾਤ[99] ਪਰਦਾਨ ਕਰ[98]।
ਉਕਤਿ[3] ਸਿਆਨਪ[4] ਕਛੂ ਨਹੀ ਨਾਹੀ ਕਛੁ ਘਾਲ[5] ॥	I have no skill[3] and wisdom[4], nor have I any service[5] to my credit.	ਮੇਰੇ ਵਿਚ ਕੋਈ ਹੁਨਰ[3] ਅਤੇ ਅਕਲਮੰਦੀ[4] ਨਹੀਂ, ਨਾ ਹੀ ਮੇਰੇ ਪੱਲੇ ਕੋਈ ਟਹਿਲ ਸੇਵਾ[5] ਹੈ।
ਭ੍ਰਮ[6] ਭੈ[7] ਰਾਖਹੁ[8] ਮੋਹ[9] ਤੇ ਕਾਟਹੁ[10] ਜਮ[12] ਜਾਲ[13] ॥੩॥	Preserve[8] me Thou from doubt[6], dread[7] and worldly attachment[9] and cut away[10] my death's[12] noose[13], O my Lord.	ਤੂੰ ਸੰਦੇਹ[6], ਡਰ[7] ਅਤੇ ਸੰਸਾਰੀ ਲਗਨ[9] ਤੋਂ ਮੇਰੀ ਰੱਖਿਆ ਕਰ[8] ਅਤੇ ਮੇਰੀ ਮੌਤ[12] ਦੀ ਫਾਹੀ[13] ਕੱਟ ਦੇ[10], ਹੇ ਮੇਰੇ ਪ੍ਰਭੂ!
ਬਿਨਉ[14] ਕਰਉ ਕਰੁਣਾ[15] ਪਤੇ[16]ਪਿਤਾ[17]ਪ੍ਰਤਿਪਾਲ[18]॥	I implore[14] Thee, O Lord[16] of mercy[15] my Father[17], do Thou cherish[18] me.	ਮੈਂ ਪ੍ਰਾਰਥਨਾ ਕਰਦਾ[14] ਹਾਂ, ਹੇ ਰਹਿਮਤ[15] ਦੇ ਸੁਆਮੀ[16] ਮੇਰੇ ਬਾਬਲ[17]! ਤੂੰ ਮੇਰੀ ਪਰਵਰਸ਼[18] ਕਰ।
ਗੁਣ[19] ਗਾਵਉ ਤੇਰੇ ਸਾਧ ਸੰਗਿ ਨਾਨਕ ਸੁਖ[20] ਸਾਲ[21] ॥੪॥੧੧॥੪੧॥	O my Lord, the Home[21] of bliss[20], sing I Thine praises[19] in the society of the saints.	ਹੇ ਪ੍ਰਸੰਨਤਾ[20] ਦੇ ਘਰ[21], ਮੇਰੇ ਸੁਆਮੀ! ਸਤਿ ਸੰਗਤ ਅੰਦਰ ਮੈਂ ਤੇਰੀਆਂ ਸਿਫ਼ਤਾਂ[19] ਗਾਇਨ ਕਰਦਾ ਹਾਂ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਕੀਤਾ ਲੋੜਹਿ[22] ਸੋ[23] ਕਰਹਿ ਤੁਝ ਬਿਨੁ[24] ਕਛੁ ਨਾਹਿ ॥	What Thou wisheth[22] to do, that[23] Thou doest O Lord. Without[24] Thee there is naught else.	ਜੋ ਤੂੰ ਕਰਨਾ ਚਾਹੁੰਦਾ[22] ਹੈਂ, ਉਹ[23] ਹੀ ਤੂੰ ਕਰਦਾ ਹੈਂ, ਹੇ ਪ੍ਰਭੂ! ਤੇਰੇ ਬਗ਼ੈਰ[24] ਹੋਰ ਕੁਝ ਭੀ ਨਹੀਂ।
ਪਰਤਾਪੁ[25] ਤੁਮਾਰਾ ਦੇਖਿ[30] ਕੈ [26]ਜਮਦੂਤ[27] ਛਡਿ[28] ਜਾਹਿ[29] ॥੧॥	Seeing[30] Thy glory[25], the death's[26] minister[27] leaves[28] the mortal and slips away[29], O Lord.	ਤੇਰਾ ਤਪ[25], ਤੇਜ, ਤੱਕ ਕੇ[30], ਮੌਤ[26] ਦਾ ਮੰਤ੍ਰੀ[27] ਪ੍ਰਾਣੀ ਨੂੰ ਛੱਡ ਕੇ[28] ਭਜ ਜਾਂਦਾ[29] ਹੈ।
ਤੁਮਰੀ ਕ੍ਰਿਪਾ[31]ਤੇ ਛੂਟੀਐ[32] ਬਿਨਸੈ[33] ਅਹੰਮੇਵ[34] ॥	By Thy grace[31], O Lord, the mortal is emancipated[32] and his ego[34] is stilled[33].	ਤੇਰੀ ਦਇਆ[31] ਦੁਆਰਾ, ਹੇ ਸੁਆਮੀ! ਪ੍ਰਾਣੀ ਬੰਦ ਖਲਾਸ[32] ਹੋ ਜਾਂਦਾ ਹੈ ਅਤੇ ਉਸ ਦਾ ਹੰਕਾਰ[34] ਨਵਿਰਤ ਹੋ ਜਾਂਦਾ[33] ਹੈ।
ਸਰਬ[35] ਕਲਾ[36] ਸਮਰਥ[37] ਪ੍ਰਭ ਪੂਰੇ[38] ਗੁਰਦੇਵ[39]॥੧॥ ਰਹਾਉ॥	The Omnipotent[37] Lord, the Possessor of all[35] the mights[36] is met through the Perfect[38] Bright[39] Guru. Pause.	ਸਾਰੀਆਂ[35] ਸ਼ਕਤੀਆਂ[36] ਦਾ ਮਾਲਕ,ਸਰਬ ਸ਼ਕਤੀਵਾਨ[37] ਸੁਆਮੀ ਪੂਰਨ[38] ਪਰਕਾਸ਼ਵਾਨ[39] ਗੁਰਾਂ ਦੇ ਰਾਹੀਂ ਮਿਲਦਾ ਹੈ। ਠਹਿਰਾਉ।
ਖੋਜਤ[40] ਖੋਜਤ ਖੋਜਿਆ	Searching[40],searching and searching I	ਭਾਲ[40],ਭਾਲ ਅਤੇ ਭਾਲ ਕੇ ਮੈਨੂੰ ਪਤਾ ਲੱਗਾ ਹੈ ਕਿ ਨਾਮ

ਨਾਮੈ ਬਿਨੁ[41] ਕੂਰੁ[42] ॥	have found that without[41] the Name, all else is false[42].	ਦੇ ਬਾਝੋਂ[41] ਹੋਰ ਸਾਰਾ ਕੁਛ ਕੂੜ[42] ਹੈ।
ਜੀਵਨ[43] ਸੂਖੁ[44] ਸਭੁ ਸਾਧ ਸੰਗਿ ਪ੍ਰਭ ਮਨਸਾ[45] ਪੂਰੁ[46]॥੨॥	All the comforts[44] of life[43] are obtained in the saints' society. The Lord is the Fulfiller[46] of desires[45].	ਸਤਿ-ਸੰਗਤ ਅੰਦਰ ਜ਼ਿੰਦਗੀ[43] ਦੇ ਸਾਰੇ ਆਰਾਮ[44] ਪਰਾਪਤ ਹੋ ਜਾਂਦੇ ਹਨ। ਸੁਆਮੀ ਖ਼ਾਹਿਸ਼ਾਂ[45] ਪੂਰੀਆਂ ਕਰਨ ਵਾਲਾ[46] ਹੈ।
ਜਿਤੁ ਜਿਤੁ[47] ਲਾਵਹੁ[48] ਤਿਤੁ ਤਿਤੁ[49] ਲਗਹਿ ਸਿਆਨਪ[50] ਸਭ ਜਾਲੀ[51] ॥	To whatever[47] Thou attachest[48] me, to that[49] I am attached, I have burnt[51] all my cleverness[50].	ਜਿਸ ਕਿਸੇ ਨਾਲ[47] ਤੂੰ ਮੈਨੂੰ ਜੋੜਦਾ[48] ਹੈਂ, ਉਸ ਨਾਲ[49] ਹੀ ਮੈਂ ਜੁੜ ਜਾਂਦਾ ਹਾਂ। ਮੈਂ ਆਪਣੀ ਚਤਰਾਈ[50] ਸਾਰੀ ਸਾੜ ਸੁੱਟੀ[51] ਹੈ।
ਜਤ ਕਤ[52] ਤੁਮ੍ ਭਰਪੂਰ[53] ਹਹੁ ਮੇਰੇ ਦੀਨ[54] ਦਇਆਲੀ[55] ॥੩॥	O my Master, merciful[55] to the meek[54], Thou art fully pervading[53] everywhere[52].	ਹੇ ਮਸਕੀਨਾਂ[54] ਦੇ ਮਿਹਰਬਾਨ[55], ਮੇਰੇ ਮਾਲਕ ! ਤੂੰ ਹਰ ਜਗ੍ਹਾ[52] ਪਰੀਪੂਰਨ ਹੋ ਰਿਹਾ[53] ਹੈਂ।
ਸਭੁ ਕਿਛੁ[56] ਤੁਮ੍ ਤੇ ਮਾਗਨਾ[57] [58]ਵਡਭਾਗੀ[59] ਪਾਏ ॥	Everything[56] I beg[57] of Thee. The very[58] lucky ones[59] obtain what they seek from Thee, O Lord.	ਹਰ ਸ਼ੈ[56] ਦੀ ਮੈਂ ਤੇਰੇ ਕੋਲੋਂ ਯਾਚਨਾ ਕਰਦਾ[57] ਹਾਂ। ਭਾਰੇ[58] ਨਸੀਬਾਂ ਵਾਲੇ[59] ਤੇਰੇ ਪਾਸੋਂ ਉਹ ਕੁਝ ਪਾ ਲੈਂਦੇ ਹਨ, ਜੋ ਉਹ ਲੋੜਦੇ ਹਨ, ਹੇ ਸੁਆਮੀ !
ਨਾਨਕ ਕੀ ਅਰਦਾਸਿ[60] ਪ੍ਰਭ ਜੀਵਾ[61] ਗੁਨ[62] ਗਾਏ[63]॥੪॥੧੨॥੪੨॥	This is the supplication[60] of Nanak, "O Lord, I live[61] by singing[63] Thine praises[62]".	ਇਹ ਹੈ ਨਾਨਕ ਦੀ ਪ੍ਰਾਰਥਨਾ[60], "ਹੇ ਸੁਆਮੀ ! ਮੈਂ ਤੇਰੀਆਂ ਸਿਫ਼ਤਾਂ[62] ਗਾਇਨ ਕਰਕੇ[63] ਜੀਊਂਦਾ[61] ਹਾਂ"।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਸਾਧ ਸੰਗਤਿ ਕੈ ਬਾਸਬੈ[64] ਕਲਮਲ[65] ਸਭਿ ਨਸਨਾ[66]॥	Abiding[64] in the society of saints, all the sins[65] hasten away[66].	ਸਤਿ ਸੰਗਤ ਅੰਦਰ ਵਸਣ[64] ਦੁਆਰਾ ਸਾਰੇ ਪਾਪ[65] ਦੌੜ ਜਾਂਦੇ[66] ਹਨ।
ਪ੍ਰਭ ਸੇਤੀ[67] ਰੰਗਿ[68] ਰਾਤਿਆ[69] ਤਾਤੇ[70] ਗਰਭਿ[71] ਨ ਗ੍ਰਸਨਾ[72] ॥੧॥	If man is imbued[69] with[67] the Lord's love[68], then[70] he is cast[72] not into the womb[71].	ਜੇਕਰ ਬੰਦਾ ਪ੍ਰਭੂ ਦੇ ਪ੍ਰੇਮ[68] ਨਾਲ[67] ਰੰਗੀਜ ਜਾਵੇ[69], ਤਦ[70] ਉਸ ਨੂੰ ਉਦਰ[71] ਵਿਚ ਪਾਇਆ[72] ਨਹੀਂ ਜਾਂਦਾ।
ਨਾਮੁ ਕਹਤ[73] [74]ਗੋਵਿੰਦ[75] ਕਾ ਸੂਚੀ[76] ਭਈ[77] ਰਸਨਾ[78]॥	Uttering[73] the Name of the Lord[75] of the world[74], man's tongue[78] becomes[77] pure[76].	ਸ੍ਰਿਸ਼ਟੀ[74] ਦੇ ਸੁਆਮੀ[75] ਦਾ ਨਾਮ ਉਚਾਰਨ ਕਰਨ[73] ਦੁਆਰਾ ਇਨਸਾਨ ਦੀ ਜੀਭਾ[78] ਪਵਿੱਤਰ[76] ਹੋ ਜਾਂਦੀ[77] ਹੈ।
ਮਨ[79] ਤਨ[80] ਨਿਰਮਲ[81] ਹੋਈਹੈ ਗੁਰ ਕਾ ਜਪੁ[82] ਜਪਨਾ[83] ॥੧॥ਰਹਾਉ॥	By uttering[83] the Guru's word[82], soul[79] and body[80] are rendered immaculate[81]. Pause.	ਗੁਰਾਂ ਦੇ ਸ਼ਬਦ[82] ਦਾ ਉਚਾਰਨ ਕਰਨ[83] ਦੁਆਰਾ ਆਤਮਾ[79] ਅਤੇ ਦੇਹ[80] ਪਾਕ-ਪਾਵਨ[81] ਹੋ ਜਾਂਦੀਆਂ ਹਨ। ਠਹਿਰਾਉ।
ਹਰਿ ਰਸੁ[84] ਚਾਖਤ[85] ਧ੍ਰਾਪਿਆ[86] ਮਨਿ[87] ਰਸੁ ਲੈ[88] ਹਸਨਾ[89] ॥	Man is satiated[86] tasting[85] the Lord's elixir[84] and receiving[88] this elixir his soul[87] blooms[89].	ਪ੍ਰਭੂ ਦੇ ਅੰਮ੍ਰਿਤ[84] ਨੂੰ ਚੱਖ ਕੇ[85] ਬੰਦਾ ਰੱਜ ਜਾਂਦਾ[86] ਹੈ ਅਤੇ ਇਸ ਅੰਮ੍ਰਿਤ ਨੂੰ ਪਰਾਪਤ ਕਰ[88], ਉਸ ਦੀ ਆਤਮਾ[87] ਪ੍ਰਫੁਲਤ ਹੋ ਜਾਂਦੀ[89] ਹੈ।
ਬੁਧਿ[90] ਪ੍ਰਗਾਸ[91] ਪ੍ਰਗਟ[92] ਭਈ ਉਲਟਿ[93] ਕਮਲੁ[94]	His intellect[90] is illumined[91] and renowned[92], and turning[93] away from	ਉਸ ਦੀ ਅਕਲ[90] ਰੌਸ਼ਨ[91] ਤੇ ਨਾਮਵਰ ਹੋ ਜਾਂਦੀ[92] ਹੈ, ਅਤੇ ਦੁਨੀਆਂ ਵਲੋਂ ਮੁੜਕੇ[93] ਉਸਦਾ ਹਿਰਦੇ-ਕੰਵਲ[94]

ਬਿਗਸਨਾ[95] ॥੨॥	the world, his heart-lotus[94] blossoms[95] forth.	ਖਿੜ ਜਾਂਦਾ[95] ਹੈ।
ਸੀਤਲ[96] ਸਾਂਤਿ[97] ਸੰਤੋਖੁ[98] ਹੋਇ ਸਭ ਬੂਝੀ[99] ਤ੍ਰਿਸਨਾ[100]॥	He is cool[96], calm[97] and content[98] and all his thirst[100] is quenched[99].	ਉਹ ਠੰਢਾ[96], ਚੁਪਚਾਪ[97] ਅਤੇ ਸੰਤੁਸ਼ਟ[98] ਹੋ ਜਾਂਦਾ ਹੈ ਅਤੇ ਉਸ ਦੀ ਸਾਰੀ ਪਿਆਸ[100] ਬੁਝ ਜਾਂਦੀ[99] ਹੈ।
[2]ਦਹਦਿਸ[3] ਧਾਵਤ[4] ਮਿਟਿ[5] ਗਏ ਨਿਰਮਲ[6] ਥਾਨਿ[7] ਬਸਨਾ[8] ॥੩॥	His mind's wandering[4] in ten[2] directions[3] ends[5] and he abides[8] in the immaculate[6] place[7].	ਉਸ ਦੇ ਮਨ ਦਾ ਦਸੀਂ[2] ਪਾਸੀਂ[3] ਭਟਕਣਾ[4] ਮੁਕ ਜਾਂਦਾ[5] ਹੈ ਅਤੇ ਉਹ ਪਵਿੱਤਰ[6] ਅਸਥਾਨ[7] ਤੇ ਵਸਦਾ[8] ਹੈ।
ਰਾਖਨਹਾਰੈ[9] ਰਾਖਿਆ[10] ਭਏ ਭ੍ਰਮ[13] ਭਸਨਾ[14] ॥	The Saviour[9] saves[10] him and his doubts[13] are burnt to ashes[14].	ਰੱਖਣ ਵਾਲਾ[9] ਸਾਹਿਬ ਉਸ ਦੀ ਰੱਖਿਆ ਕਰਦਾ[10] ਹੈ ਅਤੇ ਉਸ ਦੇ ਸੰਦੇਹ[13] ਸੜ ਕੇ ਸੁਆਹ ਹੋ ਜਾਂਦੇ[14] ਹਨ।
ਨਾਮੁ ਨਿਧਾਨ[15] ਨਾਨਕ ਸੁਖੀ[16] ਪੇਖਿ[17] ਸਾਧ ਦਰਸਨਾ[18]॥੪॥੧੩॥੪੩॥	Nanak is blessed with the Name treasure[15] and seeing[17] the saints' sight[18], he is in peace[16].	ਨਾਨਕ ਨੂੰ ਨਾਮ ਦੇ ਖ਼ਜ਼ਾਨੇ[15] ਦੀ ਦਾਤ ਮਿਲੀ ਹੈ ਅਤੇ ਸੰਤਾਂ ਦਾ ਦੀਦਾਰ[18] ਦੇਖ ਕੇ[17] ਉਹ ਆਰਾਮ[16] ਵਿਚ ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਪਾਣੀ[19] ਪਖਾ[20] ਪੀਸੁ[21] ਦਾਸ[22] ਕੈ ਤਬ[23] ਹੋਹਿ ਨਿਹਾਲੁ[24] ॥	Carry water[19] for, wave fan[20] over and grind[21] corn for the Lord's slave[22] and then[23] shalt thou be happy[24].	ਪ੍ਰਭੂ ਦੇ ਗੋਲੇ[22] ਲਈ ਜਲ[19] ਢੋ, ਉਸ ਨੂੰ ਪੱਖੀ[20] ਝੱਲ ਅਤੇ ਉਸ ਲਈ ਪੀਹਣ ਪੀਹ[21] ਅਤੇ ਤਦ[23] ਤੂੰ ਖ਼ੁਸ਼[24] ਹੋਵੇਂਗਾ।
ਰਾਜ[25] ਮਿਲਖ[26] ਸਿਕਦਾਰੀਆ[27] ਅਗਨੀ[28] ਮਹਿ[29] ਜਾਲੁ[30] ॥੧॥	Burn[30] thou in[29] fire[28] thy dominions[25], property[26] and overlordship[27].	ਤੂੰ ਆਪਣੇ ਰਾਜਭਾਗ[25], ਜਾਇਦਾਦ[26] ਅਤੇ ਚੌਧਰਪੁਣੇ[27] ਨੂੰ ਅੱਗ[28] ਵਿਚ[29] ਸਾੜ ਸੁੱਟ[30]।
ਸੰਤ[31] ਜਨਾ ਕਾ ਛੋਹਰਾ[32] ਤਿਸੁ[33] ਚਰਣੀ[34] ਲਾਗਿ[35]॥ ਮਾਇਆ ਧਾਰੀ[36] ਛਤ੍ਰ[37] ਪਤਿ[38] ਤਿਨ੍ਹ[39] ਛੋਡਉ[40] ਤਿਆਗਿ[41] ॥੧॥ਰਹਾਉ॥	The servant[32] of the holy men[31]; repair[35] thou to his[33] feet[34]. The wealthy men[36] and the Lords[38] of umbrella and throne[37]; abandon[40] and forsake[41] thou them[39]. Pause.	ਨੇਕ ਇਨਸਾਨ[31] ਦਾ ਨੌਕਰ[32]; ਤੂੰ ਉਸ[33] ਦੇ ਪੈਰੀਂ[34] ਢਹਿ ਪਉ[35]। ਅਮੀਰ ਆਦਮੀਆਂ[36] ਅਤੇ ਚੌਰ-ਤਖ਼ਤ[37] ਦੇ ਮਾਲਕਾਂ[38]; ਉਨ੍ਹਾਂ[39] ਨੂੰ ਫ਼ਾਰਖ਼ਤੀ[40] ਤੇ ਤਲਾਂਜਲੀ ਦੇ ਦੇ[41]। ਠਹਿਰਾਉ।
ਸੰਤਨ ਕਾ ਦਾਨਾ[42] ਰੂਖਾ[43] ਸੋ[44] ਸਰਬ[45] ਨਿਧਾਨ[46] ॥	The dry[43] bread[42] of the saints, that[44] is equal to all[45] the treasures[46].	ਸਾਧੂਆਂ ਦੀ ਰੁੱਖੀ[43] ਰੋਟੀ[42], ਉਹ[44] ਸਾਰਿਆਂ[45] ਖ਼ਜ਼ਾਨਿਆਂ[46] ਦੇ ਤੁੱਲ ਹੈ।
ਗ੍ਰਿਹਿ[47] ਸਾਕਤ[48] ਛਤੀਹ ਪ੍ਰਕਾਰ[49] ਤੇ[50] ਬਿਖੂ[51] ਸਮਾਨ[52] ॥੨॥	Thirty-six sorts[49] of dishes in the house[47] of the mammon-worshipper[48]; they[50] are like[52] poison[51].	ਮਾਇਆ ਦੇ ਉਪਾਸ਼ਕ[48] ਦੇ ਘਰ[47] ਦੇ ਛੱਤੀ ਕਿਸਮਾਂ[49] ਦੇ ਭੋਜਨ; ਉਹ[50] ਜ਼ਹਿਰ[51] ਦੀ ਮਾਨਿੰਦ[52] ਹਨ।
ਭਗਤ ਜਨਾ[53] ਕਾ ਲੂਗਰਾ[54] ਓਢਿ[55] ਨਗਨ[56] ਨ ਹੋਈ ॥	Wearing[55] the old blanket[54] of the pious persons[53], the mortal becomes not naked[56].	ਪਵਿੱਤਰ ਪੁਰਸ਼ਾਂ[53] ਦੀ ਪੁਰਾਣੀ ਕੰਬਲੀ[54] ਨੂੰ ਓੜ੍ਹ ਕੇ[55], ਪ੍ਰਾਨੀ ਨੰਗਾ[56] ਨਹੀਂ ਹੁੰਦਾ।
ਸਾਕਤ[57] ਸਿਰਪਾਉ[58] ਰੇਸਮੀ[59]	He loses[62] his honour[61] by putting[60]	ਉਹ ਮਾਇਆ[57] ਦੇ ਪੁਜਾਰੀ ਦੀ ਪੱਟ[59] ਦੀ ਪੁਸ਼ਾਕ[58]

ਪਹਿਰਤ[60] ਪਤਿ[61] ਖੋਈ[62] ॥੩॥	on the silken[59] raiment[58] of the mammon-worshipper[57].	ਪਹਿਨ ਕੇ[60] ਆਪਣੀ ਇਜ਼ਤ-ਆਬਰੂ[61] ਗੁਆ ਲੈਂਦਾ[62] ਹੈ।
ਸਾਕਤ[63] ਸਿਉ[64] ਮੁਖਿ ਜੋਰਿਐ[65] ਅਧਵੀਚਹੁ[66] ਟੂਟੈ[67] ॥	The friendship[65] contracted with[64] an infidel[63] is dissolved[67] half-way[66].	ਅਧਰਮੀ[63] ਨਾਲ[64] ਲਾਈ ਹੋਈ ਯਾਰੀ[65] ਦੀ ਅੱਧ-ਵਿਚਾਲਿਉਂ[66] ਹੀ ਤੋੜ-ਵਿਛੋੜੀ[67] ਹੋ ਜਾਂਦੀ ਹੈ।
ਹਰਿ ਜਨ[68] ਕੀ ਸੇਵਾ[69] ਜੋ[70] ਕਰੇ ਇਤ[71] ਊਤਹਿ[72] ਛੂਟੈ[73] ॥੪॥	Who-so-ever[70] serves[69] God's slave[68] is emancipated[73] here[71] and here-after[72].	ਜੋ ਕੋਈ ਭੀ[70] ਵਾਹਿਗੁਰੂ ਦੇ ਗੋਲੇ[68] ਦੀ ਟਹਿਲ ਸੇਵਾ ਕਰਦਾ[69] ਹੈ, ਉਹ ਏਥੇ[71] ਅਤੇ ਓਥੇ[72] ਬੰਦ-ਖਲਾਸ[73] ਹੋ ਜਾਂਦਾ ਹੈ।
ਸਭ ਕਛੁ[74] ਤੁਮ੍ ਹੀ ਤੇ ਹੋਆ[75] ਆਪਿ ਬਣਤ[76] ਬਣਾਈ[77] ॥	Everything[74] has emanated[75] from Thee O Lord. Thou Thyself hast created[77] the creation[76].	ਹਰ ਵਸਤੂ[74] ਤੇਰੇ ਤੋਂ ਉਤਪੰਨ[75] ਹੋਈ ਹੈ, ਹੇ ਸੁਆਮੀ! ਤੂੰ ਆਪੇ ਹੀ ਰਚਨਾ[76] ਰਚੀ[77] ਹੈ।
੮੧੨	**812**	**੮੧੨**
ਦਰਸਨੁ[78] ਭੇਟਤ[79] ਸਾਧ ਕਾ ਨਾਨਕ ਗੁਣ[80] ਗਾਈ[81] ॥੫॥੧੪॥੪੪॥	Blessed[79] with the saints' vision[78] Nanak sings[81] God's praise[80].	ਸੰਤਾਂ ਦਾ ਦੀਦਾਰ[78] ਪਾ ਕੇ[79] ਨਾਨਕ ਵਾਹਿਗੁਰੂ ਦੀ ਕੀਰਤੀ[80] ਗਾਇਨ ਕਰਦਾ[81] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਸ੍ਰਵਨੀ[82] ਸੁਨਉ ਹਰਿ ਹਰਿ[83] ਹਰੇ ਠਾਕੁਰ ਜਸੁ[84] ਗਾਵਉ[85] ॥	With mine ears[82] I hear the Lord God's Name[83] and with my tongue I sing[85] the Lord's praise[84].	ਆਪਣੇ ਕੰਨਾਂ[82] ਨਾਲ ਮੈਂ ਸੁਆਮੀ ਵਾਹਿਗੁਰੂ ਦਾ ਨਾਮ[83] ਸੁਣਦਾ ਹਾਂ ਅਤੇ ਆਪਣੀ ਜੀਭ੍ਹਾ ਨਾਲ ਮੈਂ ਸੁਆਮੀ ਦੀ ਕੀਰਤੀ[84] ਗਾਉਂਦਾ[85] ਹਾਂ।
ਸੰਤ ਚਰਣ[86] ਕਰ[87] ਸੀਸੁ[88] ਧਰਿ[89] ਹਰਿ ਨਾਮੁ ਧਿਆਵਉ[90] ॥੧॥	Placing[89] my hands[87] and head[88] on the saint's feet[86] contemplate[90] I the Lord's Name.	ਆਪਣੇ ਹੱਥਾਂ[87] ਅਤੇ ਸਿਰ[88] ਨੂੰ ਸਾਧੂਆਂ ਦੇ ਪੈਰਾਂ[86] ਉਤੇ ਰਖਕੇ[89] ਮੈਂ ਰਾਮ ਦੇ ਨਾਮ ਦਾ ਉਚਾਰਨ[90] ਕਰਦਾ ਹਾਂ।
ਕਰਿ ਕਿਰਪਾ[91] ਦਇਆਲ[92] ਪ੍ਰਭ ਇਹ ਨਿਧਿ[93] ਸਿਧਿ[94] ਪਾਵਉ[95] ॥	My compassionate[92] Lord show mercy[91] unto me that I may be blessed[95] with this wealth[93] and success[94].	ਮੇਰੇ ਮਿਹਰਬਾਨ[92] ਸਾਂਈਂ ਮੇਰੇ ਉਤੇ ਰਹਿਮਤ[91] ਧਾਰ ਕਿ ਮੈਨੂੰ ਇਸ ਦੌਲਤ[93] ਅਤੇ ਕਾਮਯਾਬੀ[94] ਦੀ ਦਾਤ ਪਰਾਪਤ[95] ਹੋਵੇ।
ਸੰਤ ਜਨਾ[96] ਕੀ ਰੇਣੁਕਾ[97] ਲੈ[98] ਮਾਥੈ[99] ਲਾਵਉ[100] ॥੧॥ ਰਹਾਉ॥	Obtaining[98] the dust[97] of the saints'[96] feet, I apply[100] it to my forehead[99]. Pause.	ਸਾਧਾਂ[96] ਦੇ ਪੈਰਾਂ ਦੀ ਧੂੜ[97] ਪਰਾਪਤ ਕਰ[98], ਮੈਂ ਇਸ ਨੂੰ ਆਪਣੇ ਮਸਤਕ[99] ਤੇ ਲਾਉਂਦਾ[100] ਹਾਂ। ਠਹਿਰਾਉ।
ਨੀਚ[2] ਤੇ ਨੀਚੁ ਅਤਿ[3] ਨੀਚੁ[4] ਹੋਇ ਕਰਿ ਬਿਨਉ[5] ਬੁਲਾਵਉ[6] ॥	Becoming lowliest of the lowly[2] and very[3] humble[4] I imploringly[5] address[6] the saints.	ਨੀਵਿਆਂ[2] ਤੋਂ ਨੀਵਾਂ ਅਤੇ ਪਰਮ[3] ਆਜਿਜ਼[4] ਹੋ ਕੇ ਮੈਂ ਸਾਧੂਆਂ ਨੂੰ ਅਧੀਨਗੀ[5] ਸਹਿਤ ਨਿਵੇਦਨ[6] ਕਰਦਾ ਹਾਂ।
ਪਾਵ[7] ਮਲੋਵਾ[8] ਆਪੁ[9] ਤਿਆਗਿ[10] ਸੰਤ ਸੰਗਿ[12] ਸਮਾਵਉ[13] ॥੨॥	Stilling[10] my ego[9], I shampoo[8] their feet[7] and merge[13] in the saints' congregation[12].	ਆਪਣੀ ਹੰਗਤਾ[9] ਨੂੰ ਛੱਡ ਕੇ[10] ਮੈਂ ਉਨ੍ਹਾਂ ਦੇ ਪੈਰ[7] ਧੋਂਦਾ[8] ਅਤੇ ਸਾਧ ਸੰਗਤ[12] ਅੰਦਰ ਲੀਨ ਹੁੰਦਾ[13] ਹਾਂ।

ਸਾਸਿ ਸਾਸਿ[14] ਨਹ ਵੀਸਰੈ[15] ਅਨ[16] ਕਤਹਿ[17] ਨ ਧਾਵਉ[18] ॥	With every breath[14], remember[15] I my Lord and go[18] not to another's[16] door ever[17].	ਹਰ ਸੁਆਸ[14] ਨਾਲ ਮੈਂ ਆਪਣੇ ਸੁਆਮੀ ਨੂੰ ਯਾਦ ਕਰਦਾ[15] ਹਾਂ ਅਤੇ ਕਦੇ ਭੀ[17] ਕਿਸੇ ਹੋਰਸ[16] ਦੇ ਦੁਆਰੇ ਨਹੀਂ ਜਾਂਦਾ[18] ।
ਸਫਲ[19] ਦਰਸਨ[20] ਗੁਰੁ ਭੇਟੀਐ[21] ਮਾਨੁ[22] ਮੋਹੁ[23] ਮਿਟਾਵਉ[24] ॥੩॥	Obtaining[21] the accredited[19] vision[20] of the Guru, shed[24] I my self-conceit[22] and worldly love[23].	ਗੁਰਾਂ ਦਾ ਅਮੋਘ[19] ਦੀਦਾਰ[20] ਪਰਾਪਤ ਕਰ[21], ਮੈਂ ਆਪਣੀ ਸਵੈ-ਹੰਗਤਾ[22] ਤੇ ਸੰਸਾਰੀ ਮਮਤਾ[23] ਨੂੰ ਦੂਰ ਕਰਦਾ[24] ਹਾਂ ।
ਸਤੁ[25] ਸੰਤੋਖੁ[26] ਦਇਆ[27] ਧਰਮੁ[28] ਸੀਗਾਰੁ[29] ਬਨਾਵਉ ॥	I embellish[29] myself with truthfulness[25], contentment[26], compassion[27] and piety[28].	ਮੈਂ ਆਪਣੇ ਆਪ ਨੂੰ ਸਚਾਈ[25], ਸੰਤੁਸ਼ਟਤਾ[26] ਰਹਿਮ[27] ਅਤੇ ਪਵਿੱਤਰਤਾ[28] ਨਾਲ ਸਸ਼ੋਭਤ[29] ਕਰਦਾ ਹਾਂ ।
ਸਫਲ[30] ਸੋਹਾਗਣਿ[31] ਨਾਨਕਾ ਅਪੁਨੇ ਪ੍ਰਭ ਭਾਵਉ[32] ॥੪॥੧੫॥੪੫॥	Fruitful[30] has become my married life[31], O Nanak, by becoming pleasing[32] to my Lord.	ਆਪਣੇ ਸੁਆਮੀ ਨੂੰ ਚੰਗੀ[32] ਲਗ ਜਾਣ ਨਾਲ ਹੇ ਨਾਨਕ ! ਮੇਰਾ ਵਿਆਹੁਤਾ ਜੀਵਨ[31] ਫਲਦਾਇਕ[30] ਹੋ ਗਿਆ ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਅਟਲ[33] ਬਚਨ[34] ਸਾਧੂ ਜਨਾ[35] ਸਭ ਮਹਿ ਪ੍ਰਗਟਾਇਆ[36] ॥	That the words[34] of pious persons[35] are immutable[33] is apparent[36] to all.	ਪਵਿਤ੍ਰ ਪੁਰਸ਼ਾਂ[35] ਦੇ ਸ਼ਬਦ[34] ਅਮਿੱਟ[33] ਹਨ, ਸਾਰਿਆਂ ਨੂੰ ਜ਼ਾਹਿਰ[36] ਹੈ ।
ਜਿਸੁ ਜਨ[37] ਹੋਆ ਸਾਧ ਸੰਗੁ[38] ਤਿਸੁ[39] ਭੇਟੈ[40] ਹਰਿ ਰਾਇਆ[41] ॥੧॥	The man[37] who associates with the saints' guild[38], him[39] God, the King[41], meets[40].	ਜਿਹੜਾ ਪੁਰਸ਼[37] ਸਤਿ-ਸੰਗਤ[38] ਨਾਲ ਜੁੜਦਾ ਹੈ, ਉਸ ਨੂੰ[39] ਵਾਹਿਗੁਰੂ ਪਾਤਿਸ਼ਾਹ[41] ਮਿਲ ਪੈਂਦਾ[40] ਹੈ ।
ਇਹ ਪਰਤੀਤਿ[42] [43]ਗੋਵਿੰਦ[44] ਕੀ ਜਪਿ[45] ਹਰਿ ਸੁਖੁ[46] ਪਾਇਆ[47] ॥	This faith[42] in the World[43]-Lord[44] and comfort[46] are obtained[47] by contemplating[45] the Lord.	ਸ੍ਰਿਸ਼ਟੀ[43] ਦੇ ਸੁਆਮੀ[44] ਵਿਚ ਇਹ ਭਰੋਸਾ[42] ਅਤੇ ਆਰਾਮ[46] ਸਾਹਿਬ ਦਾ ਸਿਮਰਨ[45] ਕਰਨ ਦੁਆਰਾ ਪਰਾਪਤ[47] ਹੁੰਦੇ ਹਨ ।
ਅਨਿਕ[48] ਬਾਤਾ[49] ਸਭਿ[51] ਕਰਿ ਰਹੇ ਗੁਰੁ ਘਰਿ[50] ਲੈ ਆਇਆ ॥੧॥ਰਹਾਉ॥	Every one[51] has been variously[48] talking[49], but the Guru has brought the Lord into my mind's home[50]. Pause.	ਹਰ ਜਣਾ[51] ਅਨੇਕ[48] ਤਰ੍ਹਾਂ ਗੱਲਾਂ[49] ਕਰਦਾ ਰਿਹਾ ਹੈ ਪ੍ਰੰਤੂ ਗੁਰਾਂ ਨੇ ਪ੍ਰਭੂ ਨੂੰ ਮੇਰੇ ਹਿਰਦੇ ਦੇ ਗ੍ਰਿਹਿ[50] ਅੰਦਰ ਲੈ ਆਂਦਾ ਹੈ । ਠਹਿਰਾਉ ।
ਸਰਣਿ[52] ਪਰੇ[53] ਕੀ ਰਾਖਤਾ[54] ਨਾਹੀ ਸਹਸਾਇਆ[55] ॥	There is no doubt[55] that the Lord preserves[54] the honour of him, who seeks[53] His shelter[52].	ਇਸ ਵਿਚ ਕੋਈ ਸੰਦੇਹ[55] ਨਹੀਂ ਕਿ ਪ੍ਰਭੂ ਉਸ ਦੀ ਪਤਿ-ਆਬਰੂ ਰੱਖਦਾ[54] ਹੈ, ਜੋ ਉਸ ਦੀ ਪਨਾਹ[52] ਲੈਂਦਾ[53] ਹੈ ।
ਕਰਮ[56] ਭੂਮਿ[57] ਹਰਿ ਨਾਮੁ ਬੋਇ[58] ਅਉਸਰੁ[59] ਦੁਲਭਾਇਆ[60] ॥੨॥	In the field[57] of actions[56], sow[58] thou the Lord's Name, since this opportunity[59] is difficult[60] to obtain again.	ਅਮਲਾਂ[56] ਦੀ ਪੈਲੀ[57] ਵਿਚ ਤੂੰ ਸੁਆਮੀ ਦਾ ਨਾਮ ਬੀਜ[58] ਕਿਉਂਕਿ ਇਹ ਮੌਕਾ[59] ਮੁੜ ਮਿਲਣਾ ਔਖਾ[60] ਹੈ ।
ਅੰਤਰਜਾਮੀ[61] ਆਪਿ[62] ਪ੍ਰਭੁ	The Lord Himself[62] is the Knower	ਸਾਹਿਬ ਖੁਦ[62] ਦਿਲਾਂ ਦੀਆਂ ਜਾਨਣ ਵਾਲਾ[61] ਹੈ । ਉਹ

ਸਭ[63] ਕਰੇ ਕਰਾਇਆ ॥	of heart[61]. He does everything[63] and causes everything to be done.	ਸਾਰਾ ਕੁਛ[63] ਆਪ ਹੀ ਕਰਦਾ ਅਤੇ ਕਰਾਉਂਦਾ ਹੈ ।
ਪਤਿਤ[64] ਪੁਨੀਤ[65] ਘਣੇ[66] ਕਰੇ ਠਾਕੁਰ ਬਿਰਦਾਇਆ[67] ॥੩॥	The daily function[67] of the Lord is that He purifies[65] many[66] sinners[64].	ਅਨੇਕਾਂ[66] ਪਾਪੀਆਂ[64] ਨੂੰ ਪਵਿੱਤਰ[65] ਕਰਨਾ, ਸੁਆਮੀ ਦਾ ਨਿਤਕ੍ਰਮ[67] ਹੈ ।
ਮਤ[68] ਭੂਲਹੁ[69] ਮਾਨੁਖ ਜਨ[70] ਮਾਇਆ[71] ਭਰਮਾਇਆ[72] ॥	Be thou not[68] led astray[69], O mortal[70] by the illusion[72] of worldly valuables[71].	ਸੰਸਾਰੀ ਪਦਾਰਥਾਂ[71] ਦੇ ਵਲਛਲ[72] ਦੁਆਰਾ, ਹੇ ਪ੍ਰਾਣੀ[70] ! ਤੂੰ ਕੁਰਾਹੇ[69] ਨਾ[68] ਪਉ ।
ਨਾਨਕ ਤਿਸੁ[73] ਪਤਿ[74] ਰਾਖਸੀ[75] ਜੋ ਪ੍ਰਭਿ ਪਹਿਰਾਇਆ[76] ॥੪॥੧੯॥੪੯॥	Nanak, the Lord saves[75] the honour[74] of him[73], whom He approves[76].	ਨਾਨਕ, ਸੁਆਮੀ ਉਸ ਦੀ[73] ਇੱਜ਼ਤ-ਆਬਰੂ[74] ਬਚਾ ਲੈਂਦਾ[75] ਹੈ, ਜਿਸ ਨੂੰ ਉਹ ਕਬੂਲ ਕਰ ਲੈਂਦਾ[76] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਮਾਟੀ[77] ਤੇ ਜਿਨਿ[78] ਸਾਜਿਆ[79] ਕਰਿ[80] ਦੁਰਲਭ[81] ਦੇਹ[82] ॥ ਅਨਿਕ[83] ਛਿਦ੍ਰ[84] ਮਨ[85] ਮਹਿ[86] ਢਕੇ[87] ਨਿਰਮਲ[88] ਦ੍ਰਿਸਟੇਹ[89] ॥ ੧ ॥ ਕਿਉ ਬਿਸਰੈ[90] ਪ੍ਰਭੁ ਮਨੈ ਤੇ ਜਿਸ ਕੇ ਗੁਣ[91] ਏਹ[90*] ॥	He who[78] has made[79] thee from clay[77], has fashioned[80] thy invaluable[81] body[82] and has screened[87] many[83] sins[84] in[86] thy mind[85] and by whose grace thou lookest[89] immaculate[88]; in thy mind, why forgettest[90] thou such Lord, who has done thee so many[90*] goods[91] ?	ਜਿਸ[78] ਨੇ ਤੈਨੂੰ ਮਿੱਟੀ[77] ਤੋਂ ਬਣਾਇਆ[79] ਹੈ, ਤੇਰਾ ਅਮੋਲਕ[81] ਸਰੀਰ[82] ਸਾਜਿਆ[80] ਹੈ ਤੇ ਘਣੇਰੇ[83] ਪਾਪ[84] ਤੇਰੇ ਚਿੱਤ[85] ਅੰਦਰ[86] ਕੱਜੇ[87] ਹਨ ਅਤੇ ਜਿਸ ਦੀ ਦਇਆ ਦੁਆਰਾ ਤੂੰ ਪਵਿੱਤਰ[88] ਦਿੱਸਦਾ[89] ਹੈਂ ; ਤੂੰ ਆਪਣੇ ਚਿੱਤ ਅੰਦਰੋਂ ਉਸ ਸਾਹਿਬ ਨੂੰ ਕਿਉਂ ਭੁਲਾਉਂਦਾ[90] ਹੈਂ, ਜਿਸ ਨੇ ਤੇਰੇ ਨਾਲ ਐਨੀਆਂ[90*] ਨੇਕੀਆਂ[91] ਕੀਤੀਆਂ ਹਨ ?
ਪ੍ਰਭ ਤਜਿ[92] ਰਚੇ[93] ਜਿ[94] ਆਨ[95] ਸਿਉ[96] ਸੋ[97] ਰਲੀਐ[98] ਖੇਹ[99] ॥੧॥ਰਹਾਉ॥	Forsaking[92] the Lord, he who[94] unites[93] with[96] another[95], he[97] mixes[98] with dust[99]. Pause	ਸੁਆਮੀ ਨੂੰ ਛੱਡ ਕੇ[92] ਜੋ[94] ਹੋਰਸ[95] ਨਾਲ[96] ਜੁ[illegible][93] ਹੈ; ਉਹ[97] ਮਿੱਟੀ[99] ਨਾਲ ਮਿਲ ਜਾਂਦਾ[98] ਹੈ । ਠਹਿਰਾਉ ।
ਸਿਮਰਹੁ[100] ਸਿਮਰਹੁ ਸਾਸਿ ਸਾਸਿ[2] ਮਤਿ[3] ਬਿਲਮ[4] ਕਰੇਹ ॥	With every breath[2], meditate[100], meditate thou on thy Lord, and never[3] make any delay[4].	ਹਰ ਸੁਆਸ[2] ਨਾਲ, ਤੂੰ ਆਪਣੇ ਪ੍ਰਭੂ ਦਾ ਆਰਾਧਨ[100], ਆਰਾਧਨ ਕਰ ਅਤੇ ਹਰਗਿਜ਼ ਚਿਰ[4] ਨਾ[3] ਲਾ ।
ਛੋਡਿ[5] ਪ੍ਰਪੰਚੁ[6] ਪ੍ਰਭ ਸਿਉ ਰਚਹੁ[7] ਤਜਿ[8] ਕੂੜੇ[9] ਨੇਹ[10] ॥੨॥	Renouncing[5] the worldly affairs[6] and forsaking[8] the false[9] loves[10], be thou merged[7] in the Lord.	ਜਗਤ ਦੇ ਧੰਦਿਆਂ[6] ਨੂੰ ਤਿਆਗ[5] ਕੇ ਅਤੇ ਝੂਠੇ[9] ਮੋਹਾਂ[10] ਨੂੰ ਤਲਾਂਜਲੀ[8] ਦੇ ਕੇ ਤੂੰ ਸਾਹਿਬ ਅੰਦਰ ਲੀਨ[7] ਹੋ ਜਾ ।
ਜਿਨਿ ਅਨਿਕ[12] ਏਕ[13] ਬਹੁ[14] ਰੰਗ[15] ਕੀਏ[16] ਹੈ ਹੋਸੀ[17] ਏਹ[18] ॥	He, who being One[13] as also many[12], has set on foot[16] various[14] plays[15]; such[18] Lord is and shall[17] also be.	ਜਿਸ ਨੇ ਇਕ[13] ਅਤੇ ਅਨੇਕ[12] ਹੁੰਦਿਆਂ ਹੋਇਆਂ ਕਈ[14] ਖੇਲ[15] ਰਚੇ[16] ਹਨ, ਇਹੋ ਜਿਹਾ[18] ਸਾਹਿਬ ਹੁਣ ਹੈ ਅਤੇ ਹੋਵੇਗਾ[17] ਭੀ ।
ਕਰਿ ਸੇਵਾ[19] ਤਿਸੁ[20] ਪਾਰ-	Receiving[24] instruction[22] from[23] the	ਗੁਰਾਂ ਪਾਸੋਂ[23] ਉਪਦੇਸ਼[22] ਲੈ ਕੇ[24] ਤੂੰ ਉਸ[20] ਸ਼ਰੋਮਣੀ

ਬ੍ਰਹਮ[21] ਗੁਰ[23] ਤੇ ਮਤਿ[22] ਲੇਹ[24] ॥੩॥

Guru, serve[19] thou that[20] Supreme Lord[21].

ਸਾਹਿਬ[21] ਦੀ ਘਾਲ ਕਮਾ[19] ।

ਊਚੇ ਤੇ ਊਚਾ[25] ਵਡਾ[26] ਸਭ ਸੰਗਿ[27] ਬਰਨੇਹ[28] ॥

Highest of the high[25], illustrious[26] and the companion[27] of all, the Lord is said to be[28].

ਉਚਿਆਂ ਦਾ ਪਰਮ ਉੱਚਾ[25], ਕੀਰਤੀਮਾਨ[26] ਅਤੇ ਸਾਰਿਆਂ ਦਾ ਸੰਗੀ[27] ਸੁਆਮੀ ਆਖਿਆ ਜਾਂਦਾ[28] ਹੈ ।

ਦਾਸ ਦਾਸ ਕੋ ਦਾਸਰਾ[29] ਨਾਨਕ ਕਰਿ[30] ਲੇਹ ॥੪॥੧੭॥੪੭॥

O Lord, make[30] Nanak the slave of the slave[29] of Thine slaves.

ਹੇ ਪ੍ਰਭੂ ! ਨਾਨਕ ਨੂੰ ਆਪਣੇ ਗੋਲਿਆਂ ਦੇ ਗੋਲੇ ਦਾ ਗੋਲਾ[29] ਬਣਾ[30] ਲੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਏਕ[37] ਟੇਕ[31] [32]ਗੋਵਿੰਦ[33] ਕੀ ਤਿਆਗੀ[34] ਅਨ[35] ਆਸ[36] ॥

The World[32]-Lord[33] is my sole[37] support[31]. I have relinquished[34] other[35] hopes[36].

ਸ੍ਰਿਸ਼ਟੀ[32] ਦਾ ਸੁਆਮੀ[33] ਹੀ ਮੇਰਾ ਇਕੋ ਇਕ[37] ਆਸਰਾ[31] ਹੈ । ਹੋਰ[35] ਉਮੀਦਾਂ[36] ਮੈਂ ਲਾਹ ਸੁੱਟੀਆਂ[34] ਹਨ ।

ਸਭ ਊਪਰਿ ਸਮਰਥ[38] ਪ੍ਰਭੁ ਪੂਰਨ[39] [40]ਗੁਣਤਾਸ[41]॥੧॥

Lord, the Perfect[39] Treasure[41] of virtues[40] is powerful[38] over all. The

ਸੰਪੂਰਨ[39] ਨੇਕੀਆਂ[40] ਦਾ ਖ਼ਜ਼ਾਨਾ[41] ਸਾਹਿਬ ਸਾਰਿਆਂ ਉਪਰ ਬਲੀ[38] ਹੈ ।

ਜਨ[42] ਕਾ ਨਾਮੁ ਅਧਾਰੁ[43] ਹੈ ਪ੍ਰਭ ਸਰਣੀ[44] ਪਾਹਿ[45]॥

Name is the prop[43] of the Lord's slave[42] who has sought[45] His refuge[44].

ਸਾਹਿਬ ਦੇ ਗੋਲੇ[42] ਦਾ, ਜਿਸ ਨੇ ਉਸ ਦੀ ਪਨਾਹ[44] ਲਈ[45] ਹੈ, ਨਾਮ ਹੀ ਆਸਰਾ[43] ਹੈ ।

ਪਰਮੇਸਰ[46] ਕਾ ਆਸਰਾ[47] ਸੰਤਨ ਮਨ[48] ਮਾਹਿ[49]॥੧॥ ਰਹਾਉ ॥

In[49] their heart[48], the saints have the support[47] of the Supreme Lord[46]. Pause.

ਸਾਧੂਆਂ ਦੇ ਦਿਲ[48] ਅੰਦਰ[49] ਸ਼ਰੋਮਣੀ ਸਾਹਿਬ[46] ਦੀ ਹੀ ਟੇਕ[47] ਹੈ । ਠਹਿਰਾਉ ।

੮੧੩

813

੮੧੩

ਆਪਿ[53] ਰਖੈ[50] ਆਪਿ ਦੇਵਸੀ[51] ਆਪੇ ਪ੍ਰਤਿਪਾਰੈ[52]॥

The Lord Himself[53] preserves[50]. He Himself bestows[51] and He Himself cherishes[52].

ਸਾਂਈਂ ਖ਼ੁਦ[53] ਰਖਿਆ ਕਰਦਾ[50] ਹੈ । ਉਹ ਖ਼ੁਦ ਦਾਤਾਂ ਦਿੰਦਾ[51] ਹੈ ਅਤੇ ਉਹ ਖ਼ੁਦ ਹੀ ਪਾਲਣਾ-ਪੋਸਣਾ[52] ਕਰਦਾ ਹੈ ।

ਦੀਨ[54] ਦਇਆਲ[55] ਕ੍ਰਿਪਾ[56] ਨਿਧੇ[57] ਸਾਸਿ ਸਾਸਿ[58] ਸਮ੍ਾਰੈ[59] ॥੨॥

Lord, the merciful[55] to the meek[54] and the treasure[57] of compassion[56] protects[59] us at every breath[58].

ਮਸਕੀਨਾਂ[54] ਤੇ ਮਿਹਰਬਾਨ[55], ਅਤੇ ਰਹਿਮਤ[56] ਦਾ ਖ਼ਜ਼ਾਨਾ[57] ਸੁਆਮੀ ਹਰ ਸੁਆਸ[58] ਸਾਡੀ ਰਖਿਆ ਕਰਦਾ[59] ਹੈ ।

ਕਰਣਹਾਰੁ[60] ਜੋ ਕਰਿ ਰਹਿਆ ਸਾਈ[61] ਵਡਿਆਈ[62] ॥

What the Creator[60] is doing, in that[61] is our advantage[62].

ਜਿਹੜਾ ਕੁਛ ਸਿਰਜਣਹਾਰ[60] ਕਰ ਰਿਹਾ ਹੈ, ਉਸੇ[61] ਵਿਚ ਸਾਡੀ ਬਿਹਤਰੀ[62] ਹੈ ।

ਗੁਰਿ ਪੂਰੈ[63] ਉਪਦੇਸਿਆ[64] ਸੁਖੁ[65] ਖਸਮ[66] ਰਜਾਈ[67] ॥੩॥

The Perfect[63] Guru has instructed[64] me that peace[65] is in the acceptance of the Master's[66] Will[67].

ਪੂਰਨ[63] ਗੁਰਾਂ ਨੇ ਮੈਨੂੰ ਸਿਖ-ਮਤ ਦਿੱਤੀ[64] ਹੈ ਕਿ ਆਰਾਮ[65] ਚੈਨ ਮਾਲਕ[66] ਦੀ ਰਜ਼ਾ[67] ਨੂੰ ਕਬੂਲ ਕਰਨ ਵਿਚ ਹੈ ।

ਚਿੰਤ[68] ਅੰਦੇਸਾ[69] ਗਣਤ[70] ਤਜਿ[71] ਜਨਿ[72] ਹੁਕਮੁ[73] ਪਛਾਤਾ[74] ॥

Dismissing[71] care[68], anxiety[69] and calculations[70] the Lord's slave[72], recognises[74] the Lord's Order[73].

ਫ਼ਿਕਰ[68] ਸਹਮੇ[69] ਅਤੇ ਗਿਣਤੀ-ਮਿਣਤੀ[70] ਨੂੰ ਛੱਡ ਕੇ[71], ਸਾਹਿਬ ਦਾ ਗੋਲਾ[72] ਸਾਹਿਬ ਦੇ ਫ਼ੁਰਮਾਨ[73] ਨੂੰ ਸਿੰਞਾਣਦਾ[74] ਹੈ ।

ਨਹ ਬਿਨਸੈ[75] ਨਹ ਛੋਡਿ[76] ਜਾਇ ਨਾਨਕ ਰੰਗਿ[77] ਰਾਤਾ[78] ॥੪॥੧੮॥੪੮॥	Nanak is imbued[78] with the love[77] of the Lord, who perishes[75] not, nor leaves[76] him.	ਨਾਨਕ ਪ੍ਰਭੂ ਦੀ ਪ੍ਰੀਤ[77] ਨਾਲ ਰੰਗਿਆ ਹੋਇਆ[78] ਹੈ, ਜੋ ਨਾ ਨਾਸ[75] ਹੁੰਦਾ ਹੈ ਨਾ ਹੀ ਉਸ ਨੂੰ ਤਿਆਗਦਾ[76] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਮਹਾ[79] ਤਪਤਿ[80] ਤੇ ਭਈ ਸਾਂਤਿ[81] ਪਰਸਤ[82] ਪਾਪ[83] ਨਾਠੇ[84] ॥	Meeting[82] with the Guru man's sins[83] flee[84], his great[79] fire[80] is quenched and he is comforted[81].	ਗੁਰਾਂ ਦੇ ਨਾਲ ਮਿਲਣ[82] ਦੁਆਰਾ ਇਨਸਾਨ ਦੇ ਪਾਪ[83] ਦੌੜ ਜਾਂਦੇ[84] ਹਨ, ਉਸ ਦੀ ਸਖਤ[79] ਅੱਗ[80] ਬੁੱਝ ਜਾਂਦੀ ਹੈ ਅਤੇ ਉਹ ਸੁਖੀ[81] ਹੋ ਜਾਂਦਾ ਹੈ।
ਅੰਧ[85] ਕੂਪ[86] ਮਹਿ[87] ਗਲਤ[88] ਥੇ ਕਾਢੇ[89] ਦੇ[90] ਹਾਥੇ[91] ॥੧॥	I had fallen[88] into[87] the blind[85] well[86]. Giving[90] his hand[91] the Guru has pulled[89] me out.	ਮੈਂ ਅੰਨ੍ਹੇ[85] ਖੂਹ[86] ਵਿਚ[87] ਡਿਗਿਆ[88] ਹੋਇਆ ਸਾਂ। ਆਪਣਾ ਹੱਥ[91] ਦੇ ਕੇ[90] ਗੁਰਾਂ ਨੇ ਮੈਨੂੰ ਬਾਹਰ ਕੱਢ ਲਿਆ[89] ਹੈ।
ਓਇ[92] ਹਮਾਰੇ[93] ਸਾਜਨਾ[94] ਹਮ ਉਨ ਕੀ ਰੇਨ[95] ॥	He[92], the Guru is my[93] friend[94] and I am the dust[95] of his feet.	ਉਹ[92] ਗੁਰੂ ਜੀ ਮੇਰੇ[93] ਮਿਤ੍ਰ[94] ਹਨ ਅਤੇ ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ[95] ਹਾਂ।
ਜਿਨ[98] ਭੇਟਤ[96] ਹੋਵਤ ਸੁਖੀ[97] ਜੀਅ ਦਾਨੁ[99] ਦੇਨ[100] ॥੧॥ਰਹਾਉ॥	Meeting[96] with whom[98] I am at peace[97] and who blesses[100] me with the gift of spiritual life[99]. Pause.	ਜਿਨ੍ਹਾਂ[98] ਨਾਲ ਮਿਲਣ[96] ਦੁਆਰਾ ਮੈਂ ਆਰਾਮ[97] ਵਿਚ ਹਾਂ ਅਤੇ ਜੋ ਮੈਨੂੰ ਰੂਹਾਨੀ ਜੀਵਨ[99] ਦੀ ਦਾਤ ਬਖ਼ਸ਼ਦੇ[100] ਹਨ। ਠਹਿਰਾਉ।
ਪਰਾ ਪੂਰਬਲਾ[2] ਲੀਖਿਆ[3] ਮਿਲਿਆ ਅਬ[4] ਆਇ ॥	I have now[4] received what was destined[3] for me since the very beginning[2].	ਮੈਂ ਹੁਣ[4] ਉਹ ਕੁਛ ਪਰਾਪਤ ਕਰ ਲਿਆ ਹੈ ਜੋ ਮੇਰੇ ਲਈ ਐਨ ਆਰੰਭ[2] ਤੋਂ ਲਿਖਿਆ ਹੋਇਆ[3] ਸੀ।
ਬਸਤ[5] ਸੰਗਿ[6] ਹਰਿ ਸਾਧ[7] ਕੈ ਪੂਰਨ[8] ਆਸਾਇ[9] ॥੨॥	Abiding[5] with[6] the Lord's saints[7], mind's aspirations[9] are fulfilled[8].	ਸੁਆਮੀ ਦੇ ਸੰਤਾਂ[7] ਦੇ ਨਾਲ[6] ਵਸਣ[5] ਦੁਆਰਾ ਮਨ ਦੀਆਂ ਅਭਿਲਾਸ਼ਾਂ[9] ਪੂਰੀਆਂ ਹੋ ਜਾਂਦੀਆਂ[8] ਹਨ।
ਭੈ[10] ਬਿਨਸੇ[12] ਤਿਹੁ[13] ਲੋਕ[14] ਕੇ ਪਾਏ ਸੁਖ ਥਾਨ[15] ॥ ਦਇਆ[16] ਕਰੀ ਸਮਰਥ[17] ਗੁਰਿ ਬਸਿਆ[18] ਮਨਿ ਨਾਮ ॥੩॥	My fears[10] of the three[13] worlds[14] are dispelled[12] and I have obtained the place[15] of rest. The powerful[17] has taken pity[16] on me and the Name has come to abide[18] within my mind.	ਮੇਰੇ ਤਿੰਨਾਂ[13] ਜਹਾਨਾਂ[14] ਦੇ ਡਰ[10] ਦੂਰ ਹੋ ਗਏ[12] ਅਤੇ ਮੈਨੂੰ ਆਰਾਮ ਦਾ ਟਿਕਾਣਾ[15] ਮਿਲ ਗਿਆ ਹੈ। ਬਲਵਾਨ[17] ਗੁਰਾਂ ਨੇ ਮੇਰੇ ਉਤੇ ਮਿਹਰ ਧਾਰੀ[16] ਹੈ ਅਤੇ ਮੇਰੇ ਚਿੱਤ ਅੰਦਰ ਨਾਮ ਆ ਕੇ ਟਿਕ ਗਿਆ[18] ਹੈ।
ਨਾਨਕ ਕੀ ਤੂ ਟੇਕ[19] ਪ੍ਰਭ ਤੇਰਾ ਆਧਾਰ[20] ॥	O Lord, Thou art the refuge[19] of Nanak and he has Thine Support[20] alone.	ਹੇ ਸੁਆਮੀ, ਤੂੰ ਨਾਨਕ ਦੀ ਪਨਾਹ[19] ਹੈਂ ਅਤੇ ਉਸ ਨੂੰ ਕੇਵਲ ਤੇਰਾ ਹੀ ਆਸਰਾ[20] ਹੈ।
ਕਰਣ ਕਾਰਣ[21] ਸਮਰਥ[22] ਪ੍ਰਭ ਹਰਿ[23] ਅਗਮ[24] ਅਪਾਰ[25] ॥੪॥੧੯॥੪੯॥	The Omnipotent[22] Lord God[23] is Inaccessible[24], Infinite[25] and the Cause of causes[21].	ਸਰਬ-ਸ਼ਕਤੀਵਾਨ[22] ਸੁਆਮੀ ਵਾਹਿਗੁਰੂ[23] ਪਹੁੰਚ ਤੋਂ ਪਰੇ[24] ਬੇਅੰਤ[25] ਅਤੇ ਹੇਤੂਆਂ ਦਾ ਹੇਤੂ[21] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਸੋਈ[26] ਮਲੀਨੁ[27] ਦੀਨੁ[28] ਹੀਨੁ[29] ਜਿਸੁ ਪ੍ਰਭੁ ਬਿਸਰਾਨਾ[30] ॥	He[26] alone is filthy[27], poor[28] and low[29], who forgets[30] his Lord.	ਕੇਵਲ ਉਹ[26] ਹੀ ਗੰਦਾ[27], ਗ਼ਰੀਬ[28] ਅਤੇ ਨੀਚ[29] ਹੈ ਜੋ ਆਪਣੇ ਸੁਆਮੀ ਨੂੰ ਭੁਲਾਉਂਦਾ[30] ਹੈ।

ਕਰਨੈਹਾਰੁ[31] ਨ ਬੂਝਈ[32] ਆਪੁ[33] ਗਨੈ[34]ਬਿਗਾਨਾ[35]॥ ੧॥	The unwise[35] understands[32] not the Creator[31], rather counts[34] himself[33] the doer.	ਅਗਿਆਨੀ[35] ਸਿਰਜਣਹਾਰ[31] ਨੂੰ ਨਹੀਂ ਸਮਝਦਾ[32], ਸਗੋਂ ਆਪਣੇ ਆਪ[33] ਨੂੰ ਕਰਨ ਵਾਲਾ ਗਿਣਦਾ[34] ਹੈ।
ਦੂਖੁ[36] ਤਦੇ[37] ਜਦਿ[38] ਵੀਸਰੈ[39] ਸੁਖੁ ਪ੍ਰਭ ਚਿਤਿ[40] ਆਏ ॥	Then[37] alone man is in pain[36], when[38] he forgets[39] the Lord. Peace wells up when the Lord is remembered[40].	ਕੇਵਲ ਤਾਂ[37] ਹੀ ਬੰਦਾ ਤਕਲੀਫ਼[36] ਵਿਚ ਹੁੰਦਾ ਹੈ, ਜਦ[38] ਉਹ ਸਾਂਈਂ ਨੂੰ ਭੁਲਾਉਂਦਾ[39] ਹੈ। ਜਦ ਸਾਂਈਂ ਚੇਤੇ ਕੀਤਾ ਜਾਂਦਾ[40] ਹੈ, ਆਰਾਮ ਉਤਪੰਨ ਹੋ ਜਾਂਦਾ ਹੈ।
ਸੰਤਨ ਕੈ ਆਨੰਦੁ[41] ਏਹੁ ਨਿਤ[42] ਹਰਿਗੁਣ[43] ਗਾਏ ॥ ੧॥ਰਹਾਉ॥	The saints sing ever[42] the Lord's praise[43]. In this alone lies their bliss[41]. Pause.	ਸਾਧੂ ਸਦੀਵ[42] ਹੀ ਸਾਹਿਬ ਦੀ ਕੀਰਤੀ[43] ਗਾਇਨ ਕਰਦੇ ਹਨ। ਕੇਵਲ ਇਸ ਅੰਦਰ ਉਨ੍ਹਾਂ ਦੀ ਖ਼ੁਸ਼ੀ[41] ਹੈ। ਠਹਿਰਾਉ।
ਊਚੇ ਤੇ ਨੀਚਾ ਕਰੈ ਨੀਚ ਖਿਨ[44] ਮਹਿ[43*] ਥਾਪੈ[45] ॥	The high, the Lord makes low and the low in[43*] an instant[44] He establishes[45] aloft.	ਉਚਿਆਂ ਨੂੰ ਸਾਂਈਂ ਨੀਵਾਂ ਕਰ ਦਿੰਦਾ ਹੈ ਅਤੇ ਨੀਵਿਆਂ ਨੂੰ ਉਹ ਇਕ ਮੁਹਤ[44] ਵਿਚ[43*] ਉੱਚਾ ਅਸਥਾਪਨ ਕਰ ਦਿੰਦਾ[45] ਹੈ।
ਕੀਮਤਿ[46] ਕਹੀ[47] ਨ ਜਾਈਐ ਠਾਕੁਰ ਪਰਤਾਪੈ[48] ॥੨॥	The worth[46] of the Lord's magnificence[48] can be narrated[47] not.	ਪ੍ਰਭੂ ਦੀ ਵਿਸ਼ਾਲਤਾ[48] ਦਾ ਮੁੱਲ[46] ਵਰਨਣ[47] ਕੀਤਾ ਨਹੀਂ ਜਾ ਸਕਦਾ।
ਪੇਖਤ[49] ਲੀਲਾ[50] ਰੰਗ[51] ਰੂਪ[52] ਚਲਨੈ[53] ਦਿਨੁ[54] ਆਇਆ[55] ॥	Seeing[49] the beauteous[50] plays[52] and revelments[51], dawns[55] the day[54] of departure[53].	ਸੁੰਦਰ[52] ਖੇਡਾਂ[50] ਅਤੇ ਰੰਗ-ਰਲੀਆਂ[51] ਵੇਖਦਿਆਂ[49] ਹੋਇਆਂ ਨੂੰ ਕੂਚ[53] ਦਾ ਦਿਹਾੜਾ[54] ਆ ਜਾਂਦਾ[55] ਹੈ।
ਸੁਪਨੇ[56] ਕਾ ਸੁਪਨਾ ਭਇਆ ਸੰਗਿ[57] ਚਲਿਆ[58] ਕਮਾਇਆ[59] ॥੩॥	The dream[56] becomes the dream and the mortal's actions[59] go[58] with[57] him.	ਸੁਫਨਾ[56] ਸੁਫਨਾ ਹੀ ਹੋ ਜਾਂਦਾ ਹੈ ਅਤੇ ਪ੍ਰਾਣੀ ਦੇ ਅਮਲ[59] ਉਸ ਦੇ ਨਾਲ[57] ਜਾਂਦੇ[58] ਹਨ।
ਕਰਣ[60]ਕਾਰਣ[61] ਸਮਰਥ[62] ਪ੍ਰਭ ਤੇਰੀ ਸਰਣਾਈ[63] ॥	Thou, O Lord, are Omnipotent[62] to do[60] all the deeds[61]. I seek Thine protection[63].	ਤੂੰ, ਹੇ ਸੁਆਮੀ ! ਸਾਰੇ ਕਾਰਜ[61] ਕਰਨ[60] ਨੂੰ ਸਰਬ-ਸ਼ਕਤੀਵਾਨ[62] ਹੈਂ। ਮੈਂ ਤੇਰੀ ਪਨਾਹ[63] ਲੋੜਦਾ ਹਾਂ।
ਹਰਿ ਦਿਨਸੁ[64]ਰੈਣਿ[65]ਨਾਨਕੁ ਜਪੈ[66] ਸਦ[67] ਸਦ ਬਲਿ[68] ਜਾਈ ॥੪॥੨੦॥੫੦॥	Day[64] and night[65] Nanak contemplates[66] God and is ever[67], ever a sacrifice[68] unto Him.	ਦਿਨ[64] ਅਤੇ ਰਾਤ[65] ਨਾਨਕ ਵਾਹਿਗੁਰੂ ਦਾ ਸਿਮਰਨ ਕਰਦਾ[66] ਹੈ ਅਤੇ ਹਮੇਸ਼ਾਂ[67], ਹਮੇਸ਼ਾਂ ਉਸ ਉਤੋਂ ਕੁਰਬਾਨ[68] ਜਾਂਦਾ ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਜਲੁ[69]ਢੋਵਉ[70]ਇਹ ਸੀਸ[71] ਕਰਿ[72] ਕਰ[73] ਪਗ[74] ਪਖਲਾਵਉ[75] ॥	With[72] this head[71] of mine, I carry[70] water[69] for the saints and with my hand[73] I wash[75] their feet[74].	ਆਪਣੇ ਇਸ ਸਿਰ[71] ਨਾਲ[72] ਮੈਂ ਸੰਤਾਂ ਲਈ ਪਾਣੀ[69] ਢੋਂਦਾ[70] ਹਾਂ ਅਤੇ ਆਪਣਿਆਂ ਹੱਥਾਂ[73] ਨਾਲ ਉਨ੍ਹਾਂ ਦੇ ਪੈਰ[74] ਧੋਂਦਾ[75] ਹਾਂ।
ਬਾਰਿ[76]ਜਾਉ ਲਖ ਬੇਰੀਆ[77] ਦਰਸੁ[78]ਪੇਖਿ[79]ਜੀਵਾਵਉ[80] ॥੧॥	Lakhs of times[77] I am devoted[76] unto them and I live[80] by seeing[79] their vision[78].	ਲਖੂਖਾਂ ਵਾਰੀ[77] ਮੈਂ ਉਨ੍ਹਾਂ ਉਤੋਂ ਸਦਕੇ[76] ਜਾਂਦਾ ਹਾਂ ਅਤੇ ਉਨ੍ਹਾਂ ਦਾ ਦਰਸ਼ਨ[78] ਵੇਖ ਕੇ[79] ਮੈਂ ਜੀਊਂਦਾ[80] ਹਾਂ।
ਕਰਉ[81] ਮਨੋਰਥ[82] ਮਨੈ[83]	All the aspirations[82] which I cherish[81]	ਸਾਰੀਆਂ ਅਭਿਲਾਸ਼ਾਂ[82] ਜਿਹੜੀਆਂ ਮੈਂ ਆਪਣ ਚਿਤ[83]

ਮਾਹਿ[84] ਅਪਨੇ ਪ੍ਰਭ ਤੇ ਪਾਵਉ[85] ॥
ਦੇਉ ਸੂਹਨੀ[86] ਸਾਧ ਕੈ ਬੀਜਨੁ[87] ਢੋਲਾਵਉ[88]॥੧॥ ਰਹਾਉ॥
ਅੰਮ੍ਰਿਤ ਗੁਣ[89]ਸੰਤ ਬੋਲਤੇ[90] ਸੁਣਿ ਮਨਹਿ[91]ਪੀਲਾਵਉ[92]।
ਉਆ[93]ਰਸ[94] ਮਹਿ ਸਾਂਤਿ[95] ਤ੍ਰਿਪਤਿ[96] ਹੋਇ ਬਿਖੈ[97] ਜਲਨਿ[98] ਬੁਝਾਵਉ[99] ॥੨॥
ਜਬ ਭਗਤਿ[100] ਕਰਹਿ ਸੰਤ ਮੰਡਲੀ[2] ਤਿਨ੍[3] ਮਿਲਿ ਹਰਿ ਗਾਵਉ[4] ॥
ਕਰਉ ਨਮਸਕਾਰ[5] ਭਗਤ ਜਨ[6] ਧੂਰਿ[7] ਮੁਖਿ[8]ਲਾਵਉ[9] ॥੩॥
ਊਠਤ[10] ਬੈਠਤ[12] ਜਪਉ[13] ਨਾਮੁ ਇਹੁ ਕਰਮੁ[14] ਕਮਾਵਉ ॥ ਨਾਨਕ ਕੀ ਪ੍ਰਭ ਬੇਨਤੀ[15]ਹਰਿ ਸਰਨਿ[16] ਸਮਾਵਉ[17]॥੪॥੨੧॥੫੧॥

ਬਿਲਾਵਲੁ ਮਹਲਾ ੫ ॥

ਇਹੁ ਸਾਗਰੁ[18]ਸੋਈ[19]ਤਰੈ[20] ਜੋ ਹਰਿ ਗੁਣ[21] ਗਾਏ[22] ॥

੮੧੪

ਸਾਧ ਸੰਗਤਿ ਕੈ ਸੰਗਿ[24] ਵਸੈ ਵਡਭਾਗੀ[23] ਪਾਏ॥੧॥
ਸੁਣਿ ਸੁਣਿ[25] ਜੀਵੈ ਦਾਸੁ[26] ਤੁਮ੍ ਬਾਣੀ[27] ਜਨ[28] ਆਖੀ[29]॥
ਪ੍ਰਗਟ[30] ਭਈ ਸਭ ਲੋਅ[31] ਮਹਿ[32] ਸੇਵਕ[33] ਕੀ ਰਾਖੀ॥ ੧॥ਰਹਾਉ॥

within[84] my mind[83]; My Lord fulfills[85] them all.

With a broom[86], sweep I the saints' abode, and wave[88] the fan[87] over them.

The saints utter[90] the ambrosial praise[89] of God, I hear and make my soul[91] quaff[92] it.

With that[93] elixir[94] I am pacified[95] and sated[96] and quench[99] the fire[98] of sin[97].

When the galaxy of saints[2] worships[100] my Lord, meeting with those[3] saints; I too sing[4] His praise.

I make obeisance[5] to the pious persons[6] and apply[9] the dust[7] of their feet to my face[8].

Sitting[10] and standing[12] I repeat[13] Thy Name. This alone is the deed[14] that I do, O my Lord God. Nanak's prayer[15] is that he may merge[17] in Thy refuge[16].

Bilawal 5th Guru.

He[19] alone crosses[20] this world-ocean[18], who sings[22] the Lord's praises[21].

814

He abides with[24] the saints' society and with good fortune[23] obtains the Lord.

Thy slave[26], O Lord, lives by continually hearing[25] Thy Word[27], uttered[29] by the Saint-Guru[28].

The Guru's glory is manifest[30] in[32] all the worlds[31] and he saves the honour of his serf[33]. Pause.

ਅੰਦਰ[84] ਧਾਰਨ ਕਰਦਾ[81] ਹਾਂ; ਮੇਰਾ ਸੁਆਮੀ ਉਨ੍ਹਾਂ ਸਾਰੀਆਂ ਨੂੰ ਪੂਰੀਆਂ ਕਰ ਦਿੰਦਾ[85] ਹੈ।

ਝਾੜੂ[86] ਨਾਲ ਮੈਂ ਸੰਤਾਂ ਦਾ ਨਿਵਾਸ-ਅਸਥਾਨ ਸੰਵਰਦਾ ਹਾਂ, ਅਤੇ ਉਨ੍ਹਾਂ ਨੂੰ ਪੱਖਾ[87] ਝੱਲਦਾ[88] ਹਾਂ।

ਸਾਧੂ ਵਾਹਿਗੁਰੂ ਦੀ ਅੰਮ੍ਰਿਤਮਈ ਕੀਰਤੀ[89] ਉਚਾਰਦੇ[90] ਹਨ, ਮੈਂ ਇਸ ਨੂੰ ਸੁਣਦਾ ਅਤੇ ਆਪਣੀ ਆਤਮਾ[91] ਨੂੰ ਪਿਆਉਂਦਾ[92] ਹਾਂ।

ਉਸ[93] ਅੰਮ੍ਰਿਤ[94] ਨਾਲ ਮੈਂ ਸੀਤਲ[95] ਅਤੇ ਸੰਤੁਸ਼ਟ[96] ਹੋ ਜਾਂਦਾ ਹਾਂ ਅਤੇ ਪਾਪ[97] ਦੀ ਅੱਗ[98] ਨੂੰ ਬੁਝਾਉਂਦਾ[99] ਹਾਂ।

ਜਦ ਸਾਧ ਸਭਾ[2] ਮੇਰੇ ਸਾਂਈਂ ਦੀ ਉਪਾਸ਼ਨਾ ਕਰਦੀ[100] ਹੈ; ਉਨ੍ਹਾਂ[3] ਸੰਤਾਂ ਨਾਲ ਮਿਲ ਕੇ ਮੈਂ ਭੀ ਉਸ ਦਾ ਜੱਸ ਗਾਉਂਦਾ[4] ਹਾਂ।

ਮੈਂ ਪਵਿੱਤ੍ਰ ਪੁਰਸ਼ਾਂ[6] ਨੂੰ ਪ੍ਰਨਾਮ[5] ਕਰਦਾ ਹਾਂ ਅਤੇ ਉਨ੍ਹਾਂ ਦੇ ਪੈਰਾਂ ਦੀ ਧੂੜ[7] ਆਪਣੇ ਚਿਹਰੇ[8] ਨੂੰ ਲਾਉਂਦਾ[9] ਹਾਂ।

ਖਲੋਤਿਆਂ[10] ਅਤੇ ਬਹਿੰਦਿਆਂ[12] ਮੈਂ ਤੇਰੇ ਨਾਮ ਨੂੰ ਉਚਾਰਦਾ[13] ਹਾਂ। ਕੇਵਲ ਇਹ ਅਮਲ[14] ਹੀ ਮੈਂ ਕਮਾਉਂਦਾ ਹਾਂ ਹੇ ਮੇਰੇ ਸੁਆਮੀ ਵਾਹਿਗੁਰੂ! ਨਾਨਕ ਦੀ ਅਰਦਾਸ[15] ਹੈ ਕਿ ਉਹ ਤੇਰੀ ਸ਼ਰਣਾਗਤ[16] ਅੰਦਰ ਲੀਨ[17] ਹੋ ਜਾਵੇ।

ਬਿਲਾਵਲ ਪੰਜਵੀਂ ਪਾਤਿਸ਼ਾਹੀ।

ਕੇਵਲ ਉਹ[19] ਹੀ ਇਸ ਸੰਸਾਰ ਸਮੁੰਦਰ[18] ਤੋਂ ਪਾਰ ਹੁੰਦਾ[20] ਹੈ, ਜੋ ਪ੍ਰਭੂ ਦੀਆਂ ਸਿਫ਼ਤਾਂ[21] ਗਾਇਨ ਕਰਦਾ[22] ਹੈ।

੮੧੪

ਉਹ ਸਤਿ ਸੰਗਤ ਨਾਲ[24] ਵਸਦਾ ਹੈ ਅਤੇ ਪਰਮ ਚੰਗੇ ਨਸੀਬਾਂ[23] ਦੁਆਰਾ ਪ੍ਰਭੂ ਨੂੰ ਪਰਾਪਤ ਕਰ ਲੈਂਦਾ ਹੈ।

ਤੇਰਾ ਗੋਲਾ[26], ਹੇ ਸੁਆਮੀ! ਸੰਤ-ਗੁਰਾਂ[28] ਦੀ ਉਚਾਰੀ[29] ਹੋਈ ਤੇਰੀ ਗੁਰਬਾਣੀ[27] ਨੂੰ ਇਕ-ਰਸ ਸੁਣ ਕੇ[25] ਜੀਊਂਦਾ ਹੈ।

ਗੁਰਾਂ ਦੀ ਮਹਿਮਾ ਸਾਰਿਆਂ ਜਹਾਨਾਂ[31] ਅੰਦਰ[32] ਪਰਸਿੱਧ[30] ਹੈ ਅਤੇ ਉਹ ਆਪਣੇ ਨਫਰ[33] ਦੀ ਲੱਜਿਆ ਰਖਦੇ ਹਨ। ਠਹਿਰਾਉ।

ਅਗਨਿ[34] ਸਾਗਰ[35] ਤੇ ਕਾਢਿਆ[38] ਪ੍ਰਭਿ ਜਲਨਿ[36] ਬੁਝਾਈ[37] ॥	The Lord has pulled[38] me out of the sea[35] of fire[34] and has slaked[37] my burning[36].	ਸੁਆਮੀ ਨੇ ਮੈਨੂੰ ਅੱਗ[34] ਦੇ ਸਮੁੰਦਰ[35] ਵਿਚੋਂ ਬਾਹਰ ਕੱਢ ਲਿਆ[38] ਹੈ ਅਤੇ ਮੇਰੀ ਸੜਾਂਦ[36] ਬੁਝਾ ਦਿੱਤੀ[37]ਹੈ ।
ਅੰਮ੍ਰਿਤੁ ਨਾਮੁ ਜਲੁ[39] ਸੰਚਿਆ[40] ਗੁਰ ਭਏ ਸਹਾਈ[41] ॥੨॥	The Guru has sprinkled[40] the water[39] of the Nectar-Name and has become my helper[41].	ਗੁਰਾਂ ਨੇ ਨਾਮ ਦੇ ਸੁਧਾਰਸ ਦਾ ਪਾਣੀ[39] ਛਿੜਕਿਆ[40] ਹੈ ਅਤੇ ਉਹ ਮੇਰੇ ਸਹਾਇਕ[41] ਹੋ ਗਏ ਹਨ ।
ਜਨਮ ਮਰਣ ਦੁਖੁ[42] ਕਾਟਿਆ[43] ਸੁਖ ਕਾ ਥਾਨੁ[44] ਪਾਇਆ ॥	My pain[42] of birth and death is removed[43] and I have secured a place[44] of rest.	ਮੇਰੀ ਜੰਮਣ ਅਤੇ ਮਰਨ ਦੀ ਤਕਲੀਫ਼[42] ਕੱਟੀ ਗਈ[43] ਹੈ ਅਤੇ ਮੈਨੂੰ ਆਰਾਮ ਦਾ ਟਿਕਾਣਾ[44] ਪਰਾਪਤ ਹੋ ਗਿਆ ਹੈ ।
ਕਾਟੀ[45] ਸਿਲਕ[46] ਭ੍ਰਮ[47] ਮੋਹ[48] ਕੀ ਅਪਨੇ ਪ੍ਰਭ ਭਾਇਆ[49] ॥੩॥	My noose[46] of doubt[47] and worldly attachment[48] is snapped[45] and I have become pleasing[49] to my Master.	ਮੇਰੇ ਸੰਦੇਹ[47] ਅਤੇ ਸੰਸਾਰੀ ਲਗਨ[48] ਦੀ ਫਾਹੀ[46] ਕਟੀ ਗਈ[45] ਹੈ ਅਤੇ ਮੈਂ ਆਪਣੇ ਮਾਲਕ ਨੂੰ ਚੰਗਾ[49] ਲੱਗਣ ਲੱਗ ਗਿਆ ਹਾਂ ।
ਮਤ[50] ਕੋਈ ਜਾਣਹੁ[51] ਅਵਰੁ[52] ਕਛੁ ਸਭ[53] ਪ੍ਰਭ ਕੈ ਹਾਥਿ[54] ॥	Everything[53] is in the Lord's hand[54]. Let no[50] one think[51] that there is another[52].	ਸਾਰਾ ਕੁਝ[53] ਸਾਹਿਬ ਦੇ ਹੱਥ[54] ਵਿਚ ਹੈ । ਕੋਈ ਕਿਸੇ ਹੋਰਸ[52] ਦਾ ਖ਼ਿਆਲ[51] ਨਾ[50] ਕਰੇ ।
ਸਰਬ[55] ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ[56] ॥੪॥੨੨॥੫੨॥	In the society of saints[56], Nanak has obtained all[55] the comforts.	ਸੰਤਾਂ ਦੀ ਸੰਗਤ[56] ਅੰਦਰ ਨਾਨਕ ਨੇ ਸਾਰੇ[55] ਆਰਾਮ ਪਰਾਪਤ ਕਰ ਲਏ ਹਨ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਬੰਧਨ[57] ਕਾਟੇ[58] ਆਪਿ[60] ਪ੍ਰਭਿ ਹੋਆ ਕਿਰਪਾਲ[59] ॥	Becoming merciful[59], the Lord has Himself[60] snapped[58] my bonds[57].	ਮਿਹਰਬਾਨ[59] ਹੋ ਕੇ, ਮਾਲਕ ਨੇ ਖ਼ੁਦ[60] ਹੀ ਮੇਰੇ ਜੂੜ[57] ਕੱਟ ਛੱਡੇ[58] ਹਨ ।
ਦੀਨ[61] ਦਇਆਲ[62] ਪ੍ਰਭ ਪਾਰਬ੍ਰਹਮ[63] ਤਾਕੀ[64] ਨਦਰਿ[65] ਨਿਹਾਲ[66] ॥੧॥	The Supreme Lord Master[63] is merciful[62] to the meek[61]. By His[64] gracious glance[65], I am ecstasied[66].	ਸ਼ਰੋਮਣੀ ਸਾਹਿਬ ਮਾਲਕ[63] ਮਸਕੀਨਾਂ[61] ਤੇ ਮਿਹਰਬਾਨ[62] ਹੈ । ਉਸ ਦੀ[64] ਦਇਆ-ਦ੍ਰਿਸ਼ਟੀ[65] ਦੁਆਰਾ ਮੈਂ ਪਰਮ ਪ੍ਰਸੰਨ[66] ਹੋ ਗਿਆ ਹਾਂ ।
ਗੁਰਿ ਪੂਰੈ[67] ਕਿਰਪਾ[68] ਕਰੀ[69] ਕਾਟਿਆ[70] ਦੁਖੁ[71] ਰੋਗੁ[72] ॥	The Perfect[67] Guru has shown[69] mercy[68] unto me and has stilled[70] my ailments[71] and ills[72].	ਪੂਰਨ[67] ਗੁਰਾਂ ਨੇ ਮੇਰੇ ਉਤੇ ਮਿਹਰ[68] ਧਾਰੀ[69] ਹੈ ਅਤੇ ਮੇਰੀਆਂ ਪੀੜਾਂ[71] ਤੇ ਬੀਮਾਰੀਆਂ[72] ਕੱਟ ਦਿੱਤੀਆਂ[70]ਹਨ ।
ਮਨੁ[73] ਤਨੁ[74] ਸੀਤਲੁ[75] ਸੁਖੀ[76] ਭਇਆ ਪ੍ਰਭ ਧਿਆਵਨ[77] ਜੋਗੁ[78] ॥੧॥ ਰਹਾਉ॥	Meditating on the Lord, who is worthy[78] of meditation[77], my soul[73] and body[74] have been pacified[75] and comforted[76] Pause.	ਸਿਮਰਨ[77] ਕਰਨ ਦੇ ਲਾਇਕ[78] ਸੁਆਮੀ ਦਾ ਸਿਮਰਨ ਕਰਨ ਦੁਆਰਾ, ਮੇਰੀ ਆਤਮਾ[73] ਅਤੇ ਦੇਹ[74] ਸ਼ਾਂਤ[75] ਅਤੇ ਸੁਖਾਲੇ[76] ਹੋ ਗਏ ਹਨ । ਠਹਿਰਾਉ ।
ਅਉਖਧੁ[79] ਹਰਿ ਕਾ ਨਾਮੁ ਹੈ ਜਿਤੁ ਰੋਗੁ[80] ਨ ਵਿਆਪੈ[81] ॥	God's Name is the panacea[79], by virtue of which no malady[80] afflicts[81] the mortal.	ਰੱਬ ਦਾ ਨਾਮ ਇਕ ਦਵਾਈ[79] ਹੈ, ਜਿਸ ਦੀ ਬਰਕਤ ਦੁਆਰਾ ਪ੍ਰਾਣੀ ਨੂੰ ਕੋਈ ਬੀਮਾਰੀ[80] ਨਹੀਂ ਸਤਾਉਂਦੀ[81] ।

ਸਾਧ ਸੰਗਿ ਮਨਿ[82] ਤਨਿ[83] ਹਿਤੈ[84] ਫਿਰਿ[85] ਦੂਖੁ[86] ਨ ਜਾਪੈ[87] ॥੨॥	In the saints' society, man's soul[82] and body[83] are imbued with the Lord's love[84] and he suffers[87] not pain[86] again[85].	ਸਤਿ-ਸੰਗਤ ਅੰਦਰ ਇਨਸਾਨ ਦੀ ਜਿੰਦੜੀ[82] ਤੇ ਦੇਹ[83] ਪ੍ਰਭੂ ਦੇ ਪ੍ਰੇਮ[84] ਨਾਲ ਰੰਗੇ ਜਾਂਦੇ ਹਨ ਅਤੇ ਉਹ ਮੁੜ ਕੇ[85] ਤਕਲੀਫ਼[86] ਨਹੀਂ ਉਠਾਉਂਦਾ[87] ।
ਹਰਿ ਹਰਿ ਹਰਿ[88] ਹਰਿ ਜਾਪੀਐ[89] ਅੰਤਰਿ[90] ਲਿਵ[91] ਲਾਈ[92] ॥	Embracing[92] love[91] within my mind[90], utter[89] I the Lord Master God's[88] Name.	ਆਪਣੇ ਮਨ[90] ਅੰਦਰ ਪ੍ਰੀਤ[91] ਧਾਰਨ ਕਰ ਕੇ[92], ਮੈਂ ਸੁਆਮੀ ਮਾਲਕ ਵਾਹਿਗੁਰੂ[88] ਦੇ ਨਾਮ ਦਾ ਉਚਾਰਨ[89] ਕਰਦਾ ਹਾਂ ।
ਕਿਲਵਿਖ[93] ਉਤਰਹਿ[94] ਸੁਧੁ[95] ਹੋਇ ਸਾਧੂ ਸਰਣਾਈ[96] ॥੩॥	Seeking the shelter[96] of the saints, my sins[93] are dispelled[94] and I am rendered pure[95].	ਸੰਤਾਂ ਦੀ ਪਨਾਹ[96] ਲੈਣ ਦੁਆਰਾ ਮੇਰੇ ਪਾਪ[93] ਦੂਰ ਹੋ ਗਏ[94] ਹਨ ਅਤੇ ਮੈਂ ਪਵਿੱਤਰ[95] ਹੋ ਗਿਆ ਹਾਂ ।
ਸੁਨਤ ਜਪਤ[97] ਹਰਿ ਨਾਮ ਜਸੁ[98] ਤਾਕੀ[99] ਦੂਰਿ[100] ਬਲਾਈ[2] ॥	He who hears and utters[97] the praise[98] of God's Name; his[99] calamities[2] are warded off[100].	ਜੋ ਰੱਬ ਦੇ ਨਾਮ ਦੀ ਮਹਿਮਾ[98] ਨੂੰ ਸੁਣਦਾ ਤੇ ਉਚਾਰਨ[97] ਕਰਦਾ ਹੈ; ਉਸ ਦੀਆਂ[99] ਮੁਸੀਬਤਾਂ[2] ਟਲ ਜਾਂਦੀਆਂ[100] ਹਨ ।
ਮਹਾ[3] ਮੰਤ੍ਰੁ[4] ਨਾਨਕੁ ਕਥੈ[5] ਹਰਿ ਕੇ ਗੁਣ[6] ਗਾਈ[7] ॥੪॥੨੩॥੫੩॥	Nanak utters[5] the supremely[3] sublime Gurbani[4] and sing[7] the Lord's praise[6].	ਨਾਨਕ ਪਰਮ[3] ਸਰੇਸ਼ਟ ਗੁਰਬਾਣੀ[4] ਦਾ ਉਚਾਰਨ ਕਰਦਾ[5] ਹੈ ਅਤੇ ਸੁਆਮੀ ਦੀ ਸਿਫ਼ਤ-ਸ਼ਲਾਘਾ[6] ਅਲਾਪਦਾ[7] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਭੈ[8] ਤੇ ਉਪਜੈ[9] ਭਗਤਿ[10] ਪ੍ਰਭ ਅੰਤਰਿ[12] ਹੋਇ ਸਾਂਤਿ[13] ॥	Out of the Lord's fear[8] wells up[9] His devotion[10] and one is tranquilised[13] from within[12].	ਪ੍ਰਭੂ ਦੇ ਡਰ[8] ਤੋਂ ਉਸ ਦਾ ਅਨੁਰਾਗ[10] ਉਤਪੰਨ ਹੁੰਦਾ[9] ਹੈ ਅਤੇ ਆਦਮੀ ਅੰਦਰੋਂ[12] ਸੀਤਲ[13] ਹੋ ਜਾਂਦਾ ਹੈ ।
ਨਾਮੁ ਜਪਤ[14] [15]ਗੋਵਿੰਦ[16] ਕਾ ਬਿਨਸੈ[17] ਭ੍ਰਮੁ[18] ਭ੍ਰਾਂਤਿ[19] ॥੧॥	Contemplating[14] the World[15]-Lord's[16] Name, the mortal's doubt[18] and delusions[19] are dispelled[17].	ਸ੍ਰਿਸ਼ਟੀ[15] ਦੇ ਸੁਆਮੀ[16] ਦੇ ਨਾਮ ਦਾ ਸਿਮਰਨ[14] ਕਰਨ ਦੁਆਰਾ ਪ੍ਰਾਨੀ ਦੇ ਸੰਦੇਹ[18] ਤੇ ਗਲਤ-ਫਹਿਮੀਆਂ[19] ਦੂਰ ਹੋ ਜਾਂਦੀਆਂ[17] ਹਨ ।
ਗੁਰੁ ਪੂਰਾ[20] ਜਿਸੁ ਭੇਟਿਆ[21] ਤਾਕੈ[22] ਸੁਖਿ[23] ਪਰਵੇਸੁ[24] ॥	He, who meets[21] with the Perfect[20] Guru; into his[22] mind comes[24] peace[23].	ਜੋ ਪੂਰਨ[20] ਗੁਰਾਂ ਨਾਲ ਮਿਲ ਪੈਂਦਾ[21] ਹੈ, ਉਸ ਦੇ[22] ਮਨ ਅੰਦਰ ਠੰਢ-ਚੈਨ[23] ਵਰਤ ਜਾਂਦੀ[24] ਹੈ ।
ਮਨ ਕੀ ਮਤਿ[25] ਤਿਆਗੀਐ[26] ਸੁਣੀਐ ਉਪਦੇਸੁ[27] ॥੧॥ ਰਹਾਉ ॥	Forsake[26] thou thy mind's cleverness[25] and hearken to the Guru's gospel[27]. Pause.	ਤੂੰ ਆਪਣੇ ਚਿੱਤ ਦੀ ਚਤੁਰਾਈ[25] ਨੂੰ ਛੱਡ ਦੇ[26] ਅਤੇ ਗੁਰਾਂ ਦੀ ਸਿਖ-ਮਤ[27] ਨੂੰ ਸ੍ਰਵਣ ਕਰ । ਠਹਿਰਾਉ ।
ਸਿਮਰਤ[28] ਸਿਮਰਤ ਸਿਮਰੀਐ ਸੋ[29] ਪੁਰਖੁ[30] ਦਾਤਾਰੁ[31] ॥	Remember[28], remember, remember thou that[29] Beneficent[31] Lord[30] of thine	ਤੂੰ ਆਪਣੇ ਉਸ[29] ਦਾਤੇ[31] ਸੁਆਮੀ[30] ਦਾ ਆਰਾਧਨ[28], ਆਰਾਧਨ, ਆਰਾਧਨ ਕਰ ।
ਮਨ ਤੇ ਕਬਹੁ[32] ਨ ਵੀਸਰੈ[33] ਸੋ ਪੁਰਖੁ ਅਪਾਰੁ[34] ॥੨॥	That Infinite Lord[34], I forget[33] not ever[32] within my mind.	ਉਸ ਬੇਅੰਤ ਸੁਆਮੀ[34] ਨੂੰ ਮੈਂ ਆਪਣੇ ਚਿੱਤ ਵਿਚੋਂ ਕਦੇ ਭੀ[32] ਨਹੀਂ ਭੁਲਾਉਂਦਾ[33] ।

ਚਰਨ[35] ਕਮਲ[36] ਸਿਉ ਰੰਗੁ[37] ਲਗਾ[38] ਅਚਰਜ[39] ਗੁਰਦੇਵ[40] ॥	I have come to enshrine[38] affection[37] for the lotus[36]-feet[35] of the wondrous[39] Bright Guru[40].	ਅਦਭੁਤ[39] ਪ੍ਰਕਾਸ਼ਵਾਨ ਗੁਰਾਂ[40] ਦੇ ਕੰਵਲ[36] ਰੂਪੀ ਪੈਰਾਂ[35] ਨਾਲ ਮੇਰਾ ਪਿਆਰ[37] ਪੈ ਗਿਆ[38] ਹੈ।
ਜਾ ਕਉ ਕਿਰਪਾ[41] ਕਰਹੁ[42] ਪ੍ਰਭ ਤਾਕਉ[43] ਲਾਵਹੁ[44] ਸੇਵ[45] ॥੩॥	He, to whom Thou showest[42] mercy[41], O Lord, him[43] Thou yokest[44] to Thy service[45].	ਜਿਸ ਉਤੇ ਤੂੰ ਮਿਹਰ[41] ਧਾਰਦਾ[42] ਹੈਂ, ਹੇ ਸੁਆਮੀ; ਉਸ ਨੂੰ[43] ਤੂੰ ਆਪਣੀ ਟਹਿਲ ਸੇਵਾ[45] ਅੰਦਰ ਜੋੜਦਾ[44] ਹੈਂ।
ਨਿਧਿ[46]ਨਿਧਾਨ[47]ਅੰਮ੍ਰਿਤੁ[48] ਪੀਆ[49] ਮਨਿ[50] ਤਨਿ[51] ਆਨੰਦ[52] ॥	I have quaffed[49] the Name-Nectar[48], the treasure[47] of wealth[46] and my soul[50] and body[51] are happy[52].	ਮੈਂ ਧਨ-ਦੌਲਤ[46] ਦੇ ਖ਼ਜ਼ਾਨੇ[47] ਨਾਮ-ਸੁਧਾਰਸ[48] ਨੂੰ ਪਾਨ ਕੀਤਾ[49] ਹੈ ਅਤੇ ਮੇਰੀ ਆਤਮਾ[50] ਤੇ ਦੇਹ[51] ਪ੍ਰਸੰਨ[52] ਹਨ।
ਨਾਨਕ ਕਬਹੁ[53] ਨ ਵੀਸਰੈ[54] ਪ੍ਰਭ [55]ਪਰਮਾਨੰਦ[56] ॥੪॥੨੪॥੫੪॥	Nanak forgets[54] not ever[53] the Lord of supreme[55] bliss[56].	ਮਹਾਨ[55] ਪ੍ਰਸੰਨਤਾ[56] ਦੇ ਸੁਆਮੀ ਨੂੰ ਨਾਨਕ ਕਦਾਚਿਤ[53] ਨਹੀਂ ਭੁਲਾਉਂਦਾ[54]।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਤ੍ਰਿਸਨ[57] ਬੁਝੀ[58] ਮਮਤਾ[59] ਗਈ[60] ਨਾਠੇ[61] ਭੈ[62] ਭਰਮਾ[63] ॥	My desire[57] is stilled[58], my egoism[59] is gone[60], and my dread[62] and doubt[63] have hastened away[61].	ਮੇਰੀ ਖ਼ਾਹਿਸ਼[57] ਬੁਝ ਗਈ[58] ਹੈ, ਮੇਰੀ ਮੇਰ ਤੇਰ[59] ਜਾਂਦੀ[60] ਰਹੀ ਹੈ ਅਤੇ ਮੇਰਾ ਡਰ[62] ਤੇ ਸ਼ੱਕ-ਸ਼ੁਬ੍ਹਾ[63] ਦੌੜ ਗਏ[61] ਹਨ।
ਥਿਤਿ[64] ਪਾਈ ਆਨੰਦੁ[65] ਭਇਆ ਗੁਰਿ ਕੀਨੇ ਧਰਮਾ[66] ॥੧॥	I have acquired stability[64] and enjoy peace[65]. The Guru has done me a great good[66].	ਮੈਂ ਅਸਥਿਰਤਾ[64] ਪਾ ਲਈ ਹੈ ਤੇ ਸੁੱਖ[65] ਭੋਗਦਾ ਹਾਂ। ਗੁਰਾਂ ਨੇ ਮੇਰੇ ਤੇ ਭਾਰੀ ਨੇਕੀ[66] ਕੀਤੀ ਹੈ।
ਗੁਰੁ ਪੂਰਾ[67] ਆਰਾਧਿਆ[70] ਬਿਨਸੀ[68] ਮੇਰੀ ਪੀਰ[69] ॥	Contemplating[70] the Perfect[67] Guru, my anguish[69] is ended[68].	ਪੂਰਨ[67] ਗੁਰਾਂ ਦਾ ਧਿਆਨ[70] ਧਾਰਨ ਦੁਆਰਾ ਮੇਰਾ ਦਰਦ[69] ਮਿਟ ਗਿਆ[68] ਹੈ।
ਤਨੁ[71] ਮਨੁ[72] ਸਭੁ ਸੀਤਲੁ[73] ਭਇਆ ਪਾਇਆ ਸੁਖੁ ਬੀਰ[74] ॥੧॥ ਰਹਾਉ ॥	My body[71] and soul[72] are all cooled[73] and I have obtained peace, O brother[74]. Pause.	ਮੇਰੀ ਦੇਹ[71] ਤੇ ਆਤਮਾ[72] ਠੰਡੜੇ ਹੋ ਗਏ[73] ਹਨ ਅਤੇ ਮੈਂ ਆਰਾਮ ਪਰਾਪਤ ਕਰ ਲਿਆ ਹੈ, ਹੇ ਭਰਾਵਾ[74]! ਠਹਿਰਾਉ।
ਸੋਵਤ[75] ਹਰਿ ਜਪਿ[76] ਜਾਗਿਆ[77] ਪੇਖਿਆ[78] ਬਿਸਮਾਦੁ[79] ॥	Contemplating[76] the Lord I was awakened[77] from slumber[75] and beholding[78] Him I was wonder-struck[79].	ਸੁਆਮੀ ਦਾ ਸਿਮਰਨ[76] ਕਰਨ ਦੁਆਰਾ ਮੈਂ ਸੁੱਤਾ ਪਿਆ[75] ਜਾਗ ਉਠਿਆ[77] ਅਤੇ ਉਸ ਨੂੰ ਵੇਖ ਕੇ[78] ਅਸਚਰਜ ਹੋ ਗਿਆ[79]।
ਪੀ[80] ਅੰਮ੍ਰਿਤੁ[81] ਤ੍ਰਿਪਤਾਸਿਆ[82] ਤਾਕਾ[83]ਅਚਰਜ[84] ਸੁਆਦੁ[85] ॥੨॥	Quaffing[80] the Name-Nectar[81], I am sated[82]. O, wondrous[84] is the relish[85] thereof[83].	ਨਾਮ-ਸੁਧਾਰਸ[81] ਨੂੰ ਪਾਨ[80] ਕਰ ਕੇ ਮੈਂ ਰੱਜ ਗਿਆ[82] ਹਾਂ। ਓ! ਅਦਭੁਤ[84] ਹੈ ਉਸ ਦੀ[83] ਲੱਜ਼ਤ[85]।
ਆਪਿ[86] ਮੁਕਤੁ[87] ਸੰਗੀ[88] ਤਰੇ[89] ਕੁਲ[90] ਕੁਟੰਬ[91] ਉਧਾਰੇ[92] ॥	I myself[86] am emancipated[87], swim[89] across my comrades[88] and my lineage[90] and family[91] are also saved[92].	ਮੈਂ ਖ਼ੁਦ[86] ਮੁਕਤ[87] ਹੋ ਗਿਆ ਹਾਂ, ਪਾਰ ਉਤਰ ਗਏ[89] ਹਨ ਮੇਰੇ ਸਾਥੀ[88] ਅਤੇ ਮੇਰੀ ਵੰਸ[90] ਤੇ ਟੱਬਰ-ਕਬੀਲਾ[91] ਭੀ ਬੰਦ-ਖਲਾਸ ਹੋ ਗਏ[92] ਹਨ।

ਸਫਲ[93] ਸੇਵਾ[94] ਗੁਰਦੇਵ[95] ਕੀ ਨਿਰਮਲ[96] ਦਰਬਾਰੇ[97] ੩ ॥	Fruitful[93] is the Bright Guru's[95] service[94], which has rendered me pure[96] in the Lord's court[97].	ਫਲਦਾਇਕ[93] ਹੈ ਪ੍ਰਕਾਸ਼ਵਾਨ ਗੁਰਾਂ ਦੀ[95] ਘਾਲ[94], ਜਿਸ ਨੇ ਮੈਨੂੰ ਸੁਆਮੀ ਦੀ ਦਰਗਾਹ[97] ਵਿਚ ਪਵਿੱਤਰ[96] ਕਰ ਦਿੱਤਾ ਹੈ।
੮੧੫	815	੮੧੫
ਨੀਚੁ[98] ਅਨਾਥੁ[99]ਅਜਾਨੁ[100] ਮੈ ਨਿਰਗੁਨੁ[2] ਗੁਣ ਹੀਨੁ[3] ॥	I am low[98], patronless[99], ignorant[100], virtueless[2] and meritless[3].	ਮੈਂ ਨੀਵਾਂ[98], ਨਿਖਸਮਾ[99], ਅਨਜਾਣ[100], ਨੇਕੀ-ਵਿਹੂਣ[2] ਅਤੇ ਖ਼ੂਬੀਆਂ ਤੋਂ ਸੱਖਣਾ[3] ਹਾਂ।
ਨਾਨਕ ਕਉ ਕਿਰਪਾ[4] ਭਈ[5] ਦਾਸੁ[8] ਅਪਨਾ[6] ਕੀਨੁ[7] ॥੪॥੨੫॥੫੫॥	The Lord has shown[5] mercy[4] unto Nanak and has made[7] him His Own[6] slave[8].	ਸੁਆਮੀ ਨੇ ਨਾਨਕ ਉਤੇ ਰਹਿਮਤ[4] ਧਾਰੀ[5] ਹੈ ਅਤੇ ਉਸ ਨੂੰ ਆਪਣਾ ਨਿੱਜ[6] ਦਾ ਗੋਲਾ[8] ਬਣਾ ਲਿਆ[7] ਹੈ।
ਬਿਲਾਵਲ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਹਰਿ ਭਗਤਾ[9] ਕਾ ਆਸਰਾ[10] ਅਨ[12] ਨਾਹੀ ਠਾਉ[13] ॥	God is the support[10] of His devotees[9]. They have no other[12] place[13] to go to.	ਵਾਹਿਗੁਰੂ ਆਪਣੇ ਸ਼ਰਧਾਵਾਨਾਂ[9] ਦੀ ਓਟ[10] ਹੈ। ਉਨ੍ਹਾਂ ਨੂੰ ਜਾਣ ਲਈ ਹੋਰ ਕੋਈ[12] ਜਗ੍ਹਾ[13] ਨਹੀਂ।
ਤਾਣੁ[14]ਦੀਬਾਣੁ[15]ਪਰਵਾਰ[16] ਧਨੁ[17] ਪ੍ਰਭ ਤੇਰਾ ਨਾਉ ॥ ੧ ॥	Thy Name alone, O my Master, is my power[14], dominions[15], kindreds[16] and riches[17].	ਤੇਰਾ ਨਾਮ ਹੀ, ਹੇ ਮੇਰੇ ਮਾਲਕ! ਮੇਰੀ ਤਾਕਤ[14], ਪਾਤਿਸ਼ਾਹੀ[15], ਸਾਕ-ਸੈਨ[16] ਅਤੇ ਧਨ-ਦੌਲਤ[17] ਹੈ।
ਕਰਿ[18] ਕਿਰਪਾ[19] ਪ੍ਰਭਿ ਆਪਣੀ ਅਪਨੇ ਦਾਸ[20] ਰਖਿ[21] ਲੀਏ ॥	Extending[18] His mercy[19], the Lord has saved[21] His slaves[20].	ਆਪਣੀ ਰਹਿਮਤ[19] ਧਾਰ ਕੇ[18], ਸਾਹਿਬ ਨੇ ਆਪਣੇ ਗੋਲਿਆਂ[20] ਦੀ ਰੱਖਿਆ ਕੀਤੀ[21] ਹੈ।
ਨਿੰਦਕ[22] ਨਿੰਦਾ ਕਰਿ ਪਚੇ[23] ਜਮ[24] ਕਾਲਿ[25] ਗ੍ਰਸੀਏ[26] ॥ ੧॥ਰਹਾਉ॥	The slanderers[22] putrefy[23] in slandering others and death's[25] myrmidon[24] seizes[26] them. Pause.	ਕਲੰਕ ਲਾਉਣ ਵਾਲੇ[22] ਕਲੰਕ ਲਾਉਣ ਵਿਚ ਹੀ ਗਲ-ਸੜ ਜਾਂਦੇ[23] ਹਨ, ਅਤੇ ਮੌਤ[25] ਦਾ ਫ਼ਰਿਸ਼ਤਾ[24] ਉਨ੍ਹਾਂ ਨੂੰ ਪਕੜ ਲੈਂਦਾ[26] ਹੈ। ਠਹਿਰਾਉ।
ਸੰਤਾ ਏਕੁ ਧਿਆਵਨਾ[27] ਦੂਸਰ[28] ਕੋ ਨਾਹਿ ॥	The saints meditate[27] on the One Lord and think not of another[28].	ਸਾਧੂ ਇਕ ਸੁਆਮੀ ਦਾ ਹੀ ਸਿਮਰਨ[27] ਕਰਦੇ ਹਨ ਅਤੇ ਕਿਸੇ ਹੋਰਸ[28] ਦਾ ਖ਼ਿਆਲ ਨਹੀਂ ਕਰਦੇ।
ਏਕਸੁ[29] ਆਗੈ[30] ਬੇਨਤੀ[31] ਰਵਿਆ[32] ਸ੍ਰਬ[33] ਥਾਇ[34] ॥੨॥	They make supplication[31] before[30] the Unique Lord[29], who is contained[32] in all[33] the places[34].	ਉਹ ਅਦੁੱਤੀ[29] ਪ੍ਰਭੂ ਮੂਹਰੇ[30] ਪ੍ਰਾਰਥਨਾ[31] ਕਰਦੇ ਹਨ, ਜੋ ਸਾਰਿਆਂ[33] ਥਾਵਾਂ[34] ਅੰਦਰ ਰਮਿਆ ਹੋਇਆ[32] ਹੈ।
ਕਥਾ[35] ਪੁਰਾਤਨ[36] ਇਉ ਸੁਣੀ ਭਗਤਨ[37]ਕੀ ਬਾਨੀ[38]। ਸਗਲ[39] ਦੁਸਟ[40] ਖੰਡ[41] ਖੰਡ ਕੀਏ ਜਨ[42] ਲੀਏ ਮਾਨੀ[43] ॥੩॥	I have heard this old[36] story[35], uttered[38] by the devotees[37], that the Lord cuts into pieces[41] all[39] the wicked[40] and blesses His slaves[42] with honour[43].	ਅਨੁਰਾਗੀਆਂ[37] ਦੀ ਕਥਨ ਕੀਤੀ ਹੋਈ[38] ਮੈਂ ਇਕ ਪੁਰਾਣੀ[36] ਕਹਾਣੀ[35] ਸੁਣੀ ਹੈ ਕਿ ਸੁਆਮੀ ਸਾਰਿਆਂ[39] ਲੁੱਚਿਆਂ-ਲੰਡਰਾਂ[40] ਨੂੰ ਟੋਟੇ[41] ਟੋਟੇ ਕਰ ਦਿੰਦਾ ਹੈ ਅਤੇ ਆਪਣੇ ਗੋਲਿਆਂ[42] ਨੂੰ ਇੱਜ਼ਤ-ਆਬਰੂ[43] ਬਖ਼ਸ਼ਦਾ ਹੈ।
ਸਤਿ[44] ਬਚਨ[45] ਨਾਨਕੁ ਕਹੈ[46] ਪਰਗਟ[47] ਸਭ ਮਾਹਿ ॥[48]	Nanak utters[46] the true[44] words[45], which are manifest[47] amongst[48] all.	ਨਾਨਕ ਸੱਚੇ[44] ਸ਼ਬਦ[45] ਉਚਾਰਨ ਕਰਦਾ[46] ਹੈ ਜੋ ਸਾਰਿਆਂ ਵਿਚ[48] ਐਨ ਸਪਸ਼ਟ[47] ਹਨ।

ਪ੍ਰਭ ਕੇ ਸੇਵਕ[49] ਸਰਣਿ[50] ਪ੍ਰਭ ਤਿਨ ਕਉ ਭਉ[51] ਨਾਹਿ ॥੪॥੨੬॥੫੬॥	The Lord's serfs[49] who are under the Lord's protection[50], have absolutely no fear[51].	ਸਾਈਂ ਦੇ ਨਫ਼ਰ[49] ਜੋ ਸਾਈਂ ਦੀ ਪਨਾਹ[50] ਤਾਬੇ ਹਨ, ਉਨ੍ਹਾਂ ਨੂੰ ਉੱਕਾ ਹੀ ਕੋਈ ਡਰ[51] ਨਹੀਂ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਬੰਧਨ[52] ਕਾਟੈ[53] ਸੋ ਪ੍ਰਭੂ[54] ਜਾ ਕੈ ਕਲ[55] ਹਾਥ ॥	The Lord[54] who has all the powers[55] in His hand shatters[53] all the shackles[52].	ਉਹ ਸੁਆਮੀ[54] ਹੀ ਜਿਸ ਦੇ ਹੱਥ ਵਿਚ ਸਾਰੀਆਂ ਸ਼ਕਤੀਆਂ[55] ਹਨ, ਸਾਰੀਆਂ ਬੇੜੀਆਂ[52] ਕੱਟਦਾ[53] ਹੈ ।
ਅਵਰ[56] ਕਰਮ[57] ਨਹੀ ਛੂਟੀਐ[58] ਰਾਖਹੁ[59] ਹਰਿ ਨਾਥ[60] ॥੧॥	The mortal is released[58] not by other[56] deeds[57]. Save[59] me Thou, O my Lord God[60].	ਹੋਰਨਾਂ[56] ਅਮਲਾਂ[57] ਦੁਆਰਾ ਪ੍ਰਾਨੀ ਦੀ ਬੰਦ-ਖਲਾਸੀ[58] ਨਹੀਂ ਹੁੰਦੀ । ਤੂੰ ਮੇਰੀ ਰਖਿਆ[59] ਕਰ, ਹੇ ਮੇਰੇ ਸੁਆਮੀ ਵਾਹਿਗੁਰੂ[60]!
ਤਉ ਸਰਣਾਗਤਿ[61] [62]ਮਾਧਵੇ[63] ਪੂਰਨ[64] ਦਇਆਲ[65] ॥	I have entered Thine sanctuary[61], O my perfectly[64] merciful[65] Lord[63] of wealth[62].	ਮੈਂ ਤੇਰੀ ਪਨਾਹ[61] ਲਈ ਹੈ, ਹੇ ਮੇਰੇ ਪੂਰੇ[64]ਮਿਹਰਬਾਨ[65] ਮਾਇਆ[62] ਦੇ ਸੁਆਮੀ[63] !
ਛੂਟਿ[66] ਜਾਇ ਸੰਸਾਰ[67] ਤੇ ਰਾਖੈ[68] [69]ਗੋਪਾਲ[70] ॥੧॥ ਰਹਾਉ ॥	He, whom Thou preservest[68], O World[69] Cherisher[70], he falls not[66] in the world[67]-snare. Pause.	ਜਿਸ ਦੀ ਤੂੰ ਰਖਿਆ ਕਰਦਾ[68] ਹੈਂ, ਹੇ ਸ੍ਰਿਸ਼ਟੀ[69] ਦੇ ਪਾਲਣ-ਪੋਸਣਹਾਰ[70]; ਉਹ ਜਗ[67] ਦੇ ਜਾਲ ਵਿਚ ਨਹੀਂ ਫਸਦਾ[66] । ਠਹਿਰਾਉ ।
ਆਸਾ[71] ਭਰਮ[72] ਬਿਕਾਰ[73] ਮੋਹ[74] ਇਨ[75] ਮਹਿ[76] ਲੋਭਾਨਾ[77]॥	Hope[71], doubt[72], sin[73] and worldly attachment[74], in[76] these[75] the mortal is engrossed[77].	ਉਮੀਦ[71], ਸੰਦੇਹ[72], ਪਾਪ[73] ਅਤੇ ਸੰਸਾਰੀ ਲਗਨ[74]; ਇਨ੍ਹਾਂ[75] ਵਿਚ[76] ਪ੍ਰਾਨੀ ਗਲਤਾਨ[77] ਹੋਇਆ ਹੋਇਆ ਹੈ ।
ਝੂਠੁ ਸਮਗ੍ਰੀ[78] ਮਨਿ ਵਸੀ[79] ਪਾਰਬ੍ਰਹਮੁ[80]ਨ ਜਾਨਾ[81]॥੨॥	The false world[78] abides[79] within his mind and he understands[81] not the Lofty Lord[80].	ਕੂੜੀ ਦੁਨੀਆ[78] ਉਸ ਦੇ ਹਿਰਦੇ ਅੰਦਰ ਵਸਦੀ[79] ਹੈ ਅਤੇ ਉਹ ਸੁਚੇ ਸਾਹਿਬ[80] ਨੂੰ ਨਹੀਂ ਸਮਝਦਾ[81] ।
ਪਰਮ[82] ਜੋਤਿ[83] ਪੂਰਨ[84] ਪੁਰਖ[85] ਸਭਿ ਜੀਅ[86] ਤੁਮ੍ਹਾਰੇ ॥	O Perfect[84] Lord[85] of supreme[82] light[83], all the beings[86] belong to Thee.	ਹੇ ਸ਼ਰੋਮਣੀ[82] ਪ੍ਰਕਾਸ਼[83] ਵਾਲੇ ਪੂਰੇ[84] ਪ੍ਰਭੂ[85] ! ਸਮੂਹ ਜੀਵ-ਜੰਤੂ[86] ਤੇਰੇ ਹਨ ।
ਜਿਉ[87] ਤੂ ਰਾਖਹਿ ਤਿਉ[88] ਰਹਾ ਪ੍ਰਭੁ[91] ਅਗਮ[89] ਅਪਾਰੇ[90] ॥੩॥	As[87] Thou keepest me, so[88] do I live, O my Illimitable[89] and Infinite[90] Lord[91].	ਜਿਸ ਤਰ੍ਹਾਂ[87] ਤੂੰ ਮੈਨੂੰ ਰੱਖਦਾ ਹੈਂ, ਉਸੇ ਤਰ੍ਹਾਂ[88] ਹੀ ਮੈਂ ਰਹਿੰਦਾ ਹਾਂ, ਹੇ ਮੇਰੇ ਹਦਬੰਨਾ-ਰਹਿਤ[89] ਅਤੇ ਬੇਅੰਤ[90] ਸੁਆਮੀ[91] ।
ਕਰਣ ਕਾਰਣ[92] ਸਮਰਥ[93] ਪ੍ਰਭ ਦੇਹਿ[94] ਅਪਨਾ ਨਾਉ ॥	O Thou Cause of causes[92], my Omnipotent[93] Lord, bless[94] Thou me with Thy Name.	ਹੇ ਤੂੰ ਹੇਤੂਆਂ ਦੇ ਹੇਤੂ[92], ਮੇਰੇ ਸਰਬ-ਸ਼ਕਤੀਵਾਨ[93] ਸੁਆਮੀ ! ਤੂੰ ਮੈਨੂੰ ਅਪਣਾ ਨਾਮ ਪਰਦਾਨ[94] ਕਰ ।
ਨਾਨਕ ਤਰੀਐ[95] ਸਾਧ ਸੰਗਿ ਹਰਿ ਹਰਿ[96] ਗੁਣ[97] ਗਾਉ[98] ॥੪॥੨੭॥੫੭॥	Nanak has ferried across[95], singing[98] the Lord God's[96] praises[97] in the saints' society.	ਸਤਿ ਸੰਗਤ ਅੰਦਰ ਸੁਆਮੀ ਵਾਹਿਗੁਰੂ[96] ਦੀਆਂ ਸਿਫ਼ਤਾਂ[97] ਗਾਇਨ[98] ਕਰਨ ਦੁਆਰਾ, ਨਾਨਕ ਪਾਰ ਉਤਰ ਗਿਆ[95] ਹੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਸ਼ਾਹੀ ।

ਕਵਨੁ[99] ਕਵਨੁ ਨਹੀ ਪਤਰਿਆ[100] ਤੁਮ੍ਹਰੀ ਪਰਤੀਤਿ[2] ॥

Placing reliance[2] on thee, O my mind, who[99] is it that has not fallen[100] ?

ਤੇਰੇ ਤੇ ਭਰੋਸਾ[2] ਧਾਰ ਕੇ, ਹੇ ਮੇਰੇ ਮਨੂਏ ! ਕਉਣ[99] ਹੈ ਜੋ ਡਿੱਗਿਆ[100] ਨਹੀਂ ?

ਮਹਾ[3] ਮੋਹਨੀ[4] ਮੋਹਿਆ[5] ਨਰਕ[6] ਕੀ ਰੀਤਿ[7] ॥੧॥

Thou art bewitched[5] by the great[3] mammon[4]. This is the way[7] to hell[6].

ਤੈਨੂੰ ਵਿਸ਼ਾਲ[3] ਮਾਇਆ[4] ਨੇ ਫਰੇਫਤਾ[5] ਕਰ ਲਿਆ ਹੈ । ਇਹ ਹੈ ਦੋਜ਼ਕ[6] ਦਾ ਰਸਤਾ[7] ।

ਮਨ ਖੁਟਹਰ[8] ਤੇਰਾ ਨਹੀ ਬਿਸਾਸੁ[9] ਤੂ ਮਹਾ[10] ਉਦਮਾਦਾ[12] ॥

O vicious[8] mind, no faith[9] can be placed in thee. Thou art exceedingly[10] inebriated[12] with sin.

ਹੇ ਪਾਂਬਰ[8] ਮਨੂਏ ! ਤੇਰੇ ਉਤੇ ਇਤਬਾਰ[9] ਕੀਤਾ ਨਹੀਂ ਜਾ ਸਕਦਾ । ਤੂੰ ਪਾਪ ਨਾਲ ਪਰਮ[10] ਮਤਵਾਲਾ[12] ਹੋਇਆ ਹੋਇਆ ਹੈਂ ।

ਖਰ[13] ਕਾ ਪੈਖਰੁ[14] ਤਉ[15] ਛੁਟੈ[16] ਜਉ[19] ਊਪਰਿ[17] ਲਾਦਾ[18] ॥੧॥ਰਹਾਉ॥

The feet-chain[14] of the donkey[13] is removed[16], only then[15], when[19] a load[18] is first put on[17] his back. Pause

ਖੋਤੇ[13] ਦੇ ਪੈਰਾਂ ਦੀ ਜ਼ੰਜੀਰ[14] ਕੇਵਲ ਉਦੋਂ[15] ਹੀ ਲਾਹੀ[16] ਜਾਂਦੀ ਹੈ, ਜਦ[19] ਉਸ ਦੀ ਪਿੱਠ ਉਤੇ[17] ਪਹਿਲਾਂ ਬੋਝ[18] ਰੱਖ ਲਿਆ ਜਾਂਦਾ ਹੈ । ਠਹਿਰਾਉ ।

ਜਪ[20] ਤਪ[21] ਸੰਜਮ[22] ਤੁਮ੍ ਖੰਡੇ[23] ਜਮ[24] ਕੇ ਦੁਖ[25] ਡਾਂਡ[26] ॥

Thou destroyest[23] the merit of contemplation[20], penance[21] and self-mortification[22]. Thou shalt suffer the agony[25] of the Yama's[24] rod[26].

ਤੂੰ ਸਿਮਰਨ[20], ਤਪਸਿਆ[21] ਅਤੇ ਸਵੈ-ਰਿਆਜ਼ਤ[22] ਦੇ ਫਲ ਨੂੰ ਨਾਸ ਕਰ ਦਿੰਦਾ[23] ਹੈਂ । ਤੂੰ ਯਮ[24] ਦੇ ਡੰਡੇ[26] ਦਾ ਕਸ਼ਟ[25] ਉਠਾਵੇਂਗਾ ।

ਸਿਮਰਹਿ[31] ਨਾਹੀ ਜੋਨਿ[27] ਦੁਖ[28] ਨਿਰਲਜੇ[29] ਭਾਂਡ[30]॥੨॥

O shameless[29] buffoon[30], why rememberest[31] thou not the Lord ? Thou shalt suffer the womb[27] pangs[28].

ਹੇ ਬੇਸ਼ਰਮ[29] ਭੜੂਏ[30] ! ਤੂੰ ਕਿਉਂ ਸੁਆਮੀ ਦਾ ਆਰਾਧਨ[31] ਨਹੀਂ ਕਰਦਾ ? ਤੂੰ ਗਰਭ[27] ਦੇ ਤਸੀਹੇ[28] ਉਠਾਵੇਂਗਾ ।

ਹਰਿ ਸੰਗਿ[30]* ਸਹਾਈ[32] ਮਹਾ[33] ਮੀਤੁ[34] ਤਿਸੁ[35] ਸਿਉ[36] ਤੇਰਾ ਭੇਦੁ[37] ॥

God is thy Comrade[31]*, Helper[32] and the great[33] Friend[34]. With[36] Him[35] thou art at variance[37].

ਵਾਹਿਗੁਰੂ ਤੇਰਾ ਸਾਥੀ[31]*, ਮਦਦਗਾਰ[32] ਅਤੇ ਪਰਮ[33] ਮਿੱਤਰ[34] ਹੈ । ਉਸ ਦੇ[35] ਨਾਲ[36] ਤੇਰਾ ਵਿਰੋਧ[37] ਹੈ ।

ਬੀਧਾ[38] ਪੰਚ ਬਟਵਾਰਈ[39] ਉਪਜਿਓ[40]ਮਹਾ[41] ਖੇਦੁ[42]॥੩॥

Thou art in love[38] with the five high way men[39]. An immense[41] pain[42] shall well up[40] therefrom.

ਪੰਜਾਂ ਰਸਤੇ ਦੇ ਧਾੜਵੀਆਂ[39] ਨਾਲ ਤੇਰਾ ਪਿਆਰ[38] ਹੈ । ਉਸ ਤੋਂ ਪਰਮ[41] ਕਸ਼ਟ[42] ਪੈਦਾ ਹੋਵੇਗਾ[40] ।

ਨਾਨਕ ਤਿਨ[43] ਸੰਤਨ ਸਰਣਾਗਤੀ[44] ਜਿਨ ਮਨੁ ਵਸਿ[45] ਕੀਨਾ ॥ ਤਨੁ[46] ਧਨੁ[47] ਸਰਬਸੁ[48] ਆਪਨਾ ਪ੍ਰਭ ਜਨ[49] ਕਉ ਦੀਨਾ[50]॥੪॥੨੮॥੫੮॥

Nanak seek the shelter[44] of the[43] saints, who have over-powered[45] their mind. He surrenders[50], his body[46] wealth[47] and everything[48] to the Lord's slaves[49].

ਨਾਨਕ ਉਨ੍ਹਾਂ[43] ਸਾਧੂਆਂ ਦੀ ਪਨਾਹ[44] ਲੋੜਦਾ ਹੈ, ਜਿਨ੍ਹਾਂ ਨੇ ਆਪਣਾ ਮਨੂਆ ਕਾਬੂ ਕੀਤਾ[45] ਹੈ । ਉਹ ਆਪਣੀ ਦੇਹ[46] ਦੌਲਤ[47] ਅਤੇ ਹਰ ਸ਼ੈ[48] ਸਾਹਿਬ ਦੇ ਗੋਲਿਆਂ[49] ਦੇ ਸਮਰਪਨ[50] ਕਰਦਾ ਹੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਉਦਮੁ[5] ਕਰਤ[6] ਆਨਦ[7] ਭਇਆ[8] ਸਿਮਰਤ[9] ਸੁਖ[10] ਸਾਰੁ[12] ॥

Making[6] effort[5] to meditate[9] on the essence[12] of peace[10], bliss[7] wells up[8].

ਆਰਾਮ[10] ਦੇ ਜੌਹਰ[12] ਦੀ ਬੰਦਗੀ[9] ਦਾ ਉਪਰਾਲਾ[5] ਕਰਨ[6] ਦੁਆਰਾ ਖੁਸ਼ੀ[7] ਉਤਪੰਨ[8] ਹੁੰਦੀ ਹੈ ।

ਜਪਿ[13] ਜਪਿ ਨਾਮੁ [14]ਗੋਬਿੰਦ[15] ਕਾ ਪੂਰਨ[16] ਬੀਚਾਰੁ[17] ॥੧॥

Remembering[13] and contemplating the Name of the World[14]-Lord[15], perfect[16] understanding[17] is gained.

ਸ੍ਰਿਸ਼ਟੀ[14] ਦੇ ਸੁਆਮੀ[15] ਦੇ ਨਾਮ ਦਾ ਸਿਮਰਨ[13] ਤੇ ਆਰਾਧਨ ਕਰਨ ਦੁਆਰਾ ਪੂਰੀ[16] ਸਮਝ[17] ਪਰਾਪਤ ਹੋ ਜਾਂਦੀ ਹੈ।

ਚਰਨ[18] ਕਮਲ[19] ਗੁਰ ਕੇ ਜਪਤ[20] ਹਰਿ ਜਪਿ[21] ਹਉ ਜੀਵਾ[22] ॥

I live[22] by dwelling[20] on the Guru's lotus[19] feet[18] and meditating[21] on the Lord.

ਮੈਂ ਗੁਰਾਂ ਦੇ ਕੰਵਲ[19] ਰੂਪੀ ਪੈਰਾਂ[18] ਦਾ ਧਿਆਨ[20] ਧਾਰ ਅਤੇ ਸੁਆਮੀ ਦਾ ਚਿੰਤਨ[21] ਕਰਨ ਦੁਆਰਾ ਜੀਊਂਦਾ[22] ਹਾਂ।

ਪਾਰਬ੍ਰਹਮੁ[23] ਆਰਾਧਤੇ[24] ਮੁਖਿ[25] ਅੰਮ੍ਰਿਤੁ[26] ਪੀਵਾ[27] ॥੧॥ ਰਹਾਉ॥

Pondering[24] over the Transcendent Lord[23], I drink[27] the Nectar[26] with my mouth[25].

ਪਰਮ ਪ੍ਰਭੂ[23] ਦਾ ਨਾਮ ਸ੍ਵਣ[24] ਕਰਨ ਦੁਆਰਾ, ਮੈਂ ਆਪਣੇ ਮੂੰਹ[25] ਨਾਲ ਸੁਧਾਰਸ[26] ਪਾਨ ਕਰਦਾ[27] ਹਾਂ।

ਜੀਅ ਜੰਤ[28] ਸਭਿ ਸੁਖਿ ਬਸੇ ਸਭ ਕੈ ਮਨਿ[29] ਲੋਚ[30] ॥

All the living beings[28] abide in peace and within the mind[29] of all is the yearning[30] for Thee.

ਸਾਰੇ ਪ੍ਰਾਣਧਾਰੀ[28] ਆਰਾਮ ਅੰਦਰ ਵਸਦੇ ਹਨ ਅਤੇ ਸਾਰਿਆਂ ਦੇ ਚਿੱਤ[29] ਅੰਦਰ ਤੇਰੀ ਚਾਹਨਾ[30] ਹੈ।

ਪਰਉਪਕਾਰੁ[31] ਨਿਤ[32] ਚਿਤਵਤੇ[33] ਨਾਹੀ ਕਛੁ ਪੋਚ[34] ॥੨॥

The Guru-beloveds ever[32] think[33] of doing good[31] to others. They wish not ill[34] to any.

ਗੁਰੂ-ਪਿਆਰੇ ਸਦਾ[32] ਹੋਰਨਾਂ ਦਾ ਭਲਾ[31] ਕਰਨਾ ਸੋਚਦੇ[33] ਹਨ। ਉਹ ਕਿਸੇ ਦਾ ਭੀ ਬੁਰਾ[34] ਨਹੀਂ ਲੋੜਦੇ।

੮੧੬ 816 ੮੧੬

ਧੰਨੁ[35] ਸੁ[36] ਥਾਨੁ[37] ਬਸੰਤ[38] ਧੰਨੁ ਜਹ[39] ਜਪੀਐ[40] ਨਾਮੁ ॥

Blessed[35] is the[36] place[37] and blessed the in-dwellers[38], wherein[39] the Lord's Name is meditated[40] upon.

ਸੁਲੱਖਣਾ[35] ਹੈ ਉਹ[36] ਅਸਥਾਨ[37] ਅਤੇ ਸੁਲੱਖਣੇ ਹਨ ਰਹਿਣ ਵਾਲੇ[38], ਜਿਸ ਵਿਚ[39] ਸੁਆਮੀ ਦੇ ਨਾਮ ਦਾ ਸਿਮਰਨ[40] ਕੀਤਾ ਜਾਂਦਾ ਹੈ।

ਕਥਾ[41] ਕੀਰਤਨੁ[42] ਹਰਿ ਅਤਿ ਘਨਾ[43] ਸੁਖ[44] ਸਹਜ[45] ਬਿਸ੍ਰਾਮੁ[46] ॥੩॥

Very frequently[43] God's discourse[41] and His praise[42] are done thither and there is nothing but pleasure[44], poise[45] and peace[46].

ਵਾਹਿਗੁਰੂ ਦੀ ਕਥਾ ਵਾਰਤਾ[41] ਅਤੇ ਉਸ ਦੀ ਮਹਿਮਾ[42] ਉਥੇ ਬਹੁਤ ਹੀ ਵਾਰੀ[43] ਹੁੰਦੀਆਂ ਹਨ ਅਤੇ ਉਥੇ ਕੇਵਲ ਅਨੰਦ[44], ਅਡੋਲਤਾ[45] ਅਤੇ ਆਰਾਮ[46] ਹੀ ਹਨ।

ਮਨ[47] ਤੇ ਕਦੇ[48] ਨ ਵੀਸਰੈ[49] ਅਨਾਥ[50] ਕੋ ਨਾਥ ॥

Within my mind[47], I forget[49] not the Lord ever[48]. He is the Master of the masterless[50].

ਆਪਣੇ ਚਿੱਤ[47] ਅੰਦਰ ਮੈਂ ਸੁਆਮੀ ਨੂੰ ਕਦਾਚਿੱਤ[48] ਨਹੀਂ ਭੁਲਾਉਂਦਾ[49]। ਉਹ ਨਿਖਸਮਿਆਂ[50] ਦਾ ਖਸਮ ਹੈ।

ਨਾਨਕ ਪ੍ਰਭ ਸਰਣਾਗਤੀ[51] ਜਾ ਕੈ ਸਭੁ ਕਿਛੁ[52] ਹਾਥ[53] ॥੪॥੨੯॥੫੯॥

Nanak has entered the sanctuary[51] of the Lord, in whose hand[53] lies everything[52].

ਨਾਨਕ ਨੇ ਸੁਆਮੀ ਦੀ ਪਨਾਹ[51] ਲਈ ਹੈ, ਜਿਸ ਦੇ ਹੱਥ[53] ਵਿਚ ਹਰ ਵਸਤੂ[52] ਹੈ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ।

ਜਿਨਿ ਤੂ ਬੰਧਿ[54] ਕਰਿ ਛੋਡਿਆ[55] ਫੁਨਿ[56] ਸੁਖ[57] ਮਹਿ[58] ਪਾਇਆ[59] ॥

He, who confined[54] thee in the womb and then[56] releasing[55] thee, put[59] thee into[58] the world of pleasure[57].

ਜਿਸ ਨੇ ਤੈਨੂੰ ਉਦਰ ਅੰਦਰ ਹਦਬੰਦ[54] ਕੀਤਾ ਸੀ ਅਤੇ ਮੁੜ[56] ਤੈਨੂੰ ਛੱਡ ਕੇ[55] ਆਰਾਮ[57] ਦੇ ਜਹਾਨ ਵਿਚ[58] ਟਿਕਾਇਆ[59] ਹੈ।

ਸਦਾ[60] ਸਿਮਰਿ[61] ਚਰਣਾਰ[62]-

Ever[60] contemplate[61] thou His lotus[63]

ਤੂੰ ਹਮੇਸ਼ਾ[60] ਉਸ ਦੇ ਕੰਵਲ[63] ਪੈਰਾਂ[62] ਦਾ ਆਰਾਧਨ[61]

ਬਿੰਦ[63] ਸੀਤਲ[64] ਹੋਤਾ-ਇਆ[65] ॥੧॥	feet[62], that thou may be[65] cooled down[64].	ਕਰ ਤਾਂ ਜੋ ਤੂੰ ਠੰਢਾ-ਠਾਰ[64] ਹੋ[65] ਜਾਵੇਂ।
ਜੀਵਤਿਆ[66] ਅਥਵਾ[67] ਮੁਇਆ[68] ਕਿਛੁ ਕਾਮਿ[69] ਨ ਆਵੈ ॥	In life[66] and[67] after death[68], this mammon is of no avail[69].	ਜ਼ਿੰਦਗੀ[66] ਵਿਚ ਅਤੇ[67] ਮੌਤ[68] ਮਗਰੋਂ ਇਹ ਮਾਇਆ ਕਿਸੇ ਕੰਮ[69] ਨਹੀਂ ਆਉਂਦੀ।
ਜਿਨਿ ਏਹੁ ਰਚਨੁ[70] ਰਚਾਇਆ[71] ਕੋਊ[72] ਤਿਸ ਸਿਉ ਰੰਗੁ[73] ਲਾਵੈ[74] ॥੧॥ ਰਹਾਉ॥	He, who has created[71] this creation[70], rare[72] is the one, who enshrines[74] affections[73] for Him. Pause.	ਜਿਸ ਨੇ ਇਹ ਰਚਨਾ[70] ਰਚੀ[71] ਹੈ, ਕੋਈ ਵਿਰਲਾ[72] ਹੀ ਉਸ ਨਾਲ ਪਿਰਹੜੀ[73] ਪਾਉਂਦਾ[74] ਹੈ। ਠਹਿਰਾਉ।
ਰੇ[75] ਪ੍ਰਾਣੀ[76] ਉਸਨ[77] ਸੀਤ[78] ਕਰਤਾ[79] ਕਰੈ ਘਾਮ[80] ਤੇ ਕਾਢੈ[81] ॥	O[75] mortal[76], the Creator[79] has made summer[77] and winter[78], and saves[81] thee from heat[80].	ਹੇ[75] ਫਾਨੀ ਬੰਦੇ[76]! ਸਿਰਜਣਹਾਰ[79] ਨੇ ਗਰਮੀ[77] ਤੇ ਸਰਦੀ[78] ਦੀਆਂ ਰੁੱਤਾਂ ਬਣਾਈਆਂ ਹਨ ਅਤੇ ਉਹ ਹੀ ਤੈਨੂੰ ਗਰਮੀ[80] ਤੋਂ ਬਚਾਉਂਦਾ[81] ਹੈ।
ਕੀਰੀ[82] ਤੇ[83] ਹਸਤੀ[84] ਕਰੈ[85] ਟੂਟਾ[86] ਲੇ ਗਾਢੈ[87] ॥੨॥	From[83] an ant[82], He makes[85] an elephant[84] and the separated[86] ones, He unites[87].	ਕੀੜੀ[82] ਤੋਂ[83] ਉਹ ਹਾਥੀ[84] ਬਣਾ ਦਿੰਦਾ[85] ਹੈ ਅਤੇ ਵਿਛੜਿਆਂ ਹੋਇਆਂ[86] ਨੂੰ ਉਹ ਮਿਲਾ ਲੈਂਦਾ[87] ਹੈ।
ਅੰਡਜ[88] ਜੇਰਜ[89] ਸੇਤਜ[90] ਉਤਭੁਜਾ[91] ਪ੍ਰਭ ਕੀ ਇਹ ਕਿਰਤਿ[92] ॥	The sources of production from the egg[88], womb[89], sweat[90] and earth[91], all these are the Lord's workmanship[92].	ਆਂਡੇ[88], ਉਦਰ[89], ਮੁੜਕੇ[90] ਅਤੇ ਧਰਤੀ[91] ਤੋਂ ਉਤਪਤੀ ਦੇ ਸੋਮੇਂ; ਇਹ ਸਾਰੇ ਸੁਆਮੀ ਦੀ ਹੀ ਕਾਰੀਗਰੀ[92] ਹੈ।
ਕਿਰਤ[93] ਕਮਾਵਨ[94] ਸਰਬ[95] ਫਲ[96] ਰਵੀਐ[97] ਹਰਿ[98] ਨਿਰਤਿ[99] ॥੩॥	The practice[94] of the task[93] of the Imperishable[99] Lord's[98] meditation[97] is fruitful[96] for all[95].	ਅਬਿਨਾਸੀ[99] ਸੁਆਮੀ[98] ਦੇ ਸਿਮਰਨ[97] ਦੇ ਕਾਰਜ[93] ਦੀ ਕਮਾਈ[94] ਸਾਰਿਆਂ[95] ਲਈ ਫਲਦਾਇਕ[96] ਹੈ।
ਹਮ ਤੇ ਕਛੂ[100] ਨ ਹੋਵਨਾ ਸਰਣਿ[2] ਪ੍ਰਭ ਸਾਧ ॥	I can do naught[100], O Lord. I have sought Thine saints refuge[2].	ਮੇਰੇ ਕੋਲੋਂ ਕੁਝ ਭੀ ਨਹੀਂ[100] ਹੋ ਸਕਦਾ, ਹੇ ਸੁਆਮੀ! ਮੈਂ ਤੇਰੇ ਸੰਤਾਂ ਦੀ ਓਟ[2] ਲਈ ਹੈ।
ਮੋਹ[3] ਮਗਨ[4] ਕੂਪ[5] ਅੰਧ[6] ਤੇ ਨਾਨਕ ਗੁਰ ਕਾਢ[7] ॥ ੪॥੩੦॥੬੦॥	Guru Nanak has pulled[7] me out of the blind[6] well[5] of the intoxication[4] of worldly love[3].	ਗੁਰੂ ਨਾਨਕ ਨੇ ਮੈਨੂੰ ਸੰਸਾਰੀ ਮਮਤਾ[3] ਦੀ ਮਸਤੀ[4] ਦੇ ਅੰਨ੍ਹੇ[6] ਖੂਹ[5] ਵਿਚੋਂ ਬਾਹਰ ਕੱਢ ਲਿਆ[7] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਸ਼ਾਹੀ।
ਖੋਜਤ[8] ਖੋਜਤ ਮੈ ਫਿਰਾ[9] ਖੋਜਉ ਬਨ[10] ਥਾਨ[12] ॥	In the search[8], search, search of my Lord, wander[9] I in woods[10] and other places[12].	ਆਪਣੇ ਸੁਆਮੀ ਦੀ ਭਾਲ[8], ਭਾਲ, ਭਾਲ ਅੰਦਰ ਮੈਂ ਜੰਗਲਾਂ-ਬੇਲਿਆਂ[10] ਅਤੇ ਹੋਰ ਥਾਵਾਂ[12] ਵਿਚ ਫਿਰਦਾ[9] ਹਾਂ।
ਅਛਲ[13] ਅਛੇਦ[14] ਅਭੇਦ[18] ਪ੍ਰਭ[15] ਐਸੇ[16] ਭਗਵਾਨ[17] ॥ ੧॥	Such[16] is my Auspicious[17] Lord[15], that He is Undeceivable[13], Imperishable[14] and Inscrutable[18].	ਇਹੋ ਜਿਹਾ[16] ਹੈ ਮੇਰਾ ਭਾਗਾਂ ਵਾਲਾ[17] ਸੁਆਮੀ[15] ਕਿ ਉਹ ਨਾ-ਠਗੇ ਜਾਣ ਵਾਲਾ[13], ਅਬਿਨਾਸੀ[14] ਅਤੇ ਭੇਤ-ਰਹਿਤ[18] ਹੈ।
ਕਬ[19] ਦੇਖਉ ਪ੍ਰਭੁ ਆਪਨਾ	When[19] shall I see my Lord with the	ਮੈਂ ਆਪਣੇ ਸੁਆਮੀ ਨੂੰ ਆਪਣੀ ਆਤਮਾ[20] ਦੀ ਖ਼ੁਸ਼ੀ[21]

ਆਤਮ[20] ਕੈ ਰੰਗਿ[21] ॥	delight[21] of my soul[20] ?	ਨਾਲ ਕਦੋਂ[19] ਵੇਖਾਂਗਾ ?
ਜਾਗਨ[22]ਤੇ ਸੁਪਨਾ[23]ਭਲਾ[24] ਬਸੀਐ[25] ਪ੍ਰਭ ਸੰਗਿ[26]॥੧॥ ਰਹਾਉ॥	Better[24]than waking[22]is tne dream[23], wherein I abide[25] with[26] my Master. Pause.	ਜਾਗਦੇ ਰਹਿਣ[22] ਨਾਲੋਂ ਸੁਫਨਾ[23] ਚੰਗਾ[24] ਹੈ, ਜਿਸ ਵਿਚ ਮੈਂ ਆਪਣੇ ਮਾਲਕ ਦੇ ਨਾਲ[26] ਵਸਦਾ[25] ਹਾਂ। ਠਹਿਰਾਉ।
ਬਰਨ[27] ਆਸ੍ਰਮ[28] ਸਾਸਤ੍ਰ ਸੁਨਉ[31] ਦਰਸਨ[29] ਕੀ ਪਿਆਸ[30] ॥	Hearing[31] the Shashtras on the four castes[27] and the four stages of life[28] my thirst[30] for the Lord's view[29] is sated not.	ਚਾਰੇ ਹੀ ਜਾਤਾਂ[27] ਅਤੇ ਚਾਰਾਂ ਹੀ ਜੀਵਨ ਦੀਆਂ ਅਵਸਥਾਵਾਂ[28] ਮੁਤਅਲਕ ਸ਼ਾਸਤਰਾਂ ਨੂੰ ਸੁਣ ਕੇ[31], ਮੇਰੀ ਪ੍ਰਭੂ ਦੇ ਦੀਦਾਰ[29] ਦੀ ਤਰੇਹ[30] ਖ਼ਤਮ ਨਹੀਂ ਹੁੰਦੀ।
ਰੂਪੁ[32] ਨ ਰੇਖ[33] ਨ ਪੰਚ ਤਤ[34] ਠਾਕੁਰ ਅਬਿਨਾਸ[35] ॥੨॥	The Imperishable[35] Lord has no form[32] or outline[33], nor is He made of five elements[34].	ਅਮਰ[35] ਪ੍ਰਭੂ ਦਾ ਕੋਈ ਸਰੂਪ[32] ਜਾਂ ਨੁਹਾਰ[33] ਨਹੀਂ, ਨਾ ਹੀ ਉਹ ਪੰਜਾਂ ਸਾਰ-ਅੰਸ਼ਾਂ[34] ਦਾ ਬਣਿਆ ਹੋਇਆ ਹੈ।
ਓਹੁ[36] ਸਰੂਪੁ[37] ਸੰਤਨ ਕਹਹਿ[38] ਵਿਰਲੇ[39] [41]ਜੋਗੀਸੁਰ[40] ॥	Rare[39] are the saints and great[40] Yogis[41], who delineate[38] such[36] a form[37] of the Lord.	ਬਹੁਤ[39] ਹੀ ਥੋੜੇ ਹਨ ਉਹ ਸਾਧੂ ਅਤੇ ਵਡੇ[40] ਯੋਗੀ[41] ਜੋ ਸੁਆਮੀ ਦਾ ਇਹੋ ਜਿਹਾ[36] ਰੂਪ[37] ਵਰਣਨ ਕਰਦੇ[38] ਹਨ।
ਕਰਿ ਕਿਰਪਾ[42] ਜਾਕਉ[43] ਮਿਲੇ ਧਨਿ[44] ਧਨਿ ਤੇ[45] ਈਸੁਰ[46] ॥੩॥	Blessed[44] blessed are they[45], whom[43] the Lord[46] meets in His mercy[42].	ਮੁਬਾਰਕ[44], ਮੁਬਾਰਕ ਹਨ ਉਹ[45] ਜਿਨ੍ਹਾਂ ਨੂੰ[43] ਸੁਆਮੀ[46] ਆਪਣੀ ਰਹਿਮਤ[42] ਦੁਆਰਾ ਮਿਲ ਪੈਂਦਾ ਹੈ।
ਸੋ[47] ਅੰਤਰਿ[48] ਸੋ ਬਾਹਰੇ[49] ਬਿਨਸੇ[50] ਤਹ[51] ਭਰਮਾ[52] ॥	They[47] see the Lord within[48], they see Him without[49], and dispelled[50] are their[51] doubts[52].	ਉਹ[47] ਸੁਆਮੀ ਨੂੰ ਅੰਦਰਵਾਰ[48] ਵੇਖਦੇ ਹਨ,ਉਹ ਉਸਨੂੰ ਬਾਹਰਵਾਰ[49] ਵੇਖਦੇ ਹਨ ਅਤੇ ਨਾਸ ਹੋ ਜਾਂਦੇ[50] ਹਨ ਉਨ੍ਹਾਂ ਦੇ[51] ਸੰਦੇਹ[52]।
ਨਾਨਕ ਤਿਸੁ[53]ਪ੍ਰਭੁ ਭੇਟਿਆ[54] ਜਾ ਕੇ[55] ਪੂਰਨ[56]ਕਰਮਾ[57] ॥ ੪॥੩੧॥੬੧॥	Nanak, he whose[55] destiny[57] is perfect[56], him[53] the Lord meets[54].	ਨਾਨਕ, ਜਿਸ ਦੇ[55] ਭਾਗ[57] ਮੁਕੰਮਲ[56] ਹਨ, ਉਸ ਨੂੰ[53] ਸੁਆਮੀ ਮਿਲ ਪੈਂਦਾ[54] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਜੀਅ ਜੰਤ[58] ਸੁ ਪ੍ਰਸੰਨ[59] ਭਏ ਦੇਖਿ ਪ੍ਰਭ ਪਰਤਾਪ[60]॥	Seeing the Lord's glory[60], all the sentient beings[58]are highly pleased[59].	ਸਾਹਿਬ ਦਾ ਤਪਤੇਜ[60] ਤੱਕ ਕੇ, ਸਾਰੇ ਪ੍ਰਾਣਧਾਰੀ[58] ਪਰਮ ਪਰਸੰਨ ਹੋ ਗਏ[59] ਹਨ।
ਕਰਜੁ[61] ਉਤਾਰਿਆ[62] ਸਤਿਗੁਰੂ ਕਰਿ ਆਹਰੁ[63] ਆਪ[64] ॥੧॥	Himself[64] making an effort[63], my True Guru has paid off[62] my debt[61].	ਖ਼ੁਦ[64] ਉਪਰਾਲਾ[63] ਕਰਕੇ, ਮੇਰੇ ਸੱਚੇ ਗੁਰਾਂ ਨੇ ਮੇਰਾ ਕਰਜ਼ਾ[61] ਲਾਹ ਦਿੱਤਾ[62] ਹੈ।
ਖਾਤ[65]ਖਰਚਤ[66]ਨਿਬਹਤ[67] ਰਹੈ ਗੁਰ ਸਬਦੁ[68]ਅਖੂਟ[69]॥	Inexhaustible[69] is the wealth of the Guru's Word[68]. Inspite of my eating[65] and expending[66], it lasts[67] to the end.	ਅਮੁਕ[69] ਹੈ ਗੁਰਾਂ ਦੀ ਬਾਣੀ[68] ਦੀ ਦੌਲਤ। ਮੇਰੇ ਖਾਣ[65] ਤੇ ਖਰਚਣ[66] ਦੇ ਬਾਵਜੂਦ, ਇਹ ਅਖ਼ੀਰ ਤੱਕ ਰਹਿੰਦੀ[67] ਹੈ।
ਪੂਰਨ[70] ਭਈ ਸਮਗਰੀ[71]	Perfect[70] is everything[71], which	ਮੁਕੰਮਲ[70] ਹੈ ਹਰ ਸ਼ੈ[71], ਜੋ ਕਦੇ ਭੀ[72]

ਕਬਹੂ[72] ਨਹੀ ਤੂਟ[73] ॥੧॥ ਰਹਾਉ॥	exhausts[73] not ever[72]. Pause.	ਨਿਖੁਟਦੀ[73] ਨਹੀਂ । ਠਹਿਰਾਉ ।
ਸਾਧ ਸੰਗਿ ਆਰਾਧਨਾ[74] ਹਰਿ ਨਿਧਿ[75] ਆਪਾਰ[76] ॥	In the society of saints, meditate[74] I on the Lord, infinite[76] is whose treasure[75].	ਸਤਿ-ਸੰਗਤ ਅੰਦਰ ਮੈਂ ਸੁਆਮੀ ਦਾ ਸਿਮਰਨ[74] ਕਰਦਾ ਹਾਂ, ਬੇ-ਅੰਦਾਜ਼[76] ਹੈ ਜਿਸ ਦਾ ਖ਼ਜ਼ਾਨਾ[75] !
ਧਰਮ[77] ਅਰਥ[78] ਅਰੁ[79] ਕਾਮ[80] ਮੋਖ[81] ਦੇਤੇ[82] ਨਹੀ ਬਾਰ[83] ॥੨॥	The Lord makes no delay[83] in blessing[82] me with faith[77], wealth[78], success[80] and[79] salvation[81].	ਮੈਨੂੰ ਈਮਾਨ[77], ਦੌਲਤ[78], ਕਾਮਯਾਬੀ[80] ਅਤੇ[79] ਮੁਕਤੀ[81] ਪਰਦਾਨ ਕਰਨ[82] ਵਿਚ ਸੁਆਮੀ ਕੋਈ ਚਿਰ[83] ਨਹੀਂ ਲਾਉਂਦਾ ।
ਭਗਤ[84] ਅਰਾਧਹਿ[85] ਏਕ[86] ਰੰਗਿ[87] ਗੋਬਿੰਦ[88] ਗੁਪਾਲ[89] ॥	The saints[84] contemplate[85] the Lord[88] Master[89] with single-minded[86] affection[87].	ਇਕ-ਚਿਤ[86] ਪ੍ਰੇਮ[87] ਨਾਲ ਸੰਤ[84] ਸੁਆਮੀ[88] ਮਾਲਕ[89] ਦਾ ਸਿਮਰਨ[85] ਕਰਦੇ ਹਨ ।
ਰਾਮ ਨਾਮ ਧਨੁ[90] ਸੰਚਿਆ[91] ਜਾ ਕਾ[92] ਨਹੀ ਸੁਮਾਰੁ[93] ॥੩॥	They amass[91] the wealth[90] of the Lord's Name, of which[92] there is no estimation[93].	ਉਹ ਸਾਹਿਬ ਦੇ ਨਾਮ ਦੀ ਦੌਲਤ[90] ਇਕੱਤ੍ਰ ਕਰਦੇ[91] ਹਨ, ਜਿਸ ਦਾ[92] ਕੋਈ ਅੰਦਾਜ਼ਾ[93] ਹੀ ਨਹੀਂ ।
ਸਰਨਿ[94] ਪਰੇ[95] ਪ੍ਰਭ ਤੇਰੀਆ ਪ੍ਰਭ ਕੀ ਵਡਿਆਈ[96] ॥	My Lord Master, I seek[95] Thy refuge[94] and sing Thine praise[96].	ਮੇਰੇ ਸਾਹਿਬ ਮਾਲਕ, ਮੈਂ ਤੇਰੀ ਪਨਾਹ[94] ਲੈਂਦਾ[95] ਅਤੇ ਤੇਰੀ ਕੀਰਤੀ[96] ਗਾਉਂਦਾ ਹਾਂ ।
ਨਾਨਕ ਅੰਤੁ[97] ਨ ਪਾਈਐ ਬੇਅੰਤ[98] [99]ਗੁਸਾਈ[100]॥੪॥੩੨॥੬੨॥	O my Infinite[98] World[99]-Lord[100], I can find not Thy limit[97].	ਹੇ ਮੇਰੇ ਅਨੰਤ[98] ਸ੍ਰਿਸ਼ਟੀ[99] ਦੇ ਸੁਆਮੀ[100], ਮੈਂ ਤੇਰਾ ਓੜਕ[97] ਨਹੀਂ ਪਾ ਸਕਦਾ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਸਿਮਰਿ[2] ਸਿਮਰਿ ਪੂਰਨ[3] ਪ੍ਰਭੂ ਕਾਰਜ[4] ਭਏ ਰਾਸਿ[5] ॥	Remembering[2] and contemplating the Perfect[3] Lord, mine affairs[4] are all arranged[5].	ਪੂਰੇ[3] ਸਾਹਿਬ ਦਾ ਆਰਾਧਨ[2] ਅਤੇ ਚਿੰਤਨ ਕਰਨ ਦੁਆਰਾ ਮੇਰੇ ਸਾਰੇ ਕੰਮ ਕਾਜ[4] ਸੌਰ ਗਏ[5] ਹਨ ।
ਕਰਤਾਰਪੁਰਿ[6] ਕਰਤਾ[7] ਵਸੈ[8] ਸੰਤਨ ਕੈ ਪਾਸਿ[9] ॥੧॥ਰਹਾਉ॥	In the Creator's town[6], the saints abide[8] with[9] the Creator[7]-Lord. Pause.	ਸਿਰਜਣਹਾਰ ਦੇ ਸ਼ਹਿਰ[6] ਅੰਦਰ, ਸਾਧੂ ਸਿਰਜਣਹਾਰ[7] ਸੁਆਮੀ ਦੇ ਨਾਲ[9] ਵਸਦੇ[8] ਹਨ । ਠਹਿਰਾਉ ।
੮੧੭	817	੮੧੭
ਬਿਘਨੁ[10] ਨ ਕੋਊ ਲਾਗਤਾ[12] ਗੁਰ ਪਹਿ ਅਰਦਾਸਿ[13] ॥	By praying[13] to the Guru, no obstacle[10] befalls[12] the man.	ਗੁਰਾਂ ਅੱਗੇ ਬੇਨਤੀ ਕਰਨ[13] ਦੁਆਰਾ, ਇਨਸਾਨ ਨੂੰ ਕੋਈ ਔਕੜ[10] ਪੇਸ਼[12] ਨਹੀਂ ਆਉਂਦੀ ।
ਰਖਵਾਲਾ[14] ਗੋਬਿੰਦ[15] ਰਾਇ[16] ਭਗਤਨ[17] ਕੀ ਰਾਸਿ[18] ॥ ੧ ॥	God[15], the King[16] is the Saviour[14] of the capital-stock[18] of His saints[17].	ਵਾਹਿਗੁਰੂ[15], ਪਾਤਿਸ਼ਾਹ[16] ਆਪਣੇ ਸੰਤਾਂ[17] ਦੀ ਪੂੰਜੀ[18] ਦਾ ਰਖਿਅਕ[14] ਹੈ ।
ਤੋਟਿ[19] ਨ ਆਵੈ[24] ਕਦੇ[20] ਮੂਲਿ[21] ਪੂਰਨ[22] ਭੰਡਾਰ[23] ॥	Absolutely[21] no deficiency[19] ever[20] occurs[24] in the Lord's brimful[22] treasures[23].	ਸੁਆਮੀ ਦੇ ਪਰੀਪੂਰਨ[22] ਖ਼ਜ਼ਾਨਿਆਂ[23] ਵਿਚ ਅਸਲੋਂ ਹੀ[21] ਕਦਾਚਿੱਤ[20] ਕੋਈ ਕਮੀ[19] ਨਹੀਂ ਵਾਪਰਦੀ[24] ।
ਚਰਨ[25] ਕਮਲ[26] ਮਨਿ[27]	The Lord's lotus[26] feet[25] are	ਸੁਆਮੀ ਦੇ ਕੰਵਲ[26] ਰੂਪੀ ਪੈਰ[25] ਮੇਰੀ ਆਤਮਾ[27] ਤੇ

ਤਨਿ[28] ਬਸੇ[29] ਪ੍ਰਭ ਅਗਮ[30] ਅਪਾਰ[31] ॥੨॥	enshrined[29] within my soul[27] and body[28]. He is Inaccessible[30] and infinite[31].	ਦੇਹ[28] ਅੰਦਰ ਟਿਕੇ ਹੋਏ[29] ਹਨ। ਉਹ ਪਹੁੰਚ ਤੋਂ[30] ਪਰੇ ਅਤੇ ਬੇਅੰਤ[31] ਹੈ।
ਬਸਤ[34] ਕਮਾਵਤ[32] ਸਭਿ ਸੁਖੀ ਕਿਛੁ ਊਨ[33] ਨ ਦੀਸੈ[35] ॥	They, who perform[32] Lord's service, all abide[34] in peace. They are seen[35] in want[33] of nothing.	ਜੋ ਸਾਂਈਂ ਦੀ ਸੇਵਾ ਕਰਦੇ[32] ਹਨ, ਉਹ ਸਾਰੇ ਆਰਾਮ ਵਿਚ ਵਸਦੇ[34] ਹਨ। ਉਨ੍ਹਾਂ ਨੂੰ ਕਿਸੇ ਸ਼ੈ ਦੀ ਭੀ ਕਮੀ[33] ਨਹੀਂ ਦਿੱਸਦੀ[35]।
ਸੰਤ ਪ੍ਰਸਾਦਿ[36] ਭੇਟੇ[37] ਪ੍ਰਭੂ ਪੂਰਨ[38] [39]ਜਗਦੀਸੈ[40]॥੩॥	By saints' grace[36], I have met[37] the Master, the Perfect[38] Lord[40] of the universe[39].	ਸਾਧੂਆਂ ਦੀ ਦਇਆ[36] ਦੁਆਰਾ ਮੈਂ ਆਲਮ[39] ਦੇ ਮੁਕੰਮਲ[38] ਸੁਆਮੀ[40] ਮਾਲਕ ਨੂੰ ਮਿਲ ਪਿਆ[37] ਹਾਂ।
ਜੈ ਜੈਕਾਰੁ[41] ਸਭੈ ਕਰਹਿ ਸਚੁ[42]ਥਾਨੁ[43]ਸੁਹਾਇਆ[44]॥	All congratulate[41] me on my victory. Beauteous[44] is the abode[43] of the True Lord[42].	ਮੇਰੀ ਜਿੱਤ ਤੇ ਮੈਨੂੰ ਸਾਰੇ ਹੀ ਵਧਾਈਆਂ ਦਿੰਦੇ[41] ਹਨ। ਸੁੰਦਰ[44] ਹੈ ਸੱਚੇ ਸੁਆਮੀ[42] ਦਾ ਨਿਵਾਸ ਅਸਥਾਨ[43]।
ਜਪਿ[45] ਨਾਨਕ ਨਾਮੁ ਨਿਧਾਨ[46] ਸੁਖ[47] ਪੂਰਾ[48] ਗੁਰੁ ਪਾਇਆ[49] ॥੪॥੩੩॥੬੩॥	Obtaining[49] the Perfect[48] Guru, Nanak utters[45] the Lord's Name, the treasure[46] of peace[47].	ਪੂਰਨ[48] ਗੁਰਾਂ ਨੂੰ ਪਰਾਪਤ ਕਰ[49], ਨਾਨਕ, ਠੰਢ ਚੈਨ[47] ਦੇ ਖ਼ਜ਼ਾਨੇ[46] ਸੁਆਮੀ ਦੇ ਨਾਮ ਦਾ ਉਚਾਰਨ ਕਰਦਾ[45] ਹੈ।
ਬਿਲਾਵਲੁ ਮਹਲਾ ੫ ॥	**Bilawal 5th Guru.**	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਹਰਿ ਹਰਿ ਹਰਿ[50] ਆਰਾਧੀਐ[51] ਹੋਈਐ ਆਰੋਗ[52] ॥	Contemplating[51] the Lord Master[50] God, the mortal becomes hale and hearty[52].	ਸੁਆਮੀ ਮਾਲਕ[50] ਵਾਹਿਗੁਰੂ ਨੂੰ ਸਿਮਰ ਕੇ[51] ਪ੍ਰਾਨੀ ਨਰੋਆ[52] ਹੋ ਜਾਂਦਾ ਹੈ।
ਰਾਮ ਚੰਦ[53]ਕੀ ਲਸਟਿਕਾ[54] ਜਿਨਿ[55]ਮਾਰਿਆ[56] ਰੋਗੁ[57]॥੧॥ਰਹਾਉ॥	It is the Lord's[53] sceptre[54], with which[55] all the ailments[57] are smothered[56]. Pause.	ਇਹ ਸਾਹਿਬ[53] ਦੀ ਰਾਜ-ਸੋਟੀ[54] ਹੈ, ਜਿਸ[55] ਨਾਲ ਸਾਰੀਆਂ ਬੀਮਾਰੀਆਂ[57] ਨਸ਼ਟ ਕੀਤੀਆਂ ਜਾਂਦੀਆਂ[56] ਹਨ। ਠਹਿਰਾਉ।
ਗੁਰੁ ਪੂਰਾ[58]ਹਰਿ[59]ਜਾਪੀਐ[60] ਨਿਤ[61] ਕੀਚੈ[62] ਭੋਗੁ[63] ॥	Deliberating[60] over the Perfect[58] Divine[59] Guru the mortal ever[61] enjoys[62] peace[63].	ਪੂਰਨ[58] ਈਸ਼੍ਵਰ ਸਰੂਪ[59] ਗੁਰਾਂ ਦਾ ਧਿਆਨ ਧਾਰਨ[60] ਦੁਆਰਾ ਜੀਵ ਸਦੀਵ[61] ਹੀ ਆਰਾਮ-ਚੈਨ[63] ਮਾਣਦਾ[62] ਹੈ।
ਸਾਧ ਸੰਗਤਿ ਕੈ ਵਾਰਣੈ[64] ਮਿਲਿਆ[65] ਸੰਜੋਗੁ[66] ॥੧॥	I am devoted[64] unto the saints' society, by which I have obtained[65] union[66] with my Lord.	ਮੈਂ ਸਤਿ-ਸੰਗਤ ਉਤੋਂ ਸਦਕੇ ਜਾਂਦਾ[64] ਹਾਂ, ਜਿਸ ਦੁਆਰਾ ਮੈਨੂੰ ਆਪਣੇ ਪ੍ਰਭੂ ਦਾ ਮਿਲਾਪ[66] ਪਰਾਪਤ ਹੋ ਗਿਆ[65] ਹੈ।
ਜਿਸੁ[67] ਸਿਮਰਤ[68] ਸੁਖੁ ਪਾਈਐ ਬਿਨਸੈ[69]ਬਿਓਗੁ[70]॥	Contemplating[68] whom[67] peace is obtained and separation[70] from Him ends[69].	ਜਿਸਦਾ[67] ਆਰਾਧਨ ਕਰਨ[68] ਦੁਆਰਾ, ਆਰਾਮ ਪਰਾਪਤ ਹੁੰਦਾ ਹੈ ਅਤੇ ਉਸ ਨਾਲੋਂ ਵਿਛੋੜਾ[70] ਮਿਟ ਜਾਂਦਾ[69] ਹੈ।
ਨਾਨਕ ਪ੍ਰਭ ਸਰਣਾਗਤੀ[71] ਕਰਣ[72] ਕਾਰਣ[73] ਜੋਗੁ[74]॥੨॥੩੫॥੬੪॥	Nanak has sought the refuge[71] of the Lord, who is Omnipotent[74] to do[72] all the deeds[73].	ਨਾਨਕ ਨੇ ਸਾਹਿਬ ਦੀ ਸ਼ਰਣ[71] ਲਈ ਹੈ, ਜੋ ਸਾਰੇ ਕੰਮਾਂ[73] ਦੇ ਕਰਨ[72] ਨੂੰ ਸਰਬ-ਸ਼ਕਤੀਵਾਨ[74] ਹੈ।

ਰਾਗੁ ਬਿਲਾਵਲੁ ਮਹਲਾ ੫ ਦੁਪਦੇ ਘਰੁ ੫ ॥	Rag Bilawal. 5th Guru Dupadas.	ਰਾਗ ਬਿਲਾਵਲ ਪੰਜਵੀਂ ਪਾਤਿਸ਼ਾਹੀ ਦੁਪਦੇ ।
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਅਵਰਿ[75] ਉਪਾਵ[76] ਸਭਿ ਤਿਆਗਿਆ[77] ਦਾਰੂ[78] ਨਾਮੁ ਲਇਆ ॥	I have abandoned[77] all other[75] efforts[76] and have taken the medicine[78] of the Name alone.	ਮੈਂ ਹੋਰ[75] ਸਾਰੇ ਉਪਰਾਲੇ[76] ਛੱਡ ਦਿਤੇ[77] ਹਨ ਅਤੇ ਕੇਵਲ ਨਾਮ ਦੀ ਹੀ ਦਵਾਈ[78] ਲਈ ਹੈ ।
ਤਾਪ[79] ਪਾਪ[80] ਸਭਿ ਮਿਟੇ[81] ਰੋਗ[82] ਸੀਤਲ[83] ਮਨੁ[84] ਭਇਆ[85] ॥੧॥	The fever[79], sin[80] and all the ills[82] are eradicated[81] and my soul[84] is rendered[85] cool[83].	ਬੁਖ਼ਾਰ[79], ਪਾਪ[80] ਅਤੇ ਸਾਰੀਆਂ ਬੀਮਾਰੀਆਂ[82] ਨਾਸ ਹੋ ਗਈਆਂ[81] ਹਨ ਅਤੇ ਮੇਰੀ ਜਿੰਦੜੀ[84] ਠੰਡੀਠਾਰ[83] ਹੋ ਗਈ[85] ਹੈ ।
ਗੁਰੁ ਪੂਰਾ[86] ਆਰਾਧਿਆ[87] ਸਗਲਾ[88] ਦੁਖੁ[89] ਗਇਆ[90] ॥	Dwelling[87] on the Perfect[86] Guru, all[88] my pains[89] are dispelled[90].	ਪੂਰਨ[86] ਗੁਰਾਂ ਦਾ ਚਿੰਤਨ ਕਰਨ[87] ਦੁਆਰਾ ਮੇਰੀਆਂ ਸਾਰੀਆਂ[88] ਪੀੜਾਂ[89] ਦੂਰ ਹੋ ਗਈਆਂ[90] ਹਨ ।
ਰਾਖਨਹਾਰੈ[91] ਰਾਖਿਆ[92] ਅਪਨੀ ਕਰਿ[93] ਮਇਆ[94] ॥੧॥ ਰਹਾਉ ॥	Extending[93] His mercy[94] the Saviour[91] has saved[92] me. Pause.	ਆਪਣੀ ਰਹਿਮਤ[94] ਧਾਰ ਕੇ[93] ਬਚਾਉਣਹਾਰ[91] ਸੁਆਮੀ ਨੇ ਮੈਨੂੰ ਬਚਾ ਲਿਆ[92] ਹੈ । ਠਹਿਰਾਉ ।
ਬਾਹ[95] ਪਕੜਿ[96] ਪ੍ਰਭਿ ਕਾਢਿਆ[97] ਕੀਨਾ[98] ਅਪਨਇਆ[99] ॥	Seizing[96] me by the arm[95] the Lord has pulled[97] me out of the world's quagmire and has made[98] me His own[99].	ਭੁਜਾ[95] ਤੋਂ ਫੜ ਕੇ[96] ਸੁਆਮੀ ਨੇ ਮੈਨੂੰ ਸੰਸਾਰ ਦੀ ਘਾਣੀ ਵਿਚੋਂ ਬਾਹਰ ਕੱਢ ਲਿਆ[97] ਹੈ ਅਤੇ ਮੈਨੂੰ ਆਪਣਾ ਨਿੱਜ[99] ਦਾ ਬਣਾ ਲਿਆ[98] ਹੈ ।
ਸਿਮਰਿ[100] ਸਿਮਰਿ ਮਨ[2] ਤਨ[3] ਸੁਖੀ[4] ਨਾਨਕ ਨਿਰਭਇਆ[5] ॥੨॥੧॥੬੫॥	Reflecting[100] and pondering over the Lord Nanak's soul[2] and body[3] are in peace[4] and he has become fearless[5].	ਸਾਹਿਬ ਦਾ ਆਰਾਧਨ[100] ਅਤੇ ਚਿੰਤਨ ਕਰਨ ਦੁਆਰਾ ਨਾਨਕ ਦੀ ਆਤਮਾ[2] ਅਤੇ ਦੇਹ[3] ਆਰਾਮ[4] ਵਿਚ ਹਨ ਅਤੇ ਉਹ ਨਿੱਡਰ[5] ਹੋ ਗਿਆ ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਕਰੁ[6] ਧਰਿ[7] ਮਸਤਕਿ[8] ਥਾਪਿਆ[9] ਨਾਮੁ ਦੀਨੋ[12] ਦਾਨਿ[10] ॥	Placing[7] His hand[6] on my forehead[8], the Lord has established[9] me and has given[12] me the gift[10] of His Name.	ਮੇਰੇ ਮੱਥੇ[8] ਉਤੇ ਆਪਣਾ ਹੱਥ[6] ਰੱਖ[7], ਪ੍ਰਭੂ ਨੇ ਮੈਨੂੰ ਅਸਥਾਪਨ ਕੀਤਾ[9] ਹੈ ਅਤੇ ਮੈਨੂੰ ਆਪਣੇ ਨਾਮ ਦੀ ਦਾਤ[10] ਬਖਸ਼ੀ[12] ਹੈ ।
ਸਫਲ[13] ਸੇਵਾ[14] ਪਾਰਬ੍ਰਹਮ[15] ਕੀ ਤਾਕੀ[16] ਨਹੀ ਹਾਨਿ[17] ॥੧॥	He, who performs the fruitful[13] service[14] of the Exalted Lord[15], to him[16] no loss[17] accrues.	ਜੋ ਉੱਚੇ ਸੁਆਮੀ[15] ਦੀ ਫਲਦਾਇਕ[13] ਘਾਲ[14] ਕਮਾਉਂਦਾ ਹੈ; ਉਸ[16] ਨੂੰ ਕੋਈ ਘਾਟਾ[17] ਨਹੀਂ ਪੈਂਦਾ ।
ਆਪੇ[18] ਹੀ ਪ੍ਰਭੁ ਰਾਖਤਾ[19] ਭਗਤਨ[20] ਕੀ ਆਨਿ[21] ॥	The Lord Himself[18] saves[19] the honour[21] of His saints[20].	ਸੁਆਮੀ ਖ਼ੁਦ[18] ਹੀ ਆਪਣੇ ਸੰਤਾਂ[20] ਦੀ ਇਜ਼ਤ[21] ਰੱਖਦਾ[19] ਹੈ ।
ਜੋ ਜੋ[22] ਚਿਤਵਹਿ[23] ਸਾਧ[24]	What-so-ever[22] the holy men[24] wish[23]	ਜਿਹੜਾ ਕੁਛ[22] ਭੀ ਨੇਕ ਬੰਦੇ[24] ਚਾਹੁੰਦੇ[23] ਹਨ, ਉਹ

ਜਨ ਸੋ[25] ਲੇਤਾ ਮਾਨਿ[26] ॥ ੧॥ਰਹਾਉ॥	for, that[25] the Lord grants[26] them. Pause.	ਕੁਛ[25] ਸਾਹਿਬ ਉਨ੍ਹਾਂ ਨੂੰ ਬਖਸ਼ ਦਿੰਦਾ[26] ਹੈ। ਠਹਿਰਾਉ।
ਸਰਣਿ[27] ਪਰੇ[28] [29]ਚਰਣਾਰ-ਬਿੰਦ[30] ਜਨ[31] ਪ੍ਰਭ ਕੇ ਪ੍ਰਾਨ[32] ॥	The Lord's slaves[31], who seek[28] the refuge[27] of His lotus[30] feet[29] are dear[32] unto Him.	ਸਾਹਿਬ ਦੇ ਗੋਲੇ[31], ਜੋ ਉਸ ਦੇ ਕੰਵਲ[30] ਰੂਪੀ ਪੈਰਾਂ[29] ਦੀ ਪਨਾਹ[27] ਲੈਂਦੇ[28] ਹਨ, ਉਸ ਨੂੰ ਪਿਆਰੇ[32] ਲੱਗਦੇ ਹਨ।
ਸਹਜਿ ਸੁਭਾਇ[33] ਨਾਨਕ ਮਿਲੇ ਜੋਤੀ[34] ਜੋਤਿ[35] ਸਮਾਨ[36] ॥੨॥੨॥੬੬॥	Nanak, they automatically[33] meet with the Lord, and their light[35] merges[36] in the Supreme Light[34].	ਨਾਨਕ, ਉਹ ਆਪਣੇ ਆਪ[33] ਹੀ ਸਾਹਿਬ ਨਾਲ ਮਿਲ ਜਾਂਦੇ ਹਨ ਅਤੇ ਉਨ੍ਹਾਂ ਦਾ ਨੂਰ[35] ਪਰਮ ਨੂਰ[34] ਨਾਲ ਅਭੇਦ ਹੋ ਜਾਂਦਾ[36] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਚਰਣ[37] ਕਮਲ[38] ਕਾ ਆਸਰਾ[39] ਦੀਨੋ[40] ਪ੍ਰਭਿ ਆਪਿ ॥	The Lord Himself has given[40] me the support[39] of His lotus[38] feet[37].	ਪ੍ਰਭੂ ਨੇ ਆਪੇ ਹੀ ਆਪਣੇ ਕੰਵਲ[38] ਰੂਪੀ ਪੈਰਾਂ[37] ਦੀ ਟੇਕ[39] ਮੈਨੂੰ ਬਖਸ਼ੀ[40] ਹੈ।
ਪ੍ਰਭ ਸਰਣਾਗਤਿ[41] ਜਨ[42] ਪਰੇ[43] ਤਾਕਾ[44] ਸਦ[45] ਪਰਤਾਪੁ[46] ॥੧॥	The Lord's slaves[42], who seek[43] His shelter[41], they[44] are ever[45] renowned[46].	ਸੁਆਮੀ ਦੇ ਗੋਲੇ[42], ਜੋ ਉਸ ਦੀ ਸ਼ਰਣ[41] ਲੈਂਦੇ[43] ਹਨ, ਉਹ[44] ਹਮੇਸ਼ਾ[45] ਲਈ ਨਾਮਵਰ[46] ਹੋ ਜਾਂਦੇ ਹਨ।
ਰਾਖਨਹਾਰ[47] ਅਪਾਰ[48] ਪ੍ਰਭ ਤਾਕੀ[49] ਨਿਰਮਲ[50] ਸੇਵ[51] ॥	The Lord is the Preserver[47] and unequalled[48]. Immaculate[50] is His[49] service[51].	ਸੁਆਮੀ ਰਖਿਅਕ[47] ਅਤੇ ਲਾਸਾਨੀ[48] ਹੈ। ਪਾਵਨ ਪਵਿੱਤਰ[50] ਹੈ ਉਸ ਦੀ[49] ਟਹਿਲ ਸੇਵਾ[51]।
ਰਾਮ[52] ਰਾਜ[53] ਰਾਮਦਾਸ ਪੁਰਿ[54] ਕੀਨ੍ਹੇ ਗੁਰਦੇਵ[55] ॥ ੧॥ਰਹਾਉ॥	The Divine Guru[55] has made the city[54] of Ram Dass, God's[52] empire[53]. Pause.	ਗੁਰੂ ਪ੍ਰਮੇਸ਼ਰ[55] ਨੇ ਰਾਮਦਾਸ ਦੇ ਸ਼ਹਿਰ[54] ਨੂੰ ਵਾਹਿਗੁਰੂ[52] ਦੀ ਪਾਤਿਸ਼ਾਹੀ[53] ਬਣਾਇਆ ਹੈ। ਠਹਿਰਾਉ।
ਸਦਾ[56] ਸਦਾ ਹਰਿ ਧਿਆਈਐ[57] ਕਿਛੁ ਬਿਘਨੁ[58] ਨ ਲਾਗੈ[59] ॥	Ever[56], ever remember[67] thou thy God, thus no obstacle[58] shall befall[59] thee.	ਹਮੇਸ਼ਾ[56]; ਹਮੇਸ਼ਾ ਹੀ ਤੂੰ ਆਪਣੇ ਵਾਹਿਗੁਰੂ ਦਾ ਆਰਾਧਨ[57] ਕਰ ਇੰਜ ਤੈਨੂੰ ਕੋਈ ਔਕੜ[58] ਪੇਸ਼[59] ਨਹੀਂ ਆਵੇਗੀ।
ਨਾਨਕ ਨਾਮੁ ਸਲਾਹੀਐ[60] ਭਇ[61] ਦੁਸਮਨ[62] ਭਾਗੈ[63] ॥੨॥੩॥੬੭॥	Nanak, by praising[60] the Name, the fear[61] of enemies[62] flees away[63].	ਨਾਨਕ ਨਾਮ ਦੀ ਸਿਫ਼ਤ[60] ਕਰਨ ਦੁਆਰਾ, ਵੈਰੀਆਂ[62] ਦਾ ਡਰ[61] ਦੌੜ ਜਾਂਦਾ[63] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਮਨਿ[64] ਤਨਿ[65] ਪ੍ਰਭੁ ਆਰਾਧੀਐ[66] ਮਿਲਿ[67] ਸਾਧ ਸਮਾਗੈ[68] ॥	Joining[67] the society of saints[68], remember[66] thou thy Lord with thy soul[64] and body[65].	ਸਤਿ ਸੰਗਤ[68] ਨਾਲ ਜੁੜ ਕੇ[67], ਤੂੰ ਆਪਣੀ ਜਿੰਦੜੀ[64] ਤੇ ਦੇਹ[65] ਨਾਲ ਆਪਣੇ ਸੁਆਮੀ ਦਾ ਸਿਮਰਨ[66] ਕਰ।
ਉਚਰਤ[69] ਗੁਨ[70] [71]ਗੋਪਾਲ[72] ਜਸੁ[73] ਦੂਰ[74] ਤੇ ਜਮੁ[75] ਭਾਗੈ[76] ॥੧॥	Uttering[69] the excellences[70] and praises[73] of the [71]World-Cherisher[72], death's courier[75] runs away[76] from afar[74].	ਸੰਸਾਰ[71] ਦੇ ਪਾਲਣ-ਪੋਸਣਹਾਰ[72] ਦੀਆਂ ਵਡਿਆਈਆਂ[70] ਅਤੇ ਸਿਫ਼ਤਾਂ[73] ਉਚਾਰਨ[69] ਕਰਨ ਦੁਆਰਾ, ਮੌਤ ਦਾ ਦੂਤ[75] ਦੂਰ ਤੋਂ[74] ਹੀ ਦੌੜ ਜਾਂਦਾ[76] ਹੈ।

ਰਾਮ[77] ਨਾਮੁ ਜੋ[78] ਜਨੁ[79] ਜਪੈ[80] ਅਨਦਿਨੁ[81] ਸਦ[82] ਜਾਗੈ[83] ॥

The[78] man[79], who night[81] and day utters[80] the Lord's[77] Name ever[82] remains wakeful[83].

ਜਿਹੜਾ[78] ਇਨਸਾਨ[79] ਰਾਤ[81] ਦਿਨ ਸੁਆਮੀ[77] ਦੇ ਨਾਮ ਨੂੰ ਉਚਾਰਦਾ[80] ਹੈ, ਉਹ ਸਦੀਵ[82] ਹੀ ਖ਼ਬਰਦਾਰ[83] ਰਹਿੰਦਾ ਹੈ ।

੮੧੮ 818

ਤੰਤੁ ਮੰਤੁ[84] ਨਹ ਜੋਹਈ[85] ਤਿਤੁ[86] ਚਾਖੁ[87] ਨ ਲਾਗੈ॥ ੧॥ਰਹਾਉ॥

Charm and spell[84] affect[85] him not, nor an evil eye[87] does him[86] any harm. Pause.

ਜਾਦੂ ਅਤੇ ਟੂਣੇ-ਟਾਮਣ[84], ਉਸ ਉਤੇ ਅਸਰ ਨਹੀਂ ਕਰਦੇ[85], ਨਾ ਹੀ ਬੁਰੀ ਨਜ਼ਰ[87] ਉਸਦਾ[86] ਕੋਈ ਨੁਕਸਾਨ ਕਰਦੀ ਹੈ । ਠਹਿਰਾਉ ।

ਕਾਮ[88] ਕ੍ਰੋਧ[89] ਮਦ[90] ਮਾਨ[91] ਮੋਹ[92] ਬਿਨਸੇ[93] ਅਨਰਾਗੈ[94]॥

By Lord's love[94] his lust[88], wrath[89], intoxication[90] of ego[91] and worldly attachment[92] are dispelled[93].

ਪ੍ਰਭੂ ਦੀ ਪ੍ਰੀਤ[94] ਦੁਆਰਾ, ਉਸ ਦਾ ਵਿਸ਼ੇ ਭੋਗ[88], ਗੁੱਸਾ[89] ਹੰਕਾਰ[91] ਦੀ ਮਸਤੀ[90] ਅਤੇ ਸੰਸਾਰੀ ਲਗਨ[92] ਨਾਸ ਹੋ ਜਾਂਦੇ[93] ਹਨ ।

ਆਨੰਦ[95] ਮਗਨ[96] ਰਸਿ[97] ਰਾਮ[99] ਰੰਗਿ[98] ਨਾਨਕ ਸਰਨਾਗੈ[100] ॥੨॥੪॥੬੮॥

He, who enters the Lord's[99] asylum[100], O Nanak, remains merged[96] in the bliss[95] of the Nectar[97] of His love[98].

ਜੋ ਸੁਆਮੀ[99] ਦੀ ਪਨਾਹ[100] ਲੈਂਦਾ ਹੈ, ਹੇ ਨਾਨਕ ! ਉਹ ਉਸ ਦੇ ਪ੍ਰੇਮ[98] ਦੇ ਅੰਮ੍ਰਿਤ[97] ਦੀ ਖ਼ੁਸ਼ੀ[95] ਵਿਚ ਲੀਨ[96] ਰਹਿੰਦਾ ਹੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਜੀਅ[2] ਜੁਗਤਿ[3] ਵਸਿ[4] ਪ੍ਰਭੂ ਕੈ ਜੋ[5] ਕਹੈ[7] ਸੁ[6] ਕਰਨਾ ॥

The creatures[2] and their designs[3] are in the Lord's power[4]. What[5] He orders[7], verily[6] that do they.

ਜੀਵ[2] ਤੇ ਉਨ੍ਹਾਂ ਦੀਆਂ ਤਦਬੀਰਾਂ[3] ਸੁਆਮੀ ਦੇ ਇਖ਼ਤਿਆਰ[4] ਵਿਚ ਹਨ । ਜਿਹੜਾ ਕੁਛ[5] ਉਹ ਹੁਕਮ ਕਰਦਾ[7] ਹੈ, ਉਹ ਹੀ[6] ਉਹ ਕਰਦੇ ਹਨ ।

ਭਏ ਪ੍ਰਸੰਨ[8] ਗੋਪਾਲ[9] ਰਾਇ[10] ਭਉ[12] ਕਿਛੁ ਨਹੀ ਕਰਨਾ ॥੧॥

When Lord[9], the King[10], is pleased[8], there is no need to fear[12].

ਜਦ ਪ੍ਰਭੂ[9]-ਪਾਤਿਸ਼ਾਹ[10] ਖ਼ੁਸ਼ ਹੋ ਜਾਂਦਾ[8] ਹੈ ਤਾਂ ਡਰਨ[12] ਦੀ ਕੁਝ ਭੀ ਲੋੜ ਨਹੀਂ ।

ਦੂਖੁ[13] ਨ ਲਾਗੈ[14] ਕਦੇ[15] ਤੁਧੁ ਪਾਰਬ੍ਰਹਮੁ[16] ਚਿਤਾਰੇ[17]॥

No pain[13] shall ever[15] affect[14] thee, O mortal, by meditating[17] on the Transcendent Lord[16].

ਪਰਮ ਪ੍ਰਭੂ[16] ਨੂੰ ਯਾਦ ਕਰਨ[17] ਦੁਆਰਾ, ਹੇ ਪ੍ਰਾਨੀ ਤੈਨੂੰ ਕਦਾਚਿੱਤ[15] ਕੋਈ ਤਕਲੀਫ਼[13] ਨਹੀਂ ਵਾਪਰੇਗੀ[14] ।

ਜਮ[18] ਕੰਕਰੁ[19] ਨੇੜਿ[20] ਨ ਆਵਈ ਗੁਰ ਸਿਖ ਪਿਆਰੇ[21] ॥੧॥ਰਹਾਉ॥

The Death's[18] Minister[19] draws not near[20] the Guru's beloved[21] Sikhs. Pause.

ਮੌਤ[18] ਦਾ ਦੂਤ[19] ਗੁਰਾਂ ਦੇ ਲਾਡਲੇ[21] ਸਿੱਖਾਂ ਦੇ ਲਾਗੇ[20] ਨਹੀਂ ਲੱਗਦਾ । ਠਹਿਰਾਉ ।

ਕਰਣ ਕਾਰਣ[22] ਸਮਰਥੁ[23] ਹੈ ਤਿਸੁ[24] ਬਿਨੁ[25] ਨਹੀ ਹੋਰੁ[26] ॥ ਨਾਨਕ ਪ੍ਰਭ ਸਰਣਾਗਤੀ[27] ਸਾਚਾ[28] ਮਨਿ[30] ਜੋਰੁ[29] ॥੨॥੫॥੬੯॥

All-powerful[23] is the Cause of causes[22]. Without[25] Him[24] there is not another[26]. Nanak has entered the Lord's sanctuary[27] and the True One's[28] power[29] is his mind's[30] support.

ਸਰਬਸ਼ਕਤੀਵਾਨ[23] ਹੈ ਹੇਤੂਆਂ[22] ਦਾ ਹੇਤੂ । ਉਸ ਦੇ[24] ਬਾਝੋਂ[25] ਹੋਰਸ ਕੋਈ[26] ਹੈ ਹੀ ਨਹੀਂ । ਨਾਨਕ ਨੇ ਸੁਆਮੀ ਦੀ ਓਟ[27] ਲਈ ਹੈ ਅਤੇ ਸਤਿਪੁਰਖ[28] ਦੀ ਸਤਿਆ[29] ਦਾ ਹੀ ਉਸ ਦੇ ਚਿੱਤ[30] ਅੰਦਰ ਆਸਰਾ ਹੈ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਸਿਮਰਿ[31] ਸਿਮਰਿ ਪ੍ਰਭੁ

Reflecting[31] and pondering over my

ਆਪਣੇ ਸੁਆਮੀ ਦਾ ਚਿੰਤਨ[31] ਅਤੇ ਆਰਾਧਨ ਕਰਨ

ਆਪਨਾ ਨਾਠਾ[32] ਦੂਖ[33] ਠਾਉ[34] ॥	Lord, the abode[34] of anguish[33] is removed[32].	ਦੁਆਰਾ ਪੀੜ[33] ਦਾ ਟਿਕਾਣਾ[34] ਦੂਰ ਹੋ ਗਿਆ[32] ਹੈ।
ਬਿਸ੍ਰਾਮ[35] ਪਾਏ ਮਿਲਿ ਸਾਧ ਸੰਗਿ ਤਾਤੇ[36] ਬਹੁੜਿ[37] ਨ ਧਾਉ[38] ॥੧॥	Meeting with the saints' guild I have found peace[35] and from there[36] I shall wander[38] no more[37].	ਸਤਿ-ਸੰਗਤ ਨਾਲ ਮਿਲ ਕੇ ਮੈਂ ਆਰਾਮ[35] ਪਰਾਪਤ ਕਰ ਲਿਆ ਹੈ ਅਤੇ ਓਥੋਂ[36] ਮੈਂ ਫਿਰ[37] ਹੋਰ ਕਿਧਰੇ ਨਹੀਂ ਭਟਕਾਂਗਾ[38]।
ਬਲਿਹਾਰੀ[39] ਗੁਰ ਆਪਨੇ ਚਰਨਨ੍ਹ[40] ਬਲਿ[41] ਜਾਉ ॥	I am devoted[39] unto my Guru and am a sacrifice[41] unto his feet[40].	ਮੈਂ ਆਪਣੇ ਗੁਰਾਂ ਉਤੋਂ ਸਦਕੇ ਜਾਂਦਾ[39] ਹਾਂ ਅਤੇ ਉਨ੍ਹਾਂ ਦੇ ਪੈਰਾਂ[40] ਤੋਂ ਕੁਰਬਾਨ[41] ਹਾਂ।
ਅਨਦ[42] ਸੂਖ[43] ਮੰਗਲ[44] ਬਨੇ[45] ਪੇਖਤ[46] ਗੁਨ[47] ਗਾਉ[48] ॥੧॥ਰਹਾਉ॥	Seeing[46] the Guru, I sing[48] the Lord's praise[47] and am blessed with[45] pleasure[42], peace[43] and bliss[44]. Pause.	ਗੁਰਾਂ ਨੂੰ ਵੇਖ ਕੇ[46] ਮੈਂ ਪ੍ਰਭੂ ਦਾ ਜੱਸ[47] ਗਾਇਨ ਕਰਦਾ[48] ਹਾਂ ਅਤੇ ਮੈਨੂੰ ਪ੍ਰਸੰਨਤਾ[42], ਆਰਾਮ ਚੈਨ[43] ਤੇ ਖ਼ੁਸ਼ੀ[44] ਦੀ ਦਾਤ ਮਿਲਦੀ[45] ਹੈ। ਠਹਿਰਾਉ।
ਕਥਾ[49] ਕੀਰਤਨੁ[50] ਰਾਗ[51] ਨਾਦ[52] ਧੁਨਿ[53] ਇਹੁ ਬਨਿਓ ਸੁਆਉ[54] ॥	To utter Lord's discourse[49] and praise[50] and to hear the resounding[53] of His melodious[51] music[52], this has become the aim of my life[54].	ਸੁਆਮੀ ਦੀ ਗਿਆਨ ਗੋਸ਼ਟ[49] ਤੇ ਕੀਰਤੀ[50] ਵਰਣਨ ਕਰਨੀ ਅਤੇ ਉਸ ਦੇ ਸੁਰੀਲੇ[51] ਤਰਾਨੇ[52] ਦੀ ਗੂੰਜ[53] ਸੁਣਨੀ, ਇਹ ਮੇਰੇ ਜੀਵਨ ਦਾ ਮਨੋਰਥ[54] ਬਣ ਗਿਆ ਹੈ।
ਨਾਨਕ ਪ੍ਰਭ ਸੁ ਪ੍ਰਸੰਨ[55] ਭਏ ਬਾਂਛਤ[56] ਫਲ[57] ਪਾਉ ॥੨॥੬॥੭੦॥	Nanak, the Lord is highly pleased[55] with me and I have obtained my heart-desired[56] fruits[57].	ਨਾਨਕ, ਪ੍ਰਭੂ ਮੇਰੇ ਉਤੇ ਪਰਮ ਪਰਸੰਨ ਹੋ ਗਿਆ[55] ਹੈ ਅਤੇ ਮੈਂ ਆਪਣੇ ਚਿਤ-ਚਾਹੁੰਦੇ[56] ਮੇਵੇ[57] ਪਰਾਪਤ ਕਰ ਲਏ ਹਨ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਦਾਸ[58] ਤੇਰੇ ਕੀ ਬੇਨਤੀ[59] ਰਿਦ[60] ਕਰਿ ਪਰਗਾਸੁ[61] ॥	This is the prayer[59] of Thine attendant[58], "O Supreme Lord[63], illumine[61] Thou my mind[60]".	ਇਹ ਹੈ ਤੇਰੇ ਸੇਵਕ[58] ਦੀ ਪ੍ਰਾਰਥਨਾ[59], "ਹੇ ਸ਼ਰੋਮਣੀ ਸਾਹਿਬ[63]! ਤੂੰ ਮੇਰੇ ਹਿਰਦੇ[60] ਨੂੰ ਰੋਸ਼ਨ ਕਰ[61]।"
ਤੁਮ੍ਹਰੀ ਕ੍ਰਿਪਾ[62] ਤੇ ਪਾਰਬ੍ਰਹਮ[63] ਦੋਖਨ[64] ਕੋ ਨਾਸੁ[65] ॥੧॥	By Thine grace[62], all my sins[64] shall be effaced[65].	ਤੇਰੀ ਰਹਿਮਤ[62] ਦੁਆਰਾ, ਮੇਰੇ ਸਾਰੇ ਪਾਪ[64] ਨਸ਼ਟ ਹੋ ਜਾਣਗੇ[65]।
ਚਰਨ[66] ਕਮਲ[67] ਕਾ ਆਸਰਾ[68] ਪ੍ਰਭ ਪੁਰਖ[69] [70]ਗੁਣਤਾਸੁ[71] ॥	I have the support[68] of the lotus[67] feet[66] of the Omnipotent[69] Lord, the Treasure[71] of virtues[70].	ਮੈਨੂੰ ਨੇਕੀਆਂ[70] ਦੇ ਖ਼ਜ਼ਾਨੇ[71], ਸਰਬ-ਸ਼ਕਤੀਵਾਨ[69] ਸੁਆਮੀ ਦੇ ਕੰਵਲ[67] ਰੂਪੀ ਪੈਰਾਂ[66] ਦੀ ਓਟ[68] ਹੈ।
ਕੀਰਤਨ[72] ਨਾਮੁ ਸਿਮਰਤ[73] ਰਹਉ ਜਬ ਲਗੁ[74] ਘਟਿ[75] ਸਾਸੁ[76] ॥੧॥ਰਹਾਉ॥	I shall continue to remember[73] the praise[72] of Thy Name, so long as[74] there is breath[76] in my body[75]. Pause.	ਜਦ ਤਾਈਂ[74] ਮੇਰੀ ਦੇਹ[75] ਵਿਚ ਸੁਆਸ[76] ਹੈ, ਮੈਂ ਤੇਰੇ ਨਾਮ ਦੀ ਮਹਿਮਾ[72] ਦਾ ਚਿੰਤਨ ਕਰਦਾ[73] ਰਹਾਂਗਾ। ਠਹਿਰਾਉ।
ਮਾਤ[77] ਪਿਤਾ[78] ਬੰਧਪ[79] ਤੂ ਹੈ ਤੂ ਸਰਬ[80] ਨਿਵਾਸੁ[81] ॥	Thou art my mother[77], father[78] and kinsman[79] and Thou abidest[81] amongst all[80].	ਤੂੰ ਮੇਰੀ ਅੰਮੜੀ[77], ਬਾਬਲ[78] ਅਤੇ ਸਾਕ-ਸੈਨ[79] ਹੈਂ ਅਤੇ ਤੂੰ ਹੀ ਸਾਰਿਆਂ[80] ਅੰਦਰ ਵਸਦਾ[81] ਹੈਂ।

ਨਾਨਕ ਪ੍ਰਭ ਸਰਣਾਗਤੀ[82] ਜਾ ਕੇ[83] ਨਿਰਮਲ[84] ਜਾਸੁ[85]॥ ੨॥੭॥੭੧॥

Nanak has sought the protection[82] of the Lord, immaculate[84] is whose[83] praise[85].

ਨਾਨਕ ਨੇ ਉਸ ਪ੍ਰਭੂ ਦੀ ਪਨਾਹ[82] ਲਈ ਹੈ, ਪਾਵਨ ਪਵਿੱਤਰ[84] ਹੈ ਜਿਸ[83] ਦੀ ਕੀਰਤੀ[85] ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਸਰਬ[86] ਸਿਧਿ[87] ਹਰਿ ਗਾਈਐ[88] ਸਭਿ[89] ਭਲਾ[90] ਮਨਾਵਹਿ[91] ॥

Singing[88] God's praise, the mortal obtains all[86] the perfections[87] and every one[89] wishes[91] him well[90].

ਵਾਹਿਗੁਰੂ ਦਾ ਜੱਸ ਗਾਇਨ ਕਰਨ[88] ਦੁਆਰਾ, ਪ੍ਰਾਣੀ ਸਮੂਹ[86] ਪੂਰਨਤਾਈਆਂ[87] ਪਾ ਲੈਂਦਾ ਹੈ ਅਤੇ ਹਰ ਕੋਈ[89] ਉਸ ਦੀ ਭਲਿਆਈ[90] ਲੋੜਦਾ[91] ਹੈ ।

ਸਾਧੁ[92] ਸਾਧੁ ਮੁਖ[93] ਤੇ ਕਹਹਿ[94] ਸੁਣਿ[95] ਦਾਸ[96] ਮਿਲਾਵਹਿ[97] ॥੧॥

With their mouth[93], all address[94] him as a saint[92], a saint, and hearing[95] of him, the Lord's slaves[96] come to meet[97] him.

ਆਪਣੇ ਮੂੰਹ[93] ਨਾਲ ਸਾਰੇ ਹੀ ਉਸ ਨੂੰ ਸੰਤ[92], ਸੰਤ ਕਰਕੇ ਨਿਵੇਦਨ ਕਰਦੇ[94] ਹਨ ਅਤੇ ਉਸ ਬਾਰੇ ਸੁਣ ਕੇ[95] ਪ੍ਰਭੂ ਦੇ ਗੋਲੇ[96] ਉਸ ਨੂੰ ਮਿਲਣ[97] ਆਉਂਦੇ ਹਨ ।

ਸੂਖ[98] ਸਹਜ[99] ਕਲਿਆਣ[100] ਰਸ[2] ਪੂਰੈ[3] ਗੁਰਿ ਕੀਨ[4] ॥

The Perfect[3] Guru, blesses[4] him with peace[98], poise[99], salvation[100] and bliss[2].

ਪੂਰਨ[3] ਗੁਰਦੇਵ ਜੀ ਉਸ ਨੂੰ ਆਰਾਮ[98], ਅਡੋਲਤਾ[99], ਮੁਕਤੀ[100] ਅਤੇ ਪ੍ਰਸੰਨਤਾ[2] ਦੀ ਬਖ਼ਸ਼ਿਸ਼ ਕਰਦੇ[4] ਹਨ ।

ਜੀਅ[5] ਸਗਲ[6] ਦਇਆਲ[7] ਭਏ[8] ਹਰਿ ਹਰਿ[9] ਨਾਮੁ ਚੀਨ[10] ॥੧॥ਰਹਾਉ॥

All[6] the beings[5] become[8] compassionate[7] to him and he ever contemplates[10] the Lord Master's[9] Name. Pause.

ਸਾਰੇ[6] ਜੀਵ[5] ਉਸ ਉਤੇ ਮਿਹਰਬਾਨ[7] ਹੋ ਜਾਂਦੇ[8] ਹਨ ਅਤੇ ਉਹ ਸਦਾ ਹੀ ਸੁਆਮੀ ਮਾਲਕ[9] ਦੇ ਨਾਮ ਦਾ ਸਿਮਰਨ ਕਰਦਾ[10] ਹੈ । ਠਹਿਰਾਉ ।

ਪੂਰਿ ਰਹਿਓ[12] ਸਰਬਤ੍ਰ[13] ਮਹਿ[16] ਪ੍ਰਭ ਗੁਣੀ[14] ਗਹੀਰ[15] ॥

Our Lord, the ocean[15] of excellences[14] is fully contained[12] amongst[16] all[13].

ਗੁਣਾਂ[14] ਦਾ ਸਮੁੰਦਰ[15], ਸਾਡਾ ਸੁਆਮੀ ਸਾਰਿਆਂ[13] ਅੰਦਰ[16] ਪਰੀਪੂਰਨ ਹੋ ਰਿਹਾ[12] ਹੈ ।

ਨਾਨਕ ਭਗਤ[17] ਆਨੰਦ[18]-ਮੈ[19] ਪੇਖਿ[21] ਪ੍ਰਭ ਕੀ ਧੀਰ[20] ॥੨॥੮॥੭੨॥

Nanak, seeing[21] the sedatenss[20] of the Lord, His devotees[17] abide in[19] bliss[18].

ਨਾਨਕ, ਸੁਆਮੀ ਦੀ ਸਹਿਨਸ਼ੀਲਤਾ[20] ਵੇਖ[21], ਉਸ ਦੇ ਸ਼ਰਧਾਲੂ[17] ਖ਼ੁਸ਼ੀ[18] ਅੰਦਰ[19] ਵਸਦੇ ਹਨ ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਅਰਦਾਸਿ[22] ਸੁਣੀ ਦਾਤਾਰਿ[24] ਪ੍ਰਭਿ ਹੋਏ ਕਿਰਪਾਲ[25] ॥

Becoming merciful[25], my Beneficent[24] Lord has hearkened[23] to my prayer[22].

ਮਿਹਰਬਾਨ[25] ਹੋ ਕੇ, ਮੇਰੇ ਸਖੀ[24] ਸੁਆਮੀ ਨੇ ਮੇਰੀ ਪ੍ਰਾਰਥਨਾ[22] ਸੁਣ ਲਈ[23] ਹੈ ।

ਰਾਖਿ ਲੀਆ ਅਪਨਾ ਸੇਵਕੋ[26] ਮੁਖਿ[27] ਨਿੰਦਕ[28] ਛਾਰੁ[29] ॥੧॥

The Lord has saved His slave[26] and put ashes[29] into the mouth[27] of the slanderer[28].

ਸਾਹਿਬ ਨੇ ਆਪਣੇ ਗੋਲੇ[26] ਦੀ ਰਖਿਆ ਕੀਤੀ ਹੈ ਅਤੇ ਬਦਖੋਈ ਕਰਨ ਵਾਲੇ[28] ਦੇ ਮੂੰਹ[27] ਵਿਚ ਸੁਆਹ[29] ਪਾ ਦਿੱਤੀ ਹੈ ।

ਤੁਝਹਿ ਨ ਜੋਹੈ[30] ਕੋ ਮੀਤ[31] ਜਨ[32] ਤੂੰ ਗੁਰ ਕਾ ਦਾਸ[33]॥

O man[32], my friend[31], none can stalk[30] thee now, for thou art the slave[33] of the Guru.

ਹੇ ਇਨਸਾਨ[32] ਮੇਰੇ ਮਿਤ੍ਰ[31], ਕੋਈ ਜਣਾ ਹੁਣ ਤੈਨੂੰ ਤੱਕ[30] ਨਹੀਂ ਸਕਦਾ ਕਿਉਂਕਿ ਤੂੰ ਗੁਰਾਂ ਦਾ ਗੁਮਾਸ਼ਤਾ[33] ਹੈਂ ।

ਪਾਰਬ੍ਰਹਮਿ[34] ਤੂ ਰਾਖਿਆ[35]

By giving[36] His hand[37], the Transcen-

ਆਪਣਾ ਹੱਥ[37] ਦੇ ਕੇ[36] ਪਰਮ ਪ੍ਰਭੂ[34] ਨੇ ਤੇਰੀ ਰਖਿਆ

ਦੇ[36] ਅਪਨੇ ਹਾਥ[37] ॥੧॥ ਰਹਾਉ ॥	dent Lord[34] has saved[35] thee. Pause.	ਕੀਤੀ[35] ਹੈ । ਠਹਿਰਾਉ ।
ਜੀਅਨ[38] ਤਾ ਦਾਤਾ[39] ਏਕੁ[40] ਹੈ ਬੀਆ[41] ਨਹੀ ਹੋਰੁ[42] ॥	The One Lord[40] is the Giver[39] of all the beings[38]. There is not any other[42] second[41].	ਇਕ ਸੁਆਮੀ[40] ਹੀ ਸਾਰਿਆਂ ਜੀਵਾਂ[38] ਨੂੰ ਦੇਣ ਵਾਲਾ[39] ਹੈ । ਹੋਰ[42] ਦੂਸਰਾ[41] ਕੋਈ ਨਹੀਂ ।
ਨਾਨਕ ਕੀ ਬੇਨੰਤੀਆ[43] ਮੈ ਤੇਰਾ ਜੋਰੁ[44] ॥੨॥੯॥੭੩॥	Prays[43] Nanak, "O Lord, Thou alone art my strength[44]".	ਗੁਰੂ ਜੀ ਪ੍ਰਾਰਥਨਾ ਕਰਦੇ[43] ਹਨ : "ਹੇ ਸੁਆਮੀ ! ਕੇਵਲ ਤੂੰ ਹੀ ਮੇਰੀ ਤਾਕਤ[44] ਹੈਂ" ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਸ਼ਾਹੀ ।
ਮੀਤ[45] ਹਮਾਰੇ ਸਾਜਨਾ[46] ਰਾਖੇ[47] ਗੋਵਿੰਦ[48] ॥	The Lord[48] of the universe[47] has saved my intimates[45] and friends[46].	ਆਲਮ[47] ਦੇ ਸੁਆਮੀ[48] ਨੇ ਮੇਰੇ ਮਿਤਰਾਂ[45] ਅਤੇ ਦੋਸਤਾਂ[46] ਦੀ ਰਖਿਆ ਕੀਤੀ ਹੈ ।
ਨਿੰਦਕ[49] ਮਿਰਤਕ[50] ਹੋਇ ਗਏ ਤੁਮ੍ ਹੋਹੁ ਨਿਚਿੰਦ[51] ॥ ੧॥ਰਹਾਉ॥	The slanderers[49] have died[50], be thou unanxious[51] therefore. Pause.	ਦੂਸ਼ਨ ਲਾਉਣ ਵਾਲੇ[49] ਮਰ[50] ਗਏ ਹਨ, ਇਸ ਲਈ ਤੂੰ ਹੁਣ ਬੇਫ਼ਿਕਰ[51] ਹੋ ਜਾ । ਠਹਿਰਾਉ ।
੮੧੯	819	੮੧੯
ਸਗਲ[52] ਮਨੋਰਥ[53] ਪ੍ਰਭਿ ਕੀਏ[54] ਭੇਟੇ[55] ਗੁਰਦੇਵ[56] ॥	The Lord has fulfilled[54] all[52] my desires[53] and I have met[55] the Guru-God[56].	ਸਾਹਿਬ ਨੇ ਮੇਰੀਆਂ ਸਾਰੀਆਂ[52] ਅਭਿਲਾਸ਼ਾਂ[53] ਪੂਰਨ ਕਰ ਦਿੱਤੀਆਂ[54] ਹਨ ਅਤੇ ਮੈਂ ਗੁਰੂ-ਪ੍ਰਮੇਸ਼ਰ[56] ਨੂੰ ਮਿਲ ਪਿਆ[55] ਹਾਂ ।
ਜੈ ਜੈਕਾਰੁ[57] ਜਗਤ[58] ਮਹਿ[59] ਸਫਲ[60] ਜਾਕੀ[61] ਸੇਵ[62] ॥੧॥	In[59] this world[58] praise[57] be to the Lord, fruitful[60] is whose[61] service[62].	ਇਸ ਸੰਸਾਰ[58] ਅੰਦਰ[59] ਮਹਿਮਾ[57] ਸੁਆਮੀ ਦੀ ਹੈ । ਫਲਦਾਇਕ[60] ਹੈ ਜਿਸ[61] ਦੀ ਟਹਿਲ[62] ਸੇਵਾ ।
ਊਚ[63] ਅਪਾਰ[64] ਅਗਨਤ[65] ਹਰਿ ਸਭਿ ਜੀਅ[66] ਜਿਸੁ ਹਾਥਿ[67] ॥	Lofty[63], Infinite[64] and Immeasurable[65] is the Lord, in whose hand[67] are all the beings[66].	ਬੁਲੰਦ[63] ਬੇਅੰਤ[64] ਅਤੇ ਬੇਅੰਦਾਜ਼[65] ਹੈ ਪ੍ਰਭੂ, ਜਿਸ ਦੇ ਹੱਥ[67] ਅੰਦਰ ਹਨ ਸਾਰੇ ਜੀਵ ਜੰਤੂ[66] ।
ਨਾਨਕ ਪ੍ਰਭੁ ਸਰਣਾਗਤੀ[68] ਜਤ ਕਤ[69] ਮੇਰੈ ਸਾਥਿ[70] ॥ ੨॥੧੦॥੭੪॥	Nanak has entered the sanctuary[68] of the Lord, who is with[70] him everywhere[69].	ਨਾਨਕ ਨੇ ਸਾਹਿਬ ਦੀ ਸ਼ਰਣ[68] ਲਈ ਹੈ, ਜੋ ਹਰ ਥਾਂ[69] ਉਸ ਦੇ ਅੰਗ ਸੰਗ[70] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਗੁਰੁ ਪੂਰਾ[71] ਆਰਾਧਿਆ[72] ਹੋਏ ਕਿਰਪਾਲ[73] ॥	I have contemplated[72] the Perfect[71] Guru and he has become merciful[73] unto me.	ਮੈਂ ਪੂਰਨ[71] ਗੁਰਾਂ ਦਾ ਚਿੰਤਨ ਕੀਤਾ[72] ਹੈ ਅਤੇ ਉਹ ਮੇਰੇ ਉਤੇ ਮਿਹਰਬਾਨ[73] ਹੋ ਗਏ ਹਨ ।
ਮਾਰਗੁ[74] ਸੰਤਿ ਬਤਾਇਆ[75] ਤੂਟੇ[76] ਜਮ[77] ਜਾਲ[78] ॥੧॥	The saint has shown[75] me the way[74] and the death's[77] noose[78] is cut[76] for me.	ਸਾਧੂ ਨੇ ਮੈਨੂੰ ਰਸਤਾ[74] ਵਿਖਾਲ ਦਿਤਾ[75] ਹੈ ਅਤੇ ਮੇਰੇ ਲਈ ਮੌਤ[77] ਦੀ ਫਾਹੀ[78] ਕਟੀ ਗਈ[76] ਹੈ ।
ਦੂਖ[79] ਭੂਖ[80] ਸੰਸਾ[81] ਮਿਟਿਆ[82] ਗਾਵਤ[83] ਪ੍ਰਭ ਨਾਮ ॥	Singing[83] the praise of the Lord's Name, my pain[79], hunger[80] and doubt[81] have departed[82].	ਸਾਂਈਂ ਦੇ ਨਾਮ ਦਾ ਜੱਸ ਗਾਇਨ ਕਰਨ[83] ਦੁਆਰਾ, ਮੇਰੀ ਪੀੜ[79], ਭੁੱਖ[80] ਅਤੇ ਵਹਿਮ[81] ਦੂਰ ਹੋ ਗਏ[82] ਹਨ ।

ਸਹਜ[84] ਸੂਖ[85] ਆਨੰਦ[86] ਰਸ[87] ਪੂਰਨ[88] ਸਭਿ ਕਾਮ[89]॥ ੧॥ਰਹਾਉ॥	I am blessed with poise[84], peace[85], pleasure[86] and comforts[87] and mine affairs[89] are all arranged[88]. Pause.	ਮੈਨੂੰ ਅਡੋਲਤਾ[84], ਠੰਢ-ਚੈਨ[85], ਖ਼ੁਸ਼ੀ[86] ਅਤੇ ਆਰਾਮ[87] ਪਰਾਪਤ ਹੋ ਗਏ ਹਨ ਅਤੇ ਮੇਰੇ ਸਾਰੇ ਕਾਰਜ[89] ਸੌਰ ਗਏ[88] ਹਨ। ਠਹਿਰਾਉ।
ਜਲਨਿ[90] ਬੁਝੀ[91] ਸੀਤਲ[92] ਭਏ ਰਾਖੇ[93] ਪ੍ਰਭਿ ਆਪ ॥	The fire[90] is quenched[91]. I have become cool[92] and the Lord Himself has saved[93] me.	ਅੱਗ[90] ਬੁਝ ਗਈ[91] ਹੈ। ਮੈਂ ਠੰਢਾ-ਠਾਰ[92] ਹੋ ਗਿਆ ਹਾਂ ਅਤੇ ਸੁਆਮੀ ਨੇ ਖ਼ੁਦ ਮੇਰੀ ਰਖਿਆ ਕੀਤੀ[93] ਹੈ।
ਨਾਨਕ ਪ੍ਰਭ ਸਰਣਾਗਤੀ[94] ਜਾਕਾ ਵਡ[95] ਪਰਤਾਪ[96] ॥ ੨॥੧੧॥੭੫॥	Nanak has sought the refuge[94] of the Lord, great[95] is whose glory[96].	ਨਾਨਕ ਨੇ ਸਾਹਿਬ ਦੀ ਓਟ[94] ਲਈ ਹੈ, ਵਿਸ਼ਾਲ[95] ਹੈ ਜਿਸ ਦਾ ਤਪ-ਤੇਜ[96]।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਧਰਤਿ[97] ਸੁਹਾਵੀ[98] ਸਫਲ[99] ਥਾਨੁ[100] ਪੂਰਨ[2] ਭਏ ਕਾਮ[3] ॥ ਭਉ[4] ਨਾਠਾ[5] ਭ੍ਰਮੁ[6] ਮਿਟਿ[7] ਗਇਆ ਰਵਿਆ[8] ਨਿਤ[9] ਰਾਮ[10] ॥੧॥	By ever[9] meditating[8] on the Lord[10], the body-field[97] is beautified[98], the mind-site[100] is blessed[99], affairs[3] are adjusted[2], fear[4] flees[5] and doubt[6] is dispelled[7].	ਸਦਾ[9] ਸਾਹਿਬ[10] ਦਾ ਸਿਮਰਨ[8] ਕਰਨ ਦੁਆਰਾ ਦੇਹ-ਖੇਤ[97] ਸੁਹਾਵਣਾ[98] ਹੋ ਜਾਂਦਾ ਹੈ, ਹਿਰਦਾ-ਸਥਾਨ[100] ਸੁਲੱਖਣਾ[99] ਹੋ ਜਾਂਦਾ ਹੈ, ਕਾਰਜ[3] ਸਿਰੇ ਚੜ੍ਹ ਜਾਂਦੇ[2] ਹਨ, ਡਰ[4] ਭੱਜ ਜਾਂਦਾ[5] ਹੈ ਅਤੇ ਸੰਦੇਹ[6] ਦੂਰ ਹੋ ਜਾਂਦਾ[7] ਹੈ।
ਸਾਧ[12] ਜਨਾ ਕੈ ਸੰਗਿ[13] ਬਸਤ[14] ਸੁਖ[15] ਸਹਜ[16] ਬਿਸ੍ਰਾਮ[17] ॥	Abiding[14] with[13] the saintly persons[12], the mortal rests[17] in peace[15] and poise[16].	ਸੰਤ-ਸਰੂਪ ਪੁਰਸ਼ਾਂ[12] ਨਾਲ[13] ਵਸਣ[14] ਦੁਆਰਾ, ਪ੍ਰਾਨੀ ਠੰਢ-ਚੈਨ[15] ਅਤੇ ਅਡੋਲਤਾ[16] ਅੰਦਰ ਆਰਾਮ ਪਾਉਂਦਾ[17] ਹੈ।
ਸਾਈ[18] ਘੜੀ[19] ਸੁਲਖਣੀ[20] ਸਿਮਰਤ[21] ਹਰਿ ਨਾਮ ॥੧॥ ਰਹਾਉ ॥	Auspicious[20] is the[18] time[19] when the Lord's Name is meditated[21] upon. Pause.	ਮੁਬਾਰਕ[20] ਹੈ ਉਹ[18] ਸਮਾਂ[19], ਜਦ ਸਾਹਿਬ ਦੇ ਨਾਮ ਦਾ ਆਰਾਧਨ[21] ਕੀਤਾ ਜਾਂਦਾ ਹੈ। ਠਹਿਰਾਉ।
ਪ੍ਰਗਟ[22] ਭਏ ਸੰਸਾਰ[23] ਮਹਿ[24] ਫਿਰਤੇ ਪਹਨਾਮ[25] ॥	Renowned[22] become they in[24] the world[23], whose Name no one knew[25] before.	ਉਹ ਜਗਤ[23] ਵਿਚ[24] ਨਾਮਵਰ[22] ਹੋ ਜਾਂਦੇ ਹਨ, ਜਿਨ੍ਹਾਂ ਦਾ ਨਾਮ ਪਹਿਲਾਂ ਕੋਈ ਜਾਣਦਾ[25] ਹੀ ਨਹੀਂ ਸੀ।
ਨਾਨਕ ਤਿਸੁ[26] ਸਰਣਾਗਤੀ[27] ਘਟ ਘਟ[28] ਸਭ ਜਾਨ[29] ॥ ੨॥੧੨॥੭੬॥	Nanak has sought the protection[27] of Him[26], who is Knower[29] of all the hearts[28].	ਨਾਨਕ ਨੇ ਉਸ ਦੀ[26] ਪਨਾਹ[27] ਲਈ ਹੈ, ਜੋ ਸਾਰੇ ਦਿਲਾਂ[28] ਦੀਆਂ ਜਾਨਣਹਾਰ[29] ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਰੋਗੁ[30] ਮਿਟਾਇਆ[31] ਆਪਿ ਪ੍ਰਭਿ ਉਪਜਿਆ[32] ਸੁਖੁ[33] ਸਾਂਤਿ[34] ॥	The Lord Himself has eradicated[31] the disease[30] and peace[33] and tranquility[34] have ensued[32].	ਸੁਆਮੀ ਨੇ ਖ਼ੁਦ ਬੀਮਾਰੀ[30] ਦੂਰ ਕਰ ਦਿੱਤੀ[31] ਹੈ ਅਤੇ ਆਰਾਮ[33] ਤੇ ਠੰਢ-ਚੈਨ[34] ਉਤਪੰਨ ਹੋ ਆਏ[32] ਹਨ।
ਵਡ[35] ਪਰਤਾਪੁ[36] ਅਚਰਜ[37] ਰੂਪੁ[38] ਹਰਿ ਕੀਨ੍ਹੀ[39] ਦਾਤਿ[40] ॥੧॥	God has blessed[39] me with the gift[40] of great[35] glory[36] and wondrous[37] form[38].	ਵਾਹਿਗੁਰੂ ਨੇ ਮੈਨੂੰ ਭਾਰੀ[35] ਤਪ-ਤੇਜ[36] ਅਤੇ ਅਸਚਰਜ[37] ਸਰੂਪ[38] ਦੀ ਬਖ਼ਸ਼ੀਸ਼[40] ਦਿੱਤੀ[39] ਹੈ।
ਗੁਰਿ ਗੋਵਿੰਦਿ[41] ਕ੍ਰਿਪਾ[42]	My Guru-God[41] has shown[43] mercy[42]	ਮੇਰੇ ਗੁਰੂ-ਪਰਮੇਸ਼ਰ[41] ਨੇ ਮਿਹਰ[42] ਧਾਰੀ[43] ਹੈ ਅਤੇ ਮੇਰੇ

ਕਰੀ[43] ਰਾਖਿਆ[44] ਮੇਰਾ ਭਾਈ[45] ॥	and has saved[44] my brother[45].	ਭਰਾ[45] ਨੂੰ ਰੱਖ ਲਿਆ[44] ਹੈ ।
ਹਮ ਤਿਸ[46] ਕੀ ਸਰਣਾਗਤੀ[47] ਜੋ ਸਦਾ[48] ਸਹਾਈ[49] ॥੧॥ ਰਹਾਉ ॥	I am under the protection[47] of Him[46], who is ever[48] a Helper[49] of mine. Pause.	ਮੈਂ ਉਸ ਦੀ[46] ਪਨਾਹ[47] ਹੇਠਾਂ ਹਾਂ ਜੋ ਸਦੀਵ[48] ਹੀ ਮੇਰਾ ਮਦਦਗਾਰ[49] ਹੈ। ਠਹਿਰਾਉ ।
ਬਿਰਥੀ[50] ਕਦੇ[53] ਨ ਹੋਵਈ ਜਨ[51] ਕੀ ਅਰਦਾਸਿ[52] ॥	The prayer[52] of God's slave[51] goes not vain[50] ever[53].	ਰੱਬ ਦੇ ਗੋਲੇ[51] ਦੀ ਪ੍ਰਾਰਥਨਾ[52] ਕਦਾਚਿੱਤ[53] ਵਿਅਰਥ[50] ਨਹੀਂ ਜਾਂਦੀ ।
ਨਾਨਕ ਜੋਰੁ[58] ਗੋਵਿੰਦ[54] ਕਾ ਪੂਰਨ[55] ਗੁਣ[56] ਤਾਸਿ[57] ॥੨॥੧੩॥੭੭॥	Nanak has the strength[58] of the Perfect[55] Lord[54] who is the Treasure[57] of excellences[56].	ਨਾਨਕ ਦੇ ਪੱਲੇ ਗੁਣਾਂ[56] ਦੇ ਖ਼ਜ਼ਾਨੇ[57], ਪੂਰੇ[55] ਪ੍ਰਭੂ[54] ਦੀ ਤਾਕਤ[58] ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਮਰਿ ਮਰਿ ਜਨਮੇ ਜਿਨ ਬਿਸਰਿਆ[59] ਜੀਵਨ[60] ਕਾ ਦਾਤਾ[61] ॥	They who forget[59] God, the Giver[61] of life[60], repeatedly die and are reborn.	ਜੋ ਜ਼ਿੰਦਗੀ[60] ਦੇਣਹਾਰ[61] ਵਾਹਿਗੁਰੂ ਨੂੰ ਭੁਲਾਉਂਦੇ[59] ਹਨ, ਉਹ ਮੁੜ ਮੁੜ ਕੇ ਮਰਦੇ ਤੇ ਜੰਮਦੇ ਹਨ ।
ਪਾਰਬ੍ਰਹਮੁ[62] ਜਨਿ[63] ਸੇਵਿਆ[64] ਅਨਦਿਨੁ[65] ਰੰਗਿ[66] ਰਾਤਾ[67] ॥੧॥	The Supreme Lord's[62] slave[63] serves[64] Him, and night and day[65] remains imbued[67] with His love[66].	ਸ਼ਰੋਮਣੀ ਸਾਂਈਂ[62] ਦਾ ਗੋਲਾ[63] ਉਸ ਦੀ ਸੇਵਾ ਕਰਦਾ[64] ਹੈ, ਅਤੇ ਰਾਤ ਦਿਨ[65] ਉਸ ਦੀ ਪ੍ਰੀਤ[66] ਨਾਲ ਰੰਗਿਆ[67] ਰਹਿੰਦਾ ਹੈ ।
ਸਾਂਤਿ[68] ਸਹਜੁ[69] ਆਨਦੁ[70] ਘਨਾ[71] ਪੂਰਨ[72] ਭਈ ਆਸ[73] ॥	Possess I, immense[71] peace[68], poise[69] and pleasure[70], and my hope[73] is realised[72].	ਮੇਰੇ ਪੱਲੇ ਬੇਅੰਤ[71] ਆਰਾਮ[68], ਅਡੋਲਤਾ[69] ਅਤੇ ਖ਼ੁਸ਼ੀ[70] ਹੈ, ਅਤੇ ਮੇਰੀ ਉਮੀਦ[73] ਪੂਰੀ ਹੋ ਗਈ[72] ਹੈ ।
ਸੁਖੁ ਪਾਇਆ ਹਰਿ ਸਾਧ ਸੰਗਿ[74] ਸਿਮਰਤ[75] ਗੁਣ[76] ਤਾਸ[77] ॥੧॥ ਰਹਾਉ॥	I have obtained peace in the guild of the saints[74] by contemplating[75] on God, the Treasure[77] of virtues[76]. Pause.	ਸਤਿ-ਸੰਗਤ[74] ਅੰਦਰ ਨੇਕੀਆਂ[76] ਦੇ ਖ਼ਜ਼ਾਨੇ[77] ਵਾਹਿਗੁਰੂ ਦਾ ਆਰਾਧਨ[75] ਕਰਨ ਦੁਆਰਾ ਮੈਂ ਆਰਾਮ ਪਰਾਪਤ ਕਰ ਲਿਆ ਹੈ । ਠਹਿਰਾਉ ।
ਸੁਣਿ ਸੁਆਮੀ ਅਰਦਾਸਿ[78] ਜਨ[79] ਤੁਮ੍ ਅੰਤਰਜਾਮੀ[80] ॥	O Lord, hear Thou the prayer[78] of Thy slave[79]. Thou art the Knower of hearts[80].	ਹੇ ਸੁਆਮੀ ! ਤੂੰ ਆਪਣੇ ਗੋਲੇ[79] ਦੀ ਬੇਨਤੀ[78] ਸ੍ਰਵਣ ਕਰ । ਤੂੰ ਦਿਲਾਂ ਦੀਆਂ ਜਾਨਣਹਾਰ[80] ਹੈਂ ।
ਥਾਨ[81] ਥਨੰਤਰਿ[82] ਰਵਿ[83] ਰਹੇ ਨਾਨਕ ਕੇ ਸੁਆਮੀ[84] ॥੨॥੧੪॥੭੮॥	The Master[84] of Nanak, is contained[83] in all the places[81] and inter-spaces[82].	ਨਾਨਕ ਦਾ ਮਾਲਕ[84] ਸਾਰੀਆਂ ਥਾਵਾਂ[81] ਅਤੇ ਉਨ੍ਹਾਂ ਦੀਆਂ ਵਿੱਥਾਂ[82] ਅੰਦਰ ਵਿਆਪਕ[83] ਹੋ ਰਿਹਾ ਹੈ ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਤਾਤੀ[85] ਵਾਉ[86] ਨ ਲਗਈ[87] ਪਾਰਬ੍ਰਹਮ[88] ਸਰਣਾਈ[89] ॥	Not even the hot[85] wind[86] touches[87] him, who is under the protection[89] of the Supreme Lord[88].	ਗਰਮ[85] ਹਵਾ[86] ਤੱਕ ਉਸ ਨੂੰ ਨਹੀਂ ਲੱਗਦੀ[87] ਜੋ ਸ਼ਰੋਮਣੀ ਸਾਹਿਬ[88] ਦੀ ਪਨਾਹ[89] ਤਾਬੇ ਹੈ ।
ਚਉਗਿਰਦ[90] ਹਮਾਰੈ ਰਾਮ	On my four sides[90] is the Lord's	ਮੇਰੇ ਚਾਰੇ ਪਾਸੇ[90] ਪ੍ਰਭੂ ਦਾ ਕੁੰਡਲ[92] ਹੈ, ਇਸ ਲਈ

ਕਾਰ[91] ਦੁਖੁ[92] ਲਗੈ[93] ਨ ਭਾਈ[94] ॥੧॥	circle[91], so pain[92] afflicts[93] me not, O brother[94].	ਮੈਨੂੰ ਕੋਈ ਪੀੜ[92] ਨਹੀਂ ਪੋਂਹਦੀ[93], ਹੇ ਵੀਰ[94] !
ਸਤਿਗੁਰੁ ਪੂਰਾ[95] ਭੇਟਿਆ[96] ਜਿਨਿ ਬਣਤ[97] ਬਣਾਈ[98] ॥	I have met[96] the Perfect[95] Guru, who has made[98] the make[97].	ਮੈਂ ਪੂਰਨ[95] ਸਚੇ ਗੁਰਾਂ ਨੂੰ ਮਿਲ ਪਿਆ[96] ਹਾਂ, ਜਿਨ੍ਹਾਂ ਨੇ ਇਹ ਘਾੜਤ[97] ਘੜੀ[98] ਹੈ।
ਰਾਮ ਨਾਮੁ ਅਉਖਧੁ[99] ਦੀਆ ਏਕਾ[100] ਲਿਵ[2] ਲਾਈ[3] ॥ ੧॥ਰਹਾਉ॥	He has given me the medicine[99] of the Lord's Name and I have enshrined[3] love[2] for the One Lord[100]. Pause.	ਉਨ੍ਹਾਂ ਨੇ ਮੈਨੂੰ ਪ੍ਰਭੂ ਦੇ ਨਾਮ ਦੀ ਦਵਾਈ[99] ਦਿੱਤੀ ਹੈ ਅਤੇ ਇਕ ਪ੍ਰਭੂ[100] ਦੇ ਨਾਲ ਮੇਰੀ ਪਿਰਹੜੀ[2] ਪੈ ਗਈ[3] ਹੈ। ਠਹਿਰਾਉ।
ਰਾਖਿ ਲੀਏ ਤਿਨਿ[4] ਰਖਨਹਾਰਿ[7] ਸਭ ਬਿਆਧਿ[5] ਮਿਟਾਈ[6] ॥	That[4] Preserver[7] has preserved me and cured[6] all my maladies[5].	ਉਸ[4] ਬਚਾਉਣ ਵਾਲੇ[7] ਨੇ ਮੈਨੂੰ ਬਚਾ ਲਿਆ ਹੈ ਅਤੇ ਮੇਰੀਆਂ ਸਾਰੀਆਂ ਬੀਮਾਰੀਆਂ[5] ਦੂਰ ਕਰ ਦਿਤੀਆਂ[6] ਹਨ।
ਕਹੁ ਨਾਨਕ ਕਿਰਪਾ[8] ਭਈ ਪ੍ਰਭ ਭਏ ਸਹਾਈ[9] ॥੨॥੧੫॥੭੯॥	Says Nanak, the Lord has extended His mercy[8] to me and has become my Succourer[9].	ਗੁਰੂ ਜੀ ਆਖਦੇ ਹਨ, ਸੁਆਮੀ ਨੇ ਮੇਰੇ ਉਤੇ ਮਿਹਰ[8] ਕੀਤੀ ਹੈ ਅਤੇ ਉਹ ਮੇਰਾ ਮਦਦਗਾਰ[9] ਹੋ ਗਿਆ ਹੈ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਅਪਣੇ ਬਾਲਕ[10] ਆਪਿ ਰਖਿਅਨੁ[12] ਪਾਰਬ੍ਰਹਮ[13] ਗੁਰਦੇਵ[14] ॥	The Bright Guru[14] has himself preserved[12] his children[10]. He himself is the Transcendent Lord[13].	ਪ੍ਰਕਾਸ਼ਵਾਨ[14] ਗੁਰੂ ਨੇ ਆਪਣੇ ਬੱਚਿਆਂ[10] ਨੂੰ ਆਪੇ ਹੀ ਬਚਾ ਲਿਆ[12] ਹੈ। ਉਹ ਖ਼ੁਦ ਹੀ ਪਰਮ ਪ੍ਰਭੂ[13] ਹੈ।
ਸੁਖ[15] ਸਾਂਤਿ[16] ਸਹਜ ਆਨਦ[17] ਭਏ ਪੂਰਨ[18] ਭਈ ਸੇਵ[19] ॥੧॥ਰਹਾਉ ॥	I am blessed with comfort[15], peace[16] and celestial bliss[17]. My service[19] has been accepted[18]. Pause.	ਮੈਨੂੰ ਆਰਾਮ[15], ਠੰਢ-ਚੈਨ[16] ਤੇ ਬੈਕੁੰਠੀ[17] ਆਨੰਦ ਪਰਾਪਤ ਹੋ ਗਏ ਹਨ। ਮੇਰੀ ਟਹਿਲ-ਸੇਵਾ[19] ਕਬੂਲ ਪੈ ਗਈ[18] ਹੈ। ਠਹਿਰਾਉ।
੮੨੦	820	੮੨੦
ਭਗਤ[20] ਜਨਾ ਕੀ ਬੇਨਤੀ[21] ਸੁਣੀ ਪ੍ਰਭਿ ਆਪਿ[22] ॥	The Lord Himself[22] has heard the supplication[21] of the saintly persons[20].	ਸੁਆਮੀ ਨੇ ਆਪੇ[22] ਹੀ ਸੰਤ-ਸਰੂਪ ਪੁਰਸ਼ਾਂ[20] ਦੀ ਪ੍ਰਾਰਥਨਾ[21] ਸੁਣ ਲਈ ਹੈ।
ਗਜ[72] ਕੀ ਤ੍ਰਾਸ[73] ਮਿਟੀ[74] ਛਿਨਹੂ[75] ਮਹਿ[76] ਜਬਹੀ[78] ਰਾਮੁ ਬਖਾਨੋ[77] ॥	The elephant's[72] fear[73] departed[74]in[76] an instant[75],as soon as[78] he uttered[77] the Lord's Name.	ਪ੍ਰਭੂ ਦੇ ਨਾਮ ਦਾ ਉਚਾਰਨ[77] ਕਰਦੇ ਸਾਰ[78] ਹੀ ਹਾਥੀ[72] ਦਾ ਡਰ[73] ਇਕ ਨਿਮਖ[75] ਵਿਚ[76] ਦੂਰ ਹੋ ਗਿਆ[74] ।
ਨਾਰਦ ਕਹਤ[79] ਸੁਨਤ[84] ਧ੍ਰਅ ਬਾਰਿਕ[80] ਭਜਨ[81] ਮਾਹਿ[82] ਲਪਟਾਨੋ[83] ॥੧॥	Listening[84] to Narad's instruction[79], the child[80] Dhru got absorbed[83] in[82] meditation[81].	ਨਾਰਦ ਦੇ ਉਪਦੇਸ਼[79] ਨੂੰ ਸੁਣ ਕੇ[84], ਬੱਚਾ[80] ਧ੍ਰੂ ਸਿਮਰਨ[81] ਅੰਦਰ[82] ਲੀਨ ਹੋ ਗਿਆ[83] ।
ਅਚਲ[91] ਅਮਰ[85] ਨਿਰਭੈ[86] ਪਦੁ[87] ਪਾਇਓ ਜਗਤ[88] ਜਾਹਿ[89] ਹੈਰਾਨੋ[90] ॥	He obtained the immovable[91], immortal[85] and fearless[86] rank[87] at which[89] the world[88] was amazed[90].	ਉਸ ਨੂੰ ਅਹਿੱਲ[91], ਅਬਿਨਾਸ਼ੀ[85] ਅਤੇ ਡਰ-ਰਹਿਤ[86] ਮਰਤਬਾ[87] ਪਰਾਪਤ ਹੋ ਗਿਆ, ਜਿਸ ਤੇ[89] ਸੰਸਾਰ[88] ਚਕ੍ਰਿਤ[90] ਹੋ ਗਿਆ ।
ਨਾਨਕ ਕਹਤ[92] ਭਗਤ[93] ਰਛਕ[94] ਹਰਿ ਨਿਕਟਿ[95] ਤਾਹਿ[96] ਤੁਮ ਮਾਨੋ[97] ॥੨॥੧॥	Says[92] Nanak God is the saviour[94] of His saints[93]. Believe[97] thou Him[96] to be near[95] thee.	ਗੁਰੂ ਜੀ ਆਖਦੇ[92] ਹਨ, ਵਾਹਿਗੁਰੂ ਆਪਣੇ ਸੰਤਾਂ[93] ਦਾ ਰਖਿਅਕ[94] ਹੈ । ਤੂੰ ਉਸ ਨੂੰ[96] ਆਪਣੇ ਨਜ਼ਦੀਕ[95] ਹੀ ਤਸਲੀਮ[97] ਕਰ ।
ਬਿਲਾਵਲੁ ਮਹਲਾ ੯ ॥	Bilawal 9th Guru.	ਬਿਲਾਵਲ ਨੌਵੀਂ ਪਾਤਿਸ਼ਾਹੀ ।
ਹਰਿ ਕੇ ਨਾਮ ਬਿਨਾ ਦੁਖੁ[98] ਪਾਵੈ ॥	Without God's Name thou shalt suffer pain[98].	ਵਾਹਿਗੁਰੂ ਦੇ ਨਾਮ ਦੇ ਬਾਝੋਂ ਤੂੰ ਤਕਲੀਫ[98]ਉਠਾਵੇਂਗਾ ।
ਭਗਤਿ[99] ਬਿਨਾ ਸਹਸਾ[100]	Without meditation[99], doubt[100] is	ਸਿਮਰਨ[99] ਦੇ ਬਗੈਰ ਸੰਦੇਹ[100] ਦੂਰ[2]ਨਹੀਂ ਹੁੰਦਾ । ਗੁਰੂ

ਨਹ ਚੂਕੈ[2] ਗੁਰ ਇਹ ਭੇਦੁ[3] ਬਤਾਵੈ[4] ॥੧॥ਰਹਾਉ॥	dispelled[2] not. The Guru reveales[4] this secret[3]. Pause.	ਜੀ ਇਹ ਭੇਤ[3] ਦਰਸਾਉਂਦੇ[4] ਹਨ । ਠਹਿਰਾਉ ।
ਕਹਾ[9] ਭਇਓ ਤੀਰਥ[5] ਬ੍ਰਤ[6] ਕੀਏ ਰਾਮ ਸਰਨਿ[7] ਨਹੀ ਆਵੈ[8] ॥	Of what[9] avail are the pilgrimages[5] and fastings[6], if man enters[8] not the Lord's sanctuary[7] ?	ਕੀ[9] ਲਾਭ ਹੈ ਧਰਮ ਅਸਥਾਨਾਂ ਦੀਆਂ ਯਾਤ੍ਰਾਵਾਂ[5] ਅਤੇ ਵਰਤਾਂ[6] ਦਾ, ਜੇਕਰ ਇਨਸਾਨ ਪ੍ਰਭੂ ਦੀ ਪਨਾਹ[7] ਨਹੀਂ ਲੈਂਦਾ[8] ।
੮੩੧	831	੮੩੧
ਜੋਗ[10] ਜਗ[12] ਨਿਹਫਲ[13] ਤਿਹ[14] ਮਾਨਉ[15] ਜੋ ਪ੍ਰਭ ਜਸੁ[16] ਬਿਸਰਾਵੈ[17] ॥੧॥	Be assured[15] that fruitless[13] are his[14] Yogic practices[10] and sacrificial feasts[12], who forgets[17] the Lord's praise[16].	ਮੰਨ ਲੈ[15] ਕਿ ਉਸ ਦੇ[14] ਯੋਗ ਦੇ ਸਾਧਨ[10] ਅਤੇ ਸਦਾ-ਵਰਤ[12] ਨਿਸਫਲ[13] ਹਨ, ਜੋ ਸਾਂਈਂ ਦੀ ਕੀਰਤੀ[16] ਨੂੰ ਭੁਲਾ ਦਿੰਦਾ[17] ਹੈ ।
ਮਾਨ[18] ਮੋਹ[19] ਦੋਨੋ ਕਉ ਪਰਹਰਿ[20] ਗੋਬਿੰਦ ਕੇ ਗੁਨ[21] ਗਾਵੈ ॥	He who laying aside[20] both his self-conceit[18] and worldly love[19] sings the praise[21] of the Lord,	ਜੋ ਆਪਣੀ ਸਵੈ-ਹੰਗਤਾ[18] ਅਤੇ ਸੰਸਾਰੀ ਮਮਤਾ[19] ਦੋਨਾਂ ਨੂੰ ਛੱਡ ਕੇ[20], ਸਾਹਿਬ ਦੀ ਮਹਿਮਾ[21] ਗਾਇਨ ਕਰਦਾ ਹੈ,
ਕਹੁ ਨਾਨਕ ਇਹ ਬਿਧਿ[22] ਕੋ ਪ੍ਰਾਨੀ[23] ਜੀਵਨ[24] ਮੁਕਤਿ[25]ਕਹਾਵੈ[26]॥੨॥੨॥	Says Nanak, the mortal[23] of such a type[22] is said[26] to have obtained emancipation[25] whilst alive[24].	ਗੁਰੂ ਜੀ ਆਖਦੇ ਹਨ, ਇਸ ਕਿਸਮ[22] ਦਾ ਜੀਵ[23], ਜੀਉਂਦੇ[24] ਜੀ ਮੁਕਤੀ[25] ਨੂੰ ਪਰਾਪਤ ਹੋਇਆ ਹੋਇਆ ਆਖਿਆ[26] ਜਾਂਦਾ ਹੈ ।
ਬਿਲਾਵਲੁ ਮਹਲਾ ੯ ॥	Bilawal 9th Guru.	ਬਿਲਾਵਲ ਨੌਵੀਂ ਪਾਤਿਸ਼ਾਹੀ ।
ਜਾ[27] ਮਹਿ[28]ਭਜਨੁ[29]ਰਾਮ[30] ਕੋ ਨਾਹੀ ॥	He, within[28] whom[27], there is not the Lord's[30] meditation[29].	ਜਿਸ ਦੇ[27] ਅੰਦਰ[28] ਸੁਆਮੀ[30] ਦਾ ਸਿਮਰਨ[29] ਨਹੀਂ;
ਤਿਹ[31] ਨਰ[32] ਜਨਮੁ[33] ਅਕਾਰਥ[34] ਖੋਇਆ[35] ਯਹ ਰਾਖਹੁ[36] ਮਨ ਮਾਹੀ[37]॥੧॥ ਰਹਾਉ॥	That[31] man[32] loses[35] his life[33] in vain[34]. Bear[36] thou this in[37] thy mind. Pause.	ਉਹ[31] ਇਨਸਾਨ[32] ਆਪਣਾ ਜੀਵਨ[33] ਬੇਫ਼ਾਇਦਾ[34] ਗੁਆ ਲੈਂਦਾ[35] ਹੈ । ਇਸ ਗੱਲ ਨੂੰ ਤੂੰ ਆਪਣੇ ਚਿਤ ਅੰਦਰ[37] ਟਿਕਾ[36] ਲੈ । ਠਹਿਰਾਉ ।
ਤੀਰਥ[38] ਕਰੈ ਬ੍ਰਤ[39] ਫੁਨਿ[40] ਰਾਖੈ ਨਹ ਮਨੂਆ[41] ਬਸਿ[42] ਜਾ ਕੋ ॥	He, who bathes at shrines[38] and[40] keeps fasts[39], but who has not control[42] over his mind[41];	ਜੋ ਧਰਮ ਅਸਥਾਨਾਂ[38] ਤੇ ਨ੍ਹਾਉਂਦਾ ਹੈ ਅਤੇ[40] ਵਰਤ[39] ਰਖਦਾ ਹੈ ਪ੍ਰੰਤੂ ਜਿਸ ਦਾ ਮਨ[41] ਉਸ ਦੇ ਕਾਬੂ[42] ਵਿਚ ਨਹੀਂ ;
ਨਿਹਫਲ[43] ਧਰਮੁ[44] ਤਾਹਿ[45] ਤੁਮ ਮਾਨੋ[46] ਸਾਚੁ ਕਹਤ[47] ਮੈ ਯਾ[48] ਕਉ[49] ॥੧॥	Be assured[46] that of no avail[43] is his[45] faith[44] to him. I utter[47] nothing but truth for[49] his[48] good.	ਤੂੰ ਯਕੀਨ[46] ਕਰ ਲੈ ਕਿ ਉਸ ਦਾ[45] ਈਮਾਨ[44] ਉਸ ਦੇ ਕਿਸੇ ਲਾਭ ਦਾ ਨਹੀਂ[43] । ਮੈਂ ਉਸ ਦੇ[48] ਭਲੇ ਲਈ[49] ਨਿਰੋਲ ਸੱਚ ਆਖਦਾ[47] ਹਾਂ ।
ਜੈਸੇ[50] ਪਾਹਨੁ[51] ਜਲਿ[52] ਮਹਿ[53] ਰਾਖਿਓ ਭੇਦੈ[54] ਨਾਹਿ ਤਿਹਿ[55] ਪਾਨੀ ॥	As[50] a stone[51] is kept immersed in[53] water[52], but the water penetrates[54] into it[55] not;	ਜਿਸ ਤਰ੍ਹਾਂ[50] ਪੱਥਰ[51] ਪਾਣੀ[52] ਵਿਚ[53] ਡਬੋ ਕੇ ਰਖਿਆ ਜਾਂਦਾ ਹੈ, ਪ੍ਰੰਤੂ ਪਾਣੀ ਉਸ[55] ਅੰਦਰ ਪ੍ਰਵੇਸ਼[54] ਨਹੀਂ ਕਰਦਾ ;
ਤੈਸੇ[56] ਹੀ ਤੁਮ[57] ਤਾਹਿ[58] ਪਛਾਨਹੁ[59]ਭਗਤਿ[60] ਹੀਨ[61] ਜੋ[63] ਪ੍ਰਾਨੀ[62] ॥੨॥	So[56] deem[59] thou[57] that[58] mortal[62], who[63] is without[61] the Lord's devotional service[60].	ਓਸੇ ਤਰ੍ਹਾਂ[56] ਦਾ ਹੀ ਤੂੰ[57] ਉਸ[58] ਜੀਵ[62] ਨੂੰ ਜਾਣ[59] ਲੈ ਜਿਹੜਾ[63] ਪ੍ਰਭੂ ਦੀ ਪ੍ਰੇਮ-ਮਈ ਸੇਵਾ[60] ਦੇ ਬਗੈਰ[61] ਹੈ ।

ਕਲਿ[64]ਮੈ[69] ਮੁਕਤਿ[65] ਨਾਮ ਤੇ[66] ਪਾਵਤ ਗੁਰੁ ਯਹ ਭੇਦੁ[67] ਬਤਾਵੈ[68] ॥

In[69] the Darkage[64], salvation[65] is obtained through[66] the Lord's Name. The Guru discloses[68] this secret[67].

ਕਲਜੁਗ[64] ਵਿਚ[69] ਮੁਕਤੀ[65] ਸਾਂਈਂ ਦੇ ਨਾਮ ਦੇ ਰਾਹੀਂ[66] ਪਰਾਪਤ ਹੁੰਦੀ ਹੈ। ਗੁਰੂ ਜੀ ਇਹ ਭੇਤ[67] ਦਰਸਾਉਂਦੇ[68] ਹਨ।

ਕਹੁ[74] ਨਾਨਕ ਸੋਈ[70]ਨਰੁ[71] ਗਰੂਆ[72] ਜੋ ਪ੍ਰਭ ਕੇ ਗੁਨ[73] ਗਾਵੈ[75] ॥੩॥੩॥

Says[74] Nanak, he[70] alone is the great[72] man[71], who sings[75] the Lord's praises[73].

ਗੁਰੂ ਜੀ ਫੁਰਮਾਉਂਦੇ[74] ਹਨ, ਕੇਵਲ ਉਹੀ[70] ਵੱਡਾ[72] ਇਨਸਾਨ[71] ਹੈ, ਜਿਹੜਾ ਸਾਂਈਂ ਦੀਆਂ ਸਿਫ਼ਤਾਂ[73] ਗਾਇਨ ਕਰਦਾ[75] ਹੈ।

ਬਿਲਾਵਲੁ ਅਸਟਪਦੀਆ ਮਹਲਾ ੧ ਘਰੁ ੧੦

Bilawal Ashtapadis Ist Guru

ਬਿਲਾਵਲ ਅਸ਼ਟਪਦੀਆ ਪਹਿਲੀ ਪਾਤਿਸ਼ਾਹੀ

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਨਿਕਟਿ[76] ਵਸੈ ਦੇਖੈ ਸਭੁ ਸੋਈ[77] ॥ ਗੁਰਮੁਖਿ[78] ਵਿਰਲਾ[79] ਬੂਝੈ[80] ਕੋਈ ॥

The Lord abides near[76], and beholds He[77] all. Some rare one[79] understands[80] this by Guru's grace[78].

ਪ੍ਰਭੂ ਨੇੜੇ[76] ਵਸਦਾ ਹੈ ਤੇ ਉਹ[77] ਸਾਰਿਆਂ ਨੂੰ ਵੇਖਦਾ ਹੈ। ਕੋਈ ਵਿਰਲਾ ਜਣਾ[79] ਹੀ, ਗੁਰਾਂ ਦੀ ਦਇਆ[78] ਦੁਆਰਾ ਇਸ ਗੱਲ ਨੂੰ ਸਮਝਦਾ[80] ਹੈ।

ਵਿਣੁ ਭੈ[81] ਪਇਐ[82] ਭਗਤਿ[83] ਨ ਹੋਈ ॥

Without imbibing[82] the Lord's fear[81], His worship[83] can be performed not.

ਪ੍ਰਭੂ ਦਾ ਡਰ[81] ਧਾਰਨ[82] ਕਰਨ ਦੇ ਬਾਝੋਂ, ਉਸ ਦੀ ਉਪਾਸ਼ਨਾ[83] ਕੀਤੀ ਨਹੀਂ ਜਾ ਸਕਦੀ।

ਸਬਦਿ[84] ਰਤੇ[85] ਸਦਾ[86] ਸੁਖੁ ਹੋਈ ॥੧॥

Imbued[85] with the Name[84], eternal[86] peace is procured.

ਨਾਮ[84] ਨਾਲ ਰੰਗੀਜਣ[85] ਦੁਆਰਾ ਸਦੀਵ[86] ਆਰਾਮ ਪਰਾਪਤ ਹੋ ਜਾਂਦਾ ਹੈ।

ਐਸਾ[87]ਗਿਆਨੁ[88]ਪਦਾਰਥੁ[89] ਨਾਮੁ ॥ ਗੁਰਮੁਖਿ[90]ਪਾਵਸਿ[91] ਰਸਿ[92] ਰਸਿ[93] ਮਾਨੁ[94] ॥੧॥ਰਹਾਉ॥

Such[87] is the wealth[89] of the Lord's gnosis[88] and Name, that obtaining[91] it, the Guru-wards[90] enjoy[94] the relish[93] of this Nectar[92]. Pause.

ਇਹੋ ਜਿਹੀ[87] ਹੈ ਪ੍ਰਭੂ ਦੀ ਰਬੀ ਗਿਆਤ[88] ਅਤੇ ਨਾਮ ਦੀ ਦੌਲਤ[89], ਕਿ ਇਸ ਨੂੰ ਪਰਾਪਤ ਕਰ ਕੇ[91], ਗੁਰੂ-ਅਨੁਸਾਰੀ[90] ਇਸ ਅੰਮ੍ਰਿਤ[92] ਦੇ ਸੁਆਦ[93] ਨੂੰ ਮਾਣਦੇ[94] ਹਨ। ਠਹਿਰਾਉ।

ਗਿਆਨੁ[95] ਗਿਆਨੁ ਕਥੈ[96] ਸਭੁ ਕੋਈ[97] ॥

Everyone[97] talks[96] of Divine knowledge[95] and Divine knowledge.

ਹਰ ਕੋਈ[97] ਬ੍ਰਹਿਮ ਵੀਚਾਰ[95], ਬ੍ਰਹਿਮ ਵੀਚਾਰ ਬਾਰੇ ਗੱਲਾਂ ਕਰਦਾ[96] ਹੈ।

ਕਥਿ ਕਥਿ ਬਾਦੁ[98] ਕਰੇ ਦੁਖੁ[99] ਹੋਈ[100] ॥

Talking and talking one enters into controversies[98] and suffers[100] pain[99].

ਗੱਲਾਂ ਕਰਦਾ ਕਰਦਾ ਇਨਸਾਨ ਬਹਿਸ ਮੁਬਾਹਿਸਿਆਂ[98] ਵਿਚ ਪੈ ਜਾਂਦਾ ਹੈ ਅਤੇ ਤਕਲੀਫ਼[99] ਉਠਾਉਂਦਾ[100] ਹੈ।

ਕਥਿ ਕਹਣੈ[2] ਤੇ ਰਹੈ[3] ਨ ਕੋਈ ॥

No one can help[3] arguing and talking[2] of the Lord's knowledge.

ਕੋਈ ਜਣਾ ਪ੍ਰਭੂ ਦੀ ਗਿਆਤ ਬਾਰੇ ਗੋਸ਼ਟ ਤੇ ਗੱਲ[2] ਕਰਨੋ ਰਹਿ ਨਹੀਂ[3] ਸਕਦਾ।

ਬਿਨੁ ਰਸ[4] ਰਾਤੇ[5] ਮੁਕਤਿ[6] ਨ ਹੋਈ ॥੨॥

Without being imbued[5] with the Name-Nectar[4], emancipation[6] can be obtained not.

ਨਾਮ-ਅੰਮ੍ਰਿਤ[4] ਦੇ ਨਾਲ ਰੰਗੇ[5] ਜਾਣ ਦੇ ਬਗ਼ੈਰ ਮੁਕਤੀ[6] ਪਰਾਪਤ ਨਹੀਂ ਹੋ ਸਕਦੀ।

ਗਿਆਨੁ[7] ਧਿਆਨੁ[8] ਸਭੁ ਗੁਰ[9] ਤੇ ਹੋਈ ॥

The Lord's knowledge[7] and meditation[8] are all obtained from[9] the Guru.

ਪ੍ਰਭੂ ਦੀ ਗਿਆਤ[7] ਅਤੇ ਬੰਦਗੀ[8] ਸਮੂਹ ਗੁਰਾਂ ਪਾਸੋਂ[9] ਪਰਾਪਤ ਹੁੰਦੇ ਹਨ।

ਸਾਚੀ ਰਹਤ[10] ਸਾਚਾ ਮਨਿ[12] ਸੋਈ[13] ॥	Through the true mode of life[10], He[13], the True Lord, abides within the mind[12].	ਸੱਚੀ ਜੀਵਨ ਰਹੁ-ਰੀਤੀ[10] ਰਾਹੀਂ ਉਹ[13] ਸੱਚਾ ਸਾਹਿਬ ਹਿਰਦੇ[12] ਅੰਦਰ ਵਸ ਜਾਂਦਾ ਹੈ।
ਮਨਮੁਖ[14] ਕਥਨੀ[15] ਹੈ ਪਰੁ ਰਹਤ[16] ਨ ਹੋਈ ॥	The perverse person[14] preaches[15] piety, but himself practises[16]it not.	ਪ੍ਰਤੀਕੂਲ ਪੁਰਸ਼[14] ਪਵਿੱਤਰਤਾ ਪ੍ਰਚਾਰਦਾ[15] ਹੈ ਪ੍ਰੰਤੂ ਖ਼ੁਦ ਇਸ ਤੇ ਅਮਲ[16] ਨਹੀਂ ਕਰਦਾ।
ਨਾਵਹੁ ਭੂਲੇ[17] ਥਾਉ[18] ਨ ਕੋਈ ॥੩॥	Forgetting[17] the Name, man obtains no place[18] of rest.	ਨਾਮ ਨੂੰ ਭੁਲਾ ਕੇ[17], ਬੰਦੇ ਨੂੰ ਆਰਾਮ ਦੀ ਕੋਈ ਥਾਂ[18] ਨਹੀਂ ਮਿਲਦੀ।
ਮਨੁ[19] ਮਾਇਆ[20] ਬੰਧਿਓ[21] ਸਰ[22] ਜਾਲਿ[23] ॥	Mammon[20] has bound[21] the man[19] to the snare[23] of the world's pool[22].	ਮੋਹਨੀ[20] ਨੇ ਇਨਸਾਨ[19] ਨੂੰ ਸੰਸਾਰ ਦੇ ਤਾਲਾਬ[22] ਦੇ ਫੰਧੇ[23] ਨਾਲ ਜਕੜਿਆ ਹੋਇਆ[21] ਹੈ।
ਘਟਿ ਘਟਿ[24] ਬਿਆਪਿ[25] ਰਹਿਓ ਬਿਖੁ[26] ਨਾਲਿ[27] ॥	Amongst all the hearts[24] this net is spread[25] with[27] the bait of sin[26].	ਸਾਰਿਆਂ ਦਿਲਾਂ[24] ਅੰਦਰ ਇਹ ਜਾਲ ਵਿਛਿਆ ਹੋਇਆ[25] ਹੈ ਪਾਪ[26] ਦੀ ਚਾਟ ਸਮੇਤ[27]।
ਜੋ[28] ਆਂਜੈ[29] ਸੋ[30] ਦੀਸੈ[31] ਕਾਲਿ[32] ॥	Who-so-ever[28] is come[29], he[30] is seen[31] under the sway of death[32].	ਜੋ ਕੋਈ ਭੀ[28] ਆਇਆ[29] ਹੈ, ਉਹ[30] ਮੌਤ[32] ਦੇ ਅਧੀਨ ਦਿਸਦਾ[31] ਹੈ।
ਕਾਰਜੁ[33] ਸੀਧੋ[34] ਰਿਦੈ[34*] ਸਮਾਲਿ[35] ॥੪॥	Contemplate[35] thou the Lord in thy mind[34*] and thy affair[33] shall be adjusted[34].	ਤੂੰ ਆਪਣੇ ਹਿਰਦੇ[34*] ਅੰਦਰ ਸੁਆਮੀ ਦਾ ਸਿਮਰਨ[35] ਕਰ ਅਤੇ ਤੇਰਾ ਕੰਮ[33] ਸੌਰ ਜਾਏਗਾ[34]।
ਸੋ[36] ਗਿਆਨੀ[37] ਜਿਨਿ ਸਬਦਿ[38] ਲਿਵ[39]ਲਾਈ[40] ॥	He[36] alone is the divine[37], who enshrines[40] affection[39] for the Name[38].	ਕੇਵਲ ਉਹ[36] ਹੀ ਬ੍ਰਹਮਵੇਤਾ[37] ਹੈ ਜੋ ਨਾਮ[38] ਨਾਲ ਪਿਰਹੜੀ[39] ਪਾਉਂਦਾ[40] ਹੈ।
ਮਨਮੁਖਿ[41] ਹਉਮੈ[42] ਪਤਿ[43] ਗਵਾਈ ॥	The wilful man[41] loses his honour[43] in ego[42].	ਆਪ-ਹੁਦਰਾ ਆਦਮੀ[41] ਹੰਕਾਰ[42] ਅੰਦਰ ਆਪਣੀ ਇੱਜ਼ਤ[43] ਗੁਆ ਲੈਂਦਾ ਹੈ।
ਆਪੇ ਕਰਤੈ[44] ਭਗਤਿ[45] ਕਰਾਈ[46] ॥	The Creator[44] Himself yokes[46] man to His service[45].	ਸਿਰਜਣਹਾਰ[44] ਆਪ ਹੀ ਆਪਣੀ ਸੇਵਾ[45] ਵਿਚ ਜੋੜਦਾ[46] ਹੈ।
ਗੁਰਮੁਖਿ[47] ਆਪੇ ਦੇ[48] ਵਡਿਆਈ[49] ॥੫॥	To the Guru-ward[47], He Himself blesses[48] with glory[49].	ਗੁਰੂ-ਅਨੁਸਾਰੀ[47] ਨੂੰ ਉਹ ਆਪ ਹੀ ਪ੍ਰਭਤਾ[49] ਬਖ਼ਸ਼ਦਾ[48] ਹੈ।
ਰੈਣਿ[50] ਅੰਧਾਰੀ[51] ਨਿਰਮਲ[52] ਜੋਤਿ[53] ॥	The night[50] of life is dark[51] and immaculate[52] is the light[53] of the Lord's Name.	ਜੀਵਨ ਰਾਤਰੀ[50] ਕਾਲੀ[51] ਹੈ ਅਤੇ ਪਵਿੱਤਰ[52] ਹੈ ਪ੍ਰਭੂ ਦੇ ਨਾਮ ਦਾ ਪ੍ਰਕਾਸ਼[53]।
ਨਾਮ ਬਿਨਾ ਝੂਠੇ[54] ਕੁਚਲ[55] ਕਛੋਤਿ[56] ॥	Without the Name, false[54], filthy[55] and untouchable[56] are the mortals.	ਨਾਮ ਦੇ ਬਾਝੋਂ ਕੂੜੇ[54], ਗੰਦੇ[55] ਅਤੇ ਅਛੂਤ[56] ਹਨ, ਪ੍ਰਾਨੀ।
ਬੇਦੁ ਪੁਕਾਰੈ[57] ਭਗਤਿ[58] ਸਰੋਤਿ[59] ॥	The Vedas preach[57] the sermon[59] of the Lord's devotional service[58].	ਵੇਦ ਪ੍ਰਭੂ ਦੀ ਪ੍ਰੇਮ-ਮਈ ਸੇਵਾ[58] ਦਾ ਧਰਮ-ਉਪਦੇਸ਼[59] ਪ੍ਰਚਾਰਦੇ[57] ਹਨ।
ਸੁਣਿ ਸੁਣਿ[60] ਮਾਨੈ[61] ਵੇਖੈ ਜੋਤਿ[62] ॥੬॥	He who continually hears[60] and believes[61], sees the Lord's light[62].	ਜੋ ਇਕ-ਰਸ ਸੁਣਦਾ[60] ਅਤੇ ਵਿਸ਼ਵਾਸ ਕਰਦਾ[61] ਹੈ, ਉਹ ਪ੍ਰਭੂ ਦੇ ਪ੍ਰਕਾਸ਼[62] ਨੂੰ ਵੇਖ ਲੈਂਦਾ ਹੈ।

ਸਾਸਤੁ ਸਿਮ੍ਰਿਤਿ ਨਾਮ ਦ੍ਰਿੜ੍ਹਾਮੰ[63] ॥
ਗੁਰਮੁਖਿ[64]ਸਾਂਤਿ[65]ਊਤਮਾ[66] ਕਰਮੰ[67] ॥
ਮਨਮੁਖਿ[68] ਜੋਨੀ[69] ਦੂਖ[70] ਸਹਾਮੰ[71] ॥
ਬੰਧਨ[72] ਤੂਟੇ[73] ਇਕੁ[74]ਨਾਮੁ ਵਸਾਮੰ[75] ॥੭॥

The Shastras and Simirtis impress[63] the Name's meditation.
Doing sublime[66] deed[67] by the Guru's grace[64], man abides in peace[65].
The way-ward person[68] suffers[71] pangs[70] in existences[69].
Enshrining[75] the Unique[74] Lord's Name, in the mind, the shackles[72] are shattered[73].

ਸ਼ਾਸਤਰ ਅਤੇ ਸਿਮਰਤੀਆਂ ਨਾਮ ਦੇ ਸਿਮਰਨ ਦੀ ਤਾਕੀਦ ਕਰਦੀਆਂ[63] ਹਨ ।
ਗੁਰਾਂ ਦੀ ਦਇਆ[64] ਦੁਆਰਾ, ਸ੍ਰੇਸ਼ਟ[66] ਅਮਲ[67] ਕਮਾ ਬੰਦਾ ਠੰਢ-ਚੈਨ[65] ਅੰਦਰ ਵਸਦਾ ਹੈ ।
ਆਪ-ਹੁਦਰਾ ਪੁਰਸ਼[68] ਜੂਨੀਆਂ[69] ਅੰਦਰ ਤਕਲੀਫ਼ਾਂ[70] ਸਹਾਰਦਾ[71] ਹੈ ।
ਅਦੁੱਤੀ[74] ਸਾਈਂ ਦੇ ਨਾਮ ਨੂੰ ਰਿਦੇ ਅੰਦਰ ਟਿਕਾਉਣ[75] ਦੁਆਰਾ ਬੇੜੀਆਂ[72] ਕੱਟੀਆਂ ਜਾਂਦੀਆਂ[73] ਹਨ ।

੮੩੨ / 832

ਮੰਨੇ[76] ਨਾਮੁ ਸਚੀ ਪਤਿ[77] ਪੂਜਾ[78] ॥
ਕਿਸੁ ਵੇਖਾ ਨਾਹੀ ਕੋ ਦੂਜਾ[79] ॥
ਦੇਖਿ ਕਹਉ ਭਾਵੈ[80] ਮਨਿ[81] ਸੋਇ[82] ॥
ਨਾਨਕੁ ਕਹੈ ਅਵਰੁ[83] ਨਹੀ ਕੋਇ ॥੮॥੧॥

To believe[76] in the Name is to obtain true honour[77] and adoration[78].
Whom else should I see, when there is not another[79] except the Lord.
Seeing all, say I that He[82], the Lord, alone is pleasing[80] to my mind[81].
Says Nanak, without the Lord, there is not another[83].

ਨਾਮ ਵਿਚ ਭਰੋਸਾ[76] ਧਾਰਨਾ ਸੱਚੀ ਇੱਜ਼ਤ[77] ਅਤੇ ਉਪਾਸ਼ਨਾ[78] ਪਰਾਪਤ ਕਰਨਾ ਹੈ ।
ਮੈਂ ਹੋਰ ਕਿਸ ਨੂੰ ਦੇਖਾਂ ਜਦ ਪ੍ਰਭੂ ਦੇ ਬਗ਼ੈਰ ਹੋਰ ਕੋਈ[79] ਹੈ ਹੀ ਨਹੀਂ ।
ਸਾਰਿਆਂ ਨੂੰ ਵੇਖ ਕੇ ਮੈਂ ਆਖਦਾ ਹਾਂ ਕਿ ਕੇਵਲ ਉਹ[82] ਸੁਆਮੀ ਹੀ ਮੇਰੇ ਚਿੱਤ[81] ਨੂੰ ਚੰਗਾ ਲੱਗਦਾ[80] ਹੈ ।
ਗੁਰੂ ਜੀ ਫ਼ੁਰਮਾਉਂਦੇ ਹਨ ਸਾਹਿਬ ਦੇ ਬਾਝੋਂ ਹੋਰ ਕੋਈ[83] ਨਹੀਂ ।

ਬਿਲਾਵਲੁ ਮਹਲਾ ੧ ॥

Bilawal 1st Guru.

ਬਿਲਾਵਲ ਪਹਿਲੀ ਪਾਤਿਸ਼ਾਹੀ ।

ਮਨ ਕਾ ਕਹਿਆ[84] ਮਨਸਾ[85] ਕਰੈ[86] ॥
ਇਹੁ ਮਨੁ ਪੁੰਨੁ[87] ਪਾਪੁ[88] ਉਚਰੈ[89] ॥
ਮਾਇਆ[90] ਮਦਿ[91] ਮਾਤੇ[92] ਤ੍ਰਿਪਤਿ[93] ਨ ਆਵੈ ॥
ਤ੍ਰਿਪਤਿ[94] ਮੁਕਤਿ[95] ਮਨਿ[96] ਸਾਚਾ[97] ਭਾਵੈ[98] ॥੧॥

Man[85] carries[86] out the dictates[84] of his mind.
This mind feeds[89] on virtue[87] and vice[88].
Inebriated[92] with the pride[91] of wealth[90], the mortal is satiated[93] not.
He to whose soul[96] the True Lord[97] is pleasing[98], attains to satiation[94] and salvation[95].

ਮਨੁੱਖ[85] ਆਪਣੇ ਮਨੂਏ ਦੇ ਆਖੇ[84] ਤੇ ਅਮਲ[86] ਕਰਦਾ ਹੈ ।
ਇਹ ਮਨੂਆ ਨੇਕੀ[87] ਅਤੇ ਬਦੀ[88] ਦਾ ਭੋਜਨ[89] ਕਰਦਾ ਹੈ ।
ਧਨ-ਦੌਲਤ[90] ਦੇ ਹੰਕਾਰ[91] ਨਾਲ ਨਸ਼ਈ[92] ਹੋਏ ਹੋਏ ਪ੍ਰਾਣੀ ਨੂੰ ਰੱਜ[93] ਨਹੀਂ ਆਉਂਦਾ ।
ਜਿਸ ਦੀ ਜਿੰਦੜੀ[96] ਨੂੰ ਸੱਚਾ ਸੁਆਮੀ[97] ਚੰਗਾ ਲੱਗਦਾ[98] ਹੈ ਉਸ ਨੂੰ ਸੰਤੁਸ਼ਟਤਾ[94] ਅਤੇ ਮੋਖਸ਼[95] ਪਰਾਪਤ ਹੋ ਜਾਂਦੇ ਹਨ ।

ਤਨੁ[99] ਧਨੁ[100] ਕਲਤੁ[2] ਸਭੁ[3] ਦੇਖੁ ਅਭਿਮਾਨਾ[4] ॥
ਬਿਨੁ ਨਾਵੈ ਕਿਛੁ ਸੰਗਿ[5] ਨ ਜਾਨਾ ॥੧॥ਰਹਾਉ॥
ਕੀਚਹਿ[6] ਰਸ[7] ਭੋਗ[8]

Seeing his body[99], wealth[100], wife[2] and all[3] his property, the mortal becomes proud[4].
Without the Lord's Name, nothing goes along with[5] man. Pause.
Man enjoys[6] dainties[7], sexual

ਆਪਣੀ ਦੇਹ[99], ਦੌਲਤ[100], ਵਹੁਟੀ[2] ਅਤੇ ਹੋਰ ਸਾਰੀ[3] ਜਾਇਦਾਦ ਨੂੰ ਵੇਖ ਕੇ ਪ੍ਰਾਨੀ ਹੰਕਾਰੀ[4] ਹੋ ਜਾਂਦਾ ਹੈ ।
ਸੁਆਮੀ ਦੇ ਨਾਮ ਦੇ ਬਾਝੋਂ ਕੁਝ ਭੀ ਬੰਦੇ ਦੇ ਨਾਲ[5] ਨਹੀਂ ਜਾਂਦਾ । ਠਹਿਰਾਉ ।
ਇਨਸਾਨ ਆਪਣੇ ਚਿੱਤ[10] ਦੀ[12] ਰੀਝ ਵਾਲੀਆਂ

ਖੁਸੀਆ[9] ਮਨ[10] ਕੇਰੀ[12] ॥	pleasures[8], and revelments[9] of[12] his mind's[10] liking.	ਨਿਆਮਤਾਂ[7], ਭੋਗ-ਬਿਲਾਸ[8] ਅਤੇ ਰੰਗ-ਰਲੀਆਂ[9] ਮਾਣਦਾ[6] ਹੈ ।
ਧਨੁ[13] ਲੋਕਾਂ[14] ਤਨੁ[15] ਭਸਮੈ[16] ਢੇਰੀ[17] ॥	Ultimately his wealth[13] passes on to other persons[14] and his body[15] becomes a heap[17] of ashes[16].	ਓੜਕ ਨੂੰ ਉਸ ਦੀ ਦੌਲਤ[13] ਹੋਰਨਾਂ ਪੁਰਸ਼ਾਂ[14] ਕੋਲ ਚਲੀ ਜਾਂਦੀ ਹੈ ਉਸ ਦੀ ਦੇਹ[15] ਸੁਆਹ[16] ਦਾ ਅੰਬਾਰ[17] ਹੋ ਜਾਂਦੀ ਹੈ ।
ਖਾਕੂ[18] ਖਾਕੁ[19] ਰਲੈ[20] ਸਭੁ[21] ਫੈਲੁ[22] ॥	This entire[21] extension[22] of dust[18], mingles[20] with dust[19] in the end.	ਇਹ ਸਾਰਾ[21] ਮਿੱਟੀ[18] ਦਾ ਪਸਾਰਾ[22] ਅੰਤ ਨੂੰ ਮਿੱਟੀ[19] ਵਿਚ ਮਿਲ ਜਾਂਦਾ[20] ਹੈ ।
ਬਿਨੁ ਸਬਦੈ[23] ਨਹੀ ਉਤਰੈ[24] ਮੈਲੁ[25] ॥੨॥	Without the Name[23], filth[25] is removed[24] not.	ਨਾਮ[23] ਦੇ ਬਗ਼ੈਰ ਗਿਲਾਜ਼ਤ[25] ਲਹਿੰਦੀ[24] ਨਹੀਂ ।
ਗੀਤ[26] ਰਾਗ[27] ਘਨ[28] ਤਾਲ[29] ਸਿ ਕੂਰੇ[30] ॥	Without the Name, false[30] are the various[28] songs[26], melodies[27] and rhythmic beats[29].	ਨਾਮ ਦੇ ਬਗ਼ੈਰ, ਕੂੜੇ[30] ਹਨ ਅਨੇਕਾਂ[28] ਗਾਉਣੇ[26], ਤਰਾਨੇ[27] ਅਤੇ ਸੁਰਤਾਲ[29] ।
ਤ੍ਰਿਹੁ[31] ਗੁਣ[32] ਉਪਜੈ[33] ਬਿਨਸੈ[34] ਦੂਰੇ[35] ॥	The mortals of three[31] dispositions[32], come[33], go[34] and remain far[35] from the Lord.	ਤਿੰਨਾਂ[31] ਸੁਭਾਵਾਂ[32] ਵਾਲੇ ਪ੍ਰਾਨੀ ਆਉਂਦੇ[33], ਜਾਂਦੇ[34] ਅਤੇ ਸਾਹਿਬ ਤੋਂ ਦੂਰ[35] ਰਹਿੰਦੇ ਹਨ ।
ਦੂਜੀ[36] [37]ਦੁਰਮਤਿ[38] ਦਰਦੁ[39] ਨ ਜਾਇ[40] ॥	Being engrossed in duality[36], the pain[39] of evil[37]-intellect[38] departs[40] not.	ਦਵੈਤ-ਭਾਵ[36] ਅੰਦਰ ਗ਼ਲਤਾਨ ਹੋਣ ਕਾਰਨ, ਮੰਦ[37] ਬੁੱਧੀ[38] ਦੀ ਤਕਲੀਫ਼[39] ਦੂਰ ਨਹੀਂ ਹੁੰਦੀ[40] ।
ਛੂਟੈ[41] ਗੁਰਮੁਖਿ[42] ਦਾਰੂ[43] ਗੁਣ[44] ਗਾਇ[45] ॥੩॥	The Guru-ward[42] is released[41] by taking the cure-all[43] of the singing[45] Lord's praise[44].	ਗੁਰੂ-ਅਨੁਸਾਰੀ[42] ਪ੍ਰਭੂ ਦਾ ਜੱਸ[44] ਗਾਇਨ[45] ਕਰਨ ਦੀ ਦਵਾਈ[43] ਖਾ ਕੇ ਬੰਦ-ਖ਼ਲਾਸ[41] ਹੋ ਜਾਂਦਾ ਹੈ ।
ਧੋਤੀ[46] ਊਜਲ[47] ਤਿਲਕੁ[48] ਗਲਿ[49] ਮਾਲਾ[50] ॥ ਅੰਤਰਿ[50*] ਕ੍ਰੋਧੁ[51] ਪੜਹਿ[52] ਨਟ ਸਾਲਾ[53] ॥	Some one may wear a neat clean[47] loin-cloth[46], anoint his brow with the sacrificial mark[48] and put on rosary[50] on his neck[49], but if he has wrath[51] within[50*] him, he reads[52] as one acts in a theatre[53].	ਭਾਵੇਂ ਕੋਈ ਸਾਫ਼-ਸੁਥਰੀ[47] ਧੋਤੀ[46] ਪਾ ਲਵੇ, ਆਪਣੇ ਮੱਥੇ ਉਤੇ ਟਿੱਕਾ[48] ਲਾ ਲਵੇ ਅਤੇ ਆਪਣੀ ਗਰਦਨ[49] ਦੁਆਲੇ ਸਿਮਰਨੀ[50] ਪਹਿਨ ਲਵੇ, ਪ੍ਰੰਤੂ ਜੇਕਰ ਉਸ ਦੇ ਅੰਦਰ[50*] ਗੁੱਸਾ[51] ਹੈ ਤਾਂ ਉਹ ਤਮਾਸ਼ੇ-ਘਰ[53] ਵਿਚ ਖੇਲ ਕਰਨ ਵਾਂਗੂੰ ਹੀ ਪੜ੍ਹਦਾ[52] ਹੈ ।
ਨਾਮੁ ਵਿਸਾਰਿ[54] ਮਾਇਆ[55] ਮਦੁ[56] ਪੀਆ[57] ॥	Forgetting[54] the Name, man drinks[57] the wine[56] of worldly valuables[55].	ਨਾਮ ਨੂੰ ਭੁਲਾ ਕੇ[54], ਇਨਸਾਨ ਸੰਸਾਰੀ ਪਦਾਰਥਾਂ[55] ਦੀ ਸ਼ਰਾਬ[56] ਪੀਂਦਾ[57] ਹੈ ।
ਬਿਨੁ ਗੁਰ ਭਗਤਿ[58] ਨਾਹੀ ਸੁਖੁ[59] ਥੀਆ[60] ॥੪॥	Without the adoration[58] of the Guru, bliss[59] is obtained[60] not.	ਗੁਰਾਂ ਦੀ ਉਪਾਸ਼ਨਾ[58] ਦੇ ਬਾਝੋਂ ਖ਼ੁਸ਼ੀ[59] ਪਰਾਪਤ[60] ਨਹੀਂ ਹੁੰਦੀ ।
ਸੂਕਰ[61] ਸੁਆਨ[62] ਗਰਧਭ[63] ਮੰਜਾਰਾ[64] ॥ ਪਸੂ[65] ਮਲੇਛ[66] ਨੀਚ[67] ਚੰਡਾਲਾ[68] ॥ ਗੁਰ	He is a swine[61], a dog[62], a donkey[63] a cat[64], a beast[65], a filthy one[66], a mean man[67], and a pariah[68], who	ਉਹ ਸੂਰ[61], ਕੁੱਤਾ[62], ਖੋਤਾ[63], ਬਿੱਲਾ[64], ਡੰਗਰ[65], ਮਲੀਣ ਮਨੁਸ਼[66], ਅਧਮ ਪੁਰਸ਼[67] ਅਤੇ ਕੰਮੀ[68] ਹੈ ਜੋ ਗੁਰਾਂ ਵਲੋਂ ਆਪਣਾ ਮੂੰਹ[69] ਮੋੜ ਲੈਂਦਾ[70] ਹੈ । ਉਸ[71] ਨੂੰ ਜੂਨੀਆਂ[72]

ਤੇ ਮੁਹੁ[69] ਫੇਰੇ[70] ਤਿਨੑ[71] ਜੋਨਿ[72] ਭਵਾਈਐ[73] ॥	turns away[70] his face[69] from the Guru. He[71] is made to wander[73] in existences[72].	ਅੰਦਰ ਭੁਆਇਆ[73] ਜਾਂਦਾ ਹੈ ।
ਬੰਧਨਿ[74] ਬਾਧਿਆ[75] ਆਈਐ[76] ਜਾਈਐ[77] ॥੫॥	Bound[75] with the bonds[74], he continues coming[76] and going[77].	ਜੂੜਾਂ[74] ਨਾਲ ਜਕੜਿਆ ਹੋਇਆ[75] ਉਹ ਆਉਂਦਾ[76] ਤੇ ਜਾਂਦਾ[77] ਰਹਿੰਦਾ ਹੈ ।
ਗੁਰ ਸੇਵਾ[78] ਤੇ ਲਹੈ[79] ਪਦਾਰਥੁ[80] ॥	By Guru's service[78], man procures[79] the Name-wealth[80].	ਗੁਰਾਂ ਦੀ ਘਾਲ[78] ਰਾਹੀਂ, ਬੰਦਾ ਨਾਮ ਦੀ ਦੌਲਤ[80] ਪਾ ਲੈਂਦਾ[79] ਹੈ ।
ਹਿਰਦੈ[81] ਨਾਮੁ ਸਦਾ[82] ਕਿਰਤਾਰਥੁ[83] ॥	With the Name in his mind[81] he is ever[82] benefitted[83].	ਉਸ ਦੇ ਮਨ[81] ਅੰਦਰ ਨਾਮ ਹੋਣ ਨਾਲ ਉਹ ਹਮੇਸ਼ਾਂ[82] ਲਾਭ ਉਠਾਉਂਦਾ[83] ਹੈ ।
ਸਾਚੀ ਦਰਗਹ[84] ਪੂਛ[85] ਨ ਹੋਇ ॥	He is not called to account[85] in the True Court[84].	ਸੱਚੇ ਦਰਬਾਰ[84] ਅੰਦਰ ਉਸ ਤੋਂ ਲੇਖਾ ਪੱਤਾ[85] ਪੁਛਿਆ ਨਹੀਂ ਜਾਂਦਾ ।
ਮਾਨੇ[86] ਹੁਕਮੁ[87] ਸੀਝੈ[88] ਦਰਿ[89] ਸੋਇ[90] ॥੬॥	He[90] who obeys[86] the Lord's command[87], is approved[88] at His door[89].	ਜੋ ਪ੍ਰਭੂ ਦੀ ਆਗਿਆ[87] ਦੀ ਪਾਲਣਾ ਕਰਦਾ[86] ਹੈ ਉਹ[90] ਉਸ ਦੇ ਬੂਹੇ[89] ਤੇ ਪਰਵਾਨਿਤ ਹੋ ਜਾਂਦਾ[88] ਹੈ ।
ਸਤਿਗੁਰੁ ਮਿਲੈ ਤ[91] ਤਿਸ[92] ਕਉ ਜਾਣੈ[93] ॥	When man meets with the True Guru, then[91] knows[93] he the Lord[92].	ਜਦ ਬੰਦਾ ਸੱਚੇ ਗੁਰਾਂ ਨੂੰ ਮਿਲ ਪੈਂਦਾ ਹੈ, ਤਦ[91] ਉਹ ਉਸ ਸੁਆਮੀ[92] ਨੂੰ ਜਾਣ ਲੈਂਦਾ[93] ਹੈ ।
ਰਹੈ[94] ਰਜਾਈ[95] ਹੁਕਮੁ[96] ਪਛਾਣੈ[97] ॥	Realising[97] the Lord's Will[96], he walks[94] according to the Will[95].	ਸੁਆਮੀ ਦੀ ਰਜ਼ਾ[96] ਨੂੰ ਅਨੁਭਵ ਕਰ[97], ਉਹ ਰਜ਼ਾ[95] ਦੇ ਅਨੁਸਾਰ ਟੁਰਦਾ[94] ਹੈ ।
ਹੁਕਮੁ ਪਛਾਣਿ[100] ਸਚੈ ਦਰਿ[98] ਵਾਸੁ[99] ॥	Recognising[100] the Will, he abides[99] in the True Court[98].	ਰਜ਼ਾ ਨੂੰ ਸਿੰਞਾਣ[100], ਉਹ ਸੱਚੇ ਦਰਬਾਰ[98] ਅੰਦਰ ਵਸਦਾ[99] ਹੈ ।
ਕਾਲ[2] ਬਿਕਾਲ[3] ਸਬਦਿ[4] ਭਏ ਨਾਸੁ[5] ॥੭॥	With the Lord's Name[4], death[2] and birth[3] are effaced[5].	ਸਾਹਿਬ ਦੇ ਨਾਮ[4] ਨਾਲ ਮਰਨਾ[2] ਅਤੇ ਜੰਮਣਾ[3] ਮਿਟ ਜਾਂਦੇ[5] ਹਨ ।
ਰਹੈ ਅਤੀਤੁ[6] ਜਾਣੈ[7] ਸਭੁ[8] ਤਿਸ[9] ਕਾ ॥	Knowing[7] that everything[8] belongs to Him[9], the mortal should remain detached[6].	ਸਾਰਾ ਕੁਛ[8] ਉਸ[9] ਦਾ ਸਮਝ ਕੇ[7] ਪ੍ਰਾਨੀ ਨੂੰ ਨਿਰਲੇਪ[6] ਰਹਿਣਾ ਚਾਹੀਦਾ ਹੈ ।
ਤਨੁ[10] ਮਨੁ[12] ਅਰਪੈ[13] ਹੈ ਇਹੁ ਜਿਸ ਕਾ ॥	He ought to dedicate[13] his body[10] and soul[12] to Him of whom they are.	ਉਸ ਨੂੰ ਆਪਣੀ ਦੇਹ[10] ਤੇ ਆਤਮਾ[12] ਉਸ ਨੂੰ ਸਮਰਪਨ ਕਰਨੇ[13] ਉਚਿਤ ਹਨ ਜਿਸ ਦੇ ਉਹ ਹਨ ।
ਨਾ ਓਹੁ ਆਵੈ ਨਾ ਓਹੁ ਜਾਇ ॥	Then he comes not, nor goes he.	ਤਦ ਉਹ ਆਉਂਦਾ ਨਹੀਂ, ਨਾ ਹੀ ਉਹ ਜਾਂਦਾ ਹੈ ।
ਨਾਨਕ ਸਾਚੇ[14] ਸਾਚਿ[15] ਸਮਾਇ[16] ॥੮॥੨॥	Being true[14], O Nanak, he merges[16] in the True Lord[15].	ਸੱਚਾ[14] ਹੋਣ ਕਰ ਕੇ, ਹੇ ਨਾਨਕ ! ਉਹ ਸੱਚੇ ਸੁਆਮੀ[15] ਅੰਦਰ ਲੀਨ ਹੋ ਜਾਂਦਾ[16] ਹੈ ।
ਬਿਲਾਵਲੁ ਮਹਲਾ ੩ ਅਸਟਪਦੀ ਘਰੁ ੧੦	Bilawal 3rd Guru Ashtpadi	ਬਿਲਾਵਲ ਤੀਜੀ ਪਾਤਿਸ਼ਾਹੀ ਅਸ਼ਟਪਦੀ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਜਗੁ[17] ਕਉਆ[18] ਮੁਖਿ[19] ਚੁੰਚ[20] ਗਿਆਨੁ[21] ॥	The man[17] is like a crow[18], who utters forth gnosis[21] with his mouth[19]-beak[20].	ਆਦਮੀ[17] ਕਾਂ[18] ਦੀ ਤਰ੍ਹਾਂ ਹੈ ਜੋ ਆਪਣੀ ਮੂੰਹ[19] ਦੀ ਚੁੰਝ[20] ਨਾਲ ਬ੍ਰਹਮ-ਬੋਧ[21] ਉਚਾਰਨ ਕਰਦਾ ਹੈ।
ਅੰਤਰਿ[22] ਲੋਭੁ[23] ਝੂਠੁ[24] ਅਭਿਮਾਨੁ[25] ॥	Within[22] him is greed[23], falsehood[24] and pride[25].	ਉਸ ਦੇ ਅੰਦਰ[22] ਲਾਲਚ[23], ਕੂੜ[24] ਅਤੇ ਹੰਕਾਰ[25] ਹੈ।
ਬਿਨੁ ਨਾਵੈ ਪਾਜੁ[26] ਲਹਗੁ[27] ਨਿਦਾਨਿ[28] ॥੧॥	Without the Name, the gilding[26] shall wear off[27], O fool[28].	ਨਾਮ ਦੇ ਬਗੈਰ ਮੁਲੰਮਾ[26] ਉਤਰ ਜਾਏਗਾ[27], ਹੇ ਮੂਰਖ[28]!
ਸਤਿਗੁਰ ਸੇਵਿ[29] ਨਾਮੁ ਵਸੈ[30] ਮਨਿ[31] ਚੀਤਿ[32] ॥	Serving[29] the True Guru, the Name is enshrined[30] in the mind[31] and heart[32].	ਸੱਚੇ ਗੁਰਾਂ ਦੀ ਘਾਲ ਕਮਾਉਣ[29] ਦੁਆਰਾ, ਨਾਮ ਹਿਰਦੇ[31] ਅਤੇ ਦਿਲ[32] ਅੰਦਰ ਵਸ[30] ਜਾਂਦਾ ਹੈ।
ਗੁਰੁ ਭੇਟੇ[33] ਹਰਿ ਨਾਮੁ ਚੇਤਾਵੈ[34] ਬਿਨੁ ਨਾਵੈ ਹੋਰ ਝੂਠੁ ਪਰੀਤਿ[35] ॥੧॥ ਰਹਾਉ ॥	Meeting[33] with the Guru, God's Name is contemplated[34]. Without the Name, false are other loves[35]. Pause.	ਗੁਰਾਂ ਨਾਲ ਮਿਲਣ[33] ਦੁਆਰਾ, ਵਾਹਿਗੁਰੂ ਦਾ ਨਾਮ ਸਿਮਰਿਆ ਜਾਂਦਾ[34] ਹੈ। ਨਾਮ ਦੇ ਬਾਝੋਂ ਕੂੜੀਆਂ ਹਨ ਹੋਰਸ ਮੁਹੱਬਤਾਂ[35]। ਠਹਿਰਾਉ।
ਗੁਰਿ ਕਹਿਆ[36] ਸਾ[37] ਕਾਰ[38] ਕਮਾਵਹੁ[39] ॥	O man, do[39] thou the[37] work[38], which the Guru enjoins upon[36] thee.	ਹੇ ਬੰਦੇ! ਤੂੰ ਉਹ[37] ਕੰਮ[38] ਕਰ[39] ਜਿਹੜਾ ਗੁਰੂ ਜੀ ਤੈਨੂੰ ਆਖਦੇ[36] ਹਨ।
ਸਬਦੁ[40] ਚੀਨਿ[41] ਸਹਜ[42] ਘਰਿ[43] ਆਵਹੁ[44] ॥	Meditating[41] on the Name[40], thou shalt come[44] into the Home[43] of bliss[42].	ਨਾਮ[40] ਦਾ ਆਰਾਧਨ ਕਰਨ[41] ਦੁਆਰਾ, ਤੂੰ ਖੁਸ਼ੀ[42] ਦੇ ਘਰ[43] ਅੰਦਰ ਆ ਜਾਵੇਂਗਾ[44]।
ਸਾਚੈ[45] ਨਾਇ ਵਡਾਈ[46] ਪਾਵਹੁ[47] ॥੨॥	Through the True Name[45], thou shalt be blessed with[47] glory[46].	ਸੱਚੇ ਨਾਮ[45] ਦੇ ਰਾਹੀਂ ਤੈਨੂੰ ਪ੍ਰਭਤਾ[46] ਪਰਾਪਤ ਹੋਵੇਗੀ[47]।
ਆਪਿ[48] ਨ ਬੂਝੈ[49] ਲੋਕ[50] ਬੁਝਾਵੈ[51] ॥ ਮਨ[52] ਕਾ ਅੰਧਾ[53] ਅੰਧੁ ਕਮਾਵੈ[54] ॥	He, who understands[49] not himself[48], but instructs[51] people[50], is mentally[52] blind[53] and does[54] blind deeds.	ਜੋ ਖੁਦ[48] ਤਾਂ ਸਮਝਦਾ[49] ਕੁਝ ਨਹੀਂ, ਪ੍ਰੰਤੂ ਲੋਕਾਂ[50] ਨੂੰ ਸਿਖ-ਮਤ ਦਿੰਦਾ[51] ਹੈ, ਉਹ ਮਾਨਸਿਕ[52] ਤੌਰ ਤੇ ਅੰਨ੍ਹਾ[53] ਹੈ ਅਤੇ ਅੰਨ੍ਹੇ ਕੰਮ ਕਰਦਾ[54] ਹੈ।
ਦਰੁ[55] ਘਰੁ[56] ਮਹਲੁ[57] ਠਉਰੁ[58] ਕੈਸੇ[59] ਪਾਵੈ ॥੩॥	How[59] can he obtain an abode[58] in the Lord's court[55], home[56] and mansion[57]?	ਉਹ ਪ੍ਰਭੂ ਦੇ ਦਰਬਾਰ[55], ਘਰ[56] ਅਤੇ ਮੰਦਰ[57] ਵਿਚ ਕਿਸ ਤਰ੍ਹਾਂ[59] ਟਿਕਾਣਾ[58] ਪਰਾਪਤ ਕਰ ਸਕਦਾ ਹੈ?
ਹਰਿ ਜੀਉ[60] ਸੇਵੀਐ[61] ਅੰਤਰਜਾਮੀ[62] ॥ ਘਟ ਘਟ ਅੰਤਰਿ[63] ਜਿਸ ਕੀ ਜੋਤਿ[65] ਸਮਾਨੀ[66] ॥	Let us serve[61] the Venerable[60] Lord, the Inner-knower[62], whose light[65] is diffused[66] in all the hearts[63].	ਆਓ ਆਪਾਂ, ਅੰਦਰਲੀਆਂ ਜਾਨਣਹਾਰ[62] ਪੂਜਯ[60] ਪ੍ਰਭੂ ਦੀ ਟਹਿਲ ਕਮਾਈਏ[61], ਜਿਸ ਦਾ ਪ੍ਰਕਾਸ਼[65] ਸਾਰਿਆਂ ਦਿਲਾਂ[63] ਅੰਦਰ ਰਮਿਆ ਹੋਇਆ[66] ਹੈ।
ਤਿਸ ਨਾਲਿ ਕਿਆ[68] ਚਲੈ[67]	How[68] can hiding[69] avail[67]	ਉਸ ਪਾਸੋਂ ਲੁਕਾ ਰੱਖਣ[69] ਦਾ ਕਿਸ ਤਰ੍ਹਾਂ[68] ਲਾਭ[67]

ਪਹਨਾਮੀ[69] ॥੪॥	with Him ?	ਹੋ ਸਕਦਾ ਹੈ ?
ਸਾਚਾ ਨਾਮੁ ਸਾਚ ਸਬਦਿ[70] ਜਾਨੈ[71] ॥	The True Name is realised[71] through the True Gurbani[70].	ਸੱਚਾ ਨਾਮ ਸੱਚੀ ਗੁਰਬਾਣੀ[70] ਦੀ ਰਾਹੀਂ ਅਨੁਭਵ ਕੀਤਾ ਜਾਂਦਾ[71] ਹੈ।
੮੩੩	833	੮੩੩
ਆਪੇ ਆਪੁ[72] ਮਿਲੈ ਚੂਕੈ[73] ਅਭਿਮਾਨੈ[74] ॥	The Lord Himself[72] meets him who stills[73] his ego[74].	ਸਾਈਂ ਖ਼ੁਦ[72] ਹੀ ਉਸ ਨੂੰ ਮਿਲ ਪੈਂਦਾ ਹੈ, ਜੋ ਆਪਣੇ ਹੰਕਾਰ[74] ਨੂੰ ਮੇਟ ਦਿੰਦਾ[73] ਹੈ।
ਗੁਰਮੁਖਿ[75] ਨਾਮੁ ਸਦਾ[76] ਸਦਾ ਵਖਾਨੈ[77] ॥੫॥	The Guru-ward[75] ever[76], ever utters[77] the Name.	ਗੁਰੂ ਅਨੁਸਾਰੀ[75], ਸਦੀਵ[76], ਸਦੀਵ ਹੀ ਨਾਮ ਦਾ ਉਚਾਰਨ ਕਰਦਾ[77] ਹੈ।
ਸਤਿਗੁਰਿ ਸੇਵਿਐ[78] ਦੂਜੀ[79] [80]ਦੁਰਮਤਿ[81] ਜਾਈ[82] ॥ ਅਉਗਣ[83] ਕਾਟਿ[84] ਪਾਪਾ[85] ਮਤਿ[86] ਖਾਈ[87] ॥	Serving[78] the True Guru, duality[79] and evil[80] understanding[81] are eradicated[82], demerits[83] are effaced[84] and sinful[85] mind[86] is cleansed[87].	ਸੱਚੇ ਗੁਰਾਂ ਦੀ ਘਾਲ ਕਮਾਉਣ[78] ਦੁਆਰਾ, ਦਵੈਤ-ਭਾਵ[79] ਤੇ ਖੋਟੀ[80] ਸਮਝ[81] ਦੂਰ ਹੋ ਜਾਂਦੇ[82] ਹਨ, ਬਦੀਆਂ[83] ਮਿਟ ਜਾਂਦੀਆਂ[84] ਹਨ ਅਤੇ ਪਾਪੀ[85] ਮਨੂਆ[86] ਧੋਤਾ ਜਾਂਦਾ[87] ਹੈ।
ਕੰਚਨ[88] ਕਾਇਆ[89] ਜੋਤੀ[90] ਜੋਤਿ[91] ਸਮਾਈ[92] ॥੬॥	Man's body[89] sparkles like gold[88] and his light[91] merges[92] in the Supreme Light[90].	ਆਦਮੀ ਦੀ ਦੇਹ[89] ਸੋਨੇ[88] ਦੀ ਤਰ੍ਹਾਂ ਲਿਸ਼ਕਦੀ ਹੈ ਅਤੇ ਉਸ ਦੀ ਜੋਤ[91] ਪਰਮ ਜੋਤੀ[90] ਅੰਦਰ ਲੀਨ ਹੋ ਜਾਂਦੀ[92] ਹੈ।
ਸਤਿਗੁਰਿ ਮਿਲਿਐ ਵਡੀ[93] ਵਡਿਆਈ[94] ॥	Meeting with the True Guru, the mortal is blessed with great[93] glory[94].	ਸੱਚੇ ਗੁਰਾਂ ਨਾਲ ਮਿਲਣ ਦੁਆਰਾ ਪ੍ਰਾਨੀ ਨੂੰ ਬਹੁਤ[93] ਪ੍ਰਭਤਾ[94] ਪਰਾਪਤ ਹੋ ਜਾਂਦੀ ਹੈ।
ਦੁਖੁ[95] ਕਾਟੈ[96] ਹਿਰਦੈ[97] ਨਾਮੁ ਵਸਾਈ[98] ॥	The Guru rids him of[96] his pain[95] and enshrines[98] the Name in his mind[97].	ਗੁਰੂ ਜੀ ਉਸ ਦੇ ਦੁਖ[95] ਦੂਰ ਕਰ ਦਿੰਦੇ[96] ਹਨ ਅਤੇ ਉਸ ਦੇ ਮਨ[97] ਅੰਦਰ ਨਾਮ ਅਸਥਾਪਨ ਕਰ ਦਿੰਦੇ[98] ਹਨ।
ਨਾਮਿ ਰਤੇ[99] ਸਦਾ[100] ਸੁਖੁ ਪਾਈ ॥੭॥	Imbued with[99] the Name, he ever[100] attains peace.	ਨਾਮ ਦੇ ਨਾਲ ਰੰਗੀਜਣ[99] ਦੁਆਰਾ, ਉਹ ਹਮੇਸ਼ਾਂ[100] ਆਰਾਮ ਪਾਉਂਦਾ ਹੈ।
ਗੁਰਮਤਿ[2] ਮਾਨਿਆ[3] ਕਰਣੀ[4] ਸਾਰੁ[5] ॥	Following[3] the Guru's instruction[2], immaculate[5] becomes the man's way of life[4].	ਗੁਰਾਂ ਦੇ ਉਪਦੇਸ਼[2] ਉਤੇ ਅਮਲ ਕਰਨ[3] ਦੁਆਰਾ ਬੰਦੇ ਦੀ ਜੀਵਨ ਰਹੁ ਰੀਤੀ[4] ਪਵਿੱਤਰ[5] ਹੋ ਜਾਂਦੀ ਹੈ।
ਗੁਰਮਤਿ ਮਾਨਿਆ ਮੋਖ[6] ਦੁਆਰੁ[8] ॥	Believing in the Guru's instruction the door[8] of salvation[6] is obtained.	ਗੁਰਾਂ ਦੀ ਸਿਖ-ਮਤ ਤੇ ਭਰੋਸਾ ਕਰਨ ਰਾਹੀਂ ਮੁਕਤੀ[6] ਦਾ ਦਰਵਾਜ਼ਾ[8] ਪਰਾਪਤ ਹੋ ਜਾਂਦਾ ਹੈ।
ਨਾਨਕ ਗੁਰਮਤਿ[10] ਮਾਨਿਆ[12] ਪਰਵਾਰੈ[7] ਸਾਧਾਰੁ[9] ॥੮॥ ੧॥੩॥	Nanak, they who act[12] on the Guru's counsel[10], are saved[9] with their family[7].	ਨਾਨਕ, ਜੋ ਗੁਰਾਂ ਦੀ ਨਸੀਹਤ[10] ਤੇ ਅਮਲ ਕਰਦੇ[12] ਹਨ, ਉਹ ਆਪਣੇ ਟੱਬਰ ਕਬੀਲੇ[7] ਸਮੇਤ ਪਾਰ ਉਤਰ ਜਾਂਦੇ[9] ਹਨ।
ਬਿਲਾਵਲੁ ਮਹਲਾ ੪ ਅਸਟਪਦੀਆ ਘਰੁ ੧੧	Bilawal 4th Guru Ashtpadis	ਬਿਲਾਵਲ ਚੌਥੀ ਪਾਤਿਸ਼ਾਹੀ ਅਸ਼ਟਪਦੀਆਂ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਆਪੈ ਆਪੁ[13]ਖਾਇ[14]ਹਉ[15] ਮੇਟੈ[16] ਅਨ[17] ਦਿਨੁ ਹਰਿ ਰਸ[18]ਗੀਤ[19]ਗਵਈਆ[20] ॥	He, who effaces[14] his self[13] and eradicates[16] his ego[15], night[17] and day sings[20] the songs[19] of the Lord's love[18].	ਜੋ ਆਪਣੇ ਆਪੇ[13] ਨੂੰ ਮੇਟ ਸੁੱਟਦਾ[14] ਹੈ ਅਤੇ ਆਪਣੀ ਹੰਗਤਾ[15] ਨੂੰ ਮਾਰ ਮੁਕਾਉਂਦਾ[16] ਹੈ ਉਹ ਰਾਤ[17] ਦਿਨ ਪ੍ਰਭੂ ਦੀ ਪਿਰਹੜੀ[18] ਦੇ ਗੀਤ[19] ਗਾਉਂਦਾ[20] ਹੈ।
ਗੁਰਮੁਖਿ[21]ਪਰਚੈ[22]ਕੰਚਨ[23] ਕਾਇਆ[24] ਨਿਰਭਉ[25] ਜੋਤੀ[27]ਜੋਤਿ[26]ਮਿਲਈਆ[28] ॥੧॥	The body[24] of him, who is sated[22] by Guru's grace[21], becomes pure like gold[23] and his light[27] merges[28] in the Supreme Light[26] of the Fear-Free[25] Lord.	ਜੋ ਗੁਰਾਂ ਦੀ ਦਇਆ ਦੁਆਰਾ[21] ਤ੍ਰਿਪਤ ਹੋ ਜਾਂਦਾ[22] ਹੈ ਉਸ ਦੀ ਦੇਹ[24] ਸੋਨੇ[23] ਵਾਂਗ ਸ਼ੁੱਧ ਹੋ ਜਾਂਦੀ ਹੈ ਅਤੇ ਉਸ ਦਾ ਨੂਰ[27] ਨਿਡੱਰ ਸਾਂਈ[25] ਦੇ ਪਰਮ ਨੂਰ[26] ਨਾਲ ਮਿਲ ਜਾਂਦਾ[28] ਹੈ।
ਮੈ ਹਰਿ ਹਰਿ[29] ਨਾਮੁ ਅਧਾਰੁ[30] ਰਮਈਆ[31] ॥	I have the support[30] of the Name of the Omnipresent[31] Lord God[29].	ਮੈਨੂੰ ਸਰਬ-ਵਿਆਪਕ[31] ਸੁਆਮੀ ਵਾਹਿਗੁਰੂ[29] ਦੇ ਨਾਮ ਦਾ ਆਸਰਾ[30] ਹੈ।
ਖਿਨੁ[32] ਪਲੁ[33] ਰਹਿ ਨ ਸਕਉ ਬਿਨੁ ਨਾਵੈ ਗੁਰਮੁਖਿ[34] ਹਰਿ ਹਰਿ[35] ਪਾਠ[36] ਪੜਈਆ[37] ॥੧॥ ਰਹਾਉ ॥	Even for a moment[32] and a trice[33] I can live not without the Name and by Guru's grace[34] read[37] I the Lord God's[35] discourse[36]. Pause.	ਇਕ ਮੁਹਤ[32] ਅਤੇ ਛਿਨ ਭਰ[33] ਲਈ ਭੀ ਮੈਂ ਨਾਮ ਦੇ ਬਾਝੋਂ ਰਹਿ ਨਹੀਂ ਸਕਦਾ ਅਤੇ ਗੁਰਾਂ ਦੀ ਦਇਆ[34] ਦੁਆਰਾ ਮੈਂ ਸੁਆਮੀ ਵਾਹਿਗੁਰੂ[35] ਦੀ ਧਰਮ-ਵਾਰਤਾ[36] ਵਾਚਦਾ[37] ਹਾਂ। ਠਹਿਰਾਉ।
ਏਕੁ ਗਿਰਹੁ[38]ਦਸ ਦੁਆਰ[39] ਹੈ ਜਾ ਕੇ [40]ਅਹਿਨਿਸਿ[41] ਤਸਕਰ[42] ਪੰਚ ਚੋਰ[43] ਲਗਈਆ[44] ॥	There is one body-house[38], which has ten doors[39]. The five thieves[42] and burglars[43] day[40] and night[41] break[44] into it.	ਦੇਹ-ਰੂਪ ਇਕ ਘਰ[38] ਹੈ ਜਿਸ ਦੇ ਦਸ ਦਰਵਾਜ਼ੇ[39] ਹਨ। ਪੰਜ ਹੇਰੂ[42] ਅਤੇ ਸੰਨ੍ਹ ਲਾਉਣ ਵਾਲੇ[43], ਦਿਨ[40] ਰਾਤ[41] ਇਸ ਨੂੰ ਪਾੜ ਲਾਈ ਜਾਂਦੇ[44] ਹਨ।
ਧਰਮੁ[45]ਅਰਥੁ[46]ਸਭੁ ਹਿਰਿ[47] ਲੇ ਜਾਵਹਿ ਮਨਮੁਖ[48] ਅੰਧੁਲੇ[49] ਖਬਰਿ[50] ਨ ਪਈਆ ॥੨॥	They steal away[47] the entire wealth[46] of righteousness[45], but the blind[49] apostate[48] knows[50] it not.	ਉਹ ਸੱਚਾਈ[45] ਦੀ ਸਾਰੀ ਦੌਲਤ[46] ਨੂੰ ਚੋਰੀ ਕਰ ਕੇ ਲੈ ਜਾਂਦੇ[47] ਹਨ ਪਰ ਅੰਨ੍ਹੇ[49] ਅਧਰਮੀ[48] ਨੂੰ ਇਸ ਦਾ ਕੋਈ ਇਲਮ[50] ਨਹੀਂ।
ਕੰਚਨ[51] ਕੋਟੁ[52] ਬਹੁ[53] ਮਾਣਕਿ[54] ਭਰਿਆ[56] ਜਾਗੇ ਗਿਆਨ[57] ਤਤਿ[58] ਲਿਵ[59] ਲਈਆ[60] ॥	The body-fortress[52] is[53] brimful[55] with gold[51] and gems[54]. When Divine wisdom[57] awakens[56] into it, man comes to enshrine[60] love[59] for reality[58].	ਦੇਹ-ਰੂਪੀ ਕਿਲ੍ਹਾ[52] ਸੋਨੇ[51] ਤੇ ਜਵੇਹਰਾਂ[54] ਨਾਲ ਪਰੀ-ਪੂਰਨ[55] ਹੈ[53]। ਜਦ ਈਸ਼ਵਰੀ ਸਮਝ[57] ਇਸ ਅੰਦਰ ਜਾਗ ਉਠਦੀ[56] ਹੈ ਤਾਂ ਬੰਦੇ ਦਾ ਅਸਲੀਅਤ[58] ਨਾਲ ਪ੍ਰੇਮ[59] ਪੈ ਜਾਂਦਾ[60] ਹੈ।
ਤਸਕਰ[61] ਹੇਰੂ[62] ਆਇ ਲੁਕਾਨੇ[63] ਗੁਰ ਕੈ ਸਬਦਿ[64]. ਪਕੜਿ[65] ਬੰਧਿ ਪਈਆ[66] ॥੩॥	The thieves[61] and snatchers[62] are hid[63] in the body. By means of Guru's hymns[64], he arrests[65] and binds[66] them down.	ਚੋਰ[61] ਅਤੇ ਲੁੱਟਣ ਵਾਲੇ[62] ਦੇਹ ਅੰਦਰ ਛੁਪੇ ਹੋਏ[63] ਹਨ। ਗੁਰਾਂ ਦੀ ਬਾਣੀ[64] ਦੇ ਜ਼ਰੀਏ ਉਹ ਉਨ੍ਹਾਂ ਨੂੰ ਫੜ ਕੇ[65] ਨਰੜ ਲੈਂਦਾ[66] ਹੈ।
ਹਰਿ ਹਰਿ[67] ਨਾਮੁ ਪੋਤੁ[68] ਬੋਹਿਥਾ[69] ਖੇਵਟੁ[70] ਸਬਦੁ[71]	The Lord God's[67] Name is the boat[68] and ship[69] and the Guru's word[71]	ਸੁਆਮੀ ਵਾਹਿਗੁਰੂ[67] ਦਾ ਨਾਮ ਬੇੜੀ[68] ਤੇ ਜਹਾਜ[69] ਹੈ ਅਤੇ ਗੁਰਾਂ ਦੀ ਬਾਣੀ[71] ਮਲਾਹ[70] ਹੈ, ਜਿਨ੍ਹਾਂ ਦੀ ਰਾਹੀਂ

ਗੁਰੁ ਪਾਰਿ ਲੰਘਦੀਆ[72] ॥	the boatman[70], through whom the mortal crosses[72] the world-ocean.	ਪ੍ਰਾਣੀ ਸੰਸਾਰ ਸਮੁੰਦਰ ਤੋਂ ਪਾਰ ਉਤਰ ਜਾਂਦਾ[72] ਹੈ ।
ਜਮੁ[73] ਜਾਗਾਤੀ[74] ਨੇੜਿ[75] ਨ ਆਵੈ ਨਾ ਕੋ ਤਸਕਰੁ[76] ਚੋਰੁ[77] ਲਗਈਆ[78] ॥ ੪ ॥	Death's courier[73], the tax-gatherer[74], comes not near[75] the Guru's slave and no burglar[76] or thief[77] thieves[78].	ਮੌਤ ਦਾ ਦੂਤ[73], ਮਸੂਲੀਆ[74], ਗੁਰਾਂ ਦੇ ਗੋਲੇ ਦੇ ਨਜ਼ਦੀਕ[75] ਨਹੀਂ ਆਉਂਦਾ ਅਤੇ ਸੰਨ੍ਹ ਲਾਉਣ ਵਾਲਾ[76] ਜਾਂ ਹੇਰੂ[77] ਚੋਰੀ ਨਹੀਂ ਕਰਦਾ[78] ।
ਹਰਿ ਗੁਣ[79] ਗਾਵੈ ਸਦਾ[81] ਦਿਨੁ ਰਾਤੀ ਮੈ ਹਰਿ ਜਸੁ[80] ਕਹਤੇ[84] ਅੰਤੁ[82] ਨ ਲਹੀਆ[83] ॥	Day and night I ever[81] sing God's virtues[79]. Uttering[84] the Lord's praises[80], I find[83] not His limit[82].	ਦਿਨ ਰਾਤ ਮੈਂ ਹਮੇਸ਼ਾ[81] ਵਾਹਿਗੁਰੂ ਦੀਆਂ ਨੇਕੀਆਂ[79] ਗਾਇਨ ਕਰਦਾ ਹਾਂ । ਸੁਆਮੀ ਦੀਆਂ ਸਿਫ਼ਤਾਂ[80] ਉਚਾਰਨ ਕਰਦੇ ਹੋਏ[84], ਮੈਨੂੰ ਉਸ ਦੇ ਓੜਕ[82] ਦਾ ਪਤਾ ਨਹੀਂ ਲੱਗਦਾ[83] ।
ਗੁਰਮੁਖਿ[85] ਮਨੂਆ[86] ਇਕਤੁ[87] ਘਰਿ[88] ਆਵੈ ਮਿਲਉ [89] ਗੋੁਪਾਲ[90] ਨੀਸਾਨੁ[91] ਬਜਈਆ[92] ॥੫॥	By Guru's grace[85], the mind[86] comes into its One[87] Home[88] and then it meets with the World[89]-Cherisher[90], with the beat[92] of drum[91].	ਗੁਰਾਂ ਦੀ ਦਇਆ[85] ਦੁਆਰਾ ਮਨ[86] ਆਪਣੇ ਇਕ[87] ਗ੍ਰਿਹ[88] ਅੰਦਰ ਆ ਜਾਂਦਾ ਹੈ ਅਤੇ ਤਦ ਇਹ ਵੱਜਦੇ[92] ਵਾਜੇ[91] ਨਾਲ ਸੰਸਾਰ[89] ਦੇ ਪਾਲਣ-ਪੋਸਣਹਾਰ[90] ਨਾਲ ਮਿਲਦਾ ਹੈ ।
ਨੈਨੀ[93] ਦੇਖਿ ਦਰਸੁ[94] ਮਨੁ[98] ਤ੍ਰਿਪਤੈ[95] ਸ੍ਰਵਨ[96] ਬਾਣੀ ਗੁਰ ਸਬਦੁ[97] ਸੁਣਈਆ ॥	Seeing the Lord's vision[94] with my eyes[93] my soul[98] is sated[95] and with mine ears[96], hear I the Guru's hymns and instruction[97].	ਆਪਣੀਆਂ ਅੱਖਾਂ[93] ਨਾਲ ਪ੍ਰਭੂ ਦਾ ਦਰਸ਼ਨ[94] ਵੇਖ, ਮੇਰੀ ਆਤਮਾ[98] ਰੱਜ ਗਈ[95] ਹੈ ਅਤੇ ਆਪਣਿਆਂ ਕੰਨਾਂ[96] ਨਾਲ ਮੈਂ ਗੁਰਾਂ ਦੀ ਬਾਣੀ ਤੇ ਉਪਦੇਸ਼[97] ਸੁਣਦਾ ਹਾਂ ।
ਸੁਨਿ[99] ਸੁਨਿ ਆਤਮ ਦੇਵ[100] ਹੈ ਭੀਨੇ[2] ਰਸਿ[3] ਰਸਿ[4] ਰਾਮ[5] ਗੋਪਾਲ[6] ਰਵਈਆ[7] ॥੬॥	Continually hearing[99] the Guru's word, the human soul[100] is softened[2] and delighted[3] with the Lord's[5] elixir[4] and utters[7] the Master's Name[6].	ਗੁਰਾਂ ਦੀ ਬਾਣੀ ਨੂੰ ਇਕ-ਰਸ ਸ੍ਰਵਣ ਕਰਨ[99] ਦੁਆਰਾ ਮਨੁੱਖੀ ਆਤਮਾ[100] ਪ੍ਰਭੂ[5] ਦੇ ਅੰਮ੍ਰਿਤ[4] ਨਾਲ ਨਰਮ[2] ਤੇ ਪ੍ਰਸੰਨ ਹੋ ਜਾਂਦੀ[3] ਹੈ ਅਤੇ ਮਾਲਕ ਦੇ ਨਾਮ[6] ਦਾ ਉਚਾਰਨ ਕਰਦੀ[7] ਹੈ ।
ਤ੍ਰੈ[8] ਗੁਣ[9] ਮਾਇਆ[10] ਮੋਹਿ[12] ਵਿਆਪੇ[13] ਤੁਰੀਆ ਗੁਣੁ[14] ਹੈ ਗੁਰਮੁਖਿ[15] ਲਹੀਆ[16] ॥	Men of three[8] qualities[9] are engrossed[13] in the love[12] of mammon[10]. It is through the Guru[15], that man attains[16] to the supreme status[14].	ਤਿੰਨਾਂ[8] ਲੱਛਣਾਂ[9] ਵਾਲੇ ਇਨਸਾਨ, ਦੌਲਤ[10] ਦੀ ਪ੍ਰੀਤ[12] ਅੰਦਰ ਗ਼ਲਤਾਨ ਹੋਏ ਹੋਏ[13] ਹਨ । ਗੁਰਾਂ ਦੇ ਰਾਹੀਂ[15] ਹੀ ਮਹਾਨ ਮਰਤਬਾ[14] ਪਰਾਪਤ ਹੁੰਦਾ[16] ਹੈ ।
ਏਕ[23] ਦ੍ਰਿਸਟਿ[17] ਸਭ ਸਮ[18] ਕਰਿ ਜਾਣੈ[19] ਨਦਰੀ[20] ਆਵੈ ਸਭੁ ਬ੍ਰਹਮੁ[21] ਪਸਰਈਆ[22] ॥੭॥	With the same one[23] eye[17], he deems[19] all alike[18] and sees[20] the Supreme Lord[21] pervading[22] all.	ਉਸੇ ਇਕ[23] ਅੱਖ[17] ਨਾਲ ਉਹ ਸਾਰਿਆਂ ਨੂੰ ਇਕ ਬਰਾਬਰ[18] ਸਮਝਦਾ[19] ਹੈ ਅਤੇ ਸ਼ਰੋਮਣੀ ਸਾਹਿਬ[21] ਨੂੰ ਸਾਰਿਆਂ ਅੰਦਰ ਵਿਆਪਕ[22] ਵੇਖਦਾ[20] ਹੈ ।
ਰਾਮ[24] ਨਾਮੁ ਹੈ ਜੋਤਿ[25] ਸਬਾਈ[26] ਗੁਰਮੁਖਿ[27] ਆਪੇ[28] ਅਲਖੁ[29] ਲਖਈਆ[30] ॥	The light[25] of the Lord's Name[24] is permeating all[26]. The Guru-ward[27] automatically[28] comes to perceive[30] the Unperceivable[29].	ਪ੍ਰਭੂ ਦੇ ਨਾਮ[24] ਦੀ ਰੋਸ਼ਨੀ[25] ਸਾਰਿਆਂ[26] ਅੰਦਰ ਰਮ ਰਹੀ ਹੈ । ਗੁਰੂ-ਅਨੁਸਾਰੀ[27] ਖ਼ੁਦ-ਬ-ਖ਼ੁਦ ਹੀ[28] ਅਦ੍ਰਿਸ਼ਟ ਸਾਈਂ[29] ਨੂੰ ਵੇਖ ਲੈਂਦਾ[30] ਹੈ ।
ਨਾਨਕ ਦੀਨ[31] ਦਇਆਲ[32]	God has become Merciful[32] unto	ਵਾਹਿਗੁਰੂ ਮਸਕੀਨ[31] ਨਾਨਕ ਤੇ ਮਿਹਰਬਾਨ[32] ਹੋ ਗਿਆ

ਭਏ ਹੈ ਭਗਤ[33] ਭਾਇ[34] ਹਰਿਨਾਮਿਸਮਈਆ[35]॥੮॥੧॥੪॥

meak[31] Nanak, who through His living[34] adoration[33] has been absorbed[35] in His Name.

ਹੈ। ਜੋ ਉਸ ਦੀ ਪ੍ਰੇਮ-ਮਈ[34] ਉਪਾਸ਼ਨਾ[33] ਦੇ ਰਾਹੀਂ ਉਸ ਦੇ ਨਾਮ ਅੰਦਰ ਲੀਨ ਹੋ ਗਿਆ[35] ਹੈ।

ਬਿਲਾਵਲੁ ਮਹਲਾ ੪ ॥

Bilawal 4th Guru.

ਬਿਲਾਵਲ ਚੌਥੀ ਪਾਤਿਸ਼ਾਹੀ।

ਹਰਿ ਹਰਿ[36] ਨਾਮੁ ਸੀਤਲ[37] ਜਲੁ[38] ਧਿਆਵਹੁ[39] ਹਰਿ ਚੰਦਨ[40] ਵਾਸੁ[41] ਸੁਗੰਧ[42] ਗੰਧਈਆ[43] ॥

Contemplate[39] thou the cool[37] water[38]-like Name, of the Lord God[36]. One is perfumed[43] with the scent[41] and fragrance[42] of God, the sandal[40].

ਤੂੰ ਠੰਢੇ[37] ਪਾਣੀ[38] ਵਰਗੇ ਸੁਆਮੀ ਵਾਹਿਗੁਰੂ[36] ਦੇ ਨਾਮ ਦਾ ਸਿਮਰਨ ਕਰ[39]। ਵਾਹਿਗੁਰੂ ਚੰਨਣ[40] ਦੀ ਮਹਿਕ[41] ਅਤੇ ਖ਼ੁਸ਼ਬੂ[42] ਨਾਲ ਇਨਸਾਨ ਮੁਅੱਤਰ ਹੋ ਜਾਂਦਾ[43] ਹੈ।

੮੩੪ / 834 / ੮੩੪

ਮਿਲਿ[44] ਸਤ ਸੰਗਤਿ ਪਰਮ[45] ਪਦੁ[46] ਪਾਇਆ ਮੈ ਹਿਰਡ[47] ਪਲਾਸ[48] ਸੰਗਿ[49] ਹਰਿ ਬੁਹੀਆ[50] ॥੧॥

Joining[44] the society of saints, I have obtained the supreme[45] status[46]. Meeting with[49] God, I the castor-oil plant[47] and buteafrondosa[48] tree, am sweetly scented[50].

ਸਤਿ ਸੰਗਤ ਨਾਲ ਜੁੜ[44], ਮੈਂ ਮਹਾਨ[45] ਮਰਤਬਾ[46] ਪਰਾਪਤ ਕਰ ਲਿਆ ਹੈ। ਵਾਹਿਗੁਰੂ[49] ਨੂੰ ਮਿਲ ਕੇ ਮੈਂ ਅਰਿੰਡ ਦਾ ਬੂਟਾ[47] ਅਤੇ ਢੱਕ[48] ਦਾ ਪੇੜ, ਮਿੱਠੀ ਸੁਗੰਧੀ ਵਾਲਾ[50] ਹੋ ਗਿਆ ਹਾਂ।

ਜਪਿ[51] [52]ਜਗੰਨਾਥ[53] [54]ਜਗਦੀਸ[55] [56]ਗੁਸਈਆ[57] ॥

O man, remember[51] thou the Lord[53] of the universe[52], the Master[55] of the world[54] and the Proprietor[57] of creation[56].

ਹੇ ਬੰਦੇ! ਤੂੰ ਆਲਮ[52] ਦੇ ਸੁਆਮੀ[53], ਸੰਸਾਰ[54] ਦੇ ਮਾਲਕ[55] ਅਤੇ ਰਚਨਾ[56] ਦੇ ਸਾਈਂ[57] ਦਾ ਸਿਮਰਨ[51] ਕਰ।

ਸਰਣਿ[58] ਪਰੇ[59] ਸੇਈ[60] ਜਨ[61] ਉਬਰੇ[62] ਜਿਉ[63] ਪ੍ਰਹਿਲਾਦ ਉਧਾਰਿ[64] ਸਮਈਆ[65] ॥੧॥ਰਹਾਉ॥

They who seek[59] the Lord's protection[58]; Those[60] persons[61] are saved[62] like[63] Prahlad. They are emancipated[64] and merged[65] in the Lord. Pause.

ਜੋ ਪ੍ਰਭੂ ਦੀ ਪਨਾਹ[58] ਲੈਂਦੇ[59] ਹਨ; ਉਹ[60] ਪੁਰਸ਼[61] ਪ੍ਰਹਿਲਾਦ ਦੀ ਤਰ੍ਹਾਂ[63] ਬਚ ਜਾਂਦੇ[62] ਹਨ। ਬੰਦਖ਼ਲਾਸ[64] ਹੋ ਉਹ ਪ੍ਰਭੂ ਅੰਦਰ ਲੀਨ ਹੋ ਜਾਂਦੇ[65] ਹਨ। ਠਹਿਰਾਉ।

ਭਾਰ ਅਠਾਰਹ[66] ਮਹਿ[67] ਚੰਦਨ[68] ਊਤਮ[69] ਚੰਦਨ ਨਿਕਟਿ[70] ਸਭ[71] ਚੰਦਨੁ ਹੁਈਆ ॥

In[67] the entire vegetation[66], the sandal tree[68] is the most sublime[69]. All[71] that is near[70] the sandal tree becomes fragrant like sandal.

ਸਾਰੀ ਬਨਾਸਪਤੀ[66] ਵਿਚ[67] ਚੰਨਣ ਦਾ ਬਿਰਛ[68] ਸਾਰਿਆਂ ਨਾਲੋਂ ਸ੍ਰੇਸ਼ਟ[69] ਹੈ। ਸਾਰਾ[71] ਕੁਛ ਜੋ ਚੰਨਣ ਦੇ ਬਿਰਛ ਦੇ ਨੇੜੇ[70] ਹੈ ਚੰਨਣ ਵਾਂਗੂ ਸੁਗੰਧਤ ਹੋ ਜਾਂਦਾ ਹੈ।

ਸਾਕਤ[72]ਕੂੜੇ[73] ਊਭ[74]ਸੂਕ[75] ਹੁਏ ਮਨਿ[79] ਅਭਿਮਾਨੁ[76] ਵਿਛੁੜਿ[77]ਦੂਰਿ[78] ਗਈਆ॥੨॥

The stiff-necked[74] and false[73] mammon-worshippers[72] are dried up[75]. Their mind's[79] ego[76] separates[77] them far[78] from the Lord.

ਆਕੜ-ਖਾ[74] ਅਤੇ ਝੂਠੇ[73] ਮਾਇਆ ਦੇ ਪੁਜਾਰੀ[72] ਖ਼ੁਸਕ ਹੋ ਜਾਂਦੇ[75] ਹਨ। ਉਨ੍ਹਾਂ ਦੇ ਚਿੱਤ[79] ਦਾ ਗ਼ਰੂਰ[76] ਉਨ੍ਹਾਂ ਨੂੰ ਪ੍ਰਭੂ ਨਾਲੋਂ ਵਿਛੋੜ[77]ਕੇ ਦੁਰੇਡੇ[78] ਲੈ ਜਾਂਦਾ ਹੈ।

ਹਰਿ[80] ਗਤਿ[81] ਮਿਤਿ[82] ਕਰਤਾ[83] ਆਪੇ[84] ਜਾਣੈ[85] ਸਭ ਬਿਧਿ[86] ਹਰਿ ਹਰਿ[88]

The Lord[80]-Creator[83] Himself[84] knows[85] the condition[81] and life's department[82] of everyone. All the

ਸੁਆਮੀ[80]-ਸਿਰਜਣਹਾਰ[83] ਖ਼ੁਦ[84] ਹੀ ਹਰ ਜਣੇ ਦੀ ਅਵਸਥਾ[81] ਅਤੇ ਜੀਵਨ-ਮਰਯਾਦ[82] ਨੂੰ ਸਮਝਦਾ[85] ਹੈ। ਸਾਰੇ ਪ੍ਰਬੰਧ[86] ਸੁਆਮੀ ਵਾਹਿਗੁਰੂ[88]

ਆਪਿ ਬਨਈਆ[89] ॥	arrangements[86] the Lord God[88] Himself makes[89].	ਖ਼ੁਦ ਹੀ ਕਰਦਾ[89] ਹੈ ।
ਜਿਸੁ ਸਤਿਗੁਰੁ ਭੇਟੈ[90] ਸੁ ਕੰਚਨੁ[92] ਹੋਵੈ[93] ਜੋ[94] ਧੁਰਿ[95] ਲਿਖਿਆ ਸੁ[91] ਮਿਟੈ[96] ਨ ਮਿਟਈਆ[97] ॥ ੩॥	He, whom the True Guru meets[90] is transformed[93] into gold[92]. Whatever[94] is pre[95]-ordained, that[91] can be erased[96] not by erasing[97].	ਜਿਸ ਨੂੰ ਸੱਚੇ ਗੁਰੂ ਜੀ ਮਿਲ ਪੈਂਦੇ[90] ਹਨ, ਉਹ ਸੋਨਾ[92] ਬਣ ਜਾਂਦਾ[93] ਹੈ । ਜਿਹੜਾ ਕੁਛ[94] ਮੁੱਢ[95] ਤੋਂ ਨੀਅਤ ਹੋਇਆ ਹੋਇਆ ਹੈ, ਉਹ[91] ਮੇਸਿਆਂ[97] ਮੇਸਿਆ ਨਹੀਂ ਜਾ ਸਕਦਾ[96] ।
ਰਤਨ[98] ਪਦਾਰਥ[99] ਗੁਰਮਤਿ[100] ਪਾਵੈ ਸਾਗਰ[2] ਭਗਤਿ[3] ਭੰਡਾਰ[4] ਖੁਲ੍ਹਈਆ[5] ॥	In the ocean[2] of the Guru's instruction[100], find I the jewel[98]-like wealth[99] of the Lord's Name and the treasure[4] of His meditation[3] is opened[5] unto me.	ਗੁਰਾਂ ਦੇ ਉਪਦੇਸ਼[100] ਦੇ ਸਮੁੰਦਰ[2] ਵਿਚ, ਮੈਂ ਸੁਆਮੀ ਦੇ ਨਾਮ ਦੀ ਜਵੇਹਰ[98] ਵਰਗੀ ਦੌਲਤ[99] ਪਾਉਂਦਾ ਹਾਂ ਅਤੇ ਉਸ ਦੇ ਸਿਮਰਨ[3] ਦਾ ਖ਼ਜ਼ਾਨਾ[4] ਮੇਰੇ ਲਈ ਖੋਲ੍ਹ ਦਿਤਾ ਜਾਂਦਾ[5] ਹੈ ।
ਗੁਰ ਚਰਣੀ[5*] ਇਕ ਸਰਧਾ[6] ਉਪਜੀ[7] ਮੈ ਹਰਿ ਗੁਣ[8] ਕਹਤੇ[9] ਤ੍ਰਿਪਤਿ[10] ਨ ਭਈਆ ॥੪॥	Adoring Guru's feet[5*], faith[6] has welled up[7] in me. Uttering[9] the Lord's praise[8] my hunger for it is appeased[10] not.	ਗੁਰਾਂ ਦੇ ਪੈਰਾਂ[5*] ਨੂੰ ਪੂਜਣ ਦੁਆਰਾ, ਮੇਰੇ ਅੰਦਰ ਈਮਾਨ[6] ਉਤਪੰਨ ਹੋ ਗਿਆ[7] ਹੈ । ਪ੍ਰਭੂ ਦੀ ਸਿਫ਼ਤ[8] ਉਚਾਰਨ ਕਰਦਿਆਂ[9] ਮੇਰੀ ਇਸ ਲਈ ਭੁਖ ਮਾਤ ਨਹੀਂ ਪੈਂਦੀ[10] ।
ਪਰਮ[12] ਬੈਰਾਗੁ[13] ਨਿਤ[14] ਨਿਤ ਹਰਿ ਧਿਆਏ[15] ਮੈ ਹਰਿ ਗੁਣ ਕਹਤੇ ਭਾਵਨੀ[16] ਕਹੀਆ[17] ॥	Ever[14], ever contemplating[15] my Lord, supreme[12] detachedness[13] has welled up in me. Uttering God's praise, express[17] I my love[16].	ਸਦਾ[14] ਸਦਾ ਸਾਂਈਂ ਦਾ ਸਿਮਰਨ ਕਰਨ[15] ਦੁਆਰਾ, ਮੇਰੇ ਅੰਦਰ ਮਹਾਨ[12] ਨਿਰਲੇਪਤਾ[13] ਪੈਦਾ ਹੋ ਆਈ ਹੈ । ਵਾਹਿਗੁਰੂ ਦੀ ਕੀਰਤੀ ਉਚਾਰਨ ਕਰ ਮੈਂ ਆਪਣੀ ਪ੍ਰੀਤ[16] ਪ੍ਰਗਟ ਕਰਦਾ[17] ਹਾਂ ।
ਬਾਰ ਬਾਰ[18] ਖਿਨੁ ਖਿਨੁ[19] ਪਲੁ[20] ਕਹੀਐ[21] ਹਰਿ ਪਾਰੁ[22] ਨ ਪਾਵੈ[23] ਪਰੈ ਪਰਈਆ[24] ॥੫॥	Uttering[21] His praise over and over again[18] and every moment[19] and trice[20], one can find[23] not God's limit[22]. He is the remotest of the remote[24].	ਮੁੜ ਮੁੜ ਕੇ[18] ਅਤੇ ਹਰ ਨਿਮਖ[19] ਤੇ ਛਿਨ[20] ਉਸ ਦੀ ਮਹਿਮਾ ਆਖ[21], ਇਨਸਾਨ ਵਾਹਿਗੁਰੂ ਦਾ ਓੜਕ[22] ਨਹੀਂ ਪਾ ਸਕਦਾ[23] । ਉਹ ਪਰੇਡਿਆਂ ਤੋਂ ਵੀ ਪਰੇਡੇ[24] ਹੈ ।
ਸਾਸਤ ਬੇਦ ਪੁਰਾਣ ਪੁਕਾਰਹਿ[25] ਧਰਮੁ[26] ਕਰਹੁ[27] ਖਟੁ[28] ਕਰਮ[29] ਦ੍ਰਿੜਈਆ[30] ॥	The Shastras, the Vedas and the Puranas proclaim[25] the doing[27] of good deeds[26] and steadfastly[30] performing the six[28] religious rites[29].	ਸ਼ਾਸਤਰ, ਵੇਦ ਅਤੇ ਪੁਰਾਣ ਚੰਗੇ ਕੰਮਾਂ[26] ਦਾ ਕਰਨਾ[27] ਅਤੇ ਪੱਕੀ ਤਰ੍ਹਾਂ[30] ਛੇ[28] ਕਰਮਕਾਂਡਾਂ[29] ਦਾ ਕਮਾਉਣਾ ਕੂਕਦੇ[25] ਹਨ ।
ਮਨਮੁਖ[31] ਪਾਖੰਡਿ[32] ਭਰਮਿ[33] ਵਿਗੂਤੇ[34] ਲੋਭ[35] ਲਹਰਿ[36] ਨਾਵ[37] ਭਾਰਿ[38] ਬੁਡਈਆ[39] ॥੬॥	The perverse[31] hypocrites[32] are ruined[34] in doubt[33]. Their boat[37] is heavily[38] loaded with sins and sinks[39] in the tides[36] of avarice[35].	ਪ੍ਰਤੀਕੂਲ[31] ਦੰਭੀ[32], ਸੰਦੇਹ[33] ਅੰਦਰ ਤਬਾਹ ਹੋ ਜਾਂਦੇ[34] ਹਨ । ਉਨ੍ਹਾਂ ਦੀ ਬੇੜੀ[37] ਪਾਪਾਂ ਦੇ ਭਾਰੇ[38] ਬੋਝ ਨਾਲ ਲੱਦੀ ਹੋਈ ਹੈ ਅਤੇ ਲਾਲਚ[35] ਦੀਆਂ ਛਲਾਂ[36] ਵਿਚ ਡੁਬ ਜਾਂਦੀ[39] ਹੈ ।
ਨਾਮੁ ਜਪਹੁ[40] ਨਾਮੇ ਗਤਿ[41] ਪਾਵਹੁ[42] ਸਿਮ੍ਰਿਤ ਸਾਸਤ੍ਰ	Contemplate[40] thou the Name and through the Name be blessed with[42]	ਤੂੰ ਨਾਮ ਦਾ ਆਰਾਧਨ[40] ਕਰ ਅਤੇ ਨਾਮ ਦੇ ਰਾਹੀਂ ਮੁਕਤੀ[41] ਨੂੰ ਪਰਾਪਤ ਹੋ[42] । ਸਿਮਰਤੀਆਂ ਅਤੇ ਸ਼ਾਸਤਰ

ਨਾਮੁ ਦ੍ਰਿੜਾਈਆ[43] ॥

emancipation[41]. The Simirtis and Shashtras impress[43] the Name's meditation.

ਨਾਮ ਦੇ ਸਿਮਰਨ ਦੀ ਤਾਕੀਦ ਕਰਦੇ[43] ਹਨ।

ਹਉਮੈ[43*] ਜਾਇ[44] ਤ[45] ਨਿਰਮਲੁ[46] ਹੋਵੈ ਗੁਰਮੁਖਿ[47] ਪਰਚੈ[48] ਪਰਮ[49] ਪਦੁ[50] ਪਾਈਆ[51] ॥੭॥

If man stills[44] his ego[43*] and by Guru's grace[47] imbibes Lord's love[48], then[45] he becomes pure[46] and obtains[51] the supreme[49] status[50].

ਜੇਕਰ ਬੰਦਾ ਆਪਣੀ ਹੰਗਤਾ[43*] ਨੂੰ ਮਾਰ ਸੁਟੇ[44] ਅਤੇ ਗੁਰਾਂ ਦੀ ਦਇਆ[47] ਦੁਆਰਾ ਪ੍ਰਭੂ ਨਾਲ ਪ੍ਰੀਤ[48] ਪਾ ਲਵੇ, ਤਦ[45] ਉਹ ਪਵਿੱਤਰ[46] ਹੋ ਜਾਂਦਾ ਹੈ ਅਤੇ ਮਹਾਨ[49] ਮਰਤਬੇ[50] ਨੂੰ ਪਾ ਲੈਂਦਾ[51] ਹੈ।

ਇਹੁ ਜਗੁ[52] ਵਰਨੁ[53] ਰੂਪੁ[54] ਸਭੁ ਤੇਰਾ ਜਿਤੁ[55] ਲਾਵਹਿ[56] ਸੇ[59] ਕਰਮ[57] ਕਮਾਈਆ[58]॥

O Lord, this world[52], with all the colours[53] and forms[54], is Thine. To what-so-ever[55] Thou attachest[56] men, those[59] deeds[57] do they do[58].

ਹੇ ਸੁਆਮੀ! ਸਾਰਿਆਂ ਰੰਗਾਂ[53] ਅਤੇ ਸਰੂਪਾਂ[54] ਸਮੇਤ ਇਹ ਸੰਸਾਰ[52] ਤੇਰਾ ਹੈ। ਜਿਨ੍ਹਾਂ ਜਿਨ੍ਹਾਂ[55] ਨਾਲ ਤੂੰ ਬੰਦਿਆਂ ਨੂੰ ਜੋੜਦਾ[56] ਹੈਂ, ਓਹੀ[59] ਕੰਮ[57] ਉਹ ਕਰਦੇ[58] ਹਨ।

ਨਾਨਕ ਜੰਤ[60] ਵਜਾਏ ਵਾਜਹਿ[61] ਜਿਤੁ[62] ਭਾਵੈ[63] ਤਿਤੁ[64] ਰਾਹਿ[65] ਚਲਈਆ[66] ॥੮॥੨॥੫॥

Nanak, the mortals are the instruments[60] in the Lord's hands and play[61] as He makes them play. As[62] He wills[63], that[64] path[65] tread[66] on they.

ਨਾਨਕ, ਪ੍ਰਾਣੀ ਸਾਹਿਬ ਦੇ ਹੱਥਾਂ ਵਿਚ ਸਾਜ਼[60] ਹਨ ਅਤੇ ਉਸੇ ਤਰ੍ਹਾਂ ਵਜਦੇ[61] ਹਨ ਜਿਸ ਤਰ੍ਹਾਂ ਉਹ ਵਜਾਉਂਦਾ ਹੈ। ਜਿਸ ਤਰ੍ਹਾਂ[62] ਉਸ ਨੂੰ ਚੰਗਾ ਲਗਦਾ[63] ਹੈ ਉਸੇ[64] ਮਾਰਗ[65] ਹੀ ਉਹ ਟੁਰਦੇ[66] ਹਨ।

ਬਿਲਾਵਲ ਮਹਲਾ ੪ ॥

Bilawal 4th Guru.

ਬਿਲਾਵਲ ਚੌਥੀ ਪਾਤਿਸ਼ਾਹੀ।

ਗੁਰਮੁਖਿ[67] ਅਗਮ[68] ਅਗੋਚਰੁ[69] ਧਿਆਇਆ[70] ਹਉ ਬਲਿ[71] ਬਲਿ ਸਤਿਗੁਰ ਸਤਿ ਪੁਰਖਈਆ[72] ॥

By Guru's grace[67], I meditate[70] on the Unapproachable[68] and Unapprehensible[69] God. I am a sacrifice[71], a sacrifice unto my True Guru, the embodiment of the True Lord[72].

ਗੁਰਾਂ ਦੀ ਮਿਹਰ[67] ਸਦਕਾ ਮੈਂ ਪਹੁੰਚ ਤੋਂ ਪਰੇ[68] ਅਤੇ ਸੋਚ ਸਮਝ ਤੋਂ ਉਚੇਰੇ[69] ਵਾਹਿਗੁਰੂ ਦਾ ਸਿਮਰਨ ਕਰਦਾ[70] ਹਾਂ। ਮੈਂ ਸੱਚੇ ਸੁਆਮੀ[72] ਸਰੂਪ, ਆਪਣੇ ਸੱਚੇ ਗੁਰਾਂ ਉਤੋਂ ਘੋਲੀ[71], ਘੋਲੀ ਜਾਂਦਾ ਹਾਂ।

ਰਾਮ ਨਾਮੁ ਮੇਰੈ ਪ੍ਰਾਣਿ[73] ਵਸਾਏ[74] ਸਤਿਗੁਰ ਪਰਸਿ[75] ਹਰਿ ਨਾਮਿ ਸਮਈਆ[76] ॥੧॥

He has enshrined[74] the Lord's Name within my vital breath[73]. Meeting[75] with the True Guru, I am absorbed[76] in the Lord's Name.

ਉਨ੍ਹਾਂ ਨੇ ਪ੍ਰਭੂ ਦਾ ਨਾਮ ਮੇਰੀ ਜਿੰਦ ਜਾਨ[73] ਅੰਦਰ ਅਸਥਾਪਨ ਕਰ ਦਿਤਾ[74] ਹੈ। ਸੱਚੇ ਗੁਰਾਂ ਨਾਲ ਮਿਲ ਕੇ[75] ਮੈਂ ਸੁਆਮੀ ਦੇ ਨਾਮ ਅੰਦਰ ਲੀਨ ਹੋ ਗਿਆ[76] ਹਾਂ।

ਜਨ[77] ਕੀ ਟੇਕ[78] ਹਰਿ ਨਾਮੁ ਟਿਕਈਆ[79] ॥

God's Name is[79] the only support[78] of His slaves[77].

ਵਾਹਿਗੁਰੂ ਦਾ ਨਾਮ ਹੀ ਉਸ ਦੇ ਗੋਲੇ[77] ਦਾ ਇਕੋ ਇਕ ਆਸਰਾ[78] ਹੈ[79]।

ਸਤਿਗੁਰ ਕੀ ਧਰ[80] ਲਾਗਾ ਜਾਵਾ[81] ਗੁਰ ਕਿਰਪਾ[82] ਤੇ ਹਰਿ ਦਰੁ[83] ਲਹੀਆ[84] ॥੧॥ਰਹਾਉ॥

I shall continue to abide[81] under the True Guru's protection[80]. By Guru's grace[82], I shall attain[84] to the Lord's Court[83]. Pause.

ਮੈਂ ਸੱਚੇ ਗੁਰਾਂ ਦੀ ਛਤਰ ਛਾਇਆ[80] ਹੇਠ ਟਿਕਿਆ[81] ਰਹਾਂਗਾ। ਗੁਰਾਂ ਦੀ ਦਇਆ[82] ਦੁਆਰਾ ਮੈਂ ਵਾਹਿਗੁਰੂ ਦੇ ਦਰਬਾਰ[83] ਨੂੰ ਪਰਾਪਤ ਹੋ ਜਾਵਾਂਗਾ[84]। ਠਹਿਰਾਉ।

ਇਹੁ ਸਰੀਰੁ[85] ਕਰਮ[86] ਕੀ ਧਰਤੀ[87] ਗੁਰਮੁਖਿ[88] ਮਥਿ[89]

This body[85] is the field[87] to sow the seed of deeds[86]. By churning[89] and

ਇਹ ਦੇਹ[85] ਅਮਲਾਂ[86] ਦੀ ਬੀਜ ਬੀਜਣ ਦਾ ਖੇਤ[87] ਹੈ। ਰਿੜਕਣ[89] ਤੇ ਮੁਸ਼ੱਕਤ ਕਰਨ[90] ਦੁਆਰਾ, ਪਵਿੱਤਰ

ਮਥਿ[90]ਤਤੁ[91] ਕਢਈਆ[92]॥	toiling[90], the pious persons[88]gather[92] essence[91].	ਪੁਰਸ਼[88] ਮੱਖਣ[91] ਨੂੰ ਪਰਾਪਤ ਕਰ ਲੈਂਦੇ[92] ਹਨ ।
ਲਾਲੁ[93] ਜਵੇਹਰ[94] ਨਾਮੁ ਪ੍ਰਗਾਸਿਆ[95]ਭਾਂਡੈ[96]ਭਾਉ[97] ਪਵੈ[98] ਤਿਤੁ[99] ਅਈਆ ॥ ੨॥	The invaluable[93] jewel[94]of the Name becomes manifest[95] and it pours[98] into their[99] vessel[96] of love[97].	ਨਾਮ ਦਾ ਅਮੋਲਕ[93] ਜਵੇਹਰ[94] ਪਰਗਟ[95] ਹੋ ਜਾਂਦਾ ਹੈ ਅਤੇ ਇਹ ਉਨ੍ਹਾਂ[99] ਦੇ ਪ੍ਰੇਮ[97] ਦੇ ਬਰਤਨ[96] ਵਿਚ ਆ ਪੈਂਦਾ[98] ਹੈ ।
ਦਾਸਨਿ ਦਾਸ ਦਾਸ[8] ਹੋਇ ਰਹੀਐ[100] ਜੋ[2] ਜਨ[3] ਰਾਮ[4] ਭਗਤ[5] ਨਿਜ[6] ਭਈਆ[7] ॥	The[2] person[3], who has become[7] the Lord's[4] own[6] servant[5];Be[100] thou the slave[8] of the slave of his slave.	ਜਿਹੜਾ[2] ਪੁਰਸ਼[3] ਪ੍ਰਭੂ[4] ਦਾ ਨਿੱਜ[6] ਦਾ ਨੌਕਰ[5] ਬਣ ਗਿਆ[7] ਹੈ; ਤੂੰ ਉਸ ਦੇ ਗੋਲੇ ਦੇ ਗੋਲੇ ਦਾ ਗੋਲਾ[8] ਹੋ ਜਾ[100] ।
ਮਨੁ[9] ਬੁਧਿ[10] ਅਰਪਿ[12] ਧਰਉ[13] ਗੁਰ ਆਗੈ[14] ਗੁਰਪਰਸਾਦੀ[15] ਮੈ ਅਕਥੁ[16] ਕਥਈਆ[17] ॥੩॥	Dedicating[12] my soul[9]and intellect[10], I place[13] them before[14] the Guru. By Guru's grace[15] I utter[17] the Unutterable One[16].	ਆਪਣੀ ਆਤਮਾ[9] ਤੇ ਅਕਲ[10] ਸਮਰਪਨ ਕਰ[12], ਮੈਂ ਉਨ੍ਹਾਂ ਨੂੰ ਗੁਰਾਂ ਦੇ ਮੂਹਰੇ[14] ਰੱਖਦਾ[13] ਹਾਂ । ਗੁਰਾਂ ਦੀ ਦਇਆ[15] ਦੁਆਰਾ ਮੈਂ ਅਕਹਿ ਸਾਂਈ[16]ਬਾਰੇ ਕਹਿੰਦਾ[17] ਹਾਂ ।
ਮਨਮੁਖ[18] ਮਾਇਆ[19]ਮੋਹ[20] ਵਿਆਪੇ[21] ਇਹੁ ਮਨੁ[22] ਤ੍ਰਿਸਨਾ[23] ਜਲਤ[24] ਤਿਖਈਆ[25] ॥	The way-ward[18] are engrossed[21] in the love[20] of worldly valuables[19]. This soul[22]of their's is thirsty[25] and burns[24] in desire[23].	ਆਪ-ਹੁਦਰੇ[18] ਸੰਸਾਰੀ ਪਦਾਰਥਾਂ[19] ਦੀ ਲਗਨ[20] ਅੰਦਰ ਖਚਤ ਹੋਏ ਹੋਏ[21] ਹਨ । ਉਨ੍ਹਾਂ ਦੀ ਇਹ ਆਤਮਾ[22] ਪਿਆਸੀ[25] ਹੈ ਅਤੇ ਖ਼ਾਹਿਸ਼[23] ਅੰਦਰ ਸੜ ਰਹੀ[24] ਹੈ ।
ਗੁਰਮਤਿ[26] ਨਾਮੁ ਅੰਮ੍ਰਿਤੁ[27] ਜਲੁ[28] ਪਾਇਆ ਅਗਨਿ[29] ਬੁਝੀ[30] ਗੁਰ[31] ਸਬਦਿ[32] ਬੁਝਈਆ ॥੪॥	By Guru's instruction[26] I have received the ambrosial[27] water[28] of the Lord's Name and my fire[29] is quenched[30]. The Transcendent[31] Name[32] has quenched it.	ਗੁਰਾਂ ਦੇ ਉਪਦੇਸ਼[26] ਦੁਆਰਾ, ਮੈਨੂੰ ਪ੍ਰਭੂ ਦੇ ਨਾਮ ਦਾ ਸੁਧਾ-ਸਰੂਪ[27] ਪਾਣੀ[28] ਪਰਾਪਤ ਹੋ ਗਿਆ ਹੈ ਅਤੇ ਮੇਰੀ ਅੱਗ[29] ਬੁਝ ਗਈ[30] ਹੈ । ਵਿਸ਼ਾਲ[31] ਨਾਮ[32] ਨੇ ਇਸ ਨੂੰ ਬੁਝਾ ਦਿੱਤਾ ਹੈ ।
ਇਹੁ ਮਨੁ ਨਾਚੈ[33] ਸਤਿਗੁਰ ਆਗੈ[39] ਅਨਹਦ[34]ਸਬਦ[35] ਧੁਨਿ[36]ਤੂਰ[37] ਵਜਈਆ[38]॥	This soul of mine dances[33] before[39] the True Guru and within me resounds[38] the tune[37] of the celestial[34] music[36] of the Name[35].	ਮੇਰੀ ਇਹ ਆਤਮਾ ਸੱਚੇ ਗੁਰਾਂ ਮੂਹਰੇ[39] ਨਿਰਤਕਾਰੀ ਕਰਦੀ[33] ਹੈ ਅਤੇ ਮੇਰੇ ਅੰਦਰ ਨਾਮ[35] ਦੇ ਬੈਕੁੰਠੀ[34] ਕੀਰਤਨ[36] ਦਾ ਤਰਾਨਾ[37] ਗੂੰਜਦਾ[38] ਹੈ ।
੮੩੫	**835**	**੮੩੫**
ਹਰਿ ਹਰਿ ਉਸਤਤਿ[40] ਕਰੈ ਦਿਨੁ ਰਾਤੀ ਰਖਿ[41] ਰਖਿ ਚਰਣ[42] ਹਰਿ ਤਾਲ ਪੂਰਈਆ[43] ॥੫॥	Placing[41], placing my feet[42] with the beating of time[43],day and night sing I the praise[40] of the Lord Master God.	ਸੁਰਤਾਲ[43]ਅੰਦਰ ਆਪਣੇ ਪੈਰ[42] ਟਿਕਾ ਟਿਕਾ ਕੇ[41] ਦਿਨ ਰਾਤ ਮੈਂ ਸੁਆਮੀ ਮਾਲਕ ਵਾਹਿਗੁਰੂ ਦੀ ਮਹਿਮਾ[40] ਗਾਇਨ ਕਰਦਾ ਹਾਂ ।
ਹਰਿਕੈ ਰੰਗਿ[44]ਰਤਾ[45]ਮਨੁ[46] ਗਾਵੈ[47] ਰਸਿ[48] ਰਸਾਲ[49] ਰਸਿ[50] ਸਬਦੁ[52] ਰਵਈਆ[51] ॥	Imbued[45] with God's love[44], my soul[46] sings[47] His praise and joyfully[50] utters[51] the Name[52] of the Home of Nectar[49] and bliss[48].	ਵਾਹਿਗੁਰੂ ਦੀ ਪ੍ਰੀਤ[44] ਨਾਲ ਰੰਗੀ ਹੋਈ[45] ਮੇਰੀ ਆਤਮਾ[46] ਉਸ ਦਾ ਜੱਸ ਅਲਾਪਦੀ[47] ਹੈ ਅਤੇ ਖ਼ੁਸ਼ੀ[48] ਤੇ ਅੰਮ੍ਰਿਤ[49] ਦੇ ਘਰ ਦਾ ਨਾਮ[52] ਆਨੰਦ ਨਾਲ[50] ਉਚਾਰਨ ਕਰਦੀ[51] ਹੈ ।

ਨਿਜ[53] ਘਰਿ[54] ਧਾਰੁ[55] ਚੁਐ[56] ਅਤਿ[57] ਨਿਰਮਲ[58] ਜਿਨਿ ਪੀਆ[59] ਤਿਨ ਹੀ ਸੁਖੁ ਲਹੀਆ[60] ॥੬॥	Within one's own[53] home[54] trickles[56] the supremely[57] immaculate[58] stream[55]. He who drink[59] it attains to peace[60].	ਇਨਸਾਨ ਦੇ ਆਪਣੇ ਨਿੱਜ[53] ਦੇ ਗ੍ਰਿਹਿ[54] ਅੰਦਰ ਪਰਮ[57] ਪਵਿੱਤਰ[58] ਧਾਰਾ[55] ਟੱਪਕਦੀ[56] ਹੈ। ਜੋ ਭੀ ਇਸ ਨੂੰ ਪਾਨ ਕਰਦਾ[59] ਹੈ, ਉਹ ਆਰਾਮ ਪਾਉਂਦਾ[60] ਹੈ।
ਮਨੁ ਹਠਿ[61] ਕਰਮ[62] ਕਰੈ[63] ਅਭਿਮਾਨੀ[64] ਜਿਉ[65] ਬਾਲਕ[66] ਬਾਲੂ[67] ਘਰ ਉਸਰਈਆ[68] ॥	Through his mind's obstinacy[61], the proud man[64] performs[63] rituals[62], but these are like[65] house of sand[67] built[68] by a child[66].	ਆਪਣੇ ਚਿੱਤ ਦੀ ਜ਼ਿੱਦ[61] ਰਾਹੀਂ ਹੰਕਾਰੀ ਆਦਮੀ[64] ਕਰਮ ਕਾਂਡ[62] ਕਮਾਉਂਦਾ[63] ਹੈ, ਪਰ ਇਹ ਇਕ ਬੱਚੇ[66] ਦੇ ਰੇਤੇ[67] ਦਾ ਮਕਾਨ ਬਨਾਉਣ[68] ਦੇ ਸਮਾਨ[65] ਹਨ।
ਆਵੈ[69] ਲਹਰਿ[70] ਸਮੁੰਦ ਸਾਗਰ[71] ਕੀ ਖਿਨ[72] ਮਹਿ[73] ਭਿੰਨ[74] ਭਿੰਨ ਢਹਿ[75] ਪਈਆ ॥੭॥	When the waves[70] of the vast ocean[71] dash[69] against it, in[73] an instant[72], it crumbles[75] into pieces and bits[74].	ਜਦ ਅਪਾਰ ਸਮੁੰਦਰ[71] ਦੇ ਤਰੰਗ[70] ਇਸ ਨੂੰ ਟਕਰਾਉਂਦੇ[69] ਹਨ, ਤਦ ਇਕ ਨਿਮਖ[72] ਵਿਚ[73], ਇਹ ਟੁਕੜੇ ਟੁਕੜੇ[74] ਹੋ ਡਿੱਗ ਪੈਂਦਾ[75] ਹੈ।
ਹਰਿ ਸਰੁ[76] ਸਾਗਰੁ[77] ਹਰਿ ਹੈ ਆਪੇ[78] ਇਹੁ ਜਗੁ[79] ਹੈ ਸਭੁ[80] ਖੇਲੁ[81] ਖੇਲਈਆ[82] ॥	God is the pool[76] and God Himself[78] is the ocean[77]. This world[79] is all[80] a play[81] staged[82] by Him.	ਵਾਹਿਗੁਰੂ ਸਰੋਵਰ[76] ਹੈ ਅਤੇ ਵਾਹਿਗੁਰੂ ਖ਼ੁਦ[78] ਹੀ ਸਮੁੰਦਰ[77] ਹੈ। ਇਹ ਸਮੂਹ[80] ਸੰਸਾਰ[79] ਉਸ ਨੇ ਇਕ ਖੇਡ[81] ਰਚੀ ਹੋਈ[82] ਹੈ।
ਜਿਉ[83] ਜਲ[90] ਤਰੰਗ[84] ਜਲੁ[85] ਜਲਹਿ[86] ਸਮਾਵਹਿ[87] ਨਾਨਕ ਆਪੇ ਆਪਿ[88] ਰਮਈਆ[89] ॥੮॥੩॥੬॥	As[83] the water[90] of the sea[85] waves[84] merges[87] in the sea[86], so, O Nanak, the Omnipresent Lord[89] is all by Himself[88].	ਜਿਸ ਤਰ੍ਹਾਂ[83] ਸਮੁੰਦਰ[85] ਦੀਆਂ ਲਹਿਰਾਂ[84] ਦਾ ਪਾਣੀ[90] ਸਮੁੰਦਰ[86] ਵਿਚ ਲੀਨ ਹੋ ਜਾਂਦਾ[87] ਹੈ, ਏਸੇ ਤਰ੍ਹਾਂ ਹੀ, ਹੇ ਨਾਨਕ! ਸਰਬ-ਵਿਆਪਕ ਸੁਆਮੀ[89] ਸਾਰਾ ਕੁਛ ਖ਼ੁਦ-ਬ-ਖ਼ੁਦ[88] ਹੀ ਹੈ।
ਬਿਲਾਵਲੁ ਮਹਲਾ ੪ ॥	Bilawal 4th Guru.	ਬਿਲਾਵਲ ਚੌਥੀ ਪਾਤਿਸ਼ਾਹੀ।
ਸਤਿਗੁਰੁ ਪਰਚੈ[91] ਮਨਿ[92] ਮੁੰਦ੍ਰਾ[93] ਪਾਈ ਗੁਰ ਕਾ ਸਬਦੁ[94] ਤਨਿ[95] ਭਸਮ[96] ਦ੍ਰਿੜਈਆ[97] ॥	My mind[92] wears the rings[93] of the union[91] with True Guru and I apply[97] the ashes[96] of the Guru's instruction[94] to my body[95].	ਮੇਰੇ ਚਿੱਤ[92] ਨੇ ਸੱਚੇ ਗੁਰਾਂ ਨਾਲ ਮਿਲਾਪ[91] ਦੀਆਂ ਮੁੰਦਾਂ[93] ਪਾਈਆਂ ਹੋਈਆਂ ਹਨ ਅਤੇ ਆਪਣੀ ਦੇਹ[95] ਨੂੰ ਮੈਂ ਗੁਰਾਂ ਦੇ ਉਪਦੇਸ਼[94] ਦੀ ਸੁਆਹ[96] ਮਲਦਾ[97] ਹਾਂ।
ਅਮਰ[98] ਪਿੰਡੁ[99] ਭਏ ਸਾਧੂ ਸੰਗਿ ਜਨਮ ਮਰਣ ਦੋਊ[100] ਮਿਟਿ[2] ਗਈਆ ॥੧॥	My being[99] has become eternal[98] in the society of the saints and ended[2] are both[100] my births and deaths.	ਸਤਿ-ਸੰਗਤ ਅੰਦਰ ਮੇਰੀ ਹਸਤੀ[99] ਅਬਿਨਾਸੀ[98] ਹੋ ਗਈ ਹੈ ਅਤੇ ਮੁਕ ਗਏ[2] ਹਨ ਦੋਨੋਂ[100] ਹੀ ਮੇਰੇ ਜੰਮਣੇ ਤੇ ਮਰਨੇ।
ਮੇਰੇ ਮਨ[3] ਸਾਧ ਸੰਗਤਿ ਮਿਲਿ[4] ਰਹੀਆ ॥	O my soul[3], remain thou ever united[4] with the saints' society.	ਹੇ ਮੇਰੀ ਜਿੰਦੜੀਏ[3]! ਤੂੰ ਸਦਾ ਹੀ ਸਤਿਸੰਗਤ ਨਾਲ ਜੁੜੀ ਰਹੁ[4]।
ਕ੍ਰਿਪਾ[5] ਕਰਹੁ[6] ਮਧਸੂਦਨ[7] [8]ਮਾਧਉ[9] ਮੈ ਖਿਨੁ ਖਿਨੁ[10] ਸਾਧੂ ਚਰਣ[12] ਪਖਈਆ[13] ॥੧॥ ਰਹਾਉ ॥	O God, the Destroyer[7] of Madh demon and the Lord[9] of wealth[8], show[6] mercy[5] unto me, so that every moment[10] I wash[13] the saints feet[12]. Pause.	ਹੇ ਮਧ ਦੈਂਤ ਨੂੰ ਮਾਰਨ ਵਾਲੇ[7] ਅਤੇ ਮਾਇਆ[8] ਦੇ ਸੁਆਮੀ[9]! ਮੇਰੇ ਉਤੇ ਮਿਹਰ[5] ਧਾਰ[6], ਤਾਂ ਜੋ ਮੈਂ ਹਰ ਮੁਹਤ[10] ਸੰਤਾਂ ਦੇ ਪੈਰ[12] ਧੋਵਾਂ[13]। ਠਹਿਰਾਉ।
ਤਜੈ[14] ਗਿਰਸਤੁ[15] ਭਇਆ	Renouncing[14] family life[15], man	ਘਰ ਬਾਰ[15] ਨੂੰ ਛੱਡ ਕੇ[14], ਇਨਸਾਨ ਜੰਗਲ ਦੇ ਰਹਿਣ

ਬਨਵਾਸੀ[16] ਇਕੁ ਖਿਨੁ ਮਨੂਆ[17] ਟਿਕੈ ਨ ਟਿਕ-ਈਆ[18] ॥

becomes a forest-dweller[16], but his mind[17] remains not at rest[18], even for a moment.

ਵਾਲਾ ਹੋ ਜਾਂਦਾ ਹੈ ਪ੍ਰੰਤੂ ਉਸ ਦਾ ਮਨ[17] ਇਕ ਮੁਹਤ ਭਰ ਲਈ ਭੀ ਨਿਹਚਲ[18] ਨਹੀਂ ਹੁੰਦਾ।

ਧਾਵਤੁ ਧਾਇ[19]ਤਦੇ[20]ਘਰਿ[21] ਆਵੈ ਹਰਿ ਹਰਿ ਸਾਧੂ ਸਰਣਿ[22] ਪਵਈਆ[23] ॥੨॥

Then[20] alone the wandering[19] soul returns home[21], when it seeks[23] the refuge[22] of the Lord God's saints.

ਕੇਵਲ ਤਾਂ[20] ਹੀ ਭਟਕਦਾ ਹੋਇਆ[19] ਮਨੂਆ ਆਪਣੇ ਧਾਮ[21] ਵਿਚ ਆਉਂਦਾ ਹੈ, ਜਦ ਇਹ ਸੁਆਮੀ ਵਾਹਿਗੁਰੂ ਦੇ ਸੰਤਾਂ ਦੀ ਪਨਾਹ[22] ਲੈਂਦਾ[23] ਹੈ।

ਧੀਆ[24] ਪੂਤ[25] ਛੋਡਿ[26] ਸੰਨਿਆਸੀ[27] ਆਸਾ ਆਸ[28] ਮਨਿ[29]ਬਹੁਤੁ[30]ਕਰਈਆ[31]॥

Even an anchoret[27], who abandons[26] his daughters[24] and sons[25], conceives[31] many[30] desires[28] within his mind[29].

ਇਕ ਵਿਰੱਕਤ[27] ਭੀ ਜੋ ਆਪਣੀਆਂ ਲੜਕੀਆਂ[24] ਅਤੇ ਲੜਕਿਆਂ[25] ਨੂੰ ਛੱਡ ਜਾਂਦਾ[26] ਹੈ ਆਪਣੇ ਚਿੱਤ[29] ਅੰਦਰ ਘਨੇਰੀਆਂ[30] ਖ਼ਾਹਿਸ਼ਾਂ[28] ਧਾਰਦਾ[31] ਹੈ।

ਆਸਾ ਆਸ ਕਰੈ ਨਹੀ ਬੂਝੈ[32] ਗੁਰ ਕੈ ਸਬਦਿ[33] ਨਿਰਾਸ[34]ਸੁਖੁ[35]ਲਹੀਆ[36]॥੩॥

He entertains desires upon desires and understands[32] not, that by Guru's instruction[33] alone, man is freed from[34] desires and obtains[36] peace[35].

ਉਹ ਖ਼ਾਹਿਸ਼ਾਂ ਉਤੇ ਖ਼ਾਹਿਸ਼ਾਂ ਧਾਰਨ ਕਰੀ ਰੱਖਦਾ ਹੈ ਅਤੇ ਇਹ ਨਹੀਂ ਸਮਝਦਾ[32] ਕਿ ਕੇਵਲ ਗੁਰਾਂ ਦੇ ਉਪਦੇਸ਼[33] ਦੁਆਰਾ ਹੀ ਬੰਦਾ ਖ਼ਾਹਿਸ਼-ਰਹਿਤ[34] ਹੁੰਦਾ ਅਤੇ ਆਰਾਮ[35] ਪਾਉਂਦਾ[36] ਹੈ।

ਉਪਜੀ[37]ਤਰਕ[38]ਦਿਗੰਬਰੁ[39] ਹੋਆ ਮਨ ਦਹ[40] ਦਿਸ[41] ਚਲਿ[42] ਚਲਿ[43] ਗਵਨੁ[44] ਕਰਈਆ ॥

When detachment[38] from the world wells up[37] in man, he becomes a naked hermit[39], but his mind roams[42], rambles[43] and flees[44] in ten[40] directions[41].

ਜਦ ਬੰਦੇ ਨੂੰ ਜੱਗ ਵਲੋਂ ਉਪਰਾਮਤਾ[38] ਪੈਦਾ ਹੋ ਜਾਂਦੀ[37] ਹੈ, ਉਹ ਨਾਂਗਾ ਸਾਧੂ[39] ਹੋ ਜਾਂਦਾ ਹੈ, ਪ੍ਰੰਤੂ ਉਸ ਦਾ ਮਨੂਆ ਦਸੀਂ[40] ਪਾਸੀਂ[41] ਭਟਕਦਾ[42], ਭੌਂਦਾ[43] ਤੇ ਭੱਜਿਆ ਫਿਰਦਾ[44] ਹੈ।

ਪ੍ਰਭਵਨੁ[45] ਕਰੈ ਬੂਝੈ[46] ਨਹੀ ਤ੍ਰਿਸਨਾ[47] ਮਿਲਿ ਸੰਗਿ ਸਾਧ ਦਇਆ ਘਰੁ[48] ਲਹੀਆ[49] ॥੪॥

He wanders about[45], but his desire[47] is quenched[46] not. Meeting with the society of the saints he obtains[49] the House of mercy[48].

ਉਹ ਭੌਂਦਾ ਫਿਰਦਾ[45] ਹੈ, ਪਰ ਉਸ ਦੀ ਖ਼ਾਹਿਸ਼[47] ਬੁਝਦੀ[46] ਨਹੀਂ। ਸਤਿਸੰਗਤ ਨਾਲ ਮਿਲ ਕੇ ਉਹ ਰਹਿਮਤ[48] ਦੇ ਧਾਮ ਨੂੰ ਪਰਾਪਤ ਹੋ ਜਾਂਦਾ[49] ਹੈ।

ਆਸਣ[50] ਸਿਧ[51] ਸਿਖਹਿ ਬਹੁਤੇਰੇ[52] ਮਨਿ ਮਾਗਹਿ[53] ਰਿਧਿ[54] ਸਿਧਿ[55] ਚੇਟਕ ਚੇਟਕਈਆ[56] ॥

The Yogis[51] learn many[52] sitting postures[50], but their minds long for[53] riches[54], miraculous powers[55] and sorcery[56].

ਯੋਗੀ[51] ਘਣੇਰੇ[52] ਬੈਠਣ ਦੇ ਢੰਗ[50] ਸਿੱਖਦੇ ਹਨ, ਪ੍ਰੰਤੂ ਉਨ੍ਹਾਂ ਦਾ ਚਿੱਤ, ਧਨ-ਸੰਪਦਾ[54], ਕਰਾਮਾਤੀ-ਸ਼ਕਤੀਆਂ[55] ਅਤੇ ਭੂਤ-ਪ੍ਰੇਤ ਦੀ ਵਿਦਿਆ[56] ਨੂੰ ਲਲਚਾਉਂਦਾ[53] ਹੈ।

ਤ੍ਰਿਪਤਿ[57] ਸੰਤੋਖੁ[58] ਮਨਿ ਸਾਂਤਿ[59] ਨ ਆਵੈ ਮਿਲਿ ਸਾਧੂ ਤ੍ਰਿਪਤਿ[60] ਹਰਿ ਨਾਮਿ ਸਿਧਿ[61] ਪਈਆ[62] ॥੫॥

Satiation[57], contentment[58] and peace[59] enter not man's mind By meeting the saints, man is sated[60] and by God's Name, he procures[62] perfection[61].

ਰਜ[57] ਸੰਤੁਸ਼ਟਤਾ[58] ਅਤੇ ਠੰਢ-ਚੈਨ[59] ਬੰਦੇ ਦੇ ਚਿੱਤ ਅੰਦਰ ਪ੍ਰਵੇਸ਼ ਨਹੀਂ ਕਰਦੇ। ਸੰਤਾਂ ਨੂੰ ਮਿਲਣ ਦੁਆਰਾ ਬੰਦਾ ਧ੍ਰਾਪ ਜਾਂਦਾ[60] ਹੈ ਅਤੇ ਵਾਹਿਗੁਰੂ ਦੇ ਨਾਮ ਰਾਹੀਂ, ਉਹ ਪੂਰਨਤਾ[61] ਨੂੰ ਪਰਾਪਤ ਹੋ ਜਾਂਦਾ[62] ਹੈ।

ਅੰਡਜ[63] ਜੇਰਜ[64] ਸੇਤਜ[65] ਉਤਭੁਜ[66] ਸਭਿ ਵਰਨ[67]

Egg-born[63], foetus-born[64], sweat-born[65], earth-born[66], the mortals[69]

ਆਂਡੇ ਤੋਂ ਨਿਪਜੇ[63], ਜੇਰ ਤੋਂ ਨਿਪਜੇ[64], ਮੁੜ੍ਹਕੇ ਤੋਂ ਉਪਜੇ[65] ਧਰਤੀ ਤੋਂ ਉਪਜੇ[66] ਪ੍ਰਾਣੀ[69] ਅਤੇ ਪਸ਼ੂ ਪੰਛੀ[70]

ਰੂਪ[68] ਜੀਅ[69] ਜੰਤ[70] ਉਪਈਆ[71] ॥

and the creatures[70] of all the colours[67] and forms[68] are made[71] by God.

ਆਦਿ ਸਾਰਿਆਂ ਰੰਗਾਂ[67] ਤੇ ਸਰੂਪਾਂ[68] ਦੇ, ਰੱਬ ਦੇ ਪੈਦਾ ਕੀਤੇ ਹੋਏ[71] ਹਨ।

ਸਾਧੂ ਸਰਣਿ[72] ਪਰੈ ਸੋ ਉਬਰੈ[73] ਖਤ੍ਰੀ[74] ਬ੍ਰਾਹਮਣੁ[75] ਸੂਦੁ[76] ਵੈਸੁ[77] ਚੰਡਾਲੁ ਚੰਡਈਆ[78] ॥੬॥

He who takes saints' protection[72] is saved[73], be he a warrior[74], a literate[75], an agriculturist[77] and untouchable[76] and the pariah of the pariahs[78].

ਜੋ ਸੰਤਾਂ ਦੀ ਪਨਾਹ[72] ਲੈਂਦਾ ਹੈ, ਉਹ ਤਰ ਜਾਂਦਾ[73] ਹੈ, ਭਾਵੇਂ ਉਹ ਖਤ੍ਰੀ[74], ਵਿਦਵਾਨ[75], ਕਿਸਾਨ[77], ਅਛੂਤ[76] ਅਤੇ ਕਮੀਣਾ ਦਾ ਕਮੀਣ[78] ਹੋਵੇ।

ਨਾਮਾ ਜੈਦੇਉ ਕੰਬੀਰੁ ਤ੍ਰਿਲੋਚਨੁ ਅਉਜਾਤਿ[78*] ਰਵਿਦਾਸੁ ਚਮਿਆਰੁ ਚਮਈਆ[79] ॥

Namdev, Jaidev, Kabir, Tirlochan and Ravdas, tanner[79] of low caste[78*] swam across.

ਨਾਮਦੇਵ, ਜੈਦੇਵ, ਕਬੀਰ, ਤ੍ਰਿਲੋਚਨ ਅਤੇ ਨੀਚ ਜਾਤ[78*] ਦਾ ਰਵਿਦਾਸ ਚਮਾਰ[79] ਪਾਰ ਉਤਰ ਗਏ।

ਜੋ ਜੋ[80] ਮਿਲੈ[81] ਸਾਧੂ ਜਨ[82] ਸੰਗਤਿ[83] ਧਨੁ[84] ਧੰਨਾ ਜਟੁ ਸੈਣੁ ਮਿਲਿਆ ਹਰਿ ਦਈਆ[85] ॥੭॥

Blessed[84] Dhanna Jat, Sain and all those[80], who joined[81] the society[83] of the pious persons[82], did meet the Merciful Master[85].

ਵਡਭਾਗੀ[84] ਧੰਨਾ ਜੱਟ, ਸੈਣ ਅਤੇ ਉਹ ਸਾਰੇ[80] ਜੋ ਪਵਿੱਤਰ ਪੁਰਸ਼ਾਂ[82] ਦੇ ਸਮਾਗਮ[83] ਅੰਦਰ ਜੁੜੇ[81] ਹਨ, ਮਿਹਰਬਾਨ ਮਾਲਕ[85] ਨੂੰ ਮਿਲ ਪਏ ਹਨ।

ਸੰਤ ਜਨਾ[86] ਕੀ ਹਰਿ ਪੈਜ[87] ਰਖਾਈ ਭਗਤਿ[88] ਵਛਲੁ[89] ਅੰਗੀਕਾਰੁ[90] ਕਰਈਆ ॥

God, the Lover[89] of devotion[88], protects the honour[87] of the saintly persons[86] and accepts[90] them.

ਭਗਤੀ[88] ਨੂੰ ਪਿਆਰ ਕਰਨ ਵਾਲਾ[89] ਵਾਹਿਗੁਰੂ ਸਾਧ ਸਰੂਪ ਪੁਰਸ਼ਾਂ[86] ਦੀ ਲੱਜਿਆ[87] ਰੱਖਦਾ ਹੈ ਅਤੇ ਉਨ੍ਹਾਂ ਨੂੰ ਕਬੂਲ ਕਰ ਲੈਂਦਾ[90] ਹੈ।

ਨਾਨਕ ਸਰਣਿ[91] ਪਰੇ[92] ਜਗ[93]ਜੀਵਨ[94]ਹਰਿ ਹਰਿ[95] ਕਿਰਪਾ[96]ਧਾਰਿ ਰਖਈਆ[97] ॥੮॥੪॥੭॥

Nanak has entered[92] the sanctuary[91] of the Lord God[95], the life[94] of the world[93] and has mercifully[96] emancipated[97] him.

ਨਾਨਕ ਨੇ ਜਗਤ[93] ਦੀ ਜਿੰਦ-ਜਾਨ[94] ਸੁਆਮੀ ਵਾਹਿਗੁਰੂ[95] ਦੀ ਪਨਾਹ[91] ਲਈ[92] ਹੈ ਅਤੇ ਉਸ ਨੇ ਆਪਣੀ ਰਹਿਮਤ ਧਾਰ ਕੇ[96] ਉਸ ਦਾ ਪਾਰ ਉਤਾਰਾ ਕਰ ਦਿੱਤਾ[97] ਹੈ।

ਬਿਲਾਵਲੁ ਮਹਲਾ ੪ ॥

Bilawal 4th Guru.

ਬਿਲਾਵਲ ਚੌਥੀ ਪਾਤਿਸ਼ਾਹੀ।

ਅੰਤਰਿ[98]ਪਿਆਸ[99]ਉਠੀ[100] ਪ੍ਰਭ ਕੇਰੀ ਸੁਣਿ ਗੁਰ ਬਚਨ[2] ਮਨਿ[5] ਤੀਰ[3] ਲਗਈਆ[4] ॥

Within[98] me, thirst[99] for the Lord has welled up[100] and hearing the Guru's word[2] my soul[5] is pierced through[4] with an arrow[3].

ਮੇਰੇ ਅੰਦਰ[98] ਸੁਆਮੀ ਲਈ ਤਰੇਹ[99] ਉਤਪੰਨ ਹੋ ਗਈ[100] ਹੈ ਅਤੇ ਗੁਰਾਂ ਦੀ ਬਾਣੀ[2] ਸ੍ਰਵਣ ਕਰ ਕੇ ਮੇਰੀ ਆਤਮਾ[5] ਬਾਣ[3] ਨਾਲ ਵਿੰਨ੍ਹੀ ਗਈ[4] ਹੈ।

ਮਨ ਕੀ ਬਿਰਥਾ[6] ਮਨ ਹੀ ਜਾਣੈ ਅਵਰੁ[7] ਕਿ[8] ਜਾਣੈ ਕੋ ਪੀਰ[9] ਪਰਈਆ[10] ॥੧॥

The pain[6] of my mind is known to my mind alone. Who[8] else[7] can know the pain[9] of another[10] ?

ਮੇਰੇ ਦਿਲ ਦੀ ਪੀੜ[6] ਨੂੰ ਕੇਵਲ ਮੇਰਾ ਚਿੱਤ ਹੀ ਜਾਣਦਾ ਹੈ। ਹੋਰ[7] ਕੌਣ[8] ਪਰਾਏ[10] ਦੀ ਪੀੜ[9] ਨੂੰ ਜਾਣ ਸਕਦਾ ਹੈ ?

੮੩੬ 836 ੮੩੬

ਰਾਮ[12] ਗੁਰਿ ਮੋਹਨਿ[13] ਮੋਹਿ[14] ਮਨੁ[15] ਲਈਆ ॥

The Guru-God[12], the bewitcher[13], has bewitched[14] my soul[15].

ਫਰੇਫਤਾ ਕਰ ਲੈਣਹਾਰ[13], ਗੁਰੂ-ਪਰਮੇਸ਼ਰ[12] ਨੇ ਮੇਰੀ ਜਿੰਦੜੀ[15] ਨੂੰ ਮੋਹ ਲਿਆ[14] ਹੈ।

ਹਉ ਆਕਲ ਬਿਕਲ[16]

Seeing my Guru, I have been

ਆਪਣੇ ਗੁਰਾਂ ਨੂੰ ਵੇਖਕੇ ਮੈਂ ਪਰਮ ਚਕਰਿਤ[16] ਹੋ ਗਿਆ

ਭਈ ਗੁਰ ਦੇਖੇ ਹਉ ਲੋਟ[17] ਪੋਟ ਹੋਇ ਪਈਆ ॥੧॥ ਰਹਾਉ॥	wonder-struck[16] and entered the realm of beatitude[17]. Pause.	ਅਤੇ ਪਰਮ ਪਰਸੰਨਤਾ ਦੇ ਮੰਡਲ[17] ਵਿਚ ਪ੍ਰਵੇਸ਼ ਕਰ ਗਿਆ ਹਾਂ । ਠਹਿਰਾਉ ।
ਹਉ ਨਿਰਖਤ[18] ਫਿਰਉ ਸਭਿ ਦੇਸ[19] ਦਿਸੰਤਰ[20] ਮੈ ਪ੍ਰਭ[24] ਦੇਖਨ ਕੋ ਬਹੁਤੁ[21] ਮਨਿ[22] ਚਈਆ[23] ॥	I go about seeing[18] all the country[19] and foreign lands[20], as within my mind[22], there is a great[21] yearning[23] to see my Lord[24].	ਮੈਂ ਸਮੂਹ ਮੁਲਕ[19] ਅਤੇ ਪਰਦੇਸਾਂ[20] ਅੰਦਰ ਵੇਖਦੀ[18] ਫਿਰਦੀ ਹਾਂ, ਕਿਉਂਕਿ ਮੇਰੇ ਚਿੱਤ[22] ਅੰਦਰ ਆਪਣੇ ਸਿਰ ਦੇ ਸਾਈਂ[24] ਨੂੰ ਵੇਖਣ ਦੀ ਘਣੇਰੀ[21] ਸੱਧਰ[23] ਹੈ ।
ਮਨੁ[25] ਤਨੁ[26] ਕਾਟਿ[27] ਦੇਉ ਗੁਰ ਆਗੈ ਜਿਨਿ ਹਰਿ ਪ੍ਰਭ ਮਾਰਗੁ[28] ਪੰਥੁ[29] ਦਿਖਈਆ[30] ॥੨॥	Sacrifice[27] I my soul[25] and body[26] unto the Guru, who has shown[30] me the path[28] and way[29] to my God Lord.	ਆਪਣੀ ਆਤਮਾ[25] ਅਤੇ ਦੇਹ[26] ਮੈਂ ਗੁਰਾਂ ਉਤੋਂ ਕੁਰਬਾਨ ਕਰਦਾ[27] ਹਾਂ ਜਿਨ੍ਹਾਂ ਨੇ ਮੈਨੂੰ ਮੇਰੇ ਵਾਹਿਗੁਰੂ ਸੁਆਮੀ ਦਾ ਰਾਹ[28] ਅਤੇ ਰਸਤਾ[29] ਵਿਖਾਲ ਦਿੱਤਾ[30] ਹੈ ।
ਕੋਈ[31] ਆਨਿ ਸਦੇਸਾ[32] ਦੇਇ ਪ੍ਰਭ ਕੇਰਾ[33] ਰਿਦ[34] ਅੰਤਰਿ[35] ਮਨਿ[36] ਤਨਿ[37] ਮੀਠ[38] ਲਗਈਆ ॥	If some one[31] brings to me the message[32] of[33] my Lord, unto[35] my mind[34], heart[36] and body[37], he seems sweet[38].	ਜੇਕਰ ਕੋਈ[31] ਆ ਕੇ ਮੈਨੂੰ ਮੇਰੇ ਮਾਲਕ ਦਾ[33] ਸੁਨੇਹਾ[32] ਦੇਵੇ ਤਾਂ ਉਹ ਮੇਰੇ ਹਿਰਦੇ[34], ਦਿਲ[36] ਅਤੇ ਸਰੀਰ[37] ਨੂੰ[35] ਮਿੱਠੜਾ[38] ਲੱਗਦਾ ਹੈ ।
ਮਸਤਕੁ[38*] ਕਾਟਿ[39] ਦੇਉ[40] ਚਰਣਾ[41] ਤਲਿ[42] ਜੋ ਹਰਿ ਪ੍ਰਭੁ ਮੇਲੇ[43] ਮੇਲਿ[44] ਮਿਲਈਆ[45] ॥੩॥	Chopping[39] off my head[38*], I would place[40] it under[42] the feet[41] of him, who makes me meet[43] my God Lord and unites[45] me with His guild[44].	ਆਪਣਾ ਸਿਰ[38*] ਵੱਢ ਕੇ[39] ਮੈਂ ਉਸ ਦੇ ਪੈਰਾਂ[41] ਹੇਠਾਂ[42] ਰੱਖ ਦੇਵਾਂਗਾ[40] ਜੋ ਮੈਨੂੰ ਮੇਰੇ ਵਾਹਿਗੁਰੂ ਸੁਆਮੀ ਨਾਲ ਮਿਲਾ ਦੇਵੇ[43] ਅਤੇ ਮੈਨੂੰ ਉਸ ਦੀ ਸੰਗਤ[44] ਨਾਲ ਜੋੜ ਦੇਵੇ[45] ।
ਚਲੁ ਚਲੁ ਸਖੀ[46] ਹਮ ਪ੍ਰਭੁ ਪਰਬੋਧਹ[47] ਗੁਣ[48] ਕਾਮਣ[49] ਕਰਿ[50] ਹਰਿ ਪ੍ਰਭੁ ਲਹੀਆ[51] ॥	O my mates[46], let us go and understand[47] our Lord and practising[50] the charm[49] of virtues[48], obtain[51] our Lord Master.	ਆਓ ਮੇਰੀਓ ਸਹੇਲੀਓ[46] ! ਆਪਾਂ ਚਲ ਕੇ ਆਪਣੇ ਸਾਹਿਬ ਨੂੰ ਸਮਝੀਏ[47] ਅਤੇ ਨੇਕੀਆਂ[48] ਦੇ ਜਾਦੂ[49] ਕਰ ਕੇ[50] ਆਪਣੇ ਸੁਆਮੀ ਮਾਲਕ ਨੂੰ ਪਰਾਪਤ ਹੋਈਏ[51] ।
ਭਗਤਿ[52] ਵਛਲੁ ਉਆ[53] ਕੋ ਨਾਮੁ ਕਹੀਅਤੁ[55] ਹੈ ਸਰਣਿ[56] ਪ੍ਰਭੂ ਤਿਸੁ[57] ਪਾਛੈ ਪਈਆ[54] ॥੪॥	He[53] goes[55] by the Name of the Lover of His saints[52]. Let us follow[54] the foot-steps of those[57], who have sought the Lord's refuge[56].	ਉਸ[53] ਦਾ ਨਾਉਂ ਆਪਣੇ ਸੰਤਾਂ[52] ਨੂੰ ਪਿਆਰ ਕਰਨ ਵਾਲਾ ਆਖਿਆ ਜਾਂਦਾ[55] ਹੈ । ਆਓ ! ਆਪਾਂ ਉਨ੍ਹਾਂ[57] ਦੇ ਮਗਰ ਲੱਗ ਕੇ ਟੁਰੀਏ[54] ਜਿਨ੍ਹਾਂ ਨੇ ਸੁਆਮੀ ਦੀ ਪਨਾਹ[56] ਲਈ ਹੈ ।
ਖਿਮਾ[58] ਸੀਗਾਰ[59] ਕਰੇ ਪ੍ਰਭ ਖੁਸੀਆ[60] ਮਨਿ[61] ਦੀਪਕ[62] ਗੁਰ ਗਿਆਨੁ[63] ਬਲਈਆ[64] ।	If the bride adorns[59] herself with compassion[58], my Lord is pleased with[60] her and the lamp[62] of Guru's wisdom[63] is kindled[64] within her mind[61].	ਜੇਕਰ ਪਤਨੀ ਆਪਣੇ ਆਪ ਨੂੰ ਦਇਆ[58] ਨਾਲ ਸੁਸ਼ੋਭਤ ਕਰ ਲਵੇ[59] ਤਾਂ ਮੇਰਾ ਸੁਆਮੀ ਉਸ ਉਤੇ ਪ੍ਰਸੰਨ ਹੋ ਜਾਂਦਾ[60] ਹੈ ਅਤੇ ਗੁਰਾਂ ਦੀ ਦਾਨਾਈ[63] ਦਾ ਦੀਵਾ[62] ਉਸ ਦੇ ਹਿਰਦੇ[61] ਅੰਦਰ ਜਗ ਪੈਂਦਾ[64] ਹੈ ।
ਰਸਿ ਰਸਿ[65] ਭੋਗ[66] ਕਰੇ ਪ੍ਰਭੁ ਮੇਰਾ ਹਮ ਤਿਸੁ[67] ਆਗੈ[68]	With gladness and glee[65], my Lord enjoys[66] her. Unto[68] that[67] Lord of	ਪ੍ਰਸੰਨਤਾ ਅਤੇ ਖ਼ੁਸ਼ੀ[65] ਨਾਲ ਮੇਰਾ ਮਾਲਕ ਉਸ ਨੂੰ ਮਾਣਦਾ[66] ਹੈ । ਉਸ[67] ਆਪਣੇ ਸੁਆਮੀ ਨੂੰ[68] ਮੈਂ ਆਪਣੀ

ਜੀਉ[69] ਕਟਿ ਕਟਿ[70] ਪਈਆ[71] ॥੫॥	mine, I offer[71] every bit[70] of my body[69].	ਦੇਹ[69] ਦੀ ਹਰ ਬੋਟੀ[70] ਸਮਰਪਣ ਕਰਦਾ[71] ਹਾਂ।
ਹਰਿ ਹਰਿ[72] ਹਾਰੁ ਕੰਠਿ[73] ਹੈ ਬਨਿਆ[75] ਮਨੁ[76] ਮੋਤੀ ਚੂਰੁ[77] ਵਡ[78] ਗਹਨ ਗਹਨਈਆ[79] ॥	The Lord's Name[72], I have made[75] my Necklace[73] and the love-filled mind[76] is the supreme[78] ornament[79] for my head decoration[77].	ਪ੍ਰਭੂ ਦੇ ਨਾਮ[72] ਨੂੰ ਮੈਂ ਆਪਣੀ ਗਲ-ਮਾਲਾ[73] ਬਣਾ ਲਿਆ[75] ਹੈ ਅਤੇ ਪ੍ਰੇਮ-ਪੂਰਤ ਹਿਰਦਾ[76] ਮੇਰੇ ਸੀਸ ਦੇ ਸ਼ਿੰਗਾਰ[77] ਲਈ ਪਰਮ[78] ਗਹਿਣਾ[79] ਹੈ।
ਹਰਿ ਹਰਿ[80] ਸਰਧਾ[81] ਸੇਜ[82] ਵਿਛਾਈ[83] ਪ੍ਰਭੁ ਛੋਡਿ[84] ਨ ਸਕੈ ਬਹੁਤੁ[85] ਮਨਿ[86] ਭਈਆ[87] ॥੬॥	For my Lord Master[80] I have spread[83] the bedding[82] of faith[81]. I can abondon[84] not my Lord, as within my mind[86] there is immense[85] affection[87] for Him.	ਆਪਣੇ ਸੁਆਮੀ ਮਾਲਕ[80] ਲਈ ਮੈਂ ਵਿਸ਼ਵਾਸ ਭਰੋਸੇ[81] ਦਾ ਬਿਸਤਰਾ[82] ਵਿਛਾਇਆ[83] ਹੈ। ਮੈਂ ਆਪਣੇ ਸਿਰ ਦੇ ਸਾਈਂ ਨੂੰ ਛੱਡ[84] ਨਹੀਂ ਸਕਦੀ, ਕਿਉਂਕਿ ਮੇਰੇ ਚਿੱਤ[86] ਅੰਦਰ ਉਸ ਲਈ ਅਨੰਤ[85] ਪਿਆਰ[87] ਹੈ।
ਕਹੈ[93] ਪ੍ਰਭੁ ਅਵਰੁ[88] ਅਵਰੁ ਕਿਛੁ[89] ਕੀਜੈ ਸਭੁ ਬਾਦਿ[90] ਸੀਗਾਰੁ[91] ਫੋਕਟ ਫੋਕਟ-ਈਆ[92] ॥	If the Lord says[93] one thing[88] and the bride does quite another[89], then vain[90] and refuse-like[92] are all her decorations[91].	ਜੇਕਰ ਸੁਆਮੀ ਕੋਈ ਗੱਲ[88] ਆਖੇ[93] ਅਤੇ ਸੁਆਣੀ ਬਿਲਕੁਲ ਕੁਛ ਹੋਰ ਹੀ[89] ਕਰੇ ਤਾਂ ਬਿਰਥੇ[90] ਅਤੇ ਫੋਕ-ਨਿਆਈਂ[92] ਹਨ ਉਸ ਦੇ ਸਾਰੇ ਹਾਰ-ਸ਼ਿੰਗਾਰ[91]।
ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ[93]* ਸੁਹਾਗਨਿ[94] ਥੂਕ[95] ਮੁਖਿ[96] ਪਈਆ ॥੭॥	The bride bedecks herself to meet with her Spouse, but the chaste brides[94] obtain[93]* the Lord and her face[96] is spat[95] at.	ਆਪਣੇ ਪਤੀ ਨਾਲ ਮਿਲਣ ਲਈ ਪਤਨੀ ਆਪਣੇ ਆਪ ਨੂੰ ਸ਼ਿੰਗਾਰਦੀ ਹੈ ਪ੍ਰੰਤੂ ਪਾਕ ਪਵਿੱਤਰ ਪਤਨੀਆਂ[94] ਪ੍ਰਭੂ ਨੂੰ ਪਾ ਲੈਂਦੀਆਂ[93]* ਹਨ ਅਤੇ ਉਸ ਦੇ ਚਿਹਰੇ[96] ਤੇ ਥੁੱਕਾਂ ਪੈਂਦੀਆਂ[95] ਹਨ।
ਹਮ ਚੇਰੀ[97] ਤੂ ਅਗਮ[98] [99]ਗੁਸਾਈ[100] ਕਿਆ[3] ਹਮ ਕਰਹ ਤੇਰੈ ਵਸਿ[2] ਪਈਆ ॥	I am a hand-maiden[97] of Thine. Thou art the Infinite[98] Lord[100] of the universe[99]. I am under Thy sway[2]. What[3] can I of myself do ?	ਮੈਂ ਤੇਰੀ ਗੋਲੀ[97] ਹਾਂ। ਤੂੰ ਆਲਮ[99] ਦਾ ਬੇਅੰਤ[98] ਸੁਆਮੀ[100] ਹੈਂ। ਮੈਂ ਤੇਰੇ ਇਖ਼ਤਿਆਰ[2] ਵਿਚ ਹਾਂ। ਆਪਣੇ ਆਪ ਮੈਂ ਕੀ[3] ਕਰ ਸਕਦੀ ਹਾਂ ?
ਦਇਆ[4] ਦੀਨ[5] ਕਰਹੁ[10] ਰਖਿ[6] ਲੇਵਹੁ ਨਾਨਕ ਹਰਿ ਗੁਰ[7] ਸਰਣਿ[8] ਸਮਈਆ[9] ॥੮॥੫॥੮॥	O Lord, show[10] Thou mercy[4] unto the meek[5] ones and save[6] them. Nanak has entered[9] into Thine sanctuary[8], O Guru-God[7].	ਹੇ ਸਾਹਿਬ ! ਤੂੰ ਮਸਕੀਨਾਂ[5] ਉਤੇ ਮਿਹਰ[4] ਧਾਰ[10] ਅਤੇ ਉਨ੍ਹਾਂ ਦੀ ਰੱਖਿਆ ਕਰ[6]। ਹੇ ਗੁਰੂ ਪਰਮੇਸ਼ਰ[7] ! ਨਾਨਕ ਨੇ ਤੇਰੀ ਪਨਾਹ[8] ਲਈ[9] ਹੈ।
ਬਿਲਾਵਲੁ ਮਹਲਾ ੪ ॥	Bilawal 4th Guru.	ਬਿਲਾਵਲ ਚੌਥੀ ਪਾਤਿਸ਼ਾਹੀ।
ਮੈ ਮਨਿ[12] ਤਨਿ[13] ਪ੍ਰੇਮੁ[14] ਅਗਮ[15] ਠਾਕੁਰ ਕਾ ਖਿਨੁ[16] ਖਿਨੁ ਸਰਧਾ[17] ਮਨਿ ਬਹੁਤੁ[18] ਉਠਈਆ[19] ॥	Within my mind[12] and body[13] is the love[14] of the Infinite[15] Lord. Every instant[16] immense[18] faith[17] wells up[19] in my mind.	ਮੇਰੇ ਹਿਰਦੇ[12] ਤੇ ਸਰੀਰ[13] ਅੰਦਰ ਅਨੰਤ[15] ਸੁਆਮੀ ਦੀ ਪ੍ਰੀਤ[14] ਹੈ। ਹਰ ਮੁਹਤ[16] ਮੇਰੇ ਚਿੱਤ ਅੰਦਰ ਬੇਅੰਤ[18] ਵਿਸ਼ਵਾਸ[17] ਭਰੋਸਾ ਉਤਪੰਨ ਹੁੰਦਾ[19] ਹੈ।
ਗੁਰ ਦੇਖੇ ਸਰਧਾ[20] ਮਨ ਪੂਰੀ[21] ਜਿਉ[22] ਚਾਤ੍ਰਿਕ[23]	Seeing the Guru, my mind's yearning[20] is fulfilled[21], as[22] the	ਗੁਰਾਂ ਨੂੰ ਵੇਖ ਕੇ ਮੇਰੇ ਚਿੱਤ ਦੀ ਅਭਿਲਾਸ਼ਾ[20] ਪੂਰਨ ਹੋ ਜਾਂਦੀ[21] ਹੈ, ਜਿਸ ਤਰ੍ਹਾਂ[22] ਦੁੱਖ-ਬੋਧਕ ਪੁਕਾਰ[24] ਮਗਰੋਂ

ਪ੍ਰਿਉ[24] ਪ੍ਰਿਉ ਬੂੰਦ[25] ਮੁਖਿ[26] ਪਈਆ[27] ॥੧॥

pied-cuckoo[23] is pacified, when after plaintive cry[24], the rain-drop[25] falls[27] into its mouth[26].

ਪਪੀਹਾ[23] ਸ਼ਾਂਤ ਤੇ ਸੀਤਲ ਹੋ ਜਾਂਦਾ ਹੈ ਜਦ ਕਿ ਮੀਂਹ ਦੀ ਕਣੀ[25] ਉਸ ਦੇ ਮੂੰਹ[26] ਵਿਚ ਪੈਂਦੀ[27] ਹੈ।

ਮਿਲੁ ਮਿਲੁ ਸਖੀ[28] ਹਰਿ ਕਥਾ[29] ਸੁਨਈਆ[30] ॥ ਸਤਿਗੁਰੁ ਦਇਆ[31] ਕਰੇ ਪ੍ਰਭੁ ਮੇਲੇ ਮੈ ਤਿਸੁ[32] ਆਗੈ[33] ਸਿਰੁ[34] ਕਟਿ ਕਟਿ[35] ਪਈਆ ॥੧॥ਰਹਾਉ॥

Meet, meet me, O my mates[28] and utter[30] to me the Lord's discourse[29]. The True Guru has mercifully[31] united me with my Lord. Chopping[35], chopping off, my head[34], I offer it to[33] him[32]. Pause.

ਮਿਲੋ ! ਮੈਨੂੰ ਮਿਲੋ ਮੇਰੀਓ ਸਹੇਲੀਓ[28] ! ਅਤੇ ਮੈਨੂੰ ਪ੍ਰਭੂ ਦੀਆਂ ਕਥਾ ਕਹਾਣੀਆਂ[29] ਸੁਣਾਓ[30]। ਮਿਹਰ ਧਾਰ ਕੇ[31] ਸੱਚੇ ਗੁਰਾਂ ਨੇ ਮੈਨੂੰ ਸਾਹਿਬ ਨਾਲ ਮਿਲਾ ਦਿੱਤਾ ਹੈ। ਆਪਣਾ ਸੀਸ[34] ਵੱਢ, ਵੱਢ ਕੇ[35] ਮੈਂ ਉਨ੍ਹਾਂ[32] ਮੂਹਰੇ[33] ਭੇਟਾ ਕਰਦਾ ਹਾਂ। ਠਹਿਰਾਉ।

ਰੋਮਿ ਰੋਮਿ[36] ਮਨਿ ਤਨਿ[39] ਇਕ ਬੇਦਨ[37] ਮੈ ਪ੍ਰਭ ਦੇਖੇ ਬਿਨੁ ਨੀਦ[38] ਨ ਪਈਆ ॥ ਬੇਦਕ[40] ਨਾਟਿਕ[41] ਦੇਖਿ ਭੁਲਾਨੇ[42] ਮੈ ਹਿਰਦੈ[43] ਮਨਿ[44] ਤਨਿ ਪ੍ਰੇਮ[45] ਪੀਰ[46] ਲਗਈਆ ॥੨॥

In every hair[36], mind and body[39] of mine, is the pang[37] of separation. Without seeing my Lord, I can sleep[38] not. Seeing me, the physicians[40] and the pulse-feelers[41] are non-plussed[42]. Within my soul[43], mind[44] and body is the pain[46] of the Lord's love[45].

ਮੇਰੇ ਵਾਲ ਵਾਲ[36], ਦਿਲ ਤੇ ਦੇਹ[39] ਅੰਦਰ ਵਿਛੋੜੇ ਦੀ ਪੀੜ[37] ਹੈ। ਆਪਣੇ ਸਾਹਿਬ ਨੂੰ ਵੇਖਣ ਦੇ ਬਗੈਰ ਮੈਨੂੰ ਨੀਂਦ[38] ਨਹੀਂ ਪੈਂਦੀ। ਮੈਨੂੰ ਵੇਖ ਕੇ ਹਕੀਮ[40] ਅਤੇ ਨਬਜ਼ ਦੇਖਣ ਵਾਲੇ[41] ਟਪਲਾ ਖਾ ਗਏ[42] ਹਨ। ਮੇਰੀ ਆਤਮਾ[43] ਚਿੱਤ[44] ਅਤੇ ਦੇਹ ਅੰਦਰ ਪ੍ਰਭੂ ਦੇ ਪਿਆਰ[45] ਦੀ ਪੀੜ[46] ਹੈ।

ਹਉ ਖਿਨੁ[47] ਪਲੁ[48] ਰਹਿ[49] ਨ ਸਕਉ ਬਿਨੁ ਪ੍ਰੀਤਮ[50] ਜਿਉ[54] ਬਿਨੁ ਅਮਲੈ[51] ਅਮਲੀ[52] ਮਰਿ[53] ਗਈਆ ॥

Even for an instant[47] and trice[48], I can live[49] not without my Beloved[50], as[54] an opium-addict[52] can live not[53] without opium[51].

ਜਿਸ ਤਰ੍ਹਾਂ[54] ਇਕ ਅਫ਼ੀਮੀ[52], ਅਫ਼ੀਮ[51] ਬਿਨਾ ਜੀਉ[53] ਨਹੀਂ ਸਕਦਾ, ਏਸੇ ਤਰ੍ਹਾਂ ਹੀ ਮੈਂ ਆਪਣੇ ਪਿਆਰੇ[50] ਦੇ ਬਾਝੋਂ ਇਕ ਮੁਹਤ[47] ਤੇ ਛਿਨ[48] ਭਰ ਲਈ ਭੀ ਰਹਿ[49] ਨਹੀਂ ਸਕਦਾ।

ਜਿਨ ਕਉ ਪਿਆਸ[55] ਹੋਇ ਪ੍ਰਭ ਕੇਰੀ ਤਿਨ ਅਵਰੁ ਨ ਭਾਵੈ[56] ਬਿਨੁ ਹਰਿ ਕੋ ਦੁਈਆ ॥੩॥

They, who feel thirst[55] for the Lord; without God, they love[56] not any other.

ਜਿਨ੍ਹਾਂ ਨੂੰ ਸੁਆਮੀ ਦੀ ਤਰੇਹ[55] ਹੈ, ਵਾਹਿਗੁਰੂ ਦੇ ਬਾਝੋਂ ਉਹ ਹੋਰਸ ਕਿਸੇ ਨੂੰ ਪਿਆਰ[56] ਨਹੀਂ ਕਰਦੇ।

ਕੋਈ ਆਨਿ[57] ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ[58] ਵਿਟਹੁ[59] ਬਲਿ[60] ਬਲਿ ਘੁਮਿ[61] ਗਈਆ ॥

Let some one come[57] and unite me with my Lord. I am a sacrifice[60], a sacrifice and devoted[61] unto[59] him[58].

ਕੋਈ ਆ ਕੇ[57] ਮੈਨੂੰ ਮੇਰੇ ਸਾਹਿਬ ਨਾਲ ਮਿਲਾ ਦੇਵੇ। ਮੈਂ ਉਸ[58] ਉਤੋਂ[59] ਕੁਰਬਾਨ[60], ਕੁਰਬਾਨ ਅਤੇ ਸਦਕੇ[61] ਜਾਂਦਾ ਹਾਂ।

ਅਨੇਕ ਜਨਮ[62] ਕੇ ਵਿਛੁੜੇ[63] ਜਨ[64] ਮੇਲੇ ਜਾ ਸਤਿ ਸਤਿ ਸਤਿਗੁਰ ਸਰਣਿ[65] ਪਵਈਆ[66] ॥੪॥

When the mortal[64] enters[66] the sanctuary[65] of the True, True, True Guru, then meets he with the Lord after separation[63] of many births[62].

ਜਦ ਪ੍ਰਾਨੀ[64] ਸੱਚੇ, ਸੱਚੇ, ਸੱਚੇ ਗੁਰਾਂ ਦੀ ਛਤ੍ਰ-ਛਾਇਆ[65] ਹੇਠ ਆਉਂਦਾ[66] ਹੈ ਤਾਂ ਬਹੁਤਿਆਂ ਜਨਮਾਂ[62] ਦੀ ਜੁਦਾਈ[63] ਦੇ ਮਗਰੋਂ ਉਹ ਸਾਹਿਬ ਨਾਲ ਮਿਲ ਪੈਂਦਾ ਹੈ।

੮੩੭ 837 ੮੩੭

ਸੇਜ[67] ਏਕ ਏਕੋ[68] ਪ੍ਰਭੁ ਠਾਕੁਰੁ[69] ਮਹਲੁ[70] ਨ ਪਾਵੈ[71]

The same[68] is the couch[67] for the soul and the Spouse and the same

ਆਤਮਾ ਅਤੇ ਕੰਤ ਦਾ ਇਕੋ[68] ਹੀ ਪਲੰਘ[67] ਹੈ ਅਤੇ ਇਕੋ ਹੀ ਹੈ ਸਾਰਿਆਂ ਦਾ ਸੁਆਮੀ ਮਾਲਕ[69]। ਅਧਰਮੀ[72]

ਮਨ ਮੁਖ[72] ਭਰਮਈਆ[73] ॥	is the Lord Master[69] of all. An apostate[72] mounts[71] not to his Master's mansion[70] and wanders[73] about.	ਆਪਣੇ ਮਾਲਕ ਦੇ ਮੰਦਰ[70] ਨੂੰ ਪਰਾਪਤ[71] ਨਹੀਂ ਹੁੰਦਾ ਅਤੇ ਭਟਕਦਾ ਫਿਰਦਾ[73] ਹੈ।
ਗੁਰੁ ਗੁਰੁ ਕਰਤ[73*] ਸਰਣਿ[74] ਜੇ ਆਵੈ ਪ੍ਰਭੁ ਆਇ ਮਿਲੈ ਖਿਨੁ[75] ਢੀਲ[76] ਨ ਪਈਆ ॥੫॥	Uttering[73*] "Guru, Guru", if the mortal seeks his refuge[74], the Lord comes and meets him without a moment's[75] delay[76].	"ਗੁਰੂ, ਗੁਰੂ" ਉਚਾਰਨ ਕਰਦਾ ਹੋਇਆ[73*], ਜੇਕਰ ਪ੍ਰਾਨੀ ਉਸ ਦੀ ਪਨਾਹ[74] ਲੈ ਲਵੇ ਤਾਂ ਇਕ ਮੁਹਤ ਦੀ[75] ਦੇਰੀ[76] ਦੇ ਬਗੈਰ, ਸਾਈਂ ਉਸ ਨੂੰ ਆ ਕੇ ਮਿਲ ਪੈਂਦਾ ਹੈ।
ਕਰਿ ਕਰਿ[77] ਕਿਰਿਆਚਾਰ[78] ਵਧਾਏ[79] ਮਨਿ ਪਾਖੰਡ[80] ਕਰਮੁ[81] ਕਪਟ[82] ਲੋਭਈਆ[83] ॥	The mortal performs[77] many[79] rituals[78], but in his mind he has harboured hypocrisy[80], evil[82] deeds[81] and covetousness[83].	ਪ੍ਰਾਨੀ ਘਣੇਰੇ[79] ਕਰਮ-ਕਾਂਡ[78] ਕਮਾਉਂਦਾ[77] ਹੈ, ਪ੍ਰੰਤੂ ਉਸ ਨੇ ਆਪਣੇ ਚਿੱਤ ਅੰਦਰ ਦੰਭ[80], ਮੰਦੇ[82]-ਅਮਲਾਂ[81] ਅਤੇ ਲਾਲਚ[83] ਨੂੰ ਥਾਂ ਦਿੱਤੀ ਹੋਈ ਹੈ।
ਬੇਸੁਆ[84] ਕੈ ਘਰਿ[85] ਬੇਟਾ[86] ਜਨਮਿਆ[91] ਪਿਤਾ[87] ਤਾਹਿ[88] ਕਿਆ[89] ਨਾਮੁ ਸਦਈਆ[90] ॥੬॥	A son[86] is born[91] in the house[85] of a prostitute[84], what[89] can be said[90] to be the Name of his[88] father[87] ?	ਕੰਜਰੀ[84] ਦੇ ਗ੍ਰਿਹ[85] ਵਿਚ ਪੁਤ੍ਰ[86] ਜੰਮ ਪੈਂਦਾ[91] ਹੈ, ਉਸ[88] ਦੇ ਬਾਪ[87] ਦਾ ਕੀ[89] ਨਾਮ ਆਖਿਆ[90] ਜਾ ਸਕਦਾ ਹੈ ?
ਪੂਰਬ ਜਨਮਿ[92] ਭਗਤਿ[93] ਕਰਿ ਆਏ[94] ਗੁਰਿ ਹਰਿ ਹਰਿ ਹਰਿ ਹਰਿ ਭਗਤਿ[95] ਜਮਈਆ[96] ॥	By virtue of the past birth's[92] worship[93], I am born human[94]. The Guru has now installed[96] in me the Lord, Lord, Lord Lord's meditation[95].	ਪਿਛਲੇ ਜਨਮ ਦੀ[92] ਉਪਾਸ਼ਨਾ[93] ਦੀ ਬਰਕਤ ਦੁਆਰਾ ਮੈਂ ਇਨਸਾਨੀ ਜਾਮੇ[94] ਵਿਚ ਆਇਆ ਹਾਂ। ਗੁਰਾਂ ਨੇ ਹੁਣ ਮੇਰੇ ਅੰਦਰ ਸਾਈਂ, ਸਾਈਂ, ਸਾਈਂ ਦਾ ਸਿਮਰਨ[95] ਅਸਥਾਪਨ ਕਰ ਦਿੱਤਾ[96] ਹੈ।
ਭਗਤਿ ਭਗਤਿ[97] ਕਰਤੇ ਹਰਿ ਪਾਇਆ[100] ਜਾ[98] ਹਰਿ ਹਰਿ ਹਰਿ ਹਰਿ ਨਾਮਿ ਸਮਈਆ[99] ॥੭॥	When[98] I merged[99] in the Lord, Lord, Lord, Lord's Name, then serving and praising[97] the Lord, I attained to Him[100].	ਜਦ[98] ਮੈਂ ਸਾਈਂ, ਸਾਈਂ, ਸਾਈਂ, ਸਾਈਂ ਦੇ ਨਾਮ ਅੰਦਰ ਲੀਨ ਹੋ ਗਿਆ[99], ਤਦ ਮੈਂ ਸਾਈਂ ਦੀ ਸੇਵਾ ਤੇ ਸਿਫ਼ਤ ਕਰਨ[97] ਦੁਆਰਾ ਉਸ ਨੂੰ[100] ਪਰਾਪਤ ਕਰ ਲਿਆ।
ਪ੍ਰਭਿ ਆਣਿ[2] ਆਣਿ ਮਹਿੰਦੀ[3] ਪੀਸਾਈ[4] ਆਪੇ[5] ਘੋਲਿ ਘੋਲਿ[6] ਅੰਗਿ[7] ਲਈਆ[8] ॥	The Lord Himself brought[2] and powdered[4] the henna-leaves[3] and Himself[5] applied[8] its paste[6] to my body-limbs[7].	ਪ੍ਰਭੂ ਨੇ ਖੁਦ ਮਹਿੰਦੀ ਦੇ ਪੱਤੇ[3] ਲਿਆਂਦੇ[2] ਅਤੇ ਪੀਠੇ[4], ਅਤੇ ਖੁਦ[5] ਹੀ ਇਸ ਦੇ ਘੋਲ[6] ਨੂੰ ਮੇਰੇ ਸਰੀਰ ਦੇ ਅੰਗਾਂ[7] ਉਤੇ ਮਲਿਆ[8]।
ਜਿਨ ਕਉ ਠਾਕੁਰਿ ਕਿਰਪਾ[9] ਧਾਰੀ[10] ਬਾਹ[12] ਪਕਰਿ[13] ਨਾਨਕ ਕਢਿ ਲਈਆ[14] ॥੮॥੬॥੯॥੨॥੧॥੬॥੯॥	They, to whom the Lord extends[10] His mercy[9]; catching[13] by the arm[12], He pulls them out[14] of the world-ocean, O Nanak.	ਜਿਨ੍ਹਾਂ ਉਤੇ ਸੁਆਮੀ ਆਪਣੀ ਰਹਿਮਤ[9] ਕਰਦਾ[10] ਹੈ; ਬਾਂਹ[12] ਤੋਂ ਪਕੜ ਕੇ[13], ਉਹ ਉਨ੍ਹਾਂ ਨੂੰ ਸੰਸਾਰ ਸਮੁੰਦਰ ਵਿਚੋਂ ਬਾਹਰ ਧੂ ਲੈਂਦਾ[14] ਹੈ, ਹੇ ਨਾਨਕ !

ਰਾਗੁ ਬਿਲਾਵਲੁ ਮਹਲਾ ੫ ਅਸਟਪਦੀ ਘਰੁ ੧੨	Rag Bilawal 5th Guru Ashtpadi	ਰਾਗ ਬਿਲਾਵਲ ਪੰਜਵੀਂ ਪਾਤਿਸ਼ਾਹੀ ਅਸ਼ਟਪਦੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਉਪਮਾ[15] ਜਾਤ ਨ ਕਹੀ[16] ਮੇਰੇ ਪ੍ਰਭ ਕੀ ਉਪਮਾ ਜਾਤ ਨ ਕਹੀ ॥	My Master's praise[15], I can utter[16] not, the praise, I can utter not.	ਆਪਣੇ ਮਾਲਕ ਦੀ ਮਹਿਮਾ ਮੈਂ ਉਚਾਰਨ ਨਹੀਂ ਕਰ ਸਕਦਾ[16], ਮਹਿਮਾ ਮੈਂ ਉਚਾਰਨ ਨਹੀਂ ਕਰ ਸਕਦਾ।
ਤਜਿ[17] ਆਨ[18] ਸਰਣਿ[19] ਗਹੀ[20] ॥੧॥ਰਹਾਉ॥	Abandoning[17] all others[18], I have sought[20] the protection[19] of the Lord. Pause.	ਹੋਰ[18] ਸਾਰਿਆਂ ਨੂੰ ਛੱਡ ਕੇ[17], ਮੈਂ ਪ੍ਰਭੂ ਦੀ ਹੀ ਪਨਾਹ[19] ਪਕੜੀ[20] ਹੈ। ਠਹਿਰਾਉ।
ਪ੍ਰਭ ਚਰਨ[21] ਕਮਲ[22] ਅਪਾਰ[23] ॥	Infinite[23] are the Lord's lotus[22] feet[21].	ਬੇਅੰਤ[23] ਹਨ ਸਾਹਿਬ ਦੇ ਕੰਵਲ[22] ਰੂਪੀ ਪੈਰ[21]।
ਹਉ ਜਾਉ ਸਦ[24] ਬਲਿਹਾਰ[25] ॥	Unto them, I am ever[24] a sacrifice[25].	ਉਨ੍ਹਾਂ ਉਤੋਂ ਮੈਂ ਸਦੀਵ[24] ਹੀ ਕੁਰਬਾਨ ਜਾਂਦਾ[25] ਹਾਂ।
ਮਨਿ[26] ਪ੍ਰੀਤਿ ਲਾਗੀ[27] ਤਾਹਿ[29] ॥	Those[29] lotus feet, I love[27] within my mind[26].	ਉਨ੍ਹਾਂ[29] ਚਰਨ ਕੰਵਲਾਂ ਨੂੰ ਮੈਂ ਆਪਣੇ ਚਿੱਤ[26] ਅੰਦਰ ਪਿਆਰ ਕਰਦਾ[27] ਹਾਂ।
ਤਜਿ[31] ਆਨ[30] ਕਤਹਿ[28] ਨ ਜਾਹਿ[32] ॥੧॥	Leaving[31] them I go[32] no where[28] else[30].	ਉਨ੍ਹਾਂ ਨੂੰ ਛੱਡ ਕੇ[31], ਮੈਂ ਹੋਰ[30] ਕਿਧਰੇ[28] ਨਹੀਂ ਜਾਂਦਾ[32]।
ਹਰਿਨਾਮ ਰਸਨਾ[33]ਕਹਨ[34]॥	God's Name, utter[34] I with my tongue[33].	ਰੱਬ ਦਾ ਨਾਮ, ਮੈਂ ਆਪਣੀ ਜੀਭਾ[33] ਨਾਲ ਲੈਂਦਾ[34] ਹਾਂ।
ਮਲ[35] ਪਾਪ[36] ਕਲਮਲ[37] ਦਹਨ[38] ॥	The filth[35] of my sins[36] and evil deeds[37] is burnt off[38].	ਮੇਰੇ ਗੁਨਾਹਾਂ[36] ਅਤੇ ਮੰਦ ਅਮਲਾਂ[37] ਦੀ ਗੰਦਗੀ[35] ਸੜ ਗਈ[38] ਹੈ।
ਚੜਿ[39] ਨਾਵ[40] ਸੰਤ ਉਧਾਰਿ[41] ॥	Embarking[39] on the saints boat[40], I am emancipated[41].	ਸਾਧੂਆਂ ਦੀ ਬੇੜੀ[40] ਤੇ ਚੜ੍ਹ ਕੇ[39], ਮੈਂ ਬੰਦਖਲਾਸ ਹੋ ਗਿਆ[41] ਹਾਂ।
ਭੈ[42] ਤਰੇ[43] ਸਾਗਰ[44] ਪਾਰਿ ॥੨॥	I have ferried across[43] the aweful[42] world-ocean[44].	ਮੈਂ ਭਿਆਨਕ[42] ਸੰਸਾਰ ਸਮੁੰਦਰ[44] ਤੋਂ ਪਾਰ ਉਤਰ ਗਿਆ[43] ਹਾਂ।
ਮਨਿ[45] ਡੋਰਿ[46] ਪ੍ਰੇਮ[47] ਪਰੀਤਿ[48] ॥	My soul[45] is tied up with the Lord with the string[46] of love[47] and affection[48].	ਮੇਰੀ ਜਿੰਦੜੀ[45] ਸੁਆਮੀ ਨਾਲ, ਮੁਹੱਬਤ[47] ਅਤੇ ਪਿਆਰ[48] ਦੀ ਰੱਸੀ[46] ਨਾਲ ਬੱਝੀ ਹੋਈ ਹੈ।
ਇਹ ਸੰਤ ਨਿਰਮਲ[49] ਰੀਤਿ[50] ॥	This is the immaculate[49] way[50] of the saints.	ਇਹ ਸਾਧੂਆਂ ਦੀ ਪਵਿੱਤਰ[49] ਮਰਯਾਦਾ[50] ਹੈ।
ਤਜਿ[50*] ਗਏ ਪਾਪ[51] ਬਿਕਾਰ[52] ॥ ਹਰਿ ਮਿਲੇ ਪ੍ਰਭ ਨਿਰੰਕਾਰ[53] ॥੩॥	They forsake[50*] sins[51] and evil-deeds[52]. They meet with the Formless[53] Lord God.	ਉਹ ਗੁਨਾਹਾਂ[51] ਅਤੇ ਕੁਕਰਮਾਂ[52] ਨੂੰ ਛੱਡ ਦਿੰਦੇ[50*] ਹਨ। ਉਹ ਸਰੂਪ-ਰਹਿਤ[53] ਸੁਆਮੀ ਵਾਹਿਗੁਰੂ ਨਾਲ ਮਿਲ ਜਾਂਦੇ ਹਨ।

ਪ੍ਰਭ ਪੇਖੀਐ[54] ਬਿਸਮਾਦ[55]॥ ਚਖਿ[56] ਅਨਦ[57] ਪੂਰਨ[58] ਸਾਦ[59] ॥	Seeing[54] my Lord, I have been wonder-struck[55] and taste[56] the perfect[58] relish[59] of beatitude[57].	ਸਾਹਿਬ ਨੂੰ ਵੇਖ ਕੇ[54] ਮੈਂ ਚਕ੍ਰਿਤ[55] ਹੋ ਗਿਆ ਹਾਂ ਅਤੇ ਮੁਕੰਮਲ[58] ਪਰਸੰਨਤਾ[57] ਦਾ ਸੁਆਦ[59] ਮਾਣਦਾ[56] ਹਾਂ ।
ਨਹ ਡੋਲੀਐ[60] ਇਤ[61] ਊਤ[62] ॥	I wabble[60] not hither[61] and thither[62].	ਮੈਂ ਇਧਰ[61] ਉਧਰ[62] ਡਿਕ-ਡੋਲੇ ਨਹੀਂ ਖਾਂਦਾ[60] ।
ਪ੍ਰਭ ਬਸੈ[63] ਹਰਿ ਹਰਿ ਚੀਤ[64] ॥੪॥	God, the Lord Master, abides[63] in my mind[64].	ਵਾਹਿਗੁਰੂ ਸੁਆਮੀ ਮਾਲਕ ਮੇਰੇ ਚਿੱਤ[64] ਅੰਦਰ ਵਸਦਾ[63] ਹੈ ।
ਤਿਨ[65] ਨਾਹਿ ਨਰਕ[66] ਨਿਵਾਸੁ[67]॥ਨਿਤ[68]ਸਿਮਰਿ[69] ਪ੍ਰਭ [70]ਗੁਣਤਾਸੁ[71] ॥	They[65], who ever[68] remember[69]their Lord, the Treasure[71] of virtue[70], dwell[67] not in hell[66]	ਜੋ, ਨੇਕੀ[70] ਦੇ ਖ਼ਜ਼ਾਨੇ[71], ਆਪਣੇ ਸੁਆਮੀ ਨੂੰ ਸਦਾ[68] ਯਾਦ ਕਰਦੇ[69] ਹਨ, ਉਹ[65] ਦੋਜ਼ਕ[66] ਅੰਦਰ ਨਹੀਂ ਵਸਦੇ[67] ।
ਤੇ[72] ਜਮੁ[73] ਨ ਪੇਖਹਿ[74] ਨੈਨ[75] ॥ ਸੁਨਿ ਮੋਹੇ[76] ਅਨਹਤ[77] ਬੈਨ[78] ॥੫॥	They[72] who are fascinated[76] hearing the extremely exquisite[77] Words[78], see[74] not the Death's courier[73] with their eyes[75].	ਜੋ ਪਰਮ ਉਤਕ੍ਰਿਸ਼ਟ[77] ਗੁਰਬਾਣੀ[78] ਨੂੰ ਸ੍ਰਵਣ ਕਰ ਕੇ ਮੋਹਤ ਹੋਏ[76] ਹਨ, ਉਹ[72] ਮੌਤ ਦੇ ਫ਼ਰਿਸ਼ਤੇ[73] ਨੂੰ ਆਪਣੀਆਂ ਅੱਖਾਂ[75] ਨਾਲ ਨਹੀਂ ਵੇਖਦੇ[74] ।
ਹਰਿ ਸਰਣਿ[79] ਸੂਰ[80] [81]ਗੁਪਾਲ[82] ॥	I have sought the refuge[79] of Valiant[80]God ,the Cherisher[82] of the world[81].	ਮੈਂ ਸ੍ਰਿਸ਼ਟੀ[81] ਦੇ ਪਾਲਣ-ਪੋਸਣਹਾਰ[82] ਵਰਿਆਮ[80] ਹਰੀ ਦੀ ਪਨਾਹ[79] ਲਈ ਹੈ ।
ਪ੍ਰਭ ਭਗਤ[83] ਵਸਿ[84] ਦਇਆਲ[85] ॥	The Merciful[85] Master is under the sway[84] of His devoted slaves[83].	ਮਿਹਰਬਾਨ[85] ਮਾਲਕ ਆਪਣੇ ਜਾਂ-ਨਿਸਾਰ ਗੋਲਿਆਂ[83] ਦੇ ਇਖ਼ਤਿਆਰ[84] ਵਿਚ ਹੈ ।
ਹਰਿ ਨਿਗਮ[86] ਲਹਹਿ[87] ਨ ਭੇਵ[88] ॥	God's mystery[88], the Vedas[86] know[87] not.	ਵਾਹਿਗੁਰੂ ਦੇ ਭੇਤ[88] ਨੂੰ ਵੇਦ[86] ਨਹੀਂ ਜਾਣਦੇ[87] ।
ਨਿਤ[89] ਕਰਹਿ ਮੁਨਿ[90] ਜਨ ਸੇਵ[91] ॥੬॥	Ever[89] serve[91] Him the silent sages[90].	ਮੋਨਧਾਰੀ ਰਿਸ਼ੀ[90] ਸਦਾ[89] ਹੀ ਉਸ ਦੀ ਘਾਲ ਕਮਾਉਂਦੇ[91] ਹਨ ।
ਦੁਖ[92] ਦੀਨ[93] ਦਰਦ[94] ਨਿਵਾਰ[95] ॥	The Lord is the Destroyer[95] of the sorrow[92] and suffering[94] of the poor[93].	ਸੁਆਮੀ ਗ਼ਰੀਬਾਂ[93] ਦਾ ਰੰਜ[92] ਅਤੇ ਤਕਲੀਫ਼[94] ਦੂਰ ਕਰਨ ਵਾਲਾ[95] ਹੈ ।
ਜਾਕੀ[96] ਮਹਾ[97] ਬਿਖੜੀ[98] ਕਾਰ[99] ॥	Immensely[97] arduous[98] is His[96] service[99].	ਪਰਮ[97] ਕਠਨ[98] ਹੈ ਉਸ[96] ਦੀ ਟਹਿਲ ਸੇਵਾ[99] ।
ਤਾਕੀ ਮਿਤਿ[100] ਨ ਜਾਨੈ ਕੋਇ ॥	His limit[100] no one knows.	ਉਸ ਦੇ ਓੜਕ[100] ਨੂੰ ਕੋਈ ਨਹੀਂ ਜਾਣਦਾ ।
ਜਲਿ[2] ਥਲਿ[3] ਮਹੀਅਲਿ[4] ਸੋਇ[5] ॥੭॥	He[5], the Lord is pervading the water[2], the land[3] and the sky[4].	ਉਹ[5] ਸੁਆਮੀ ਪਾਣੀ[2], ਧਰਤੀ[3] ਅਤੇ ਆਕਾਸ਼[4] ਅੰਦਰ ਰਵਿ ਰਹਿਆ ਹੈ ।
ਕਰਿ ਬੰਦਨਾ[6] ਲਖਬਾਰ[7] ॥	Lacs of times[7], O my soul, make thou obeisance[6] unto thy Lord.	ਲਖੂਖਾਂ ਵਾਰੀ[7], ਹੇ ਮੇਰੀ ਜਿੰਦੜੀਏ ! ਤੂੰ ਆਪਣੇ ਪ੍ਰਭੂ ਨੂੰ ਪ੍ਰਣਾਮ[6] ਕਰ ।
ਥਕਿ[8] ਪਰਿਓ[9] ਪ੍ਰਭ	Having grown weary[8] of wandering,	ਭਟਕਦਾ ਹੋਇਆ ਹਾਰ ਹੁਟ[8] ਕੇ, ਮੈਂ ਹੁਣ ਸਾਹਿਬ ਦੇ

ਦਰਬਾਰ[10] ॥	I have now fallen[9] at the Lord's door[10].	ਬੂਹੇ[10] ਤੇ ਆ ਡਿੱਗਾ[9] ਹਾਂ ।
ਪ੍ਰਭ ਕਰਹੁ[12] ਸਾਧੂ ਧੂਰਿ[13] ॥	O Lord, make[12] me the dust[13] of the saints' feet.	ਹੇ ਸੁਆਮੀ, ਮੈਨੂੰ ਸੰਤਾਂ ਦੇ ਪੈਰਾਂ ਦੀ ਧੂੜ[13] ਬਣਾ[12] ਦੇ ।
ਨਾਨਕ ਮਨਸਾ[14] ਪੂਰਿ[15] ॥ ੮॥੧॥	Fulfil[15] Thou this desire[14] of Nanak.	ਤੂੰ ਨਾਨਕ ਦੀ ਇਹ ਸੱਧਰ[14] ਪੂਰੀ ਕਰ ਦੇ[15] ।
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ ।
ਪ੍ਰਭ ਜਨਮ[16] ਮਰਨ[17] ਨਿਵਾਰਿ[18] ॥	My Lord, rid[18] me thou of birth[16] and death[17].	ਹੇ ਸਾਈਂ ! ਤੂੰ ਮੇਰਾ ਜੰਮਣਾ[16] ਤੇ ਮਰਨਾ[17] ਕੱਟ ਦੇ[18]।
ਹਾਰਿ[19]ਪਰਿਓ[20]ਦੁਆਰਿ[21]॥	Having grown weary[19], I have fallen[20] at Thy door[21].	ਥੱਕ ਟੁਟ ਕੇ[19], ਮੈਂ ਤੇਰੇ ਬੂਹੇ[21] ਤੇ ਆ ਡਿੱਗਾ[20] ਹਾਂ ।
ਗਹਿ[22] ਚਰਨ[23] ਸਾਧੂ ਸੰਗ ॥ ਮਨ ਮਿਸਟ[24] ਹਰਿ ਹਰਿ ਰੰਗ[25] ॥	By virtue of the saints' society, I have clung[22] to God's feet[23] and the Lord's love[25] is sweet[24] unto my mind.	ਸਤਿ ਸੰਗਤ ਦੀ ਬਰਕਤ ਦੁਆਰਾ, ਮੈਂ ਵਾਹਿਗੁਰੂ ਦੇ ਪੈਰਾਂ[23] ਨਾਲ ਚਿਮੜ ਗਿਆ[22] ਹਾਂ ਅਤੇ ਪ੍ਰਭੂ ਦਾ ਪ੍ਰੇਮ[25] ਮੇਰੇ ਚਿੱਤ ਨੂੰ ਮਿੱਠਾ[24] ਲੱਗਦਾ ਹੈ ।
੮੩੮	**838**	**੮੩੮**
ਕਰਿ ਦਇਆ[26]ਲੇਹੁ ਲੜਿ[27] ਲਾਇ[28] ॥	Mercifully[26] attach[28] me to Thy skirt[27].	ਮਿਹਰ[26] ਧਾਰ ਕੇ ਮੈਨੂੰ ਆਪਣੇ ਪੱਲੇ[27] ਨਾਲ ਜੋੜ[28] ਲੈ ।
ਨਾਨਕਾ ਨਾਮੁ ਧਿਆਇ[29] ॥ ੧॥	Nanak, contemplates[29] Thine Name, O Lord.	ਨਾਨਕ, ਤੇਰੇ ਨਾਮ ਦਾ ਸਿਮਰਨ[29] ਕਰਦਾ ਹੈ, ਹੇ ਸੁਆਮੀ !
ਦੀਨਾ[30]ਨਾਥ[31]ਦਇਆਲ[32] ਮੇਰੇ ਸੁਆਮੀ ਦੀਨਾ ਨਾਥ ਦਇਆਲ ॥	The Master[31] of the meek[30], the Master of the meek, Thou art, O my compassionate[32] Lord.	ਮਸਕੀਨਾਂ[30] ਦਾ ਮਾਲਕ[31], ਮਸਕੀਨਾਂ ਦਾ ਮਾਲਕ, ਤੂੰ ਹੈਂ, ਹੇ ਮੇਰੇ ਕਿਰਪਾਲੂ[32] ਪ੍ਰਭੂ !
ਜਾਚਉ[33] ਸੰਤ ਰਵਾਲ[34] ॥ ੧॥ਰਹਾਉ॥	I crave[33] for the dust[34] of the saints' feet. Pause.	ਮੈਂ ਸਾਧੂਆਂ ਦੇ ਪੈਰਾਂ ਦੀ ਧੂੜ[34] ਦੀ ਚਾਹਨਾ ਕਰਦਾ[33] ਹਾਂ । ਠਹਿਰਾਉ ।
ਸੰਸਾਰੁ[35]ਬਿਖਿਆ[36] ਕੂਪ[37]॥	The world[35] is a well[37] of poison[36].	ਜਗਤ[35] ਜ਼ਹਿਰ[36] ਦਾ ਇਕ ਖੂਹ[37] ਹੈ ।
ਤਮ[38] ਅਗਿਆਨ[39]ਮੋਹਤ[40] ਘੂਪ[41] ॥	In it is the pitch[41] darkness[38] of spiritual ignorance[39] and worldly love[40].	ਇਸ ਵਿਚ ਆਤਮਿਕ ਬੇਸਮਝੀ[39] ਅਤੇ ਸੰਸਾਰੀ ਮਮਤਾ[40] ਦਾ ਘੁੱਪ[41] ਅਨ੍ਹੇਰਾ[38] ਹੈ ।
ਗਹਿ[45] ਭੁਜਾ[42] ਪ੍ਰਭ ਜੀ[43] ਲੇਹੁ[44] ॥	Hold[45] me by the hand[42] and save[44] me O my Sire Lord[43].	ਬਾਂਹ[42] ਫੜ ਕੇ[45] ਮੇਰੀ ਰਖਿਆ ਕਰ[44], ਹੇ ਮੇਰੇ ਮਹਾਰਾਜ[43] ਮਾਲਕ !
ਹਰਿ ਨਾਮੁ ਅਪੁਨਾ ਦੇਹੁ[46] ॥	Bless[46] me with Thine Name, O God.	ਮੈਨੂੰ ਆਪਣਾ ਨਾਮ ਪਰਦਾਨ[46] ਕਰ, ਹੇ ਵਾਹਿਗੁਰੂ !
ਪ੍ਰਭ ਤੁਝ ਬਿਨਾ[47] ਨਹੀ ਠਾਉ[48] ॥	Without[47] Thee, O Lord, I have no other place[48].	ਤੇਰੇ ਬਗ਼ੈਰ[47], ਹੇ ਸੁਆਮੀ ! ਮੇਰਾ ਕੋਈ ਹੋਰ ਟਿਕਾਣਾ[48] ਨਹੀਂ ।

ਨਾਨਕਾ ਬਲਿ[49] ਬਲਿ ਜਾਉ ॥੨॥	Nanak is a sacrifice[49], a sacrifice unto Thee.	ਨਾਨਕ ਤੇਰੇ ਉਤੋਂ ਘੋਲੀ[49] ਘੋਲੀ ਜਾਂਦਾ ਹੈ।
ਲੋਭਿ[50] ਮੋਹਿ[51] ਬਾਧੀ[52] ਦੇਹ[53] ॥	The human body[53] is in the grip[52] of covetousness[50] and worldly attachment[51].	ਮਨੁੱਖੀ ਸਰੀਰ[53] ਲਾਲਚ[50] ਅਤੇ ਸੰਸਾਰੀ ਲਗਨ[51] ਦੀ ਪਕੜ[52] ਵਿਚ ਹੈ।
ਬਿਨੁ ਭਜਨ[54] ਹੋਵਤ[55] ਖੇਹ[56] ॥	Without the Lord's meditation[54] it is reduced[55] to ashes[56].	ਸਾਹਿਬ ਦੇ ਸਿਮਰਨ[54] ਬਗੈਰ, ਇਹ ਸੁਆਹ[56] ਹੋ ਜਾਂਦੀ[55] ਹੈ।
ਜਮ[57] ਦੂਤ[58] ਮਹਾ[59] ਭਇਆਨ[60] ॥	Very[59] dreadful[60] are the Death's[57] myrmidons[58].	ਪਰਮ[59] ਭਿਆਨਕ[60] ਹਨ ਮੌਤ[57] ਦੇ ਫ਼ਰਿਸ਼ਤੇ[58]।
ਚਿਤ ਗੁਪਤ[61] ਕਰਮਹਿ[62] ਜਾਨ[63] ॥	Chitra Gupt[61],(the recording angles) know[63] man's deeds[62].	ਚਿਤ੍ਰ ਗੁਪਤ[61] (ਲੇਖਾ ਲਿਖਣ ਵਾਲੇ ਫ਼ਰਿਸ਼ਤੇ) ਆਦਮੀ ਦੇ ਅਮਲਾਂ[62] ਨੂੰ ਜਾਣਦੇ[63] ਹਨ।
ਦਿਨੁ ਰੈਨਿ ਸਾਖਿ[64] ਸੁਨਾਇ[65] ॥	Day and night they bear[65] witness[64] to the mortals' actions.	ਦਿਨ ਰਾਤ ਉਹ ਪ੍ਰਾਣੀ ਦੇ ਕਰਮਾਂ ਬਾਰੇ ਗਵਾਹੀ[64] ਦਿੰਦੇ[65] ਹਨ।
ਨਾਨਕਾ ਹਰਿ ਸਰਨਾਇ[66] ॥੩॥	Nanak seeks the refuge[66] of God.	ਨਾਨਕ ਵਾਹਿਗੁਰੂ ਦੀ ਪਨਾਹ[66] ਲੋੜਦਾ ਹੈ।
ਭੈ[67] ਭੰਜਨਾ[68] [69]ਮੁਰਾਰਿ[70]॥ ਕਰਿ ਦਇਆ[71] ਪਤਿਤ[72] ਉਧਾਰਿ[73] ॥	O Lord, the enemy[70] of pride[69] and the Destroyer[68] of dread[67], mercifully[71] save[73] Thou the sinners[72].	ਹੇ ਹੰਕਾਰ[69] ਦੇ ਵੈਰੀ[70] ਤੇ ਡਰ[67] ਨੂੰ ਨਾਸ ਕਰਨ ਵਾਲੇ[68] ਪ੍ਰਭੂ! ਮਿਹਰ[71] ਧਾਰ ਕੇ, ਤੂੰ ਪਾਪੀਆਂ[72] ਦਾ ਪਾਰ ਉਤਾਰਾ[73] ਕਰ ਦੇ।
ਮੇਰੇ ਦੋਖ[74] ਗਨੇ[75] ਨ ਜਾਹਿ ॥	My sins[74] can be counted[75] not.	ਮੇਰੇ ਪਾਪ[74] ਗਿਣੇ[75] ਨਹੀਂ ਜਾ ਸਕਦੇ।
ਹਰਿ ਬਿਨਾ ਕਤਹਿ[76] ਸਮਾਹਿ[77] ॥	Without the Lord, who[76] can then hide[77] them ?	ਸਾਈਂ ਦੇ ਬਾਝੋਂ, ਤਦ ਉਨ੍ਹਾਂ ਉਤੇ ਕੌਣ[76] ਪੜਦਾ ਪਾ ਸਕਦਾ[77] ਹੈ ?
ਗਹਿ[78] ਓਟ[79] ਚਿਤਵੀ[80] ਨਾਥ[81] ॥	I have sought[80] and seized[78] Thy refuge[79], O Lord[81].	ਮੈ ਤੇਰੀ ਪਨਾਹ[79] ਢੂੰਡੀ[80] ਅਤੇ ਪਕੜੀ[78] ਹੈ, ਹੇ ਪ੍ਰਭੂ[81]!
ਨਾਨਕਾ ਦੇ[81]*ਰਖੁ[82]ਹਾਥੁ[83]॥ ੪॥	By giving[81]* Thy hand[83], save[82] Thou Nanak, O Lord.	ਆਪਣਾ ਹੱਥ[83] ਦੇ ਕੇ[81]*. ਤੂੰ ਨਾਨਕ ਦੀ ਰੱਖਿਆ ਕਰ[82], ਹੇ ਸੁਆਮੀ !
ਹਰਿ [84]ਗੁਣਨਿਧੇ[85] [86]ਗੋਪਾਲ[87]॥ਸਰਬ[88]ਘਟ[89] ਪ੍ਰਤਿਪਾਲ[90] ॥	God, the Treasure[85] of virtue[84] and the Cherisher[87] of the world[86], sustains[90] all[88] the hearts[89].	ਨੇਕੀ[84] ਦਾ ਖ਼ਜ਼ਾਨਾ[85] ਅਤੇ ਜਗਤ[86] ਦਾ ਪਾਲਕ[87], ਵਾਹਿਗੁਰੂ ਸਾਰਿਆਂ[88] ਦਿਲਾਂ[89] ਦੀ ਪਰਵਰਿਸ਼ ਕਰਦਾ[90] ਹੈ।
ਮਨਿ[91] ਪ੍ਰੀਤਿ[92] ਦਰਸਨ[93] ਪਿਆਸ[94] ॥ [95]ਗੋਬਿੰਦ[96] ਪੂਰਨ[97] ਆਸ[98] ॥	My soul[91] thirsts[94] for Thine love[92] and vision[93]. O Lord[96] of the universe[95], fulfil[97] Thou this desire[98] of mine.	ਮੇਰੀ ਜਿੰਦੜੀ[91] ਨੂੰ ਤੇਰੇ ਪਿਆਰ[92] ਅਤੇ ਦੀਦਾਰ[93] ਦੀ ਤਰੇਹ[94] ਹੈ। ਹੇ ਆਲਮ[95] ਦੇ ਸੁਆਮੀ[96] ! ਤੂੰ ਮੇਰੀ ਇਹ ਸੱਧਰ[98] ਪੂਰੀ ਕਰ[97]।
ਇਕ ਨਿਮਖ[99] ਰਹਨੁ ਨ ਜਾਇ ॥	Without Thee, O Lord, I can live not even for an instant[99].	ਤੇਰੇ ਬਾਝੋਂ ਹੇ ਸਾਹਿਬ ! ਮੈਂ ਇਕ ਮੁਹਤ ਭਰ ਭੀ[99] ਰਹਿ ਨਹੀਂ ਸਕਦਾ।

ਵਡ[100] ਭਾਗਿ[2] ਨਾਨਕ ਪਾਇ[3] ॥੫॥	By great[100] good fortune[2] Nanak has obtained[3] the Lord.	ਪਰਮ[100] ਚੰਗੇ ਨਸੀਬਾਂ[2] ਦੁਆਰਾ ਨਾਨਕ ਨੂੰ ਪ੍ਰਭੂ ਪਰਾਪਤ[3] ਹੋ ਗਿਆ ਹੈ ।
ਪ੍ਰਭ ਤੁਝ ਬਿਨਾ ਨਹੀ ਹੋਰ[4] ॥	O Lord, there is naught else[4] but Thee.	ਹੇ ਸਾਹਿਬ ! ਤੇਰੇ ਬਗੈਰ ਹੋਰ[4] ਕੋਈ ਨਹੀਂ ।
ਮਨਿ[5] ਪ੍ਰੀਤਿ[6] ਚੰਦ[7] ਚਕੋਰ[8]॥	My soul[5] loves[6] Thee as the partridge[8] does the moon[7],	ਮੇਰੀ ਜਿੰਦੜੀ[5] ਤੈਨੂੰ ਇੰਜ ਪਿਆਰ ਕਰਦੀ[6] ਹੈ ਜਿਸ ਤਰ੍ਹਾਂ ਚਕੋਰ[8] ਚੰਨ[7] ਨੂੰ ਕਰਦਾ ਹੈ,
ਜਿਉ[15] ਮੀਨ[9] ਜਲ ਸਿਉ ਹੇਤੁ[10] ॥	As[15] the fish[9] loves the water[10],	ਜਿਸ ਤਰ੍ਹਾਂ[15] ਮੱਛੀ[9] ਦੀ ਪਾਣੀ[10] ਨਾਲ ਮੁਹੱਬਤ ਹੈ,
ਅਲਿ[12] ਕਮਲ[13] ਭਿੰਨੁ ਨ ਭੇਤੁ[14] ॥	As there is no distinction and difference[14] between the bee[12] and the lotus[13],	ਜਿਸ ਤਰ੍ਹਾਂ ਭੌਰੇ[12] ਅਤੇ ਕੰਵਲ[13] ਵਿਚਕਾਰ ਕੋਈ ਅੰਤਰਾ ਅਤੇ ਫਰਕ[14] ਨਹੀਂ,
ਜਿਉ ਚਕਵੀ[16] ਸੂਰਜ[17] ਆਸ[18] ॥ ਨਾਨਕ ਚਰਨ[19] ਪਿਆਸ[20] ॥੬॥	As the shell-duck[16] craves[18] for the sun[17], so thirsts[20] Nanak for the Lord's feet[19].	ਜਿਸ ਤਰ੍ਹਾਂ ਸੁਰਖਾਬਨੀ[16] ਸੂਰਜ[17] ਨੂੰ ਲੋਚਦੀ[18] ਹੈ ਉਸੇ ਤਰ੍ਹਾਂ ਦੀ ਹੀ ਨਾਨਕ ਨੂੰ ਪ੍ਰਭੂ ਦੇ ਚਰਨਾਂ[19] ਦੀ ਤਰੇਹ[20] ਹੈ ।
ਜਿਉ[21] ਤਰੁਨਿ[22] ਭਰਤ[23] ਪਰਾਨ[24] ॥	As[21] the young bride[22] has her life[24] in her husband[23],	ਜਿਸ ਤਰ੍ਹਾਂ[21] ਜੁਆਨ ਪਤਨੀ[22] ਦੀ ਜਾਨ[24] ਆਪਣੇ ਪਤੀ[23] ਵਿਚ ਹੈ,
ਜਿਉ ਲੋਭੀਐ[25] ਧਨੁ[26] ਦਾਨੁ[27] ॥	As the gift[27] of wealth[26] is to the greedy person[25],	ਜਿਸ ਤਰ੍ਹਾਂ ਧਨ-ਦੌਲਤ[26] ਦੀ ਦਾਤ[27] ਲਾਲਚੀ ਪੁਰਸ਼[25] ਲਈ ਹੈ,
ਜਿਉ ਦੂਧ[28] ਜਲਹਿ[29] ਸੰਜੋਗੁ[30] ॥	As is the attachment[30] of water[29] to the milk[28],	ਜਿਸ ਤਰ੍ਹਾਂ ਪਾਣੀ[29] ਦੀ ਦੁੱਧ[28] ਨਾਲ ਲਗਨ[30] ਹੈ,
ਜਿਉ ਮਹਾ[31] ਖੁਧਿਆਰਥ[32] ਭੋਗੁ[33] ॥	As the very[31] hungry man[32] loves the food[33],	ਜਿਸ ਤਰ੍ਹਾਂ ਬਹੁਤਾ[31] ਭੁੱਖਾ ਆਦਮੀ[32] ਭੋਜਨ[33] ਨੂੰ ਪਿਆਰਦਾ ਹੈ,
ਜਿਉ ਮਾਤ[34] ਪੂਤਹਿ[35] ਹੇਤੁ[36] ॥	As the mother[34] loves[36] her son[35],	ਜਿਸ ਤਰ੍ਹਾਂ ਮਾਂ[34] ਆਪਣੇ ਪੁਤ੍ਰ[35] ਨੂੰ ਪਿਆਰ ਕਰਦੀ[36] ਹੈ,
ਹਰਿ ਸਿਮਰਿ[37] ਨਾਨਕ ਨੇਤ[38] ॥੭॥	So does Nanak ever[38] meditate[37] on God.	ਏਸੇ ਤਰ੍ਹਾਂ ਹੀ ਨਾਨਕ, ਵਾਹਿਗੁਰੂ ਦਾ ਸਦਾ[38] ਭਜਨ[37] ਕਰਦਾ ਹੈ ।
ਜਿਉ ਦੀਪ[39] ਪਤਨ[40] ਪਤੰਗ[41] ॥	As the moth[41] falls[40] on the lamp[39],	ਜਿਸ ਤਰ੍ਹਾਂ ਪਰਵਾਨਾ[41] ਦੀਵੇ[39] ਉਤੇ ਡਿੱਗਦਾ[40] ਹੈ,
ਜਿਉ ਚੋਰੁ[42] ਹਿਰਤ[43] ਨਿਸੰਗ[44] ॥	As the thief[42] unhesitatingly[44] steals[43],	ਜਿਸ ਤਰ੍ਹਾਂ ਚੋਰ[42] ਨਿਝੱਕ[44] ਹੋ ਚੋਰੀ ਕਰਦਾ[43] ਹੈ,
ਮੈਗਲਹਿ[45] ਕਾਮੈ[46] ਬੰਧੁ[47]॥	As an elephant[45] is entrapped[47] through lust[46],	ਜਿਸ ਤਰ੍ਹਾਂ ਹਾਥੀ[45] ਕਾਮ-ਚੇਸ਼ਟਾ[46] ਰਾਹੀਂ ਫਸ ਜਾਂਦਾ[47] ਹੈ,
ਜਿਉ ਗ੍ਰਸਤ[48] ਬਿਖਈ[49] ਧੰਧੁ[50] ॥	As a sinner[48] is caught[50] in sins[49],	ਜਿਸ ਤਰ੍ਹਾਂ ਪਾਪੀ[48] ਪਾਪਾਂ[49] ਅੰਦਰ ਪਕੜਿਆ[50] ਜਾਂਦਾ ਹੈ,
ਜਿਉ ਜੂਆਰ[51] ਬਿਸਨੁ[52]	As the gambler's[51] bad habit[52]	ਜਿਸ ਤਰ੍ਹਾਂ ਜੁਆਰੀਏ[51] ਦੀ ਖੋਟੀ ਵਾਦੀ[52] ਉਸ

ਨ ਜਾਇ[53] ॥	leaves[53] him not,	ਨੂੰ ਨਹੀਂ ਛੱਡਦੀ[53],
ਹਰਿ ਨਾਨਕ ਇਹੁ ਮਨੁ ਲਾਇ[54] ॥੮॥	So Nanak attaches[54] this mind of his with the Lord,	ਏਸੇ ਤਰ੍ਹਾਂ ਹੀ ਨਾਨਕ ਆਪਣੇ ਇਸ ਚਿੱਤ ਨੂੰ ਸੁਆਮੀ ਨਾਲ ਜੋੜਦਾ[54] ਹੈ,
ਕੁਰੰਕ[55] ਨਾਦੈ[56] ਨੇਹੁ[57] ॥	As the deer[55] loves[57] music[56],	ਜਿਸ ਤਰ੍ਹਾਂ ਹਰਨ[55] ਰਾਗ[56] ਨੂੰ ਪਿਆਰ ਕਰਦਾ[57] ਹੈ,
ਚਾਤ੍ਰਿਕੁ[58] ਚਾਹਤ[59] ਮੇਹੁ[60]॥	As the pied-cuckoo[58] longs for[59] the rain[60],	ਜਿਸ ਤਰ੍ਹਾਂ ਪਪੀਹਾ[58] ਬਾਰਸ਼[60] ਨੂੰ ਲੋਚਦਾ[59] ਹੈ,
ਜਨ[61] ਜੀਵਨਾ[62] ਸਤਸੰਗਿ ॥[63]ਗੋਬਿੰਦੁ[64]ਭਜਨਾ[65] ਰੰਗਿ[66] ॥	So the Lord's slave[61] lives[62] by joining the saints' society and lovingly[66] remembering[65] the Master[64] of the Universe[63].	ਏਸੇ ਤਰ੍ਹਾਂ ਹੀ ਪ੍ਰਭੂ ਦਾ ਸੇਵਕ[61] ਸਾਧ ਸੰਗਤ ਨਾਲ ਜੜ ਅਤੇ ਆਲਮ[63] ਦੇ ਮਾਲਕ[64] ਦਾ ਪਿਆਰ ਨਾਲ[66] ਸਿਮਰਨ[65] ਕਰ ਕੇ ਜੀਉਂਦਾ[62] ਹੈ।
ਰਸਨਾ[67] ਬਖਾਨੈ[68] ਨਾਮੁ ॥	My tongue[67] utters[68] Thy Name, O Lord.	ਮੇਰੀ ਜੀਭ੍ਹਾ[67] ਤੇਰੇ ਨਾਮ ਦਾ ਉਚਾਰਨ ਕਰਦੀ[68] ਹੈ, ਹੇ ਸਾਈਂ !
ਨਾਨਕ ਦਰਸਨ[69] ਦਾਨੁ[70]॥੯॥	Bless Thou Nanak, with the gift[70] of Thine vision[69].	ਤੂੰ ਨਾਨਕ ਨੂੰ ਆਪਣੇ ਦੀਦਾਰ[69] ਦੀ ਦਾਤ[70] ਪਰਦਾਨ ਕਰ।
ਗੁਨ[71] ਗਾਇ[72] ਸੁਨਿ[73] ਲਿਖਿ ਦੇਇ[74]॥ਸੋ[75] ਸਰਬ[76] ਫਲ[77] ਹਰਿ ਲੇਇ[78] ॥	He who sings[72], hears[73] and writes[74] the Lord's praise[71], he[75] receives[78] all[76] the fruits[77] from the Lord.	ਜੋ ਪ੍ਰਭੂ ਦੀ ਕੀਰਤੀ[71] ਗਾਉਂਦਾ[72], ਸੁਣਦਾ[73] ਅਤੇ ਲਿਖਦਾ[74] ਹੈ, ਉਹ[75] ਪ੍ਰਭੂ ਪਾਸੋਂ ਸਾਰੇ[76] ਮੇਵੇ[77] ਪਰਾਪਤ ਕਰ ਲੈਂਦਾ[78] ਹੈ।
ਕੁਲ[79] ਸਮੂਹ[80] ਕਰਤ ਉਧਾਰੁ[81] ॥ ਸੰਸਾਰੁ[82] ਉਤਰਸਿ ਪਾਰਿ[83]॥	He ferries across[83] the world[82]-ocean and saves[81] all[80] his generations[79].	ਉਹ ਜਗਤ[82] ਸਮੁੰਦਰ ਤੋਂ ਪਾਰ ਹੋ ਜਾਂਦਾ[83] ਹੈ ਅਤੇ ਆਪਣੀਆਂ ਸਾਰੀਆਂ[80] ਪੀੜ੍ਹੀਆਂ[79] ਨੂੰ ਭੀ ਬਚਾ ਲੈਂਦਾ[81] ਹੈ।
ਹਰਿ ਚਰਨ[84] ਬੋਹਿਥ[85] ਤਾਹਿ[86] ॥	God's feet[84] are the boat[85] for him[86] to cross over.	ਰੱਬ ਦੇ ਪੈਰ[84] ਉਸ[86] ਲਈ ਪਾਰ ਉਤਰਨ ਲਈ ਜਹਾਜ਼[85] ਹਨ।
ਮਿਲਿ[87] ਸਾਧ ਸੰਗਿ[88]ਜਸੁ[89] ਗਾਹਿ[90] ॥	Meeting[87] with the saints' society[88] he sings[90] God's praise[89].	ਸਤਿ ਸੰਗਤ[88] ਨਾਲ ਜੁੜ ਕੇ[87], ਉਹ ਹਰੀ ਦੀ ਮਹਿਮਾ[89] ਗਾਇਨ ਕਰਦਾ[90] ਹੈ।
ਹਰਿ ਪੈਜ[91]ਰਖੈ[92]ਮੁਰਾਰਿ[93]॥	God, the Enemy[93] of ego[92] saves his honour[91].	ਹੰਕਾਰ[92] ਦਾ ਵੈਰੀ[93] ਵਾਹਿਗੁਰੂ ਉਸ ਦੀ ਲਜਿਆ[91] ਰੱਖਦਾ ਹੈ।
ਹਰਿ ਨਾਨਕ ਸਰਨਿ[94] ਦੁਆਰਿ[95] ॥੧੦॥੨॥	Nanak has sought the protection[94] of the Lord's door[95].	ਨਾਨਕ ਨੇ ਪ੍ਰਭੂ ਦੇ ਦਰ[95] ਦੀ ਪਨਾਹ[94] ਲਈ ਹੈ।
ਬਿਲਾਵਲੁ ਮਹਲਾ ੧ ਥਿਤੀ[96] ਘਰੁ ੧੦ ਜਤਿ	Bilawal Ist Guru Lunar day[96]	ਬਿਲਾਵਲ ਪਹਿਲੀ ਪਾਤਿਸ਼ਾਹੀ ਥਿਤ[96]
੧ਓ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਏਕਮ[97] ਏਕੰਕਾਰੁ[98] ਨਿਰਾਲਾ[99] ॥ ਅਮਰੁ[100]	The first[97] (lunar day) : The Unique Lord[98] is Peerless[99], Immortal[100],	ਪਹਿਲੀ (ਤਿੱਥ) : ਅਦੁੱਤੀ[97] ਸਾਹਿਬ[98] ਲਾਸਾਨੀ[99], ਅਬਿਨਾਸੀ[100], ਅਜਨਮਾ[2] ਅਤੇ ਵਰਨ[3] ਤੇ

ਅਜੋਨੀ[2] ਜਾਤਿ[3] ਨ[4] ਜਾਲਾ[5] ॥	Unborn[2] and without[4] caste[3] and involvement[5].	ਜੰਜਾਲ[5] ਰਹਿਤ[4] ਹੈ ।
ਅਗਮ[6] ਅਗੋਚਰੁ[7] ਰੂਪੁ[8] ਨ ਰੇਖਿਆ[9] ॥	He is Unapproachable[6] and Unapprehensible[7] and has no form[8] or outline[9].	ਉਹ ਪਹੁੰਚ ਤੋਂ ਪਰੇ[6] ਅਤੇ ਸੋਚ ਸਮਝ ਤੋਂ ਉਚੇਰਾ[7] ਹੈ ਅਤੇ ਉਸ ਦਾ ਕੋਈ ਸਰੂਪ[8] ਜਾਂ ਨੁਹਾਰ[9] ਨਹੀਂ ।
ਖੋਜਤ[10] ਖੋਜਤ ਘਟਿ ਘਟਿ[12] ਦੇਖਿਆ[13] ॥	Searching[10] and searching, I have seen[13] Him in all the hearts[12].	ਲਭਦਿਆਂ[10], ਲੱਭਦਿਆਂ ਮੈਂ ਉਸ ਨੂੰ ਸਾਰਿਆਂ ਦਿਲਾਂ[12] ਅੰਦਰ ਵੇਖ ਲਿਆ[13] ਹੈ ।
ਜੋ ਦੇਖਿ ਦਿਖਾਵੈ ਤਿਸ[14] ਕਉ ਬਲਿ[15] ਜਾਈ ॥	Devoted[15] am I unto him[14], who sees and makes others see the Lord.	ਮੈਂ ਉਸ[14] ਉਤੋਂ ਸਦਕੇ[15] ਜਾਂਦਾ ਹਾਂ ਜੋ ਸਾਹਿਬ ਨੂੰ ਵੇਖਦਾ ਅਤੇ ਹੋਰਨਾਂ ਨੂੰ ਵਿਖਾਲਦਾ ਹੈ ।
੮੩੯	**839**	**੮੩੯**
ਗੁਰ ਪਰਸਾਦਿ[16] ਪਰਮ[17] ਪਦੁ[18] ਪਾਈ ॥੧॥	By Guru's grace[16] I have obtained the supreme[17] status[18].	ਗੁਰਾਂ ਦੀ ਮਿਹਰ[16] ਸਦਕਾ ਮੈਂ ਮਹਾਨ[17] ਮਰਤਬਾ[18] ਪਰਾਪਤ ਕਰ ਲਿਆ ਹੈ ।
ਕਿਆ[19] ਜਪੁ[20] ਜਾਪਉ[21] ਬਿਨੁ [22]ਜਗਦੀਸੈ[23] ॥	Whose[19] Name[20] should I utter[21] except that of the Lord[23] of the universe[22] ?	ਆਲਮ[22] ਦੇ ਸੁਆਮੀ[23] ਦੇ ਨਾਮ ਦੇ ਬਾਝੋਂ ਮੈਂ ਹੋਰ ਕੀਹਦੇ[19] ਨਾਮ[20] ਦਾ ਉਚਾਰਨ[21] ਕਰਾਂ ?
ਗੁਰ ਕੈ ਸਬਦਿ[24] ਮਹਲੁ[25] ਘਰੁ[26] ਦੀਸੈ ॥੧॥ਰਹਾਉ॥	Through the Guru's instruction[24], the Lord's Mansion[25] is seen in one's own home[26]. Pause.	ਗੁਰਾਂ ਦੇ ਉਪਦੇਸ਼[24] ਰਾਹੀਂ ਸੁਆਮੀ ਦਾ ਮੰਦਰ[25] ਇਨਸਾਨ ਨੂੰ ਆਪਣੇ ਨਿੱਜ ਦੇ ਘਰ[26] ਅੰਦਰ ਹੀ ਦਿਸ ਪੈਂਦਾ ਹੈ । ਠਹਿਰਾਉ ।
ਦੂਜੈ ਭਾਇ[27] ਲਗੇ[28] ਪਛੁਤਾਣੇ[29] ॥	Second (lunar day) : They, who are yoked[28] to another's love[27], regret[29] in the end.	ਦੂਜੀ (ਤਿੱਥ): ਜੋ ਹੋਰਸ ਦੇ ਪਿਆਰ[27] ਨਾਲ ਜੁੜੇ[28] ਹਨ, ਉਹ ਓੜਕ ਨੂੰ ਪਸਚਾਤਾਪ[29] ਕਰਦੇ ਹਨ ।
ਜਮ ਦਰਿ[30] ਬਾਧੇ[31] ਆਵਣ ਜਾਣੇ ॥	They are bound[31] at the Yama's door[30] and continue coming and going.	ਉਹ ਯਮ ਦੇ ਬੂਹੇ[30] ਤੇ ਬੱਝੇ ਹੋਏ[31] ਹਨ ਅਤੇ ਆਉਂਦੇ ਤੇ ਜਾਂਦੇ ਰਹਿੰਦੇ ਹਨ ।
ਕਿਆ[32] ਲੈ[33] ਆਵਹਿ ਕਿਆ ਲੇ ਜਾਹਿ ॥	What[32] have they brought[33] and what shall they take with them ?	ਉਹ ਕੀ[32] ਲੈ ਕੇ[33] ਆਏ ਹਨ ਅਤੇ ਆਪਣੇ ਨਾਲ ਕੀ ਲੈ ਜਾਣਗੇ ?
ਸਿਰਿ[34] ਜਮ[35] ਕਾਲੁ[36]ਸਿ[37] ਚੋਟਾ[38] ਖਾਹਿ[39] ॥	Over their head[34] is the death's[36] courier[35] and they[37] suffer[39] the strokes[38].	ਉਨ੍ਹਾਂ ਦੇ ਸਿਰ[34] ਉਤੇ ਮੌਤ[36] ਦਾ ਦੂਤ[35] ਹੈ ਅਤੇ ਉਹ[37] ਸੱਟਾਂ[38] ਸਹਾਰਦੇ[39] ਹਨ ।
ਬਿਨੁ ਗੁਰ ਸਬਦ[40] ਨ ਛੂਟਸਿ[41] ਕੋਇ ॥	Without the Guru's instruction[40], no one can be released[41].	ਗੁਰਾਂ ਦੇ ਉਪਦੇਸ਼[40] ਦੇ ਬਗੈਰ ਕੋਈ ਭੀ ਬੰਦ ਖਲਾਸ[41] ਨਹੀਂ ਹੋ ਸਕਦਾ ।
ਪਾਖੰਡਿ[42] ਕੀਨੈ[43] ਮੁਕਤਿ[44] ਨ ਹੋਇ ॥੨॥	By practising[43] hypocrisy[42], no one can be emancipated[44].	ਦੰਭ[42] ਕਰਨ ਦੁਆਰਾ[43] ਕੋਈ ਭੀ ਮੁਕਤੀ[44] ਨਹੀਂ ਪਾ ਸਕਦਾ ।
ਆਪੇ[45] ਸਚੁ[46] ਕੀਆ[47]	Accomplishing[48]union[49] of elements,	ਤੱਤਾਂ ਦਾ ਮਿਲਾਪ[49] ਰਚ ਕੇ[48], ਸੱਚੇ ਸੁਆਮੀ[46] ਨੇ

ਕਰ[48] ਜੋੜਿ[49] ॥	the True Lord[46] Himself[45] has created[47] the creation.	ਖ਼ੁਦ[45] ਹੀ ਰਚਨਾ ਰਚੀ[47] ਹੈ ।
ਅੰਡਜ[50] ਫੋੜਿ[51] ਜੋੜਿ[52] ਵਿਛੋੜਿ[53] ॥	Creating[52] the spheres[50], the Lord hast established them apart[53] and shall ultimately destroy[51] them.	ਮੰਡਲਾਂ[50] ਨੂੰ ਰਚ ਕੇ[52], ਸਾਈਂ ਨੇ ਉਨ੍ਹਾਂ ਨੂੰ ਵੱਖ ਵੱਖ[53] ਟਿਕਾ ਛੱਡਿਆ ਹੈ ਤੇ ਅੰਤ ਨੂੰ ਉਹ ਉਨ੍ਹਾਂ ਨੂੰ ਨਾਸ[51] ਕਰ ਦੇਵੇਗਾ ।
ਧਰਤਿ[54] ਅਕਾਸੁ[55] ਕੀਏ[56] ਬੈਸਣ[57] ਕਉ[58] ਥਾਉ[59] ॥	The earth[54] and the sky[55], He has made[56] places[59] for[58] habitation[57].	ਜ਼ਮੀਨ[54] ਤੇ ਅਸਮਾਨ[55] ਉਸ ਨੂੰ ਵਸਣ[57] ਲਈ[58] ਥਾਵਾਂ[59] ਬਣਾਈਆਂ[56] ਹਨ ।
ਰਾਤਿ[60] ਦਿਨੰਤੁ[61] ਕੀਏ ਭਉ[62] ਭਾਉ[63] ॥	He has created the night[60], day[61], fear[62] and love[63].	ਉਸ ਨੇ ਰਾਤ[60], ਦਿਨ[61], ਡਰ[62] ਤੇ ਪਿਆਰ[63] ਰਚੇ ਹਨ ।
ਜਿਨਿ[64] ਕੀਏ[65] ਕਰਿ[66] ਵੇਖਣਹਾਰਾ[67] ॥	He who[64] created[65] the creation[66] sees[67] it as well.	ਜਿਸ ਨੇ[64] ਰਚਨਾ[66] ਰਚੀ[65] ਹੈ, ਉਹ ਇਸ ਨੂੰ ਦੇਖਦਾ[67] ਭੀ ਹੈ ।
ਅਵਰੁ[68] ਨ ਦੂਜਾ[69] ਸਿਰਜਣਹਾਰਾ[70] ॥੩॥	Of the universe, there is no other[68] second[69] Creator[70].	ਆਲਮ ਦਾ ਰਚਨਹਾਰ[70] ਹੋਰ[68] ਦੂਸਰਾ[69] ਕੋਈ ਨਹੀਂ ।
ਤ੍ਰਿਤੀਆ[71] ਬ੍ਰਹਮਾ ਬਿਸਨੁ ਮਹੇਸਾ ॥ ਦੇਵੀ[72] ਦੇਵ[73] ਉਪਾਏ[74] ਵੇਸਾ[75] ॥	The third[71] (lunar day) : The Lord has created[74] Brahma, Vishnu, Shiva goddesses[72], gods[73], and various other forms[75].	ਤੀਜੀ[71] (ਤਿੱਥ) : ਪ੍ਰਭੂ ਨੇ ਬ੍ਰਹਮਾ, ਵਿਸ਼ਨੂੰ, ਸ਼ਿਵਜੀ, ਦੇਵੀਆਂ[72], ਦੇਵਤੇ[73] ਅਤੇ ਹੋਰ ਅਨੇਕਾਂ ਸਰੂਪ[75] ਰਚੇ[74] ਹਨ ।
ਜੋਤੀ[76] ਜਾਤੀ[77] ਗਣਤ[78] ਨ ਆਵੈ[79] ॥	The number[78] of lights[76] and the kinds[77] can be counted[79] not.	ਪ੍ਰਕਾਸ਼ਾਂ[76] ਅਤੇ ਕਿਸਮਾਂ[77] ਦੀ ਗਿਣਤੀ[78] ਗਿਣੀ[79] ਨਹੀਂ ਜਾ ਸਕਦੀ ।
ਜਿਨਿ ਸਾਜੀ[80] ਸੋ[81] ਕੀਮਤਿ[82] ਪਾਵੈ ॥	He[81], who has created[80] them, appraises their worth[82].	ਜਿਸ ਨੇ ਉਨ੍ਹਾਂ ਨੂੰ ਰਚਿਆ[80] ਹੈ, ਉਹ[81] ਹੀ ਉਨ੍ਹਾਂ ਦਾ ਮੁੱਲ[82] ਪਾਉਂਦਾ ਹੈ ।
ਕੀਮਤਿ ਪਾਇ ਰਹਿਆ ਭਰਪੂਰਿ[83] ॥	He evaluates them and is fully-filling[83] all.	ਉਹ ਉਨ੍ਹਾਂ ਦਾ ਮੁੱਲ ਪਾਉਂਦਾ ਹੈ ਅਤੇ ਸਾਰਿਆਂ ਅੰਦਰ ਪਰੀਪੂਰਨ ਹੋ ਰਿਹਾ[83] ਹੈ ।
ਕਿਸੁ ਨੇੜੈ[84] ਕਿਸੁ ਆਖਾ[85] ਦੂਰਿ[86] ॥੪॥	Whom should I call[85] near[84] and whom far[86] from the Lord ?	ਮੈਂ ਪ੍ਰਭੂ ਤੋਂ ਕਿਸ ਨੂੰ ਨਜ਼ਦੀਕ[84] ਅਤੇ ਕਿਸ ਨੂੰ ਦੁਰੇਡੇ[86] ਕਹਾਂ[85] ?
ਚਉਥਿ[87] ਉਪਾਏ[91] ਚਾਰੇ ਬੇਦਾ ॥ ਖਾਣੀ[88] ਚਾਰੇ ਬਾਣੀ[89] ਭੇਦਾ[90] ॥	The fouth[87] (lunar day) : The Lord created[91] the four Vedas, the four sources of creation[88] and distinctions[90] in the forms of speech[89].	ਚੌਥੀ[87] (ਤਿੱਥ) : ਸੁਆਮੀ ਨੇ ਚਾਰੇ ਵੇਦ, ਚਾਰੇ ਉਤਪਤੀ ਦੇ ਸਾਧਨ[88] ਤੇ ਬੋਲੀ[89] ਦੇ ਸਰੂਪਾਂ ਦੇ ਫ਼ਰਕ[90] ਰਚੇ[91] ਹਨ ।
ਅਸਟ ਦਸਾ[92] ਖਟੁ[93] ਤੀਨਿ[94] ਉਪਾਏ ॥	He created eighteen[92] (Puranas), six[93] (Shashtras) and three[94] (qualities).	ਉਸ ਨੇ ਅਠਾਰਾਂ[92] (ਪੁਰਾਣ), ਛੇ[93] (ਸ਼ਾਸਤਰ) ਅਤੇ ਤਿੰਨ[94] (ਗੁਣ) ਰਚੇ ਹਨ ।
ਸੋ[95] ਬੂਝੈ[96] ਜਿਸੁ ਆਪਿ[97] ਬੁਝਾਏ[98] ॥	He[95] alone understands[96] the Lord, whom He Himself[97] instructs[98].	ਕੇਵਲ ਉਹ ਹੀ[95] ਸਾਹਿਬ ਨੂੰ ਸਮਝਦਾ[96] ਹੈ ਜਿਸ ਨੂੰ ਉਹ ਖ਼ੁਦ[97] ਦਰਸਾਉਂਦਾ[98] ਹੈ ।
ਤੀਨਿ ਸਮਾਵੈ[99] ਚਉਥੈ ਵਾਸਾ[100] ॥	He who overcomes[99] the three modes and dwells[100] in the fourth mode,	ਜੋ ਤਿੰਨਾਂ ਅਵਸਥਾਵਾਂ ਉਤੇ ਕਾਬੂ ਪਾ ਲੈਂਦਾ[99] ਹੈ ਅਤੇ ਚੌਥੀ ਅਵਸਥਾ ਅੰਦਰ ਵਸਦਾ[100] ਹੈ,

ਪ੍ਰਣਵਤਿ[2] ਨਾਨਕ ਹਮ[3] ਤਾਕੇ[4] ਦਾਸਾ[5] ॥੫॥	Prays[2] Nanak, of him[4] I[3] am a slave[5].	ਗੁਰੂ ਜੀ ਬਿਨੇ ਕਰਦੇ[2] ਹਨ ਮੈਂ[3] ਉਸ[4] ਦਾ ਗੋਲਾ[5] ਹਾਂ।
ਪੰਚਮੀ[6] ਪੰਚ[7] ਭੂਤ[8] ਬੇਤਾਲਾ[9] ॥	The fifth[6] (lunar day) : The mortals of five[7] elements[8] are but demons[9].	ਪੰਜਵੀਂ[6] (ਥਿੱਤ) : ਪੰਜਾਂ[7] ਤੱਤਾਂ[8] ਦੇ ਪ੍ਰਾਣੀ ਨਿਰੇ ਪੁਰੇ ਭੂਤਨੇ[9] ਹਨ।
ਆਪਿ[10] ਅਗੋਚਰੁ[12] ਪੁਰਖੁ[13] ਨਿਰਾਲਾ[14] ॥	The Lord[13] Himself[10] is Incomprehensible[12] and Detached[14].	ਪ੍ਰਭੂ[13] ਖੁਦ[10] ਅਗਾਧ[12] ਅਤੇ ਨਿਰਲੇਪ[14] ਹੈ।
ਇਕਿ[15] ਭ੍ਰਮਿ[16] ਭੂਖੇ[17] ਮੋਹ[18] ਪਿਆਸੇ[19] ॥	Some[15] are involved in doubt[16], hunger[17], worldly love[18] and thirst[19].	ਕਈ[15] ਸੰਦੇਹ[16], ਭੁੱਖ[17], ਸੰਸਾਰੀ ਲਗਨ[18] ਅਤੇ ਤਰੇਹ[19] ਅੰਦਰ ਗਲਤਾਨ ਹਨ।
ਇਕਿ ਰਸੁ[20] ਚਾਖਿ[21] ਸਬਦਿ[22] ਤ੍ਰਿਪਤਾਸੇ[23] ॥	Tasting[21] the Name[22] elixir[20] some remain sated[23].	ਕਈ ਨਾਮ[22] ਅੰਮ੍ਰਿਤ[20] ਨੂੰ ਚੱਖ ਕੇ[21] ਰੱਜੇ ਰਹਿੰਦੇ[23] ਹਨ।
ਇਕਿ ਰੰਗ[24] ਰਾਤੇ[25] ਇਕਿ ਮਰਿ ਧੂਰਿ[26] ॥	Some are imbued with[25] the Lord's love[24] and some die to be reduced to dust[26].	ਕਈ ਪ੍ਰਭੂ ਦੀ ਪ੍ਰੀਤ[24] ਨਾਲ ਰੰਗੀਜੇ[25] ਹਨ ਅਤੇ ਕਈ ਮਰ ਕੇ ਮਿੱਟੀ[26] ਹੋ ਜਾਂਦੇ ਹਨ।
ਇਕਿ ਦਰਿ[27] ਘਰਿ[28] ਸਾਚੈ[29] ਦੇਖਿ ਹਦੂਰਿ[30] ॥੬॥	Some abide in the True[29] Lord's Court[27] and Mansion[28] and see Him ever-present[30]	ਕਈ ਸੱਚੇ ਸੁਆਮੀ[29] ਦੀ ਦਰਗਾਹ[27] ਅਤੇ ਮਹਿਲ[28] ਅੰਦਰ ਵਸਦੇ ਹਨ ਅਤੇ ਸਦਾ ਉਸ ਨੂੰ ਹਾਜ਼ਰ[30] ਵੇਖਦੇ ਹਨ।
ਝੂਠੇ[31] ਕਉ ਨਾਹੀ ਪਤਿ[32] ਨਾਉ[33] ॥	The false[31] one has no honour[32] and renown[33].	ਕੂੜੇ[31] ਦੀ ਕੋਈ ਇਜ਼ਤ ਆਬਰੂ[32] ਅਤੇ ਨਾਮਵਰੀ[33] ਨਹੀਂ।
ਕਬਹੁ[34] ਨ ਸੂਚਾ[35] ਕਾਲਾ[36] ਕਾਉ[37] ॥	The black[36] crow[37] is ever[34] impure[35].	ਸਿਆਹ[36] ਕੱਵਾ[37] ਕਦੇ[34] ਭੀ ਪਵਿਤ੍ਰ[35] ਨਹੀਂ ਹੁੰਦਾ।
ਪਿੰਜਰਿ[38] ਪੰਖੀ[39] ਬੰਧਿਆ[40] ਕੋਇ[41] ॥ ਛੇਰੀ[42] ਭਰਮੈ[43] ਮੁਕਤਿ[44] ਨ ਹੋਇ ॥	He is like the[41] bird[39] who is imprisoned[40] in a cage[38] and who wanders about[43] behind the bars[42], but is released[44] not.	ਉਹ ਪਿੰਜਰੇ[38] ਵਿਚ ਡੱਕੇ ਹੋਏ[40] ਕਿਸੇ[41] ਪੰਛੀ[39] ਦੀ ਤਰ੍ਹਾਂ ਹੈ ਜੋ ਪਿੰਜਰੇ ਦੀਆਂ ਸੀਖਾਂ[42] ਪਿਛੇ ਭਾਉਂਦਾ ਫਿਰਦਾ[43] ਹੈ, ਪ੍ਰੰਤੂ ਖ਼ਲਾਸੀ[44] ਨਹੀਂ ਪਾ ਸਕਦਾ।
ਤਉ[45] ਛੂਟੈ[46] ਜਾ[47] ਖਸਮੁ[48] ਛਡਾਏ[49] ॥	Then[45] alone one is emancipated[46], when[47] the Lord[48] sets him free[49].	ਕੇਵਲ ਤਾਂ[45] ਹੀ ਬੰਦਾ ਬੰਦਖਲਾਸ ਹੁੰਦਾ[46] ਹੈ, ਜਦ[47] ਸੁਆਮੀ[48] ਉਸ ਨੂੰ ਰਿਹਾ[49] ਕਰਦਾ ਹੈ।
ਗੁਰਮਤਿ[50] ਮੇਲੇ[51] ਭਗਤਿ[52] ਦ੍ਰਿੜਾਏ[53] ॥੭॥	He is attuned[51] to the Guru's instruction[50] and firmly grasps[53] the Lord's meditation[52].	ਉਹ ਗੁਰਾਂ ਦੇ ਉਪਦੇਸ਼[50] ਨਾਲ ਇਕ ਸੁਰ[51] ਹੋ ਜਾਂਦਾ ਹੈ ਅਤੇ ਸਾਈਂ ਦੇ ਸਿਮਰਨ[52] ਨੂੰ ਪੱਕੀ ਤਰ੍ਹਾਂ ਪਕੜ ਲੈਂਦਾ[53] ਹੈ।
ਖਸਟੀ[54] ਖਟ[55] ਦਰਸਨ[56] ਪ੍ਰਭ ਸਾਜੇ[57] ॥	The sixth[54] (lunar day) : The six[55] Shashtras[56] the Lord has made[57].	ਛੇਵੀਂ[54] (ਥਿੱਤ) : ਸਾਹਿਬ ਨੇ ਛੇ[55] ਸ਼ਾਸਤਰ[56] ਬਣਾਏ[57] ਹਨ।
[58]ਅਨਹਦ[59] ਸਬਦੁ[60] ਨਿਰਾਲਾ[61] ਵਾਜੈ[62] ॥	The [58]Illimitable[59] Word[60] is known[62] to be apart[61] from them.	ਹੱਦਬੰਨਾ[59]-ਰਹਿਤ[58] ਸ਼ਬਦ[60] ਉਨ੍ਹਾਂ ਨਾਲੋਂ ਨਿਵੇਕਲਾ[61] ਜਾਣਿਆ[62] ਜਾਂਦਾ ਹੈ।
ਜੇ[64] ਪ੍ਰਭ ਭਾਵੈ[63] ਤਾ[65]	If[64] the Lord so wills[63], then[65]	ਜੇਕਰ[64] ਸੁਆਮੀ ਨੂੰ ਇਸ ਤਰ੍ਹਾਂ ਚੰਗਾ ਲੱਗੇ[63] ਤਦ[65] ਉਹ

ਮਹਲਿ[66] ਬੁਲਾਵੈ[67] ॥	summons[67] He the mortal into His presence[66].	ਪ੍ਰਾਨੀ ਨੂੰ ਆਪਣੀ ਹਜ਼ੂਰੀ[66] ਵਿਚ ਸੱਦ ਲੈਂਦਾ[67] ਹੈ।
ਸਬਦੇ[68]ਭੇਦ[69]ਤਉ[70]ਪਤਿ[71] ਪਾਵੈ ॥	If man pierces[69] his soul with the Word[68], then[70] obtains he glory[71].	ਜੇਕਰ ਬੰਦਾ ਆਪਣੀ ਆਤਮਾ ਨੂੰ ਬਾਣੀ[68] ਨਾਲ ਵਿਨ੍ਹ ਲਵੇ[69], ਤਦ[70] ਉਹ ਪ੍ਰਭੁਤਾ[71] ਨੂੰ ਪਾ ਲੈਂਦਾ ਹੈ।
ਕਰਿ ਕਰਿ[72] ਵੇਸ[73]ਖਪਹਿ[74] ਜਲਿ[75] ਜਾਵਹਿ ॥	They who wear[72] religious robes[73], burn[75] in pride and are ruined[74].	ਜੋ ਧਾਰਮਕ ਬਾਣੇ[73] ਪਹਿਨਦੇ[72] ਹਨ, ਉਹ ਹੰਕਾਰ ਅੰਦਰ ਸੜ ਕੇ[75] ਬਰਬਾਦ ਹੋ ਜਾਂਦੇ[74] ਹਨ।
ਸਾਚੈ[76] ਸਾਚੇ[77] ਸਾਚਿ[78] ਸਮਾਵਹਿ[79] ॥੮॥	Through truth[76], the truthful[77] ones merge[79] in the True Lord[78].	ਸੱਚ[76] ਦੇ ਰਾਹੀਂ, ਸੱਚੇ ਪੁਰਸ਼[77] ਸੱਚੇ ਸੁਆਮੀ[78] ਅੰਦਰ ਲੀਨ ਹੋ ਜਾਂਦੇ[79] ਹਨ।
ਸਪਤਮੀ ਸਤੁ[80] ਸੰਤੋਖੁ[81] ਸਰੀਰਿ[82] ॥ ਸਾਤ ਸਮੁੰਦ ਭਰੇ[83] ਨਿਰਮਲ[84] ਨੀਰਿ[85]॥	Saptami (seventh lunar day): If man's body[82] blessed with chastity[80] and contentment[81], then all the seven seas within him are filled with[83] the Immaculate[84] Name water[85].	ਸਪਤਮੀ (ਸਤਵੀਂ ਥਿੱਤ) : ਜੇਕਰ ਇਨਸਾਨ ਦੀ ਦੇਹ[82] ਨੂੰ ਪਾਕਦਾਮਨੀ[80] ਅਤੇ ਸੰਤੁਸ਼ਟਤਾ[81] ਦੀ ਦਾਤ ਪਰਾਪਤ ਹੋ ਜਾਵੇ, ਤਦ ਉਸ ਦੇ ਸੱਤੇ ਹੀ ਸਮੁੰਦਰ ਨਾਮ ਦੇ ਪਵਿੱਤਰ[84] ਪਾਣੀ[85] ਨਾਲ ਪਰੀਪੂਰਨ ਹੋ ਜਾਂਦੇ[83] ਹਨ।
ਮਜਨੁ[86] ਸੀਲੁ[87] ਸਚੁ[88] ਰਿਦੈ[89] ਵੀਚਾਰਿ[90] ॥ ਗੁਰ ਕੈ ਸਬਦਿ[91] ਪਾਵੈ ਸਭਿ ਪਾਰਿ[92] ॥	He who by Guru's instruction[91] bathes[86] in good conduct[87] and in his mind[89] reflects[90] on the True Lord[88], ferries[92] all across.	ਜੋ ਗੁਰਾਂ ਦੇ ਉਪਦੇਸ਼[91] ਰਾਹੀਂ ਉਤਮ ਆਚਰਣ[87] ਅੰਦਰ ਨ੍ਹਾਉਂਦਾ[86] ਹੈ ਤੇ ਆਪਣੇ ਮਨ[89] ਅੰਦਰ ਸੱਚੇ ਸਾਂਈ[88] ਦਾ ਚਿੰਤਨ ਕਰਦਾ[90] ਹੈ, ਉਹ ਸਾਰਿਆਂ ਨੂੰ ਤਾਰ ਦਿੰਦਾ[92] ਹੈ।
ਮਨਿ[93] ਸਾਚਾ[94] ਮੁਖਿ[95] ਸਾਚਉ[96] ਭਾਇ[97] ॥ ਸਚੁ[98] ਨੀਸਾਣੈ[99] ਠਾਕ[100] ਨ ਪਾਇ[2] ॥੯॥	He, who has the True Name[94] in his mind[93] and with his mouth[95] lovingly[97] utters the True Name[96], is blessed with the passport[99] of truth[98] and meets[2] with no obstruction[100] on the way.	ਜਿਸ ਦੇ ਅੰਤਰ ਆਤਮੇ[93] ਸੱਚਾ ਨਾਮ[94] ਹੈ ਅਤੇ ਜੋ ਆਪਣੇ ਮੂੰਹ[95] ਨਾਲ ਪਿਆਰ ਸਹਿਤ[97] ਸੱਚੇ ਨਾਮ[96] ਨੂੰ ਉਚਾਰਦਾ ਹੈ, ਉਸ ਨੂੰ ਸੱਚ[98] ਦੀ ਰਾਹਦਾਰੀ[99] ਪ੍ਰਦਾਨ ਹੋ ਜਾਂਦੀ ਹੈ ਅਤੇ ਰਸਤੇ ਵਿਚ ਉਸ ਨੂੰ ਕੋਈ ਰੁਕਾਵਟ[100] ਨਹੀਂ ਵਾਪਰਦੀ[2]।
ਅਸਟਮੀ[3] ਅਸਟ[4] ਸਿਧਿ[6] ਬੁਧਿ[5] ਸਾਧੈ[7] ॥ ਸਚੁ[8] ਨਿਹਕੇਵਲੁ[9] ਕਰਮਿ[10] ਅਰਾਧੈ[12] ॥	The eighth[3] (lunar day) : He, who chastens[7] his intellect[5], does the righteous[8] deeds[10] and ponders[12] over the Immaculate Lord[9], obtains the eight[4] psychic powers[6].	ਅੱਠਵੀਂ[3] (ਥਿੱਤ) : ਜੋ ਆਪਣੀ ਮਤ[5] ਨੂੰ ਸੁਧਾਰਦਾ[7] ਸੱਚੇ[8] ਸੁੱਚੇ ਅਮਲ ਕਮਾਉਂਦਾ[10] ਹੈ ਅਤੇ ਪਵਿੱਤਰ ਪ੍ਰਭੂ[9] ਦਾ ਸਿਮਰਨ ਕਰਦਾ[12] ਹੈ, ਉਹ ਅੱਠ[4] ਕਰਾਮਾਤੀ ਸ਼ਕਤੀਆਂ[6] ਨੂੰ ਪਰਾਪਤ ਕਰ ਲੈਂਦਾ ਹੈ।
ਪਉਣੁ[13] ਪਾਣੀ[14] ਅਗਨੀ[15] ਬਿਸਰਾਉ[16] ॥ ਤਹੀ[17] ਨਿਰੰਜਨੁ[18] ਸਾਚ ਨਾਉ[19] ॥	He who forsakes[16] his optimistic[13], pessimistic[14] and egoistic[15] qualities; in his[17] heart abides the pure[18] True Name[19].	ਜੋ ਆਪਣੇ ਰਜੋ[13], ਸਤੋ[14] ਅਤੇ ਤਮੋ[15] ਗੁਣਾਂ ਨੂੰ ਤਿਆਗ ਦਿੰਦਾ[16] ਹੈ, ਉਸ[17] ਦੇ ਦਿਲ ਅੰਦਰ ਪਵਿੱਤਰ[18] ਸੱਚਾ ਨਾਉਂ[19] ਵਸ ਜਾਂਦਾ ਹੈ।
ਤਿਸੁ[20] ਮਹਿ[21] ਮਨੂਆ[22] ਰਹਿਆ ਲਿਵ[23] ਲਾਇ[24] ॥	If man[22] remains absorbed[24] in[21] the love[23] of the[20] True Name,	ਜੇਕਰ ਇਨਸਾਨ[22] ਉਸ[20] ਸੱਚੇ ਨਾਮ ਦੀ ਪ੍ਰੀਤ[23] ਅੰਦਰ[21] ਲੀਨ ਹੋਇਆ[24] ਰਹੇ, ਨਾਨਕ ਬਿਨੇ[25]

ਪ੍ਰਣਵਤਿ[25] ਨਾਨਕੁ ਕਾਲੁ[26] ਨ ਖਾਇ[27] ॥੧੦॥	prays[25] Nanak, then death[26] eats[27] him not.	ਕਰਦਾ ਹੈ, ਤਦ ਮੌਤ[26] ਉਸ ਨੂੰ ਨਹੀਂ ਖਾਂਦੀ[27] ।
ਨਾਉ[28] ਨਉਮੀ[29] ਨਵੇ ਨਾਥ[30] ਨਵ ਖੰਡਾ[31] ॥ਘਟਿ[32] ਘਟਿ ਨਾਥੁ[33] ਮਹਾ[34] ਬਲਵੰਡਾ[35] ॥	The ninth[29] (lunar day) : The Name[28] is the most[34] powerful[35] Lord[33] of the nine great Yogis[30], the nine regions[31] and all the hearts[32].	ਨਾਵੀਂ[29] (ਤਿੱਥ) : ਨੌਂ ਵਡੇ ਯੋਗੀਆਂ[30], ਨੌਂ ਖਿਤਿਆਂ[31] ਅਤੇ ਸਾਰਿਆਂ ਦਿਲਾਂ[32] ਦਾ ਨਾਮ[28] ਪਰਮ[34] ਬਲਵਾਨ[35] ਸੁਆਮੀ[33] ਹੈ ।
ਆਈ[36] ਪੂਤਾ[37] ਇਹੁ ਜਗੁ[38] ਸਾਰਾ[39] ॥	This whole[39] world[38] is the off-spring[37] of mammon[36].	ਇਹ ਸਮੂਹ[39] ਸੰਸਾਰ[38] ਮਾਇਆ[36] ਦੀ ਔਲਾਦ[37] (ਪਸਾਰਾ) ਹੈ ।
ਪ੍ਰਭ ਆਦੇਸੁ[40] ਆਦਿ[41] ਰਖਵਾਰਾ[42] ॥	My obeisance[40] is unto the Lord, who is my Protector[42] since the very beginning[41].	ਮੇਰੀ ਨਮਸਕਾਰ[40] ਹੈ ਉਸ ਸੁਆਮੀ ਨੂੰ, ਜੋ ਐਨ ਆਰੰਭ ਤੋਂ[41] ਮੇਰਾ ਰੱਖਿਅਕ[42] ਹੈ ।
੮੪੦	**840**	**੮੪੦**
ਆਦਿ[43] ਜੁਗਾਦੀ[44] ਹੈ ਭੀ ਹੋਗੁ[45] ॥	The Lord was in the beginning[43], in the commencement of ages[44], is now and shall also[45] be.	ਪ੍ਰਭੂ ਆਰੰਭ[43] ਵਿਚ ਤੇ ਯੁਗਾਂ[44] ਦੇ ਸ਼ੁਰੂ ਵਿਚ ਸੀ, ਹੁਣ ਹੈ ਅਤੇ ਅਗੇ ਨੂੰ ਭੀ[45] ਹੋਵੇਗਾ ।
ਓਹੁ[46] ਅਪਰੰਪਰੁ[47] ਕਰਣੈ ਜੋਗੁ[48] ॥੧੧॥	He[46], the Lord is Infinite[47] and Omnipotent[48] to do everything.	ਉਹ[46] ਪ੍ਰਭੂ ਬੇਅੰਤ[47] ਅਤੇ ਸਾਰਾ ਕੁਛ ਕਰਨ ਲਈ ਸਰਬ-ਸ਼ਕਤੀਵਾਨ[48] ਹੈ ।
ਦਸਮੀ[49] ਨਾਮੁ ਦਾਨੁ[50] ਇਸਨਾਨੁ[51] ॥	The tenth[49] (lunar day) : Contemplate thou the Name, share with others[50] and be pure[51].	ਦੱਸਵੀਂ[49] (ਤਿੱਥ) : ਤੂੰ ਨਾਮ ਦਾ ਜਾਪ ਕਰ, ਵੰਡ ਕੇ ਛਕ[50], ਅਤੇ ਪਾਕ-ਪਵਿੱਤਰ[51] ਰਹੁ ।
[52]ਅਨਦਿਨੁ[53]ਮਜਨੁ[54]ਸਚਾ[55] ਗੁਣ[56] ਗਿਆਨੁ[57] ॥	Night[52] and day[53] bath[54] thou in the knowledge[57] of the True[55] Lord's excellences[56].	ਰਾਤ[52] ਅਤੇ ਦਿਨ[53] ਤੂੰ ਸੱਚੇ[55] ਸੁਆਮੀ ਦੇ ਗੁਣਾਂ[56] ਦੀ ਗਿਆਤ[57] ਅੰਦਰ ਇਸ਼ਨਾਨ[54] ਕਰ ।
ਸਚਿ ਮੈਲੁ[58] ਨ ਲਾਗੈ[59] ਭ੍ਰਮੁ[60] ਭਉ[61] ਭਾਗੈ[62] ॥	Filth[58] attaches[59] not to the Truth and through it doubt[60] and dread[61] hasten away[62].	ਸੱਚ ਨੂੰ ਗਿਲਾਜ਼ਤ[58] ਨਹੀਂ ਚਿਮੜਦੀ[59] ਅਤੇ ਇਸ ਦੇ ਰਾਹੀਂ ਸੰਦੇਹ[60] ਅਤੇ ਡਰ[61] ਦੌੜ ਜਾਂਦੇ[62] ਹਨ ।
ਬਿਲਮੁ[63]ਨ ਤੂਟਸਿ[64]ਕਾਚੈ[65] ਤਾਗੈ[66] ॥	The flimsy[65] thread[66] takes no time[63] to break[64].	ਕੱਚੇ[65] ਧਾਗੇ[65] ਦੇ ਟੁੱਟਣ[64] ਨੂੰ ਚਿਰ[63] ਨਹੀਂ ਲੱਗਦਾ ।
ਜਿਉ[67] ਤਾਗਾ ਜਗੁ[68] ਏਵੈ[69] ਜਾਣਹੁ[70] ॥	As[67] is the frail yarn, so[69] know[70] thou the world[68].	ਜਿਸ ਤਰ੍ਹਾਂ[67] ਦੀ ਕੱਚੀ ਤੰਦ ਹੈ, ਤੂੰ ਸੰਸਾਰ[68] ਨੂੰ ਏਸੇ ਤਰ੍ਹਾਂ[69] ਦਾ ਹੀ ਸਮਝ[70] ।
ਅਸਥਿਰੁ[71] ਚੀਤੁ[72] ਸਾਚਿ[73] ਰੰਗੁ[74] ਮਾਣਹੁ[75] ॥੧੨॥	Enjoying[75] the True Lord's[73] love[74], thy mind[72] shall become stable[71].	ਸੱਚੇ ਸੁਆਮੀ[73] ਦੀ ਪ੍ਰੀਤ[74] ਦਾ ਅਨੰਦ ਲੈਣ ਦੁਆਰਾ[75] ਤੇਰਾ ਮਨੂਆ[72] ਅਡੋਲ[71] ਹੋ ਜਾਵੇਗਾ ।
ਏਕਾਦਸੀ[76] ਇਕੁ ਰਿਦੈ[77] ਵਸਾਵੈ[78] ॥ ਹਿੰਸਾ[79] ਮਮਤਾ[80]	The eleven[76] (lunar day) : The mortal should enshrine[78] the One	ਗਿਆਰ੍ਹਵੀਂ[76] (ਥਿੱਤ) : ਪ੍ਰਾਣੀ ਨੂੰ ਆਪਣੇ ਮਨ[77] ਅੰਦਰ ਇਕ ਸੁਆਮੀ ਨੂੰ ਟਿਕਾਉਣਾ[78] ਅਤੇ ਨਿਰਦਈਪੁਣਾ[79],

ਮੋਹੁ[81] ਚੁਕਾਵੈ[82] ॥	Lord in his mind[77] and eschew[82] cruel mindedness[79], egoism[80] and worldly attachment[81].	ਅਪਣੱਤ[80] ਅਤੇ ਸੰਸਾਰੀ ਲਗਨ[81] ਨੂੰ ਤਿਆਗਣਾ[82] ਉਚਿਤ ਹੈ।
ਫਲੁ[83] ਪਾਵੈ[84] ਬ੍ਰਤੁ[85] ਆਤਮ[86] ਚੀਨੈ[87] ॥	He who observes the fasting[85] of knowing[87] his-self[86], earns[84] the profit[83].	ਜੋ ਆਪਣੇ ਆਪ[86] ਨੂੰ ਸਮਝਣ[87] ਦਾ ਵਰਤ[85] ਰੱਖਦਾ ਹੈ, ਉਹ ਲਾਭ[83] ਉਠਾ ਲੈਂਦਾ[84] ਹੈ।
ਪਾਖੰਡਿ[88] ਰਾਚਿ[89] ਤਤੁ[90] ਨਹੀ ਬੀਨੈ[91] ॥	One, who is engrossed[89] in hypocrisy[88] sees[91] not the quintessence[90].	ਜਿਹੜਾ ਪ੍ਰਾਣੀ ਦੰਭ[88] ਅੰਦਰ ਖਚਤ[89] ਹੈ ਉਹ ਅਸਲੀਅਤ[90] ਨੂੰ ਨਹੀਂ ਵੇਖਦਾ[91]।
ਨਿਰਮਲੁ[92] ਨਿਰਾਹਾਰ[93] ਨਿਹਕੇਵਲੁ[94] ॥ ਸੂਚੈ[95] ਸਾਚੇ[96] ਨਾ ਲਾਗੈ[97] ਮਲੁ[98] ॥੧੩॥	The Immaculate Lord[92] is self-sustained[93] and detached[94] and to that Pure[95] and True[96] One, no filth[98] attaches[97].	ਪਵਿੱਤਰ ਪ੍ਰਭੂ[92] ਸਵੈ-ਤ੍ਰਿਪਤ[93] ਅਤੇ ਨਿਰਲੇਪ[94] ਹੈ ਅਤੇ ਉਸ ਪਾਵਨ[95]ਤੇ ਸਤਿਪੁਰਖ[96] ਨੂੰ ਕੋਈ ਮਲੀਣਤਾ[98] ਨਹੀਂ ਚਿਮੜਦੀ[97]।
ਜਹ[99] ਦੇਖਉ[100] ਤਹ[2] ਏਕੋ ਏਕਾ[3] ॥	Wherever[99] I see[100], I see but One Lord[3] there[2].	ਜਿਥੇ ਕਿਤੇ ਭੀ[99] ਮੈਂ ਵੇਖਦਾ[100] ਹਾਂ, ਉਥੇ[2] ਮੈਂ ਕੇਵਲ ਇਕ ਸਾਈਂ[3] ਨੂੰ ਹੀ ਵੇਖਦਾ ਹਾਂ।
ਹੋਰਿ ਜੀਅ[4] ਉਪਾਏ[5] ਵੇਕੋ ਵੇਕਾ[6] ॥	Other creatures[4], He has created[5]of various kinds[6].	ਹੋਰ ਜੀਵ[4], ਉਸ ਨੇ ਅਨੇਕਾਂ ਕਿਸਮਾਂ[6] ਦੇ ਪੈਦਾ ਕੀਤੇ[5] ਹਨ।
ਫਲੋਹਾਰ[7] ਕੀਏ[8] ਫਲੁ[9] ਜਾਇ[10] ॥	By eating[8] fruits alone[7], man loses[10] the life's fruit[9].	ਕੇਵਲ ਫਲ-ਫੁੱਲ[7] ਖਾਣ ਦੁਆਰਾ[8] ਬੰਦਾ ਜੀਵਨ ਦੇ ਫਲ[9] ਨੂੰ ਗੁਆ[10] ਲੈਂਦਾ ਹੈ।
ਰਸ ਕਸ[12] ਖਾਏ[13] ਸਾਦੁ[14] ਗਵਾਇ[15] ॥	Relishing[13] just dainties of various types[12], one loses[15] the taste[14] of the Lord.	ਕੇਵਲ ਅਨੇਕਾਂ ਭਾਂਤਾਂ ਦੀਆਂ ਨਿਆਮਤਾਂ[12] ਮਾਨਣ[13] ਦੁਆਰਾ ਇਨਸਾਨ ਸੁਆਮੀ ਦੇ ਸੁਆਦ[14] ਨੂੰ ਗੁਆ ਲੈਂਦਾ[15] ਹੈ।
ਕੂੜੈ[16] ਲਾਲਚਿ[17] ਲਪਟੈ ਲਪਟਾਇ[18] ॥	In false[16] covetousness[17], the mortal is wholly engrossed[18].	ਝੂਠੇ[16] ਲੋਭ[17] ਅੰਦਰ, ਪ੍ਰਾਣੀ ਪੂਰੀ ਤਰ੍ਹਾਂ ਖਚਤ[18] ਹੋਇਆ ਹੋਇਆ ਹੈ।
ਛੂਟੈ[19] ਗੁਰਮੁਖਿ[20] ਸਾਚੁ ਕਮਾਇ[21] ॥੧੪॥	Practising[21] truth by Guru's grace[20], the mortal is released[19].	ਗੁਰਾਂ ਦੀ ਦਇਆ[20] ਦੁਆਰਾ ਸੱਚ ਦੀ ਕਮਾਈ ਕਰਕੇ[21] ਪ੍ਰਾਣੀ ਦਾ ਛੁਟਕਾਰਾ[19] ਹੋ ਜਾਂਦਾ ਹੈ।
ਦੁਆਦਸਿ[30] ਮੁਦ੍ਰਾ[22] ਮਨੁ[23] ਅਉਧੂਤਾ[24]॥[25]ਅਹਿਨਿਸਿ[26] ਜਾਗਹਿ[27] ਕਬਹਿ[28] ਨ ਸੂਤਾ[29] ॥	The twelfth[30] (lunar day): He,whose soul[23] remains detached[24] from twelve signs[22]; day[25] and night[26] he remains wakeful[27], and sleeps[29] not ever[28].	ਬਾਰ੍ਹਵੀਂ[30] (ਤਿੱਥ) : ਜਿਸ ਦੀ ਆਤਮਾ[23] ਬਾਰਾਂ ਹੀ ਚਿੰਨ੍ਹਾਂ[22] ਤੋਂ ਉਪਰਾਮ[24] ਰਹਿੰਦੀ ਹੈ; ਉਹ ਦਿਨ[25] ਰਾਤ[26] ਖਬਰਦਾਰ[27] ਰਹਿੰਦਾ ਹੈ, ਅਤੇ ਕਦਾਚਿੱਤ[28] ਸੌਂਦਾ[29] ਨਹੀਂ।
ਜਾਗਤੁ ਜਾਗਿ[31] ਰਹੈ ਲਿਵ[32] ਲਾਇ[33] ॥ ਗੁਰ ਪਰਚੈ[34] ਤਿਸੁ[35] ਕਾਲੁ[36] ਨ ਖਾਇ[37] ॥	He who is absorbed[33] in the Lord's love[32], remains ever awake[31]. He has faith[34]in the Guru and him[35] death[36] devours[37] not.	ਜੋ ਪ੍ਰਭੂ ਦੀ ਪ੍ਰੀਤ[32] ਅੰਦਰ ਲੀਨ[33] ਹੈ, ਉਹ ਸਦਾ ਜਾਗਦਾ ਰਹਿੰਦਾ[31] ਹੈ। ਉਸ ਦਾ ਗੁਰਾਂ ਅੰਦਰ ਭਰੋਸਾ[34] ਹੈ ਅਤੇ ਉਸ ਨੂੰ[35]ਮੌਤ[36] ਹੜੱਪ[37]ਨਹੀਂ ਕਰਦੀ।

ਅਤੀਤ[38] ਭਏ[39] ਮਾਰੇ[40] ਬੈਰਾਈ[41] ॥ ਪ੍ਰਣਵਤਿ[42] ਨਾਨਕ ਤਹ[43] ਲਿਵ[44] ਲਾਈ[45] ॥੧੫॥	They who become[39] detached[38] and slay[40] their five adversaries[41], prays[42] Nanak they alone[43] remain merged[45] in the Lord's love[44].	ਜੋ ਉਪਰਾਮ[38] ਹੋ ਜਾਂਦੇ[39] ਹਨ ਅਤੇ ਆਪਣੇ ਪੰਜੇ ਵੈਰੀਆਂ[41] ਨੂੰ ਮਾਰ ਸੁੱਟਦੇ[40] ਹਨ; ਗੁਰੂ ਜੀ ਬਿਨੈ[42] ਕਰਦੇ ਹਨ, ਕੇਵਲ[43] ਉਹ ਹੀ ਪ੍ਰਭੂ ਦੇ ਪ੍ਰੇਮ[44] ਅੰਦਰ ਸਮਾਏ[45] ਰਹਿੰਦੇ ਹਨ ।
ਦੁਆਦਸੀ[46] ਦਇਆ[47] ਦਾਨੁ[48] ਕਰਿ[49] ਜਾਣੈ[50] ॥ ਬਾਹਰਿ[51] ਜਾਤੋ[52] ਭੀਤਰਿ[53] ਆਣੈ[54] ॥	The twelfth[46] (lunar day) : Man should know[50] how to practise[49] compassion[47] and charity[48], and ought to bring[54] home[53] his out[51]-going[52] mind.	ਬਾਰ੍ਹਵੀਂ[46] (ਤਿੱਥ) : ਇਨਸਾਨ ਨੂੰ ਮਿਹਰਬਾਨੀ[47] ਅਤੇ ਖ਼ੈਰਾਤ[48] ਕਰਨੀ[49] ਜਾਨਣੀ[50] ਚਾਹੀਦੀ ਹੈ ਅਤੇ ਉਸ ਨੂੰ ਆਪਣੇ ਬਾਹਰ[51] ਭਟਕਦੇ[52] ਹੋਏ ਮਨੂਏ ਨੂੰ ਘਰ[53] ਵਿਚ ਲਿਆਉਣਾ[54] ਉਚਿਤ ਹੈ ।
ਬਰਤੀ[55] ਬਰਤੁ[56] ਰਹੈ[57] ਨਿਹਕਾਮ[58] ॥	He alone is the faster[55] who observes[57] the fasting[56] of rendering selfless service[58].	ਕੇਵਲ ਉਹ ਵਰਤ ਵਾਲਾ[55] ਹੈ, ਜੋ ਸਵਾਰਥ ਰਹਿਤ[58] ਸੇਵਾ ਕਰਨ ਦਾ ਵਰਤ[56] ਰੱਖਦਾ[57] ਹੈ ।
ਅਜਪਾ[59] ਜਾਪੁ[60] ਜਪੈ[61] ਮੁਖਿ[62] ਨਾਮ ॥	The mortal ought to embrace unuttered[59] meditation[60] and utter[61] the Name with his mouth[62].	ਪ੍ਰਾਣੀ ਨੂੰ ਉਚਾਰਨ-ਰਹਿਤ[59] ਸਿਮਰਨ[60] ਅਤੇ ਆਪਣੇ ਮੂੰਹ[62] ਨਾਲ ਨਾਮ ਦਾ ਉਚਾਰਨ[61] ਕਰਨਾ ਉਚਿੱਤ ਹੈ ।
ਤੀਨਿ ਭਵਣ[63] ਮਹਿ[64] ਏਕੋ ਜਾਣੈ[65] ॥	Knows[65] he the One Lord contained in[64] the three worlds[63].	ਉਹ ਇਕ ਸਾਈਂ ਨੂੰ ਤਿੰਨਾਂ ਲੋਕਾਂ[63] ਅੰਦਰ[64] ਵਿਆਪਕ ਸਮਝਦਾ[65] ਹੈ ।
ਸਭਿ[66] ਸੁਚਿ[67] ਸੰਜਮ[68] ਸਾਚੁ[69] ਪਛਾਣੈ[70] ॥੧੬॥	Purity[67] and continence[68] are all[66] contained in knowing[70] the True Lord[69].	ਪਵਿੱਤਰਤਾ[67] ਤੇ ਪ੍ਰਹੇਜ਼ਗਾਰੀ[68] ਸਮੂਹ[66] ਸੱਚੇ ਸਾਹਿਬ[69] ਨੂੰ ਜਾਨਣ[70] ਵਿਚ ਆ ਜਾਂਦੀਆਂ ਹਨ ।
ਤੇਰਸਿ[71] ਤਰਵਰ[72] ਸਮੁਦ[73] ਕਨਾਰੈ[74] ॥	The thirteenth[71] (lunar day): The mortal is like a tree[72] on the sea[73]-shore[74].	ਤੇਰ੍ਹਵੀਂ[71] (ਤਿੱਥ) : ਪ੍ਰਾਣੀ ਸਮੁੰਦਰ[73] ਦੇ ਕੰਢੇ[74] ਦੇ ਬਿਰਛ[72] ਦੀ ਤਰ੍ਹਾਂ ਹੈ ।
ਅੰਮ੍ਰਿਤੁ[75] ਮੂਲੁ[76] ਸਿਖਰਿ[77] ਲਿਵ[78] ਤਾਰੈ[79] ॥	But immortal[75] can become his root[76], if his mind[77] remains attached with the string[79] of the Lord's love[78].	ਪ੍ਰੰਤੂ ਅਮਰ[75] ਹੋ ਸਕਦੀ ਉਸ ਦੀ ਜੜ੍ਹ[76], ਜੇਕਰ ਉਸ ਦਾ ਮਨ[77] ਪ੍ਰਭੂ ਦੀ ਪ੍ਰੀਤ[78] ਦੀ ਡੋਰ[79] ਨਾਲ ਜੁੜਿਆ ਰਹੇ ।
ਡਰ[80] ਡਰਿ[81] ਮਰੈ[82] ਨ ਬੂਡੈ[83] ਕੋਇ[84] ॥	He then no way[84] dies[82] of fear[80] and dread[81], nor is he ever drowned[83].	ਤਦ ਉਹ ਭੈ[80] ਤੇ ਤ੍ਰਾਹ[81] ਨਾਲ ਕਿਵੇਂ ਭੀ[84] ਨਹੀਂ ਮਰਦਾ[82], ਨਾ ਹੀ ਉਹ ਕਦੇ ਡੁਬਦਾ[83] ਹੈ ।
ਨਿਡਰੁ[85] ਬੂਡਿ ਮਰੈ ਪਤਿ[86] ਖੋਇ[87] ॥	The mortal bereft of fear[85] of the Lord, is drowned to death and loses[87] his honour[86].	ਪ੍ਰਭੂ ਦੇ ਭੈ ਤੋਂ ਸੱਖਣਾ[85] ਪ੍ਰਾਣੀ ਡੁੱਬ ਮਰਦਾ ਹੈ ਅਤੇ ਆਪਣੀ ਇੱਜ਼ਤ-ਆਬਰੂ[86] ਗੁਆ ਬਹਿੰਦਾ[87] ਹੈ ।
ਡਰ[88] ਮਹਿ[89] ਘਰੁ[90] ਘਰ ਮਹਿ ਡਰੁ ਜਾਣੈ[91] ॥ ਤਖਤਿ[92] ਨਿਵਾਸੁ[93] ਸਚੁ[94]	He who enshrines the Lord's fear[88] in[89] his mind[90] and knows[91] His fear within his mind; sits[93] on the	ਜੋ ਆਪਣੇ ਮਨ[90] ਅੰਦਰ[89] ਪ੍ਰਭੂ ਦੇ ਭੈ[88] ਨੂੰ ਟਿਕਾਉਂਦਾ ਹੈ ਅਤੇ ਉਸ ਦੇ ਭੈ ਨੂੰ ਆਪਣੇ ਮਨ ਅੰਦਰ ਜਾਣਦਾ[91] ਹੈ, ਰਾਜ ਸਿੰਘਾਸਣ[92] ਤੇ ਬੈਠਦਾ[93] ਹੈ ਅਤੇ ਸੱਚੇ

ਮਨਿ[95] ਭਾਣੈ[96] ॥੧੭॥	throne[92] and becomes pleasing[96] to the True Lord's[94] mind[95].	ਸਾਈਂ[94] ਦੇ ਚਿੱਤ[95] ਨੂੰ ਚੰਗਾ[96] ਲੱਗਦਾ ਹੈ।
ਚਉਦਸਿ[97] ਚਉਥੇ[98] ਥਾਵਹਿ[99] ਲਹਿ[100] ਪਾਵੈ ॥ ਰਾਜਸ[2] ਤਾਮਸ[3] ਸਤ[4] ਕਾਲ[5] ਸਮਾਵੈ[6] ॥	The fourteenth[97] (lunar day) : The man who deeply enters into[100] the fourth[98] place[99] (state) who overcomes[6] time[5] and the three qualities of optimism[2], egotism[3] and pessimism[4],	ਚੌਧਵੀਂ[97] (ਤਿੱਥ) : ਜਿਹੜਾ ਇਨਸਾਨ ਚੌਥੀ[98] ਜਗ੍ਹਾ[99] (ਅਵਸਥਾ) ਅੰਦਰ ਪ੍ਰਵੇਸ਼ ਕਰ ਜਾਂਦਾ[100] ਹੈ, ਜੋ ਸਮੇਂ[5] ਅਤੇ ਰਜੋਂ[2], ਤਮੋਂ[3] ਤੇ ਸਤੋਂ[4] ਦੇ ਤਿੰਨਾਂ ਗੁਣਾਂ ਉਤੇ ਕਾਬੂ ਪਾ ਲੈਂਦਾ[6] ਹੈ,
ਸਸੀਅਰ[7] ਕੈ ਘਰਿ[8] ਸੂਰੁ[9] ਸਮਾਵੈ[10] ॥ ਜੋਗ[12]ਜੁਗਤਿ[13] ਕੀ ਕੀਮਤਿ[14] ਪਾਵੈ[15] ॥	Who lets in[10] the sun[9] of wisdom in the moon's[7] house[8] of darkness and who knows[15] the worth[14] of the way[13] of union[12] with the Lord;	ਜੋ ਅਕਲਮੰਦੀ ਦੇ ਸੂਰਜ[9] ਨੂੰ ਚੰਦਰਮਾ[7] ਦੇ ਅਨ੍ਹੇਰੇ ਦੇ ਧਾਮ[8] ਅੰਦਰ ਦਾਖ਼ਲ ਕਰ ਲੈਂਦਾ[10] ਹੈ ਅਤੇ ਜੋ ਪ੍ਰਭੂ ਨਾਲ ਮਿਲਾਪ[12] ਦੀ ਵਿਧੀ[13] ਦਾ ਮੁੱਲ[14] ਜਾਣਦਾ[15] ਹੈ;
ਚਉਦਸਿ[16] ਭਵਨ[17] ਪਾਤਾਲ[18] ਸਮਾਏ[19]॥ ਖੰਡ[20] ਬ੍ਰਹਮੰਡ[21] ਰਹਿਆ ਲਿਵ[22] ਲਾਏ[23] ॥੧੮॥	He remains absorbed[23] in the love[22] of the Lord, who is pervading[19] the fourteen[16] worlds[17], nether land[18], continents[20] and the solar systems[21].	ਉਹ ਉਸ ਸਾਹਿਬ ਦੀ ਪ੍ਰੀਤ[22]ਅੰਦਰ ਲੀਨ[23] ਰਹਿੰਦਾ ਹੈ, ਜੋ ਚੌਦਾਂ[16] ਪੁਰੀਆਂ[17], ਪਇਆਲ[18], ਮਹਾਂਦੀਪ[20] ਅਤੇ ਸੂਰਜ ਮੰਡਲਾਂ[21] ਅੰਦਰ ਵਿਆਪਕ[19] ਹੋ ਰਿਹਾ ਹੈ।
ਅਮਾਵਸਿਆ[24] ਚੰਦੁ[25] ਗੁਪਤੁ[26] ਗੈਣਾਰਿ[27] ॥	The day of no moon[24]: On the night, the moon[25] remains invisible[26] in the sky[27].	ਮੱਸਿਆ[24] : ਉਸ ਰਾਤ ਚੰਦਰਮਾ[25] ਅਸਮਾਨ[27] ਵਿਚ ਅਦ੍ਰਿਸ਼ਟ[26] ਰਹਿੰਦਾ ਹੈ।
ਬੂਝਹੁ[28]ਗਿਆਨੀ[29] ਸਬਦੁ[30] ਬੀਚਾਰਿ[31] ॥	O wiseman[29], understand[28] and contemplate[31] thou the Lord's Name[30].	ਹੇ ਸਿਆਣੇ[29] ਬੰਦੇ ! ਤੂੰ ਸਾਈਂ ਦੇ ਨਾਮ[30] ਨੂੰ ਸਮਝ[28] ਅਤੇ ਸਿਮਰ[31]।
ਸਸੀਅਰੁ[32]ਗਗਨਿ[33] ਜੋਤਿ[34] ਤਿਹੁ[35] ਲੋਈ[36] ॥	When the moon[32] rises in the sky[33], its light[34] illumines the three[35] worlds[36].	ਜਦ ਚੰਦਰਮਾ[32] ਅਸਮਾਨ[33] ਵਿਚ ਚੜ੍ਹਦਾ ਹੈ ਤਾਂ ਇਸ ਦਾ ਚਾਨਣ[34] ਤਿੰਨਾਂ[35] ਜਹਾਨਾਂ[36] ਨੂੰ ਰੋਸ਼ਨ ਕਰ ਦਿੰਦਾ ਹੈ।
ਕਰਿ[37] ਕਰਿ[38]ਵੇਖੈ ਕਰਤਾ[39] ਸੋਈ[40] ॥	Creating[37] His creation[38], that[40] Creator[39] sees it.	ਆਪਣੀ ਰਚਨਾ[38] ਨੂੰ ਰਚ ਕੇ[37], ਉਹ[40] ਕਰਤਾਰ[39] ਇਸ ਨੂੰ ਦੇਖਦਾ ਹੈ।
ਗੁਰ ਤੇ[41]ਦੀਸੈ[42]ਸੋ[43] ਤਿਸ[44] ਹੀ ਮਾਹਿ[45] ॥	He, who sees[42] the Lord, through[41] the Guru; merges he[43] into[45] Him[44].	ਜੋ ਗੁਰਾਂ ਦੇ ਰਾਹੀਂ[41] ਪ੍ਰਭੂ ਨੂੰ ਵੇਖ ਲੈਂਦਾ[42] ਹੈ, ਉਹ[43] ਉਸ[44] ਅੰਦਰ[45] ਹੀ ਲੀਨ ਹੋ ਜਾਂਦਾ ਹੈ।
ਮਨਮੁਖਿ[46]ਭੂਲੇ[47] ਆਵਹਿ[48] ਜਾਹਿ[49] ॥੧੯॥	The perverse persons[46] are gone astray[47] and continue coming[48] and going[49].	ਪ੍ਰਤੀਕੂਲ ਪੁਰਸ਼[46] ਕੁਰਾਹੇ ਪਏ ਹੋਏ[47] ਹਨ ਅਤੇ ਆਉਂਦੇ[48] ਤੇ ਜਾਂਦੇ[49] ਰਹਿੰਦੇ ਹਨ।
ਘਰੁ ਦਰੁ[50] ਥਾਪਿ[51] ਥਿਰੁ[52] ਥਾਨਿ[53] ਸੁਹਾਵੈ[54] ॥	He, who establishes[51] his hearth and home[50], obtains a permanent[52] seat[53] and looks beauteous[54].	ਜੋ ਆਪਣਾ ਘਰਬਾਰ[50] ਕਾਇਮ ਕਰ ਲੈਂਦਾ[51] ਹੈ, ਉਹ ਪੱਕਾ[52] ਟਿਕਾਣਾ[53] ਪਰਾਪਤ ਕਰ ਲੈਂਦਾ ਹੈ ਅਤੇ ਸੁੰਦਰ[54] ਦਿੱਸਦਾ ਹੈ।
ਆਪੁ[55] ਪਛਾਣੈ[56] ਜਾ[57]	When[57] man attains to the True	ਜਦ[57] ਇਨਸਾਨ ਸੱਚੇ ਗੁਰਾਂ ਨੂੰ ਪਾ ਲੈਂਦਾ ਹੈ, ਤਦ

ਸਤਿਗੁਰੁ ਪਾਵੈ ॥

Guru, he comes to understand[56] his ownself[55].

ਉਹ ਆਪਣੇ ਆਪ[55] ਨੂੰ ਸਮਝ ਲੈਂਦਾ[56] ਹੈ ।

ਜਹ[58] ਆਸਾ[59] ਤਹ[60] ਬਿਨਸਿ[61] ਬਿਨਾਸਾ[62] ॥ ਫੂਟੈ[63] ਖਪਰੁ[64] ਦੁਬਿਧਾ[65] ਮਨਸਾ[66] ॥

Wherever[58] there is desire[59], there[60] is destruction[61] and ruination[62] and bowl[64] of duality[65] and selfishness[66] bursts[63].

ਜਿਥੇ[58] ਖ਼ਾਹਿਸ਼[59] ਹੈ,ਉਥੇ[60] ਬਰਬਾਦੀ[61] ਅਤੇ ਤਬਾਹੀ[62] ਅਤੇ ਦਵੈਤ-ਭਾਵ[65] ਤੇ ਖ਼ੁਦਗਰਜ਼ੀ[66] ਦਾ ਠੂਠਾ[64] ਟੁਟ ਜਾਂਦਾ[63] ਹੈ ।

ਮਮਤਾ[67] ਜਾਲ[68] ਤੇ ਰਹੈ ਉਦਾਸਾ[69] ॥ ਪ੍ਰਣਵਤਿ[70] ਨਾਨਕ ਹਮ[71] ਤਾਕੇ[72] ਦਾਸਾ[73] ॥੨੦॥੧॥

Prays[70] Nanak, of him[72] I[71] am a slave[73], who remains detached[69] amidst the snares[68] of worldly attachments[67].

ਗੁਰੂ ਜੀ ਬੇਨਤੀ[70] ਕਰਦੇ ਹਨ, ਮੈਂ[71] ਉਸ ਦਾ[72] ਗੋਲਾ[73] ਹਾਂ ਜੋ ਸੰਸਾਰੀ ਲਗਨਾਂ[67] ਦੇ ਫੰਧਿਆਂ[68] ਵਿਚ ਨਿਰਲੇਪ[69] ਰਹਿੰਦਾ ਹੈ ।

੮੪੧

ਬਿਲਾਵਲੁ ਮਹਲਾ ੩
ਵਾਰ[74] ਸਤੁ[75] ਘਰੁ ੧੦

841

Bilawal 3rd Guru
The seven[75] days[74]

੮੪੧

ਬਿਲਾਵਲੁ ਤੀਜੀ ਪਾਤਿਸ਼ਾਹੀ
ਸਤ[75] ਦਿਨ[74]

ੴ ਸਤਿਗੁਰ ਪ੍ਰਸਾਦਿ ॥

There is but One God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਰਹਿਮਤ ਸਦਕਾ, ਉਹ ਪਰਾਪਤ ਹੁੰਦਾ ਹੈ ।

ਆਦਿਤ ਵਾਰਿ[76] ਆਦਿ ਪੁਰਖੁ[77] ਹੈ ਸੋਈ[78]॥ ਆਪੇ[81] ਵਰਤੈ[79]ਅਵਰੁ[80] ਨ ਕੋਈ ॥

Sunday[76]: He[78] alone is the Primordial Lord[77]. He Himself[81] is the Doer[79]. There is not another[80].

ਐਤਵਾਰ[76]: ਕੇਵਲ ਉਹ[78] ਹੀ ਪਰਾਪੂਰਬਲਾ[77] ਪ੍ਰਭੂ ਉਹ ਆਪ[81] ਹੀ ਕਰਨਹਾਰ[79] ਹੈ । ਹੋਰ ਕੋਈ[80] ਹੈ ਹੀ ਨਹੀਂ ।

ਓਤਿ[82]ਪੋਤਿ[83]ਜਗੁ[84]ਰਹਿਆ ਪਰੋਈ[85] ॥

Like warp[82] and woof[83], He has woven[85] Himself in the world[84].

ਤਾਣੇ[82] ਪੇਟੇ[83] ਦੀ ਤਰ੍ਹਾਂ, ਉਸ ਨੇ ਆਪਣੇ ਆਪ ਨੂੰ ਸੰਸਾਰ[84] ਅੰਦਰ ਉਣਿਆ ਹੋਇਆ[85] ਹੈ !

ਆਪੇ ਕਰਤਾ[86] ਕਰੈ ਸੁ[87] ਹੋਈ[88] ॥

Whatever the Creator[86] Himself does, that[87] alone happens[88].

ਜਿਹੜਾ ਕੁਛ ਸਿਰਜਣਹਾਰ[86] ਖ਼ੁਦ ਕਰਦਾ ਹੈ, ਕੇਵਲ ਉਹ[87] ਹੀ ਹੁੰਦਾ ਹੈ[88] ।

ਨਾਮਿ[89] ਰਤੇ ਸਦਾ[90] ਸੁਖੁ[91] ਹੋਈ ॥

Imbued[89] with the Name one is ever[90] in peace[91].

ਨਾਮ ਨਾਲ ਰੰਗੀਜਣ[89] ਦਵਾਰਾ ਬੰਦਾ ਹਮੇਸ਼ਾ[90]ਆਰਾਮ[91] ਵਿਚ ਰਹਿੰਦਾ ਹੈ ।

ਗੁਰਮੁਖਿ[92]ਵਿਰਲਾ[93] ਬੂਝੈ[94] ਕੋਈ ॥੧॥

By Guru's grace[92] some rare one[93] understands[94] this.

ਗੁਰਾਂ ਦੀ ਦਇਆ[92] ਦੁਆਰਾ ਕੋਈ ਵਿਰਲਾ[93] ਹੀ ਇਸ ਗੱਲ ਨੂੰ ਸਮਝਦਾ[94] ਹੈ ।

ਹਿਰਦੈ[95] ਜਪਨੀ[96] ਜਪਉ[97] ਗੁਣ[98] ਤਾਸਾ[99] ॥

Within my mind[95], I tell the beads[97] of the rosary[96] of the Treasure[99] of virtues[98].

ਆਪਣੇ ਮਨ[95] ਅੰਦਰ, ਮੈਂ ਨੇਕੀਆਂ[98] ਦੇ ਖ਼ਜ਼ਾਨੇ[99] ਦੀ ਮਾਲਾ[96] ਫੇਰਦਾ[97] ਹਾਂ ।

ਹਰਿ ਅਗਮ[100] ਅਗੋਚਰੁ[2] ਅਪਰੰਪਰ[3] ਸੁਆਮੀ ਜਨ[4] ਪਗਿ[5] ਲਗਿ[6] ਧਿਆਵਹੁ[7]

My God is Unintelligible[100], Imperceptible[2] and Infinite[3]. Repairing[6] to the saints'[4] feet[5] and becoming[8]

ਮੇਰਾ ਵਾਹਿਗੁਰੂ ਅਗਾਧ[100], ਅਦ੍ਰਿਸ਼ਟ[2] ਅਤੇ ਬੇਅੰਤ[3] ਹੈ । ਸੰਤਾਂ[4] ਦੇ ਚਰਣੀ[5] ਪੈ[6] ਅਤੇ ਸਾਹਿਬ ਦੇ ਗੋਲਿਆਂ ਦਾ ਗੋਲਾ[9] ਬਣ[8], ਮੈਂ ਉਸ ਦਾ

ਹੋਇ[8] ਦਾਸਨਿ ਦਾਸਾ[9] ॥ ੧॥ਰਹਾਉ॥	the slave[9] of the Lord's slave, meditate[7] I on Him. Pause.	ਸਿਮਰਨ[7] ਕਰਦਾ ਹਾਂ । ਠਹਿਰਾਉ ।
ਸੋਮਵਾਰਿ ਸਚਿ[10] ਰਹਿਆ ਸਮਾਇ[12] ॥	Monday: the True Lord[10] is pervading[12] all.	ਸੋਮ : ਸੱਚਾ ਸੁਆਮੀ[10] ਸਾਰੇ ਵਿਆਪਕ[12] ਹੋ ਰਿਹਾ ਹੈ ।
ਤਿਸ[13]ਕੀ ਕੀਮਤਿ[14] ਕਹੀ[15] ਨ ਜਾਇ ॥	His[13] worth[14] can be told[15] not.	ਉਸ ਦਾ[13] ਮੁੱਲ[14] ਆਖਿਆ[15] ਨਹੀਂ ਜਾ ਸਕਦਾ ।
ਆਖਿ[16] ਆਖਿ[17] ਰਹੇ[18] ਸਭਿ[19] ਲਿਵ[20] ਲਾਇ[21] ॥	Narrating[16] and describing[17] the Lord, all[19] keep[18] their attention[20] fixed[21] in Him.	ਸੁਆਮੀ ਨੂੰ ਬਿਆਨ[16] ਤੇ ਵਰਣਨ[17] ਕਰਨ ਦੁਆਰਾ, ਸਾਰੇ[19] ਉਸ ਵਿਚ ਆਪਣੀ ਬਿਰਤੀ[20] ਜੋੜੀ[21] ਰੱਖਦੇ[18] ਹਨ ।
ਜਿਸੁ[22] ਦੇਵੈ[23]ਤਿਸੁ[24]ਪਲੈ[25] ਪਾਇ[26] ॥	The Name falls[26] in the skirt[25] of him[24], whom[22] the Lord blesses with[23] it.	ਨਾਮ ਉਸ ਦੀ[24] ਝੋਲੀ[25] ਵਿਚ ਪੈਂਦਾ[26] ਹੈ, ਜਿਸ ਨੂੰ[22] ਸੁਆਮੀ ਇਸ ਦੀ ਬਖ਼ਸ਼ਿਸ਼ ਕਰਦਾ[23] ਹੈ ।
ਅਗਮ[27] ਅਗੋਚਰੁ[28] ਲਖਿਆ[29] ਨ ਜਾਇ ॥	My Lord is Inaccessible[27] and Incomprehensible[28] and can be perceived[29] not.	ਮੇਰਾ ਮਾਲਕ ਪਹੁੰਚ ਤੋਂ ਪਰੇ[27] ਅਤੇ ਸੋਚ ਸਮਝ ਤੋਂ ਉਚੇਰਾ[28] ਹੈ ਅਤੇ ਵੇਖਿਆ[29] ਨਹੀਂ ਜਾ ਸਕਦਾ ।
ਗੁਰ ਕੈ ਸਬਦਿ[30] ਹਰਿ ਰਹਿਆ ਸਮਾਇ[31] ॥੨॥	By Guru's instruction[30] God is seen pervading[31] all.	ਗੁਰਾਂ ਦੇ ਉਪਦੇਸ਼[30] ਦੁਆਰਾ ਹਰੀ ਸਾਰੇ ਵਿਆਪਕ[31] ਵੇਖਿਆ ਜਾਂਦਾ ਹੈ ।
ਮੰਗਲਿ ਮਾਇਆ[32] ਮੋਹੁ[33] ਉਪਾਇਆ[34] ॥	Tuesday: The Lord Himself has created[34] love[33] for worldly valuables[32].	ਮੰਗਲਵਾਰ : ਪ੍ਰਭੂ ਨੇ ਆਪੇ ਹੀ ਸੰਸਾਰੀ ਪਦਾਰਥਾਂ[32] ਦੀ ਮੁਹੱਬਤ[33] ਉਤਪੰਨ ਕੀਤੀ[34] ਹੈ ।
ਆਪੇ ਸਿਰਿ ਸਿਰਿ[35] ਧੰਧੈ[36] ਲਾਇਆ[37] ॥	He Himself has yoked[37] all the men[35] to their tasks[36].	ਉਸ ਨੇ ਆਪ ਹੀ ਸਾਰਿਆਂ ਇਨਸਾਨਾਂ[35] ਨੂੰ ਆਪਣੇ ਕੰਮੀਂ ਕਾਜੀਂ[36] ਜੋੜਿਆ[37] ਹੋਇਆ ਹੈ ।
ਆਪਿ[40] ਬੁਝਾਏ[41] ਸੋਈ[38] ਬੂਝੈ[39] ॥	He[38] alone understands[39] Him, whom He Himself[40] instructs[41].	ਕੇਵਲ ਉਹ ਹੀ[38] ਉਸ ਨੂੰ ਸਮਝਦਾ[39] ਹੈ, ਜਿਸ ਨੂੰ ਉਹ ਖ਼ੁਦ[40] ਦਰਸਾਉਂਦਾ[41] ਹੈ ।
ਗੁਰ ਕੈ ਸਬਦਿ[42]ਦਰੁ ਘਰੁ[43] ਸੂਝੈ[44] ॥	By Guru's instruction[42], the mortal comes to comprehend[44] his hearth and home[43].	ਗੁਰਾਂ ਦੇ ਉਪਦੇਸ਼[42] ਦੁਆਰਾ, ਪ੍ਰਾਨੀ ਆਪਣੇ ਘਰ-ਬਾਰ[43] ਨੂੰ ਸਮਝ ਲੈਂਦਾ[44] ਹੈ ।
ਪ੍ਰੇਮ ਭਗਤਿ[45] ਕਰੇ ਲਿਵ ਲਾਇ[46]॥ ਹਉਮੈ[47]ਮਮਤਾ[48] ਸਬਦਿ[49] ਜਲਾਇ[50] ॥੩॥	Then lovingly[46] performs he the Lord's devotional service[45] and burns[50] his egotism[47] and egoism[48] with the Name[49].	ਤਦ ਉਹ ਪਿਆਰ ਨਾਲ[46] ਪ੍ਰਭੂ ਦੀ ਅਨੁਰਾਗੀ ਸੇਵਾ[45] ਕਰਦਾ ਹੈ ਅਤੇ ਆਪਣੀ ਹੰਗਤਾ[47] ਅਤੇ ਅਪਣੱਤ[48] ਨੂੰ ਨਾਮ[49] ਨਾਲ ਸਾੜ ਸੁਟਦਾ[50] ਹੈ ।
ਬੁਧਵਾਰਿ ਆਪੇ ਬੁਧਿ[51] ਸਾਰੁ[52] ॥	Wednesday: The Lord Himself blesses man with sublime[52] understanding[51].	ਬੁਧਵਾਰ : ਪ੍ਰਭੂ ਆਪ ਹੀ ਇਨਸਾਨ ਨੂੰ ਸਰੇਸ਼ਟ[52] ਸਮਝ[51] ਪਰਦਾਨ ਕਰਦਾ ਹੈ ।
ਗੁਰਮੁਖਿ[54]ਕਰਣੀ[55]ਸਬਦੁ[56]	By Guru's grace[54], he then does	ਗੁਰਾਂ ਦੀ ਰਹਿਮਤ[54] ਸਦਕਾ, ਤਦ ਉਹ ਚੰਗੇ ਅਮਲ[55]

ਵੀਚਾਰੁ[57] ॥	good deeds[55] and meditates[57] on the Name[56].	ਕਮਾਉਂਦਾ ਅਤੇ ਨਾਮ[56] ਦਾ ਸਿਮਰਨ[57] ਕਰਦਾ ਹੈ।
ਨਾਮਿ ਰਤੇ[58] ਮਨੁ ਨਿਰਮਲੁ[59] ਹੋਇ ॥	Imbued[58] with the Name, his mind becomes pure[59].	ਨਾਮ ਦੇ ਨਾਲ ਰੰਗੀਜਣ[58] ਦੁਆਰਾ ਉਸ ਦਾ ਚਿੱਤ ਪਵਿੱਤਰ[59] ਹੋ ਜਾਂਦਾ ਹੈ।
ਹਰਿ ਗੁਣ[60] ਗਾਵੈ ਹਉਮੈ[61] ਮਲੁ[62] ਖੋਇ[63] ॥	He sings the Lord's praise[60] and washes off[63] his filth[62] of pride[61].	ਉਹ ਪ੍ਰਭੂ ਦੀ ਮਹਿਮਾ[60] ਗਾਇਨ ਕਰਦਾ ਹੈ ਅਤੇ ਆਪਣੀ ਹੰਗਤਾ[61] ਦੀ ਗੰਦਗੀ[62] ਨੂੰ ਧੋ ਸੁੱਟਦਾ[63] ਹੈ।
ਦਰਿ[64] ਸਚੈ ਸਦ[65] ਸੋਭਾ[66] ਪਾਏ ॥	In the Lord's True Court[64], he ever[65] obtains glory[66].	ਸਾਈਂ ਦੀ ਸੱਚੀ ਦਰਗਾਹ[64] ਅਦਰ ਉਹ ਹਮੇਸ਼ਾ[65] ਪ੍ਰਭੁਤਾ[66] ਪਾਉਂਦਾ ਹੈ।
ਨਾਮਿ ਰਤੇ[67] ਗੁਰ ਸਬਦਿ[68] ਸੁਹਾਏ[69] ॥੪॥	Imbued[67] with the Name, he is embellished[69] with the Guru's Word[68].	ਨਾਮ ਨਾਲ ਰੰਗੀਜ[67], ਉਹ ਗੁਰ-ਸ਼ਬਦ[68] ਨਾਲ ਸੁਭਾਇਮਾਨ[69] ਹੁੰਦਾ ਹੈ।
ਲਾਹਾ[70] ਨਾਮੁ ਪਾਏ ਗੁਰ ਦੁਆਰਿ[71] ॥	The profit[70] of the Name is obtained through the Guru's door[71].	ਨਾਮ ਦਾ ਲਾਭ[70] ਗੁਰਾਂ ਦੇ ਦਰ[71] ਦੇ ਰਾਹੀਂ ਪਰਾਪਤ ਹੁੰਦਾ ਹੈ।
ਆਪੇ ਦੇਵੈ[72] ਦੇਵਣਹਾਰੁ[73]॥	Lord, the Giver[73], Himself blesses[72] man with it.	ਦੇਣ ਵਾਲਾ[73] ਸੁਆਮੀ ਖੁਦ ਹੀ ਬੰਦੇ ਨੂੰ ਇਸ ਦੀ ਦਾਤ ਦਿੰਦਾ[72] ਹੈ।
ਜੋ ਦੇਵੈ ਤਿਸ[74] ਕਉ ਬਲਿ[75] ਜਾਈਐ ॥	He, who gives thus; unto Him[74] I am devoted[75].	ਜਿਹੜਾ ਇਸ ਤਰ੍ਹਾਂ ਦਿੰਦਾ ਹੈ, ਉਸ[74] ਉਤੋਂ ਮੈਂ ਸਦਕੇ[75] ਜਾਂਦਾ ਹਾਂ।
ਗੁਰ ਪਰਸਾਦੀ[76] ਆਪੁ[77] ਗਵਾਈਐ[78] ॥	By Guru's grace[76], self-conceit[77] is dispelled[78].	ਗੁਰਾਂ ਦੀ ਦਇਆ[76] ਦੁਆਰਾ ਸਵੈ-ਹੰਗਤਾ[77] ਦੂਰ ਹੋ ਜਾਂਦੀ[78] ਹੈ।
ਨਾਨਕ ਨਾਮੁ ਰਖਹੁ [79]ਉਰਧਾਰਿ[80] ॥	O Nanak, keep thou the Lord's Name clasped[80] to thy heart[79].	ਹੇ ਨਾਨਕ ! ਤੂੰ ਪ੍ਰਭੂ ਦੇ ਨਾਮ ਨੂੰ ਆਪਣੇ ਦਿਲ[79] ਨਾਲ ਲਾਈ ਰੱਖ[80]।
ਦੇਵਣਹਾਰੇ[81] ਕਉ ਜੈਕਾਰੁ[82] ॥੫॥	Unto the Beneficent[81] Lord, I pay my respectful homage[82].	ਦਾਤਾਰ[81] ਪ੍ਰਭੂ ਨੂੰ ਮੈਂ ਸਨਿਮਰ ਪ੍ਰਣਾਮ[82] ਕਰਦਾ ਹਾਂ।
ਵੀਰ ਵਾਰਿ ਵੀਰ[83] ਭਰਮਿ[84] ਭੁਲਾਏ[85] ॥	Thursday : The fifty-two warriors[83] like Hanuman are deluded[85] by doubt[84].	ਵੀਰਵਾਰ, ਬਵੰਜਾ, ਹਨੂਮਾਨ ਆਦਿ, ਯੋਧੇ[83] ਸੰਦੇਹ[84] ਅੰਦਰ ਗੁਮਰਾਹ[85] ਹੋਏ ਹੋਏ ਹਨ।
ਪ੍ਰੇਤ[86] ਭੂਤ[87] ਸਭਿ ਦੂਜੈ[88] ਲਾਏ[89] ॥	All the goblins[86] and demons[87] are attached[89] to another[88].	ਸਾਰੇ ਜਿੰਨ[86] ਅਤੇ ਭੂਤ[87] ਹੋਰਸ[88] ਨਾਲ ਜੁੜੇ ਹੋਏ[89] ਹਨ।
ਆਪਿ[90] ਉਪਾਏ[91] ਕਰਿ ਵੇਖੈ[92] ਵੇਕਾ[93] ॥	Himself[90] creating[91] all, the Lord beholds[92] them in their distinctiveness[93].	ਖੁਦ[90] ਹੀ ਸਾਰਿਆਂ ਨੂੰ ਰਚ ਕੇ[91] ਸੁਆਮੀ ਉਨ੍ਹਾਂ ਨੂੰ ਉਨ੍ਹਾਂ ਦੇ ਅਲਹਿਦਾਪਣ[93] ਵਿਚ ਵੇਖਦਾ[92] ਹੈ।
ਸਭਨਾ ਕਰਤੇ[94] ਤੇਰੀ ਟੇਕਾ[95] ॥	O my Creator[94], everyone has Thine prop[95].	ਹੇ ਮੇਰੇ ਸਿਰਜਣਹਾਰ[94] ! ਸਾਰਿਆਂ ਨੂੰ ਤੇਰਾ ਹੀ ਆਸਰਾ[95] ਹੈ।
ਜੀਅ[96] ਜੰਤ[97] ਤੇਰੀ ਸਰਣਾਈ[98] ॥	The mortals[96] and creatures[97] are under Thy protection[98].	ਪ੍ਰਾਣੀ[96] ਤੇ ਜੀਵ-ਜੰਤੂ[97] ਆਦਿ ਤੇਰੀ ਪਨਾਹ[98] ਹੇਠਾਂ ਹਨ।

ਸੋ[98*] ਮਿਲੈ ਜਿਸੁ[99] ਲੈਹਿ ਮਿਲਾਈ[100] ॥੬॥	He[98*] alone meets Thee, whom[99] Thou, O Lord makest to meet[100].	ਕੇਵਲ ਉਹ[98*] ਹੀ ਤੈਨੂੰ ਮਿਲਦਾ ਹੈ, ਹੇ ਪ੍ਰਭੂ ! ਜਿਸ[99] ਨੂੰ ਤੂੰ ਮਿਲਾਉਂਦਾ[100] ਹੈਂ ।
ਸੁਕ੍ਰਵਾਰਿ ਪ੍ਰਭੁ ਰਹਿਆ ਸਮਾਈ[2] ॥	Friday : My Master is pervading[2] all.	ਸ਼ੁਕਰਵਾਰ : ਮੇਰਾ ਮਾਲਕ ਸਾਰੇ ਵਿਆਪਕ[2] ਹੋ ਰਿਹਾ ਹੈ।
ਆਪਿ[3] ਉਪਾਇ[4] ਸਭ ਕੀਮਤਿ[5] ਪਾਈ[6] ॥	Himself[3] creating[4] all, the Lord appraises[6] the worth[5] of each.	ਖ਼ੁਦ[3] ਸਾਰਿਆਂ ਨੂੰ ਰਚ ਕੇ[4], ਸੁਆਮੀ ਹਰ ਇਕਸ ਦਾ ਮੁੱਲ[5] ਪਾਉਂਦਾ[6] ਹੈ ।
ਗੁਰਮੁਖਿ[7] ਹੋਵੈ ਸੁ[8] ਕਰੈ ਬੀਚਾਰੁ[9] ॥	He who turns Guru-wards[7], he[8] embraces the Lord's meditation[9].	ਜੋ ਗੁਰੂ-ਅਨੁਸਾਰੀ[7] ਹੋ ਜਾਂਦਾ ਹੈ; ਉਹ[8] ਸਾਹਿਬ ਦਾ ਸਿਮਰਨ[9] ਧਾਰਨ ਕਰਦਾ ਹੈ ।
ਸਚੁ[10] ਸੰਜਮੁ[12] ਕਰਣੀ[13] ਹੈ ਕਾਰ[14] ॥	He does[13] the deeds[14] of truth[10] and continence[12].	ਉਹ ਸੱਚ[10] ਅਤੇ ਪ੍ਰਹੇਜ਼ਗਾਰੀ[12] ਦੇ ਕਰਮ[14] ਕਮਾਉਂਦਾ[13] ਹੈ ।
ਵਰਤੁ[15] ਨੇਮੁ[16] ਨਿਤਾਪ੍ਰਤਿ[17] ਪੂਜਾ[18] ॥ ਬਿਨੁ ਬੂਝੇ[19] ਸਭੁ[22] ਭਾਉ[20] ਹੈ ਦੂਜਾ[21] ॥੭॥	All[22] the fastings[15], religious rites[16] and daily[17] adorations[18], without understanding[19] the Lord, lead man to the love[20] of another[21].	ਸਾਰੇ[22] ਵਰਤ[15], ਧਾਰਮਕ ਸੰਸਕਾਰ[16] ਅਤੇ ਹਰ ਰੋਜ਼[17] ਦੀਆਂ ਉਪਾਸ਼ਨਾਵਾਂ[18]; ਸੁਆਮੀ ਨੂੰ ਸਮਝਣ[19] ਦੇ ਬਗੈਰ, ਬੰਦੇ ਨੂੰ ਹੋਰਸ[21] ਦੀ ਪ੍ਰੀਤ[20] ਵੱਲ ਲੈ ਜਾਂਦੀਆਂ ਹਨ ।
ਛਨਿਛਰਵਾਰਿ ਸਉਣ[23] ਸਾਸਤ ਬੀਚਾਰੁ[24] ॥ ਹਉਮੈ[25] ਮੇਰਾ[26] ਭਰਮੈ[27] ਸੰਸਾਰੁ[28] ॥	Saturday : To deliberate[24] over good omens[23] and Shashtras, in these and in ego[25] and selfhood[26], the world[28] wanders[27].	ਸਨਿਚਰਵਾਰ : ਚੰਗੇ ਸ਼ਗਨ[23] ਅਤੇ ਸ਼ਾਸਤਰ ਸੋਚਣੇ ਤੇ ਵਿਚਾਰਨੇ[24], ਇਨ੍ਹਾਂ ਅਤੇ ਹੰਕਾਰ[25] ਤੇ ਖ਼ੁਦੀ[26] ਅੰਦਰ ਦੁਨੀਆਂ[28] ਭਟਕ[27] ਰਹੀ ਹੈ ।
ਮਨਮੁਖੁ[29] ਅੰਧਾ[30] ਦੂਜੈ[31] ਭਾਇ[32] ॥ ਜਮ[33] ਦਰਿ[34] ਬਾਧਾ[35] ਚੋਟਾ[36] ਖਾਇ[37] ॥	The blind[30] apostate[29] is engrossed in the love[32] of another[31] and bound down[35] at death's[33] door[34] bears[37] the blows[36].	ਅੰਨ੍ਹਾ[30] ਅਧਰਮੀ[29] ਹੋਰਸ[31] ਦੇ ਪਿਆਰ[32] ਅੰਦਰ ਗਲਤਾਨ ਹੋਇਆ ਹੋਇਆ ਹੈ ਅਤੇ ਮੌਤ[33] ਦੇ ਦਰਵਾਜ਼ੇ[34] ਉਤੇ ਬੱਝਿਆ ਹੋਇਆ[35] ਸੱਟਾਂ[36] ਸਹਾਰਦਾ[37] ਹੈ ।
ਗੁਰ ਪਰਸਾਦੀ[38] ਸਦਾ[39] ਸੁਖੁ[40] ਪਾਏ ॥	By Guru's grace[38], man obtains eternal[39] peace[40].	ਗੁਰਾਂ ਦੀ ਦਇਆ[38] ਦੁਆਰਾ, ਇਨਸਾਨ ਸਦੀਵੀ[39] ਆਰਾਮ[40] ਪਾ ਲੈਂਦਾ ਹੈ ।
ਸਚੁ ਕਰਣੀ[41] ਸਾਚਿ ਲਿਵ[42] ਲਾਏ[43] ॥੮॥	He does true deeds[41] and bears[43] love[42] to truth.	ਉਹ ਸੱਚੇ ਕਰਮ[41] ਕਮਾਉਂਦਾ[43] ਹੈ ਅਤੇ ਸੱਚ ਨੂੰ ਪਿਆਰ[42] ਕਰਦਾ ਹੈ ।
ਸਤਿਗੁਰੁ ਸੇਵਹਿ[44] ਸੇ[45] ਵਡਭਾਗੀ[46] ॥	Very fortunate[46] are they[45] who serve[44] the True Guru.	ਭਾਰੇ ਨਸੀਬਾਂ ਵਾਲੇ[46] ਹਨ ਉਹ[45], ਜੋ ਸੱਚੇ ਗੁਰਾਂ ਦੀ ਟਹਿਲ ਕਮਾਉਂਦੇ[44] ਹਨ ।
ਹਉਮੈ[47] ਮਾਰਿ[48] ਸਚਿ[49] ਲਿਵ[50] ਲਾਗੀ[51] ॥	Stilling[48] their ego[47], they embrace[51] love[50] for the True Lord[49];	ਆਪਣੀ ਹੰਗਤਾ[47] ਨੂੰ ਮਾਰ ਕੇ[48], ਉਹ ਸੱਚੇ ਸੁਆਮੀ[49] ਨਾਲ ਪ੍ਰੀਤ[50] ਪਾਉਂਦੇ[51] ਹਨ ।
ਤੇਰੈ ਰੰਗਿ[52] ਰਾਤੇ[53] ਸਹਜਿ ਸੁਭਾਇ[54] ॥	With Thy love[52], O Lord, they are easily[54] imbued[53].	ਤੇਰੀ ਪ੍ਰੀਤ[52] ਨਾਲ, ਹੇ ਸਾਈਂ ! ਉਹ ਸੁਭਾਵਕ[54] ਹੀ ਰੰਗੇ ਹੋਏ[53] ਹਨ ।
ਤੂ ਸੁਖਦਾਤਾ[55] ਲੈਹਿ ਮਿਲਾਇ[56] ॥	Thou, O Bliss-giving Lord[55], unitest[56] them with Thyself.	ਤੂੰ ਹੇ ਖ਼ੁਸ਼ੀ ਬਖ਼ਸ਼ਨਹਾਰ ਸੁਆਮੀ[55] ! ਉਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ[56] ਹੈਂ ।

ਏਕਸ[57] ਤੇ[58] ਦੂਜਾ[59] ਨਾਹੀ ਕੋਇ ॥
ਗੁਰਮੁਖਿ[60] ਬੂਝੈ[61] ਸੋਝੀ[62] ਹੋਇ ॥੯॥

Everything wells up from[58] One God[57]. There is not any other[59]. Realising[61] Reality, through the Guru[60], man obtains Divine understanding[62].

ਹਰ ਸ਼ੈ ਇਕ ਵਾਹਿਗੁਰੂ[57] ਤੋਂ[58] ਉਤਪੰਨ ਹੁੰਦੀ ਹੈ। ਹੋਰ ਕੋਈ[59] ਹੈ ਹੀ ਨਹੀਂ। ਗੁਰਾਂ ਦੇ ਰਾਹੀਂ[60] ਅਸਲੀਅਤ ਨੂੰ ਅਨੁਭਵ ਕਰਕੇ[61]; ਬੰਦਾ ਈਸ਼ਵਰੀ ਗਿਆਤ[62] ਪਰਾਪਤ ਕਰ ਲੈਂਦਾ ਹੈ।

੮੪੨ / 842

ਪੰਦ੍ਰਹ ਥਿਤੀ[63] ਤੈ[64] ਸਤ ਵਾਰ[72] ॥ ਮਾਹਾ[65] ਰੁਤੀ[66] ਆਵਹਿ ਵਾਰ ਵਾਰ[67] ॥
ਦਿਨਸੁ[68] ਰੈਣਿ[69] ਤਿਵੈ[70] ਸੰਸਾਰੁ[71] ॥

The fifteen lunar days[63], seven week days[72], months[65], seasons[66], days[68] and[64] nights[69] come again and again[67]. Like[70] them the world[71] is in flux.

ਪੰਦਰਾਂ ਤਿਥਾਂ[63], ਹਫ਼ਤੇ ਦੇ ਸੱਤ ਦਿਨ[72], ਮਹੀਨੇ[65], ਮੌਸਮ[66], ਦਿਨ[68] ਅਤੇ[64] ਰਾਤ੍ਰੀ[69] ਮੁੜ ਮੁੜ ਕੇ[67] ਆਉਂਦੇ ਹਨ। ਇਸੇ ਤਰ੍ਹਾਂ[70] ਹੀ ਦੁਨੀਆਂ[71] ਵਹਾਉ ਅੰਦਰ ਹੈ।

[73]ਆਵਾਗਉਣੁ[74] ਕੀਆ[75] ਕਰਤਾਰਿ[76] ॥
ਨਿਹਚਲੁ[77] ਸਾਚੁ[78] ਰਹਿਆ ਕਲ[79] ਧਾਰਿ[80] ॥
ਨਾਨਕ ਗੁਰਮੁਖਿ[81] ਬੂਝੈ[82] ਕੋ[83] ਸਬਦੁ[84] ਵੀਚਾਰਿ[85] ॥੧੦॥੧॥

Coming[73] and going[74] the Creator[76]-Lord has ordained[75]. Exercising[80] His might[79], the True Lord[78] Himself remains ever stable[77]. Nanak, some rare[83] Guru-ward[81] understands[82] this thing by reflecting over[85] the Name[84].

ਆਉਣਾ[73] ਅਤੇ ਜਾਣਾ[74] ਸਿਰਜਣਹਾਰ[76] ਸੁਆਮੀ ਨੇ ਹੁਕਮ ਕੀਤਾ[75] ਹੈ। ਆਪਣੀ ਸਤਿਆ[79] ਵਰਤਾ ਕੇ[80], ਸੱਚਾ ਸੁਆਮੀ[78] ਆਪ ਸਦੀਵੀ ਸਥਿਰ[77] ਰਹਿੰਦਾ ਹੈ। ਨਾਨਕ, ਕੋਈ ਵਿਰਲਾ[83] ਗੁਰੂ-ਅਨੁਸਾਰੀ[81] ਹੀ ਨਾਮ[84] ਦਾ ਚਿੰਤਨ ਕਰਨ[85] ਦੁਆਰਾ, ਇਸ ਗੱਲ ਨੂੰ ਸਮਝਦਾ[82] ਹੈ।

ਬਿਲਾਵਲੁ ਮਹਲਾ ੩ ॥

Bilawal 3rd Guru.

ਬਿਲਾਵਲ ਤੀਜੀ ਪਾਤਿਸ਼ਾਹੀ।

ਆਦਿ ਪੁਰਖੁ[86] ਆਪੇ[87] ਸ੍ਰਿਸਟਿ[88] ਸਾਜੇ[89] ॥
ਜੀਅ[90] ਜੰਤ[91] ਮਾਇਆ[92] ਮੋਹਿ[93] ਪਾਜੇ[94] ॥

The Primordial Lord[86] Himself[87] creates[89] the creation[88]. The mortals[90] and lower beings[91] are engrossed[94] in the love[93] of worldly valuables[92].

ਪਰਾ ਪੂਰਬਲਾ ਪ੍ਰਭੂ[86] ਆਪ[87] ਹੀ ਰਚਨਾ[88] ਨੂੰ ਰਚਦਾ[89] ਹੈ। ਪ੍ਰਾਣੀ[90] ਅਤੇ ਨੀਵੀਆਂ ਜੂਨਾਂ[91] ਸੰਸਾਰੀ ਪਦਾਰਥਾਂ[92] ਦੀ ਲਗਨ[93] ਅੰਦਰ ਖਚਤ ਹੋਈਆਂ ਹੋਈਆਂ[94] ਹਨ।

ਦੂਜੈ[95] ਭਾਇ[96] ਪਰਪੰਚਿ[97] ਲਾਗੇ[98] ॥
ਆਵਹਿ[99] ਜਾਵਹਿ[100] ਮਰਹਿ ਅਭਾਗੇ[2] ॥
ਸਤਿਗੁਰਿ ਭੇਟਿਐ[3] ਸੋਝੀ[4] ਪਾਇ[5] ॥
ਪਰਪੰਚੁ[6] ਚੂਕੈ[7] ਸਚਿ ਸਮਾਇ[8] ॥੧॥
ਜਾ ਕੈ ਮਸਤਕਿ[9] ਲਿਖਿਆ[10] ਲੇਖੁ[12] ॥ ਤਾ[13] ਕੈ ਮਨਿ[14]

Being in love[96] with another[95], they are attached[98] with the world[97]. The unfortunate ones[2] die and continue coming[99] and going[100]. Meeting[3] with the True Guru, True understanding[4] is obtained[5]. Illusion[6] then breaks[7] and man merges[8] in Truth. He, on whose forehead[9] good destiny[12] is recorded[10]; in his[13]

ਹੋਰਸ[95] ਨਾਲ ਪਿਆਰ[96] ਹੋਣ ਕਾਰਨ ਉਹ ਸੰਸਾਰ[97] ਨਾਲ ਜੁੜੇ ਹੋਏ[98] ਹਨ। ਉਹ ਨਿਕਰਮਣ[2] ਮਰ ਜਾਂਦੇ ਹਨ ਅਤੇ ਆਉਂਦੇ[99] ਤੇ ਜਾਂਦੇ[100] ਰਹਿੰਦੇ ਹਨ। ਸੱਚੇ ਗੁਰਾਂ ਨਾਲ ਮਿਲਣ[3] ਦੁਆਰਾ ਸੱਚੀ ਸਮਝ[4] ਪਰਾਪਤ ਹੋ ਜਾਂਦੀ[5] ਹੈ। ਤਦ ਗ਼ਲਤ-ਫ਼ਹਿਮੀ[6] ਦੂਰ ਹੋ ਜਾਂਦੀ[7] ਹੈ ਤੇ ਬੰਦਾ ਸੱਚ ਵਿਚ ਲੀਨ ਹੋ ਜਾਂਦਾ[8] ਹੈ। ਜਿਸ ਦੇ ਮੱਥੇ[9] ਉਤੇ ਚੰਗੀ ਪ੍ਰਾਲਬਧ[12] ਲਿਖੀ ਹੋਈ[10] ਹੈ; ਉਸ[13] ਦੇ ਹਿਰਦੇ[14] ਅੰਦਰ ਅਦੁੱਤੀ ਸੁਆਮੀ

ਵਸਿਆ[15] ਪ੍ਰਭੁ ਏਕੁ ॥੧॥ ਰਹਾਉ॥	mind[14] abides[15] the One Lord. Pause.	ਵਸਦਾ[15] ਹੈ । ਠਹਿਰਾਉ ।
ਸ੍ਰਿਸਟਿ[16] ਉਪਾਇ[17] ਆਪੇ[18] ਸਭੁ ਵੇਖੈ[19] ॥	Creating[17] the creation[16], the Lord Himself[18] beholds[19] all.	ਰਚਨਾ[16] ਨੂੰ ਰਚ ਕੇ[17], ਪ੍ਰਭੂ ਆਪ[18] ਹੀ ਸਾਰਿਆਂ ਨੂੰ ਦੇਖਦਾ[19] ਹੈ ।
ਕੋਇ ਨ ਮੇਟੈ[20] ਤੇਰੈ ਲੇਖੈ[21] ॥	None can erase[20] Thy writ[21], O my Lord.	ਕੋਈ ਭੀ ਤੇਰੀ ਲਿਖਤਾਕਾਰ[21] ਨੂੰ ਮੇਸ ਨਹੀਂ ਸਕਦਾ[20] ।
ਸਿਧ[22] ਸਾਧਿਕ[23] ਜੇ[24] ਕੋ[25] ਕਹੈ ਕਹਾਏ[26] ॥	If[24] one[25] calls[26] himself an adept[22] and a striver[23],	ਜੇਕਰ[24] ਕੋਈ[25] ਆਪਣੇ ਆਪ ਨੂੰ ਪੂਰਨ ਪੁਰਸ਼[22] ਤੇ ਅਭਿਆਸੀ[23] ਅਖਵਾਵੇ[26],
ਭਰਮੇ[27] ਭੂਲਾ[28] ਆਵੈ ਜਾਏ[29] ॥	He is deluded[28] by doubt[27] and continues coming and going[29].	ਉਹ ਸੰਦੇਹ[27] ਅੰਦਰ ਭਟਕਦਾ[28] ਹੈ ਤੇ ਆਉਂਦਾ ਜਾਂਦਾ[29] ਰਹਿੰਦਾ ਹੈ ।
ਸਤਿਗੁਰੁ ਸੇਵੇ[30] ਸੁ[31] ਜਨੁ[32] ਬੂਝੈ[33] ॥	He, who serves[30] the True Guru, that[31] man[32] alone understands[33] the Lord.	ਜੋ ਸੱਚੇ ਗੁਰਾਂ ਦੀ ਘਾਲ ਕਮਾਉਂਦਾ[30] ਹੈ, ਕੇਵਲ ਉਹ[31] ਪੁਰਸ਼[32] ਹੀ ਪ੍ਰਭੂ ਨੂੰ ਸਮਝਦਾ[33] ਹੈ ।
ਹਉਮੈ[34] ਮਾਰੇ[35] ਤਾ[36] ਦਰੁ[37] ਸੂਝੈ[38] ॥੨॥	If man stills[35] his ego[34], then[36] alone beholds[38] he the Lord's door[37].	ਜੇਕਰ ਇਨਸਾਨ ਆਪਣੀ ਹੰਗਤਾ[34] ਨੂੰ ਮਾਰ ਸੁੱਟੇ[35], ਕੇਵਲ ਤਦ[36] ਹੀ ਉਹ ਪ੍ਰਭੂ ਦਾ ਦਰਵਾਜ਼ਾ[37] ਵੇਖਦਾ[38] ਹੈ ।
ਏਕਸੁ[39] ਤੇ[40] ਸਭੁ ਦੂਜਾ[41] ਹੂਆ[42] ॥	From[40] the One Lord[39] all others[41] have emanated[42].	ਇਕ ਸੁਆਮੀ[39] ਤੋਂ[40] ਹੀ ਹੋਰ[41] ਸਾਰਾ ਕੁਛ ਉਤਪੰਨ ਹੋਇਆ[42] ਹੈ ।
ਏਕੋ ਵਰਤੈ[43] ਅਵਰੁ[44] ਨ ਬੀਆ[45] ॥	The One God is pervading[43] all. There is not any[44] other[45].	ਇਕ ਵਾਹਿਗੁਰੂ ਹੀ ਸਾਰੇ ਵਿਆਪਕ ਹੋ ਰਿਹਾ[43] ਹੈ । ਹੋਰ[45] ਕੋਈ[44] ਹੈ ਹੀ ਨਹੀਂ ।
ਦੂਜੇ[46] ਤੇ ਜੇ[47] ਏਕੋ ਜਾਣੈ ॥ ਗੁਰ ਕੈ ਸਬਦਿ[48] ਹਰਿ ਦਰਿ[49] ਨੀਸਾਣੈ[50] ॥	Renouncing another[46], if[47] the mortal knows but the One Lord, he has the pass-word[50] of the Guru's Word[48] with him in God's Court[49].	ਹੋਰਸ[46] ਨੂੰ ਤਿਆਗ, ਜੇਕਰ[47] ਪ੍ਰਾਨੀ ਕੇਵਲ ਇਕ ਸੁਆਮੀ ਨੂੰ ਜਾਣ ਲਵੇ, ਤਦ ਵਾਹਿਗੁਰੂ ਦੇ ਦਰਬਾਰ[49] ਅੰਦਰ ਉਸ ਦੇ ਕੋਲ ਗੁਰਬਾਣੀ[48] ਦੀ ਫ਼ਾਰਖਤੀ ਦਾ ਪਰਵਾਨਾ[50] ਹੁੰਦਾ ਹੈ ।
ਸਤਿਗੁਰੁ ਭੇਟੈ[51] ਤਾ[52] ਏਕੋ[53] ਪਾਏ ॥	If man meets[51] with the True Guru, then[52] attains he to the Unique Lord[53].	ਜੇਕਰ ਇਨਸਾਨ ਸੱਚੇ ਗੁਰਾਂ ਨੂੰ ਮਿਲ ਪਵੇ[51], ਤਦ[52] ਉਹ ਅਦੁਤੀ ਸਾਹਿਬ[53] ਨੂੰ ਪਾ ਲੈਂਦਾ ਹੈ ।
ਵਿਚਹੁ[54] ਦੂਜਾ[55] ਠਾਕਿ ਰਹਾਏ[56] ॥੩॥	Within[54] him, then, is stilled[56] the love of another[55].	ਉਸ ਦੇ ਅੰਦਰੋਂ[54] ਤਾਂ ਹੋਰਸ[55] ਦੀ ਪ੍ਰੀਤ ਨਾਸ ਹੋ ਜਾਂਦੀ[56] ਹੈ ।
ਜਿਸ ਦਾ ਸਾਹਿਬੁ[57] ਡਾਢਾ[58] ਹੋਇ ॥ ਤਿਸੁ[59] ਨੋ ਮਾਰਿ[60] ਨ ਸਾਕੈ ਕੋਇ ॥	No one can destroy[60] him[59], powerful[58] is whose Master[57].	ਕੋਈ ਜਣਾ ਭੀ ਉਸ[59] ਨੂੰ ਮਾਰ[60] ਨਹੀਂ ਸਕਦਾ, ਬਲਵਾਨ[58] ਹੈ ਜਿਸ ਦਾ ਮਾਲਕ[57] ।
ਸਾਹਿਬ ਕੀ ਸੇਵਕੁ[61] ਰਹੈ ਸਰਣਾਈ[62] ॥ ਆਪੇ[63]	If the Lord's slave[61] remains under His protection[62], of Himself[63] the	ਜੇਕਰ ਪ੍ਰਭੂ ਦਾ ਗੋਲਾ[61] ਉਸ ਦੀ ਪਨਾਹ[62] ਹੇਠਾਂ ਰਹੇ, ਤਾਂ ਖੁਦ-ਬ-ਖੁਦ[63] ਹੀ ਪ੍ਰਭੂ ਉਸ ਨੂੰ ਮਾਫ਼ ਕਰ ਦਿੰਦਾ[64]

ਬਖਸੇ[64]ਦੇ[65] ਵਡਿਆਈ[66]॥	Lord pardons[64] him and blesses[65] him with glory[66].	ਹੈ ਅਤੇ ਉਸ ਨੂੰ ਪ੍ਰਭੁਤਾ[66] ਪਰਦਾਨ ਕਰਦਾ[65] ਹੈ।
ਤਿਸ[67] ਤੇ ਊਪਰਿ[68] ਨਾਹੀ ਕੋਇ ॥	Higher[68] than Him[67], there is absolutely none.	ਉਸ[67] ਦੇ ਉਤੇ[68] ਅਸਲੋਂ ਹੀ ਹੋਰ ਕੋਈ ਨਹੀਂ।
ਕਉਣੁ[69] ਡਰੈ[70] ਡਰੁ ਕਿਸਕਾ[71] ਹੋਇ[72] ॥੪॥	Why[69] should then His slave feel fear[70] and whose[71] fear should he feel[72] ?	ਤਦ ਉਸ ਦਾ ਗੋਲਾ ਕਿਉਂ[69] ਭੈ-ਭੀਤ[70] ਹੋਵੇ ਅਤੇ ਉਹ ਕਿਸਦਾ[71] ਭੈ ਮਹਿਸੂਸ[72] ਕਰੇ ?
ਗੁਰਮਤੀ[73] ਸਾਂਤਿ[74] ਵਸੈ[75] ਸਰੀਰ[76] ॥	By Guru's instruction[73], peace[74] abides[75] in the body[76].	ਗੁਰਾਂ ਦੇਉ ਪਦੇਸ਼[73] ਰਾਹੀਂ, ਠੰਢ ਚੈਨ[74] ਦੇਹ ਅੰਦਰ[76] ਨਿਵਾਸ ਕਰ ਲੈਂਦੀ[75] ਹੈ।
ਸਬਦੁ[77] ਚੀਨਿ[78] ਫਿਰਿ[79] ਲਗੈ[80] ਨ ਪੀਰ[81] ॥ ਆਵੈ ਨ ਜਾਇ ਨ ਦੁਖੁ[82] ਪਾਏ[83]॥	Contemplate[78] thou the Name[77] and[79] pain[81] shall overtake[80] thee not and thou shall come and go not, nor shalt thou suffer[83] any agony[82].	ਤੂੰ ਸਾਹਿਬ ਦੇ ਨਾਮ[77] ਦਾ ਸਿਮਰਨ ਕਰ[78] ਅਤੇ[79] ਪੀੜ[81]ਤੈਨੂੰ ਨਹੀਂ ਵਾਪਰੇਗੀ[80]ਅਤੇ ਤੂੰ ਆਵੇਂ ਤੇ ਜਾਵੇਂਗਾ ਨਹੀਂ, ਨਾ ਹੀ ਤੂੰ ਕੋਈ ਤਕਲੀਫ਼[82] ਉਠਾਵੇਂਗਾ[83]।
ਨਾਮੇ ਰਾਤੇ[84] ਸਹਜਿ[85] ਸਮਾਏ[86] ॥	Imbued[84] with the Name thou shalt merge[86] in celestial bliss[85].	ਨਾਮ ਦੇ ਨਾਲ ਰੰਗੀਜਣ[84] ਦੁਆਰਾ ਤੂੰ ਬੈਕੁੰਠੀ ਅਨੰਦ[85] ਅੰਦਰ ਲੀਨ ਹੋ ਜਾਵੇਂਗਾ[86]।
ਨਾਨਕ ਗੁਰਮੁਖਿ[87] ਵੇਖੈ ਹਦੂਰਿ[88] ॥	Nanak,by Guru's grace[87], the mortal sees the Lord near[88].	ਨਾਨਕ, ਗੁਰਾਂ ਦੀ ਰਹਿਮਤ[87] ਸਦਕਾ, ਪ੍ਰਾਨੀ ਪ੍ਰਭੂ ਨੂੰ ਨੇੜੇ[88] ਹੀ ਦੇਖ ਲੈਂਦਾ ਹੈ।
ਮੇਰਾ ਪ੍ਰਭੁ ਸਦ[89] ਰਹਿਆ ਭਰਪੂਰਿ[90] ॥੫॥	My Master is ever[89] fully-filling[90]all.	ਮੇਰਾ ਮਾਲਕ ਹਮੇਸ਼ਾ[89] ਸਾਰਿਆਂ ਅੰਦਰ ਪਰੀਪੂਰਨ ਹੋ ਰਿਹਾ[90] ਹੈ।
ਇਕਿ[91] ਸੇਵਕ[92] ਇਕਿ ਭਰਮਿ[93] ਭੁਲਾਏ[94] ॥	Some[91] are the Lord's slaves[92] and some are gone astray[94] in doubt[93].	ਕਈ[91] ਸੁਆਮੀ ਦੇ ਗੋਲੇ[92] ਹਨ ਅਤੇ ਕਈ ਸੰਦੇਹ[93] ਅੰਦਰ ਕੁਰਾਹੇ ਪਏ ਹੋਏ[94] ਹਨ।
ਆਪੇ[95] ਕਰੇ ਹਰਿ ਆਪਿ ਕਰਾਏ ॥	God Himself[95] does and Himself causes everything to be done.	ਵਾਹਿਗੁਰੂ ਖੁਦ[95] ਸਭ ਕੁਛ ਕਰਦਾ ਅਤੇ ਖੁਦ ਹੀ ਕਰਵਾਉਂਦਾ ਹੈ।
ਏਕੋ ਵਰਤੈ[96] ਅਵਰੁ[97] ਨ ਕੋਇ ॥	The One Lord dispenses[96]everything and there is not any other[97].	ਇਕ ਸੁਆਮੀ ਹੀ ਹਰ ਸ਼ੈ ਬਖਸ਼ਦਾ[96] ਹੈ ਅਤੇ ਹੋਰ[97] ਕੋਈ ਨਹੀਂ।
ਮਨਿ[98] ਰੋਸੁ[99] ਕੀਜੈ[100] ਜੇ[2] ਦੂਜਾ[3] ਹੋਇ ॥	Man[98] may feel[100] displeasure[99] if[2] there be another[3].	ਆਦਮੀ[98] ਅਪ੍ਰਸੰਨਤਾ[99] ਤਾਂ ਮਹਿਸੂਸ[100] ਕਰੇ ਜੇਕਰ[2] ਕੋਈ ਹੋਰ[3] ਹੋਵੇ।
ਸਤਿਗੁਰੁ ਸੇਵੇ[4] ਕਰਣੀ[5] ਸਾਰੀ[6] ॥	Serve[4] thou thy True Guru. This alone is the sublime[6] deed[5].	ਤੂੰ ਆਪਣੇ ਸੱਚੇ ਗੁਰਾਂ ਦੀ ਘਾਲ ਕਮਾ[4]। ਕੇਵਲ ਇਹ ਹੀ ਸ੍ਰੇਸ਼ਟ[6] ਕਰਮ[5] ਹੈ।
ਦਰਿ[7] ਸਾਚੈ[8] ਸਾਚੇ ਵੀਚਾਰੀ[9] ॥੬॥	In the True[8] Lord's Court[7], they are considered[9] true.	ਸੱਚੇ ਸਾਈਂ[8] ਦੇ ਦਰਬਾਰ[7] ਅੰਦਰ ਉਹ ਸੱਚੇ ਖ਼ਿਆਲ ਕੀਤੇ ਜਾਂਦੇ[9] ਹਨ।
ਥਿਤੀ[10] ਵਾਰ[12] ਸਭਿ ਸਬਦਿ[13] ਸੁਹਾਏ[14] ॥	All the Lunar days[10] and the week days[12] look beauteous[14] if one contemplates the Name[13].	ਸਾਰੀਆਂ ਤਿੱਥਾਂ[10] ਅਤੇ ਹਫ਼ਤੇ ਦੇ ਦਿਹਾੜੇ[12] ਸੁਹਣੇ[14] ਲੱਗਦੇ ਹਨ ਜੇਕਰ ਇਨਸਾਨ ਨਾਮ[13] ਦਾ ਸਿਮਰਨ ਕਰੇ।

ਸਤਿਗੁਰੁ ਸੇਵੈ[15] ਤਾ[16] ਫਲੁ[17] ਪਾਏ ॥	If man serves[15] the True Guru, then[16] obtains he the fruit[17].	ਜੇਕਰ ਬੰਦਾ ਸੱਚੇ ਗੁਰਾਂ ਦੀ ਟਹਿਲ ਕਮਾਵੇ[15], ਤਦ[16] ਉਹ ਮੇਵੇ[17] ਨੂੰ ਪਰਾਪਤ ਕਰ ਲੈਂਦਾ ਹੈ।
ਥਿਤੀ ਵਾਰ ਸਭਿ ਆਵਹਿ ਜਾਹਿ[18] ॥	All the Lunar and Solar days come and go[18].	ਚੰਦ੍ਰਮਾ ਅਤੇ ਸੂਰਜ ਦੇ ਦਿਹਾੜੇ ਸਮੂਹ ਆਉਂਦੇ ਤੇ ਜਾਂਦੇ[18] ਰਹਿੰਦੇ ਹਨ।
ਗੁਰ ਸਬਦੁ[19] ਨਿਹਚਲੁ[20] ਸਦਾ[21] ਸਚਿ[22] ਸਮਾਹਿ[23] ॥	Ever[21] eternal[20] is Guru's Word[19], through which man merges[23] in the True Lord[22].	ਸਦੀਵੀ[21] ਕਾਲਸਥਾਈ[20] ਹੈ ਗੁਰਾਂ ਦਾ ਸ਼ਬਦ[19], ਜਿਸ ਦੇ ਰਾਹੀਂ ਆਦਮੀ ਸੱਚੇ ਸਾਈਂ[22] ਅੰਦਰ ਲੀਨ ਹੋ ਜਾਂਦਾ[23] ਹੈ।
ਥਿਤਿ ਵਾਰ ਤਾ[24] ਜਾ[25] ਸਚਿ ਰਾਤੇ[26] ॥	Then[24] alone become fruitful the Lunar and Solar days, when[25] the mortal is imbued[26] with Truth.	ਕੇਵਲ ਤਦ ਹੀ[24] ਸਫਲ ਹੁੰਦੇ ਹਨ, ਚੰਦ੍ਰਮਾ ਅਤੇ ਸੂਰਜ ਦੇ ਦਿਹਾੜੇ, ਜਦ[25] ਪ੍ਰਾਨੀ ਸੱਚ ਨਾਲ ਰੰਗਿਆ ਜਾਂਦਾ[26] ਹੈ।
ਬਿਨੁ ਨਾਵੈ ਸਭਿ ਭਰਮਹਿ[27] ਕਾਚੇ[28] ॥੭॥	Without the Name, all the false[28] ones wander[27] in existences.	ਨਾਮ ਦੇ ਬਾਝੋਂ ਸਮੂਹ ਕੂੜੇ[28] ਪੁਰਸ਼ ਜੂਨੀਆਂ ਅੰਦਰ ਭਟਕਦੇ[27] ਹਨ।
ਮਨਮੁਖ[29] ਮਰਹਿ ਮਰਿ[30] ਬਿਗਤੀ[31] ਜਾਹਿ[32] ॥	The way-ward[29] die and after death[30] fall[32] into an evil state[31].	ਆਪ ਹੁਦਰੇ[29] ਮਰ ਜਾਂਦੇ ਹਨ ਅਤੇ ਮਰਨ[30] ਮਗਰੋਂ ਮੰਦੀ ਦਸ਼ਾ[31] ਨੂੰ ਪਰਾਪਤ ਹੁੰਦੇ[32] ਹਨ।
ਏਕੁ[33] ਨ ਚੇਤਹਿ[34] ਦੂਜੈ[35] ਲੋਭਾਹਿ[36] ॥	The One Lord[33] they remember[34] not and are lured[36] by another's love[35].	ਇਕ ਸੁਆਮੀ[33] ਦਾ ਉਹ ਸਿਮਰਨ ਨਹੀਂ ਕਰਦੇ[34] ਅਤੇ ਦਵੈਤਭਾਵ[35] ਨੇ ਉਨ੍ਹਾਂ ਨੂੰ ਲੁਭਾਇਮਾਨ ਕਰ ਲਿਆ[36] ਹੈ।
ਅਚੇਤ[37] ਪਿੰਡੀ[38] ਅਗਿਆਨ[39] ਅੰਧਾਰੁ[40] ॥	Owing to the darkness[40] of spiritual ignorance[39], the human body[38] has grown thoughtless[37].	ਰੂਹਾਨੀ ਬੇਸਮਝੀ[39] ਦੇ ਅਨ੍ਹੇਰੇ[40] ਦੇ ਕਾਰਨ, ਮਨੁੱਖਾ ਦੇਹ[38] ਵਿਚਾਰ-ਹੀਣ[37] ਹੋ ਗਈ ਹੈ।
ਬਿਨੁ ਸਬਦੈ[41] ਕਿਉ[42] ਪਾਏ ਪਾਰੁ[43] ॥	How[42] can one ferry across[43] without the Name[41] ?	ਨਾਮ[41] ਦੇ ਬਾਝੋਂ ਬੰਦੇ ਦਾ ਕਿਸ ਤਰ੍ਹਾਂ[42] ਪਾਰ ਉਤਾਰਾ ਹੋ ਸਕਦਾ[43] ਹੈ ?
ਆਪਿ[44] ਉਪਾਏ[45] ਉਪਾਵਣ-ਹਾਰੁ[46] ॥	The Creator[46] Himself[44] creates[45] the beings.	ਰਚਨਹਾਰ[46] ਆਪੇ[44] ਹੀ ਜੀਵਾਂ ਨੂੰ ਰੱਚਦਾ[45] ਹੈ।
ਆਪੇ ਕੀਤੋਨੁ ਗੁਰ ਵੀਚਾਰੁ[47] ॥੮॥	He Himself reflects over[47] Guru's Word.	ਉਹ ਖੁਦ ਹੀ ਗੁਰਾਂ ਦੇ ਸ਼ਬਦ ਨੂੰ ਸੋਚਦਾ ਸਮਝਦਾ[47] ਹੈ।
ਬਹੁਤੇ[48] ਭੇਖ[51] ਕਰਹਿ[49] ਭੇਖਧਾਰੀ[50] ॥	The sectarians[50] wear[49] many[48] religious garbs[51].	ਸੰਪ੍ਰਦਾਈ[50] ਘਣੇਰੇ[48] ਧਾਰਮਿਕ ਬਾਣੇ[51] ਪਹਿਨਦੇ[49] ਹਨ।
ਭਵਿ[52] ਭਵਿ ਭਰਮਹਿ[53] ਕਾਚੀ[54] ਸਾਰੀ[55] ॥	Like the unsuccessful[54] dice[55], they wander[52], wander and wander[53].	ਅਣਪੁਗੀ[54] ਨਰਦ[55] ਦੀ ਤਰ੍ਹਾਂ ਉਹ ਭਟਕਦੇ[52], ਭਟਕਦੇ ਤੇ ਭਟਕਦੇ ਹੀ ਫਿਰਦੇ[53] ਹਨ।
ਐਥੈ ਸੁਖੁ[56] ਨ ਆਗੈ[57] ਹੋਇ[58] ॥ ਮਨਮੁਖ[59] ਮੁਏ ਅਪਣਾ ਜਨਮੁ[60] ਖੋਇ[61] ॥	Here and hereafter[57], they obtain[58] not peace[56]. The perverse persons[59] die wasting[61] their life[60] away.	ਇਥੇ ਅਤੇ ਉਥੇ[57] ਉਹ ਆਰਾਮ[56] ਨਹੀਂ ਪਾਉਂਦੇ[58]। ਪ੍ਰਤੀਕੂਲ ਪੁਰਸ਼[59] ਆਪਣਾ ਜੀਵਨ[60] ਗੁਆ ਕੇ[61] ਮਰ ਜਾਂਦੇ ਹਨ।
੮੪੩	**843**	**੮੪੩**
ਸਤਿਗੁਰੁ ਸੇਵੇ[62] ਭਰਮੁ[63] ਚੁਕਾਏ[64] ॥ ਘਰ[65] ਹੀ	He, who serves[62] the True Guru drives out[64] his doubt[63] and within	ਜੋ ਸੱਚੇ ਗੁਰਾਂ ਦੀ ਘਾਲ[62] ਕਮਾਉਂਦਾ ਹੈ, ਉਸ ਦਾ ਸੰਦੇਹ[63] ਦੂਰ ਹੋ ਜਾਂਦਾ[64] ਹੈ ਅਤੇ ਉਹ ਆਪਣੇ ਧਾਮ[65]

ਅੰਦਰਿ ਸਚੁ[66] ਮਹਲੁ[67] ਪਾਏ ॥੯॥	his home[65], he finds the True Lord's[66] mansion[67].	ਵਿਚ ਹੀ ਸੱਚੇ ਸਾਹਿਬ[66] ਦੇ ਮੰਦਰ[67] ਨੂੰ ਪਾ ਲੈਂਦਾ ਹੈ।
ਆਪੇ[68] ਪੂਰਾ[69] ਕਰੇ ਸੁ[70] ਹੋਇ ॥	Whatever the Perfect[69] Lord Himself[68] does, that[70] alone happens.	ਜਿਹੜਾ ਕੁਛ ਪੂਰਨ[69] ਪ੍ਰਭੂ ਆਪ[68] ਕਰਦਾ ਹੈ, ਕੇਵਲ ਉਹ[70] ਹੀ ਹੁੰਦਾ ਹੈ।
ਏਹਿ ਥਿਤੀ ਵਾਰ ਦੂਜਾ[71] ਦੋਇ[72] ॥	The omens attached to these Lunar and Solar days create double-mindedness[71] and duality[72].	ਇਨ੍ਹਾਂ ਚੰਦ੍ਰਮਾ ਅਤੇ ਸੂਰਜ ਦੇ ਦਿਹਾੜਿਆਂ ਨਾਲ ਜੋੜੇ ਹੋਏ ਸ਼ਗਨ ਦੁਚਿਤਾਪਣ[71] ਅਤੇ ਦਵੈਤ-ਭਾਵ[72] ਪੈਦਾ ਕਰਦੇ ਹਨ।
ਸਤਿਗੁਰ ਬਾਝਹੁ ਅੰਧੁ[73] ਗੁਬਾਰੁ[74] ॥ ਥਿਤੀ ਵਾਰ ਸੇਵਹਿ[75] ਮੁਗਧ[76] ਗਵਾਰ[77] ॥	Without the True Guru, there is pitch[74] darkness[73]. The omens regarding the days, Lunar and Solar, only the fools[76] and idiots[77] observe[75].	ਸੱਚੇ ਗੁਰਾਂ ਦੇ ਬਾਝੋਂ, ਅਨ੍ਹੇਰ[73] ਘੁੱਪ[74] ਹੈ। ਚੰਦ ਅਤੇ ਸੂਰਜ ਦੇ ਦਿਨਾਂ ਮੁਤੱਲਕ, ਸ਼ਗਨ ਕੇਵਲ ਮੂੜ੍ਹ[76] ਅਤੇ ਬੁਧੂ[77] ਹੀ ਵਿਚਾਰਦੇ[75] ਹਨ।
ਨਾਨਕ ਗੁਰਮੁਖਿ[78] ਬੂਝੈ[79] ਸੋਝੀ[80] ਪਾਇ ॥ ਇਕਤੁ ਨਾਮਿ ਸਦਾ[81] ਰਹਿਆ ਸਮਾਇ[82] ॥੧੦॥੨॥	Realising[79] God, by Guru's grace[78], one obtains understanding[80] and ever[81] remains merged[82] in the One Name.	ਗੁਰਾਂ ਦੀ ਦਇਆ ਦੁਆਰਾ[78] ਵਾਹਿਗੁਰੂ ਨੂੰ ਅਨੁਭਵ ਕਰ[79], ਇਨਸਾਨ ਨੂੰ ਗਿਆਤ[80] ਪਰਾਪਤ ਹੋ ਜਾਂਦੀ ਹੈ ਅਤੇ ਉਹ ਇਕ ਨਾਮ ਅੰਦਰ ਹਮੇਸ਼ਾ[81] ਲੀਨ ਹੋਇਆ ਰਹਿੰਦਾ[82] ਹੈ।
ਬਿਲਾਵਲੁ ਮਹਲਾ ੧ ਛੰਤ ਦਖਣੀ	Bilawal Ist Guru. Chhant Dakhni	ਬਿਲਾਵਲ ਪਹਿਲੀ ਪਾਤਿਸ਼ਾਹੀ ਛੰਤ ਦੱਖਣੀ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਮੁੰਧ[83] ਨਵੇਲੜੀਆ[84] ਗੋਇਲਿ[85] ਆਈ ਰਾਮ[86] ॥	My Master[86], the young[84] bride[83] has come into this world for temporary residence[85].	ਮੇਰ ਮਾਲਕਾ[86], ਮੁਟਿਆਰ[84] ਪਤਨੀ[83] ਇਸ ਸੰਸਾਰ ਵਿਚ ਆਰਜ਼ੀ ਨਿਵਾਸ[85] ਲਈ ਆਈ ਹੈ।
ਮਟੁਕੀ[87] ਡਾਰਿ ਧਰੀ[88] ਹਰਿ ਲਿਵ[89] ਲਾਈ[90] ਰਾਮ ॥	Laying aside[88] her vessel[87] of entanglements, she cultivates[90] love[89] for her God Lord.	ਆਪਣੇ ਜੰਜਾਲਾਂ ਦੇ ਭਾਂਡੇ[87] ਨੂੰ ਪਰੇ ਰਖ ਕੇ[88], ਉਹ ਆਪਣੇ ਵਾਹਿਗੁਰੂ ਸੁਆਮੀ ਨਾਲ ਪਿਰਹੜੀ[89] ਪਾਉਂਦੀ[90] ਹੈ।
ਲਿਵ ਲਾਇ ਹਰਿ ਸਿਉ ਰਹੀ ਗੋਇਲਿ[91] ਸਹਜਿ[92] ਸਬਦਿ[93] ਸੀਗਾਰਿਆ[94] ॥	The herds-woman[91] remains absorbed in her Lord's love and is automatically[92] embellished[94] with the Name[93].	ਵੈਰਾਗਣ[91] ਆਪਣੇ ਸੁਆਮੀ ਦੀ ਪ੍ਰੀਤ ਅੰਦਰ ਸਮਾਈ ਰਹਿੰਦੀ ਹੈ ਅਤੇ ਸੁਭਾਵਕ[92] ਹੀ ਨਾਮ[93] ਨਾਲ ਸ਼ਸ਼ੋਭਤ ਹੋਈ ਹੋਈ[94] ਹੈ।
ਕਰ[95] ਜੋੜਿ[96] ਗੁਰ ਪਹਿ[97] ਕਰਿ ਬਿਨੰਤੀ[98] ਮਿਲਹੁ[99] ਸਾਚਿ ਪਿਆਰੀਆ[100] ॥	Joining[96] her hands[95] she prays[98] to[97] the Guru to unite[99] her with her True Beloved[100].	ਹਥ[95] ਬੰਨ੍ਹ ਕੇ[96], ਆਪਣੇ ਸੱਚੇ ਪ੍ਰੀਤਮ[100] ਨਾਲ ਮਿਲਾਪ[99] ਕਰਾ ਦੇਣ ਲਈ ਉਹ ਗੁਰਾਂ ਅਗੇ[97] ਪ੍ਰਾਰਥਨਾ ਕਰਦੀ[98] ਹੈ।
ਧਨ[2] ਭਾਇ[3] ਭਗਤੀ[4] ਦੇਖਿ[5]	Beholding[5] His bride's[2] affection[3]	ਆਪਣੀ ਪਤਨੀ[2] ਦੀ ਪ੍ਰੀਤ[3] ਅਤੇ ਸ਼ਰਧਾ[4] ਵੇਖ[5] ਕੇ

ਪ੍ਰੀਤਮ[6] ਕਾਮ[7] ਕ੍ਰੋਧੁ[8] ਨਿਵਾਰਿਆ[9] ॥	and devotion[4], the Beloved[6] rids[9] her of lust[7] and wrath[8].	ਦਿਲਬਰ[6] ਉਸ ਦੀ ਭੋਗ-ਵਾਸ਼ਨਾ[7] ਅਤੇ ਗੁੱਸੇ[8] ਨੂੰ ਦੂਰ ਕਰ ਦਿੰਦਾ[9] ਹੈ ।
ਨਾਨਕ ਮੁੰਧ[10] ਨਵੇਲ[12] ਸੁੰਦਰਿ[13] ਦੇਖਿ ਪਿਰੁ[14] ਸਾਧਾਰਿਆ[15] ॥੧॥	Nanak, seeing her Spouse[14], the young[12] beauteous[13] bride[10] is comforted[15].	ਨਾਨਕ ਆਪਣੇ ਕੰਤ[14] ਨੂੰ ਵੇਖ ਕੇ, ਨਵੀਂ ਨਵੇਲੀ[12] ਸੋਹਣੀ ਸੁਨਖੀ[13] ਮਹੇਲੀ[10] ਧੀਰਜਵਾਨ ਹੋ ਗਈ[15] ਹੈ ।
ਸਚਿ[16] ਨਵੇਲੜੀਏ[17] ਜੋਬਨਿ[18] ਬਾਲੀ[19] ਰਾਮ ॥ ਆਉ ਨ ਜਾਉ ਕਹੀ[20] ਅਪਨੇ ਸਹ[21] ਨਾਲੀ[22] ਰਾਮ ॥	O the young[17] chaste[16] bride, thy youth[18] shall keep thee ever-young[19]. Come and go thou no where[20] else, but ever abide with[22] thy Spouse[21].	ਹੇ ਨੌਜਵਾਨ[17] ਸਤਵੰਤੀ[16] ਪਤਨੀਏ ! ਤੇਰੀ ਜਵਾਨੀ[18] ਤੈਨੂੰ ਸਦੀਵੀ-ਬਾਲੜੀ[19] ਰਖੇਗੀ । ਤੂੰ ਹੋਰ ਕਿਧਰੇ[20] ਆ ਜਾ ਨਾ, ਪ੍ਰੰਤੂ ਸਦਾ ਆਪਣੇ ਭਰਤੇ[21] ਨਾਲ[22] ਵਸ ।
ਨਾਹ[23] ਅਪਨੇ ਸੰਗਿ[24] ਦਾਸੀ[25] ਮੈ ਭਗਤਿ[26] ਹਰਿ[27] ਕੀ ਭਾਵਏ[28] ॥	I, a hand-maiden[25] of my Spouse[23], abide with[24] Him. My Lord's[27] devotional service[26] is pleasing[28] unto me.	ਮੈਂ ਆਪਣੇ ਕੰਤ[23] ਦੀ ਟਹਿਲਣ[25], ਉਸ ਦੇ ਨਾਲ[24] ਵੱਸਦੀ ਹਾਂ । ਮੈਨੂੰ ਮੇਰੇ ਸਿਰ ਦੇ ਸਾਈਂ[27] ਦੀ ਪ੍ਰੇਮ-ਮਈ ਸੇਵਾ[26] ਚੰਗੀ ਲੱਗਦੀ[28] ਹੈ ।
ਅਗਾਧਿ[29] ਬੋਧਿ[30] ਅਕਥੁ[31] ਕਥੀਐ[32] ਸਹਜਿ[33] ਪ੍ਰਭ ਗੁਣ[34] ਗਾਵਏ ॥	I know[30] the Unknowable[29] and utter[32] the Unutterable[31] Lord and instinctively[33] sing His praise[34].	ਮੈਂ ਸਮਝ ਤੋਂ ਪਰੇ[29] ਅਤੇ ਨਾ-ਵਰਣਨ ਹੋਣ ਵਾਲੇ[31] ਸਾਹਿਬ ਨੂੰ ਸਮਝਦੀ[30] ਅਤੇ ਵਰਣਨ ਕਰਦੀ[32] ਹਾਂ ਅਤੇ ਸੁਭਾਵਕ[33] ਹੀ ਉਸ ਦੀ ਮਹਿਮਾ[34] ਗਾਉਂਦੀ ਹਾਂ ।
ਰਾਮ[35] ਨਾਮ[36] ਰਸਾਲ[37] ਰਸੀਆ[38] ਰਵੈ[39] ਸਾਚਿ[40] ਪਿਆਰੀਆ[41] ॥	She, who utters[39] and enjoys[38] the Name, the Home[37] of elixir[36], becomes dear[41] unto the True[40] Lord[35].	ਜੋ ਅੰਮ੍ਰਿਤ[36] ਦੇ ਘਰ[37] ਨਾਮ ਨੂੰ ਉਚਾਰਦੀ[39] ਅਤੇ ਮਾਣਦੀ[38] ਹੈ, ਉਹ ਸੱਚੇ[40] ਸੁਆਮੀ[35] ਦੀ ਲਾਡਲੀ[41] ਹੋ ਜਾਂਦੀ ਹੈ ।
ਗੁਰਿ ਸਬਦੁ[42] ਦੀਆ[43] ਦਾਨੁ[44] ਕੀਆ[45] ਨਾਨਕਾ ਵੀਚਾਰੀਆ[46] ॥੨॥	O Nanak, she, whom the Guru gives[43] and grants[46] the gift[44] of the Name[42], is rendered a discerner[46].	ਹੇ ਨਾਨਕ ! ਜਿਸ ਨੂੰ ਗੁਰੂ ਜੀ ਨਾਮ[42] ਦੀ ਦਾਤ[44] ਦਿੰਦੇ[43] ਅਤੇ ਬਖਸ਼ਦੇ[45] ਹਨ, ਉਹ ਪ੍ਰਬੀਨ[46] ਹੋ ਜਾਂਦੀ ਹੈ ।
ਸ੍ਰੀ[47] ਧਰ[48] ਮੋਹਿਅੜੀ[49] ਪਿਰ[50] ਸੰਗਿ[51] ਸੂਤੀ[52] ਰਾਮ ॥	The bride, who is bewitched[49] by the Lord[48] of wealth[47], sleeps[52] with[51] her Spouse[50].	ਪਤਨੀ, ਜਿਸ ਨੂੰ ਮਾਇਆ[47] ਦੇ ਸੁਆਮੀ[48] ਨੇ ਫਰੇਫਤਾ ਕਰ ਲਿਆ[49] ਹੈ, ਉਹ ਆਪਣੇ ਪਤੀ[50] ਦੇ ਨਾਲ[51] ਸੌਂਦੀ[52] ਹੈ ।
ਗੁਰ ਕੈ ਭਾਇ[53] ਚਲੋ[54] ਸਾਚਿ[55] ਸੰਗੂਤੀ[56] ਰਾਮ[57] ॥	She walks[54] according to the Guru's will[53] and is attuned[56] to the True[55] Lord[57].	ਉਹ ਗੁਰਾਂ ਦੀ ਰਜ਼ਾ[53] ਅਨੁਸਾਰ ਤੁਰਦੀ[54] ਹੈ ਅਤੇ ਸੱਚੇ[55] ਸੁਆਮੀ[57] ਨਾਲ ਇਕਸੁਰ ਹੋ ਜਾਂਦੀ[56] ਹੈ ।
ਧਨ[58] ਸਾਚਿ[59] ਸੰਗੂਤੀ[60] ਹਰਿ ਸੰਗਿ[61] ਸੂਤੀ[62] ਸੰਗਿ[63] ਸਖੀ[64] ਸਹੇਲੀਆ[65] ॥	Alongwith[63] her companions[64] and mates[65], the bride[58] is attached[60] to the True Name[59] and sleeps[62] with[61] her God.	ਆਪਣੀਆਂ ਸਾਥਣਾਂ[64] ਅਤੇ ਸਹੀਆਂ[65] ਸਮੇਤ[63], ਪਤਨੀ[58] ਸੱਚੇ ਨਾਮ[59] ਨਾਲ ਜੁੜ ਗਈ[60] ਹੈ ਤੇ ਆਪਣੇ ਵਾਹਿਗੁਰੂ ਦੇ ਨਾਲ[61] ਸੌਂਦੀ[62] ਹੈ ।
ਇਕ[66] ਭਾਇ[67] ਇਕ ਮਨਿ[71] ਨਾਮੁ ਵਸਿਆ[68] ਸਤਿਗੁਰੂ	Being single-minded[71], the love[67] of the One Lord's[66] Name abides[68]	ਇਕ ਚਿੱਤ[71] ਹੋਣ ਕਾਰਨ, ਇਕ ਸੁਆਮੀ[66] ਦੇ ਨਾਮ ਦੀ ਪ੍ਰੀਤ[67] ਮੇਰੇ ਅੰਦਰ ਵਸਦੀ[68] ਹੈ ਅਤੇ ਸੱਚੇ ਗੁਰਾਂ ਦੇ ਟਾਹੀਂ

ਹਮ[69] ਮੇਲੀਆ[70] ॥	within me, and I[69] am united[70] with God through the True Guru.	ਮੈਂ[69] ਵਾਹਿਗੁਰੂ ਨਾਲ ਮਿਲ ਗਈ[70] ਹਾਂ ।
ਦਿਨੁ ਰੈਣਿ ਘੜੀ[72] ਨ ਚਸਾ[73] ਵਿਸਰੈ[74] ਸਾਸਿ ਸਾਸਿ[75] ਨਿਰੰਜਨੋ[76] ॥	Day and night, I forget[74] not my Pure Lord[76] even for a moment[72]and trice[73] and contemplate Him with every breath[75] of mine.	ਦਿਨ ਤੇ ਰਾਤ, ਇਕ ਮੁਹਤ[72] ਅਤੇ ਛਿਨ[73] ਭਰ ਲਈ ਮੈਂ ਆਪਣੇ ਪਵਿੱਤ੍ਰ ਪ੍ਰਭੂ[76] ਨੂੰ ਨਹੀਂ ਭੁਲਾਉਂਦੀ[74] ਅਤੇ ਆਪਣੇ ਹਰ ਸੁਆਸ[75] ਨਾਲ ਉਸ ਨੂੰ ਸਿਮਰਦੀ ਹਾਂ ।
ਸਬਦਿ[77] ਜੋਤਿ[78] ਜਗਾਇ[79] ਦੀਪਕੁ[80] ਨਾਨਕਾ ਭਉ[81] ਭੰਜਨੋ[82] ॥੩॥	Burn[79] thou the lamp[80] of the Lord's[77] light[78], O Nanak, and it shall destory[82] thy dread[81].	ਤੂੰ ਪ੍ਰਭੂ[77] ਦੇ ਪ੍ਰਕਾਸ਼[78] ਦਾ ਦੀਵਾ[80] ਬਾਲ[79], ਹੇ ਨਾਨਕ ! ਅਤੇ ਇਹ ਤੇਰੇ ਡਰ[81] ਨੂੰ ਨਾਸ ਕਰ ਦੇਵੇਗਾ[82] ।
ਜੋਤਿ[83] [84]ਸਬਾਇਤੜੀਏ[85] [86]ਤ੍ਰਿਭਵਣ[87] ਸਾਰੇ[88] ਰਾਮ[89] ॥	O ye[85] bride, the Lord[89], whose light[83] pervades all[84], looks after[88] the three[86] worlds[87].	ਨੀ ਅੜੀਏ[85] ਪਤਨੀਏ ! ਜਿਸ ਸਾਈਂ[89] ਦਾ ਪ੍ਰਕਾਸ਼[83] ਸਾਰੇ[84] ਵਿਆਪਕ ਹੈ ਉਹ ਤਿੰਨਾਂ[86] ਹੀ ਲੋਕਾਂ[87] ਦੀ ਸੰਭਾਲ ਕਰਦਾ[88] ਹੈ ।
ਘਟਿ ਘਟਿ[90]ਰਵਿ[91]ਰਹਿਆ ਅਲਖ[92] ਅਪਾਰੋ[93] ਰਾਮ ॥	The Invisible[92] and Infinite[93] Lord is contained[91] amongst all the hearts[90].	ਅਦ੍ਰਿਸ਼ਟ[92] ਅਤੇ ਅਨੰਤ[93] ਸੁਆਮੀ ਸਾਰਿਆਂ ਦਿਲਾਂ[90] ਅੰਦਰ ਰਮਿਆ ਹੋਇਆ[91] ਹੈ ।
ਅਲਖ ਅਪਾਰ ਅਪਾਰੁ[94] ਸਾਚਾ[95] ਆਪੁ[96] ਮਾਰਿ[97] ਮਿਲਾਈਐ[98] ॥	Stilling[97]his self-conceit[96],the mortal meets[98] with the Invisible, Infinite and Illimitable[94] True Lord[95].	ਆਪਣੀ ਸਵੈ-ਹੰਗਤਾ[96] ਨੂੰ ਮਾਰ ਕੇ[97], ਪ੍ਰਾਣੀ ਅਦ੍ਰਿਸ਼ਟ ਅਨੰਤ ਅਤੇ ਹੱਦਬੰਨਾ-ਰਹਿਤ[94] ਸੱਚੇ ਸੁਆਮੀ[95] ਨੂੰ ਮਿਲ ਪੈਂਦਾ[98] ਹੈ ।
ਹਉਮੈ[99] ਮਮਤਾ[100] ਲੋਭੁ[2] ਜਾਲਹੁ[3] ਸਬਦਿ[4] ਮੈਲੁ[5] ਚੁਕਾਈਐ[6] ॥	With the Lord's Name[4], burn[3] thou Thy pride[99], worldly love[100] and greed[2] and wash off[6]the filth[5]of sins.	ਪ੍ਰਭੂ ਦੇ ਨਾਮ[4] ਨਾਲ ਤੂੰ ਆਪਣੇ ਹੰਕਾਰ[99], ਸੰਸਾਰੀ ਮੋਹ[100] ਅਤੇ ਲਾਲਚ[2] ਨੂੰ ਸਾੜ ਦੇ[3] ਅਤੇ ਪਾਪਾਂ ਦੀ ਗੰਦਗੀ[5] ਨੂੰ ਧੋ ਸੁਟ[6] ।
ਦਰਿ[7] ਜਾਇ[8] ਦਰਸਨੁ[9] ਕਰੀ[10] ਭਾਣੈ[12] ਤਾਰਿ[13] ਤਾਰਣਹਾਰਿਆ[14] ॥	Thus shalt thou reach[8] the Lord's door[7] and see[10] His vision[9] and the Saviour[14] in His will[12] shall save[13] thee.	ਇਸ ਤਰ੍ਹਾਂ ਤੂੰ ਸਾਹਿਬ ਦੇ ਬੂਹੇ[7] ਤੇ ਪੁੱਜ ਜਾਵੇਂਗੀ[8] ਅਤੇ ਉਸ ਦਾ ਦੀਦਾਰ[9] ਵੇਖ[10] ਲਵੇਂਗੀ ਅਤੇ ਰੱਖਿਆ ਕਰਨਹਾਰ[14] ਆਪਣੀ ਰਜ਼ਾ[12] ਅੰਦਰ ਤੇਰਾ ਪਾਰ ਉਤਾਰਾ ਕਰ ਦੇਵੇਗਾ[13] ।
ਹਰਿਨਾਮੁ ਅੰਮ੍ਰਿਤੁ[15]ਚਾਖਿ[16] ਤ੍ਰਿਪਤੀ[17] ਨਾਨਕਾ ਉਰ[18]-ਧਾਰਿਆ[19] ॥੪॥੧॥	Tasting[16]the Lord's Nectar[15]-Name, she is sated[17], and keeps it clasped[19] to her heart[18], O Nanak.	ਸਾਈਂ ਦੇ ਸੁਧਾ-ਸਰੂਪ[15] ਨਾਮ ਨੂੰ ਚੱਖ ਕੇ[16] ਉਹ ਰੱਜ ਗਈ[17] ਹੈ ਅਤੇ ਇਸ ਨੂੰ ਆਪਣੇ ਦਿਲ[18] ਨਾਲ ਲਾਈ ਰੱਖਦੀ[19] ਹੈ, ਹੇ ਨਾਨਕ !
ਬਿਲਾਵਲੁ ਮਹਲਾ ੧ ॥	Bilawal Ist Guru.	ਬਿਲਾਵਲ ਪਹਿਲੀ ਪਾਤਿਸ਼ਾਹੀ ।
ਮੈ ਮਨਿ[20] ਚਾਉ[21] ਘਣਾ[22] ਸਾਚਿ ਵਿਗਾਸੀ[23] ਰਾਮ ॥	Within my mind[20] has welled up great[22] joy[21] and I have bloomed[23] through Truth.	ਮੇਰੇ ਚਿੱਤ[20] ਅੰਦਰ ਬਹੁਤੀ[22] ਖੁਸ਼ੀ[21] ਉਤਪੰਨ ਹੋ ਆਈ ਹੈ ਅਤੇ ਮੈਂ ਸੱਚ ਦੇ ਰਾਹੀਂ ਪ੍ਰਫੁਲਤ ਹੋ ਗਈ[23] ਹਾਂ ।
ਮੋਹੀ[24] ਪ੍ਰੇਮ[25] ਪਿਰੇ[26] ਪ੍ਰਭਿ ਅਬਿਨਾਸੀ[27] ਰਾਮ ॥	I am bewitched[24] by the love[25]of my Groom[26], the Imperishable[27] Lord Master.	ਅਮਰ[27] ਸੁਆਮੀ ਮਾਲਕ ਆਪਣੇ ਪਤੀ[26] ਦੀ ਪ੍ਰੀਤ[25] ਨੇ ਮੈਨੂੰ ਫਰੇਫਤਾ ਕਰ ਲਿਆ[24] ਹੈ ।

ਅਵਿਗਤੋ[28] ਹਰਿ ਨਾਥੁ ਨਾਥਹ[29] ਤਿਸੈ[30] ਭਾਵੈ[31] ਸੁ[32] ਥੀਐ[33] ॥

The Ever-stable[28] God is the Lord of Lords[29]. Whatever He[30] wills[31], that[32] alone happens[33].

ਸਦੀਵੀ ਸਥਿਰ[28] ਵਾਹਿਗੁਰੂ ਸੁਆਮੀਆਂ ਦਾ ਸੁਆਮੀ[29] ਹੈ। ਜਿਹੜਾ ਕੁਛ ਉਸ[30] ਨੂੰ ਭਾਉਂਦਾ[31] ਹੈ, ਕੇਵਲ ਉਹ[32] ਹੀ ਹੁੰਦਾ ਹੈ[33]।

ਕਿਰਪਾਲੁ[34] ਸਦਾ[35] ਦਇਆਲੁ[36] ਦਾਤਾ[37] ਜੀਆ[38] ਅੰਦਰਿ[39] ਤੂੰ ਜੀਐ[40] ॥

My Beneficent[37] Lord, Thou art ever[35] kind[34] and compassionate[36]. Thou alone infusest life[40] within[39] the beings[38].

ਮੇਰੇ ਦਾਤਾਰ[37] ਪ੍ਰਭੂ! ਤੂੰ ਹਮੇਸ਼ਾ[35] ਹੀ ਮਇਆਵਾਨ[34] ਅਤੇ ਮਿਹਰਬਾਨ[36] ਹੈਂ। ਕੇਵਲ ਤੂੰ ਹੀ ਜੀਵਾਂ[38] ਵਿਚ[39] ਜਿੰਦ ਜਾਨ[40] ਫੂਕਦਾ ਹੈਂ।

ਮੈ ਅਵਰੁ[41] ਗਿਆਨੁ[42] ਨ ਧਿਆਨੁ[43] ਪੂਜਾ[44] ਹਰਿ ਨਾਮੁ ਅੰਤਰਿ[45] ਵਸਿ ਰਹੇ[46] ॥

I possess no other[41] comprehension[42], deliberation[43] and adoration[44]. Only the Lord's Name abides[46] within my mind[45].

ਮੇਰੇ ਪੱਲੇ ਹੋਰ ਕੋਈ[41] ਗਿਆਤ[42], ਸੋਚ ਵਿਚਾਰ[43] ਅਤੇ ਉਪਾਸ਼ਨਾ[44] ਨਹੀਂ। ਕੇਵਲ ਪ੍ਰਭੂ ਦਾ ਨਾਮ ਹੀ ਮੇਰੇ ਹਿਰਦੇ[45] ਅੰਦਰ ਵਸਦਾ ਹੈ[46]।

ਭੇਖੁ[47] ਭਵਨੀ[48] ਹਠੁ[49] ਨ ਜਾਨਾ[50] ਨਾਨਕਾ ਸਚੁ[51] ਗਹਿ[52] ਰਹੇ ॥੧॥

O Nanak, I know[50] of no religious robe[47], repairing[48] to holies and stubbornness[49]. I only holdfast[52] to the True Name[51].

ਹੇ ਨਾਨਕ! ਮੈਂ ਕਿਸੇ ਧਾਰਮਕ ਲਿਬਾਸ[47], ਤੀਰਥਾਂ ਤੇ ਰਟਨ[48] ਅਤੇ ਹੱਠ-ਧਰਮ[49] ਨੂੰ ਨਹੀਂ ਜਾਣਦਾ[50]। ਮੈਂ ਕੇਵਲ ਸੱਚੇ ਨਾਮ[51] ਨੂੰ ਘੁਟ ਕੇ ਫੜਿਆ[52] ਹੋਇਆ ਹੈ।

੮੪੪ 844

ਭਿੰਨੜੀ[53] ਰੈਣਿ[54] ਭਲੀ[55] ਦਿਨਸ[56] ਸੁਹਾਏ[57] ਰਾਮ ॥
ਨਿਜ[58] ਘਰਿ[59] ਸੂਤੜੀਏ[60] ਪਿਰਮੁ[60*] ਜਗਾਏ[61] ਰਾਮ ॥

Sublime[55] and bedewed[53] with glee becomes the night[54] and beauteous[57] the day[56] when her Bridegroom[60*] renders wakeful[61] the bride, asleep[60] in her own[58] home[59].

ਸਰੇਸ਼ਟ[55] ਅਤੇ ਖੁਸ਼ੀ ਨਾਲ ਭਿੰਨੀ ਹੋ ਜਾਂਦੀ[53] ਹੈ ਰਾਤ੍ਰੀ[54] ਅਤੇ ਸੋਹਣਾ ਸੁਨੱਖਾ[57] ਦਿਹਾੜਾ[56], ਜਦ ਆਪਣੇ ਨਿੱਜ[58] ਦੇ ਧਾਮ[59] ਵਿਚ ਸੁੱਤੀ[60] ਪਈ ਪਤਨੀ ਨੂੰ ਉਸ ਦਾ ਪਤੀ[60*] ਚੇਤੰਨ[61] ਕਰ ਦਿੰਦਾ ਹੈ।

ਨਵ[62] ਹਾਣਿ[63] [64] ਨਵਧਨ[65] ਸਬਦਿ[66] ਜਾਗੀ[67] ਆਪਣੇ ਪਿਰ[68] ਭਾਣੀਆ[69] ॥

The young[64] bride[65] of the age[63] of her young[62] Bridegroom is awakened[67] through the Name[66] and is pleasing[69] to her Groom[68].

ਆਪਣੇ ਨੌਜੁਆਨ[62] ਪਤੀ ਦੀ ਉਮਰ[63] ਦੀ ਨਵੀਂ ਨਵੇਲੀ[64] ਪਤਨੀ[65] ਨਾਮ ਦੇ ਰਾਹੀਂ[66] ਜਾਗ ਉੱਠੀ[67] ਹੈ ਅਤੇ ਆਪਣੇ ਪਤੀ[68] ਨੂੰ ਚੰਗੀ ਲੱਗਦੀ[69] ਹੈ।

ਤਜਿ[70] ਕੂੜੁ[71] ਕਪਟੁ[72] ਸੁਭਾਉ[73] ਦੂਜਾ[74] ਚਾਕਰੀ[75] [76] ਲੋਕਾਣੀਆ[77] ॥

Forsake[70] thou falsehood[71], deception[72], love[73] of another[74] and the service[75] of[77] men[76].

ਤੂੰ ਝੂਠ[71], ਠੱਗੀ[72], ਹੋਰਸ[74] ਦੀ ਪ੍ਰੀਤ[73] ਅਤੇ ਬੰਦਿਆਂ[76] ਦੀ[77] ਟਹਿਲ ਸੇਵਾ[75] ਨੂੰ ਛੱਡ[70] ਦੇ।

ਮੈ ਨਾਮੁ ਹਰਿ ਕਾ ਹਾਰੁ[78] ਕੰਠੇ ਸਾਚ ਸਬਦੁ[79] ਨੀਸਾਣਿਆ[80] ॥

The Lord's Name is my neck-lace[78] and I am now annointed[80] with the True Name[79].

ਪ੍ਰਭੂ ਦਾ ਨਾਮ ਮੇਰੀ ਗਲ-ਮਾਲਾ[78] ਹੈ ਅਤੇ ਸੱਚੇ ਨਾਮ[79] ਦਾ ਮੈਨੂੰ ਰਾਜ ਤਿਲਕ ਲੱਗਿਆ[80] ਹੈ।

ਕਰ[81] ਜੋੜਿ[82] ਨਾਨਕੁ ਸਾਚੁ[83] ਮਾਗੈ[84] ਨਦਰਿ[85] ਕਰਿ[86] ਤੁਧੁ ਭਾਣਿਆ[87] ॥੨॥

Joining[82] his hands[81], Nanak asks for[84] the gift of the True Name[83]. My Master bless[86] Thou me with Thine grace[85], in Thy will[87].

ਆਪਣੇ ਹੱਥ[81] ਬੰਨ੍ਹ ਕੇ[82], ਨਾਨਕ ਸੱਚੇ ਨਾਮ[83] ਦੀ ਦਾਤ ਦੀ ਯਾਚਨਾ ਕਰਦਾ[84] ਹੈ। ਮੇਰੇ ਮਾਲਕ ਆਪਣੀ ਰਜ਼ਾ[87] ਅੰਦਰ ਤੂੰ ਮੇਰੇ ਉੱਤੇ ਆਪਣੀ ਮਿਹਰ[85] ਧਾਰ[86]।

ਜਾਗੁ[88]ਸਲੋਨੜੀਏ[89] ਬੋਲੈ[90] ਗੁਰਬਾਣੀ[91] ਰਾਮ ॥	Awaken[88] thou, O bride of beauteous eyes[89] and utter[90] the Guru's hymns[91].	ਜਾਗ ਪਉ[88] ਤੂੰ, ਹੇ ਸੁੰਦਰ ਨੈਣਾਂ ਵਾਲੀਏ[89] ਸਹੇਲੀਏ ! ਅਤੇ ਗੁਰਾਂ ਦੀ ਬਾਣੀ[91] ਦਾ ਉਚਾਰਨ[90] ਕਰ ।
ਜਿਨਿ[92]ਸੁਣਿ[93]ਮੰਨਿਅੜੀ[94] ਅਕਥ[95]ਕਹਾਣੀ[96] ਰਾਮ[97]॥ ਅਕਥ ਕਹਾਣੀ ਪਦੁ[98] ਨਿਰਬਾਣੀ[99] ਕੋ ਵਿਰਲਾ[100] ਗੁਰਮੁਖਿ[2] ਬੂਝਏ[3] ॥	He, who[92] hears[93] and believes[94] in the ineffable[95] discourse[96], ineffable discourse of the Lord[97], obtains the immortal[99] status[98]. But rare is the one[100] who understand[3] this thing by Guru's grace[2].	ਜੋ[92] ਸੁਆਮੀ[97] ਦੀ ਅਕਹਿ[95] ਕਥਾ ਵਾਰਤਾ[96], ਅਕਹਿ ਕਥਾ ਵਾਰਤਾ ਨੂੰ ਸ੍ਰਵਣ[93] ਅਤੇ ਮੰਨਣ ਕਰਦਾ[94] ਹੈ, ਉਹ ਅਬਿਨਾਸੀ[99] ਪਦਵੀ[98] ਨੂੰ ਪਾ ਲੈਂਦਾ ਹੈ। ਪ੍ਰੰਤੂ ਕੋਈ ਇਕ ਅੱਧਾ[100] ਹੀ ਗੁਰਾਂ ਦੀ ਦਇਆ ਦੁਆਰਾ[2], ਇਸ ਗੱਲ ਨੂੰ ਸਮਝਦਾ[3] ਹੈ ।
ਓਹੁ ਸਬਦਿ[4] ਸਮਾਏ[5] ਆਪੁ[6] ਗਵਾਏ[7] [8]ਤ੍ਰਿਭਵਣ[9] ਸੋਝੀ[10] ਸੁਝਏ[12] ॥	He merges[5] in the Name[4], effaces[7] his self-conceit[6], and the knowledge[10] of the three[8] worlds[9] is revealed[12] unto him.	ਉਹ ਨਾਮ[4] ਵਿਚ ਲੀਨ ਹੋ ਜਾਂਦਾ[5] ਹੈ, ਆਪਣੀ ਸਵੈ-ਹੰਗਤਾ[6] ਨੂੰ ਮੇਟ ਸੁੱਟਦਾ[7] ਹੈ ਅਤੇ ਉਸ ਨੂੰ ਤਿੰਨਾਂ[8] ਜਹਾਨਾਂ[9] ਦੀ ਗਿਆਤ[10] ਹੋ ਜਾਂਦੀ[12] ਹੈ ।
ਰਹੈ ਅਤੀਤੁ[13] ਅਪਰੰਪਰਿ[14] ਰਾਤਾ[15] ਸਾਚੁ[16] ਮਨਿ[17] ਗੁਣ[18] ਸਾਰਿਆ[19] ॥	Imbued[15] with the Limitless Lord[14], he remains detached[13] and his true[16] mind[17] remembers[19] His virtues[18].	ਹੱਦ-ਬੰਨਾ ਰਹਿਤ ਸਾਈਂ[14] ਨਾਲ ਰੰਗੀਜਿਆ ਹੋਇਆ[15], ਉਹ ਨਿਰਲੇਪ[13] ਰਹਿੰਦਾ ਹੈ ਤੇ ਉਸ ਦਾ ਸੱਚਾ ਸੁੱਚਾ[16] ਹਿਰਦਾ[17] ਉਸ ਦੀਆਂ ਨੇਕੀਆਂ[18] ਨੂੰ ਯਾਦ ਕਰਦਾ[19] ਹੈ ।
ਓਹੁ ਪੂਰਿ ਰਹਿਆ[20]ਸਰਬ[21] ਠਾਈ[22] ਨਾਨਕਾ [23]ਉਰ-ਧਾਰਿਆ[24] ॥੩॥	He, the Lord is fully-filling[20] all[21] the places[22] and Nanak has enshrined[24] Him within his mind[23].	ਉਹ ਸਾਹਿਬ ਸਾਰੀਆਂ[21] ਥਾਵਾਂ[22] ਨੂੰ ਪਰੀਪੂਰਨ[20] ਕਰ ਰਿਹਾ ਹੈ ਅਤੇ ਨਾਨਕ ਨੇ ਉਸ ਨੂੰ ਆਪਣੇ ਹਿਰਦੇ[23] ਅੰਦਰ ਟਿਕਾ ਲਿਆ[24] ਹੈ ।
ਮਹਲਿ[25] [26]ਬੁਲਾਇੜੀਏ[27] ਭਗਤਿ[28] ਸਨੇਹੀ[29] ਰਾਮ[30]॥	O bride[27], God[30], the Lover[29] of devotional service[28], is calling[26] thee to His mansion[25].	ਨੀ ਮੁੰਧੇ[27] ! ਪ੍ਰੇਮ-ਮਈ ਸੇਵਾ[28] ਦਾ ਪ੍ਰੇਮੀ[29] ਵਾਹਿਗੁਰੂ[30] ਤੈਨੂੰ ਆਪਣੇ ਮੰਦਰ[25] ਅੰਦਰ ਬੁਲਾ ਰਿਹਾ[26] ਹੈ ।
ਗੁਰਮਤਿ[31]ਮਨਿ[35] ਰਹਸੀ[32] ਸੀਝਸਿ[33] ਦੇਹੀ[34] ਰਾਮ ॥	By Guru's instruction[31] thy soul[35] shall bloom[32] and thy body[34] (life) shall become fruitful[33].	ਗੁਰਾਂ ਦੇ ਉਪਦੇਸ਼[31] ਦੁਆਰਾ ਤੇਰੀ ਆਤਮਾ[35] ਪ੍ਰਫੁਲਤ[32] ਹੋ ਜਾਵੇਗੀ ਅਤੇ ਤੇਰਾ ਸਰੀਰ[34] (ਜੀਵਨ) ਸਫਲ[33] ਹੋ ਜਾਏਗਾ ।
ਮਨੁ ਮਾਰਿ[36]ਰੀਝੈ[37]ਸਬਦਿ[38] ਸੀਝੈ[39] ਤ੍ਰੈ[40] ਲੋਕ[41] ਨਾਥੁ[42] ਪਛਾਣਏ[43] ॥	Overcoming[36] thy mind, thou shalt love[37] the Lord[38], reform[39] thyself and know[43] the Lord[42] of the three[40] worlds[41].	ਆਪਣੇ ਮਨੂਏ ਤੇ ਕਾਬੂ ਪਾ ਕੇ[36], ਤੇਰਾ ਪ੍ਰਭੂ[38] ਨਾਲ ਪ੍ਰੇਮ[37] ਪੈ ਜਾਵੇਗਾ, ਤੂੰ ਆਪਣੇ ਆਪ ਦਾ ਸੁਧਾਰ[39] ਕਰ ਲਵੇਂਗੀ ਅਤੇ ਤਿੰਨਾਂ[40] ਜਹਾਨਾਂ[41] ਦੇ ਸੁਆਮੀ[42] ਨੂੰ ਜਾਣ ਲਵੇਂਗੀ[43] ।
ਮਨੁ[44] ਡੀਗਿ[45] ਡੋਲਿ[46] ਨ ਜਾਇ[47] ਕਤਹੀ[48] ਆਪਣਾ ਪਿਰੁ[49] ਜਾਣਏ[50] ॥	Her soul[44] wabbles[45] and waves[46] not, nor goes[47] it anywhere[48], rather realises[50] her Spouse[49] alone.	ਉਸ ਦੀ ਆਤਮਾ[44] ਥਿੜਕਦੀ[45] ਨਹੀਂ ਤੇ ਡਿਕਡੋਲੇ[46] ਨਹੀਂ ਖਾਂਦੀ ਅਤੇ ਨਾ ਹੀ ਇਹ ਕਿਧਰੇ[48] ਜਾਂਦੀ[47] ਹੈ, ਸਗੋਂ ਕੇਵਲ ਆਪਣੇ ਕੰਤ[49] ਨੂੰ ਹੀ ਅਨੁਭਵ ਕਰਦੀ[50] ਹੈ।
ਮੈ ਆਧਾਰੁ[51] ਤੇਰਾ ਤੂ ਖਸਮੁ[52] ਮੇਰਾ ਮੈ ਤਾਣੁ[53] ਤਕੀਆ[54] ਤੇਰਓ ॥	Thou art my support[51], Thou art my Spouse[52] and Thou art my might[53] and mainstay[54].	ਤੂੰ ਮੇਰਾ ਆਸਰਾ[51] ਹੈਂ, ਤੂੰ ਮੇਰਾ ਪਤੀ[52] ਹੈਂ ਅਤੇ ਤੂੰ ਹੀ ਮੇਰੀ ਤਾਕਤ[53] ਅਤੇ ਟੇਕ[54] ਹੈਂ ।

ਸਾਚਿ[55] ਸੂਚਾ[56] ਸਦਾ[57] ਨਾਨਕ ਗੁਰ ਸਬਦਿ[58] ਝਗਰੁ[59] ਨਿਬੇਰਓ[60] ॥੪॥੨॥	Ever[57] truthful[55] and immaculate[56] am I, O Nanak and by Guru's instruction[58], my strife[59] is ended[60].	ਸਦੀਵ[57] ਹੀ ਸਤਵਾਦੀ[55] ਅਤੇ ਪਵਿੱਤਰ[56] ਮੈਂ ਹਾਂ, ਹੇ ਨਾਨਕ! ਅਤੇ ਗੁਰਾਂ ਦੇ ਉਪਦੇਸ਼[58] ਦੁਆਰਾ ਮੇਰਾ ਝਗੜਾ[59] ਨਿਬੜ ਗਿਆ[60] ਹੈ।
ਛੰਤ ਬਿਲਾਵਲੁ ਮਹਲਾ ੪ ਮੰਗਲ[61]	Chhant Bilawal 4th Guru. Song of joy[61].	ਛੰਤ ਬਿਲਾਵਲ ਚੌਥੀ ਪਾਤਿਸ਼ਾਹੀ। ਖ਼ੁਸ਼ੀ ਦਾ ਗੀਤ[61]।
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਮੇਰਾ ਹਰਿ ਪ੍ਰਭੁ[62] ਸੇਜੈ[63] ਆਇਆ ਮਨੁ ਸੁਖਿ ਸਮਾਣਾ[64] ਰਾਮ ॥	My God Lord[62] has come to my couch[63] and my soul is merged[64] in peace.	ਮੇਰਾ ਵਾਹਿਗੁਰੂ ਸੁਆਮੀ[62] ਮੇਰੇ ਪਲੰਘ[63] ਤੇ ਆ ਗਿਆ ਹੈ ਅਤੇ ਮੇਰੀ ਆਤਮਾ ਆਰਾਮ ਅੰਦਰ ਲੀਨ ਹੋ ਗਈ[64] ਹੈ।
ਗੁਰਿ ਤੁਠੈ[65] ਹਰਿ ਪ੍ਰਭੁ ਪਾਇਆ ਰੰਗ[66] ਰਲੀਆ ਮਾਣਾ[67] ਰਾਮ ॥	Through the Guru's pleasure[65], I have attained to my God Lord and revel[67] in His love[66].	ਗੁਰਾਂ ਦੀ ਪ੍ਰਸੰਨਤਾ[65] ਰਾਹੀਂ, ਮੈਂ ਆਪਣੇ ਵਾਹਿਗੁਰੂ ਸੁਆਮੀ ਨੂੰ ਪਾ ਲਿਆ ਹੈ ਅਤੇ ਉਸ ਦੀ ਪ੍ਰੀਤ[66] ਅੰਦਰ ਮੌਜਾਂ ਲੁੱਟਦੀ[67] ਹਾਂ।
ਵਡਭਾਗੀਆ[68] ਸੋਹਾਗਣੀ[69] ਹਰਿ ਮਸਤਕਿ[70] ਮਾਣਾ[71] ਰਾਮ ॥	Very fortunate[68] and happy[69] are the brides, on whose brow[70] sparkles the jewel[71] of God Lord's Name.	ਵੱਡੇ ਕਰਮਾਂ ਵਾਲੀਆਂ[68] ਤੇ ਖ਼ੁਸ਼ਬਾਸ਼[69] ਹਨ ਉਹ ਪਤਨੀਆਂ ਜਿਨ੍ਹਾਂ ਦੇ ਮੱਥੇ[70] ਉਤੇ ਵਾਹਿਗੁਰੂ ਸੁਆਮੀ ਦੇ ਨਾਮ ਦਾ ਰਤਨ[71] ਲਿਸ਼ਕਦਾ ਹੈ।
ਹਰਿ ਪ੍ਰਭੁ ਹਰਿ ਸੋਹਾਗੁ[72] ਹੈ ਨਾਨਕ ਮਨਿ ਭਾਣਾ[73] ਰਾਮ॥੧॥	God, the Lord Master is Nanak's Spouse[72] and is pleasing[73] to his mind.	ਵਾਹਿਗੁਰੂ ਸੁਆਮੀ ਮਾਲਕ ਨਾਨਕ ਦਾ ਕੰਤ[72] ਹੈ ਅਤੇ ਉਸ ਦੇ ਚਿੱਤ ਨੂੰ ਚੰਗਾ ਲੱਗਦਾ[73] ਹੈ।
ਨਿਮਾਣਿਆ[74] ਹਰਿ ਮਾਣੁ ਹੈ ਹਰਿ ਪ੍ਰਭੁ ਹਰਿ ਆਪੈ[75] ਰਾਮ ॥	God is the honour of the honourless[74]. God the Lord Master is all by Himself[75].	ਵਾਹਿਗੁਰੂ ਬੇਇਜ਼ਤਿਆਂ[74] ਦੀ ਇੱਜ਼ਤ ਹੈ। ਵਾਹਿਗੁਰੂ ਸੁਆਮੀ ਮਾਲਕ ਸਾਰਾ ਕੁਛ[75] ਆਪ ਹੀ ਹੈ।
ਗੁਰਮੁਖਿ[76] ਆਪੁ[77] ਗਵਾਇਆ[78] ਨਿਤ[79] ਹਰਿ ਹਰਿ[80] ਜਾਪੈ[81] ਰਾਮ ॥	By Guru's grace[76], I have eradicated[78] my self-conceit[77] and ever[79] utter[81] the Lord's Name[80].	ਗੁਰਾਂ ਦੀ ਦਇਆ ਦੁਆਰਾ[76] ਮੈਂ ਆਪਣੀ ਸਵੈ-ਹੰਗਤਾ[77] ਦੂਰ ਕਰ ਦਿੱਤੀ[78] ਹੈ ਅਤੇ ਸਦਾ[79] ਸੁਆਮੀ ਦੇ ਨਾਮ[80] ਨੂੰ ਉਚਾਰਦਾ[81] ਹਾਂ।
ਮੇਰੇ ਹਰਿ ਪ੍ਰਭ ਭਾਵੈ[82] ਸੋ[83] ਕਰੈ ਹਰਿ ਰੰਗਿ ਹਰਿ ਰਾਪੈ[84] ਰਾਮ ॥	Whatever pleases[82] my Lord God, that[83] alone He does. The Lord God imbues[84] man with His own colour.	ਜੋ ਕੁਛ ਮੇਰੇ ਸੁਆਮੀ ਵਾਹਿਗੁਰੂ ਨੂੰ ਚੰਗਾ ਲੱਗਦਾ[82] ਹੈ, ਕੇਵਲ ਉਹ[83] ਹੀ ਉਹ ਕਰਦਾ ਹੈ। ਸੁਆਮੀ ਵਾਹਿਗੁਰੂ ਇਨਸਾਨ ਨੂੰ ਆਪਣੇ ਨਿੱਜ ਦੇ ਰੰਗ ਵਿਚ ਰੰਗ ਦਿੰਦਾ[84] ਹੈ।
ਜਨੁ[85] ਨਾਨਕੁ ਸਹਜਿ[86] ਮਿਲਾਇਆ[87] ਹਰਿ ਰਸਿ[88] ਹਰਿ ਧ੍ਰਾਪੈ[89] ਰਾਮ ॥੨॥	Slave[85] Nanak is united[87] with the Lord[86] and is satiated[89] with the Lord God's elixir[88].	ਗੋਲਾ[85] ਨਾਨਕ ਪ੍ਰਭੂ[86] ਨਾਲ ਮਿਲ ਗਿਆ[87] ਹੈ ਅਤੇ ਸੁਆਮੀ ਵਾਹਿਗੁਰੂ ਦੇ ਅੰਮ੍ਰਿਤ[88] ਨਾਲ ਰੱਜ ਗਿਆ[89] ਹੈ।
ਮਾਨਸ ਜਨਮਿ[90] ਹਰਿ	In human life[90] alone, the Lord can	ਸਿਰਫ ਮਨੁੱਖੀ ਜੀਵਨ[90] ਵਿਚ ਹੀ ਪ੍ਰਭੂ ਪਰਾਪਤ ਕੀਤਾ

ਪਾਈਐ ਹਰਿ ਰਾਵਣ[91] ਵੇਰਾ[92] ਰਾਮ ॥	be attained. This is the time[92] to contemplate[91] the Lord God.	ਜਾ ਸਕਦਾ ਹੈ। ਇਹ ਹੀ ਵੇਲਾ[92] ਹੈ ਸੁਆਮੀ ਵਾਹਿਗੁਰੂ ਦੇ ਸਿਮਰਨ[91] ਕਰਨ ਦਾ।
ਗੁਰਮੁਖਿ[93]ਮਿਲੁ ਸੋਹਾਗਣੀ[94] ਰੰਗੁ[95] ਹੋਇ ਘਣੇਰਾ[96]ਰਾਮ॥	By Guru's grace[93],the happy brides[94] meet with their Beloved and immense[96]is then their love[95]for Him.	ਗੁਰਾਂ ਦੀ ਮਿਹਰ ਸਦਕਾ[93] ਖ਼ੁਸ਼ਬਾਸ਼ ਪਤਨੀਆਂ[94] ਆਪਣੇ ਪ੍ਰੀਤਮ ਨੂੰ ਮਿਲ ਪੈਂਦੀਆਂ ਹਨ ਅਤੇ ਤਦ ਉਨ੍ਹਾਂ ਦਾ ਉਸ ਨਾਲ ਅਤਿਅੰਤ[96] ਪਿਆਰ[95] ਹੋ ਜਾਂਦਾ ਹੈ।
ਜਿਨ ਮਾਣਸ ਜਨਮਿ[97] ਨ ਪਾਇਆ ਤਿਨੑ[98] ਭਾਗੁ[99] ਮੰਦੇਰਾ[100] ਰਾਮ ॥	Evil[100] is the destiny[99] of those[98], who have not attained the human life[97].	ਮੰਦੀ[100] ਹੈ ਪ੍ਰਾਲਬਧ[99] ਉਨ੍ਹਾਂ[98] ਦੀ, ਜਿਨ੍ਹਾਂ ਨੂੰ ਮਨੁੱਖੀ ਜੀਵਨ[97] ਪਰਾਪਤ ਨਹੀਂ ਹੋਇਆ।
ਹਰਿ ਹਰਿ ਹਰਿ ਹਰਿ ਰਾਖੁ[2] ਪ੍ਰਭ ਨਾਨਕੁ ਜਨੁ[3] ਤੇਰਾ ਰਾਮ ॥੩॥	O my Lord, Lord, Lord, Lord,Lord, save[2] Thou Nanak, for he is Thine slave[3].	ਹੇ ਮੇਰੇ ਪ੍ਰਭੂ! ਪ੍ਰਭੂ! ਪ੍ਰਭੂ! ਪ੍ਰਭੂ! ਪ੍ਰਭੂ! ਤੂੰ ਨਾਨਕ ਦੀ ਰਖਿਆ[2] ਕਰ, ਕਿਉਂ ਜੋ ਉਹ ਤੇਰਾ ਗੋਲਾ[3] ਹੈ।
ਗੁਰਿ ਹਰਿ[4] ਪ੍ਰਭੁ ਅਗਮੁ[5] ਦ੍ਰਿੜਾਇਆ[6] ਮਨੁ[8] ਤਨੁ[7] ਰੰਗਿ[9] ਭੀਨਾ[10] ਰਾਮ[12] ॥	The Guru has implanted[6] within me the Infinite[5] Lord's Name[4] and my soul[8] and body[7] are saturated[10] with the Lord's[12] love[9].	ਗੁਰਾਂ ਨੇ ਮੇਰੇ ਅੰਦਰ ਬੇਅੰਤ[5] ਸੁਆਮੀ ਦਾ ਨਾਮ[4] ਪੱਕਾ ਕਰ ਦਿੱਤਾ[6] ਹੈ ਅਤੇ ਮੇਰੀ ਆਤਮਾ[8] ਤੇ ਦੇਹਿ[7] ਪ੍ਰਭੂ[12] ਦੀ ਪ੍ਰੀਤ[9] ਨਾਲ ਗੱਚ ਹੋ ਗਏ[10] ਹਨ।
ਭਗਤਿ ਵਛਲੁ[13]ਹਰਿਨਾਮੁ ਹੈ ਗੁਰਮੁਖਿ[14] ਹਰਿ ਲੀਨਾ[15] ਰਾਮ ॥	The Lord God's Name is the shield of His devotees[13]and is obtained[15]by Guru's grace[14].	ਸੁਆਮੀ ਵਾਹਿਗੁਰੂ ਦਾ ਨਾਮ ਉਸ ਦੇ ਅਨੁਰਾਗੀਆਂ[13] ਦੀ ਢਾਲ ਹੈ ਅਤੇ ਗੁਰਾਂ ਦੀ ਦਇਆ[14] ਦੁਆਰਾ ਪਾਇਆ ਜਾਂਦਾ[15] ਹੈ।
੮੪੫	845	੮੪੫
ਬਿਨੁ ਹਰਿ ਨਾਮ ਨ ਜੀਵਦੇ[16] ਜਿਉ[17] ਜਲ[18] ਬਿਨੁ ਮੀਨਾ[19] ਰਾਮ ॥	Like[17] the fish[19] without water[18], they can live[16] not without the Lord's Name.	ਪਾਣੀ[18] ਦੇ ਬਗ਼ੈਰ ਮੱਛੀ[19] ਦੀ ਤਰ੍ਹਾਂ[17], ਉਹ ਪ੍ਰਭੂ ਦੇ ਨਾਮ ਦੇ ਬਗ਼ੈਰ ਜੀਉ[16] ਨਹੀਂ ਸਕਦੇ।
ਸਫਲ[20] ਜਨਮੁ[21] ਹਰਿ ਪਾਇਆ[22] ਨਾਨਕ ਪ੍ਰਭਿ ਕੀਨਾ ਰਾਮ ॥੪॥੧॥੩॥	Meeting[22] with God, my life[21] has become fruitful[20]. The Lord Himself has fulfilled me.	ਵਾਹਿਗੁਰੂ ਨਾਲ ਮਿਲ[22] ਕੇ ਮੇਰਾ ਜੀਵਨ[21] ਫਲਦਾਇਕ[20] ਹੋ ਗਿਆ ਹੈ। ਸੁਆਮੀ ਨੇ ਆਪੇ ਹੀ ਮੈਨੂੰ ਸੰਪੂਰਨ ਕੀਤਾ ਹੈ।
ਬਿਲਾਵਲੁ ਮਹਲਾ ੪	Bilawal 4th Guru	ਬਿਲਾਵਲ ਚੌਥੀ ਪਾਤਿਸ਼ਾਹੀ
ਸਲੋਕੁ ॥	Slok.	ਸਲੋਕ।
ਹਰਿ ਪ੍ਰਭੁ ਸਜਣੁ[23] ਲੋੜਿ ਲਹੁ[24] ਮਨਿ ਵਸੈ[25] [26]ਵਡਭਾਗੁ[27] ॥	Seek[24] out the Lord God, thy Friend[23]. By the greatest[26] good luck[27], He abides[25] in the mind.	ਸੁਆਮੀ ਵਾਹਿਗੁਰੂ ਆਪਣੇ ਮਿਤ੍ਰ[23] ਦੀ ਭਾਲ[24] ਕਰ। ਪਰਮ[26] ਚੰਗੇ ਨਸੀਬਾਂ[27] ਰਾਹੀਂ ਉਹ ਚਿੱਤ ਅੰਦਰ ਟਿਕਦਾ[25] ਹੈ।
ਗੁਰਿ ਪੂਰੈ[28] ਵੇਖਾਲਿਆ[29] ਨਾਨਕ ਹਰਿ ਲਿਵ[30] ਲਾਗੁ ॥੧॥	The Perfect[28] Guru, O Nanak, shall make thee love[30] the Lord and see[29] Him.	ਪੂਰਨ[28] ਗੁਰਦੇਵ ਜੀ, ਹੇ ਨਾਨਕ! ਤੇਰਾ ਪ੍ਰਭੂ ਨਾਲ ਪਿਆਰ[30] ਪਾ ਦੇਣਗੇ ਅਤੇ ਤੈਨੂੰ ਉਸ ਦਾ ਦੀਦਾਰ[29] ਕਰਵਾ ਦੇਣਗੇ।
ਛੰਤ ॥	Chhant.	ਛੰਤ।
ਮੇਰਾ[31] ਹਰਿ ਪ੍ਰਭੁ ਰਾਵਣਿ[32]	Doing away[35] with the poison[34] of	ਹੰਕਾਰ[33] ਦੀ ਜ਼ਹਿਰ[34] ਨੂੰ ਨਵਿਰਤ[35] ਕਰਕੇ, ਪਤਨੀ

ਆਈਆ ਹਉਮੈ[33] ਬਿਖੁ[34] ਝਾਗੇ[35] ਰਾਮ ॥	pride[33],the bride has come to enjoy[22] her[31] Lord Master.	ਆਪਣੇ[31] ਸੁਆਮੀ ਮਾਲਕ ਨੂੰ ਮਾਣਨ ਲਈ[32] ਆਈ ਹੈ।
ਗੁਰਮਤਿ[36] ਆਪੁ[37] ਮਿਟਾਇਆ[38] ਹਰਿ ਹਰਿ ਲਿਵ ਲਾਗੇ[39] ਰਾਮ ॥	Through Guru's instruction[36], she has effaced[38] herself[37] and is attuned[39] to her Lord Master.	ਗੁਰਾਂ ਦੇ ਉਪਦੇਸ਼[36] ਦੁਆਰਾ ਉਸ ਨੇ ਆਪਣੇ ਆਪੇ[37] ਨੂੰ ਮੇਸ[38] ਦਿੱਤਾ ਹੈ, ਆਪਣੇ ਸੁਆਮੀ ਮਾਲਕ ਨਾਲ ਇਕਸੁਰ[39] ਹੋ ਗਈ ਹੈ।
ਅੰਤਰਿ[40] ਕਮਲੁ[41] ਪਰਗਾਸਿਆ[42] ਗੁਰ ਗਿਆਨੀ[43] ਜਾਗੇ[44] ਰਾਮ ॥	Her heart[40] lotus[41] has flowered[42] and the Guru-given gnosis[43] has awakened[44] in her.	ਉਸ ਦਾ ਦਿਲ[40] ਕੰਵਲ[41] ਪ੍ਰਫੁਲਤ ਹੋ ਗਿਆ[42] ਹੈ ਅਤੇ ਗੁਰਾਂ ਦੀ ਦਿੱਤੀ ਹੋਈ ਬ੍ਰਹਮ ਵੀਚਾਰ[43] ਉਸ ਅੰਦਰ ਜਾਗ ਪਈ[44] ਹੈ।
ਜਨ[45] ਨਾਨਕ ਹਰਿ ਪ੍ਰਭੁ ਪਾਇਆ ਪੂਰੈ[47] ਵਡਭਾਗੇ[46] ਰਾਮ ॥੧॥	Perfectly[47] fortunate[46] is slave[45] Nanak, who has attained to his Lord Master.	ਪੂਰਨ[47] ਭਾਗਾਂ ਵਾਲਾ[46] ਹੈ ਗੋਲਾ[45] ਨਾਨਕ, ਜਿਸ ਨੇ ਆਪਣੇ ਸੁਆਮੀ ਮਾਲਕ ਨੂੰ ਪਰਾਪਤ ਕਰ ਲਿਆ ਹੈ।
ਹਰਿ ਪ੍ਰਭੁ ਹਰਿ ਮਨਿ ਭਾਇਆ[48] ਹਰਿ ਨਾਮਿ ਵਧਾਈ[49] ਰਾਮ ॥	God, the Lord Master is pleasing[48] to my mind and with the Lord's Name am I enraptured[49].	ਵਾਹਿਗੁਰੂ ਸੁਆਮੀ ਮਾਲਕ ਦਾ ਨਾਮ ਮੇਰੇ ਚਿੱਤ ਨੂੰ ਚੰਗਾ ਲੱਗਦਾ[48] ਹੈ ਅਤੇ ਸੁਆਮੀ ਦੇ ਨਾਮ ਨਾਲ ਮੈਂ ਪਰਮ ਪ੍ਰਸੰਨ ਹੋ ਗਿਆ[49] ਹਾਂ।
ਗੁਰਿ ਪੂਰੈ[50] ਪ੍ਰਭੁ ਪਾਇਆ ਹਰਿ ਹਰਿ ਲਿਵ[51] ਲਾਈ[52] ਰਾਮ ॥	Through my perfect[50] Guru, I have obtained the Lord and embraced[52] love[51] for the Lord God.	ਆਪਣੇ ਪੂਰਨ[50] ਗੁਰਾਂ ਦੇ ਰਾਹੀਂ ਮੈਂ ਸਾਹਿਬ ਨੂੰ ਪਾ ਲਿਆ ਹੈ ਅਤੇ ਮੇਰੀ ਸੁਆਮੀ ਵਾਹਿਗੁਰੂ ਨਾਲ ਪ੍ਰੀਤ[51] ਪੈ ਗਈ[52] ਹੈ।
ਅਗਿਆਨੁ[53] ਅੰਧੇਰਾ[54] ਕਟਿਆ[55] ਜੋਤਿ[56] ਪਰਗਟਿਆਈ[57] ਰਾਮ ॥	My darkness[54] of ignorance[53] is dispelled[55] and the Divine Light[56] is revealed[57] unto me.	ਮੇਰਾ ਬੇ-ਸਮਝੀ[53] ਦਾ ਅਨ੍ਹੇਰਾ[54] ਦੂਰ ਹੋ ਗਿਆ[55] ਹੈ ਅਤੇ ਰੱਬੀ ਨੂਰ[56] ਮੇਰੇ ਤੇ ਨਾਜ਼ਲ ਹੋ ਗਿਆ[57] ਹੈ।
ਜਨ[58] ਨਾਨਕ ਨਾਮੁ ਅਧਾਰੁ[59] ਹੈ ਹਰਿ ਨਾਮਿ ਸਮਾਈ[60] ਰਾਮ ॥੨॥	Servant[58] Nanak has the Name's support[59], and merges[60] he in the Lord's Name.	ਨੌਕਰ[58] ਨਾਨਕ ਨੂੰ ਨਾਮ ਦਾ ਹੀ ਆਸਰਾ[59] ਹੈ, ਅਤੇ ਸਾਈਂ ਦੇ ਨਾਮ ਅੰਦਰ ਹੀ ਉਹ ਲੀਨ ਹੁੰਦਾ[60] ਹੈ।
ਧਨ[61] ਹਰਿ ਪ੍ਰਭਿ ਪਿਆਰੈ[62] ਰਾਵੀਆ[63] ਜਾਂ[64] ਹਰਿ ਪ੍ਰਭ ਭਾਈ[65] ਰਾਮ ॥	The bride[61] is enjoyed[63] by the Beloved[62] God Lord, when[64] He, the Lord God is pleased[65] with her.	ਪ੍ਰੀਤਮ[62] ਵਾਹਿਗੁਰੂ ਸੁਆਮੀ ਪਤਨੀ[61] ਨੂੰ ਮਾਣਦਾ[63] ਹੈ, ਜਦ[64] ਉਹ ਵਾਹਿਗੁਰੂ ਸੁਆਮੀ ਉਸ ਨਾਲ ਪ੍ਰਸੰਨ ਹੋ ਜਾਂਦਾ[65] ਹੈ।
ਅਖੀ[66] ਪ੍ਰੇਮ[67] ਕਸਾਈਆ[68] ਜਿਉ[69] ਬਿਲਕ[70] ਮਸਾਈ[71] ਰਾਮ ॥	Mine eyes[66] are drawn[68] towards the Lord's love[67], as[69] are the cat's[70] towards the mouse[71].	ਮੇਰੇ ਨੇਤ੍ਰ[66] ਪ੍ਰਭੂ ਦੀ ਪ੍ਰੀਤ[67] ਵਲ ਐਉਂ ਖਿਚੇ ਹੋਏ[68] ਹਨ, ਜਿਸ ਤਰ੍ਹਾਂ[69] ਬਿੱਲੀ[70] ਦੇ ਚੂਹੇ[71] ਵਲ।
ਗੁਰਿ ਪੂਰੈ[72] ਹਰਿ ਮੇਲਿਆ[73] ਹਰਿ ਰਸਿ[74] ਆਘਾਈ[75] ਰਾਮ ॥	The perfect[72] Guru has united[73] me with my God and with the Lord's elixir[74], I am sated[75].	ਪੂਰਨ[72] ਗੁਰਾਂ ਨੇ ਮੈਨੂੰ ਵਾਹਿਗੁਰੂ ਨਾਲ ਮਿਲਾ ਦਿਤਾ[73] ਹੈ ਅਤੇ ਸੁਆਮੀ ਦੇ ਅੰਮ੍ਰਿਤ[74] ਨਾਲ ਮੈਂ ਰੱਜ[75] ਗਿਆ ਹਾਂ।
ਜਨ[76] ਨਾਨਕ ਨਾਮਿ ਵਿਗਸਿਆ[77] ਹਰਿ ਹਰਿ[78] ਲਿਵ ਲਾਈ[79] ਰਾਮ ॥੩॥	Slave[76] Nanak is delighted[77] through the Name and to God's Name[78] he is attuned[79].	ਗੋਲਾ[76] ਨਾਨਕ ਨਾਮ ਦੇ ਰਾਹੀਂ ਪ੍ਰਸੰਨ ਹੋ ਗਿਆ[77] ਹੈ ਅਤੇ ਰੱਬ ਦੇ ਨਾਮ[78] ਨਾਲ ਹੀ ਉਸ ਨੇ ਪਿਆਰ ਪਾਇਆ[79] ਹੈ।

ਹਮ[80] ਮੂਰਖ[81] ਮੁਗਧ[82] ਮਿਲਾਇਆ[83]ਹਰਿ ਕਿਰਪਾ[84] ਧਾਰੀ[85] ਰਾਮ ॥	God has showered[85] His benediction[84] and has united[83] me[80], a fool[81] and an idiot[82], with Himself.	ਵਾਹਿਗੁਰੂ ਨੇ ਆਪਣੀ ਰਹਿਮਤ[84] ਕੀਤੀ[85] ਹੈ ਅਤੇ ਮੈਂ[80] ਬੇਵਕੂਫ਼[81] ਤੇ ਬੁੱਧੂ[82] ਨੂੰ ਆਪਣੇ ਨਾਲ ਮਿਲਾ ਲਿਆ[83] ਹੈ ।
ਧਨੁ[86] ਧੰਨੁ ਗੁਰੂ ਸਾਬਾਸਿ[87] ਹੈ ਜਿਨਿ ਹਉਮੈ[88] ਮਾਰੀ[89] ਰਾਮ ॥	Hail[86], hail unto the Blest[87] Guru, who has dispelled[89] ego[88] from within me.	ਵਾਹ[86], ਵਾਹ ਹਨ ਮੁਬਾਰਕ[87] ਗੁਰਦੇਵ ਜੀ, ਜਿਨ੍ਹਾਂ ਨੇ ਮੇਰੇ ਅੰਦਰੋਂ ਹੰਕਾਰ[88] ਮਾਰ ਮੁਕਾਇਆ[89] ਹੈ !
ਜਿਨ ਵਡਭਾਗੀਆ[90] [91]ਵਡਭਾਗੁ[92]ਹੈ ਹਰਿ ਹਰਿ[93] [94]ਉਰਧਾਰੀ[95] ਰਾਮ ॥	The very fortunate ones[90], who are blessed with good[91] destiny[92], clasp[95] the Lord God[93] to their heart[94].	ਪਰਮ ਚੰਗੇ ਨਸੀਬਾਂ ਵਾਲੇ[90], ਜਿਨ੍ਹਾਂ ਦੀ ਸਰੇਸ਼ਟ[91] ਪ੍ਰਾਲਬਧ[92] ਹੈ, ਸੁਆਮੀ ਵਾਹਿਗੁਰੂ[93] ਨੂੰ ਆਪਣੇ ਦਿਲ[94] ਨਾਲ ਲਾਈ ਰੱਖਦੇ[95] ਹਨ ।
ਜਨ[96]ਨਾਨਕ ਨਾਮੁ ਸਲਾਹਿ[97] ਤੂ ਨਾਮੇ ਬਲਿਹਾਰੀ[98] ਰਾਮ॥ ੪॥੨॥੪॥	Praise[97] thou the Lord's Name, O slave[96] Nanak, and be a sacrifice[98] unto the Lord's Name.	ਤੂੰ ਪ੍ਰਭੂ ਦੇ ਨਾਮ ਦੀ ਉਸਤਤੀ[97] ਕਰ, ਹੇ ਗੋਲੇ[96] ਨਾਨਕ ! ਅਤੇ ਪ੍ਰਭੂ ਦੇ ਨਾਮ ਉਤੋਂ ਕੁਰਬਾਨ[98] ਹੋ ਜਾ ।
ਬਿਲਾਵਲੁ ਮਹਲਾ ੫ ਛੰਤ	Bilawal 5th Guru Chhant	ਬਿਲਾਵਲ ਪੰਜਵੀਂ ਪਾਤਿਸ਼ਾਹੀ ਛੰਤ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ । ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਮੰਗਲ[99] ਸਾਜੁ[100] ਭਇਆ[2] ਪ੍ਰਭੁ ਅਪਨਾ ਗਾਇਆ[3] ਰਾਮ ॥	The occasion[100] of rejoicing[99] has come[2] and I sing[3] the praise of my Lord.	ਖੁਸ਼ੀ[99] ਦਾ ਅਵਸਰ[100]ਆ ਬਣਿਆ[2] ਹੈ ਅਤੇ ਮੈਂ ਆਪਣੇ ਸੁਆਮੀ ਦੀ ਕੀਰਤੀ ਗਾਉਂਦਾ[3] ਹਾਂ ।
ਅਬਿਨਾਸੀ[4] ਵਰੁ[5] ਸੁਣਿਆ ਮਨਿ[6] ਉਪਜਿਆ[7] ਚਾਇਆ[8] ਰਾਮ ॥	I have heard of my Imperishable[4] Groom[5] and joy[8] has welled up[7] within my mind[6].	ਮੈਂ ਆਪਣੇ ਅਮਰ[4] ਲਾੜੇ[5] ਬਾਰੇ ਸੁਣਿਆ ਹੈ ਅਤੇ ਮੇਰੇ ਚਿੱਤ[6] ਅੰਦਰ ਖ਼ੁਸ਼ੀ[8] ਉਤਪੰਨ ਹੋ ਗਈ[7] ਹੈ ।
ਮਨਿ ਪ੍ਰੀਤਿ[9] ਲਾਗੈ ਵਡੈ ਭਾਗੈ[10] ਕਬ[12] ਮਿਲੀਐ ਪੂਰਨ[13] ਪਤੇ[14] ॥	My mind is in love[9]. When[12] shall I meet with my Perfect[13] Groom[14], through good destiny[10] ?	ਮੇਰੇ ਚਿੱਤ ਅੰਦਰ ਪ੍ਰੇਮ[9] ਹੈ । ਸਰੇਸ਼ਟ ਪ੍ਰਾਲਬਧ[10] ਰਾਹੀਂ, ਮੈਂ ਆਪਣੇ ਮੁਕੰਮਲ[13] ਮਾਲਕ[14] ਨਾਲ ਕਦੋਂ[12] ਮਿਲਾਂਗੀ ?
ਸਹਜੇ[15] ਸਮਾਈਐ[16] [17]ਗੋਵਿੰਦੁ[18] ਪਾਈਐ ਦੇਹੁ ਸਖੀਏ[19] ਮੋਹਿ ਮਤੇ[20] ॥	O my mate[19], so counsel[20] thou me, that I may attain to the Lord[18] of Universe[17] and be easily[15] absorbed[16] in Him.	ਹੇ ਮੇਰੀ ਸਹੇਲੀਏ[19] ! ਤੂੰ ਮੈਨੂੰ ਇਸ ਤਰ੍ਹਾਂ ਦੀ ਸਿਖ-ਮਤ[20] ਦੇ ਕਿ ਮੈਂ ਆਲਮ[17] ਦੇ ਸੁਆਮੀ[18] ਨੂੰ ਪਾ ਲਵਾਂ ਅਤੇ ਸੁਖੈਨ ਹੀ[15] ਉਸ ਅੰਦਰ ਲੀਨ ਹੋ ਜਾਵਾਂ[16] ।
ਦਿਨੁ ਰੈਣਿ[20*]ਠਾਢੀ[21]ਕਰਉ ਸੇਵਾ[24]ਪ੍ਰਭੁ ਕਵਨ[22]ਜੁਗਤੀ[23] ਪਾਇਆ ॥	Day and night[20*] I stand[21] and serve[24] my Lord. By what[22] way[23] can I obtain my Spouse ?	ਦਿਨ ਰਾਤ[20*] ਖੜੋ[21] ਕੇ ਮੈਂ ਆਪਣੇ ਸੁਆਮੀ ਦੀ ਘਾਲ ਕਮਾਉਂਦੀ[24] ਹਾਂ । ਕਿਸ[22] ਤਰੀਕੇ[23] ਨਾਲ ਮੈਂ ਆਪਣੇ ਕੰਤ ਨੂੰ ਪਾ ਸਕਦੀ ਹਾਂ ?
ਬਿਨਵੰਤਿ[25] ਨਾਨਕ ਕਰਹੁ[26]	Prays[25] Nanak, have[26] Thou mercy[27]	ਗੁਰੂ ਜੀ ਬਿਨੈ ਕਰਦੇ[25] ਹਨ, ਤੂੰ ਮੇਰੇ ਉਤੇ ਮਿਹਰ[27]

ਕਿਰਪਾ[27] ਲੈਹੁ ਮੋਹਿ[28] ਲੜਿ[29] ਲਾਇਆ[30] ॥੧॥	on me and attach[30] me[28] to Thine skirt[29], O Lord.	ਧਾਰ[26] ਅਤੇ ਮੈਨੂੰ[28] ਆਪਣੇ ਪਲੇ[29] ਨਾਲ ਜੋੜ[30] ਲੈ, ਹੇ ਸੁਆਮੀ !
ਭਇਆ[31] ਸਮਾਹੜਾ[32] ਹਰਿ ਰਤਨੁ[33] ਵਿਸਾਹਾ[34] ਰਾਮ ॥ ਖੋਜੀ[35] ਖੋਜਿ[36] ਲਧਾ[37] ਹਰਿ ਸੰਤਨ ਪਾਹਾ[38] ਰਾਮ ॥	Joy[32] has welled up[31]. I have purchased[34] the jewel[33] of God. Following the tracks[36], the tracker[35] has found[37] the jewel with[38] the saints.	ਖ਼ੁਸ਼ੀ[32] ਉਤਪੰਨ ਹੋ ਗਈ[31] ਹੈ। ਮੈਂ ਵਾਹਿਗੁਰੂ ਦੇ ਜਵੇਹਰ[33] ਨੂੰ ਖ਼ਰੀਦ ਲਿਆ[34] ਹੈ। ਖੋਜੀ[35] ਨੇ ਖੋਜ[36] ਕੱਢ ਕੇ, ਜਵੇਹਰ ਨੂੰ ਸਾਧੂਆਂ ਕੋਲੋਂ[38] ਲੱਭ ਲਿਆ[37] ਹੈ।
ਮਿਲੇ ਸੰਤ ਪਿਆਰੇ[39] ਦਇਆ ਧਾਰੇ[40] ਕਥਹਿ[41] ਅਕਥ[42] ਬੀਚਾਰੋ[43] ॥	The dear[39] saints have mercifully[40] met me and I now reflect upon[43] the ineffable[42] discourse[41] of the Lord.	ਮਿਹਰਬਾਨੀ ਕਰਕੇ[40] ਲਾਡਲੇ[39] ਸਾਧੂ ਮੈਨੂੰ ਮਿਲ ਪਏ ਅਤੇ ਮੈਂ ਹੁਣ ਸੁਆਮੀ ਦੀ ਅਕਹਿ[42] ਕਥਾ ਵਾਰਤਾ[41] ਨੂੰ ਸੋਚਦਾ ਸਮਝਦਾ[43] ਹਾਂ।
ਇਕ ਚਿਤਿ[44] ਇਕ ਮਨਿ[45] ਧਿਆਇ[46] ਸੁਆਮੀ ਲਾਇ ਪ੍ਰੀਤਿ[47] ਪਿਆਰੋ[48] ॥	With single mindedness[44] and one heart[45] meditate[46] I on God with love[47] and affection[48].	ਇਕਾਗਰ ਮਨ[44] ਅਤੇ ਇਕ ਦਿਲ[45] ਨਾਲ ਮੈਂ ਮੁਹੱਬਤ[47] ਤੇ ਪ੍ਰੇਮ[48] ਨਾਲ ਵਾਹਿਗੁਰੂ ਦਾ ਸਿਮਰਨ ਕਰਦਾ[46] ਹਾਂ।
ਕਰ[49] ਜੋੜਿ[50] ਪ੍ਰਭ ਪਹਿ ਕਰਿ ਬਿਨੰਤੀ[51] ਮਿਲੈ[52] ਹਰਿ ਜਸੁ[53] ਲਾਹਾ[54] ॥	With joined[50] hands[49] I pray[51] to the Lord, "O God, bless[52] me with the profit[54] of Thy Praise[53]".	ਹੱਥ[49] ਬੰਨ੍ਹ ਕੇ[50], ਮੈਂ ਸੁਆਮੀ ਮੂਹਰੇ ਪ੍ਰਾਰਥਨਾ ਕਰਦਾ[51] ਹਾਂ, "ਹੇ ਵਾਹਿਗੁਰੂ ! ਮੈਨੂੰ ਆਪਣੀ ਸਿਫ਼ਤ-ਸ਼ਲਾਘਾ[53] ਦਾ ਨਫ਼ਾ[54] ਪਰਦਾਨ[52] ਕਰ"।
ਬਿਨਵੰਤਿ[55] ਨਾਨਕ ਦਾਸੁ[56] ਤੇਰਾ ਮੇਰਾ ਪ੍ਰਭੁ ਅਗਮ[57] ਅਥਾਹਾ[58] ॥੨॥	Supplicates[55] Nanak, 'I am Thine slave[56] and Thou art my Infinite[57] and Unfathomable[58] Lord'.	ਨਾਨਕ ਬੇਨਤੀ ਕਰਦਾ[55] ਹੈ, 'ਮੈਂ ਤੇਰਾ ਗੋਲਾ[56] ਹਾਂ ਅਤੇ ਤੂੰ ਮੇਰਾ ਬੇਅੰਤ[57] ਅਤੇ ਬੇਥਾਹ[58] ਸੁਆਮੀ ਹੈਂ।'
ਸਾਹਾ[59] ਅਟਲੁ[60] ਗਣਿਆ[61] ਪੂਰਨ[62] ਸੰਜੋਗੋ[63] ਰਾਮ[64] ॥	Infallible[60] is the date fixed[61] for my union[59] and perfect[62] is my union[63] with the Lord[64].	ਮੇਰੀ ਮਿਲਾਪ[59] ਦੀ ਮਿਥੀ ਹੋਈ[61] ਤਰੀਕ ਅਮੇਟ[60] ਹੈ ਅਤੇ ਸੰਪੂਰਨ[62] ਹੈ ਮੇਰੇ ਸੁਆਮੀ[64] ਨਾਲ ਮੇਰਾ ਮਿਲਾਪ[63]।
ਸੁਖਹ[65] ਸਮੂਹ[66] ਭਇਆ ਗਇਆ[67] ਵਿਜੋਗੋ[68] ਰਾਮ ॥	I am wholly[66] in peace[65] and my separation[68] from Him is ended[67].	ਮੈਂ ਮੁਕੰਮਲ[66] ਆਰਾਮ[65] ਅੰਦਰ ਹਾਂ ਅਤੇ ਉਸ ਨਾਲੋਂ ਮੇਰਾ ਵਿਛੋੜਾ[68] ਮੁੱਕ ਗਿਆ[67]।
੮੪੬	846	੮੪੬
ਮਿਲਿ[69] ਸੰਤ ਆਏ ਪ੍ਰਭ ਧਿਆਏ[70] ਬਣੇ ਅਚਰਜ[71] ਜਾਞੀਆਂ[72] ॥	The saints come in a body[69] and contemplate[70] the Lord. They form the wondrous[71] members[72] of the wedding party.	ਸਾਧੂ ਇਕੱਠੇ[69] ਹੋ ਆਉਂਦੇ ਹਨ ਅਤੇ ਸਾਹਿਬ ਦਾ ਸਿਮਰਨ ਕਰਦੇ[70] ਹਨ। ਉਹ ਬਰਾਤ ਦੇ ਅਦਭੁਤ[71] ਜਾਂਞੀ[72] ਬਣਦੇ ਹਨ।
ਮਿਲਿ ਇਕਤ੍ਰ[73] ਹੋਏ ਸਹਜਿ[74] ਢੋਏ[75] ਮਨ[76] ਪ੍ਰੀਤਿ[77] ਉਪਜੀ ਮਾਞੀਆ[78] ॥	Gathering together[73] they calmly[74] arrive[75] at the bride's residence and the bride's men[78] welcome them with hearty[76] love[77].	ਇਕੱਠੇ ਹੋ ਕੇ[73] ਉਹ ਪਤਨੀ ਦੇ ਨਿਵਾਸ ਅਸਥਾਨ ਤੇ ਸ਼ਾਂਤੀ[74] ਨਾਲ ਜਾ ਢੁਕਦੇ[75] ਹਨ ਅਤੇ ਮੇਲੀ[78], ਦਿਲੀ[76] ਪਿਆਰ[77] ਨਾਲ, ਉਨ੍ਹਾਂ ਦਾ ਸੁਆਗਤ ਕਰਦੇ ਹਨ।
ਮਿਲਿ[79] ਜੋਤਿ[80] ਜੋਤੀ[81] ਓਤਿ[82] ਪੋਤੀ[83] ਹਰਿ ਨਾਮੁ	Like warp[82] and woof[83] the brides light[80] blends[79] with her Lord's	ਤਾਣੇ[82] ਪੇਟੇ[83] ਦੀ ਤਰ੍ਹਾਂ ਪਤਨੀ ਦਾ ਨੂਰ[80] ਉਸ ਦੇ ਸੁਆਮੀ ਦੇ ਨੂਰ[81] ਨਾਲ ਅਭੇਦ ਹੋ ਜਾਂਦਾ[79] ਹੈ ਅਤੇ

ਸਭਿ[84] ਰਸ[85] ਭੋਗੇ[86] ॥	light[81] and all[84] the persons partake[86] of the Nectar[85] of God's Name.	ਸਾਰੇ[84] ਪੁਰਸ਼ ਵਾਹਿਗੁਰੂ ਦੇ ਨਾਮ ਦੇ ਅੰਮ੍ਰਿਤ[85] ਨੂੰ ਛੱਕਦੇ[86] ਹਨ।
ਬਿਨਵੰਤਿ[87] ਨਾਨਕ ਸਭ[88] ਸੰਤਿ ਮੇਲੀ ਪ੍ਰਭੁ ਕਰਣ[89] ਕਾਰਣ[90] ਜੋਗੋ[91] ॥੩॥	Supplicates[87] Nanak, the saint has wholly[88] united me with my Lord, who is potent[91] to do[89] all the deeds[90].	ਨਾਨਕ ਬੇਨਤੀ ਕਰਦਾ[87] ਹੈ, ਸਾਧੂ ਨੇ ਮੈਨੂੰ ਪੂਰਨ ਤੌਰ ਤੇ[88] ਮੇਰੇ ਸੁਆਮੀ ਨਾਲ ਮਿਲਾ ਦਿੱਤਾ ਹੈ, ਜੋ ਸਾਰੇ ਕਾਰਜ[90] ਕਰਨ[89] ਨੂੰ ਸਮਰਥ[91] ਹੈ।
ਭਵਨੁ[92] ਸੁਹਾਵੜਾ[93] ਧਰਤਿ[94] ਸੁਭਾਗੀ[95] ਰਾਮ ॥	Beauteous[93] is my home[92] and blessed[95] is my compound[94].	ਸੁੰਦਰ[93] ਹੈ ਮੇਰਾ ਘਰ[92] ਅਤੇ ਸੁਲੱਖਣਾ[95] ਹੈ ਮੇਰਾ ਵਿਹੜਾ[94]।
ਪ੍ਰਭੁ ਘਰਿ[96] ਆਇਅੜਾ[97] ਗੁਰ ਚਰਣੀ[98] ਲਾਗੀ[99] ਰਾਮ ॥	Repairing[99] to the Guru's feet[98], my Lord has entered[97] into my home[96].	ਗੁਰਾਂ ਦੇ ਪੈਰੀਂ[98] ਪੈਣ[99] ਦੁਆਰਾ, ਮੇਰਾ ਸੁਆਮੀ ਮੇਰੇ ਘਰ[96] ਅੰਦਰ ਆ ਗਿਆ[97] ਹੈ।
ਗੁਰ ਚਰਣ ਲਾਗੀ ਸਹਜਿ[100] ਜਾਗੀ ਸਗਲ[2] ਇਛਾ[3] ਪੁੰਨੀਆ[4] ॥	Falling at the Guru's feet, I am awakened in peace and poise[100] and all[2] my desires[3] are fulfilled[4].	ਗੁਰਾਂ ਦੇ ਪੈਰੀਂ ਡਿੱਗ ਕੇ, ਮੈਂ ਆਰਾਮ ਅਤੇ ਅਡੋਲਤਾ[100] ਅੰਦਰ ਜਾਗ ਉਠੀ ਹਾਂ ਅਤੇ ਮੇਰੀਆਂ ਸਾਰੀਆਂ[2] ਖ਼ਾਹਿਸ਼ਾਂ[3] ਪੂਰੀਆਂ ਹੋ ਗਈਆ[4] ਹਨ।
ਮੇਰੀ ਆਸ[5] ਪੂਰੀ[6] ਸੰਤ ਧੂਰੀ[7] ਹਰਿ ਮਿਲੇ ਕੰਤ[8] ਵਿਛੁੰਨਿਆ[9] ॥	With the dust[7] of the saints' feet, my hope[5] is realised[6] and after a long separation[9] I have met with God, my Groom[8].	ਸਾਧੂਆਂ ਦੇ ਪੈਰਾਂ ਦੀ ਧੂੜ[7] ਨਾਲ ਮੇਰੀ ਉਮੀਦ[5] ਪੂਰੀ ਹੋ ਗਈ[6] ਹੈ ਅਤੇ ਮੈਂ ਚਿਰ ਦੇ ਵਿਛੋੜੇ[9] ਮਗਰੋਂ ਵਾਹਿਗੁਰੂ, ਆਪਣੇ ਭਰਤੇ[8], ਨੂੰ ਮਿਲ ਪਈ ਹਾਂ।
ਆਨੰਦ[10] [12]ਅਨਦਿਨੁ[13] ਵਜਹਿ[14] ਵਾਜੇ[15] [16]ਅਹੰਮਤਿ[17] ਮਨ ਕੀ ਤਿਆਗੀ[18] ॥	Night[12] and day[13] I abide in bliss[10] and the celestial strain[15] resounds[14]. My mind's haughty[16] intellect[17], I have renounced[18].	ਰਾਤ[12] ਦਿਨ[13] ਮੈਂ ਖ਼ੁਸ਼ੀ[10] ਅੰਦਰ ਵਸਦੀ ਹਾਂ ਅਤੇ ਬੈਕੁੰਠੀ ਕੀਰਤਨ[15] ਗੂੰਜ ਰਿਹਾ[14] ਹੈ। ਆਪਣੇ ਮਨੂਏ ਦੀ ਹੰਕਾਰੀ[16] ਬੁੱਧ[17] ਮੈਂ ਛੱਡ ਦਿੱਤੀ[18] ਹੈ।
ਬਿਨਵੰਤਿ[19] ਨਾਨਕ ਸਰਣਿ[20] ਸੁਆਮੀ ਸੰਤ ਸੰਗਿ[21] ਲਿਵ ਲਾਗੀ[22] ॥੪॥੧॥	Supplicates[19] Nanak, 'I have sought the Lord's refuge[20] and in the saints' society[21] I am attuned[22] to Him.'	ਨਾਨਕ ਪ੍ਰਾਰਥਨਾ ਕਰਦਾ[19] ਹੈ : 'ਮੈਂ ਪ੍ਰਭੂ ਦੀ ਪਨਾਹ[20] ਲਈ ਹੈ ਅਤੇ ਸਤਿਸੰਗਤ[21] ਅੰਦਰ ਮੈਂ ਉਸ ਨਾਲ ਇਕ-ਸੁਰ ਹੋ ਗਈ[22] ਹਾਂ।'
ਬਿਲਾਵਲੁ ਮਹਲਾ ੫ ॥	Bilawal 5th Guru.	ਬਿਲਾਵਲ ਪੰਜਵੀਂ ਪਾਤਿਸ਼ਾਹੀ।
ਭਾਗ[23] ਸੁਲਖਣਾ[24] ਹਰਿ ਕੰਤੁ[25] ਹਮਾਰਾ ਰਾਮ ॥	I am blessed with auspicious[24] destiny[23], for my God is my Bride-groom[25].	ਮੈਂ ਮੁਬਾਰਕ[24] ਪ੍ਰਾਲਬਧ[23] ਵਾਲਾ ਹਾਂ ਕਿਉਂ ਜੋ ਮੇਰਾ ਵਾਹਿਗੁਰੂ ਮੇਰਾ ਭਰਤਾ[25] ਹੈ।
ਅਨਹਦ[26] ਬਾਜਿਤ੍ਰਾ[27] ਤਿਸੁ[28] ਧੁਨਿ[29] ਦਰਬਾਰਾ[30] ਰਾਮ ॥	In His[28] Court[30] plays[27] the spontaneous[26] celestial strain[29].	ਉਸ ਦੀ[28] ਦਰਗਾਹ[30] ਅੰਦਰ ਸੁਤੇ ਹੀ ਇਕ-ਰਸ[26] ਇਲਾਹੀ ਕੀਰਤਨ[29] ਹੋ ਰਿਹਾ[27] ਹੈ।
ਆਨੰਦ[31] [32]ਅਨਦਿਨੁ[33] ਵਜਹਿ[34] ਵਾਜੇ[35] ਦਿਨਸੁ ਰੈਣਿ[36] ਉਮਾਹਾ[37] ॥	Night[32] and day[33] I abide in bliss[31], hearing ever[36] the playing[34] of musical instruments[35] in glee[37].	ਖ਼ੁਸ਼ੀ[37] ਅੰਦਰ ਸਦੀਵ[36] ਹੀ ਸੰਗੀਤਕ ਸਾਜ਼ਾਂ[35] ਦਾ ਵੱਜਣਾ[34] ਸੁਣਦਾ ਹੋਇਆ, ਮੈਂ ਰਾਤ[32] ਦਿਨ[33] ਪ੍ਰਸੰਨਤਾ[31] ਅੰਦਰ ਵਸਦਾ ਹਾਂ।
ਤਹ[38] ਰੋਗ[39] ਸੋਗ[40] ਨ	Disease[39], sorrow[40] and pain[41]	ਬੀਮਾਰੀ[39], ਅਫਸੋਸ[40] ਅਤੇ ਪੀੜ[41] ਉਥੇ[38] ਦੁਖੀ[42] ਨਹੀਂ

ਦੂਖੁ[41] ਬਿਆਪੈ[42] ਜਨਮ[43] ਮਰਣੁ[44] ਨ ਤਾਹਾ[45] ॥	harass[42] not there[38], nor is birth[43] or death[44] there[45].	ਕਰਦੇ, ਨਾ ਹੀ ਉਥੇ[45] ਪੈਦਾਇਸ਼[43] ਜਾਂ ਮੌਤ[44] ਹੈ।
ਰਿਧਿ[46]ਸਿਧਿ[47] ਸੁਧਾ[48] ਰਸੁ ਅੰਮ੍ਰਿਤੁ[49] ਭਗਤਿ[50] ਭਰੇ[51] ਭੰਡਾਰਾ[52] ॥	There, the treasures[52] are brimful[51] with wealth[46],supernatural powers[47], nectar[48], ambrosia[49] and the Lord's devotional service[50].	ਉਥੇ ਧਨਸੰਪ੍ਰਦਾ[46], ਕਰਾਮਾਤੀ ਸ਼ਕਤੀਆਂ[47], ਆਬਿ-ਹਿਯਾਤ[48], ਅਮਿਉ[49] ਅਤੇ ਪ੍ਰਭੂ ਦੀ ਪ੍ਰੇਮ-ਮਈ ਸੇਵਾ[50] ਦੇ ਨਾਲ ਖ਼ਜ਼ਾਨੇ[52] ਪਰੀਪੂਰਨ[51] ਹਨ।
ਬਿਨਵੰਤਿ[53] ਨਾਨਕ ਬਲਿ-ਹਾਰਿ[54] ਵੰਞਾ ਪਾਰਬ੍ਰਹਮ[55] ਪ੍ਰਾਨ[56] ਅਧਾਰਾ[57] ॥੧॥	Prays[53] Nanak, a sacrifice[54] am I unto my Transcendent Lord[55], the prop[57] of my very life[56].	ਗੁਰੂ ਜੀ ਬੇਨਤੀ ਕਰਦੇ[53] ਹਨ, ਮੈਂ ਆਪਣੀ ਜਿੰਦ ਜਾਨ[56] ਦੇ ਆਸਰੇ[57], ਪਰਮ ਪ੍ਰਭੂ[55] ਉਤੋਂ ਕੁਰਬਾਨ ਜਾਂਦਾ[54]ਹਾਂ।
ਸੁਣਿ[58] ਸਖੀਅ[59] ਸਹੇਲੜੀਹੋ[60]ਮਿਲਿ ਮੰਗਲੁ[61] ਗਾਵਹ ਰਾਮ ॥	Hearken[58], O my friends[59] and mates[60], let us meet to sing the song of rejoicing[61].	ਸ੍ਰਵਣ[58] ਕਰੋ, ਹੇ ਮੇਰੀ ਸਜਣੀਓ[59] ਤੇ ਸਹੇਲੀਓ[60] ! ਆਓ ਆਪਾਂ ਮਿਲ ਕੇ ਖ਼ੁਸ਼ੀ ਦਾ ਗੀਤ[61] ਗਾਇਨ ਕਰੀਏ।
ਮਨਿ[62] ਤਨਿ[63] ਪ੍ਰੇਮੁ[64] ਕਰੇ ਤਿਸੁ[65] ਪ੍ਰਭ ਕਉ ਰਾਵਹ[66] ਰਾਮ ॥	Loving[64] that[65] Lord of ours, with soul[62] and body[63], let us enjoy[66] Him.	ਆਤਮਾ[62] ਅਤੇ ਦੇਹ[63] ਨਾਲ ਉਸ[65] ਆਪਣੇ ਸੁਆਮੀ ਨੂੰ ਪਿਆਰ[64] ਕਰ ਕੇ, ਆਓ ਆਪਾਂ ਉਸ ਦਾ ਅਨੰਦ ਮਾਣੀਏ[66]।
ਕਰਿ ਪ੍ਰੇਮੁ ਰਾਵਹ[68] ਤਿਸੈ ਭਾਵਹ[69] ਇਕ ਨਿਮਖ[70] ਪਲਕ[71] ਨ ਤਿਆਗੀਐ[72] ॥	Remembering[68] Him with love, we become pleasing[69] to Him and forget[72] Him not ever for a while[70] and trice[71].	ਉਸ ਨੂੰ ਪਿਆਰ ਨਾਲ ਯਾਦ ਕਰਨ[68] ਦੁਆਰਾ, ਅਸੀਂ ਉਸ ਨੂੰ ਚੰਗੀਆਂ ਲੱਗਦੀਆਂ[69] ਹਾਂ ਅਤੇ ਇਕ ਮੁਹਤ[70] ਤੇ ਛਿਨ[71]ਭਰ ਲਈ ਭੀ ਉਸ ਨੂੰ ਨਹੀਂ ਭੁਲਾਉਂਦੀਆਂ[72]।
ਗਹਿ[73] ਕੰਠਿ[74] ਲਾਈਐ ਨਹ ਲਜਾਈਐ[75] ਚਰਨ[76] ਰਜ[77] ਮਨੁ[78] ਪਾਗੀਐ[79] ॥	Let us closely[73] hug Him to our bosom[74], feel not shy[75], and bathe[79] our soul[78] in the dust[77]of His feet[76].	ਆਓ ਆਪਾਂ ਉਸ ਨੂੰ ਆਪਣੀ ਛਾਤੀ[74] ਨਾਲ ਘੁੱਟ ਕੇ[73] ਲਾਈਏ,ਸੰਗ[75] ਨਾ ਕਰੀਏ,ਅਤੇ ਆਪਣੀ ਆਤਮਾ[78] ਨੂੰ ਉਸ ਦੇ ਪੈਰਾਂ[76] ਦੀ ਧੂੜ[77] ਵਿਚ ਨੁਹਾਈਏ[79]।
ਭਗਤਿ[80]ਠਗਉਰੀ[81]ਪਾਇ[82] ਮੋਹਹ[83] ਅਨਤ[84] ਕਤਹੂ[85] ਨ ਧਾਵਹ[86] ॥	Let us fascinate[83] Him, using[82] the intoxicating herb[81]of devotion[80] and wander[86] no where[85] else[84].	ਆਓ ਆਪਾਂ ਸ਼ਰਧਾ ਪ੍ਰੇਮ[80] ਦੀ ਨਸ਼ੀਲੀ ਬੂਟੀ[81] ਵਰਤ[82] ਕੇ ਉਸ ਨੂੰ ਮੋਹਿਤ ਕਰ ਲਈਏ[83] ਅਤੇ ਹੋਰ[84] ਕਿਧਰੇ[85] ਭੰਬਲਭੂਸੇ[86] ਨ ਖਾਈਏ।
ਬਿਨਵੰਤਿ[93]ਨਾਨਕ ਮਿਲਿ[92] ਸੰਗਿ[87] ਸਾਜਨ[88] ਅਮਰ[89] ਪਦਵੀ[90] ਪਾਵਹ[91] ॥੨॥	Prays[93] Nanak, meeting[92] with[87] God, the Friend[88], let us obtain[91] the immortal[89] rank[90].	ਗੁਰੂ ਜੀ ਬੇਨਤੀ ਕਰਦੇ[93] ਹਨ, ਵਾਹਿਗੁਰੂ ਮਿੱਤ੍ਰ[88] ਨਾਲ[87] ਮਿਲ ਕੇ[92] ਆਓ ਆਪਾਂ ਅਬਿਨਾਸੀ[89] ਮਰਤਬੇ[90] ਨੂੰ ਪਰਾਪਤ ਕਰੀਏ[91]।
ਬਿਸਮਨ[94] ਬਿਸਮ ਭਈ[99] ਪੇਖਿ[95] ਗੁਣ[96] ਅਬਿਨਾਸੀ[97] ਰਾਮ[98] ॥	Wonder-struck[94], wonder-struck, I have become[99] beholding[95] the merits[96]of my imperishable[97] Lord[98].	ਅਸਚਰਜ[94], ਅਸਚਰਜ ਮੈਂ ਹੋ ਗਈ[99] ਹਾਂ, ਆਪਣੇ ਅਮਰ[97] ਸੁਆਮੀ[98] ਦੀਆਂ ਖੂਬੀਆਂ[96] ਵੇਖ ਕੇ[95]।
ਕਰੁ[100] ਗਹਿ[2] ਭੁਜਾ[3] ਗਹੀ[4] ਕਟਿ[5] ਜਮ[6] ਕੀ ਫਾਸੀ[7] ਰਾਮ ॥	He has seized[2] my hand[100], taken hold[4] of my arm[3] and has snapped[5] my death's[6] noose[7].	ਉਸ ਨੇ ਮੇਰਾ ਹੱਥ[100] ਫੜ ਲਿਆ[2], ਬਾਂਹ[3] ਪਕੜ[4] ਲਈ ਹੈ ਅਤੇ ਮੇਰੀ ਮੌਤ[6] ਦੀ ਫਾਹੀ[7] ਵੱਢ ਸੁੱਟੀ[5] ਹੈ।
ਗਹਿ ਭੁਜਾ ਲੀਨੀ ਦਾਸਿ[8]	Holding me by the arm, the Lord	ਮੈਨੂੰ ਬਾਹੋਂ ਪਕੜ ਕੇ ਸੁਆਮੀ ਨੇ ਮੈਨੂੰ ਆਪਣੀ ਨੌਕਰਾਣੀ[8]

ਕੀਨੀ ਅੰਕੁਰਿ[9] ਉਦੋਤੁ[10] ਜਣਾਇਆ[12] ॥

has made me His hand-maiden[8] and the plumule[9] of my destiny has sprouted[10] and appeared[12].

ਬਣਾ ਲਿਆ ਹੈ ਅਤੇ ਮੇਰੀ ਪਰਾਲਭਧ ਦਾ ਅੰਗੂਰ[9] ਪੁੰਗਰ ਕੇ[10] ਦਿਸ ਪਿਆ[12] ਹੈ।

ਮਲਨ[13] ਮੋਹ[14] ਬਿਕਾਰ[15] ਨਾਠੇ[16] ਦਿਵਸ[17] ਨਿਰਮਲ[18] ਆਇਆ[19] ॥

Filth[13], worldly love[14] and sins[15] have fled[16] and good[18] day[17] has dawned[19].

ਮਲੀਨਤਾ[13], ਸੰਸਾਰੀ ਮਮਤਾ[14] ਅਤੇ ਪਾਪ[15] ਦੌੜ ਗਏ[16] ਹਨ ਅਤੇ ਚੰਗਾ[18] ਦਿਹਾੜਾ[17] ਚੜ੍ਹ ਪਿਆ[19] ਹੈ।

ਦ੍ਰਿਸਟਿ[20] ਧਾਰੀ[21] ਮਨਿ[22] ਪਿਆਰੀ[23] ਮਹਾ[24] [25]ਦੁਰਮਤਿ[26] ਨਾਸੀ[27] ॥

The Lord has cast[21] His merciful glance[20], He loves[23] me with his heart[22] and my great[24] evil[25]-intellect[26] is dispelled[27].

ਸਾਈਂ ਨੇ ਆਪਣੀ ਮਿਹਰ ਦੀ ਨਿਗ੍ਹਾ[20] ਕੀਤੀ[21] ਹੈ, ਉਹ ਮੈਨੂੰ ਦਿਲੋਂ[22] ਪਿਆਰ[23] ਕਰਦਾ ਹੈ ਅਤੇ ਮੇਰੀ ਪਰਮ[24] ਮੰਦੀ[25]-ਅਕਲ[26] ਦੂਰ ਹੋ ਗਈ[27] ਹੈ।

ਬਿਨਵੰਤਿ ਨਾਨਕ ਭਈ ਨਿਰਮਲ[28] ਪ੍ਰਭ ਮਿਲੇ ਅਬਿਨਾਸੀ[29] ॥੩॥

Prays Nanak, I have become immaculate[28] and have met with my Imperishable[29] Lord.

ਗੁਰੂ ਜੀ ਬੇਨਤੀ ਕਰਦੇ ਹਨ, ਮੈਂ ਪਵਿੱਤਰ[28] ਹੋ ਗਈ ਹਾਂ ਅਤੇ ਆਪਣੇ ਅਮਰ[29] ਸੁਆਮੀ ਨਾਲ ਮਿਲ ਪਈ ਹਾਂ।

ਸੂਰਜ[30] ਕਿਰਣਿ[31] ਮਿਲੇ[32] ਜਲ[33] ਕਾ ਜਲੁ ਹੂਆ ਰਾਮ ॥ ਜੋਤੀ[34] ਜੋਤਿ[35] ਰਲੀ[36] ਸੰਪੂਰਨੁ[37] ਥੀਆ[38] ਰਾਮ ॥

As the ray[31] blends[32] with the Sun[30] and water[33] becomes water, so merges[36] the human light[35] in the Supreme Light[34] and becomes[38] perfect[37].

ਜਿਸ ਤਰ੍ਹਾਂ ਕਿਰਨ[31] ਸੂਰਜ[30] ਨਾਲ ਅਭੇਦ[32] ਹੋ ਜਾਂਦੀ ਅਤੇ ਪਾਣੀ[33] ਪਾਣੀ ਹੀ ਹੋ ਜਾਂਦਾ ਹੈ, ਇਸੇ ਤਰ੍ਹਾਂ ਹੀ ਮਨੁੱਖੀ-ਪ੍ਰਕਾਸ਼[35], ਪਰਮ ਪਰਕਾਸ਼[34] ਅੰਦਰ ਲੀਨ ਹੋ[36] ਕੇ ਮੁਕੰਮਲ[37] ਹੋ ਜਾਂਦਾ[38] ਹੈ।

ਬ੍ਰਹਮੁ[39] ਦੀਸੈ[40] ਬ੍ਰਹਮੁ ਸੁਣੀਐ ਏਕੁ ਏਕੁ[41] ਵਖਾਣੀਐ[42] ॥

Now I see[40] the Lord[39], hear of the Lord and narrate[42] but the One Lord[41].

ਮੈਂ ਹੁਣ ਪ੍ਰਭੂ[39] ਨੂੰ ਵੇਖਦਾ[40] ਹਾਂ, ਪ੍ਰਭੂ ਬਾਰੇ ਹੀ ਸੁਣਦਾ ਹਾਂ ਅਤੇ ਕੇਵਲ ਇਕ ਪ੍ਰਭੂ[41] ਨੂੰ ਹੀ ਵਰਣਨ ਕਰਦਾ[42] ਹਾਂ।

ਆਤਮ[43] ਪਸਾਰਾ[44] ਕਰਣਹਾਰਾ[45] ਪ੍ਰਭ ਬਿਨਾ[46] ਨਹੀ ਜਾਣੀਐ ॥

The Supreme Soul[43] is the Creator[45] of the world[44]. Without[46] the Lord, I know no other.

ਪਰਮ ਆਤਮਾ[43] ਹੀ ਸੰਸਾਰ[44] ਦੀ ਸਿਰਜਣਹਾਰ[45] ਹੈ। ਸੁਆਮੀ ਦੇ ਬਾਝੋਂ[46] ਮੈਂ ਹੋਰ ਕਿਸੇ ਨੂੰ ਨਹੀਂ ਜਾਣਦਾ।

ਆਪਿ[47] ਕਰਤਾ[48] ਆਪਿ ਭੁਗਤਾ[49] ਆਪਿ ਕਾਰਣੁ[50] ਕੀਆ[51] ॥

The Lord Himself[47] is the Creator[48] and Himself the Enjoyer[49]. He Himself has made[51] the universe[50].

ਸਾਈਂ ਆਪੇ[47] ਸਿਰਜਣਹਾਰ[48] ਹੈ ਤੇ ਆਪੇ ਹੀ ਅਨੰਦ ਮਾਣਨ ਵਾਲਾ[49]। ਉਸ ਨੇ ਆਪੇ ਹੀ ਆਲਮ[50] ਬਣਾਇਆ[51] ਹੈ।

ਬਿਨਵੰਤਿ ਨਾਨਕ ਸੇਈ[52] ਜਾਣਹਿ[53] ਜਿਨ੍ਹੀ ਹਰਿ ਰਸੁ[54] ਪੀਆ[55] ॥੪॥੨॥

Prays Nanak, they alone[52] understand[53] this mystery, who quaff[55] the Lord's elixir[54].

ਗੁਰੂ ਜੀ ਬਿਨੇ ਕਰਦੇ ਹਨ, ਕੇਵਲ ਉਹ ਹੀ[52] ਇਸ ਭੇਤ ਨੂੰ ਸਮਝਦੇ[53] ਹਨ ਜੋ ਪ੍ਰਭੂ ਦੇ ਅੰਮ੍ਰਿਤ[54] ਨੂੰ ਪਾਨ ਕਰਦੇ[55] ਹਨ।

੮੪੭
ਬਿਲਾਵਲੁ ਮਹਲਾ ੫
ਛੰਤ

847
Bilawal 5th Guru
Chhant

੮੪੭
ਬਿਲਾਵਲ ਪੰਜਵੀਂ ਪਾਤਿਸ਼ਾਹੀ
ਛੰਤ

੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।
ਸਖੀ[56] ਆਉ ਸਖੀ ਵਸਿ[57] ਆਉ ਸਖੀ ਅਸੀ[58] ਪਿਰ[59] ਕਾ ਮੰਗਲੁ[60] ਗਾਵਹ[61] ॥	Come, O mate[56], my mate, come thou under the sway[57] of the Lord's will, O my mate. Let us[58] sing[61] the eulogy[60] of our Spouse[59].	ਆ ਸਹੇਲੀਏ[56]! ਮੇਰੀ ਸਹੀਏ! ਤੂੰ ਸੁਆਮੀ ਦੀ ਰਜ਼ਾ[57] ਦੇ ਤਾਬੇ ਆ, ਹੇ ਮੇਰੀ ਸਹੀਏ! ਆਓ! ਆਪਾਂ[58] ਆਪਣੇ ਕੰਤ[59] ਦੀ ਮਹਿਮਾਂ[60] ਗਾਇਨ[61] ਕਰੀਏ।
ਤਜਿ[62] ਮਾਨੁ[63] ਸਖੀ ਤਜਿ ਮਾਨੁ ਸਖੀ ਮਤੁ[64] ਆਪਣੇ ਪ੍ਰੀਤਮ[65] ਭਾਵਹ[66] ॥	Eradicate[62] thy ego[63], O mate, eradicate thou thy ego, O mate, perhaps[64] thou mayest become pleasing[66] to thy Beloved[65].	ਆਪਣੀ ਹੰਗਤਾ[63] ਛੱਡ ਦੇ[62], ਹੇ ਸਹੇਲੀਏ! ਤੂੰ ਆਪਣੀ ਹੰਗਤਾ ਛੱਡ ਦੇ, ਹੇ ਸਹੇਲੀਏ! ਸ਼ਾਇਦ[64] ਤੂੰ ਆਪਣੇ ਪਿਆਰੇ[65] ਨੂੰ ਚੰਗੀ ਲਗਣ[66] ਲੱਗ ਪਵੇਂ।
ਤਜਿ ਮਾਨੁ[72] ਮੋਹੁ[67] ਬਿਕਾਰੁ[68] ਦੂਜਾ[69] ਸੇਵਿ[70] ਏਕੁ ਨਿਰੰਜਨੋ[71] ॥	Forsake thou thy self-conceit[72], worldly love[67], sin[68] and duality[69] and serve[70] thy One Immaculate Lord[71].	ਤੂੰ ਆਪਣੀ ਸਵੈ-ਹੰਗਤਾ[72], ਸੰਸਾਰੀ ਮਮਤਾ[67], ਪਾਪ[68] ਅਤੇ ਦਵੈਤ-ਭਾਵ[69] ਨੂੰ ਤਲਾਂਜਲੀ ਦੇ, ਅਤੇ ਕੇਵਲ ਆਪਣੇ ਪਵਿੱਤਰ ਪ੍ਰਭੂ[71] ਦੀ ਘਾਲ ਕਮਾ[70]।
ਲਗੁ ਚਰਣ[73] ਸਰਣ[74] ਦਇਆਲ[75] ਪ੍ਰੀਤਮ[76] ਸਗਲ[77] ਦੁਰਤ[78] ਬਿਖੰਡਣੋ[79] ॥	Ever remain thou under the protection[74] of the feet[73] of thy Merciful[75] Beloved[76], who is the Destroyer[79] of all[77] the sins[78].	ਤੂੰ ਸਦੀਵ ਹੀ ਆਪਣੇ ਮਿਹਰਬਾਨ[75] ਪਿਆਰੇ[76] ਦੇ ਪੈਰਾਂ[73] ਦੀ ਪਨਾਹ[74] ਹੇਠਾਂ ਟਿਕੀ ਰਹੁ ਜੋ ਸਾਰਿਆਂ[77] ਪਾਪਾਂ[78] ਦਾ ਨਾਸ ਕਰਨਹਾਰ[79] ਹੈ।
ਹੋਇ ਦਾਸ ਦਾਸੀ[80] ਤਜਿ[81] ਉਦਾਸੀ[82] ਬਹੁੜਿ[83] ਬਿਧੀ[84] ਨ ਧਾਵਾ[85] ॥	Be thou the maid slave[80] of the Lord's slave and shed[81] thy sorrow[82]. Like this thou shall not again[83] wander[85] in evil ways[84].	ਤੂੰ ਸੁਆਮੀ ਦੇ ਗੋਲੇ ਦੀ ਗੋਲੀ[80] ਹੋ ਜਾ ਅਤੇ ਆਪਣੀ ਉਦਾਸੀਨਤਾ[82] ਨੂੰ ਛੱਡ ਦੇ[81]। ਇਸ ਤਰ੍ਹਾਂ ਤੂੰ ਮੁੜ ਕੇ[83] ਕੁਮਾਰਗਾਂ[84] ਅੰਦਰ ਨਹੀਂ ਭਟਕੇਂਗੀ[85]।
ਨਾਨਕੁ ਪਇਅੰਪੈ[86] ਕਰਹੁ[87] ਕਿਰਪਾ[88] ਤਾਮਿ[89] ਮੰਗਲੁ[90] ਗਾਵਾ[91] ॥੧॥	Says[86] Nanak, my Master show[87] mercy[88] unto me, so that[89] I sing[91] Thine praise[90].	ਗੁਰੂ ਜੀ ਆਖਦੇ[86] ਹਨ, ਮੇਰੇ ਮਾਲਕ, ਮੇਰੇ ਉਤੇ ਮਿਹਰ[88] ਧਾਰ[87] ਤਾਂ ਜੋ[89] ਮੈਂ ਤੇਰੀ ਕੀਰਤੀ[90] ਗਾਇਨ[91] ਕਰ ਸਕਾਂ।
ਅੰਮ੍ਰਿਤੁ[92] ਪ੍ਰਿਅ[93] ਕਾ ਨਾਮੁ ਮੈ ਅੰਧੁਲੇ[94] ਟੋਹਨੀ[95] ॥	The Nectar-Name[92] of my Beloved[93] Lord is to me like the stick[95] to the blind[94].	ਮੇਰੇ ਪਿਆਰੇ[93] ਪ੍ਰਭੂ ਦਾ ਸੁਧਾਸਰੂਪ ਨਾਮ[92] ਮੇਰੇ ਲਈ ਅੰਨ੍ਹੇ[94] ਦੀ ਡੰਗੋਰੀ[95] ਦੀ ਤਰ੍ਹਾਂ ਹੈ।
ਓਹ[96] ਜੋਹੈ[97] ਬਹੁ[98] ਪਰਕਾਰ[99] ਸੁੰਦਰਿ[100] ਮੋਹਨੀ[2] ॥	Like a beauteous damsel[100], the[96] mammon[2] seduces[97] man in many[98] ways[99].	ਇਕ ਸੋਹਣੀ ਸੁਨੱਖੀ ਮੁਟਿਆਰ[100] ਦੀ ਤਰ੍ਹਾਂ, ਉਹ[96] ਮਾਇਆ[2] ਇਨਸਾਨ ਨੂੰ ਘਣੇਰੇ[98] ਤਰੀਕਿਆਂ[99] ਨਾਲ ਵਰਗਲਾਉਂਦੀ[97] ਹੈ।
ਮੋਹਨੀ ਮਹਾ[3] ਬਚਿਤ੍ਰਿ[4] ਚੰਚਲਿ[5] ਅਨਿਕ[6] ਭਾਵ[7] ਦਿਖਾਵਏ[8] ॥	The mammon is supremely[3] wondrous[4] and restless[5] and exhibits[8] various[6] dalliances[7].	ਮਾਇਆ ਪਰਮ[3] ਅਸਚਰਜ[4] ਅਤੇ ਚੁਲਬਲੀ[5] ਹੈ ਤੇ ਅਨੇਕਾਂ[6] ਹੀ ਨਾਜ਼-ਨਖ਼ਰੇ[7] ਵਿਖਾਲਦੀ[8] ਹੈ।

ਹੋਇ ਢੀਠ[9]ਮੀਠੀ[10]ਮਨਹਿ[12] ਲਾਗੈ ਨਾਮੁ ਲੈਣ[13] ਨ ਆਵਏ ॥	The shameless[9] mammon seems sweet[10] unto the man's mind[12] and he utters[13] not the Lord's Name.	ਬੇਸ਼ਰਮ[9] ਮਾਇਆ ਮਨੁੱਖ ਦੇ ਮਨ[12] ਨੂੰ ਮਿੱਠੀ[10] ਲੱਗਦੀ ਹੈ ਅਤੇ ਉਹ ਪ੍ਰਭੂ ਦੇ ਨਾਮ ਦਾ ਉਚਾਰਨ[13] ਨਹੀਂ ਕਰਦਾ।
ਗ੍ਰਿਹ[14] ਬਨਹਿ[15] ਤੀਰੈ[16] ਬਰਤ[17] ਪੂਜਾ[18] ਬਾਟ[19] ਘਾਟੈ[20] ਜੋਹਨੀ[21] ॥	At home[14], in forests[15], on the banks[16] of holies, fasting[17], worshipping[18], on the way[19] and on the wharf[20], she hoodwinks[21] the men.	ਘਰ[14] ਤੇ ਜੰਗਲਾਂ[15] ਵਿਚ, ਤੀਰਥਾਂ ਦੇ ਕਿਨਾਰਿਆਂ[16] ਉਤੇ, ਨਿਰਾਹਾਰ ਰਹਿੰਦਿਆਂ[17]; ਪਾਠ ਪੂਜਾ ਕਰਦਿਆਂ[18] ਰਸਤੇ[19] ਉਤੇ ਅਤੇ ਪੱਤਣ[20] ਤੇ, ਇਹ ਬੰਦਿਆਂ ਨੂੰ ਠੱਗਦੀ[21] ਹੈ।
ਨਾਨਕੁ ਪਇਅੰਪੈ ਦਇਆ[22] ਧਾਰਹੁ[23] ਮੈ ਨਾਮੁ ਅੰਧੁਲੇ ਟੋਹਨੀ ॥੨॥	Says Nanak, shower[23] Thou Thine benediction[22] on me, O Lord. For me, the blind man, Thy Name is the staff.	ਗੁਰੂ ਜੀ ਫੁਰਮਾਉਂਦੇ ਹਨ, ਤੂੰ ਆਪਣੀ ਰਹਿਮਤ[22] ਮੇਰੇ ਉਤੇ ਨਿਛਾਵਰ[23] ਕਰ, ਹੇ ਸਾਂਈ! ਮੈਂ ਅੰਨ੍ਹੇ ਮਨੁੱਖ ਲਈ ਤੇਰਾ ਨਾਮ ਇਕ ਡੰਗੋਰੀ ਹੈ।
ਮੋਹਿ[24] ਅਨਾਥ[25] ਪ੍ਰਿਅ[26] ਨਾਥ[27] ਜਿਉ[28] ਜਾਨਹੁ[29] ਤਿਉ[30]ਰਖਹੁ[31]॥ਚਤੁਰਾਈ[32] ਮੋਹਿ ਨਾਹਿ[33] ਰੀਝਾਵਉ[34] ਕਹਿ[35] ਮੁਖਹੁ[36] ॥	My Beloved[26] Lord[27], masterless[25] am I[24]. As[28] Thou deemest[29], so[30] save[31] Thou me. Wisdom[32] I[33] possess not. With[35] what face[36] can I please[34] Thee.	ਮੇਰੇ ਪ੍ਰੀਤਮ[26] ਪ੍ਰਭੂ[27]! ਮੈਂ[24] ਨਿਖਸਮੀ[25] ਹਾਂ। ਜਿਵੇਂ[28] ਜਾਣੇਂ[29] ਉਵੇਂ[30] ਹੀ ਤੂੰ ਮੇਰੀ ਰੱਖਿਆ[31] ਕਰ। ਸਿਆਣਪ[32] ਮੇਰੇ[33] ਵਿਚ ਹੈ ਹੀ ਨਹੀਂ। ਮੈਂ ਕਿਹੜੇ ਮੂੰਹ[36] ਨਾਲ[35] ਤੈਨੂੰ ਪ੍ਰਸੰਨ ਕਰ ਸਕਦੀ[34] ਹਾਂ।
ਨਹ ਚਤੁਰਿ[37] ਸੁਘਰਿ[38] ਸੁਜਾਨ[39] ਬੇਤੀ[40] ਮੋਹਿ ਨਿਰਗੁਨਿ[41] ਗੁਨੁ[42] ਨਹੀ ॥	I am not shrewd[37], skilful[38], wise[39] and divine[40]. I, the meritless one[41] have no virtue[42].	ਮੈਂ ਪ੍ਰਬੀਨ[37], ਸੁਚੱਜੀ[38], ਸਿਆਣੀ[39] ਅਤੇ ਗਿਆਨਵਾਨ[40] ਨਹੀਂ। ਮੈਂ, ਗੁਣ ਵਿਹੂਣ[41] ਵਿਚ ਕੋਈ ਨੇਕੀ[42] ਨਹੀਂ।
ਨਹ ਰੂਪ[43] ਧੂਪ[44] ਨ ਨੈਣ[45] ਬੰਕੇ[46] ਜਹ[47] ਭਾਵੈ[48] ਤਹ[49] ਰਖੁ ਤੁਹੀ ॥	I have no scented[44] beauty[43], nor possess I beautiful[46] eyes[45]. Keep me Thou there[49], where[47] it pleases[48] Thee, O Lord.	ਮੇਰੇ ਪੱਲੇ ਸੁਗੰਧਤ[44] ਸੁੰਦਰਤਾ[43] ਨਹੀਂ, ਨਾ ਹੀ ਮੇਰੀਆਂ ਸੁਹਣੀਆਂ[46] ਅੱਖੀਆਂ[45] ਹਨ। ਤੂੰ ਮੈਨੂੰ ਓਥੇ[49] ਰੱਖ ਜਿਥੇ[47] ਤੈਨੂੰ ਚੰਗਾ ਲੱਗਦਾ[48] ਹੈ, ਹੇ ਸੁਆਮੀ!
ਜੈ ਜੈ [50]ਜਇਅੰਪਹਿ[51] ਸਗਲ[52] ਜਾਕਉ ਕਰੁਣਾ[53] ਪਤਿ[54] ਗਤਿ[55] ਕਿਨਿ[56] ਲਖਹੁ[57] ॥	How[56] can I know[57] the state[55] of the Lord[54] of mercy[53], whose triumph, triumph, triumph[50] is proclaimed[51] by all[52]?	ਮੈਂ ਰਹਿਮਤ[53] ਦੇ ਸੁਆਮੀ[54] ਦੀ ਅਵਸਥਾ[55] ਨੂੰ ਕਿਸ ਤਰ੍ਹਾਂ[56] ਜਾਣ ਸਕਦਾ[57] ਹਾਂ ਜਿਸ ਦੀ ਜਿੱਤ, ਜਿੱਤ, ਜਿੱਤ ਦੇ[50] ਸਾਰੇ ਜਣੇ[52] ਨਾਅਰੇ ਲਾਉਂਦੇ[51] ਹਨ।
ਨਾਨਕੁ ਪਇਅੰਪੈ ਸੇਵ[58] ਸੇਵਕੁ[59] ਜਿਉ ਜਾਨਹੁ ਤਿਉ ਮੋਹਿ ਰਖਹੁ ॥੩॥	Says Nanak, O Lord, I am the slave[58] of Thine slaves[59]. As Thou deemest, so save Thou me.	ਗੁਰੂ ਜੀ ਫੁਰਮਾਉਂਦੇ ਹਨ, ਹੇ ਪ੍ਰਭੂ! ਮੈਂ ਤੇਰੇ ਗੋਲਿਆਂ[59] ਦਾ ਗੋਲਾ[58] ਹਾਂ। ਜਿਕਰ ਜਾਣਦਾ ਹੈਂ, ਉਵੇਂ ਹੀ ਤੂੰ ਮੇਰੀ ਰਖਿਆ ਕਰ।
ਮੋਹਿ[60]ਮਛੁਲੀ[61]ਤੁਮ ਨੀਰ[62] ਤੁਝ ਬਿਨੁ ਕਿਉ[63] ਸਰੈ[64] ॥	I[60] am the fish[61] and Thou the water[62], O Lord. How[63] can I do[64] without Thee?	ਮੈਂ[60] ਮੱਛੀ[61] ਹਾਂ ਅਤੇ ਤੂੰ ਪਾਣੀ[62], ਹੇ ਸੁਆਮੀ! ਤੇਰੇ ਬਿਨਾ ਮੇਰਾ ਗੁਜ਼ਾਰਾ[64] ਕਿਸ ਤਰ੍ਹਾਂ[63] ਹੋ ਸਕਦਾ ਹੈ?
ਮੋਹਿ ਚਾਤ੍ਰਿਕ[65] ਤੁਮ੍ ਬੂੰਦ[66]	I am sparrow-hawk[65] and Thou	ਮੈਂ ਪਪੀਹਾ[65] ਹਾਂ ਅਤੇ ਤੂੰ ਮੀਂਹ ਦੀ ਕਣੀ[66]।

ਤ੍ਰਿਪਤਉ[67] ਮੁਖਿ[68] ਪਰੈ[69]॥	the rain-drop[66]. Satiated[67] am I, if it falls[69] into my mouth[68].	ਜੇਕਰ ਇਹ ਮੇਰੇ ਮੂੰਹ[68] ਵਿਚ ਪੈ ਜਾਵੇ[69] ਤਦ ਮੈਂ ਰੱਜ ਜਾਂਦਾ[67] ਹਾਂ।
ਮੁਖਿ ਪਰੈ ਹਰੈ[70] ਪਿਆਸ[71] ਮੇਰੀ ਜੀਅ[72] ਹੀਆ[73] [74]ਪ੍ਰਾਨਪਤੇ[75] ॥	Falling into my mouth, it quenches[70] my thirst[71]. Thou art the Lord[75] of my soul[72], mind[73] and very life[74].	ਮੇਰੇ ਮੂੰਹ ਵਿਚ ਪੈ ਕੇ, ਇਹ ਮੇਰੀ ਤਰੇਹ[71] ਨੂੰ ਬੁਝਾ ਦਿੰਦੀ[70] ਹੈ। ਤੂੰ ਮੇਰੀ ਆਤਮਾ[72], ਹਿਰਦੇ[73] ਅਤੇ ਜਿੰਦ ਜਾਨ[74] ਦਾ ਸੁਆਮੀ[75] ਹੈਂ।
ਲਾਡਿਲੇ[76] ਲਾਡ ਲਡਾਇ[77] ਸਭ[78] ਮਹਿ[79] ਮਿਲੁ ਹਮਾਰੀ ਹੋਇ ਗਤੇ[80] ॥	Fondle[77] me Thou, O my Beloved[76]. I behold Thee amongst[79] all[78]. Meet me Thou that I may be emancipated[80].	ਤੂੰ ਮੈਨੂੰ ਪਿਆਰ ਕਰ[77], ਹੇ ਮੇਰੇ ਪ੍ਰੀਤਮ[76]! ਮੈਂ ਤੈਨੂੰ ਸਾਰਿਆਂ[78] ਅੰਦਰ[79] ਵੇਖਦਾ ਹਾਂ। ਤੂੰ ਮੈਨੂੰ ਮਿਲ, ਤਾਂ ਜੋ ਮੇਰੀ ਕਲਿਆਣ ਹੋ ਜਾਵੇ[80]।
ਚੀਤਿ[81] ਚਿਤਵਉ[82] ਮਿਟੁ[83] ਅੰਧਾਰੇ[84] ਜਿਉ[85] ਆਸ[86] ਚਕਵੀ[87] ਦਿਨੁ ਚਰੈ[88] ॥	To dispel[83] my spiritual darkness[84], I ever remember[82] Thee within my mind[81] like[85] the she ruddy-goose[87], who hopes[86] to see the day to dawn[88].	ਆਪਣੇ ਆਤਮਕ ਅਨ੍ਹੇਰੇ[84] ਨੂੰ ਦੂਰ ਕਰਨ[83] ਲਈ ਆਪਣੇ ਮਨ[81] ਅੰਦਰ ਮੈਂ, ਸੁਰਖਾਬਣੀ[87] ਦੀ ਤਰ੍ਹਾਂ[85] ਜਿਸ ਨੇ ਦਿਨ ਚੜ੍ਹਨ[88] ਦੀ ਉਮੀਦ[86] ਲਾਈ ਹੋਈ ਹੈ, ਸਦੀਵ ਹੀ ਤੈਨੂੰ ਯਾਦ ਕਰਦੀ[82] ਹਾਂ।
ਨਾਨਕੁ ਪਇਅੰਪੈ[95] ਪ੍ਰਿਅ[89] ਸੰਗਿ[90] ਮੇਲੀ[91] ਮਛੁਲੀ[92] ਨੀਰੁ[93] ਨ ਵੀਸਰੈ[94] ॥੪॥	Says[95] Nanak, O my Love[89], unite[91] me with[90] Thee. As the fish[92] forgets[94] not the water[93], so I forsake Thee not.	ਗੁਰੂ ਜੀ ਆਖਦੇ[95] ਹਨ, ਹੇ ਮੇਰੇ ਪ੍ਰੀਤਮ[89]! ਤੂੰ ਮੈਨੂੰ ਆਪਣੇ ਨਾਲ[90] ਮਿਲਾ ਲੈ[91]। ਜਿਸ ਤਰ੍ਹਾਂ ਮੱਛੀ[92] ਪਾਣੀ[93] ਨੂੰ ਨਹੀਂ ਭੁਲਾਉਂਦੀ[94], ਉਸੇ ਤਰ੍ਹਾਂ ਮੈਂ ਤੈਨੂੰ ਨਹੀਂ ਵਿਸਾਰਦੀ।
ਧਨਿ ਧੰਨਿ[96] ਹਮਾਰੇ ਭਾਗ[97] ਘਰਿ ਆਇਆ ਪਿਰੁ[98] ਮੇਰਾ ॥	Blessed[96] blessed is my destiny[97], that my Spouse[98] has come into my home.	ਸੁਲੱਖਣੀ[96], ਸੁਲੱਖਣੀ ਹੈ ਮੇਰੀ ਪ੍ਰਾਲਭਧ[97] ਕਿ ਮੇਰਾ ਪਤੀ[98] ਮੇਰੇ ਗ੍ਰਹਿ ਵਿਚ ਆਇਆ ਹੈ।
ਸੋਹੇ[99] ਬੰਕ[100] ਦੁਆਰ[2] ਸਗਲਾ[5] ਬਨੁ[3] ਹਰਾ[4] ॥	How embellished[99] looks my beauteous[100] palace[2] and my whole[5] garden[3] is reverdured[4].	ਕਿੰਨਾ ਸੁਸ਼ੋਭਤ[99] ਦਿੱਸਦਾ ਹੈ ਮੇਰਾ ਸੁੰਦਰ[100] ਮਹਿਲ[2], ਅਤੇ ਮੇਰਾ ਸਾਰਾ[5] ਬਾਗ[3] ਹਰਾ ਭਰਾ ਹੋ ਗਿਆ[4] ਹੈ।
ਹਰ ਹਰਾ[6] ਸੁਆਮੀ ਸੁਖਹ ਗਾਮੀ[7] ਅਨਦ[8] ਮੰਗਲ[9] ਰਸੁ[10] ਘਣਾ[12] ॥	The peace-giving[7] Lord has flowered[6] me and has blessed me with immense[12] joy[8], glee[9] and love[10].	ਆਰਾਮ ਬਖ਼ਸ਼ਣਹਾਰ[7] ਸਾਹਿਬ ਨੇ ਮੈਨੂੰ ਪ੍ਰਫੁਲਤ ਕਰ ਦਿੱਤਾ[6] ਹੈ ਅਤੇ ਮੈਨੂੰ ਅਤਿਅੰਤ[12] ਖ਼ੁਸ਼ੀ[8], ਪ੍ਰਸੰਨਤਾ[9] ਅਤੇ ਪ੍ਰੀਤ[10] ਬਖ਼ਸ਼ੀ ਹੈ।
ਨਵਲ[13] [14]ਨਵਤਨ[15]ਨਾਹੁ[16] ਬਾਲਾ[17] ਕਵਨ[18] ਰਸਨਾ[19] ਗੁਨ[20] ਭਨਾ[21] ॥	My youthful[17] Groom[16] is ever-new[13] and of fresh[14] body[15]. With what[18] tongue[19] can I utter[21] His praise[20]?	ਮੇਰਾ ਨੌਜਵਾਨ[17] ਪਤੀ[16] ਸਦੀਵੀ-ਨਵੀਨ[13] ਅਤੇ ਤਰੋਤਾਜ਼ਾ[14] ਦੇਹ[15] ਵਾਲਾ ਹੈ। ਕਿਹੜੀ[18] ਜੀਭ[19] ਨਾਲ ਮੈਂ ਉਸ ਦੀ ਮਹਿਮਾ[20] ਉਚਾਰਨ ਕਰ ਸਕਦੀ[21] ਹਾਂ?
ਮੇਰੀ ਸੇਜ[22] ਸੋਹੀ[23] ਦੇਖਿ[24] ਮੋਹੀ[25] ਸਗਲ[26] ਸਹਸਾ[27] ਦੁਖੁ[28] ਹਰਾ[29] ॥	Embellished[23] is my couch[22], beholding[24] Him I am bewitched[25] and all[26] my doubt[27] and pain[28] are dispelled[29].	ਸੁਭਾਇਮਾਨ[23] ਹੈ ਮੇਰਾ ਪਲੰਘ[22], ਉਸ ਨੂੰ ਵੇਖ ਕੇ[24], ਮੈਂ ਫ਼ਰੇਫ਼ਤਾ ਹੋ ਗਈ[25] ਹਾਂ ਅਤੇ ਮੇਰਾ ਸਮੂਹ[26] ਸੰਦੇਹ[27] ਤੇ ਪੀੜ[28] ਦੂਰ ਹੋ ਗਏ[29] ਹਨ।
ਨਾਨਕੁ ਪਇਅੰਪੈ[33] ਮੇਰੀ ਆਸ[30] ਪੂਰੀ[31] ਮਿਲੇ ਸੁਆਮੀ ਅਪਰੰਪਰਾ[32] ॥੫॥੧॥੩॥	Says[33] Nanak, my hope[30] is realised[31] and my Illimitable[32] Lord has met me.	ਗੁਰੂ ਜੀ ਫ਼ੁਰਮਾਉਂਦੇ[33] ਹਨ, ਮੇਰੀ ਉਮੀਦ[30] ਪੂਰਨ ਹੋ ਗਈ[31] ਹੈ ਅਤੇ ਮੇਰਾ ਹੱਦਬੰਨਾ-ਰਹਿਤ[32] ਪ੍ਰਭੂ ਮੈਨੂੰ ਮਿਲ ਪਿਆ ਹੈ।

ਬਿਲਾਵਲੁ ਮਹਲਾ ੫ ਛੰਤ ਮੰਗਲ	Bilawal 5th Guru Chhant Mangal	ਬਿਲਾਵਲ ਪੰਜਵੀਂ ਪਾਤਿਸ਼ਾਹੀ ਛੰਤ ਮੰਗਲ
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਲੋਕੁ ॥	Slok.	ਸਲੋਕ।
ਸੁੰਦਰ[34]ਸਾਂਤਿ[35]ਦਇਆਲ[36] ਪ੍ਰਭ ਸਰਬ[37] ਸੁਖਾ[38]ਨਿਧਿ[39] ਪੀਉ[40] ॥	The beauteous[34], calm[35] and compassionate[36] Lord, my Spouse[40] is the treasure[39] of all[37] the comforts[38].	ਸੁਹਣਾ ਸੁਨੱਖਾ[34], ਸੀਤਲ[35] ਅਤੇ ਕਿਰਪਾਲ[36] ਸੁਆਮੀ, ਮੇਰਾ ਕੰਤ[40], ਸਾਰਿਆਂ[37] ਆਰਾਮਾਂ[38] ਦਾ ਖ਼ਜ਼ਾਨਾ[39] ਹੈ।
ਸੁਖ[41]ਸਾਗਰ[42]ਪ੍ਰਭ ਭੇਟਿਐ[43] ਨਾਨਕ ਸੁਖੀ[44] ਹੋਤ ਇਹੁ ਜੀਉ[45] ॥੧॥	Meeting[43] with the Lord, the Ocean[42] of Bliss[41], O Nanak, this mortal[45] becomes happy[44].	ਖ਼ੁਸ਼ੀ[41] ਦੇ ਸਮੁੰਦਰ[42] ਸੁਆਮੀ ਨਾਲ ਮਿਲਣ[43] ਦੁਆਰਾ, ਹੇ ਨਾਨਕ! ਇਹ ਪ੍ਰਾਣੀ[45] ਅਨੰਦ ਪ੍ਰਸੰਨ[44] ਹੋ ਜਾਂਦਾ ਹੈ।
੮੪੮	848	੮੪੮
ਛੰਤ ॥	Chhant.	ਛੰਤ।
ਸੁਖ ਸਾਗਰ ਪ੍ਰਭੁ ਪਾਈਐ ਜਬ[46] ਹੋਵੈ ਭਾਗੋ[47] ਰਾਮ ॥	Man obtains his Lord Master, the Ocean of Peace, when[46] awakened is his destiny[47].	ਜਦ[46] ਉਸ ਦੀ ਪ੍ਰਾਲਬਧ[47] ਜਾਗ ਉੱਠਦੀ ਹੈ, ਇਨਸਾਨ ਆਰਾਮ ਦੇ ਸਮੁੰਦਰ, ਆਪਣੇ ਸੁਆਮੀ ਮਾਲਕ ਨੂੰ ਪਾ ਲੈਂਦਾ ਹੈ।
ਮਾਨ[48]ਨਿਮਾਨੁ[49]ਵਞਾਈਐ[50] ਹਰਿ ਚਰਣੀ[51] ਲਾਗੋ[52] ਰਾਮ ॥	Abandoning[50] the idea of honour[48] and dishonour[49], cling[52] thou to the Lord's feet[51].	ਇਜ਼ਤ[48] ਤੇ ਬੇਇਜ਼ਤੀ[49] ਦੇ ਖ਼ਿਆਲ ਨੂੰ ਛੱਡ ਕੇ[50] ਤੂੰ ਪ੍ਰਭੂ ਦੇ ਪੈਰਾਂ[51] ਨਾਲ ਚਿਮੜ ਜਾ[52]।
ਛੋਡਿ[53]ਸਿਆਨਪ[54]ਚਾਤੁਰੀ[55] [56]ਦੁਰਮਤਿ[57] ਬੁਧਿ[58] ਤਿਆਗੋ[59] ਰਾਮ ॥	Renounce[53] thy wisdom[54] and cleverness[55] and forsake[59] thou thy evil[56]-natured[57] intellect[58] too.	ਆਪਣੀ ਅਕਲਮੰਦੀ[54] ਅਤੇ ਚਾਲਾਕੀ[55] ਨੂੰ ਤਿਆਗ ਦੇ[53] ਅਤੇ ਤੂੰ ਆਪਣੇ ਮੰਦੇ[56] ਸੁਭਾਅ[57] ਵਾਲੀ ਸਮਝ[58] ਨੂੰ ਭੀ ਤਲਾਂਜਲੀ ਦੇ ਛੱਡ[59]।
ਨਾਨਕ ਪਉ[65] ਸਰਣਾਈ[60] ਰਾਮ[61] ਰਾਇ[62] ਥਿਰੁ[63] ਹੋਇ ਸੁਹਾਗੋ[64] ਰਾਮ ॥੧॥	Nanak, seek[65] thou the refuge[60] of the Lord[61], thy King[62], that thy married life[64] may become eternal[63].	ਨਾਨਕ, ਤੂੰ ਆਪਣੇ ਪ੍ਰਭੂ[61] ਪਾਤਿਸ਼ਾਹ[62] ਦੀ ਪਨਾਹ[60] ਲੈ[65], ਤਾਂ ਜੋ ਤੇਰਾ ਵਿਆਹੁਤਾ ਜੀਵਨ[64] ਕਾਲਸਥਾਈ[63] ਹੋ ਜਾਵੇ।
ਸੋ[66] ਪ੍ਰਭੁ ਤਜਿ[67] ਕਤ[68] ਲਾਗੀਐ[69] ਜਿਸੁ ਬਿਨੁ ਮਰਿ ਜਾਈਐ ਰਾਮ ॥	Why[68] should man cling[69] to another, forsaking[67] the[66] Lord, without whom he can live not ?	ਇਨਸਾਨ ਉਸ[66] ਠਾਕੁਰ ਨੂੰ ਛੱਡ ਕੇ[67] ਹੋਰਸ ਨਾਲ ਕਿਉਂ[68] ਜੁੜੇ[69], ਜਿਸ ਦੇ ਬਾਝੋਂ ਉਹ ਜੀਉ ਨਹੀਂ ਸਕਦਾ ?
ਲਾਜ[70] ਨ ਆਵੈ[71] ਅਗਿਆਨਮਤੀ[72]ਦੁਰਜਨ[73] ਬਿਰਮਾਈਐ[74] ਰਾਮ ॥	The ignorantly minded person[72] feels[71] not shame[70]. The evil man[73] ever strays[74].	ਬੇਸਮਝ ਮਤਵਾਲਾ ਪੁਰਸ਼[72] ਸ਼ਰਮ[70] ਮਹਿਸੂਸ ਨਹੀਂ ਕਰਦਾ[71]। ਮੰਦਾ ਇਨਸਾਨ[73] ਸਦਾ ਕੁਰਾਹੇ ਹੀ ਪੈਂਦਾ[74] ਹੈ।
ਪਤਿਤ[75] ਪਾਵਨ[76] ਪ੍ਰਭੁ ਤਿਆਗਿ[77] ਕਰੇ ਕਹੁ[78]	He, who forsakes[77] his Lord, the Purifier[76] of sinners[75], say[78] where[79]	ਜੋ ਪਾਪੀਆਂ[75] ਨੂੰ ਪਵਿੱਤਰ ਕਰਨਹਾਰ[76] ਆਪਣੇ ਠਾਕੁਰ ਨੂੰ ਛੱਡ ਦਿੰਦਾ[77] ਹੈ, ਦੱਸੋ[78] ਉਸ ਨੂੰ ਕਿਥੇ[79] ਆਰਾਮ[80]

ਕਤ[79] ਠਹਰਾਈਐ[80]ਰਾਮ ॥

can he find place of rest[80] ?

ਦੀ ਥਾਂ ਮਿਲ ਸਕਦੀ ਹੈ ?

ਨਾਨਕ ਭਗਤਿ ਭਾਉ[81] ਕਰਿ ਦਇਆਲ[82] ਕੀ ਜੀਵਨ ਪਦੁ[83] ਪਾਈਐ[84] ਰਾਮ॥੨॥

Nanak, by lovingly serving[81] the Merciful Master[82], the mortal attains[84] to the immortal status[83].

ਨਾਨਕ ਮਿਹਰਬਾਨ ਮਾਲਕ[82]ਦੀ ਪ੍ਰੇਮ-ਮਈ ਸੇਵਾ ਕਰਨ[81] ਦੁਆਰਾ ਪ੍ਰਾਨੀ ਅਮਰ ਮਰਤਬੇ[83] ਨੂੰ ਪਰਾਪਤ ਕਰ ਲੈਂਦਾ[84] ਹੈ ।

ਸ੍ਰੀ[85]ਗੋਪਾਲੁ[86]ਨ ਉਚਰਹਿ[87] ਬਲਿ ਗਈਏ[88]ਦੁਹਚਾਰਣਿ[89] ਰਸਨਾ[90] ਰਾਮੁ[91] ॥

May thou be burnt[88], O evil[89] tongue[90], that utters[87] not the Name of the Sire[85] Lord[86] Master[91].

ਤੂੰ ਸੜਬਲ[88] ਜ ਵੇਂ ਕਲੰਕਤ[89] ਜੀਭੇ[90], ਜੋ ਮਹਾਰਾਜ[85] ਮਾਲਕ[86] ਸੁਆਮੀ[91] ਦੇ ਨਾਮ ਦਾ ਉਚਾਰਨ ਨਹੀਂ ਕਰਦੀ[87] ।

ਪ੍ਰਭੁ ਭਗਤਿ ਵਛਲੁ[92] ਨਹ ਸੇਵਹੀ[93] ਕਾਇਆ[94]ਕਾਕ[95] ਗ੍ਰਸਨਾ[96] ਰਾਮ ॥

O man, thou servest[93] not thy Lord, the Lover of devotion[92]. Thy body[94] shall be eaten up[96] by the crows[95].

ਹੇ ਬੰਦੇ ! ਤੂੰ ਸ਼ਰਧਾ-ਪ੍ਰੇਮ ਦੇ ਪ੍ਰੀਤਵਾਨ[92] ਆਪਣੇ ਸੁਆਮੀ ਦੀ ਘਾਲ ਨਹੀਂ ਕਮਾਉਂਦਾ[93] । ਤੇਰੀ ਦੇਹ[94] ਨੂੰ ਕਾਵਾਂ[95] ਨੇ ਖਾਣਾ[96] ਹੈ ।

ਭ੍ਰਮਿ[97] ਮੋਹੀ[98] ਦੂਖ[99] ਨ ਜਾਣਹੀ[100] ਕੋਟਿ[2] ਜੋਨੀ[3] ਬਸਨਾ[4] ਰਾਮ ॥

Thou art bewitched[98] by doubt[97] and realisest[100] not its agonies[99]. Thou shalt wander[4] in millions[2] of existences[3].

ਤੈਨੂੰ ਸੰਦੇਹ[97] ਨੇ ਫਰੇਫਤਾ ਕਰ ਲਿਆ[98] ਹੈ ਅਤੇ ਤੂੰ ਇਸ ਦੀਆਂ ਤਕਲੀਫ਼ਾਂ[99] ਨੂੰ ਅਨੁਭਵ ਨਹੀਂ ਕਰਦੀ[100], ਤੈਨੂੰ ਕ੍ਰੋੜਾਂ[2] ਹੀ ਜੂਨੀਆਂ[3] ਅੰਦਰ ਭਟਕਣਾ ਪਵੇਗਾ[4] ।

ਨਾਨਕ ਬਿਨੁ ਹਰਿ ਅਵਰੁ ਜਿ[5] ਚਾਹਨਾ[6] ਬਿਸਟਾ[7] ਕ੍ਰਿਮ[8] ਭਸਮਾ[9] ਰਾਮ ॥੩॥

Nanak, desiring[6] anything other[5] than God, thou shalt be consumed[9] like the worm[8] of ordure[7].

ਨਾਨਕ, ਵਾਹਿਗੁਰੂ ਦੇ ਬਾਝੋਂ ਹੋਰ[5] ਕਿਸੇ ਦੀ ਖ਼ਾਹਿਸ਼ ਕਰਨ[6] ਦੁਆਰਾ ਤੂੰ ਗੰਦਗੀ[7] ਦੇ ਕੀੜੇ[8] ਦੀ ਤਰ੍ਹਾਂ ਖੇਹ ਹੋ ਜਾਵੇਂਗਾ[9] ।

ਲਾਇ[10][11]ਬਿਰਹੁ[12] ਭਗਵੰਤ[13] ਸੰਗੇ ਹੋਇ ਮਿਲੁ ਬੈਰਾਗਨਿ[14] ਰਾਮ ॥

Embrace[10] thou love[12] for Fortunate[13] Lord and becoming detached[14], be united with Him.

ਤੂੰ ਭਾਗਾਂ ਵਾਲੇ[13] ਸੁਆਮੀ ਨਾਲ ਪ੍ਰੇਮ[12] ਪਾ[10] ਅਤੇ ਨਿਰਲੇਪ[14] ਹੋ ਕੇ ਉਸ ਨਾਲ ਮਿਲ ਜਾ ।

ਚੰਦਨ[15] ਚੀਰ[16] ਸੁਗੰਧ[17] ਰਸਾ[18] ਹਉਮੈ[19] ਬਿਖੁ[20] ਤਿਆਗਨਿ[21] ਰਾਮ ॥

Forsake[21] thou the love of sandal[15], raiments[16], scents[17], relishes[18] and the vice[20] of pride[19].

ਤੂੰ ਚੰਨਣ[15], ਬਸਤ੍ਰਾਂ[16], ਖ਼ੁਸ਼ਬੋਆਂ[17], ਸੁਆਦਾਂ[18] ਅਤੇ ਹੰਕਾਰ[19] ਦੇ ਪਾਪ[20] ਦੇ ਪਿਆਰ ਨੂੰ ਛੱਡ ਦੇ[21] ।

ਈਤ[22]ਊਤ[23]ਨਹ ਡੋਲੀਐ[24] ਹਰਿ ਸੇਵਾ[25] ਜਾਗਨਿ[26] ਰਾਮ ॥

Wabble[24] thou not hither[22] and thither[23], but remain wakeful[26] in the Lord's service[25].

ਤੂੰ ਅੰਦਰ[22] ਉਧਰ[23] ਡਿਕੋ ਡੋਲੇ[24] ਨਾ ਖਾ, ਪ੍ਰਭੂ ਸੁਆਮੀ ਦੀ ਟਹਿਲ ਸੇਵਾ[25] ਅੰਦਰ ਸਾਵਧਾਨ[26] ਰਹੁ ।

ਨਾਨਕ ਜਿਨਿ ਪ੍ਰਭੁ ਪਾਇਆ ਆਪਣਾ ਸਾ[27] ਅਟਲ[28] ਸੁਹਾਗਨਿ[29] ਰਾਮ ॥੪॥੧॥੪॥

Nanak, she who has obtained her Lord Master, ever stable[28] is that[27] chaste bride[29].

ਨਾਨਕ, ਜਿਸ ਨੇ ਆਪਣਾ ਸੁਆਮੀ ਮਾਲਕ ਪਰਾਪਤ ਕਰ ਲਿਆ ਹੈ, ਸਦੀਵੀ ਸਥਿਰ[28] ਹੈ ਉਹ[27] ਸਤਿਵੰਤੀ ਪਤਨੀ[29] ।

ਬਿਲਾਵਲੁ ਮਹਲਾ ੫ ॥

Bilawal 5th Guru.

ਬਿਲਾਵਲ ਪੰਜਵੀਂ ਪਾਤਿਸ਼ਾਹੀ ।

ਹਰਿ ਖੋਜਹੁ[30]ਵਡ ਭਾਗੀਹੋ[31] ਮਿਲਿ ਸਾਧੂ ਸੰਗੇ[32] ਰਾਮ ॥

O very fortunate ones[31], meeting with[32] the saints, search[30] ye your Lord.

ਹੇ ਪਰਮ ਚੰਗੇ ਕਰਮਾਂ ਵਾਲਿਓ[31] ! ਸੰਤਾਂ ਨਾਲ[32] ਮਿਲ ਕੇ, ਤੁਸੀਂ ਆਪਣੇ ਸੁਆਮੀ ਦੀ ਖੋਜ ਭਾਲ[30] ਕਰੋ ।

ਗੁਨ[33] [34]ਗੋਵਿੰਦ[35] ਸਦ[36]

Imbued with the love[38] of the

ਸ਼ਰੋਮਣੀ ਸਾਹਿਬ[37] ਦੇ ਪ੍ਰੇਮ[38] ਨਾਲ ਰੰਗੀਜ, ਹਮੇਸ਼ਾ[36]

ਗਾਈਅਹਿ[39] ਪਾਰ[37] ਬ੍ਰਹਮ ਕੇ ਰੰਗੇ[38] ਰਾਮ ॥	Supreme Lord[37], ever[36] sing[39] the praise[33] of the Lord[35] of the world[34].	ਸ੍ਰਿਸ਼ਟੀ[34] ਦੇ ਸੁਆਮੀ[35] ਦੀ ਕੀਰਤੀ[38] ਗਾਇਨ ਕਰੋ[39]।
ਸੋ[40] ਪ੍ਰਭੁ ਸਦਹੀ[41] ਸੇਵੀਐ[42] ਪਾਈਅਹਿ ਫਲ[43] ਮੰਗੇ[44] ਰਾਮ ॥	By ever[41] serving[42] that Lord[40], the heart-desired[44] fruits[43] are obtained.	ਹਮੇਸ਼ਾ[41] ਉਸ ਸਾਹਿਬ[40] ਦੀ ਘਾਲ ਕਮਾਉਣ[42] ਦੁਆਰਾ ਚਿੱਤ ਚਾਹੁੰਦੇ[44] ਮੇਵੇ[43] ਪਰਾਪਤ ਹੋ ਜਾਂਦੇ ਹਨ।
ਨਾਨਕ ਪ੍ਰਭ ਸਰਨਾਗਤੀ[45] ਜਪਿ[46] ਅਨਤ[47] ਤਰੰਗੇ[48] ਰਾਮ ॥੧॥	Nanak, seek thou the Lord's refuge[45] and meditate[46] on the Lord, who sports in various[47] ways[48].	ਨਾਨਕ, ਤੂੰ ਸੁਆਮੀ ਦੀ ਸ਼ਰਣ[45] ਸੰਭਾਲ ਅਤੇ ਸੁਆਮੀ ਦਾ ਹੀ ਸਿਮਰਨ ਕਰ[46], ਜੋ ਅਨੇਕਾਂ[47] ਤਰੀਕਿਆਂ[48] ਨਾਲ ਖੇਡਾਂ ਖੇਡਦਾ ਹੈ।
ਇਕੁ ਤਿਲੁ[49] ਪ੍ਰਭੁ ਨ ਵੀਸਰੈ[50] ਜਿਨਿ ਸਭੁ ਕਿਛੁ ਦੀਨਾ[51] ਰਾਮ ॥	Even for an instant[49], I forget[50] not my Lord, who has blessed[51] me with everything.	ਇਕ ਮੁਹਤ ਭਰ[49] ਲਈ ਭੀ ਮੈਂ ਆਪਣੇ ਸੁਆਮੀ ਨੂੰ ਨਹੀਂ ਭੁਲਾਉਂਦੀ[50] ਜਿਸ ਨੇ ਮੈਨੂੰ ਸਾਰਾ ਕੁਛ ਬਖਸ਼ਿਆ[51] ਹੈ।
ਵਡਭਾਗੀ[52] ਮੇਲਾਵੜਾ[53] ਗੁਰਮੁਖਿ[54] ਪਿਰੁ[55] ਚੀਨ੍ਹਾ[56] ਰਾਮ ॥	By great good fortune[52] I have met[53] with my Spouse[55] and by Guru's grace[54] I have contemplated[56] Him.	ਚੰਗੇ ਨਸੀਬਾਂ[52] ਦੁਆਰਾ ਮੈਂ ਆਪਣੇ ਪਤੀ[55] ਨੂੰ ਮਿਲ ਪਈ[53] ਹਾਂ ਅਤੇ ਗੁਰਾਂ ਦੀ ਦਇਆ[54] ਦੁਆਰਾ, ਮੈਂ ਉਸ ਦਾ ਆਰਾਧਨ ਕੀਤਾ[56] ਹੈ।
ਬਾਹ[57] ਪਕਰਿ[58] ਤਮ[59] ਤੇ ਕਾਢਿਆ[60] ਕਰਿ ਅਪੁਨਾ[61] ਲੀਨਾ ਰਾਮ ॥	Holding[58] me by the arm[57], my Spouse has pulled[60] me out of darkness[59] and made me His own[61].	ਬਾਂਹ[57] ਤੋਂ ਫੜ ਕੇ[58] ਮੇਰੇ ਪਤੀ ਨੇ ਮੈਨੂੰ ਅਨ੍ਹੇਰੇ[59] ਵਿਚੋਂ ਬਾਹਰ ਧੂਹ ਲਿਆ[60] ਹੈ ਅਤੇ ਮੈਨੂੰ ਆਪਣਾ ਨਿੱਜ[61] ਦਾ ਬਣਾ ਲਿਆ ਹੈ।
ਨਾਮੁ ਜਪਤ[62] ਨਾਨਕ ਜੀਵੈ[63] ਸੀਤਲੁ[64] ਮਨੁ[65] ਸੀਨਾ[66] ਰਾਮ ॥੨॥	Nanak lives[63] by remembering[62] the Lord's Name and thus are cooled[64] his mind[65] and breast[66].	ਨਾਨਕ ਪ੍ਰਭੂ ਦੇ ਨਾਮ ਦਾ ਸਿਮਰਨ ਕਰਨ[62] ਦੁਆਰਾ ਜੀਉਂਦਾ[63] ਹੈ ਅਤੇ ਇਸ ਤਰ੍ਹਾਂ ਉਸ ਦਾ ਚਿੱਤ[65] ਅਤੇ ਛਾਤੀ[66] ਠੰਢੇ ਹੋ ਗਏ[64] ਹਨ।
ਕਿਆ[67] ਗੁਣ[68] ਤੇਰੇ ਕਹਿ[69] ਸਕਉ ਪ੍ਰਭ ਅੰਤਰਜਾਮੀ[70] ਰਾਮ ॥	O my Lord Master, the Knower of hearts[70], what[67] virtues[68] of Thine, can I recount[69] ?	ਹੇ ਦਿਲਾਂ ਦੀਆਂ ਜਾਨਣਹਾਰ[70], ਮੇਰੇ ਸੁਆਮੀ ਮਾਲਕ ! ਮੈਂ ਤੇਰੀਆਂ ਕਿਹੜੀਆਂ ਕਿਹੜੀਆਂ[67] ਨੇਕੀਆਂ[68] ਵਰਣਨ ਕਰ ਸਕਦਾ[69] ਹਾਂ।
ਸਿਮਰਿ[71] ਸਿਮਰਿ ਨਾਰਾਇਣੈ[72] ਭਏ ਪਾਰਗਰਾਮੀ[73] ਰਾਮ ॥	Contemplating[71] and continually contemplating the Lord[72], I have crossed over to the other shore[73].	ਸਾਈਂ[72] ਦਾ ਭਜਨ ਤੇ ਨਿਰੰਤਰ ਭਜਨ ਕਰਨ[71] ਦੁਆਰਾ ਮੈਂ ਪਰਲੇ ਕੰਢੇ[73] ਤੇ ਪੁੱਜ ਗਿਆ ਹਾਂ।
ਗੁਨ[74] ਗਾਵਤ [75]ਗੋਬਿੰਦ[76] ਕੇ ਸਭ ਇਛ[77] ਪੁਜਾਮੀ[78] ਰਾਮ ॥	Singing the praise[74] of the Master[76] of the Universe[75], all my aspirations[77] are fulfilled[78].	ਆਲਮ[75] ਦੇ ਮਾਲਕ[76] ਦੀ ਉਸਤਤੀ[74] ਗਾਇਨ ਕਰਨ ਦੁਆਰਾ ਮੇਰੀਆਂ ਸਾਰੀਆਂ ਚਾਹਨਾ[77] ਪੂਰੀਆਂ ਹੋ ਗਈਆਂ[78] ਹਨ।
ਨਾਨਕ ਉਧਰੇ[79] ਜਪਿ[80] ਹਰੇ ਸਭਹੂ ਕਾ ਸੁਆਮੀ[81] ਰਾਮ ॥੩॥	Nanak is delivered[79] by meditating[80] on God, the Lord[81] of all.	ਨਾਨਕ, ਸਾਰਿਆਂ ਦੇ ਮਾਲਕ[81], ਵਾਹਿਗੁਰੂ ਦਾ ਭਜਨ ਕਰਨ[80] ਦੁਆਰਾ ਪਾਰ ਉਤਰ ਗਿਆ[79] ਹੈ।
ਰਸ[82] ਭਿੰਨਿਅੜੇ[83] ਅਪੁਨੇ ਰਾਮ[84] ਸੰਗੇ[85] ਸੇ[86] ਲੋਇਣ[87] ਨੀਕੇ[88] ਰਾਮ ॥	Sublime[88] are the[86] eyes[87], which are bedewed[83] with[85] the love[82] of their Lord[84].	ਸਰੇਸ਼ਟ[88] ਹਨ ਉਹ[86] ਨੇਤ੍ਰ[87] ਜੋ ਆਪਣੇ ਪ੍ਰਭੂ[84] ਦੀ ਪ੍ਰੀਤ[82] ਨਾਲ[85] ਤਰੋਤਰ ਹੋਏ ਹੋਏ[83] ਹਨ।

ਪ੍ਰਭ ਪੇਖਤ[89] ਇਛਾ[90] ਪੁੰਨੀਆ[91] ਮਿਲਿ ਸਾਜਨ[92] ਜੀ[93] ਕੇ ਰਾਮ ॥	Beholding[89] my Lord and meeting with the Friend[92] of my soul[93], my desires[90] are realised[91].	ਆਪਣੇ ਸਾਹਿਬ ਨੂੰ ਵੇਖ[89] ਅਤੇ ਆਪਣੀ ਆਤਮਾ[93] ਦੇ ਮਿੱਤਰ[92] ਨੂੰ ਮਿਲ ਕੇ, ਮੇਰੀਆਂ ਕਾਮਨਾ[90] ਪੂਰੀਆਂ ਹੋ ਗਈਆਂ[91] ਹਨ।
ਅੰਮ੍ਰਿਤੁ[94] ਰਸੁ[95] ਹਰਿ ਪਾਇਆ ਬਿਖਿਆ[96] ਰਸ[97] ਫੀਕੇ[98] ਰਾਮ ॥	I have obtained the Nectar[94] of God's love[95] and the revelments[97] of sins[96] seem insipid[98] unto me.	ਮੈਂ ਵਾਹਿਗੁਰੂ ਦੇ ਪ੍ਰੇਮ[95] ਦਾ ਆਬਿ-ਹਿਯਾਤ[94] ਪਰਾਪਤ ਕਰ ਲਿਆ ਹੈ ਅਤੇ ਪਾਪਾਂ[96] ਦੇ ਸੁਆਦ[97] ਮੈਨੂੰ ਫਿਕੇ[98] ਭਾਸਦੇ ਹਨ।
ਨਾਨਕ ਜਲੁ[99] ਜਲਹਿ ਸਮਾਇਆ[100] ਜੋਤੀ[2] ਜੋਤਿ[3] ਮੀਕੇ[4] ਰਾਮ ॥੪॥੨॥੫॥	Nanak, like the mingling[100] of water[99] with water, my light[3] has blended with[4] the Supreme Light[2].	ਨਾਨਕ, ਪਾਣੀ[99] ਦੇ ਪਾਣੀ ਨਾਲ ਮਿਲਣ[100] ਦੀ ਮਾਨਿੰਦ ਮੇਰਾ ਪ੍ਰਕਾਸ਼[3] ਪਰਮ-ਪ੍ਰਕਾਸ਼[2] ਨਾਲ ਅਭੇਦ ਹੋ ਗਿਆ[4] ਹੈ।
੮੪੯	849	੮੪੯
ਬਿਲਾਵਲੁ ਕੀ ਵਾਰ ਮਹਲਾ ੪	Var of Bilawal 4th Guru	ਬਿਲਾਵਲ ਦੀ ਵਾਰ ਚੌਥੀ ਪਾਤਿਸ਼ਾਹੀ
੧ ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਸਲੋਕ ਮਹਲਾ ੪ ॥	Slok 4th Guru.	ਸਲੋਕ ਚੌਥੀ ਪਾਤਿਸ਼ਾਹੀ।
ਹਰਿ ਉਤਮੁ[5] ਹਰਿ ਪ੍ਰਭੁ[6] ਗਾਵਿਆ[7] ਕਰਿ ਨਾਦੁ[8] ਬਿਲਾਵਲੁ ਰਾਗੁ ॥	Singing[8] in the Bilawal measure, hymn[7] I the praise of the Sublime[5] God, my Lord Master[6].	ਬਿਲਾਵਲ ਰਾਗੁ ਅੰਦਰ ਗਾਇਨ ਕਰ ਕੇ[8] ਮੈਂ ਸਰੇਸ਼ਟ[5] ਵਾਹਿਗੁਰੂ, ਆਪਣੇ ਸੁਆਮੀ ਮਾਲਕ[6], ਦਾ ਜੱਸ ਅਲਾਪਦਾ[7] ਹਾਂ।
ਉਪਦੇਸੁ[9] ਗੁਰੂ ਸੁਣਿ ਮੰਨਿਆ[10] ਧੁਰਿ[12] ਮਸਤਕਿ[13] ਪੂਰਾ[14] ਭਾਗੁ[15] ॥	Hearing the Guru's instruction[9], I have acted[10] thereon. Such a perfect[14] destiny[15] was writ on my forehead[13] by the Primal Lord[12].	ਗੁਰਾਂ ਦੀ ਸਿਖ-ਮਤ[9] ਸ੍ਰਵਣ ਕਰ ਕੇ, ਮੈਂ ਉਸ ਉਤੇ ਅਮਲ ਕੀਤਾ[10] ਹੈ। ਇਹੋ ਜਿਹੀ ਪੂਰਨ[14] ਪਰਾਲਭਧ[15], ਆਦਿ ਪ੍ਰਭੂ[12] ਨੇ ਮੇਰੇ ਮੱਥੇ[13] ਉਤੇ ਲਿਖੀ ਹੋਈ ਸੀ।
ਸਭ ਦਿਨਸੁ[16] ਰੈਣਿ[17] ਗੁਣ[18] ਉਚਰੈ[19] ਹਰਿ ਹਰਿ ਹਰਿ[20] ਉਰਿ[21] ਲਿਵ[22] ਲਾਗੁ[23] ॥	The whole day[16] and night[17], utter[19] I the Lord's praise[18] and within my mind[21] I profess[23] love[22] for God, the Lord Master[20].	ਸਮੂਹ ਦਿਨ[16] ਤੇ ਰਾਤ[17] ਮੈਂ ਪ੍ਰਭੂ ਦਾ ਜੱਸ[18] ਉਚਾਰਨ ਕਰਦਾ[19] ਹਾਂ ਅਤੇ ਆਪਣੇ ਮਨ[21] ਅੰਦਰ ਵਾਹਿਗੁਰੂ ਸੁਆਮੀ ਮਾਲਕ[20] ਨਾਲ ਮੈਂ ਪਿਰਹੜੀ[22] ਪਾਉਂਦਾ[23] ਹਾਂ।
ਸਭੁ[27] ਤਨੁ[24] ਮਨੁ[25] ਹਰਿਆ[26] ਹੋਇਆ ਮਨੁ[28] ਖਿੜਿਆ[29] ਹਰਿਆ[30] ਬਾਗੁ[31] ॥	My body[24] and soul[25] are all[27] reverdured[26] and my heart's[28] green[30] garden[31] has blossomed[29].	ਮੇਰੀ ਦੇਹ[24] ਤੇ ਆਤਮਾ[25] ਸਮੂਹ[27] ਸਰਸਬਜ਼[26] ਹੋ ਗਏ ਹਨ ਅਤੇ ਮੇਰੇ ਦਿਲ[28] ਦਾ ਹਰਾਭਰਾ[30] ਬਗ਼ੀਚਾ[31], ਪ੍ਰਫੁਲਤ[29] ਹੋ ਗਿਆ ਹੈ।
ਅਗਿਆਨੁ[32] ਅੰਧੇਰਾ[33] ਮਿਟਿ[34] ਗਇਆ ਗੁਰ ਚਾਨਣੁ[35] ਗਿਆਨੁ[36] ਚਰਾਗੁ[37] ॥	With the light[35] of the lamp[37] of Guru's Divine knowledge[36], the darkness[33] of ignorance[32] is dispelled[34].	ਗੁਰਾਂ ਦੇ ਬ੍ਰਹਿਮ ਵੀਚਾਰ[36] ਦੇ ਦੀਵੇ[37] ਦੇ ਪ੍ਰਕਾਸ਼[35] ਨਾਲ ਬੇਸਮਝੀ[32] ਦਾ ਅਨ੍ਹੇਰਾ[33] ਦੂਰ ਹੋ ਗਿਆ[34] ਹੈ।

ਜਨੁ[38] ਨਾਨਕੁ ਜੀਵੈ[39] ਦੇਖਿ[43] ਹਰਿ ਇਕ ਨਿਮਖ[40] ਘੜੀ[41] ਮੁਖਿ[42] ਲਾਗੁ ॥੧॥

O God, slave[38] Nanak lives[39] by beholding[43] Thee. Let me see Thy face[42], even for a moment[40] and trice[41].

ਹੇ ਹਰੀ ! ਗੋਲਾ[38] ਨਾਨਕ ਤੈਨੂੰ ਵੇਖ ਕੇ[43] ਜੀਊਂਦਾ[39] ਹੈ । ਇਕ ਮੁਹਤ[40] ਤੇ ਛਿਨ[41] ਭਰ ਲਈ ਹੀ ਤੂੰ ਮੈਨੂੰ ਆਪਣਾ ਮੁਖੜਾ[42] ਵਿਖਾਲ ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ ।

ਬਿਲਾਵਲੁ[44] ਤਬ[45] ਹੀ ਕੀਜੀਐ[46] ਜਬ[47] ਮੁਖਿ[48] ਹੋਵੈ ਨਾਮੁ ॥

Then[45] alone make[46] thou merry[44], when[47] Lord's Name is in thy mouth[48].

ਕੇਵਲ ਤਦ[45] ਹੀ ਤੂੰ ਖ਼ੁਸ਼ੀ[44] ਮਨਾ[46], ਜਦ[47] ਤੇਰੇ ਮੂੰਹ[48] ਵਿਚ ਪ੍ਰਭੂ ਦਾ ਨਾਮ ਹੈ ।

ਰਾਗ[49] ਨਾਦ[50] ਸਬਦਿ[51] ਸੋਹਣੇ[52] ਜਾ[53] ਲਾਗੈ[54] ਸਹਜਿ[55] ਧਿਆਨੁ[56] ॥

Beauteous[52] are melody[49] and music[50] if[53] through the Guru's word[51], one fixes[54] his attention[56] in the Lord[55].

ਸੁੰਦਰ[52] ਹਨ ਤਰਾਨੇ[49] ਅਤੇ ਲੈ[50], ਜੇਕਰ[53] ਗੁਰਾਂ ਦੀ ਬਾਣੀ[51] ਰਾਹੀਂ ਬੰਦਾ ਸਾਹਿਬ[55] ਅੰਦਰ ਆਪਣੀ ਬਿਰਤੀ[56] ਜੋੜ ਲਵੇ[54] ।

ਰਾਗੁ ਨਾਦ ਛੋਡਿ[57] ਹਰਿ ਸੇਵੀਐ[58] ਤਾ[59] ਦਰਗਹ[60] ਪਾਈਐ[62] ਮਾਨੁ[61] ॥

Even without[57] melody and music, if man serves[58] his God, then[59] he attains[62] honour[61] in the Lord's Court[60].

ਤਰਾਨੇ ਤੇ ਸੁਰਤਾਲ ਦੇ ਬਿਨਾਂ[57] ਭੀ ਜੇਕਰ ਇਨਸਾਨ ਆਪਣੇ ਵਾਹਿਗੁਰੂ ਦੀ ਘਾਲ ਕਮਾਉਂਦਾ[58] ਹੈ, ਤਦ[59] ਉਹ ਸਾਹਿਬ ਦੇ ਦਰਬਾਰ[60] ਅੰਦਰ ਇੱਜ਼ਤ[61] ਪਾਉਂਦਾ[62] ਹੈ ।

ਨਾਨਕ ਗੁਰਮੁਖਿ[63] ਬ੍ਰਹਮੁ[64] ਬੀਚਾਰੀਐ[65] ਚੂਕੈ[66] ਮਨਿ ਅਭਿਮਾਨੁ[67] ॥੨॥

Nanak, reflecting over[65] the Lord[64] by the Guru's grace[63], man is rid of[66] his mind's ego[67].

ਨਾਨਕ ਗੁਰਾਂ ਦੀ ਮਿਹਰ[63] ਦੁਆਰਾ ਸੁਆਮੀ[64] ਦੀ ਸੋਚ ਵੀਚਾਰ ਕਰਨ[65] ਦੁਆਰਾ, ਬੰਦੇ ਦੇ ਚਿਤ ਦਾ ਹੰਕਾਰ[67] ਦੂਰ ਹੋ ਜਾਂਦਾ[66] ਹੈ ।

ਪਉੜੀ ॥

Pauri.

ਪਉੜੀ ।

ਤੂ ਹਰਿ ਪ੍ਰਭੁ ਆਪਿ[68] ਅਗੰਮੁ[69] ਹੈ ਸਭਿ ਤੁਧੁ ਉਪਾਇਆ[70] ॥

O Lord God, Thou Thyself[68] art beyond reach[69] and Thou hast created[70] all.

ਹੇ ਸੁਆਮੀ ਵਾਹਿਗੁਰੂ ! ਤੂੰ ਖ਼ੁਦ[68] ਪਹੁੰਚ ਤੋਂ ਪਰੇ[69] ਹੈਂ ਅਤੇ ਤੂੰ ਹੀ ਸਾਰਿਆਂ ਨੂੰ ਸਿਰਜਿਆ[70] ਹੈ ।

ਤੂ ਆਪੇ ਆਪਿ ਵਰਤਦਾ[71] ਸਭੁ[72] ਜਗਤੁ[73] ਸਬਾਇਆ[74] ॥

Thou Thyself art wholly[72] pervading[71] the entire[74] universe[73].

ਤੂੰ ਖ਼ੁਦ ਹੀ ਸਾਰੇ[74] ਆਲਮ[73] ਅੰਦਰ ਪੂਰੀ ਤਰ੍ਹਾਂ[72] ਵਿਆਪਕ ਹੋ ਰਿਹਾ[71] ਹੈਂ ।

ਤੁਧੁ ਆਪੇ ਤਾੜੀ[75] ਲਾਈਐ[76] ਆਪੇ ਗੁਣ[77] ਗਾਇਆ[78] ॥

Thou Thyself assumest[76] contemplative[75] mood and Thyself celebratest[78] Thy praise[77].

ਤੂੰ ਆਪ ਹੀ ਧਿਆਨ ਅਵਸਥਾ[75] ਧਾਰਨ ਕਰਦਾ[76] ਹੈਂ ਅਤੇ ਆਪ ਹੀ ਆਪਣੀ ਕੀਰਤੀ[77] ਗਾਇਨ ਕਰਦਾ[78] ਹੈਂ।

ਹਰਿ ਧਿਆਵਹੁ[79] ਭਗਤਹੁ[80] ਦਿਨਸੁ[81] ਰਾਤਿ[83] ਅੰਤਿ[82] ਲਏ ਛਡਾਇਆ[84] ॥

Meditate[79] on your God; day[81] and night[83], O saints[80]. He shall deliver[84] you in the end[82].

ਆਪਣੇ ਵਾਹਿਗੁਰੂ ਦਾ ਦਿਨ[81] ਰਾਤ[83] ਸਿਮਰਨ ਕਰੋ[79], ਹੇ ਸਾਧੂਓ[80] ! ਅਖ਼ੀਰ[82] ਨੂੰ ਉਹ ਤੁਹਾਨੂੰ ਬੰਦ-ਖ਼ਲਾਸ[84] ਕਰਾ ਦੇਵੇਗਾ ।

ਜਿਨਿ ਸੇਵਿਆ[85] ਤਿਨਿ ਸੁਖੁ[87] ਪਾਇਆ ਹਰਿ ਨਾਮਿ ਸਮਾਇਆ[86] ॥੧॥

He who serves[85] the Lord is blessed with peace[87] and is absorbed[86] in His Name.

ਜੋ ਪ੍ਰਭੂ ਦੀ ਚਾਕਰੀ ਵਜਾਉਂਦਾ[85] ਹੈ, ਉਹ ਆਰਾਮ[87] ਪਾਉਂਦਾ ਹੈ ਅਤੇ ਉਸ ਦੇ ਨਾਮ ਅੰਦਰ ਲੀਨ ਹੋ ਜਾਂਦਾ[86] ਹੈ ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਦੂਜੈ[87]*ਭਾਇ[88]ਬਿਲਾਵਲੁ[89]

Through another's[87]* love[88], bliss[89] is

ਹੋਰਸ[87]* ਦੀ ਪ੍ਰੀਤ[88] ਰਾਹੀਂ ਖ਼ੁਸ਼ੀ[89] ਪ੍ਰਾਪਤ ਨਹੀਂ ਹੁੰਦੀ

ਨ ਹੋਵਈ ਮਨਮੁਖਿ ਥਾਇ[90] ਨ ਪਾਇ ॥	obtained not and an apostate finds no place[90].	ਅਤੇ ਅਧਰਮੀ ਨੂੰ ਕੋਈ ਥਾਂ[90] ਨਹੀਂ ਮਿਲਦੀ।
ਪਾਖੰਡਿ[91] ਭਗਤਿ[92] ਨ ਹੋਵਈ ਪਾਰਬ੍ਰਹਮੁ[93] ਨ ਪਾਇਆ ਜਾਇ ॥	Through hypocrisy[91] Lord's devotion[92] is performed not, nor is the Transcendent[93] Lord obtained.	ਦੰਭ[91] ਦੇ ਰਾਹੀਂ ਸਾਈਂ ਦੀ ਪ੍ਰੇਮਾ-ਭਗਤੀ[92] ਨਹੀਂ ਹੁੰਦੀ ਅਤੇ ਨਾ ਹੀ ਸ਼੍ਰੋਮਣੀ ਸਾਹਿਬ[93] ਪਰਾਪਤ ਹੁੰਦਾ ਹੈ।
ਮਨ ਹਠਿ[94] ਕਰਮ[95] ਕਮਾਵਣੇ ਥਾਇ[96] ਨ ਕੋਈ ਪਾਇ ॥	If one does religious deeds[95] through mind's obstinacy[94]; they are not approved[96] by the Lord.	ਜੇਕਰ ਬੰਦਾ ਚਿਤ ਦੀ ਜ਼ਿੱਦ[94] ਰਾਹੀਂ ਧਾਰਮਕ ਕੰਮ[95] ਕਰੇ, ਉਨ੍ਹਾਂ ਨੂੰ ਪ੍ਰਭੂ ਪਰਵਾਨ ਨਹੀਂ ਕਰਦਾ[96]।
ਨਾਨਕ ਗੁਰਮੁਖਿ[97] ਆਪੁ[98] ਬੀਚਾਰੀਐ[99] ਵਿਚਹੁ[2] ਆਪੁ[100] ਗਵਾਇ[3] ॥	Nanak, by understanding[99] his-self[98] through the Guru's grace[97], man loses[3] his ego[100] from within[2].	ਨਾਨਕ, ਗੁਰਾਂ ਦੀ ਦਇਆ[97] ਰਾਹੀਂ ਆਪਣੇ ਆਪ[98] ਨੂੰ ਸਮਝਣ[99] ਦੁਆਰਾ, ਬੰਦੇ ਦੇ ਅੰਦਰੋਂ[2] ਹੰਕਾਰ[100] ਦੂਰ ਹੋ ਜਾਂਦਾ[3] ਹੈ।
ਆਪੇ ਆਪਿ[4] ਪਾਰਬ੍ਰਹਮੁ[5] ਹੈ ਪਾਰਬ੍ਰਹਮੁ ਵਸਿਆ[6] ਮਨਿ ਆਇ ॥	He himself[4] is the Supreme Lord[5] and the Supreme Lord comes to abide[6] in his mind.	ਉਹ ਖ਼ੁਦ[4] ਸ਼੍ਰੋਮਣੀ ਸਾਹਿਬ[5] ਹੈ ਅਤੇ ਸ਼੍ਰੋਮਣੀ ਸਾਹਿਬ ਆ ਕੇ ਉਸ ਦੇ ਹਿਰਦੇ ਅੰਦਰ ਟਿਕ ਜਾਂਦਾ[6] ਹੈ।
ਜੰਮਣੁ[7] ਮਰਣਾ[8] ਕਟਿਆ[9] ਜੋਤੀ[10] ਜੋਤਿ[12] ਮਿਲਾਇ[13] ॥੧॥	His birth[7] and death[8] are erased[9] and his light[12] blends[13] with the Supreme Light[10].	ਉਸ ਦਾ ਜੰਮਣਾ[7] ਤੇ ਮਰਨਾ[8] ਮੁਕ ਜਾਂਦੇ[9] ਹਨ ਅਤੇ ਉਸ ਦਾ ਪ੍ਰਕਾਸ਼[12] ਪਰਮ-ਪ੍ਰਕਾਸ਼[10] ਨਾਲ ਅਭੇਦ ਹੋ ਜਾਂਦਾ[13] ਹੈ।
ਮਹਲਾ ੩ ॥	3rd Guru.	ਤੀਜੀ ਪਾਤਿਸ਼ਾਹੀ।
ਬਿਲਾਵਲੁ[14] ਕਰਿਹੁ ਤੁਮ੍ਹ ਪਿਆਰਿਹੋ[15] ਏਕਸੁ ਸਿਉ ਲਿਵ[16] ਲਾਇ[17] ॥	Make merry[14], O My beloveds[15], by embracing[17] love[16] for the One Lord.	ਇਕ ਸੁਆਮੀ ਨਾਲ ਪ੍ਰੇਮ[16] ਪਾ ਕੇ[17], ਤੁਸੀਂ ਅਨੰਦ[14] ਮਾਣੋ, ਹੇ ਮੇਰੇ ਪਿਆਰਿਓ[15]।
ਜਨਮ ਮਰਣ ਦੁਖੁ[18] ਕਟੀਐ[19] ਸਚੇ[20] ਰਹੀ ਸਮਾਇ[21] ॥	You shall be rid of[19] the pain[18] of birth and death and shall remain absorbed[21] the True Lord[20].	ਤੁਹਾਡੀ ਜੰਮਣ ਤੇ ਮਰਨ ਦੀ ਪੀੜ[18] ਨਵਿਰਤ ਹੋ ਜਾਏਗੀ[19] ਅਤੇ ਤੁਸੀਂ ਸੱਚੇ ਸੁਆਮੀ[20] ਅੰਦਰ ਲੀਨ ਰਹੋਗੇ[21]।
ਸਦਾ ਬਿਲਾਵਲੁ[22] ਅਨੰਦੁ[23] ਹੈ ਜੇ[24] ਚਲਹਿ[25] ਸਤਿਗੁਰ ਭਾਇ[26] ॥	If[24] you walk[25] in the True Guru's will[26], you shall ever be in bliss[22] and joy[23].	ਜੇਕਰ[24] ਤੁਸੀਂ ਸੱਚੇ ਗੁਰਾਂ ਦੀ ਰਜ਼ਾ[26] ਅੰਦਰ ਟੁਰੋਗੇ[25] ਤਾਂ ਤੁਸੀਂ ਹਮੇਸ਼ਾਂ ਖ਼ੁਸ਼ੀ[22] ਤੇ ਪ੍ਰਸੰਨਤਾ[23] ਅੰਦਰ ਵਿਚਰੋਗੇ।
ਸਤ ਸੰਗਤੀ ਬਹਿ[27] ਭਾਉ[28] ਕਰਿ ਸਦਾ[29] ਹਰਿ ਕੇ ਗੁਣ[30] ਗਾਇ ॥	Sitting[27] in the saint's guild, O man, ever[29] sing thou with love[28] the praises[30] of God.	ਸਾਧ ਸੰਗਤ ਅੰਦਰ ਬੈਠ ਕੇ[27], ਹੇ ਬੰਦੇ! ਤੂੰ ਸਦੀਵ[29] ਹੀ ਵਾਹਿਗੁਰੂ ਦੀਆਂ ਸਿਫ਼ਤਾਂ[30] ਪਿਆਰ[28] ਨਾਲ ਗਾਇਨ ਕਰ।
ਨਾਨਕ[31] ਸੇ ਜਨ[32] ਸੋਹਣੇ[33] ਜਿ ਗੁਰਮੁਖਿ[34] ਮੇਲਿ[35] ਮਿਲਾਇ[36] ॥੨॥	Nanak, beauteous[33] are the[31] persons[32], who by Guru's grace[34] unite[36] with the Lord's union[35].	ਨਾਨਕ ਸੁੰਦਰ[33] ਹਨ ਉਹ[31] ਪੁਰਸ਼[32], ਜੋ ਗੁਰਾਂ ਦੀ ਦਇਆ[34] ਦੁਆਰਾ ਪ੍ਰਭੂ ਦੇ ਮਿਲਾਪ[35] ਅੰਦਰ ਮਿਲ ਜਾਂਦੇ[36] ਹਨ।
ਪਉੜੀ ॥	Pauri.	ਪਉੜੀ।
ਸਭਨਾ ਜੀਆ[41] ਵਿਚਿ ਹਰਿ	The Lord God, who Himself[37] is	ਸੁਆਮੀ ਵਾਹਿਗੁਰੂ, ਜੋ ਖ਼ੁਦ[37] ਸਾਰਿਆਂ ਜੀਵਾਂ[41] ਦੇ ਅੰਦਰ

ਆਪਿ[37] ਸੋ[38] ਭਗਤਾ[39] ਕਾ ਮਿਤੁ[40] ਹਰਿ ॥

within all the beings[41]; He is[38] the Friend[40] of His devotees[39].

ਹੈ; ਉਹ[38] ਆਪਣੇ ਸ਼ਰਧਾਲੂ[39] ਪ੍ਰੇਮੀਆਂ ਦਾ ਮਿਤ੍ਰ[40] ਹੈ ।

ਸਭੁ[42] ਕੋਈ ਹਰਿ ਕੈ ਵਸਿ[43] ਭਗਤਾ ਕੈ ਅਨੰਦੁ[44] ਘਰਿ[45] ॥

Every one[42] is under the sway[43] of the Lord. Bliss[44] reigns in the home[45] of the saints.

ਹਰ ਕੋਈ[42] ਪ੍ਰਭੂ ਦੇ ਇਖ਼ਤਿਆਰ[43] ਵਿਚ ਹੈ । ਸੰਤਾਂ ਦੇ ਘਰ[45] ਅੰਦਰ ਖ਼ੁਸ਼ੀ[44] ਵਰਤਦੀ ਹੈ ।

ਹਰਿ ਭਗਤਾ ਕਾ ਮੇਲੀ[46] ਸਰਬਤ[47] ਸਉ[49] ਨਿਸੁਲ[48] ਜਨ[50] ਟੰਗ[51] ਧਰਿ[52] ॥

God is an Associate[46] of His saints, so all[47] His slaves[50], sleep[49] straight[48] with legs[51] crossed[52].

ਵਾਹਿਗੁਰੂ ਆਪਣੇ ਸੰਤਾਂ ਦਾ ਹਮਜੋਲੀ[46] ਹੈ, ਇਸ ਲਈ ਉਸ ਦੇ ਸਾਰੇ[47] ਗੋਲੇ[50] ਲੱਤ ਤੇ ਲੱਤ[51] ਰਖ ਕੇ[52] ਸਿੱਧੇ[48] ਸੌਂਦੇ[49] ਹਨ ।

ਹਰਿ ਸਭਨਾ ਕਾ ਹੈ ਖਸਮੁ[53] ਸੋ[54] ਭਗਤ ਜਨ[55] ਚਿਤਿ[56] ਕਰਿ[57] ॥

God is the Master[53] of all. O holy man[55], enshrine[57] thou Him[54] in thy mind[56].

ਵਾਹਿਗੁਰੂ ਸਾਰਿਆਂ ਦਾ ਮਾਲਕ[53] ਹੈ । ਹੇ ਨੇਕ ਪੁਰਸ਼[55] ! ਤੂੰ ਉਸ ਨੂੰ[54] ਆਪਣੇ ਹਿਰਦੇ[56] ਅੰਦਰ ਟਿਕਾ[57] ।

ਤੁਧੁ ਅਪੜਿ[58] ਕੋਇ ਨ ਸਕੈ ਸਭ[59] ਝਖਿ ਝਖਿ[60] ਪਵੈ ਝੜਿ[61] ॥੨॥

None can equal[58] Thee, O Lord, bothering uselessly[60], every one[59] perishes[61] in the end.

ਕੋਈ ਭੀ ਤੇਰੀ ਬਰਾਬਰੀ[58] ਨਹੀਂ ਕਰ ਸਕਦਾ, ਹੇ ਸੁਆਮੀ ! ਬੇਫ਼ਾਇਦਾ ਖਪ ਕੇ[60] ਹਰ ਕੋਈ[59] ਅਖ਼ੀਰ ਨੂੰ ਨਾਸ ਹੋ ਜਾਂਦਾ[61] ਹੈ ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ ।

ਬ੍ਰਹਮੁ[62] ਬਿੰਦਹਿ[63] ਤੇ[64] ਬ੍ਰਾਹਮਣਾ ਜੇ[65] ਚਲਹਿ[66] ਸਤਿਗੁਰ ਭਾਇ[67] ॥

If[65] he knows[63] the Supreme Lord[62] and walks[66] in the True Guru's will[67]; then alone is he[64] a Brahmin.

ਜੇਕਰ[65] ਉਹ ਸ਼ਰੋਮਣੀ ਸਾਹਿਬ[62] ਨੂੰ ਜਾਣਦਾ[63] ਹੈ ਅਤੇ ਸੱਚੇ ਗੁਰਾਂ ਦੀ ਰਜ਼ਾ[67] ਅੰਦਰ ਟੁਰਦਾ[66] ਹੈ, ਕੇਵਲ ਤਦ ਹੀ ਉਹ[64] ਬ੍ਰਾਹਮਣ ਹੈ ।

੮੫੦

850

੮੫੦

ਜਿਨ ਕੈ ਹਿਰਦੈ[68] ਹਰਿ ਵਸੈ[69] ਹਉਮੈ[70] ਰੋਗੁ[71] ਗਵਾਇ[72] ॥

They, within whose mind[68] the Lord abides[69] are rid of[72] the ailment[71] of self-conceit[70].

ਜਿਨ੍ਹਾਂ ਦੇ ਮਨ[68] ਅੰਦਰ ਪ੍ਰਭੂ ਨਿਵਾਸ[69] ਰੱਖਦਾ ਹੈ, ਉਹ ਸਵੈ-ਹੰਗਤਾ[70] ਦੀ ਬੀਮਾਰੀ[71] ਤੋਂ ਛੁਟਕਾਰਾ ਪਾ ਜਾਂਦੇ[72] ਹਨ ।

ਗੁਣ[73] ਰਵਹਿ[74] ਗੁਣ[75] ਸੰਗ੍ਰਹਹਿ[76] ਜੋਤੀ[77] ਜੋਤਿ[78] ਮਿਲਾਇ[79] ॥

They utter[74] Lord's praises[73], amass[76] virtues[75] and their soul[78] blends[79] with the Supreme Soul[77].

ਉਹ ਪ੍ਰਭੂ ਦੀਆਂ ਸਿਫ਼ਤਾਂ[73] ਉਚਾਰਨ ਕਰਦੇ[74] ਹਨ, ਨੇਕੀਆਂ[75] ਇਕੱਤ੍ਰ ਕਰਦੇ[76] ਹਨ ਅਤੇ ਉਨ੍ਹਾਂ ਦੀ ਆਤਮਾ[78] ਪਰਮ-ਆਤਮਾ[77] ਨਾਲ ਅਭੇਦ ਹੋ ਜਾਂਦੀ[79] ਹੈ ।

ਇਸੁ ਜੁਗ[80] ਮਹਿ[81] ਵਿਰਲੇ[82] ਬ੍ਰਾਹਮਣ ਬ੍ਰਹਮੁ[83] ਬਿੰਦਹਿ[84] ਚਿਤੁ[85] ਲਾਇ[86] ॥

In[81] this age[80], rare[82] are the Brahmins, who think of[84] their Lord[83] with fixed[86] attention[85].

ਇਸ ਯੁੱਗ[80] ਅੰਦਰ[81] ਬਹੁਤ ਹੀ ਥੋੜੇ[82] ਹਨ ਬ੍ਰਾਹਮਣ ਜੋ ਬਿਰਤੀ[85] ਜੋੜ ਕੇ[86] ਆਪਣੇ ਸੁਆਮੀ[83] ਨੂੰ ਯਾਦ ਕਰਦੇ[84] ਹਨ ।

ਨਾਨਕ ਜਿਨ੍ ਕਉ ਨਦਰਿ[87] ਕਰੇ[88] ਹਰਿ ਸਚਾ ਸੇ[89] ਨਾਮਿ ਰਹੇ ਲਿਵ ਲਾਇ[90] ॥੧॥

O Nanak, they on whom True God casts[88] His merciful glance[87]; they[89] remain attuned[90] to the Name.

ਹੇ ਨਾਨਕ ! ਜਿਨ੍ਹਾਂ ਉਤੇ ਸੱਚਾ ਵਾਹਿਗੁਰੂ ਆਪਣੀ ਮਿਹਰ ਦੀ ਨਿਗ੍ਹਾ[87] ਧਾਰਦਾ[88] ਹੈ, ਉਹ[89] ਨਾਮ ਨਾਲ ਪ੍ਰੀਤ ਲਾਈ ਰਖਦੇ[90] ਹਨ ।

ਮਹਲਾ ੩ ॥

3rd Guru.

ਤੀਜੀ ਪਾਤਿਸ਼ਾਹੀ ।

ਸਤਿਗੁਰ ਕੀ ਸੇਵ[91] ਨ

He who serves[91] not the True Guru

ਜੋ ਸੱਚੇ ਗੁਰਾਂ ਦੀ ਘਾਲ ਨਹੀਂ ਕਮਾਉਂਦਾ[91] ਅਤੇ ਗੁਰਾਂ

ਕੀਤੀਆ ਸਬਦਿ[92]ਨ ਲਗੋ[93] ਭਾਉ[94] ॥

and cultivates[93] not love[94] for the Guru's word[92],

ਦੀ ਬਾਣੀ[92] ਨਾਲ ਪਿਰਹੜੀ[94] ਨਹੀਂ ਪਾਉਂਦਾ[93],

ਹਉਮੈ[95] ਰੋਗੁ[96] ਕਮਾਵਣਾ[97] ਅਤਿ[98] ਦੀਰਘੁ[99] ਬਹੁ[100] ਸੁਆਉ[2] ॥

He earns[97] the very[98] chronic[99] disease[96] of self-conceit[95] and is extremely[100] selfish[2].

ਉਹ ਸਵੈ-ਹੰਗਤਾ[95] ਦੀ ਪਰਮ[98] ਲੰਮੀ[99] ਬੀਮਾਰੀ[96] ਦੀ ਖੱਟੀ ਖਟਦਾ[97] ਹੈ ਅਤੇ ਬਹੁਤ[100] ਹੀ ਮਤਲਬ-ਪ੍ਰਸਤ[2]ਹੈ।

ਮਨ ਹਠਿ[3] ਕਰਮ[4] ਕਮਾਵਣੇ[5] ਫਿਰਿ ਫਿਰਿ[6] ਜੋਨੀ[7] ਪਾਇ[8] ॥

By doing[5] deeds[4] through mind's obstinacy[3], man is made to wander[8] in existences[7] again and again[6].

ਚਿੱਤ ਦੀ ਜ਼ਿੱਦ[3] ਰਾਹੀਂ ਕੰਮ[4] ਕਰਨ[5] ਦੁਆਰਾ ਇਨਸਾਨ ਜੂਨੀਆਂ[7] ਅੰਦਰ ਮੁੜ ਮੁੜ ਕੇ[6] ਧੱਕਿਆ[8] ਜਾਂਦਾ ਹੈ।

ਗੁਰਮੁਖਿ[9] ਜਨਮੁ[10] ਸਫਲੁ[12] ਹੈ ਜਿਸ ਨੋ ਆਪੇ[13] ਲਏ ਮਿਲਾਇ ॥

Fruitful[12] is the birth[10] of the Guru-ward[9], whom the Lord of Himself, unites with Himself[13].

ਫਲਦਾਇਕ[12] ਹੈ ਜੰਮਣਾ[10] ਗੁਰੂ-ਸਮਰਪਣ[9] ਦਾ,ਜਿਸ ਨੂੰ ਪ੍ਰਭੂ ਖੁਦ-ਬ-ਖੁਦ ਹੀ ਆਪਣੇ[13] ਨਾਲ ਮਿਲਾ ਲੈਂਦਾ ਹੈ।

ਨਾਨਕ ਨਦਰੀ[14] ਨਦਰਿ[15] ਕਰੇ[16] ਤਾ[17] ਨਾਮ ਧਨੁ[18] ਪਲੈ ਪਾਇ[19] ॥੨॥

O Nanak, if the Merciful Master[14] shows[16] His mercy[15], then[17] does man obtain[19] the Name's wealth[18].

ਹੇ ਨਾਨਕ! ਜੇਕਰ ਮਿਹਰਬਾਨ[14] ਮਾਲਕ ਆਪਣੀ ਮਿਹਰ[15] ਧਾਰੇ[16], ਤਦ[17] ਇਨਸਾਨ ਨਾਮ ਦੀ ਦੌਲਤ[18] ਨੂੰ ਪਰਾਪਤ ਕਰ ਲੈਂਦਾ[19] ਹੈ।

ਪਉੜੀ ॥

Pauri.

ਪਉੜੀ।

ਸਭ ਵਡਿਆਈਆ[20] ਹਰਿ ਨਾਮ ਵਿਚਿ ਹਰਿ ਗੁਰਮੁਖਿ[21] ਧਿਆਈਐ[22] ।

All the glories[20] are in the Lord's Name, so remember[22] thou thy God's Name, through the Guru[21].

ਸਾਰੀਆਂ ਬਜ਼ੁਰਗੀਆਂ[20] ਪ੍ਰਭੂ ਦੇ ਨਾਮ ਵਿਚ ਹਨ, ਇਸ ਲਈ ਗੁਰਾਂ ਦੇ ਰਾਹੀਂ[21] ਤੂੰ ਆਪਣੇ ਵਾਹਿਗੁਰੂ ਦੇ ਨਾਮ ਦਾ ਸਿਮਰਨ[22] ਕਰ।

ਜਿ ਵਸਤੁ[23] ਮੰਗੀਐ ਸਾਈ ਪਾਈਐ ਜੇ[24] ਨਾਮਿ ਚਿਤੁ[25] ਲਾਈਐ[26] ॥

If[24] man fixes[26] his mind[25] on his God's Name he obtains all the things[23], he asks for.

ਜੇਕਰ[24] ਬੰਦਾ ਆਪਣਾ ਮਨ[25] ਆਪਣੇ ਹਰੀ ਦੇ ਨਾਮ ਨਾਲ ਜੋੜ ਲਵੇ[26] ਤਾਂ ਉਸ ਨੂੰ ਮੂੰਹ-ਮੰਗੀਆਂ ਸਾਰੀਆਂ ਸ਼ੈਆਂ[23] ਮਿਲ ਜਾਂਦੀਆਂ ਹਨ।

ਗੁਹਜ[27] ਗਲ[28] ਜੀਅ[29] ਕੀ ਕੀਚੈ ਸਤਿਗੁਰੂ ਪਾਸਿ[30]ਤਾ[31] ਸਰਬ[32] ਸੁਖੁ ਪਾਈਐ ॥

If man talks his mind's[29] secret[27] thing[28] to[30] the True Guru, then[31] attains he all[32] the comforts,

ਜੇਕਰ ਬੰਦਾ ਆਪਣੇ ਦਿਲ[29] ਦੀ ਗੁੱਝੀ[27] ਬਾਤ[28] ਸੱਚੇ ਗੁਰਾਂ ਕੋਲ[30] ਕਰੇ, ਤਦ[31] ਉਸਨੂੰ ਸਾਰੇ[32] ਆਰਾਮ ਪਰਾਪਤ ਹੋ ਜਾਂਦੇ ਹਨ।

ਗੁਰੁ ਪੂਰਾ[33] ਹਰਿ[38] ਉਪਦੇਸੁ[34]ਦੇਇ[35]ਸਭ ਭੁਖ[36] ਲਹਿ ਜਾਈਐ[37] ॥

When the Perfect[33] Guru imparts[35] Divine[38] instruction[34], then all the hunger[36] departs[37].

ਜਦ ਪੂਰਨ[33] ਗੁਰੂ ਜੀ ਈਸ਼ਵਰੀ[38] ਸਿਖ-ਮਤ[34] ਦਿੰਦੇ[35] ਹਨ ਤਾਂ ਸਾਰੀ ਭੁਖ[36] ਨਵਿਰਤ ਹੋ ਜਾਂਦੀ[37] ਹੈ।

ਜਿਸੁ ਪੂਰਬਿ[38]* ਹੋਵੈ ਲਿਖਿਆ[39]ਸੋ[40]ਹਰਿ ਗੁਣ[41] ਗਾਈਐ[42] ॥੩॥

He[40], who is so pre[38]*-destined[39], celebrates[42] his God's praise[41].

ਜਿਸ ਦੇ ਭਾਗਾਂ ਵਿਚ ਮੁਢੋਂ[38]* ਇਹੋ ਜਿਹੀ ਲਿਖਤਾਕਾਰ[39] ਹੈ; ਉਹ[40] ਆਪਣੇ ਵਾਹਿਗੁਰੂ ਦੀ ਕੀਰਤੀ[41] ਗਾਇਨ ਕਰਦਾ[42] ਹੈ।

ਸਲੋਕ ਮਹਲਾ ੩ ॥

Slok 3rd Guru.

ਸਲੋਕ ਤੀਜੀ ਪਾਤਿਸ਼ਾਹੀ।

ਸਤਿਗੁਰ ਤੇ ਖਾਲੀ[43] ਕੋ ਨਹੀ ਮੇਰੈ ਪ੍ਰਭਿ ਮੇਲਿ[44] ਮਿਲਾਏ[45] ॥

None returns empty-handed[43] from the True Guru's door. He unites[45] man with my Lord's union[44].

ਸੱਚੇ ਗੁਰਾਂ ਦੇ ਦਰ ਤੋਂ ਕੋਈ ਭੀ ਸੱਖਣੇ-ਹੱਥ[43] ਨਹੀਂ ਮੁੜਦਾ। ਉਹ ਇਨਸਾਨ ਨੂੰ ਮੇਰੇ ਮਾਲਕ ਦੇ ਮਿਲਾਪ[44] ਅੰਦਰ ਮਿਲਾ ਦਿੰਦੇ[45] ਹਨ।

ਸਤਿਗੁਰ ਕਾ ਦਰਸਨੁ[46]

ਜੀਵਨ[77] ਮਰਨੁ[78] ਦੋਊ[79] ਮਿਟਵਾਇਆ[80] ॥	My birth[77] and death[78] have both[79] been erased[80].	ਮੇਰਾ ਜੰਮਣਾ[77] ਤੇ ਮਰਨਾ[78] ਦੋਨੋਂ[79] ਹੀ ਮਿਟ ਗਏ[80] ਹਨ ।
ਕਹੁ ਕਬੀਰ ਇਹੁ ਰਾਮ[81] ਕੀ ਅੰਸੁ[82]॥ਜਸ[82*]ਕਾਗਦ[83] ਪਰ ਮਿਟੈ[84] ਨ ਮੰਸੁ[85] ॥੪॥੨॥੫॥	Says Kabir, this soul is the Lord's[81] off-spring[82]. It is stable like[82*] the ink[85], which can be erased[84] not from the paper[83].	ਕਬੀਰ ਜੀ ਆਖਦੇ ਹਨ, ਇਹ ਆਤਮਾ ਪ੍ਰਭੂ[81] ਦੀ ਸੰਤਾਨ[82] ਹੈ । ਇਹ ਸਿਆਹੀ[85] ਦੀ ਤਰ੍ਹਾਂ[82*] ਸਥਿਰ ਹੈ, ਜੋ ਕਾਗਜ਼[83] ਉਤੋਂ ਮੇਸੀ[84] ਨਹੀਂ ਜਾ ਸਕਦੀ ।
ਗੋਂਡ ॥	Gond.	ਗੋਂਡ ।
ਤੂਟੇ[86] ਤਾਗੇ[87] ਨਿਖੁਟੀ[88] ਪਾਨਿ[89] ॥	The threads[87] are broken[86], and the size[89] has run short[88].	ਧਾਗੇ[87] ਟੁਟ ਗਏ[86] ਹਨ ਅਤੇ ਮਾਵਾ[89] ਮੁਕ ਗਿਆ[88] ਹੈ ।
ਦੁਆਰ[90] ਊਪਰਿ[91] ਝਿਲ-ਕਾਵਹਿ[92] ਕਾਨ[93] ॥	The reeds[93] shine[92] over[91] the door[90].	ਦਰਵਾਜ਼ੇ[90] ਉਤੇ[91] ਕਾਨੇ[93] ਲਿਸ਼ਕਦੇ[92] ਹਨ ।
ਕੂਚ[94] ਬਿਚਾਰੇ[95] ਫੂਏ[96] ਫਾਲ ॥	The poor[95] brushes[94] have gone to pieces[96].	ਗਰੀਬੜੇ[95] ਕੂਚ[94] ਟੁਟ-ਫੁਟ ਗਏ[96] ਹਨ ।

ਇਆ ਮੁੰਡੀਆ[97] ਸਿਰ[98] ਚਢਿਬੋ[99] ਕਾਲ[100] ॥੧॥	On this lad's head[98], death[100] has alighted[99] .	ਇਸ ਮੁੰਡੇ[97] ਦੇ ਸਿਰ[98] ਉਤੇ ਮੌਤ[100] ਸਵਾਰ[99] ਹੋਈ ਹੋਈ ਹੈ ।
ਇਹੁ ਮੁੰਡੀਆ ਸਗਲੋ[2] ਦ੍ਰਬੁ[3] ਖੋਈ[4] ॥	This lad has lost[4] all[2] his wealth[3].	ਇਸ ਮੁੰਡੇ ਨੇ ਆਪਣਾ ਸਾਰਾ[2] ਧਨ[3] ਗੁਆ ਲਿਆ[4] ਹੈ ।
ਆਵਤ ਜਾਤ[5] ਨਾਕਸਰ[6] ਹੋਈ ॥੧॥ਰਹਾਉ॥	The coming and going[5] of his associates has greatly tormented[6] me. Pause.	ਉਸ ਦੇ ਹਮਜੋਲੀਆਂ ਦੀ ਆਵਾਜਾਈ[5] ਨੇ ਮੇਰਾ ਨੱਕਦਮ ਕਰ ਦਿੱਤਾ[6] ਹੈ । ਠਹਿਰਾਉ ।
ਤੁਰੀ[7] ਨਾਰਿ[8] ਕੀ ਛੋਡੀ[9] ਬਾਤਾ[10] ॥	He has given up[9] the talk[10] of his beam[7] and shuttle[8].	ਉਸ ਨੇ ਆਪਣੀ ਲੱਠ[7] ਅਤੇ ਨਾਲ[8] ਦੀ ਗੱਲ[10] ਕਰਨੀ ਛੱਡ ਦਿੱਤੀ[9] ਹੈ ।
ਰਾਮ[15] ਨਾਮ ਵਾਕਾ[12]ਮਨੁ[13] ਰਾਤਾ[14] ॥	With the Lord's[15] Name, his[12]soul[13] is imbued[14].	ਪ੍ਰਭੂ[15] ਦੇ ਨਾਮ ਨਾਲ ਉਸ[12] ਦੀ ਆਤਮਾ[13] ਰੰਗੀ ਗਈ[14] ਹੈ ।
ਲਰਿਕੀ[16]ਲਰਿਕਨ[17]ਖੈਬੋ[18] ਨਾਹਿ ॥	His daughter[16] and sons[17] have nothing to eat[18].	ਉਸ ਦੀਆਂ ਕੁੜੀਆਂ[16] ਦੇ ਮੁੰਡਿਆਂ[17] ਦੇ ਖਾਣ ਲਈ[18] ਕੁਝ ਭੀ ਨਹੀਂ ।
ਮੁੰਡੀਆ[19] ਅਨਦਿਨੁ[20] ਧਾਪੇ[21] ਜਾਹਿ[22] ॥੨॥	The shaven saints[19] night[20] and day go[22] crammed[21].	ਮੁੰਨੇ ਹੋਏ ਸਾਧੂ[19] ਰਾਤ[20] ਦਿਨ ਰੱਜ ਪੁਜ ਕੇ[21] ਜਾਂਦੇ[22] ਹਨ ।
ਇਕ ਦੁਇ[23] ਮੰਦਰਿ[24] ਇਕ ਦੁਇ ਬਾਟ[25] ॥	One or two[23] are in the house[24] and one or two on the way[25].	ਇਕ ਜਾਂ ਦੋ[23] ਘਰ[24] ਵਿਚ ਹੁੰਦੇ ਹਨ ਅਤੇ ਇਕ ਜਾਂ ਦੋ ਰਸਤੇ[25] ਵਿਚ ।
ਹਮ[26] ਕਉ ਸਾਥਰੁ[27]ਉਨ[28] ਕਉ ਖਾਟ[29] ॥	We[26] sleep on the floor[27] and they[28] on the cots[29].	ਅਸੀਂ[26] ਭੁੰਜੇ[27] ਸੌਂਦੇ ਹਾਂ ਅਤੇ ਉਹ[28] ਮੰਜਿਆਂ[29] ਉਤੇ ।
ਮੂਡ[30] ਪਲੋਸਿ[31] ਕਮਰ ਬਧਿ[32] ਪੋਥੀ[33] ॥	They caress[31] their heads[30] and carry books[33] in their waist-bands[32].	ਉਹ ਆਪਣੇ ਸਿਰ[30] ਤੇ ਹੱਥ ਫੇਰਦੇ[31] ਹਨ ਅਤੇ ਆਪਣੇ ਕਮਰ-ਕਸਿਆਂ[32] ਵਿਚ ਪੁਸਤਕਾਂ[33] ਚੁੱਕੀ ਫਿਰਦੇ ਹਨ ।
ਹਮ ਕਉ ਚਾਬਨੁ[34] ਉਨ ਕਉ ਰੋਟੀ[35] ॥੩॥	We get parched grams[34] and they the loaves[35].	ਸਾਨੂੰ ਭੁੱਜੇ ਹੋਏ ਦਾਣੇ[34] ਮਿਲਦੇ ਹਨ ਅਤੇ ਉਨ੍ਹਾਂ ਨੂੰ ਰੋਟੀਆਂ[35] ।
ਮੁੰਡੀਆ[36] ਮੁੰਡੀਆ[37] ਹੂਏ ਏਕ[38] ॥	The shaven hermits[36] and this lad[37] have become all one[38].	ਘੋਨ-ਮੋਨ ਸਾਧੂ[36]ਅਤੇ ਇਹ ਛੋਕਰਾ[37]ਸਾਰੇ ਇਕ-ਮਿਕ[38] ਹੋ ਗਏ ਹਨ ।
ਏ ਮੁੰਡੀਆ ਬੂਡਤ[39] ਕੀ ਟੇਕ[40] ॥	These shaven ones are the support[40] of the drowning[39].	ਇਹ ਮੁੰਨੇ ਹੋਏ ਡੁਬਦਿਆਂ[39]ਹੋਇਆਂ ਦਾ ਆਸਰਾ[40]ਹਨ।
ਸੁਨਿ ਅੰਧਲੀ[41] ਲੋਈ ਬੇਪੀਰਿ[42] ॥	Hearken, O blind[41] and guideless[42] Loi.	ਸੁਣ ਹੇ ਅੰਨ੍ਹੀ[41] ਅਤੇ ਨਿਗੁਰੀ[42] ਲੋਈਏ !
ਇਨ ਮੁੰਡੀਅਨ ਭਜਿ[43] ਸਰਨਿ[44] ਕਬੀਰ ॥੪॥੩॥੬॥	Kabir has hastened[43] to the protection[44] of these shaven saints.	ਕਬੀਰ ਨੇ ਦੌੜ ਕੇ[43] ਇਨ੍ਹਾਂ ਸਿਰ-ਮੁੰਨਿਆਂ ਸਾਧੂਆਂ ਦੀ ਪਨਾਹ[44] ਲਈ ਹੈ ।
ਗੋਂਡ ॥	Gond.	ਗੋਂਡ
ਖਸਮੁ[45] ਮਰੈ ਤਉ[46] ਨਾਰਿ[47] ਨ ਰੋਵੈ[48] ॥	When the husband[45] dies, then[46] his wife[47] weeps[48] not.	ਜਦ ਕੰਤ[45] ਮਰ ਜਾਂਦਾ ਹੈ, ਤਾਂ[46] ਉਸ ਦੀ ਵਹੁਟੀ[47] ਰੋਂਦੀ[48] ਨਹੀਂ ।

ਉਸੁ ਰਖਵਾਰਾ[49] ਅਉਰੋ[50] ਹੋਵੈ[51] ॥	Some one else[50] becomes[51] her protector[49].	ਕੋਈ ਹੋਰ ਜਣਾ[50] ਉਸ ਦਾ ਰਖਵਾਲਾ[49] ਬਣ ਜਾਂਦਾ[51] ਹੈ।
ਰਖਵਾਰੇ ਕਾ ਹੋਇ ਬਿਨਾਸ[52] ॥ ਆਗੈ[53] ਨਰਕੁ[54] ਈਹਾ[55] ਭੋਗ ਬਿਲਾਸ[56] ॥੧॥	When this care-taker dies[52], he falls into the hell[54] hereafter[53], for the sexual pleasure[56] enjoyed here[55].	ਜਦ ਇਹ ਰਖਿਆ ਕਰਨ ਵਾਲਾ ਮਰ ਜਾਂਦਾ[52] ਹੈ, ਏਥੇ[55] ਕਾਮ ਦੇ ਸੁਆਦ[56] ਮਾਣਨ ਦੀ ਖ਼ਾਤਰ, ਉਹ ਅਗੇ[53] ਦੋਜ਼ਕ[54] ਵਿਚ ਪੈਂਦਾ ਹੈ।
ਏਕ[57] ਸੋਹਾਗਨਿ[58] ਜਗਤ[59] ਪਿਆਰੀ[60] ॥	Mammon[58] alone[57] is dear[60] to the world[59].	ਕੇਵਲ[57] ਮਾਇਆ[58] ਹੀ ਸੰਸਾਰ[59] ਦੀ ਲਾਡਲੀ[60] ਹੈ।
ਸਗਲੇ[61] ਜੀਅ ਜੰਤ[62] ਕੀ ਨਾਰੀ[63] ॥੧॥ਰਹਾਉ॥	Of all[61] the sentient beings[62], she is the wife[63]. Pause.	ਸਾਰੇ[61] ਪ੍ਰਾਣ-ਧਾਰੀਆਂ[62] ਦੀ ਉਹ ਵਹੁਟੀ[63] ਹੈ। ਠਹਿਰਾਉ।
ਸੋਹਾਗਨਿ[64] ਗਲਿ[65] ਸੋਹੈ[66] ਹਾਰੁ[67] ॥	With necklace[67] round her neck[65], mammon[64] looks beauteous[66].	ਗਰਦਨ[65] ਦੁਆਲੇ ਗਲ ਮਾਲਾ[67] ਨਾਲ ਮਾਇਆ[64] ਸੁੰਦਰ[66] ਦਿੱਸਦੀ ਹੈ।
ਸੰਤ ਕਉ ਬਿਖੁ[68] ਬਿਗਸੈ[69] ਸੰਸਾਰੁ[70] ॥	She is as poison[68] to the saint, but seeing her the world[70] blooms[69].	ਸਾਧੂ ਲਈ ਉਹ ਜ਼ਹਿਰ[68] ਦੀ ਤਰ੍ਹਾਂ ਹੈ ਪ੍ਰੰਤੂ ਉਸ ਨੂੰ ਵੇਖ ਕੇ ਜਗਤ[70] ਖਿੜ[69] ਜਾਂਦਾ ਹੈ।
ਕਰਿ ਸੀਗਾਰੁ[71] ਬਹੈ[72] ਪਖਿਆਰੀ[73] ॥	Adorning[71] herself, she sits[72] like a prostitute[73].	ਹਾਰਸ਼ਿੰਗਾਰ[71] ਲਾ ਕੇ ਉਹ ਕੰਜਰੀ[73] ਦੀ ਤਰ੍ਹਾਂ ਬੈਠਦੀ[72] ਹੈ।
ਸੰਤ ਕੀ ਠਿਠਕੀ[74] ਫਿਰੈ[75] ਬਿਚਾਰੀ[76] ॥੨॥	Accursed[74] of the saints, the wretch[76] wanders about[75].	ਸਾਧੂਆਂ ਦੀ ਠਿਠ ਕੀਤੀ ਹੋਈ[74] ਉਹ ਨੀਚ[76] ਭਟਕਦੀ ਫਿਰਦੀ[75] ਹੈ।
੮੭੨	**872**	**੮੭੨**
ਸੰਤ ਭਾਗਿ[77] ਓਹ[78] ਪਾਛੈ ਪਰੈ[79] ॥	She[78] runs[77] after and pursues[79] the saints.	ਉਹ[78] ਭਜ ਕੇ[77] ਸਾਧੂਆਂ ਦੇ ਪਿਛੇ ਪੈਂਦੀ[79] ਹੈ।
ਗੁਰ ਪਰਸਾਦੀ[80] ਮਾਰਹੁ[81] ਡਰੈ[82] ॥	She fears[82] being beaten[81] by the saints, who are recipients of the Guru's grace[80].	ਉਹ ਗੁਰਾਂ ਦੀ ਦਇਆ[80] ਦੇ ਪਾਤ੍ਰ ਸਾਧੂਆਂ ਦੀ ਕੁਟ ਮਾਰ[81] ਤੋਂ ਡਰਦੀ[82] ਹੈ।
ਸਾਕਤ[83] ਕੀ ਓਹ ਪਿੰਡ[84] ਪਰਾਇਣਿ[85] ॥	She is the body[84] and very life[85] of an apostate[83].	ਅਧਰਮੀ[83] ਦੀ ਉਹ ਦੇਹ[84] ਤੇ ਜਿੰਦ ਜਾਨ[85] ਹੈ।
ਹਮ[86] ਕਉ ਦ੍ਰਿਸਟਿ[87] ਪਰੈ ਤ੍ਰਖਿ[88] ਡਾਇਣਿ[89] ॥੩॥	To me[86] she seems[87] to be my blood-thirsty[88] witch[89].	ਮੈਨੂੰ[86] ਉਹ ਮੇਰੇ ਲਹੂ ਦੀ ਤਿਹਾਈ[88] ਚੁੜੇਲ[89] ਮਲੂਮ ਹੁੰਦੀ[87] ਹੈ।
ਹਮ ਤਿਸ[90] ਕਾ ਬਹੁ[91] ਜਾਨਿਆ[92] ਭੇਉ[93] ॥ ਜਬ[94] ਹੂਏ ਕ੍ਰਿਪਾਲ[95] ਮਿਲੇ ਗੁਰਦੇਉ[96] ॥	I am well[91]-acquainted[92] with her[90] secrets[93] now, when[94] becoming merciful[95] my Guru-God[96] has met me.	ਹੁਣ ਜਦੋਂ[94] ਮਿਹਰਬਾਨ[95] ਹੋ ਕੇ ਮੈਨੂੰ ਮੇਰੇ ਗੁਰੂ-ਪਰਮੇਸ਼ਰ[96] ਮਿਲ ਪਏ ਹਨ, ਮੈਂ ਉਸ ਦੇ[90] ਭੇਤਾਂ[93] ਦਾ ਚੰਗੀ ਤਰ੍ਹਾਂ[91] ਜਾਣੂ ਹੋ ਗਿਆ[92] ਹਾਂ।
ਕਹੁ ਕਬੀਰ ਅਬ[97] ਬਾਹਰਿ ਪਰੀ[98] ॥	Says Kabir, I have now[97] turned[98] her out.	ਕਬੀਰ ਜੀ ਆਖਦੇ ਹਨ, ਹੁਣ[97] ਮੈਂ ਉਸ ਨੂੰ ਬਾਹਰ ਕੱਢ ਦਿਤਾ[98] ਹੈ।

ਸੰਸਾਰੈ[99] ਕੈ ਅੰਚਲਿ[100] ਲਰੀ[2] ॥੪॥੪॥੭॥	She has clung[2] herself to the skirt[100] of the world[99].	ਉਹ ਜਗਤ[99] ਦੇ ਪੱਲੇ[100] ਨਾਲ ਚਿਮੜ ਗਈ[2] ਹੈ।
ਗੋਂਡ ॥	Gond.	ਗੋਂਡ।
ਗ੍ਰਿਹਿ[3] ਸੋਭਾ[4] ਜਾਕੈ[5] ਰੇ ਨਾਹਿ ॥ ਆਵਤ[6] ਪਹੀਆ[7] ਖੂਧੇ[8] ਜਾਹਿ[9] ॥	He, in whose[5] house[3] is not the glory[4] of wealth, the guests[7] come[6] and depart[9] hungry[8] therefrom.	ਜਿਸ[5] ਦੇ ਘਰ[3] ਵਿਚ ਮਾਇਆ ਦੀ ਪ੍ਰਭੁਤਾ[4] ਨਹੀਂ, ਉਥੋਂ ਪ੍ਰਾਹੁਣੇ[7] ਆ ਕੇ[6] ਭੁਖੇਭਾਣੇ[8] ਹੀ ਟੁਰ ਜਾਂਦੇ[9] ਹਨ।
ਵਾ ਕੈ[10] ਅੰਤਰਿ[12] ਨਹੀ ਸੰਤੋਖੁ[13] ॥	Within his[10] mind[12] there is no contentment[13].	ਉਸ[10] ਦੇ ਮਨ[12] ਅੰਦਰ ਸੰਤੁਸ਼ਟਤਾ[13] ਨਹੀਂ।
ਬਿਨੁ[14] ਸੋਹਾਗਨਿ[15] ਲਾਗੈ[16] ਦੋਖੁ[17] ॥੧॥	Without[14] his bride[15], the wealth, he is afflicted[16] with pain[17].	ਉਸ ਦੀ ਪਤਨੀ[15], ਧਨ-ਦੌਲਤ, ਦੇ ਬਾਝੋਂ[14] ਉਸ ਨੂੰ ਦੁਖ[17] ਹੁੰਦਾ[16] ਹੈ।
ਧਨੁ[18] ਸੋਹਾਗਨਿ[19] ਮਹਾ[20] ਪਵੀਤ[21] ॥ਤਪੇ[22]ਤਪੀਸਰ[23] ਡੋਲੈ[24] ਚੀਤ[25]॥੧॥ਰਹਾਉ॥	Hail[18] unto mammon[19], which wavers[24] the mind[25] of even the very[20] pious persons[21], penitents[22] and the great sages[23]. Pause.	ਸ਼ਾਬਾਸ਼[18] ਹੈ ਮਾਇਆ[19] ਨੂੰ! ਜੋ ਪਰਮ[20] ਪਵਿੱਤਰ ਪੁਰਸ਼ਾਂ[21], ਤਪੱਸਵੀਆਂ[22]ਅਤੇ ਵੱਡੇ ਰਿਸ਼ੀਆਂ[23] ਦੇ ਮਨ[25] ਨੂੰ ਭੀ ਝੁਲਾ ਦਿੰਦੀ[24] ਹੈ। ਠਹਿਰਾਉ।
ਸੋਹਾਗਨਿ ਕਿਰਪਨ[26] ਕੀ ਪੂਤੀ[27] ॥	Mammon is the miser's[26]daughter[27].	ਮਾਇਆ ਕੰਜੂਸ[26] ਦੀ ਪੁਤ੍ਰੀ[27] ਹੈ।
ਸੇਵਕ[29] ਤਜਿ[30] ਜਗਤ[31] ਸਿਉ[32] ਸੂਤੀ[33] ॥	Forsaking[30] the Lord's slave[29], she sleeps[33] with[32] the world[31].	ਸਾਈਂ ਦੇ ਗੋਲੇ[29] ਨੂੰ ਛੱਡ ਕੇ[30], ਉਹ ਸੰਸਾਰ[31] ਨਾਲ[32] ਸੌਂਦੀ[33] ਹੈ।
ਸਾਧੂ ਕੈ ਠਾਢੀ[34] ਦਰਬਾਰਿ[35]॥ਸਰਨਿ[36] ਤੇਰੀ ਮੋਕਉ[37] ਨਿਸਤਾਰਿ[38]॥੨॥	Standing[34] at the saint's door[35], she says, "I have sought thy protection[36], now save[38] thou me[37]".	ਸੰਤ ਦੇ ਬੂਹੇ[35] ਤੇ ਖਲੋ ਕੇ[34] ਉਹ ਆਖਦੀ ਹੈ। "ਮੈਂ ਪਨਾਹ[36] ਲਈ ਹੈ, ਹੁਣ ਤੂੰ ਮੇਰੀ[37] ਰਖਿਆ ਕਰ[38]।"
ਸੋਹਾਗਨਿ[39] ਹੈ ਅਤਿ[40] ਸੁੰਦਰੀ[41] ॥	The bride[39] is exceedingly[40] beauteous[41].	ਪਤਨੀ[39] ਨਿਹਾਇਤ ਹੀ[40] ਸੁਹਣੀ ਸੁਨੱਖੀ[41] ਹੈ।
ਪਗ[42] ਨੇਵਰ[43] ਛਨਕ ਛਨਹਰੀ[44] ॥	Her ankle-ornaments[43] tinkle[44] on her feet[42].	ਉਸ ਦੀਆਂ ਝਾਂਜਰਾਂ[43] ਉਸ ਦੇ ਪੈਰਾਂ[42] ਤੇ ਛਣਛਣ ਕਰਦੀਆਂ[44] ਹਨ।
ਜਉ ਲਗੁ[45] ਪ੍ਰਾਨ[46] ਤਉ[47] ਲਗੁ ਸੰਗੇ[48] ॥	So long as[45] man is alive[46],till[47]then she remains attached[48] with him.	ਜਦ ਤਾਈਂ[45] ਆਦਮੀ ਜੀਉਂਦਾ[46] ਹੈ, ਤਦ ਤਾਈਂ[47] ਉਹ ਉਸ ਨਾਲ ਜੁੜੀ[48] ਰਹਿੰਦੀ ਹੈ।
ਨਾਹਿ[49] ਤ[50] ਚਲੀ[51] ਬੇਗਿ[52] ਉਠਿ[53] ਨੰਗੇ[54]॥੩॥	When[50] the life is extinct[49], she quickly[52] gets up[53] and departs[51] bare-footed[54].	ਜਦ[50] ਜਾਨ ਨਿਕਲ ਜਾਂਦੀ[49] ਹੈ, ਉਹ ਝਟਪਟ[52] ਖੜੀ ਹੋ[53] ਨੰਗੇ ਪੈਰੀਂ[54] ਹੀ ਟੁਰ ਜਾਂਦੀ[51] ਹੈ।

ਸੋਹਾਗਨਿ ਭਵਨ[55] ਤ੍ਰੈ ਲੀਆ[56] ॥	Mammon has conquered[56] three worlds[55].	ਮਾਇਆ ਨੇ ਤਿੰਨੇ ਹੀ ਜਹਾਨ[55] ਜਿੱਤ ਲਏ[56] ਹਨ।
ਦਸ ਅਠ[57] ਪੁਰਾਣ ਤੀਰਥ[58] ਰਸ[59] ਕੀਆ ॥	The eighteen[57] Puranas and the places of pilgrimage[58] love[59] her as well.	ਅਠਾਰਾਂ[57] ਪੁਰਾਣ ਅਤੇ ਯਾਤ੍ਰਾ ਅਸਥਾਨ[58] ਭੀ ਉਸ ਨੂੰ ਪਿਆਰ ਕਰਦੇ[59] ਹਨ।
ਬ੍ਰਹਮਾ ਬਿਸਨੁ ਮਹੇਸਰ[60] ਬੇਧੇ[61] ॥	She has pierced[61] the hearts of Brahma, Vishnu and Shiva[60].	ਉਸ ਨੇ ਬ੍ਰਹਿਮਾ, ਵਿਸ਼ਨੂੰ ਅਤੇ ਸ਼ਿਵਜੀ[60] ਦੇ ਦਿਲ ਵਿੰਨ੍ਹ ਛੱਡੇ[61] ਹਨ।
ਬਡੇ[62] [63]ਭੂਪਤਿ[64] ਰਾਜੇ[65] ਹੈ ਛੇਧੇ[66] ॥੪॥	She has destroyed[66] the great[62] Lords[64] of earth[63] and Kings[65].	ਉਸ ਨੇ ਜ਼ਿਮੀ[63] ਦੇ ਭਾਰੇ[62] ਸੁਆਮੀਆਂ[64] ਅਤੇ ਪਾਤਿਸ਼ਾਹਾਂ[65] ਨੂੰ ਤਬਾਹ ਕਰ ਦਿੱਤਾ[66] ਹੈ।
ਸੋਹਾਗਨਿ[67] ਉਰਵਾਰਿ[68] ਨ ਪਾਰਿ[69] ॥	Mammon[67] has no this[68] or that[69] shore.	ਮਾਇਆ[67] ਦਾ ਕੋਈ ਇਹ[68] ਜਾਂ ਉਹ[69] ਕਿਨਾਰਾ ਨਹੀਂ।
ਪਾਂਚ[70] ਨਾਰਦ ਕੈ ਸੰਗਿ[71] ਬਿਧਵਾਰਿ[72] ॥	She is in collusion[72] with[71] the five[70] evil passions, who are mercurial like Narad.	ਉਸ ਦੀ ਨਾਰਦ ਵਰਗੇ ਚੰਚਲ ਪੰਜੇ[70] ਵਿਸ਼ੇ ਵੇਗਾਂ ਨਾਲ[71] ਸਾਜ਼ਿਸ਼[72] ਹੈ।
ਪਾਂਚ ਨਾਰਦ ਕੇ ਮਿਟਵੇ[73] ਫੂਟੇ[74] ॥ ਕਹੁ ਕਬੀਰ ਗੁਰ ਕਿਰਪਾ[75] ਛੂਟੇ[76] ॥੫॥੫॥੮॥	When the earthen vessels[73] of the five evil passion burst[74], then says Kabir, man is delivered[76] by the Guru's grace[75].	ਜਦ ਪੰਜੇ ਵਿਸ਼ੇ-ਵੇਗਾਂ ਦੇ ਮਿੱਟੀ ਦੇ ਭਾਂਡੇ[73] ਟੁਟ ਜਾਂਦੇ[74] ਹਨ ਤਦ, ਕਬੀਰ ਜੀ ਆਖਦੇ ਹਨ, ਇਨਸਾਨ ਗੁਰਾਂ ਦੀ ਦਇਆ ਦੁਆਰਾ[75] ਬੰਦਖ਼ਲਾਸ ਹੋ ਜਾਂਦਾ[76] ਹੈ।
ਗੋਂਡ ॥	Gond.	ਗੋਂਡ।
ਜੈਸੇ[77] ਮੰਦਰ[78] ਮਹਿ[79] ਬਲਹਰ[80] ਨਾ[81] ਠਾਹਰੈ[82] ॥ ਨਾਮ ਬਿਨਾ[83] ਕੈਸੇ[84]ਪਾਰਿ[85] ਉਤਰੈ ॥	As[77] the house[78] stays[82] not, if the beams[80] be removed[81] from within[79] it, so without[83] the Lord's Name how[84] can one ferry across[85] ?	ਜਿਸ ਤਰ੍ਹਾਂ[77] ਘਰ[78] ਨਹੀਂ ਠਹਿਰਦਾ[82], ਜੇਕਰ ਉਸ ਦੇ ਅੰਦਰੋਂ[79] ਸ਼ਤੀਰ[80] ਖਿੱਚ ਲਏ ਜਾਣ[81], ਇਸੇ ਤਰ੍ਹਾਂ ਹੀ ਸਾਈਂ ਦੇ ਨਾਮ ਦੇ ਬਾਝੋਂ[83], ਬੰਦਾ ਕਿਸ ਤਰ੍ਹਾਂ[84] ਪਾਰ ਉਤਰ ਸਕਦਾ[85] ਹੈ ?
ਕੁੰਭ[86] ਬਿਨਾ ਜਲੁ[87] ਨਾ ਟੀਕਾਵੈ[88] ॥ ਸਾਧੂ ਬਿਨੁ ਐਸੇ[89] [90]ਅਬਗਤੁ[91] ਜਾਵੈ[92] ॥੧॥	As without pitcher[86] the water[87] is held[88] not, similarly[89] without the saint, man departs[92] in a wretched[90] plight[91].	ਜਿਸ ਤਰ੍ਹਾਂ ਘੜੇ[86] ਦੇ ਬਗ਼ੈਰ ਪਾਣੀ[87] ਨਹੀਂ ਠਹਿਰਦਾ[88] ਇਸੇ ਤਰ੍ਹਾਂ ਹੀ[89] ਸੰਤ ਦੇ ਬਗ਼ੈਰ ਇਨਸਾਨ ਬੁਰੀ[90] ਹਾਲਤ[91] ਵਿਚ ਟੁਰ ਜਾਂਦਾ[92] ਹੈ।
ਜਾਰਉ[93] ਤਿਸੈ[94] ਜੁ ਰਾਮੁ[95] ਨ ਚੇਤੈ[96] ॥ ਤਨ[97] ਮਨ[98] ਰਮਤ[99] ਰਹੈ ਮਹਿ[100] ਖੇਤੈ[2] ੧॥ਰਹਾਉ॥	Burn[93] him[94] who remembers[96] not the Lord[95] and whose mind[98] remains absorbed[99] in[100] his body[97] field[2]. Pause.	ਉਸ ਨੂੰ[94] ਸਾੜ ਸੁੱਟ[93] ਜੋ ਸਾਹਿਬ[95] ਨੂੰ ਯਾਦ ਨਹੀਂ ਕਰਦਾ[96] ਅਤੇ ਜਿਸ ਦਾ ਚਿੱਤ[98] ਉਸ ਦੀ ਦੇਹ[97] ਦੀ ਪੈਲੀ[2] ਅੰਦਰ[100] ਹੀ ਲੀਨ ਰਹਿੰਦਾ[99] ਹੈ। ਠਹਿਰਾਉ।

ਜੈਸੇ[3] ਹਲਹਰ[4] ਬਿਨਾ ਜਿਮੀ[5] ਨਹੀ ਬੋਈਐ[6] ॥ ਸੂਤ[7] ਬਿਨਾ ਕੈਸੇ[8] ਮਣੀ[9] ਪਰੋਈਐ[10] ॥ ਘੁੰਡੀ[12] ਬਿਨੁ[30] ਕਿਆ[13] ਗੰਠਿ[14] ਚੜ੍ਹਾਈਐ[15] ॥ ਸਾਧੂ ਬਿਨੁ ਤੈਸੇ[16] [17]ਅਬਗਤੁ[18] ਜਾਈਐ[19] ॥੨॥

As[3] without a ploughman[4], land[5] is not sown[6], as without a thread[7], how[8] can beads[9] be strung[10] and as sans[30] loop[12], how[13] can a knot[14] be fastened[15], so[16] without the saints' grace, man departs[19] [17]unemancipated[18].

ਜਿਸ ਤਰ੍ਹਾਂ[3] ਹਾਲੀ[4] ਦੇ ਬਗੈਰ ਜ਼ਮੀਨ[5] ਬੀਜੀ[6] ਨਹੀਂ ਜਾਂਦੀ; ਜਿਸ ਤਰ੍ਹਾਂ ਧਾਗੇ[7] ਦੇ ਬਾਝੋਂ ਮਣਕੇ[9] ਕਿਸ ਤਰ੍ਹਾਂ[8] ਪਰੋਤੇ ਜਾ ਸਕਦੇ[10] ਹਨ ਤੇ ਜਿਸ ਤਰ੍ਹਾਂ ਮਰੋੜੀ[12] ਦੇ ਬਿਨਾ[30] ਗੰਢ[14] ਕਿਵੇਂ[13] ਦਿਤੀ ਜਾ ਸਕਦੀ[15] ਹੈ, ਇਸੇ ਤਰ੍ਹਾਂ[16] ਹੀ ਸੰਤ ਦੀ ਮਿਹਰ ਦੇ ਬਾਝੋਂ ਬੰਦਾ ਮੁਕਤੀ[18] ਦੇ ਬਿਨਾ[17] ਹੀ ਟੁਰ ਜਾਂਦਾ[19] ।

ਜੈਸੇ ਮਾਤ[20] ਪਿਤਾ[21] ਬਿਨੁ ਬਾਲੁ[22] ਨ ਹੋਈ ॥ ਬਿੰਬ[23] ਬਿਨਾ ਕੈਸੇ[24] ਕਪਰੇ[25] ਧੋਈ[26] ॥ ਘੋਰ[27] ਬਿਨਾ ਕੈਸੇ[28] ਅਸਵਾਰ[29] ॥ ਸਾਧੂ ਬਿਨੁ ਨਾਹੀ ਦਰਵਾਰ[31] ॥੩॥

As without mother[20] and father[21], there can be no child[22], as without water[23], how[24] can the clothes[25] be washed[26] and as sans a horse[27], how[28] can one be a rider[29], so without the saints grace, one can reach not the Lord's court[31].

ਜਿਸ ਤਰ੍ਹਾਂ ਮਾਂ[20] ਤੇ ਪਿਉ[21] ਦੇ ਬਗੈਰ ਬੱਚਾ[22] ਨਹੀਂ ਹੋ ਸਕਦਾ; ਜਿਸ ਤਰ੍ਹਾਂ ਪਾਣੀ[23] ਦੇ ਬਗੈਰ ਕਪੜੇ[25] ਕਿਸ ਤਰ੍ਹਾਂ[24] ਧੋਤੇ ਜਾ ਸਕਦੇ[26] ਹਨ ਤੇ ਜਿਸ ਤਰ੍ਹਾਂ ਘੋੜੇ[27] ਦੇ ਬਗੈਰ ਬੰਦਾ ਘੋੜ-ਸਵਾਰ[29] ਕਿਸ ਤਰ੍ਹਾਂ[28] ਹੋ ਸਕਦਾ ਹੈ, ਏਸੇ ਤਰ੍ਹਾਂ ਹੀ ਸੰਤ ਦੀ ਰਹਿਮਤ ਦੇ ਬਾਝੋਂ ਇਨਸਾਨ ਸੁਆਮੀ ਦੀ ਦਰਗਾਹ[31] ਨੂੰ ਪੁੱਜ ਨਹੀਂ ਸਕਦਾ ।

ਜੈਸੇ ਬਾਜੇ[32] ਬਿਨੁ ਨਹੀ ਲੀਜੈ ਫੇਰੀ[33] ॥ ਖਸਮਿ[34] ਦੁਹਾਗਨਿ[35] ਤਜਿ[36] ਅਉਹੇਰੀ[37] ॥

As without music[32] there can be no dancing[33], so rejected[36] by the Spouse[34], the unchaste[35] bride is dishonoured[37].

ਜਿਸ ਤਰ੍ਹਾਂ ਸੁਰ-ਤਾਲ[32] ਦੇ ਬਗੈਰ ਨਾਚ[33] ਨਹੀਂ ਹੋ ਸਕਦਾ, ਇਸੇ ਤਰ੍ਹਾਂ ਕੰਤ[34] ਦੀ ਛੱਡੀ ਹੋਈ[36] ਅਪਵਿੱਤਰ[35] ਪਤਨੀ ਬੇਇਜ਼ਤ ਹੁੰਦੀ[37] ਹੈ ।

ਕਹੈ ਕਬੀਰ ਏਕੈ[38] ਕਰਿ[39] ਕਰਨਾ[40] ॥ ਗੁਰਮੁਖਿ[41] ਹੋਇ[42] ਬਹੁਰਿ[43] ਨਹੀ ਮਰਨਾ ॥੪॥੬॥੯॥

Says Kabir, do[39] thou but one[38] thing[40]. Become[42] thou resigned to Guru's will[41], thus thou shalt not die again[43].

ਕਬੀਰ ਜੀ ਆਖਦੇ ਹਨ, ਤੂੰ ਕੇਵਲ ਇਕ[38] ਕੰਮ[40] ਹੀ ਕਰ[39] । ਤੂੰ ਗੁਰਾਂ ਦੀ ਰਜ਼ਾ[41] ਦਾ ਅਨੁਸਾਰੀ ਹੋ ਜਾ[42], ਇੰਜ ਤੂੰ ਮੁੜ ਕੇ[43] ਮਰੇਂਗਾ ਨਹੀਂ ।

ਗੋਂਡ ॥

ਕੂਟਨ[44] ਸੋਇ[45] ਜੁ ਮਨ ਕਉ ਕੂਟੈ[46] ॥
ਮਨ ਕੂਟੈ[47] ਤਉ[48] ਜਮ[49] ਤੇ ਛੂਟੈ[50] ॥

Gond.

He[45] alone is a bawd[44], who chastens[46] his mind.
If man disciplines[47] his mind, then[48] escapes[50] he from the death's courier[49].

ਗੋਂਡ ।

ਕੇਵਲ ਉਹ[45] ਹੀ ਦਲਾ[44] ਹੈ, ਜੋ ਆਪਣੇ ਮਨੂਏ ਨੂੰ ਕੁੱਟ ਕੇ ਠੀਕ ਕਰਦਾ[46] ਹੈ ।
ਜੇਕਰ ਇਨਸਾਨ ਆਪਣੇ ਮਨੂਏ ਨੂੰ ਸੁਧਾਰ[47] ਲਵੇ, ਤਾਂ[48] ਉਹ ਮੌਤ ਦੇ ਦੂਤ[49] ਤੋਂ ਖ਼ਲਾਸੀ ਪਾ ਜਾਂਦਾ[50] ਹੈ ।

ਕੂਟਿ ਕੂਟਿ[51]ਮਨੁ ਕਸਵਟੀ[52] ਲਾਵੈ[53] ॥ ਸੋ[54] ਕੂਟਨੁ[55] ਮੁਕਤਿ[56]ਬਹੁ[57]ਪਾਵੈ[58]॥੧॥	Beating and thrashing[51] his mind, who applies[53] to it the touch-stone[52] of the Lord's love, that[54] pander[55] obtains[58] perfect[57] salvation[56].	ਜੋ ਆਪਣੇ ਮਨੂਏ ਨੂੰ ਮਾਰ ਕੁਟ ਕੇ[51], ਇਸ ਨੂੰ ਪ੍ਰਭੂ ਦੀ ਪ੍ਰੀਤ ਦੀ ਕਸੌਟੀ[52] ਤੇ ਲਾਉਂਦਾ[53] ਹੈ, ਉਹ[54] ਭੜੂਆ[55] ਪੂਰਨ[57] ਮੁਕਤੀ[56] ਨੂੰ ਪਰਾਪਤ ਹੋ ਜਾਂਦਾ[58] ਹੈ।
ਕੂਟਨੁ[59] ਕਿਸੈ[60] ਕਹਹੁ[61] ਸੰਸਾਰ[62] ॥ ਸਗਲ[63]ਬੋਲਨ[64] ਕੇ ਮਾਹਿ[65] ਬੀਚਾਰ[66] ॥੧॥ ਰਹਾਉ॥	In this world[62], whom[60]do you call[61] a procurer[59] ? In[65] everything[63] that is spoken[64], discrimination[66] ought to be used. Pause.	ਇਸ ਜਹਾਨ[62] ਅੰਦਰ ਤੁਸੀਂ ਕਿਸ ਨੂੰ[60] ਦਲਾ[59] ਆਖਦੇ[61] ਹੋ ? ਹਰ ਇਕ ਗੱਲਬਾਤ[63] ਜੋ ਕਹੀ ਜਾਂਦੀ[64] ਹੈ, ਵਿਚ[65] ਵਿਸ਼ੇਸ਼ ਸੋਚ ਵਿਚਾਰ[66] ਕਰਨੀ ਉਚਿਤ ਹੈ। ਠਹਿਰਾਉ।
ਨਾਚਨੁ[67] ਸੋਇ[68] ਜੁ ਮਨ ਸਿਉ[69] ਨਾਚੈ ॥	He[68] alone is the dancer[67] who dances with[69] his mind.	ਕੇਵਲ ਉਹ[68] ਹੀ ਨਚਾਰ[67] ਹੈ ਜੋ ਆਪਣੇ ਮਨੂਏ ਨਾਲ[69] ਨੱਚਦਾ ਹੈ।
ਝੂਠਿ[70] ਨ ਪਤੀਐ[71] ਪਰਚੈ[72] ਸਾਚੈ[73] ॥	The Lord is satisfied[71] not with falsehood[70], but is pleased[72] through truth[73] alone.	ਪ੍ਰਭੂ ਕੂੜ[70] ਨਾਲ ਪਤਿਆਇਆ ਨਹੀਂ ਜਾਂਦਾ[71] ਪ੍ਰਭੂ ਕੇਵਲ ਸੱਚ[73] ਦੇ ਰਾਹੀਂ ਪ੍ਰਸੰਨ ਹੁੰਦਾ[72] ਹੈ।
ਇਸੁ ਮਨ ਆਗੇ[74] ਪੂਰੈ ਤਾਲ[75] ॥	With this soul of his, the dancer should beat time[75] before[74] the Lord.	ਆਪਣੀ ਇਸ ਆਤਮਾ ਨਾਲ ਨਚਾਰ ਨੂੰ ਸੁਆਮੀ ਮੂਹਰੇ[74] ਸੁਰਤਾਲ ਮੇਲਣਾ[75] ਉਚਿਤ ਹੈ।
ਇਸੁ[76] ਨਾਚਨ[77] ਕੇ ਮਨ[78] ਰਖਵਾਲ[79] ॥੨॥	Of such[76] a dancer's[77] soul[78], the Lord Himself is the Preserver[79].	ਇਹੋ ਜਿਹੇ[76] ਨੱਚਣ ਵਾਲੇ[77] ਦੀ ਆਤਮਾ[78] ਦਾ ਸੁਆਮੀ ਖੁਦ ਹੀ ਰੱਖਿਆ ਕਰਨ ਵਾਲਾ[79] ਹੈ।
੮੭੩	873	੮੭੩
ਬਜਾਰੀ[80]ਸੋ[81]ਜੁ ਬਜਾਰਹਿ[82] ਸੋਧੈ[83] ॥ ਪਾਂਚ[84] ਪਲੀਤਹ[85] ਕਉ ਪਰਬੋਧੈ[86] ॥	He[81] alone is a street-dancer[80], who cleanses[83] his body street[82] and instructs[86] his five[84] evil[85] passions.	ਕੇਵਲ ਉਹ[81] ਹੀ ਬਜ਼ਾਰ ਦਾ ਨਚਾਰ[80] ਹੈ ਜੋ ਆਪਣੀ ਦੇਹ ਦੇ ਬਜ਼ਾਰ[82] ਨੂੰ ਸਾਫ਼ ਕਰਦਾ[83] ਹੈ ਅਤੇ ਆਪਣੇ ਪੰਜੇ[84] ਮੰਦੇ[85] ਵਿਸ਼ੇ-ਵੇਗਾਂ ਨੂੰ ਸਿਖ-ਮਤ ਦਿੰਦਾ[86] ਹੈ।

ਨਉ ਨਾਇਕ[87]ਕੀ ਭਗਤਿ[88] ਪਛਾਨੈ[89] ॥ ਸੋ[90] ਬਾਜਾਰੀ[91] ਹਮ[92] ਗੁਰ ਮਾਨੈ[93] ॥੩॥	He who embraces[89] the devotional service[88] of the Lord[87] of nine continents, that[90] buffoon[91] I[92] accept[93] as my Guru.	ਜੋ ਨੌਆ ਮਹਾਂਦੀਪਾਂ ਦੇ ਸੁਆਮੀ[87] ਦੀ ਪ੍ਰੇਮਮਈ ਸੇਵਾ[88] ਨੂੰ ਧਾਰਨ ਕਰਦਾ[89] ਹੈ, ਉਸ[90] ਮਸਖਰੇ[91] ਨੂੰ ਮੈਂ[92] ਆਪਣਾ ਗੁਰੂ ਸਵੀਕਾਰ ਕਰਦਾ[93] ਹਾਂ।
ਤਸਕਰੁ[94] ਸੋਇ[95]* ਜਿ ਤਾਤਿ[95] ਨ ਕਰੈ ॥ ਇੰਦ੍ਰੀ[96] ਕੈ ਜਤਨਿ[97]ਨਾਮੁ ਉਚਰੈ[98]॥	A thief[94] is he[95]*, who harbours not envy[95] and who with the effort[97] of his sense-organs[96] utters[98] the Lord's Name.	ਚੋਰ[94] ਉਹ[95]* ਹੈ ਜੋ ਈਰਖਾ[95] ਨਹੀਂ ਕਰਦਾ ਅਤੇ ਜੋ ਆਪਣੇ ਗਿਆਨ-ਇੰਦ੍ਰੀਆਂ[96] ਦੇ ਉਪਰਾਲੇ[97] ਨਾਲ ਪ੍ਰਭੂ ਦੇ ਨਾਮ ਦਾ ਉਚਾਰਨ ਕਰਦਾ[98] ਹੈ।
ਕਹੁ[99] ਕਬੀਰ ਹਮ[100] ਐਸੇ[2] ਲਖਨ[3] ॥ ਧੰਨੁ[4] ਗੁਰਦੇਵ[5] ਅਤਿ[6] ਰੂਪ[7] ਬਿਚਖਨ[8] ॥ ੪॥੭॥੧੦॥	Says[99] Kabir, blessed[4], very[6] beauteous[7] and wise[8] is my Guru-God[5], by whose grace, I[100] have so[2] realised[3].	ਕਬੀਰ ਜੀ ਆਖਦੇ[99] ਹਨ, ਮੁਬਾਰਕ[4] ਪਰਮ[6] ਸੁੰਦਰ[7] ਅਤੇ ਸਿਆਣਾ[8] ਹੈ ਮੇਰਾ ਗੁਰੂ-ਪ੍ਰਮੇਸ਼ਰ[5], ਜਿਸ ਦੀ ਦਇਆ ਦੁਆਰਾ ਮੈਂ[100] ਇਸ ਤਰ੍ਹਾਂ[2]ਅਨੁਭਵ ਕੀਤਾ[3]ਹੈ।
ਗੋਂਡ ॥	Gond.	ਗੋਂਡ।
ਧੰਨੁ[9] ਗੁਪਾਲ[10] ਧੰਨੁ ਗੁਰਦੇਵ[12] ॥	Auspicious[9] is the Lord[10] and auspicious the Divine[12] Guru.	ਸੁਲੱਖਣਾ[9] ਹੈ ਸੁਆਮੀ[10] ਅਤੇ ਸੁਲੱਖਣਾ ਹੀ ਰੱਬ-ਰੂਪ[12] ਗੁਰੂ।
ਧੰਨੁ ਅਨਾਦਿ[13] ਭੂਖੇ[14] ਕਵਲੁ[15] ਟਹਕੇਵ[16] ॥	Blessed is the corn etc.[13], by which the heart-lotus[15] of the hungry[14] blooms[16].	ਧੰਨਤਾਯੋਗ ਹੈ ਅਨਾਜ ਆਦਿਕ[13], ਜਿਸ ਦੁਆਰਾ ਭੁਖੇ[14] ਦਾ ਦਿਲ-ਕੰਵਲ[15] ਟਹਿਕ ਆਉਂਦਾ[16] ਹੈ।
ਧਨੁ[21] ਓਇ[17] ਸੰਤ ਜਿਨ[18] ਐਸੀ[19] ਜਾਨੀ[20] ॥ ਤਿਨ[22] ਕਉ ਮਿਲਿਬੋ[23] ਸਾਰਿੰਗਪਾਨੀ[24][25] ॥੧॥	Hail[21] unto those[17] saints, who[18] realise[20] thus[19]. With them[22] meets[23] the Lord, the sustainer[25] of the world[24].	ਸ਼ਾਬਾਸ਼[21] ਹੈ ਉਨ੍ਹਾਂ[17] ਸਾਧੂਆਂ ਨੂੰ ਜੋ[18] ਇਸ ਤਰ੍ਹਾਂ[19] ਅਨੁਭਵ ਕਰਦੇ[20] ਹਨ। ਸ੍ਰਿਸ਼ਟੀ[24] ਨੂੰ ਥੰਮਣਹਾਰ[25] ਸੁਆਮੀ ਉਨ੍ਹਾਂ[22] ਨੂੰ ਮਿਲ ਪੈਂਦਾ[23] ਹੈ।
ਆਦਿ ਪੁਰਖ[26] ਤੇ[27] ਹੋਇ[28] ਅਨਾਦਿ ॥	From[27] the Primal Lord[26] wells up[28] corn etc.	ਪ੍ਰਾਪੂਰਬਲੇ ਪ੍ਰਭੂ[26] ਤੋਂ[27] ਹੀ ਅਨਾਜ ਆਦਿਕ ਪੈਦਾ ਹੁੰਦਾ[28] ਹੈ।
ਜਪੀਐ[29] ਨਾਮੁ ਅੰਨ[30] ਕੈ ਸਾਦਿ[31] ॥੧॥ਰਹਾਉ॥	Then alone can the Name be repeated[29], if the mortal tastes the relish[31] of corn[30]. Pause.	ਨਾਮ ਕੇਵਲ ਤਾਂ ਹੀ ਉਚਾਰਨ ਕੀਤਾ[29] ਜਾ ਸਕਦਾ ਹੈ, ਜੇਕਰ ਪ੍ਰਾਣੀ ਅਨਾਜ[30] ਦੇ ਸੁਆਦ[31] ਨੂੰ ਚੱਖਦਾ ਹੈ। ਠਹਿਰਾਉ।

ਜਪੀਐ[32] ਨਾਮੁ ਜਪੀਐ[33] ਅੰਨੁ ॥	Contemplate[32] thou the Lord's Name and think[33] of his corn.	ਤੂੰ ਸੁਆਮੀ ਦੇ ਨਾਮ ਦਾ ਸਿਮਰਨ[32] ਕਰ ਅਤੇ ਉਸ ਦੇ ਅਨਾਜ ਵੱਲ ਧਿਆਨ[33] ਦੇ ।
ਅੰਭੈ[34] ਕੇ ਸੰਗਿ[35] ਨੀਕਾ[36] ਵੰਨੁ[37] ॥	With[35] water[34] sublime[36] becomes the colour[37] (taste) of the corn.	ਪਾਣੀ[34] ਦੇ ਨਾਲ[35] ਸਰੇਸ਼ਟ[36] ਹੋ ਜਾਂਦਾ ਹੈ ਅਨਾਜ ਦਾ ਰੰਗ[37] (ਸੁਆਦ) ।
ਅੰਨੈ ਬਾਹਰਿ[38] ਜੋ ਨਰ[39] ਹੋਵਹਿ ॥ ਤੀਨਿ ਭਵਨ[40] ਮਹਿ[41] ਅਪਨੀ ਖੋਵਹਿ[42] ॥ ॥੨॥	The man[39], who abstains[38] from corn, he loses[42] his honour in[41] the three worlds[40].	ਜਿਹੜਾ ਪੁਰਸ਼[39] ਅਨਾਜ ਤੋਂ ਪ੍ਰਹੇਜ਼ ਕਰਦਾ[38] ਹੈ, ਉਹ ਤਿੰਨਾਂ ਜਹਾਨਾਂ[40] ਅੰਦਰ[41] ਆਪਣੀ ਇਜ਼ਤ ਗੁਆ ਲੈਂਦਾ[42] ਹੈ ।
ਛੋਡਹਿ[43] ਅੰਨੁ ਕਰਹਿ[44] ਪਾਖੰਡ[45] ॥ ਨਾ ਸੋਹਾਗਨਿ[46] ਨ ਓਹਿ[47] ਰੰਡ[48] ॥	She, who abandons[43] corn, really practises[44] hypocrisy[45]. She[47] is neither the happy bride[46] nor a widow[48].	ਜੋ ਅਨਾਜ ਨੂੰ ਤਿਆਗਦੀ[43] ਹੈ, ਉਹ ਅਸਲ ਵਿਚ ਢੌਂਗ[45] ਰਚਦੀ[44] ਹੈ । ਉਹ[47] ਨਾ ਖ਼ੁਸ਼ਬਾਸ਼ ਵਹੁਟੀ[46] ਹੈ, ਨਾ ਹੀ ਵਿਧਵਾ[48] ।
ਜਗ[49] ਮਹਿ[50] ਬਕਤੇ[51] ਦੂਧਾ ਧਾਰੀ[52] ॥ ਗੁਪਤੀ[53] ਖਾਵਹਿ[56] ਵਟਿਕਾ[54] ਸਾਰੀ[55]॥੩॥	They who proclaim[51] in[50] the world[49] that they live on milk[52] alone, secretly[53] eat[56] a whole[55] two seers[54] of eatables.	ਜੋ ਜਹਾਨ[49] ਅੰਦਰ[50] ਪੁਕਾਰਦੇ[51] ਹਨ ਕਿ ਉਹ ਕੇਵਲ ਦੁਧ ਤੇ ਹੀ ਰਹਿੰਦੇ[52] ਹਨ, ਉਹ ਲੁਕ ਕੇ[53] ਖ਼ੁਰਾਕ ਦੀ ਸਮੂਹ[55] ਦੁਸੇਰੀ[54] ਹੀ ਖਾ ਜਾਂਦੇ[56] ਹਨ ।
ਅੰਨੈ ਬਿਨਾ ਨ ਹੋਇ [57]ਸੁਕਾਲੁ[58] ॥	Without corn, time[58] passes not in peace[57].	ਅਨਾਜ ਦੇ ਬਾਝੋਂ ਸਮਾਂ[58] ਸੁਖ[57] ਅੰਦਰ ਬਤੀਤ ਨਹੀਂ ਹੁੰਦਾ ।
ਤਜਿਐ[59] ਅੰਨਿ ਨ ਮਿਲੈ ਗੁਪਾਲੁ[60] ॥	Abandoning[59] corn, the Lord[60] is met not.	ਅਨਾਜ ਛੱਡਣ[59] ਨਾਲ ਸੁਆਮੀ[60] ਨਹੀਂ ਮਿਲਦਾ ।
ਕਹੁ ਕਬੀਰ ਹਮ[61] ਐਸੇ[62] ਜਾਨਿਆ[63]॥ਧੰਨੁ[64]ਅਨਾਦਿ ਠਾਕੁਰ[66] ਮਨੁ ਮਾਨਿਆ[65]॥ ੪॥੮॥੧੧॥	Says Kabir, thus[62] have I[61] realised[63], that blest[64] is the corn etc. by which my mind is propitiated[65] with the Lord[66].	ਕਬੀਰ ਜੀ ਆਖਦੇ ਹਨ, ਮੈਂ[61] ਇਸ ਤਰ੍ਹਾਂ[62] ਅਨੁਭਵ ਕੀਤਾ[63] ਹੈ ਕਿ ਮੁਬਾਰਕ[64] ਹੈ ਅਨਾਜ ਆਦਿਕ ਜਿਸ ਦੁਆਰਾ ਮੇਰਾ ਚਿੱਤ ਪ੍ਰਭੂ[66] ਨਾਲ ਅਨੰਦ-ਪ੍ਰਸੰਨ[65] ਹੋ ਗਿਆ ਹੈ ।
ਰਾਗੁ ਗੋਂਡ ਬਾਣੀ[67] ਨਾਮਦੇਉ ਜੀ[68] ਕੀ ਘਰੁ ੧	Rag Gond Hymns[67] of Namdev ji[68]	ਰਾਗ ਗੋਂਡ ਨਾਮਦੇਵ ਜੀ[68] ਦੀ ਬਾਣੀ[67]

ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ।
ਅਸੁ[69] ਮੇਧ[70] ਜਗਨੇ[71] ॥	The performance of horse[69]-sacrifice[70] feast[71],	ਘੋੜੇ[69] ਦੀ ਕੁਰਬਾਨੀ[70] ਦਾ ਭੰਡਾਰਾ[71] ਕਰਨਾ,
ਤੁਲਾ[72] ਪੁਰਖ[73] ਦਾਨੇ[74] ॥ ਪ੍ਰਾਗ[75] ਇਸਨਾਨੇ[76] ॥੧॥	Giving of one's[73] weight[72] in gold as alms[74] and an ablution[76] at Prayag[75];	ਆਦਮੀ[73] ਦੇ ਆਪਣੇ ਭਾਰ[72] ਦੇ ਬਰਾਬਰ ਸੋਨੇ ਦਾ ਦਾਨ ਪੁੰਨ[74] ਤੇ ਪਰਯਾਗ[75] ਦਾ ਮਜਨ[76],
ਤਉ[77] ਨ ਪੁਜਹਿ[78] ਹਰਿ ਕੀਰਤਿ[79] ਨਾਮਾ ॥	Even these[77] equal[78] not the hymning of the praise[79] of the Lord's Name.	ਇਹ ਭੀ[77] ਪ੍ਰਭੂ ਦੇ ਨਾਮ ਦਾ ਜੱਸ[79] ਗਾਇਨ ਕਰਨ ਦੇ ਬਰਾਬਰ[78] ਨਹੀਂ ਹੁੰਦੇ।
ਅਪੁਨੇ ਰਾਮਹਿ[80] ਭਜੁ[81] ਰੇ[82] ਮਨ[83] ਆਲਸੀਆ[84] ॥੧॥ ਰਹਾਉ ॥	O[82] slothful[84] man[83], meditate[81] thou on the Omnipresent Lord[80]. Pause.	ਹੇ[82] ਦਲਿੱਦਰੀ[84] ਬੰਦੇ[83]! ਤੂੰ ਆਪਣੇ ਸਰਬ-ਵਿਆਪਕ ਸੁਆਮੀ[80] ਦਾ ਸਿਮਰਨ[81] ਕਰ। ਠਹਿਰਾਉ।
ਗਇਆ ਪਿੰਡੁ[85] ਭਰਤਾ[86] ॥ ਬਨਾਰਸਿ[87] ਅਸਿ ਬਸਤਾ[88] ॥ ਮੁਖਿ[89] ਬੇਦ ਚਤੁਰ[90] ਪੜਤਾ[91] ॥੨॥	To offer[86] rice-balls[85] at Gaya, to abide[88] on the bank of Asi rivulet near Kashi[87], to recite[91] the four[90] Vedas by heart[89].	ਗਇਆ ਤੋਂ ਚੌਲਾਂ ਦੇ ਪਿੰਡ[85] ਭੇਟਾ[86] ਕਰਨੇ ਕਾਂਸ਼ੀ[87] ਦੇ ਨੇੜੇ ਆਸ਼ੀ ਨਦੀ ਦੇ ਕਿਨਾਰੇ ਤੇ ਰਹਿਣਾ[88] ਚਾਰੇ[90] ਹੀ ਵੇਦਾਂ ਦਾ ਮੂੰਹ-ਜ਼ਬਾਨੀ[89] ਪਾਠ ਕਰਨਾ[91]।
ਸਗਲ[92] ਧਰਮ[93] ਅਛਿਤਾ[94] ॥ ਗੁਰ ਗਿਆਨ[95] ਇੰਦ੍ਰੀ[96] ਦ੍ਰਿੜਤਾ[97] ॥ ਖਟੁ[98] ਕਰਮ[99] ਸਹਿਤ[100] ਰਹਤਾ[2] ॥੩॥ ਸਿਵਾ ਸਕਤਿ[3] ਸੰਬਾਦੰ[4] ॥	To fulfil[94] all[92] religious rites[93], to restrain[97] passions[96] with the Guru-given gnosis[95], to live[2] by performing[100] six[98] rituals[99] and to dilate upon the discourses[4] of Shiva and Parbati, his wife[3].	ਸਾਰੇ[92] ਧਾਰਮਕ ਸੰਸਕਾਰਾਂ[93] ਦਾ ਕਰਨਾ[94], ਗੁਰਾਂ ਦੀ ਦਿੱਤੀ ਹੋਈ ਗਿਆਤ[95] ਨਾਲ ਵਿਸ਼ੇ ਵੇਗਾਂ[96] ਨੂੰ ਰੋਕਣਾ[97], ਛੇ[98] ਕਰਮਕਾਂਡ[99] ਕਰਦੇ[100] ਜੀਵਨ ਬਤੀਤ ਕਰਨਾ[2] ਅਤੇ ਸ਼ਿਵਜੀ ਅਤੇ ਉਸ ਦੀ ਪਤਨੀ[3] ਪਾਰਬਤੀ ਦੀ ਗਿਆਨ ਚਰਚਾ[4] ਦਾ ਵੀਚਾਰ ਕਰਨਾ।
ਮਨ[5] ਛੋਡਿ ਛੋਡਿ[6] ਸਗਲ[7] ਭੇਦੰ[8] ॥	O man[5], leave and forsake[6] thou all[7] these different[8] occupations.	ਹੇ ਬੰਦੇ[5]! ਇਨ੍ਹਾਂ ਸਾਰਿਆਂ[7] ਮੁਖ਼ਤਲਿਫ਼[8] ਕਾਰ-ਵਿਹਾਰਾਂ ਨੂੰ ਛੱਡ ਅਤੇ ਤਿਆਗ[6] ਦੇ।
ਸਿਮਰਿ ਸਿਮਰਿ[9] [10]ਗੋਬਿੰਦੇ[12] ॥	Deliberate and meditate[9] thou on the Lord[12] of the Universe[10].	ਤੂੰ ਸ੍ਰਿਸ਼ਟੀ[10] ਦੇ ਸੁਆਮੀ[12] ਦਾ ਆਰਾਧਨ[9] ਅਤੇ ਭਜਨ ਕਰ।
ਭਜੁ[13] ਨਾਮਾ ਤਰਸਿ[14] [15]ਭਵਸਿੰਧੁ[16] ॥੪॥੧॥	Contemplating[13] Him, O Nama, thou shalt swim across[14] the dreadful[15] world-ocean[16].	ਉਸ ਦਾ ਚਿੰਤਨ[13] ਕਰਨ ਦੁਆਰਾ, ਹੇ ਨਾਮੇ! ਤੂੰ ਭਿਆਨਕ[15] ਸੰਸਾਰ-ਸਮੁੰਦਰ[16] ਤੋਂ ਪਾਰ ਹੋ ਜਾਵੇਂਗਾ[14]।

ਗੋਂਡ ॥	Gond.	ਗੋਂਡ।
ਨਾਦ[17] ਭ੍ਰਮੇ[18] ਜੈਸੇ[19] ਮਿਰਗਾਏ[20]॥ ਪ੍ਰਾਨ[21] ਤਜੇ[22] ਵਾ ਕੋ[23] ਧਿਆਨੁ[24] ਨ ਜਾਏ[25] ॥੧॥	As[19] the deer[20] follows[18] the sound[17] of huntsman's bell, and gives up[22] its own life[21], but ceases[25] not to think[24] of that[23];	ਜਿਸ ਤਰ੍ਹਾਂ[19] ਹਰਨ[20] ਸ਼ਿਕਾਰੀ ਦੇ ਘੜਿਆ-ਹੇੜੇ ਦੀ ਆਵਾਜ਼[17] ਮਗਰ ਦੌੜਦਾ[18] ਹੈ ਤੇ ਆਪਣੀ ਜਿੰਦ[21] ਦੇ ਦਿੰਦਾ[22] ਹੈ, ਪਰ ਉਸ ਦਾ[23] ਖ਼ਿਆਲ[24] ਨਹੀਂ ਛੱਡਦਾ[25];
ਐਸੇ[26] ਰਾਮਾ[27] ਐਸੇ[28] ਹੇਰਉ[29] ॥	In the same[26] and likewise[28] manner see[29] I my Lord[27].	ਇਸੇ ਤਰ੍ਹਾਂ[26] ਅਤੇ ਇੰਜ[28] ਹੀ ਮੈਂ ਆਪਣੇ ਸੁਆਮੀ[27] ਨੂੰ ਵੇਖਦਾ[29] ਹਾਂ।
ਰਾਮ ਛੋਡਿ[30] ਚਿਤੁ[31] ਅਨਤ[32] ਨ ਫੇਰਉ[33] ॥੧॥ ਰਹਾਉ॥	Forsaking[30] the Lord, I turn[33] not my mind[31] to another[32]. Pause.	ਪ੍ਰਭੂ ਨੂੰ ਤਿਆਗ ਕੇ[30], ਮੈਂ ਆਪਣਾ ਮਨ[31] ਹੋਰਸ[32] ਵਲ ਨਹੀਂ ਮੋੜਦਾ[33]। ਠਹਿਰਾਉ।
ਜਿਉ[34] ਮੀਨਾ[35] ਹੇਰੈ[36] ਪਸੂਆਰਾ[37] ॥	As[34] the fisherman[37] gazes[36] on the fish[35].	ਜਿਸ ਤਰ੍ਹਾਂ[34] ਮਹਾਗੀਰ[37] ਮੱਛੀ[35] ਨੂੰ ਤਾੜਦਾ[36] ਹੈ।
ਸੋਨਾ[38] ਗਢਤੇ[39] ਹਿਰੈ[40] ਸੁਨਾਰਾ[41] ॥੨॥	As the goldsmith[41] steals[40] gold[38] while fashioning[39] it.	ਜਿਸ ਤਰ੍ਹਾਂ ਸੁਨਿਆਰ[41] ਕੰਚਨ[38] ਨੂੰ ਘੜਦਿਆਂ[39] ਹੋਇਆਂ ਇਸ ਨੂੰ ਚੁਰਾ ਲੈਂਦਾ[40] ਹੈ।
ਜਿਉ ਬਿਖਈ[42] ਹੇਰੈ ਪਰ[43] ਨਾਰੀ[44] ॥ ਕਉਡਾ[45] ਡਾਰਤ[46] ਹਿਰੈ ਜੁਆਰੀ[47]॥੩॥	As the lustful man[42] gazes on another's[43] woman[44] and as the gambler[47] marks the throwing[46] of shell[45].	ਜਿਸ ਤਰ੍ਹਾਂ ਕਾਮੀ ਪੁਰਸ਼[42] ਪਰਾਈ[43] ਇਸਤਰੀ[44] ਨੂੰ ਤਕਾਉਂਦਾ ਹੈ, ਤੇ ਜਿਸ ਤਰ੍ਹਾਂ ਜੂਏਬਾਜ਼[47] ਕਉਡੀਆਂ[45] ਦੇ ਸਿੱਟਣ[46] ਨੂੰ ਵੇਖਦਾ ਹੈ।
ਜਹ ਜਹ[48] ਦੇਖਉ[49] ਤਹ ਤਹ[50] ਰਾਮਾਂ[51] ॥	Similarly wherever[48] Nama sees[49], he sees the Lord[51] there[50].	ਇਸੇ ਤਰ੍ਹਾਂ ਜਿਥੇ ਕਿਤੇ[48] ਨਾਮਾ ਪੇਖਦਾ[49] ਹੈ, ਉਥੇ[50] ਸਾਈਂ[51] ਨੂੰ ਹੀ ਪੇਖਦਾ ਹੈ।
ਹਰਿ ਕੇ ਚਰਨ[52] ਨਿਤ[53] ਧਿਆਵੈ[54] ਨਾਮਾ ॥੪॥੨॥	Nam Dev ever[53] meditates[54] upon the Lord's feet[52].	ਨਾਮ ਦੇਵ ਸਦਾ[53] ਹੀ ਸਾਹਿਬ ਦੇ ਚਰਨਾਂ[52] ਦਾ ਸਿਮਰਨ[54] ਕਰਦਾ ਹੈ।

ਗੋਂਡ ॥	Gond.	ਗੋਂਡ।
ਮੋਕਉ[55] ਤਾਰਿ[56] ਲੇ ਰਾਮਾ ਤਾਰਿ ਲੇ ॥	Float[56] me[55] over, O Lord, float me over.	ਮੇਰਾ[55] ਪਾਰ ਉਤਾਰਾ[56] ਕਰ ਦੇ, ਹੇ ਪ੍ਰਭੂ! ਮੇਰਾ ਪਾਰ ਉਤਾਰਾ ਕਰ ਦੇ।
ਮੈ ਅਜਾਨੁ[57] ਜਨੁ[58] ਤਰਿਬੇ[59] ਨ ਜਾਨਉ[60] ਬਾਪ[61] ਬੀਠੁਲਾ[62] ਬਾਹ[63] ਦੇ[64] ॥੧॥ਰਹਾਉ॥	I am an unskilful[57] man[58] and know[60] not how to swim[59]. O God, my dear[62] Father[61], give[64] Thou me Thine arm[63]. Pause.	ਮੈਂ ਅਨਜਾਣ[57] ਬੰਦਾ[58] ਹਾਂ ਅਤੇ ਮੈਨੂੰ ਤਰਨਾ[59] ਨਹੀਂ ਆਉਂਦਾ[60]। ਹੇ ਵਾਹਿਗੁਰੂ! ਮੇਰੇ ਪਿਆਰੇ[62] ਪਿਤਾ[61] ਤੂੰ ਮੈਨੂੰ ਆਪਣੀ ਬਾਂਹ[63] ਪਕੜਾ[64] ਦੇ। ਠਹਿਰਾਉ।

੮੭੪ | 874 | ੮੭੪

ਨਰ[65] ਤੇ ਸੁਰ[66] ਹੋਇ ਜਾਤ ਨਿਮਖ[67] ਮੈ[68] ਸਤਿਗੁਰ ਬੁਧਿ[69] ਸਿਖਲਾਈ[70] ॥

The True Guru has granted[70] me such an understanding[69], that from a man[65], I have become a deity[66] in[68] a trice[67].

ਸੱਚੇ ਗੁਰਾਂ ਨੇ ਮੈਨੂੰ ਇਹੋ ਜਿਹੀ ਸਮਝ[69] ਦਰਸਾਈ[70] ਹੈ ਕਿ ਇਕ ਮੁਹਤ[67] ਵਿਚ[68] ਮੈਂ ਮਨੁਖ[65] ਤੋਂ ਦੇਵਤਾ[66] ਹੋ ਗਿਆ ਹਾਂ।

ਨਰ[77] ਤੇ ਉਪਜਿ[71] ਸੁਰਗ[72] ਕਉ ਜੀਤਿਓ[73] ਸੋ[74] ਅਵਖਧ[75] ਮੈ ਪਾਈ[76] ॥੧॥

I have obtained[76] such[74] a medicine[75], by which though begotten[71] by man[77], I have conquered[73] heaven[72].

ਮੈਨੂੰ ਇਹੋ ਜਿਹੀ[74] ਦਵਾਈ[75] ਪਰਾਪਤ ਹੋਈ[76] ਹੈ ਜਿਸ ਦੁਆਰਾ ਆਦਮੀ[77] ਤੋਂ ਪੈਦਾ ਹੋ ਕੇ[71], ਮੈਂ ਬਹਿਸ਼ਤ[72] ਨੂੰ ਫ਼ਤਹ ਕਰ ਲਿਆ[73] ਹੈ।

ਜਹਾ ਜਹਾ[77*] ਧੂਅ ਨਾਰਦੁ ਟੇਕੇ[78] ਨੈਕੁ[79] ਟਿਕਾਵਹੁ[80] ਮੋਹਿ[81] ॥

Where[77*] Thou hast placed[78] Dhru and Narad, there, O my Master[79], place[80] Thou me[81].

ਜਿਥੇ[77*] ਤੂੰ ਧਰੂ ਅਤੇ ਨਾਰਦ ਨੂੰ ਟਿਕਾਇਆ[78] ਹੈ, ਉਥੇ, ਹੇ ਮੇਰੇ ਮਾਲਕ[79] ! ਤੂੰ ਮੈਨੂੰ[81] ਟਿਕਾ[80]।

ਤੇਰੇ ਨਾਮ ਅਵਿਲੰਬਿ[82] ਬਹੁਤੁ[83] ਜਨ[84] ਉਧਰੇ[85] ਨਾਮੇ ਕੀ ਨਿਜ[86] ਮਤਿ[87] ਏਹ ॥੨॥੩॥

With the support[82] of Thy Name, good many[83] people[84] have been saved[85]. This is Nama's own personal[86] view[87].

ਤੇਰੇ ਨਾਮ ਦੇ ਆਸਰੇ[82] ਨਾਲ ਘਣੇਰੇ[83] ਪੁਰਸ਼[84] ਪਾਰ ਉਤਰ ਗਏ[85] ਹਨ। ਇਹ ਹੈ ਨਾਮੇ ਦੀ ਆਪਣੀ ਜ਼ਾਤੀ[86] ਰਾਇ[87]।

ਗੋਂਡ ॥ | Gond. | ਗੋਂਡ।

ਮੋਹਿ[88] ਲਾਗਤੀ[89] ਤਾਲਾਬੇਲੀ[90] ॥

I[88] am infested[89] with restlessness[90].

ਮੈਨੂੰ[88] ਤਲਮਲਾਹਟ[90] ਲੱਗੀ ਹੋਈ[89] ਹੈ।

ਬਛਰੇ[91] ਬਿਨੁ ਗਾਇ ਅਕੇਲੀ[92] ॥੧॥

Without her calf[91], the cow is lonely[92].

ਆਪਣੇ ਵੱਛੇ[91] ਦੇ ਬਗ਼ੈਰ ਗਾਂ ਇਕੱਲੀ[92] ਹੈ।

ਪਾਨੀਆ[93] ਬਿਨੁ ਮੀਨੁ[94] ਤਲਫੈ[95] ॥

Without water[93] a fish[94] writhes[95].

ਜਲ[93] ਦੇ ਬਾਝੋਂ ਮੱਛੀ[94] ਤੜਫਦੀ[95]

ਐਸੇ[96] ਰਾਮ[97] ਨਾਮਾ ਬਿਨੁ ਬਾਪਰੋ[98] ਨਾਮਾ ॥੧॥ ਰਹਾਉ ॥

So[96] is poor[98] Nam Dev without the Lord's[97] Name. Pause.

ਸਾਹਿਬ[97] ਦੇ ਨਾਮ ਤੋਂ ਬਗ਼ੈਰ, ਇਸੇ ਤਰ੍ਹਾਂ[96] ਦਾ ਹੀ ਹੈ ਵਿਚਾਰਾ[98] ਨਾਮ ਦੇਵ। ਠਹਿਰਾਉ।

ਜੈਸੇ[99] ਗਾਇ ਕਾ ਬਾਛਾ ਛੂਟਲਾ[100] ॥ ਥਨ[2] ਚੋਖਤਾ[3] ਮਾਖਨੁ[4] ਘੂਟਲਾ[5] ॥੨॥

As[99] the cow's calf, when untethered[100] sucks[3] her teats[2] and drinks[5] the milk[4],

ਜਿਸ ਤਰ੍ਹਾਂ[99] ਜਦ ਗਾਂ ਦਾ ਵੱਛਾ ਛੁਟ ਜਾਂਦਾ[100] ਹੈ, ਉਹ ਉਸ ਦੇ ਥਣਾਂ[2] ਨੂੰ ਚੁੰਘਦਾ[3] ਅਤੇ ਦੁਧ[4] ਨੂੰ ਪੀਂਦਾ[5] ਹੈ,

ਨਾਮ ਦੇਉ ਨਾਰਾਇਨੁ[6] ਪਾਇਆ[7] ॥

Similarly Nam Dev has obtained[7] the Lord[6].

ਇਸੇ ਤਰ੍ਹਾਂ ਹੀ ਨਾਮਦੇਵ ਨੇ ਪ੍ਰਭੂ[6] ਪਰਾਪਤ ਕਰ ਲਿਆ[7] ਹੈ।

ਗੁਰੁ ਭੇਟਤ[8] ਅਲਖੁ[9] ਲਖਾਇਆ[10] ॥੩॥

Meeting[8] the Guru, I have seen[10] the Unseen[9] Lord.

ਗੁਰਾਂ ਨੂੰ ਮਿਲ ਕੇ[8] ਮੈਂ ਅਦ੍ਰਿਸ਼ਟ[9] ਸੁਆਮੀ ਨੂੰ ਦੇਖ ਲਿਆ[10] ਹੈ।

ਜੈਸੇ ਬਿਖੈ[12] ਹੇਤ[13] [14]ਪਰਨਾਰੀ[15]॥ਐਸੇ[16] ਨਾਮੇ ਪ੍ਰੀਤਿ[17] [18]ਮੁਰਾਰੀ[19] ॥੪॥

As man loves[13] another's[14] woman[15] for the sake of fornication[12], so[16] does Nama bear love[17] to God, the Enemy[19] of ego[18].

ਜਿਸ ਤਰ੍ਹਾਂ ਕਾਮ-ਚੇਸ਼ਟਾ[12] ਲਈ, ਬੰਦਾ ਪਰਾਈ[14] ਇਸਤਰੀ[15] ਨੂੰ ਪਿਆਰ ਕਰਦਾ[13] ਹੈ, ਇਸੇ ਤਰ੍ਹਾਂ[16] ਦਾ ਹੀ ਨਾਮੇ ਦਾ ਹੰਕਾਰ[18] ਦੇ ਵੈਰੀ[19] ਵਾਹਿਗੁਰੂ ਨਾਲ ਪ੍ਰੇਮ[17] ਹੈ।

ਜੈਸੇ ਤਾਪਤੇ[20] ਨਿਰਮਲ[21] ਘਾਮਾ[22] ॥ ਤੈਸੇ ਰਾਮ ਨਾਮਾ ਬਿਨੁ[24] ਬਾਪੁਰੋ[23] ਨਾਮਾ ॥੫॥੪॥

As man's body burns[20] in the bright[21] sun-shine[22], so does poor[23] Nama burn without[24] the Lord's Name.

ਜਿਸ ਤਰ੍ਹਾਂ ਚਮਕਦੀ[21] ਹੋਈ ਧੁਪ[22] ਵਿਚ ਆਦਮੀ ਦਾ ਜਿਸਮ ਮੱਚਦਾ[20] ਹੈ, ਇਸੇ ਤਰ੍ਹਾਂ ਹੀ ਸਾਈਂ ਦੇ ਨਾਮ ਦੇ ਬਾਝੋਂ[24] ਗ਼ਰੀਬ[23] ਨਾਮਾ ਮੱਚਦਾ ਹੈ।

ਰਾਗੁ ਗੋਂਡ
ਬਾਣੀ[25]ਨਾਮਦੇਉ ਜੀਉ[26]ਕੀ
ਘਰੁ ੨

Rag Gond
Hymns[25] of Nam Dev ji[26]

ਰਾਗ ਗੋਂਡ
ਨਾਮਦੇਵ ਜੀ[26] ਕੀ ਬਾਣੀ[25]

ੴ ਸਤਿਗੁਰ ਪ੍ਰਸਾਦਿ ॥

There is but one God. By the True Guru's grace, He is obtained.

ਵਾਹਿਗੁਰੂ ਕੇਵਲ ਇਕ ਹੈ। ਸੱਚੇ ਗੁਰਾਂ ਦੀ ਦਇਆ ਦੁਆਰਾ ਉਹ ਪਰਾਪਤ ਹੁੰਦਾ ਹੈ।

ਹਰਿ ਹਰਿ[27] ਕਰਤ[28]ਮਿਟੇ[29] ਸਭਿ ਭਰਮਾ[30] ॥

Uttering[28] the Lord's Name[27], all the doubts[30] are dispelled[29].

ਸਾਈਂ ਦਾ ਨਾਮ[27] ਜਪਣ[28] ਦੁਆਰਾ ਸਾਰੇ ਸੰਦੇਹ[30] ਦੂਰ ਹੋ ਜਾਂਦੇ[29] ਹਨ।

ਹਰਿ ਕੋ ਨਾਮੁ ਲੈ[32]ਊਤਮ[31] ਧਰਮਾ[33] ॥

The meditation[32] of God's Name is the most sublime[31] religion[33].

ਵਾਹਿਗੁਰੂ ਦੇ ਨਾਮ ਦਾ ਸਿਮਰਨ[32] ਸਭ ਤੋਂ ਸਰੇਸ਼ਟ[31] ਮਜਹਬ[33] ਹੈ।

ਹਰਿ ਹਰਿ[34]ਕਰਤ[35]ਜਾਤਿ[36] ਕੁਲ[37] ਹਰੀ[38] ॥

Uttering[35] the Name of God[34], caste[36] and lineage[37] are effaced[38].

ਵਾਹਿਗੁਰੂ[34] ਦੇ ਨਾਮ ਦੇ ਉਚਾਰਨ[35] ਕਰਨ ਦੁਆਰਾ ਜ਼ਾਤੀ[36] ਤੇ ਘਰਾਣਾ[37]-ਭੇਦ ਮਿਟ ਜਾਂਦੇ[38] ਹਨ।

ਸੋ[39] ਹਰਿ ਅੰਧੁਲੇ[40] ਕੀ ਲਾਕਰੀ[41] ॥੧॥

He[39], the Lord, is the staff[41] of the blind-man[40].

ਉਹ[39], ਸੁਆਮੀ ਅੰਨ੍ਹੇ ਆਦਮੀ[40] ਦੀ ਡੰਗੋਰੀ[41] ਹੈ।

ਹਰਏ[42] ਨਮਸਤੇ[43] ਹਰਏ ਨਮਹ[44] ॥

Unto God[42] is my salutations[43] and unto God my obeisance[44].

ਵਾਹਿਗੁਰੂ[42] ਨੂੰ ਮੇਰੀ ਪਰਣਾਮ[43] ਹੈ ਅਤੇ ਵਾਹਿਗੁਰੂ ਨੂੰ ਹੀ ਮੇਰੀ ਨਮਸ਼ਕਾਰ[44]।

ਹਰਿ ਹਰਿ ਕਰਤ[45] ਨਹੀ ਦੁਖੁ[46] ਜਮਹ[47] ॥੧॥ਰਹਾਉ॥

By repeating[45] God's Name death[47] tortures[46] not the mortal. Pause.

ਵਾਹਿਗੁਰੂ ਦੇ ਨਾਮ ਦਾ ਜਾਪ[45] ਕਰਨ ਦੁਆਰਾ, ਮੌਤ[47] ਪ੍ਰਾਣੀ ਨੂੰ ਸਤਾਉਂਦੀ[46] ਨਹੀਂ। ਠਹਿਰਾਉ।

ਹਰਿ ਹਰਨਾਖਸ ਹਰੇ[48] ਪਰਾਨ[49]॥ਅਜੈਮਲ ਕੀਓ[50] ਬੈਕੁੰਠਹਿ[51] ਥਾਨ[52] ॥

God took[48] the life[49] of Harnakhash and made[50] for Ajamal a place[52] in heaven[51].

ਵਾਹਿਗੁਰੂ ਨੇ ਹਰਨਾਖਸ਼ ਦੀ ਜਾਨ[49] ਲੈ ਲਈ[48] ਅਤੇ ਅਜਾਮਲ ਲਈ ਬ੍ਰਹਿਮਲੋਕ[51] ਵਿਚ ਜਗ੍ਹਾ[52] ਬਣਾ[50] ਦਿੱਤੀ।

ਸੂਆ[53] ਪੜਾਵਤ[54]

Teaching[54] a parrot[53] to utter the

ਤੋਤੇ[53] ਨੂੰ ਪ੍ਰਭੂ ਦੇ ਨਾਮ ਦਾ ਉਚਾਰਨ ਕਰਾਉਂਦੀ,

ਗਨਿਕਾ[55] ਤਰੀ[56] ॥	Lord's Name, the prostitute[55] was saved[56].	ਪੜ੍ਹਾਉਂਦੀ[54] ਹੋਈ ਵੇਸਵਾ[55] ਦਾ ਪਾਰ ਉਤਾਰਾ ਹੋ ਗਿਆ[56] ।
ਸੋ[57] ਹਰਿ ਨੈਨਹੁ[58] ਕੀ ਪੂਤਰੀ[59] ॥੨॥	That[57] God is the apple[59] of mine eyes[58].	ਉਹ[57] ਵਾਹਿਗੁਰੂ ਮੇਰੀਆਂ ਅੱਖਾਂ[58] ਦੀ ਪੁਤਲੀ[59] ਹੈ।
ਹਰਿ ਹਰਿ[60] ਕਰਤ[61] ਪੂਤਨਾ ਤਰੀ[62]॥ ਬਾਲੁ[63] ਘਾਤਨੀ[64] ਕਪਟਹਿ[65] ਭਰੀ[66] ॥	Meditating[61] on the Lord God[60], Putna, the destroyer[64] of children[63] and full[66] of deceit[65] was saved[62].	ਸੁਆਮੀ ਵਾਹਿਗੁਰੂ[60] ਦਾ ਸਿਮਰਨ[61] ਕਰਨ ਦੁਆਰਾ, ਬੱਚਿਆਂ[63] ਨੂੰ ਮਾਰਨ ਵਾਲੀ[64], ਅਤੇ ਛਲਕਪਟ[65] ਨਾਲ ਪੂਰਨ[66], ਪੂਤਨਾ ਦਾ ਪਾਰ ਉਤਾਰਾ[62] ਹੋ ਗਿਆ।
ਸਿਮਰਨ[67] ਦ੍ਰੋਪਦ ਸੁਤ[68] ਉਧਰੀ[69] ॥	Contemplating[67] the Lord, Daropadi, the daughter[68] of Daropad was emancipated[69].	ਸਾਹਿਬ ਦੀ ਬੰਦਗੀ[67] ਕਰਨ ਦੁਆਰਾ, ਦਰੋਪਦ ਦੀ ਪੁਤਰੀ[68], ਦਰੋਪਦੀ ਦਾ ਪਾਰ ਉਤਾਰਾ[69] ਹੋ ਗਿਆ।
ਗਊਤਮ ਸਤੀ[70] ਸਿਲਾ[71] ਨਿਸਤਰੀ[72] ॥੩॥	Gautam's wife[70] Ahilia, though turned into a stone[71], was also saved[72].	ਗੌਤਮ ਦੀ ਪਤਨੀ[70], ਅਹਿੱਲਿਆ, ਪੱਥਰ[71] ਬਣੀ ਹੋਈ ਭੀ, ਬੰਦਖ਼ਲਾਸ ਹੋ ਗਈ[72]।
ਕੇਸੀ ਕੰਸ ਮਥਨੁ[73] ਜਿਨਿ[74] ਕੀਆ ॥ ਜੀਅ[75] ਦਾਨੁ ਕਾਲੀ[76] ਕਉ ਦੀਆ[77] ॥	The Lord, who[74] destroyed[73] Kesi and Kans, gave[77] the gift[76] of eternal life[75] to Kali, the serpent.	ਜਿਸ[74] ਪ੍ਰਭੂ ਨੇ ਕੇਸੀ ਤੇ ਕੰਸ ਨੂੰ ਨਾਸ ਕੀਤਾ[73], ਉਸ ਨੇ ਕਾਲੀ ਨਾਗ ਨੂੰ[76] ਅਮਰ ਜੀਵਨ[75] ਦੀ ਦਾਤ ਪਰਦਾਨ ਕੀਤੀ[77]।
ਪ੍ਰਣਵੈ[78] ਨਾਮਾ ਐਸੋ[79] ਹਰੀ ॥ ਜਾਸੁ ਜਪਤ[80] ਭੈ[81] ਅਪਦਾ[82] ਟਰੀ[83] ॥੫॥੧॥੫॥	Prays[78] Nama, such[79] is my God by remembering[80] whom dread[81] and distress[82] are dispelled[83].	ਨਾਮਾ ਬੇਨਤੀ ਕਰਦਾ[78] ਹੈ, ਇਹੋ ਜਿਹਾ[79] ਹੈ ਮੇਰਾ ਵਾਹਿਗੁਰੂ ਜਿਸ ਦਾ ਆਰਾਧਨ[80] ਕਰਨ ਦੁਆਰਾ, ਡਰ[81] ਤੇ ਦੁਖ[82] ਦੂਰ ਹੋ ਜਾਂਦੇ[83] ਹਨ।
ਗੋਂਡ ॥	**Gond.**	ਗੋਂਡ ।
ਭੈਰਉ ਭੂਤ[84] ਸੀਤਲਾ ਧਾਵੈ[85] ॥ ਖਰ[86] ਬਾਹਨੁ[87] ਉਹੁ ਛਾਰ[88] ਉਡਾਵੈ[89] ॥੧॥	He who runs after[85] sprite[84] Bhairav and goddess Sitla, he rides[87] a donkey[86] and scatters[89] dust[88].	ਜੋ ਪਿਸਾਚ[84] ਭੈਰੋ ਅਤੇ ਦੇਵੀ ਸੀਤਲਾ ਮਗਰ ਦੌੜਦਾ[85] ਹੈ, ਉਹ ਖੋਤੇ[86] ਤੇ ਚੜ੍ਹਦਾ[87] ਹੈ ਅਤੇ ਖੇਹ[88] ਉਡਾਉਂਦਾ[89] ਹੈ
ਹਉ[90] ਤਉ ਏਕ ਰਮਈਆ[91] ਲੈਹਉ[92] ॥	I[90] take[92] to the Name of the One Lord[91] alone.	ਮੈਂ[90] ਤਾਂ ਕੇਵਲ ਇਕ ਸੁਆਮੀ[91] ਦੇ ਨਾਮ ਨੂੰ ਹੀ ਲੈਂਦਾ[92] ਹਾਂ।
ਆਨ[93] ਦੇਵ[94] ਬਦਲਾਵਨਿ[95] ਦੈਹਉ[96] ॥੧॥ਰਹਾਉ॥	I have given away[96] all other[93] gods[94] in exchange[95] for Him. Pause.	ਮੈਂ ਹੋਰ[93] ਸਾਰੇ ਦੇਵਤੇ[94] ਉਸ ਦੇ ਵਟਾਂਦਰੇ[95] ਵਿਚ ਦੇ ਛੱਡੇ ਹਨ[96]। ਠਹਿਰਾਉ।
ਸਿਵ ਸਿਵ[97] ਕਰਤੇ[98] ਜੋ ਨਰੁ[99] ਧਿਆਵੈ[100]॥ ਬਰਦ[2]	The man[99], who utters[98] the Name of Shiv[97] and worships[100] him; he	ਜਿਹੜਾ ਇਨਸਾਨ[99] ਸ਼ਿਵਜੀ[97] ਦਾ ਨਾਮ ਉਚਾਰਦਾ[98] ਅਤੇ ਉਸ ਦੀ ਪੂਜਾ ਕਰਦਾ[100] ਹੈ; ਉਹ ਬਲ੍ਹਦ[2] ਤੇ

ਚੜੈ[3] ਡਉਰੂ[4] ਢਮਕਾਵੈ[5] ॥੨॥	rides[3] on ox[2] and beats[5] the tambourine[4].	ਚੜ੍ਹਦਾ[3] ਅਤੇ ਡੌਰੂ[4] ਵਜਾਉਂਦਾ[5] ਹੈ।
ਮਹਾ ਮਾਈ ਕੀ ਪੂਜਾ[6] ਕਰੈ॥ ਨਰ[7] ਸੈ[8] ਨਾਰਿ[9] ਹੋਇ ਅਉਤਰੈ[10] ॥੩॥	He, who adores[6] Maha-Mai, is born[10] as a woman[9] instead[8] of man[7].	ਜੋ ਮਹਾਂਮਾਈ ਦੀ ਉਪਾਸ਼ਨਾ ਕਰਦਾ[6] ਹੈ, ਉਹ ਆਦਮੀ[7] ਤੋਂ[8] ਤੀਵੀਂ[9] ਹੋ ਕੇ ਜੰਮਦਾ[10] ਹੈ।
ਤੂ ਕਹੀਅਤਿ[12] ਹੀ ਆਦਿ[13] ਭਵਾਨੀ[14] ॥ ਮੁਕਤਿ[14*] ਕੀ ਬਰੀਆ[15] ਕਹਾ[16] ਛਪਾਨੀ[17] ॥੪॥	Thou art called[12] the primal[13] goddess[14]. At the time[15] of granting salvation[14*], where[16] hidest[17] Thou Thyself ?	ਤੂੰ ਮੁਢਲੀ[13] ਦੇਵੀ[14] ਆਖੀ ਜਾਂਦੀ[12] ਹੈਂ। ਮੁਕਤੀ[14*] ਦੇਣ ਦੇ ਵੇਲੇ[15] ਤੂੰ ਕਿਥੇ[16] ਆਪਦੇ ਆਪ ਨੂੰ ਲੁਕਾ ਲੈਨੀ[17] ਹੈਂ ?
ਗੁਰਮਤਿ[18] ਰਾਮ ਨਾਮ ਗਹੁ[19] ਮੀਤਾ[20] ॥	Under the Guru's instruction[18], O my friend[20], hold thou fast[19] to the Lord's Name.	ਗੁਰਾਂ ਦੇ ਉਪਦੇਸ਼[18] ਤਾਬੇ, ਹੇ ਮੇਰੇ ਮਿੱਤਰ[20] ! ਤੂੰ ਸੁਆਮੀ ਦੇ ਨਾਮ ਨੂੰ ਘੁਟ ਕੇ[19] ਫੜੀ ਰੱਖ।
ਪ੍ਰਣਵੈ[21] ਨਾਮਾ ਇਉ[22] ਕਹੈ[23] ਗੀਤਾ ॥੫॥੨॥੬॥	Prays[21] Nam Dev, so[22] says[23] the Gita as well.	ਨਾਮ ਦੇਵ ਬੇਨਤੀ ਕਰਦਾ[21] ਹੈ, ਗੀਤਾ ਭੀ ਇਸੇ ਤਰ੍ਹਾਂ[22] ਹੀ ਆਖਦੀ[23] ਹੈ।
ਬਿਲਾਵਲੁ ਗੋਂਡ ॥	Bilawal Gond.	ਬਿਲਾਵਲ ਗੋਂਡ।
ਆਜੁ[24] ਨਾਮੇ ਬੀਠਲੁ[25] ਦੇਖਿਆ ਮੂਰਖ[26] ਕੋ ਸਮਝਾਊ[27] ਰੇ ॥ਰਹਾਉ॥	Today[24] I, Nama, have seen my Lord[25], so I now instruct[27] the fool[26]. Pause.	ਅਜ[24] ਮੈਂ, ਨਾਮੇ, ਨੇ ਆਪਣਾ ਪ੍ਰਭੂ[25] ਵੇਖ ਲਿਆ ਹੈ ਇਸ ਲਈ ਮੈਂ ਹੁਣ ਬੇਵਕੂਫ[26] ਨੂੰ ਸਿਖ-ਮਤ[27] ਦਿੰਦਾ ਹਾਂ। ਠਹਿਰਾਉ।
੮੭੫	875	੮੭੫
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ[28] ਖਾਤੀ[29] ਥੀ ॥	O Pandit, thy Gayatri used to graze[29] on the field[28] of a peasant, Lodha by Name.	ਹੇ ਪੰਡਿਤ ! ਤੇਰੀ ਗਾਇਤਰੀ, ਲੋਧੇ ਨਾਮ ਦੇ ਇਕ ਜ਼ਿਮੀਂਦਾਰ ਦੀ ਪੈਲੀ[28] ਚਰਦੀ[29] ਹੁੰਦੀ ਸੀ।
ਲੈਕਰਿ[30] ਠੇਗਾ[31] ਟਗਰੀ[32] ਤੋਰੀ[33] ਲਾਂਗਤ[34] ਲਾਂਗਤ ਜਾਤੀ ਥੀ[35] ॥੧॥	Taking[30] a stick[31], the peasant broke[33] her leg[32] and since then she walks[35] lame[34].	ਸੋਟਾ[31] ਲੈ ਕੇ[30] ਉਸ ਨੇ ਉਸ ਦੀ ਲੱਤ[32] ਤੋੜ ਦਿਤੀ[33] ਅਤੇ ਉਦੋਂ ਤੋਂ ਉਹ ਲੰਗੀ[34] ਲੰਗੀ ਤੁਰਦੀ[35] ਹੈ।
ਪਾਂਡੇ ਤੁਮਰਾ [36]ਮਹਾਦੇਉ[37] ਧਉਲੇ[38] ਬਲਦ[39] ਚੜਿਆ[40] ਆਵਤੁ[41] ਦੇਖਿਆ[42] ਥਾ ॥	O Pandit, I had seen[42] thy great[36] god[37] Shiva, going[41] along, riding[40] a white[38] bullock[39].	ਹੇ ਪੰਡਿਤ ! ਤੇਰਾ ਵੱਡਾ[36] ਦੇਵਤਾ[37] ਸ਼ਿਵਜੀ ਚਿੱਟੇ[38] ਬੈਲ[39] ਤੇ ਸਵਾਰ[40] ਹੋਇਆ ਆਉਂਦਾ[41], ਮੈਂ ਵੇਖਿਆ[42] ਸੀ।

ਮੋਦੀ[43] ਕੇ ਘਰਿ[48] ਖਾਣਾ[44] ਪਾਕਾ[45] ਵਾ ਕਾ[46] ਲੜਕਾ[47] ਮਾਰਿਆ ਥਾ ॥੨॥	In the store-keeper's[43] house[48], a banquet[44] for him was prepared[45] and he killed his[46] son[47].	ਭੰਡਾਰੀ[43] ਦੇ ਧਾਮ[48] ਵਿਚ ਉਸ ਦੇ ਲਈ ਭੋਜਨ[44] ਤਿਆਰ ਕੀਤਾ[45] ਗਿਆ ਸੀ ਅਤੇ ਉਸ ਨੇ ਉਸ ਦਾ[46] ਪੁਤ੍ਰ[47] ਹੀ ਮਾਰ ਦਿਤਾ ਸੀ ।
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥ ਰਾਵਨ ਸੇਤੀ[49] ਸਰਬਰ[50] ਹੋਈ[53] ਘਰ ਕੀ ਜੋਇ[51] ਗਵਾਈ[52] ਥੀ॥੩॥	O Pandit, thy Ram Chandar, him too I had seen coming along. Having lost[52] his wife[51], he waged[53] a war[50] with[49] Rawana.	ਹੇ ਪੰਡਿਤ ! ਤੇਰਾ ਰਾਮ ਚੰਦ੍ਰ ਉਸ ਨੂੰ ਆਉਂਦੇ ਨੂੰ ਭੀ ਮੈਂ ਵੇਖਿਆ ਸੀ । ਆਪਣੀ ਪਤਨੀ[51] ਨੂੰ ਗੁਆ ਕੇ[52], ਉਸ ਨੇ ਰਾਵਣ ਦੇ ਨਾਲ[49] ਲੜਾਈ[50] ਕੀਤੀ[53] ਸੀ।
ਹਿੰਦੂ ਅੰਨ੍ਹਾ[54] ਤੁਰਕੂ[55] ਕਾਣਾ[56] ॥ ਦੁਹਾਂ[57] ਤੇ ਗਿਆਨੀ[58] ਸਿਆਣਾ[59] ॥	The Hindu is blind[54] and the Muslim[55] is one-eyed[56]. The Lord-divine[58] is the wiser[59] of the two[57].	ਹਿੰਦੂ ਮੁਨਾਖਾ[54] ਹੈ ਅਤੇ ਮੁਸਲਮਾਨ[55] ਇਕ ਅੱਖ ਵਾਲਾ[56]। ਬ੍ਰਹਿਮਵੇਤਾ[58] ਦੋਨਾਂ[57] ਨਾਲੋਂ ਵਧੇਰੇ ਅਕਲਮੰਦ[59] ਹੈ ।
ਹਿੰਦੂ ਪੂਜੈ[60] ਦੇਹੁਰਾ[61] ਮੁਸਲਮਾਣੁ ਮਸੀਤਿ ॥	The Hindu worships[60] at the temple[61] and the Muslim at the mosque.	ਹਿੰਦੂ ਮੰਦਰ[61] ਵਿਚ ਉਪਾਸ਼ਨਾ[60] ਕਰਦਾ ਹੈ\ ਅਤੇ ਮੁਸਲਮਾਨ ਮਸਜਿਦ ਵਿਚ ।
ਨਾਮੇ ਸੋਈ[62] ਸੇਵਿਆ[63] ਜਹ[64] ਦੇਹੁਰਾ ਨ ਮਸੀਤਿ ॥ ੪॥੩॥੭॥	Nama serves[63] that[62] Lord, who[64] has neither a temple, nor a mosque.	ਨਾਮਾ ਉਸ[62] ਪ੍ਰਭੂ ਦੀ ਘਾਲ ਕਮਾਉਂਦਾ[63] ਹੈ ਜਿਸ[64] ਕੋਲ ਨਾ ਮੰਦਰ ਹੈ ਨਾ ਹੀ ਮਸਜਿਦ ।
ਰਾਗੁ ਗੋਂਡ ਬਾਣੀ[65] ਰਵਿਦਾਸ ਜੀਉ[66] ਕੀ ਘਰੁ ੨	Rag Gond Hymns[65] of Ravi Dass ji[66]	ਰਾਗ ਗੋਂਡ ਰਵਿਦਾਸ ਜੀ[66] ਦੀ ਬਾਣੀ[65]
ੴ ਸਤਿਗੁਰ ਪ੍ਰਸਾਦਿ ॥	There is but One God. By the True Guru's grace, He is obtained.	ਵਾਹਿਗੁਰੂ ਕੇਵਲ ਇਕ ਹੈ। ਸਚੇ ਗੁਰਾਂ ਦੀ ਦਇਆ ਦੁਆਰਾ ਉਹ ਪਾਇਆ ਜਾਂਦਾ ਹੈ ।
ਮੁਕੰਦ[67] ਮੁਕੰਦ[68] ਜਪਹੁ[69] ਸੰਸਾਰ[70] ॥	Meditate[69] thou on thy God[67], the Dispenser of salvation[68], O man[70].	ਤੂੰ ਮੁਕਤੀ ਦੇਣਹਾਰ[68], ਆਪਣੇ ਵਾਹਿਗੁਰੂ[67] ਦਾ ਸਿਮਰਨ[69] ਕਰ, ਹੇ ਬੰਦੇ[70] !
ਬਿਨੁ ਮੁਕੰਦ ਤਨੁ[71] ਹੋਇ ਅਉਹਾਰ[72] ॥	Without God, the Emancipator, thy body[71] shalt be reduced to ashes[72].	ਮੁਕਤੀ ਦੇਣ ਵਾਲੇ ਵਾਹਿਗੁਰੂ ਦੇ ਬਗ਼ੈਰ, ਤੇਰੀ ਦੇਹ[71] ਸੁਆਹ[72] ਹੋ ਜਾਵੇਗੀ ।
ਸੋਈ[73] ਮੁਕੰਦੁ ਮੁਕਤਿ[74] ਕਾ ਦਾਤਾ[75] ॥	He[73] the Lord is the Bestower[75] of salvation[74].	ਉਹ[73] ਸੁਆਮੀ ਮੁਕਤੀ[74] ਦਾ ਦਾਤਾਰ[75] ਹੈ ।
ਸੋਈ ਮੁਕੰਦੁ ਹਮਰਾ[76]	That Lord is my[76] Father[77] and	ਉਹ ਪ੍ਰਭੂ ਮੇਰਾ[76] ਬਾਬਲ[77] ਅਤੇ ਅੰਮੜੀ[78] ਹੈ ।

ਪਿਤਾ[77] ਮਾਤਾ[78] ॥੧॥	Mother[78].	
ਜੀਵਤ[79] ਮੁਕੰਦੇ ਮਰਤ[80] ਮੁਕੰਦੇ ॥	Living[79] remember thou the Lord and remembering thou the Lord, whilst dying[80].	ਜੀਉਂਦਾ ਹੋਇਆ[79] ਤੂੰ ਸਾਹਿਬ ਦਾ ਸਿਮਰਨ ਕਰ ਅਤੇ ਸਾਹਿਬ ਦਾ ਸਿਮਰਨ ਕਰ ਤੂੰ ਮਰਦਾ ਹੋਇਆ[80] ਭੀ ।
ਤਾਕੇ[81] ਸੇਵਕ[82] ਕਉ ਸਦਾ[83] ਅਨੰਦੇ[84] ॥੧॥ਰਹਾਉ॥	His[81] slave[82] is ever[83] in bliss[84]. Pause.	ਉਸ[81] ਦਾ ਗੋਲਾ[82] ਸਦੀਵ[83] ਹੀ ਖ਼ੁਸ਼ੀ[84] ਅੰਦਰ ਵਿਚਰਦਾ ਹੈ । ਠਹਿਰਾਉ ।
ਮੁਕੰਦ ਮੁਕੰਦ[85] ਹਮਾਰੇ[86] ਪ੍ਰਾਨੰ[87] ॥	The Lord Master[85] is my[86] very life[87].	ਸੁਆਮੀ ਮਾਲਕ[85] ਮੇਰੀ[86] ਜਿੰਦ-ਜਾਨ[87] ਹੈ ।
ਜਪਿ[88] ਮੁਕੰਦ[91] ਮਸਤਕਿ[89] ਨੀਸਾਨੰ[90] ॥	Contemplating[88] the Lord[91], thy forehead[89] shall bear the insignia[90] of approval.	ਸੁਆਮੀ[91] ਦਾ ਆਰਾਧਨ[88] ਕਰਨ ਦੁਆਰਾ, ਤੇਰੇ ਮੱਥੇ[89] ਤੇ ਪ੍ਰਵਾਨਗੀ ਦਾ ਚਿੰਨ੍ਹ[90] ਲਗ ਜਾਵੇਗਾ ।
ਸੇਵ[92] ਮੁਕੰਦ ਕਰੈ ਬੈਰਾਗੀ[93] ॥	The renouncer[93] serves[92] Master.	ਤਿਆਗੀ[93] ਆਪਣੇ ਮਾਲਕ ਦੀ ਘਾਲ ਕਮਾਉਂਦਾ[92] ਹੈ ।
ਸੋਈ[94] ਮੁਕੰਦੁ[95] ਦੁਰਬਲ[96] ਧਨੁ[97] ਲਾਧੀ[98] ॥੨॥	I, the powerless[96] one, have found[98] that[94] Emancipator[95] as my wealth[97].	ਮੈਂ, ਨਿਤਾਣੇ[96] ਨੇ ਉਸ[94] ਮੁਕਤੀ ਦੇ ਦਾਤੇ[95] ਨੂੰ ਆਪਣੀ ਦੌਲਤ[97] ਵਜੋਂ ਪਰਾਪਤ ਕਰ ਲਿਆ[98] ਹੈ ।
ਏਕੁ ਮੁਕੰਦੁ ਕਰੈ ਉਪਕਾਰੁ[99] ॥ ਹਮਰਾ ਕਹਾ[100] ਕਰੈ ਸੰਸਾਰੁ ॥	When the One Deliverer does me a favour[99], then, what[100] can the world do unto me ?	ਜਦ ਇਕ ਮੁਕਤੀ ਦੇਣਹਾਰ ਮੇਰਾ ਭਲਾ ਕਰਦਾ[99] ਹੈ, ਤਾਂ ਜਗਤ ਮੈਨੂੰ ਕੀ[100] ਕਰ ਸਕਦਾ ਹੈ ?
ਮੇਟੀ ਜਾਤਿ ਹੂਏ ਦਰਬਾਰਿ[2] ॥	Effacing my caste, I have become the Lord's courtier[2].	ਆਪਣੀ ਜਾਤੀ ਨੂੰ ਮੇਸ ਕੇ, ਮੈਂ ਪ੍ਰਭੂ ਦਾ ਦਰਬਾਰੀ[2] ਹੋ ਗਿਆ ਹਾਂ ।
ਤੁਹੀ ਮੁਕੰਦ[3] ਜੋਗ[4] ਜੁਗ[5] ਤਾਰਿ[6] ॥੩॥	Thou, O Lord[3], art Omnipotent[4] to save[6] the mortals in all the ages[5].	ਤੂੰ ਹੇ ਸੁਆਮੀ[3] ! ਸਾਰਿਆਂ ਜੁਗਾਂ[5] ਅੰਦਰ ਪ੍ਰਾਣੀਆਂ ਦਾ ਪਾਰ ਉਤਾਰਾ ਕਰਨ[6] ਲਈ ਸਰਬ-ਸ਼ਕਤੀਵਾਨ[4] ਹੈਂ ।
ਉਪਜਿਓ[7] ਗਿਆਨੁ[8] ਹੂਆ ਪਰਗਾਸ[9] ॥	The divine knowledge[8] has welled[7] up and I am enlightened[9].	ਬ੍ਰਹਿਮ-ਬੋਧ[8] ਉਤਪੰਨ ਹੋ ਗਿਆ[7] ਹੈ ਅਤੇ ਮੈਨੂੰ ਚਾਨਣ ਹੋ ਗਿਆ[9] ਹੈ ।
ਕਰਿ ਕਿਰਪਾ[10] ਲੀਨੇ[12] ਕੀਟ[13] ਦਾਸ[14] ॥	The Lord has mercifully[10] made[12] this worm[13] as His slave[14].	ਦਇਆ ਧਾਰ ਕੇ[10], ਪ੍ਰਭੂ ਨੇ ਇਸ ਕੀੜੇ[13] ਨੂੰ ਆਪਣਾ ਗੋਲਾ[14] ਬਣਾ[12] ਲਿਆ ਹੈ ।

ਕਹੁ ਰਵਿਦਾਸ ਅਬ[15] ਤ੍ਰਿਸਨਾ[16] ਚੂਕੀ[17] ॥ ਜਪਿ[18]ਮੁਕੰਦ ਸੇਵਾ[19]ਤਾਹੂ[20] ਕੀ ॥੪॥੧॥	Says Ravi Dass, my desire[16] has now[15] been quenched[17]. I contemplate[18] my Lord and perform His[20] service[19].	ਰਵਿਦਾਸ ਜੀ ਆਖਦੇ ਹਨ, ਹੁਣ[15] ਮੇਰੀ ਖ਼ਾਹਿਸ਼[16] ਬੁਝ ਗਈ[17] ਹੈ । ਮੈਂ ਸੁਆਮੀ ਦਾ ਸਿਮਰਨ ਕਰਦਾ[18] ਅਤੇ ਉਸ ਦੀ[20] ਹੀ ਘਾਲ[19] ਕਮਾਉਂਦਾ ਹਾਂ ।
ਗੋਂਡ ॥	Gond.	ਗੋਂਡ ।
ਜੇ[21] ਓਹੁ ਅਠਸਠਿ[22] ਤੀਰਥ[23] ਨ੍ਹਾਵੈ[24] ॥ ਜੇ ਓਹੁ ਦੁਆਦਸ[25]ਸਿਲਾ[26] ਪੂਜਾਵੈ[27] ॥ ਜੇ ਓਹੁ ਕੂਪ[28] ਤਟਾ[29] ਦੇਵਾਵੈ[30] ॥	If[21] he bathes[24] at sixty-eight[22] places of pilgrimage[23], If he worships[27] the twelve[25] shivlingam stones[26] and if he dedicates[30] a well[28] and a tank[29],	ਜੇਕਰ[21] ਉਹ ਅਠਾਹਟ[22] ਯਾਤ੍ਰਾ ਅਸਥਾਨਾਂ[23] ਉਤੇ ਇਸ਼ਨਾਨ ਕਰ ਲਵੇ[24], ਜੇਕਰ ਉਹ ਬਾਰਾਂ[25] ਹੀ ਸ਼ਿਵਲਿੰਗ 'ਪੱਥਰਾਂ[26] ਦੀ ਪੂਜਾ ਕਰ ਲਵੇ[27] ਅਤੇ ਜੇਕਰ ਉਹ ਖੂਹ[28] ਅਤੇ ਤਾਲਾਬ[29] ਸਮਰਪਣ ਕਰ ਦੇਵੇ[30],
ਕਰੈ ਨਿੰਦ[31] ਸਭ ਬਿਰਥਾ[32] ਜਾਵੈ ॥੧॥ ਸਾਧ ਕਾ ਨਿੰਦਕੁ ਕੈਸੇ[33] ਤਰੈ[34] ॥ ਸਰਪਰ[35]ਜਾਨਹੁ[36] ਨਰਕ[37] ਹੀ ਪਰੈ[38] ॥੧॥ਰਹਾਉ॥	But if he slanders[31] the saints then all goes in vain[32]. How[33] can the saint's slanderer be ever saved[34] ? Know[36] thou for certain[35], that he shall fall[38] into hell[37]. Pause.	ਪਰ ਜੇਕਰ ਉਹ ਸੰਤਾਂ ਦੀ ਬਦਖ਼ੋਈ ਕਰਦਾ[31] ਹੈ ਤਾਂ ਸਾਰਾ ਕੁਛ ਨਿਸਫਲ[32] ਜਾਂਦਾ ਹੈ । ਸੰਤ ਦੀ ਬਦਖ਼ੋਈ ਕਰਨ ਵਾਲਾ ਕਿਸ ਤਰ੍ਹਾਂ[33] ਪਾਰ ਉਤਰ ਸਕਦਾ[34] ਹੈ ? ਤੂੰ ਨਿਸਚਿਤ ਹੀ[35] ਜਾਣ ਲੈ[36] ਕਿ ਉਹ ਦੋਜ਼ਕ[37] ਵਿਚ ਪਵੇਗਾ[38] । ਠਹਿਰਾਉ ।
ਜੇ ਓਹੁ ਗ੍ਰਹਨ[39] ਕਰੈ[40] ਕੁਲਖੇਤਿ॥ਅਰਪੈ[41] ਨਾਰਿ[42] ਸੀਗਾਰ[43] ਸਮੇਤਿ[44] ॥ ਸਗਲੀ ਸਿੰਮ੍ਰਿਤਿ ਸ੍ਰਵਨੀ[45] ਸੁਨੈ[46] ॥ ਕਰੈ ਨਿੰਦ ਕਵਨੈ ਨਹੀ ਗੁਨੈ[47] ॥੨॥	If he bathes[40] at Kurukshetar at the time of eclipse[39], if he makes an offering[41] of his wife[42] with[44] decorations[43] and hears[46] with his ears[45] all the Simirits, but if he practises slander, they are of no avail[47].	ਜੇਕਰ ਉਹ ਗ੍ਰਹਿਣ[39] ਸਮੇਂ ਕੁਰੂਕਸ਼ੇਤਰ ਇਸ਼ਨਾਨ ਕਰੇ[40], ਜੇਕਰ ਉਹ ਆਪਣੀ ਵਹੁਟੀ[42] ਨੂੰ ਹਾਰ ਸ਼ਿੰਗਾਰ[43] ਸਹਿਤ[44] ਸਮਰਪਣ[41] ਕਰ ਦੇਵੇ ਅਤੇ ਆਪਣੇ ਕੰਨਾਂ[45] ਨਾਲ ਸਾਰੀਆਂ ਸਿਮਰਤੀਆਂ ਨੂੰ ਸ੍ਰਵਣ ਕਰ ਲਵੇ[46], ਪਰ ਜੇਕਰ ਉਹ ਚੁਗ਼ਲੀ ਬਖ਼ੀਲੀ ਕਰਦਾ ਹੈ, ਉਹ ਕਿਸੇ ਭੀ ਲਾਭ[47] ਦੇ ਨਹੀਂ ।
ਜੇ ਓਹੁ ਅਨਿਕ[48] ਪ੍ਰਸਾਦ[49] ਕਰਾਵੈ[50] ॥ ਭੂਮਿ[51] ਦਾਨੁ[52] ਸੋਭਾ[53] ਮੰਡਪਿ[54] ਪਾਵੈ[55] ॥ ਅਪਨਾ ਬਿਗਾਰਿ[56] ਬਿਰਾਂਨਾ[57] ਸਾਂਢੈ[58] ॥ ਕਰੈ ਨਿੰਦ [59]ਬਹੁ ਜੋਨੀ[60] ਹਾਂਢੈ[61] ॥੩॥	If he gives[50] many[48] feasts[49] to the needy, makes gifts[52] of land[51] and builds[55] splendid[53] buildings[54] for public use and neglecting[56] his own arranges[58] other's affairs[57], but if he practises slander, he wanders[61] in many[59] existences[60].	ਜੇਕਰ ਉਹ ਲੋੜਵੰਦਾਂ ਨੂੰ ਬਹੁਤੇ[48] ਭੋਜਨ[49]ਛਕਾਉਂਦਾ[50], ਜ਼ਮੀਨ[51] ਦੀਆਂ ਖ਼ੈਰਾਤਾਂ ਕਰਦਾ[52] ਹੈ ਅਤੇ ਲੋਕਾਂ ਦੇ ਭਲੇ ਲਈ ਸੁਭਾਇਮਾਨ[53] ਇਮਾਰਤਾਂ[54] ਬਣਾਉਂਦਾ[55] ਹੈ ਅਤੇ ਆਪਣਿਆਂ ਨੂੰ ਛੱਡ ਕੇ[56] ਹੋਰਨਾਂ ਦੇ ਕਾਰਜ[57] ਰਾਸ ਕਰਦਾ[58] ਹੈ, ਪਰ ਜੇਕਰ ਉਹ ਚੁਗ਼ਲੀ ਬਖ਼ੀਲੀ ਕਰਦਾ ਹੈ ਤਾਂ ਉਹ ਘਣੇਰੀਆਂ[59] ਜੂਨੀਆਂ[60] ਅੰਦਰ ਭਟਕਦਾ[61] ਹੈ ।

ਨਿੰਦਾ[63] ਕਹਾ[62] ਕਰਹੁ ਸੰਸਾਰਾ[62*] ॥

O people[62*], why[62] do you practise slander[63] ?

ਹੇ ਲੋਕੋ[62*] ਤੁਸੀਂ ਚੁਗ਼ਲੀ ਬਖ਼ੀਲੀ[63] ਕਿਉਂ[62] ਕਰਦੇ ਹੋ ?

ਨਿੰਦਕ ਕਾ ਪਰਗਟਿ[64] ਪਾਹਾਰਾ[65] ॥

The hollowness[65] of the slanderer is soon exposed[64].

ਬਦਖੋਈ ਕਰਨ ਵਾਲੇ ਦਾ ਪੋਲ[65] ਛੇਤੀ ਹੀ ਖੁਲ੍ਹ ਜਾਂਦਾ[64] ਹੈ।

ਨਿੰਦਕੁ ਸੋਧਿ ਸਾਧਿ[66*] ਬੀਚਾਰਿਆ[67] ॥

I have carefully[66] considered[67] the calumniator's destiny.

ਮੈਂ ਚੁਗ਼ਲੀ ਬਖ਼ੀਲੀ ਕਰਨ ਵਾਲੇ ਦੀ ਪ੍ਰਾਲਬਧ ਨੂੰ ਗਹੁ ਨਾਲ[66] ਸੋਚਿਆ ਸਮਝਿਆ[67] ਹੈ।

ਕਹੁ[70] ਰਵਿਦਾਸ ਪਾਪੀ[67*] ਨਰਕਿ[68] ਸਿਧਾਰਿਆ[69] ॥੪॥੨॥੧੧॥੭॥੨॥੪੯॥

Says[70] Ravi Dass, he is a sinner[67*], and goes[69] to hell[68].

ਰਵਿਦਾਸ ਜੀ ਫ਼ੁਰਮਾਉਂਦੇ[70] ਹਨ, ਉਹ[67*] ਗੁਨਹਗਾਰ ਹੈ ਅਤੇ ਦੋਜ਼ਕ[68] ਨੂੰ ਜਾਂਦਾ[69] ਹੈ।

ਜੋੜੁ ॥